ਰੇਪ ਆਫ ਹਿਸਟਰੀ

... ਤੇ ਇਉਂ ਹੁੰਦਾ ਰਿਹਾ ਇਤਿਹਾਸ ਦਾ ਬਲਾਤਕਾਰ

... And How Unknown
International Cabal
Raped History



ਪ੍ਰੋ: ਕੇਵਲ ਕਲੋਟੀ

Scanned with OKEN Scanner

ਰੇਪ ਆਫ ਹਿਸਟਰੀ

.... ਤੇ ਇਉਂ ਹੁੰਦਾ ਰਿਹਾ ਇਤਿਹਾਸ ਦਾ ਬਲਾਤਕਾਰ

.... And How Unknown International Cabal
Raped History

Scanned with OKEN Scanner

Scanned with OKEN Scanner

ਇਸੇ ਕਲਮ ਤੋਂ

1. ਹੋਣੀ ਇੱਕ ਦੇਸ ਦੀ - ਭਾਗ 1 (ਨਾਵਲ)
   ਪਹਿਲੀ ਛਾਪ- ਰਵੀ ਸਾਹਿਤ ਪ੍ਰਕਾਸ਼ਨ ਅਮ੍ਰਿਤਸਰ।
   ਦੂਜੀ ਛਾਪ- ਲੋਕ ਗੀਤ ਪ੍ਰਕਾਸਨ ਚੰਡੀਗੜ੍ਹ।

2. ਹੋਣੀ ਇੱਕ ਦੇਸ਼ ਦੀ - ਭਾਗ 2 (ਨਾਵਲ) (ਮਾਅ-ਭੂਮੀ ....)
   ਪਹਿਲੀ ਛਾਪ- ਰਵੀ ਸਾਹਿਤ ਪ੍ਰਕਾਸ਼ਨ ਅਮ੍ਰਿਤਸਰ
   ਦੂਜੀ ਛਾਪ- ਲੋਗ ਗੀਤ ਪ੍ਰਕਾਸ਼ਨ ਚੰਡੀਗੜ੍ਹ

3. ਘਾਟੀ ਪੁਤਲੀਗਰਾਂ ਦੀ (ਨਾਵਲ)
   ਪਹਿਲੀ ਛਾਪ- ਲਾਹੌਰ ਬੁਕ ਸ਼ਾਪ ਲੁਧਿਆਣਾ
   ਦੂਜੀ ਛਾਪ- ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ

4. ਤਾਂਡਵ (ਤ੍ਰੈ-ਲੜੀ ਨਾਵਲ)
   ਲੋਕ ਗੀਤ ਪ੍ਰਕਾਸਨ ਚੰਡੀਗੜ੍ਹ

5. ਹੋਣੀ ਮਨੁੱਖੀ ਸੱਭਿਅਤਾ ਦੀ (ਨਾਵਲ)
   ਲੋਕ ਗੀਤ ਪ੍ਰਕਾਸਨ ਚੰਡੀਗੜ੍ਹ

6. होनी एक देश की (हिन्दी नावल)

7. The Fated Sky (English Novel)

8. ਬਦੀ ਦੀ ਅਸਲੀ ਜੜ੍ਹ - ਜ਼ਾਇਅਨਵਾਦ
   ਪਹਿਲੀ ਛਾਪ- ਆਸ਼ਨਾ ਪਬਲੀਕੇਸ਼ਨ ਹੁਸ਼ਿਆਰਪੁਰ
   ਦੂਜੀ ਛਾਪ -ਲੋਕਗੀਤ ਪ੍ਰਕਾਸਨ ਚੰਡੀਗੜ੍ਹ

9. ਸੱਚ ਸੁਣੋ, ਸੱਚ ਦਾ ਵੇਲਾ
   ਪਹਿਲੀ ਛਾਪ- ਆਸ਼ਨਾ ਪਬਲੀਕੇਸ਼ਨ ਹੁਸ਼ਿਆਰਪੁਰ

10. ਰੇਪ ਆਫ ਹਿਸਟਰੀ
    How Unknown International Cabal Raped History
    ਆਸ਼ਨਾ ਪਬਲੀਕੇਸ਼ਨ ਹੁਸ਼ਿਆਰਪੁਰ

Scanned with OKEN Scanner

ਰੇਪ ਆਫ਼ ਹਿਸਟਰੀ

.... ਤੇ ਇਉਂ ਹੁੰਦਾ ਰਿਹਾ ਇਤਿਹਾਸ ਦਾ ਬਲਾਤਕਾਰ

.... And How Unknown International Cabal
Raped History

ਪ੍ਰੋ. ਕੇਵਲ ਕਲੋਟੀ

Scanned with OKEN Scanner

Scanned with OKEN Scanner

Non-Fiction / Translation-Transcription / Enslaving the World / Research / Secrets of Power Discovered / New World Order, Real Hidden History, Unknown International Cabal

© *Kewal Kaloti*

Rape of History

by
Kewal Kaloti
V.P.O. Urmur Tanda (Shimla Pahari),
Distt. Hoshiarpur (Punjab) India
Mob.: 97795-54350, 99146-96281

January 2020 -- 1100 Copies

Price : Rs. 900.00

Published by
Aashna Publications
Jalandhar Road, Piplanwala,
Hoshiarpur (Pb.) 146001. Tel.: 01882-256200

Printed at
Kamal Creationz, Hoshiarpur.

© *2020*

All rights reserved

This book is sold subject to te condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.

Scanned with OKEN Scanner

Scanned with OKEN Scanner

ਮੇਰੀਆਂ ਲਿਖਤਾਂ ਤੇ ਯੂਨੀਵਰਸਿਟੀਆਂ ਵੱਲੋਂ ਹੋਈ ਖੋਜ

1. ਐਮ. ਫਿਲ (ਪੰਜਾਬੀ) 2000-2001
ਕੇਵਲ ਕਲੋਟੀ ਦੀ ਨਾਵਲ ਲੜੀ - ਹੋਣੀ ਇੱਕ ਦੇਸ਼ ਦੀ : ਇਤਿਹਾਸ ਅਤੇ ਸ਼੍ਰੇਣੀ ਸੰਘਰਸ਼
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
ਖੋਜਾਰਥੀ : ਨਵਨੀਤ ਕੌਰ ਨਿਗਰਾਨ : ਡਾ. ਸੁਖਦੇਵ ਸਿੰਘ ਖਾਹਰਾ

2. ਐਮ. ਫਿਲ (ਪੰਜਾਬੀ) 2004-2005
ਕੇਵਲ ਕਲੋਟੀ ਦੇ ਨਾਵਲ 'ਘਾਟੀ ਪੁਤਲੀਗਰਾਂ ਦੀ' ਦਾ ਆਲੋਚਨਾਤਮਕ ਅਧਿਐਨ
ਪੰਜਾਬ ਯੂਨੀਵਰਸਿਟੀ ਚੰਡੀਗੜ੍ਹ
ਖੋਜਾਰਥੀ : ਸਤਵਿੰਦਰ ਸਿੰਘ ਨਿਗਰਾਨ : ਡਾ. ਸੁਰਿੰਦਰ ਕੁਮਾਰ ਦੇਵਸ਼ਵਰ

3. ਐਮ. ਫਿ.ਲ (ਪੰਜਾਬੀ) 2005-2006
ਕੇਵਲ ਕਲੋਟੀ ਦੇ ਨਾਵਲਾਂ ਦਾ ਵਿਚਾਰਧਾਰਕ ਪਰਿਖੇਪ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਖੋਜਾਰਥੀ : ਹਰਸਿਮਰਤ ਕੌਰ ਨਿਗਰਾਨ : ਡਾ. ਹਰਜੋਤ ਕੌਰ

4. ਐਮ. ਫਿਲ (ਪੰਜਾਬੀ) 2006-2007
ਕੇਵਲ ਕਲੋਟੀ ਦੇ ਨਾਵਲ 'ਤਾਂਡਵ' ਵਿੱਚ ਸੱਤਾ ਦੀ ਸਿਆਸਤ
ਪੰਜਾਬ ਯੂਨੀਵਰਸਿਟੀ ਚੰਡੀਗੜ੍ਹ
ਖੋਜਾਰਥੀ : ਗੀਤਾ ਰਾਣੀ ਨਿਗਰਾਨ : ਡਾ. ਸੁਰਿੰਦਰ ਕੁਮਾਰ ਦਵੇਸ਼ਵਰ

5. ਐਮ. ਫਿਲ (ਪੰਜਾਬੀ) 2007-2008
ਕੇਵਲ ਕਲੋਟੀ ਦੇ ਨਾਵਲਾਂ ਦਾ ਵਿਚਾਰਧਾਰਕ ਅਧਿਐਨ
ਪੰਜਾਬੀ ਯੂਨੀਵਰਸਿਟੀ ਪਟਿਆਲਾ
ਖੋਜਾਰਥੀ : ਪਰਮਜੀਤ ਕੌਰ ਨਿਗਰਾਨ : ਡਾ. ਮਾਨ ਸਿੰਘ ਢੀਂਡਸਾ

6. ਐਮ. ਫਿਲ (ਪੰਜਾਬੀ)
ਦੁਆਬੇ ਦਾ ਨਾਵਲਕਾਰ
ਪੰਜਾਬ ਯੂਨੀਵਰਸਿਟੀ ਚੰਡੀਗੜ੍ਹ
ਖੋਜਾਰਥੀ : ਡਾ. ਹਰਵਿੰਦਰ ਕੌਰ

7. ਪੀ.ਐਚ.ਡੀ. (ਪੰਜਾਬੀ) 2014
ਨਾਵਲਕਾਰ ਕੇਵਲ ਕਲੋਟੀ ਦੀ ਨਾਵਲ ਕਲਾ
ਪੰਜਾਬੀ ਯੂਨੀਵਰਸਿਟੀ ਪਟਿਆਲਾ
ਖੋਜਾਰਥੀ : ਪ੍ਰੀਤੀ ਰਾਤਿਸ਼ ਨਿਗਰਾਨ : ਡਾ. ਬਲਵਿੰਦਰ ਕੌਰ ਸਿੱਧੂ

8. ਛਪਦੇ ਛਪਦੇ :-

ਪੀ.ਐਚ.ਡੀ. ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰਾ। ਵਿਸ਼ਾਕੇਵਲ

ਕਲੋਟੀ ਦੀ ਨਾਵਲੀ ਸੰਵੇਦਨਾ ਖੋਜਾਰਥੀ ਜਸਵਿੰਦਰ ਕੌਰ ਨਿਗਰਾਨ ਡਾ.ਪਰਮਜੀਤ ਕੌਰ.

Scanned with OKEN Scanner
Scanned with OKEN Scanner

ਮੇਰੀਆਂ ਰਚਨਾਵਾਂ ਤੇ ਅਧਾਰਤ (ਸੰਬੰਧਤ) ਲਿਖੀਆਂ ਜਾਂ ਸੰਪਦਾਤ ਪੁਸਤਕਾਂ

1. ਕੇਵਲ ਕਲੋਟੀ ਦੀ ਨਾਵਲੀ ਚੇਤਨਾ (2007)
   ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ
   ਲੇਖਕ : ਸਤਵਿੰਦਰ ਸਿੰਘ ਹਾਏ

2. ਕੇਵਲ ਕਲੋਟੀ ਦੇ ਨਾਵਲ: ਵਿਚਾਰਧਾਰਾ ਤੇ ਬਿਰਤਾਂਤਕਾਰੀ (2009)
   ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ
   ਸੰਪਾਦਕ: ਡਾ. ਸੁਰਿੰਦਰ ਕੁਮਾਰ ਦਰਵੇਸ਼ਵਰ

3. ਕੇਵਲ ਕਲੋਟੀ ਦੇ ਨਾਵਲ : ਸੰਵਾਦ ਤੇ ਸਮੀਖਿਆ (2017)
   ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ।
   ਸੰਪਾਦਕ : ਡਾ. ਮਲਕੀਤ ਸਿੰਘ

'ਗ਼ਾਇਅਨਵਾਦ ਵਿਸ਼ੇ 'ਤੇ ਹੋਏ ਰੇਡੀਓ ਭਾਸ਼ਣ / ਪ੍ਰੋਗਰਾਮ

1. ਚੰਨ ਪ੍ਰਦੇਸੀ, ਸ਼ਿਕਾਗੋ (ਅਮਰੀਕਾ) — 8 ਭਾਸ਼ਣ
   ਐਂਕਰ : ਸ਼੍ਰੀ ਟਿਵਾਣਾ ਜੀ

2. ਚੜ੍ਹਦੀ ਕਲਾ, ਕੈਲੀਫੋਰਨੀਆ (ਅਮਰੀਕਾ) — 4 ਭਾਸ਼ਣ
   ਐਂਕਰ : ਸ਼੍ਰੀ ਬਰਾੜ ਜੀ

3. ਫਿਫਟੀਨ-ਫਿਫਟੀ ਏ.ਐਮ., ਸਰੀ (ਕੈਨੇਡਾ) — 2 ਭਾਸ਼ਣ

Scanned with OKEN Scanner

ਇੱਕ ਯਾਦ

ਡਾ. ਟੀ.ਆਰ. ਵਿਨੋਦ .... ਦੇ ਨਾਅ
ਪ੍ਰੇਰਨਾ ਤੁਹਾਡੀ ਸੀ,
ਨਾਵਲ 'ਹੋਣੀ ਮਨੁੱਖੀ ਸਭਿਅਤਾ ਦੀ' ਸੰਪੰਨ, ਹੋਇਆ।
ਪਰ ਤੁਸੀਂ ....

Deep regards for
Mrs. Gabriealla (Canada, now Italy)
Who first explained Zionism,
but I could not digest and insulted her.
I beg her pardon.

K. Kaloti

Scanned with OKEN Scanner

Scanned with OKEN Scanner

ਸਮਰਪਣ

ਗੁਰ-ਸੰਤ
ਡਾ. ਦਲਜੀਤ ਸਿੰਘ ਜੀ
ਨੇਤਰ ਵਿਸ਼ੇਸ਼ਗ
ਦੀ ਨਿੱਘੀ ਯਾਦ ਨੂੰ
ਸਮਰਪਿਤ

Scanned with OKEN Scanner

ਰੇਪ ਆਫ਼ ਹਿਸਟਰੀ

ਆਦਿਕਾ

ਏਸ ਘਟਨਾ ਨੂੰ ਮੌਕਾ ਮੇਲ ਹੀ ਕਿਹਾ ਜਾ ਸਕਦਾ ਹੈ ਪਰ ਏਸ ਨੇ ਮੇਰੀ ਸੋਚ, ਮੇਰੇ ਭਵਿੱਖ, ਮੇਰੀ ਲਿਖਤ ਤੇ ਮੇਰੀਆਂ ਕਾਰ-ਕਰਦਗੀਆਂ ਉਪਰ ਡੂੰਘਾ ਪ੍ਰਭਾਵ ਪਾਇਆ ਹੈ। ਅਸੀਂ ਦੋਵੇ - ਮੈਂ ਅਤੇ ਪ੍ਰੇਮ - ਇੱਕ ਏਅਰਪੋਰਟ ਤੇ ਮਿਲਦੇ ਹਾਂ। ਏਥੇ ਮੇਰਾ ਪਹਿਲਾਂ ਹੀ ਤਿੰਨ ਘੰਟੇ ਦਾ ਸਟੇਅ (ਅਟਕਾ) ਸੀ ਪਰ ਕਿਸੇ ਕਾਰਨ ਵੱਸ ਦੋ ਘੰਟੇ ਹੋਰ ਲੇਟ ਹੋਣ ਦਾ ਐਲਾਨ ਹੁੰਦਾ ਹੈ । ਪੰਜ ਘੰਟੇ ਦੇ ਲੰਬੇ ਸਮੇਂ ਨੂੰ ਜਿਵੇ ਕਿਵੇਂ ਬਿਤਾਉਣਾ ਪੈਣਾ ਹੀ ਹੈ।

ਪਹਿਲੇ ਇਕ-ਦੋ ਹਵਾਈ ਸਫਰਾਂ ਦੇ ਸਮਿਆਂ ਨੂੰ ਛੱਡ ਕੇ ਹੁਣ ਮੈਨੂੰ ਏਸ ਇੰਤਜ਼ਾਰ ਦੀਆਂ ਘੜੀਆਂ ਨੂੰ ਸੁਖਦ ਬਣਾਉਣ ਦਾ ਵੱਲ ਆ ਗਿਆ ਹੋਇਆ ਹੈ। ਸੈਂਕੜਿਆਂ ਵਿਚੋਂ ਕੋਈ ਨਾਂ ਕੋਈ ਜਾਂ ਕਹੀਏ ਕਿ ਘੱਟੋ ਘੱਟ ਇਕ ਜਣਾਂ ਐਸਾ ਹੁੰਦਾ ਹੀ ਹੈ ਜੋ .... ਤੁਹਾਡਾ ਇੰਤਜ਼ਾਰ ਕਰ ਰਿਹਾ ਹੁੰਦਾ ਹੈ .... ਤੇ ਤੁਸੀਂ ਵੀ ਔਖੇ ਸੌਖੇ ਉਸਨੂੰ ਲੱਭ ਹੀ ਲੈਂਦੇ ਹੋ ....।

ਮੈਂ ਮੋਢੇ ਤੇ ਬੈਗ ਲਟਕਾਈ ਅਤੇ ਹੱਥ ਵਿਚ ਆਪਣੀ, ਕੁਲ ਇਕ ਹਫਤਾ ਪਹਿਲਾਂ ਛਪੀ, ਪੁਸਤਕ ਪਕੜੀ 'ਉਸ' ਦੀ ਭਾਲ ਕਰ ਰਿਹਾ ਹਾਂ।

ਲੱਗ-ਭੱਗ ਅੱਧਾ ਘੰਟਾ ਟਹਿੱਲਦਿਆਂ ਬੀਤ ਜਾਂਦਾ ਹੈ।

ਮੇਰਾ ਧਿਆਨ ਇੱਕ ਸੁਖਦ ਜਿਹੇ ਗੱਦੇਦਾਰ ਬੈਂਚ ਤੇ ਬੈਠੇ ਇਕ ਵਿਅੱਕਤੀ ਤੇ ਕੇਂਦਰਤ ਹੁੰਦਾ ਹੈ। ਉਹ ਬੈਂਚ ਦੇ ਇਕ ਪਾਸੇ ਸੁਖਦ ਜਿਹੇ ਅੰਦਾਜ ਵਿਚ ਬੈਠਾ ਹੈ ਅਤੇ ਬਾਕੀ ਸਾਰਾ ਬੈਂਚ ਖਾਲੀ ਹੈ। ਬੈਠਾ ਵੀ ਕਾਹਦਾ ਹੈ, ਆਪਣੀ ਵੱਡੀ ਸਾਰੀ ਇੱਕ ਡਾਇਰੀ ਜਿਹੀ ਵਿਚ ਐਨ ਗੁਆਚਿਆ ਹੋਇਆ ਹੈ। ਲਗਦਾ ਹੈ ਆਲੇ ਦੁਆਲੇ ਤੋਂ ਉਕਾ ਅਭਿੱਜ ਹੈ।

ਮੇਰੇ ਮਨ ਨੇ ਸ਼ਅਦੀ ਭਰੀ ਹੈ - 'ਏਸ ਵਾਰੀ ਸ਼ਾਇਦ ਇਹੋ ਹੀ ਹੈ।'

ਮੈਂ ਸਹਿਜਤਾ ਨਾਲ ਆਪਣਾ ਬੈਗ ਬੈਂਚ ਦੇ ਵਿਚਕਾਰਲੇ ਹਿੱਸੇ ਤੇ ਟਿਕਾਉਂਦਾ ਹਾਂ। ਬੈਗ ਉਪਰ ਆਪਣੀ ਤਾਜੀ ਛਪੀ ਪੁਸਤਕ ਇਉਂ ਟਿਕਾਉਦਾ ਹਾਂ ਕਿ ਜੇਕਰ ਕਿਸੇ ਕਾਰਨ ਉਹ ਏਧਰ ਦੇਖੇ ਤਾ ਪਹਿਲੀ ਨਿਗਾਹ ਕਿਤਾਬ ਤੇ ਪਵੇ। ਉਹ ਆਪਣੀ ਡਾਇਰੀ ਵਿਚ ਖੋਇਆ ਰਹਿੰਦਾ ਹੈ। ਮੈਂ ਸਰਸਰੀ ਉਧਰ ਦੇਖਦਾ ਹਾਂ। ਉਹ ਲਕੀਰਾਂ ਜਿਹੀਆਂ ਉਕਰ ਰਿਹਾ ਹੈ ਜਿਵੇਂ ਕੋਈ ਨਕਸ਼ਾ ਉਲੀਕ ਰਿਹਾ ਹੋਵੇ। ਨਕਸ਼ੇ ਦੇ ਉਪਰ-ਥੱਲੇ, ਖੱਬੇ-ਸੱਜੇ ਇਸ਼ਾਰੇ ਮਾਤਰ ਕੁਝ ਲਿਖੀ ਵੀ ਜਾ ਰਿਹਾ ਹੈ। ਮਨ ਫੇਰ ਸ਼ਾਹਦੀ ਭਰਦਾ ਹੈ-'ਏਸ ਵਾਰੀ ਇਹੋ ਠੀਕ ਸਾਬਤ ਹੋਏਗਾ।'

Scanned with OKEN Scanner
Scanned with OKEN Scanner

ਹੁਣ ਮਸਲਾ ਹੈ ਮਨ ਭਾਉਂਦੇ ਮਸਲੇ ਤੇ ਸਾਂਝ ਦਾ ਮੁੱਢ ਬੰਨਣ ਦਾ।

ਮੈਂ ਨਿਮਰ ਅੰਦਾਜ ਵਿਚ ਹੌਲੀ ਜਿਹੀ ਕਹਿੰਦਾ ਹਾਂ - 'ਸਰ, ਪਲੀਜ ....'

ਹਲਕੇ ਜਿਹੇ ਝਟਕੇ ਜਿਹੇ ਨਾਲ ਉਸ ਦੀ ਲਿਵ ਟੁਟਦੀ ਹੈ।

''ਸਰ, ਇਹ ਬੈਗ, ਮੈ ਬਾਥ-ਰੂਮ ਵਲ ਜਾਣੈ---''

ਉਸਦੀ ਨਿਗਾਹ ਬੈਗ ਉਪਰ ਸਹਿਜਤਾ ਨਾਲ ਟਿਕਦੀ ਹੀ ਹੈ ਕਿ ਮੈਂ ਤੁਰ ਪੈਂਦਾ ਹਾਂ। ਪਿਛਿਉਂ ਪਿਆਰੀ ਆਵਾਜ ਆਉਂਦੀ ਹੈ, ਜੋ ਰਲੀ ਮਿਲੀ ਭਾਸ਼ਾ ਵਿਚ ਹੁੰਦੀ ਹੈ ਪਰ ਅਰਥ ਹੈ - 'ਸਰ, ਕੀ ਮੈ ਤੁਹਾਡੀ ਕਿਤਾਬ ਦੇਖ ਲਵਾਂ ?' ਮੈਂ ਹੱਥ ਦੇ ਇਸ਼ਾਰੇ ਨਾਲ 'ਹਾਂ' ਆਖਦਾ ਹੋਇਆ ਤੁਰਿਆ ਰਹਿੰਦਾ ਹਾਂ ਤੇ ਪਿੱਛੇ ਵਲ ਪਰਤ ਕੇ ਵੇਖਦਾ ਨਹੀਂ ਹਾਂ।

ਆਪਣੇ ਕੰਮ ਤੋਂ ਵਿਹਲਾ ਹੋ, ਮੈਂ ਦੂਰੋਂ ਭਾਪਦਾ ਹਾਂ ਕਿ ਉਹ ਮੇਰੀ ਪੁਸਤਕ ਸਰਸਰੀ ਉਲਟ-ਪਲਟ ਰਿਹਾ ਹੈ।

ਮੈਂ ਭਾਂਪਦਾ ਹਾਂ ਕਿ ਉਹ ਮੇਰੀ ਕਿਤਾਬ ਵਿਚ ਉਵੇਂ ਹੀ ਵਿਅਸਤ ਹੋ ਜਾਂਦਾ ਹੈ ਜਿਵੇਂ ਆਪਣੀ ਡਾਇਰੀ ਵਿਚ ਹੋਇਆ ਮੈਂ ਦੇਖਿਆ ਸੀ।

''ਪੰਜ, ਛੇ ਘੰਟੇ ਸੌਖੇ ਬੀਤਣਗੇ।'' ਮੈਂ ਸੋਚਦਾ ਹਾਂ । ਲਗਭਗ ਅੱਧਾ ਘੰਟਾ ਹੋਰ ਆਨੇ ਬਹਾਨੇ ਏਧਰ ਉਧਰ ਘੁੰਮਦਾ ਰਹਿੰਦਾ ਹਾਂ। ਉਹ ਤਾ ਸਿਰ ਉਪਰ ਚੁਕਦਾ ਹੀ ਨਹੀਂ ਹੈ।

ਚਹਿਲ ਕਦਮੀਂ ਮੈ ਬੈਂਚ ਤਕ ਪੁਜਦਾ ਹਾਂ।

ਉਹ ਤਪਾਕ ਨਾਲ ਉਠ ਖੜਾ ਹੁੰਦਾ ਹੈ। ਕਿਤਾਬ ਦੇ ਅੱਧ ਵਿਚਕਾਰ ਉਂਗਲੀ ਅੜਾਈ ਹੋਈ ਹੈ। ਰਲੀ ਮਿਲੀ ਹਿੰਦੀ ਪੰਜਾਬੀ ਅੰਗ੍ਰੇਜੀ ਵਿਚ ਜੋ ਆਖਦਾ ਹੈ, ਭਾਵ ਅਰਥ ਹੈ .... 'ਯਾਰਾ, ਮੈ ਤੈਨੂੰ ਈ ਲੱਭ ਰਿਹਾ ਸੀ, ਜਨਮਾਂ ਤੋਂ, ਵਰ੍ਹਿਆ ਤੋਂ .... ਲੱਭਾ ਵੀ ਤਾਂ ਕਿੱਥੇ .... ਹੁਣ ਨਹੀ ਛਡਦਾ ਜਨਮ ਭਰ .... ਜੱਫੀ ਪਾ ਘੁੱਟ ਕੇ ....''

ਅਸੀਂ ਦੋਵੇਂ ਇਕ ਦੂਜੇ ਦੀ ਗਲਵੱਕੜੀ ਵਿਚ ਨਪੀੜੇ ਹੀ ਜਾਂਦੇ ਹਾਂ।

ਮੈਂ ਹੌਲੀ ਜਿਹੀ ਆਖਦਾ ਹਾਂ .... 'ਜ਼ਰਾ ਇੰਜ ਕਿ ਖੱਬੇ ਪਾਸੇ ਨਾਲ ਖੱਬਾ ਪਾਸਾ ਯਾਨੀ ਦਿਲ ਨਾਲ ਦਿਲ ....'

ਉਹ ਬੋਲਦਾ ਹੈ .... 'ਮੇਰਾ ਤਾਂ ਸਾਰਾ ਜਿਸਮ ਦੀ ਦਿਲ ਹੋਇਆ ਪਿਐ ਯਾਰਾ ....।'

ਏਡੀ ਅਪਣੱਤ, ਏਨਾ ਆਪਣਾ ਪਨ ''ਉਹ .... ਤਾਂ ਇਹ ਗੱਲ ਐ ....।'' ਅਸੀਂ ਦੋਵੇ ਖੁਸ਼ੀ ਵਿਚ ਹੀ ਲੰਬੇ ਲੰਬੇ ਸਾਹ ਲੈਣ ਲੱਗ ਪੈਂਦੇ ਹਾਂ।

ਮੇਰੀ ਖੁਸ਼ੀ ਦਾ ਵੱਡਾ ਕਾਰਨ ਇਹ ਹੈ ਕਿ ਅਕੇਵੇਂ ਵਾਲੇ ਸਫਰ ਵਿਚ ਕੋਈ

Scanned with OKEN Scanner

ਗਲਵੱਕੜੀ ਪਾ ਕੇ ਮਿਲਣ ਵਾਲਾ ਮਿਲ ਹੀ ਗਿਆ ਹੈ ....''ਚਲਤੇ ਚਲਤੇ ਸਰੇ-ਰਾਹ .... ''

ਮੈਂ ਅੰਦਾਜ਼ਾ ਲਗਾ ਰਿਹਾ ਹਾਂ ਕਿ ਉਸ ਨੂੰ ਮੇਰੇ ਨਾਲ ਏਨਾ ਪ੍ਰੇਮ ਕਿਉਂ ਹੋ ਰਿਹਾ ਹੈ। ਇਕ ਗੱਲ ਪੱਕੀ ਹੈ ਕਿ ਉਹ ਲਿਖਣ ਪੜ੍ਹਨ ਜਾਂ ਇਸ ਨਾਲ ਮਿਲਦੇ ਜੁਲਦੇ ਕੰਮ ਦਾ ਸ਼ੌਕ ਰਖਦਾ ਹੋਏਗਾ ਕਿਉਂਕਿ ਮੇਰੀ ਕਿਤਾਬ ਦੇ ਸਫ਼ੇ ਉਲਟਣ ਪਲਟਣ ਦਾ ਵੀ ਕੋਈ ਕਾਰਨ ਸੀ।

ਅਸੀਂ ਇਕ ਦੂਜੇ ਦੇ ਮੋਢਿਆਂ ਉਪਰ ਬਾਹਾਂ ਵਲ ਕੇ ਕੋਲੋ ਕੋਲ ਬੈਂਚ ਤੇ ਬੈਠ ਜਾਂਦੇ ਹਾਂ।

ਉਹ ਕਹਿੰਦਾ ਹੈ, 'ਮੈਨੂੰ ਪੰਜਾਬੀ ਬਹੁਤੀ ਨਹੀਂ ਆਉਂਦੀ। ਕਿਤਾਬ ਵਿਚਲੀਆਂ ਅੰਗ੍ਰੇਜ਼ੀ ਦੀਆਂ ਟੁਕਾਂ ਪੜ੍ਹੀਆਂ ਵੀ ਤੇ ਸਮਝੀਆਂ ਵੀ। ਇਉਂ ਲੱਗਾ ਕਿ ਮੈਂ ਏਸੇ ਬੰਦੇ ਦੀ ਭਾਲ ਕਰ ਰਿਹਾ ਸਾਂ ....।'' ਉਹ ਫੇਰ ਜ਼ੋਰ ਨਾਲ ਮੇਰਾ ਸਿਰ ਆਪਣੀ ਛਾਤੀ ਤੇ ਘੁਟ ਲੈਂਦਾ ਹੈ।

ਮੈਨੂੰ ਲਗਦਾ ਹੈ ਕਿ ਮੈਂ ਕੋਈ ਸੁਪਨਾ ਦੇਖ ਰਿਹਾ ਹਾਂ। ਮੈ ਘੋਰ ਉਲਝਣ ਵਿਚ ਫਸ ਗਿਆ ਹਾਂ ਪਰ ਉਸਦੇ ਮਾਣ ਨੂੰ ਫਿੱਕਾ ਵੀ ਨਹੀਂ ਪੈਣ ਦੇਣਾ ਚਾਹੁੰਦਾ ਹਾਂ ।

ਮੈਂ ਕਹਿੰਦਾ ਹਾਂ,''ਜੋ ਆਦਰ-ਮਾਣ ਤੁਸੀਂ ਬਖਸ਼ ਰਹੇ ਹੋ ਮੈ ਖਬਰੇ ਏਸ ਦੇ ਕਾਬਲ ਨਾ ਹੋਵਾਂ। ਖਬਰੇ ਤੁਹਾਨੂੰ ਭੁਲੇਖਾ ਲੱਗਾ ਹੋਵੇ। ਅਸਲ 'ਚ ਤੁਸੀਂ ਹੋ ਕੌਣ ?''

ਉਹ ਗਲ ਪਲਟਾ ਜਾਂਦਾ ਹੈ,''ਤੁਸੀ ਸਿਰਲੇਖ ਪੰਜਾਬੀ ਵਿਚ ਲਿਖਿਆ। ਅਗਲੇ ਸਫ਼ੇ ਤੇ ਅੰਗ੍ਰੇਜ਼ੀ ਵਿਚ ਵੀ ਲਿਖ ਦਿੱਤਾ- Owners of the World ਇਨ੍ਹਾਂ ਦੀ ਭਾਲ ਵਿੱਚ ਈ ਮੈਂ ਵੀ ਭੱਜਾ ਫਿਰਦਾਂ। ਭਲਾ ਪੰਜਾਬੀ ਵਿਚ ਕੀ ਲਿਖਦੇ ਹੋ ?''

ਮੈਂ ਦਸਦਾ ਹਾਂ ''ਜਗ ਦੇ ਵਾਲੀ।''

ਉਹ ਫੇਰ ਪੁੱਛਦਾ ਹੈ ''ਤਿੰਨ ਸ਼ਬਦ Unknown International Cabal (ਗੁਪਤ ਵਿਸ਼ਵੀ ਚਵ੍ਹਲ) ਕਈ ਵਾਰੀ ਆਏ ਹਨ। Cabal ਦਾ ਸਹੀ ਅਰਥ ਪੰਜਾਬੀ ਵਿਚ ਸਮਾ ਗਿਆ ਹੈ ?''

ਮੈਂ ਦੱਸਦਾ ਹਾਂ .... ''ਮੈਂ ਇਸ ਸ਼ਬਦ ਦਾ ਸਮਾਨਆਂਤਰ ਸ਼ਬਦ 'ਚਵ੍ਹਲ਼' ਲਿਖਿਆ ਹੈ। ਉਂਜ ਤੁਸੀਂ ਜਾਣਦੇ ਹੀ ਹੋ ਕਿ ਇਹ ਸ਼ਬਦ ਪੰਜ ਵੱਡੇ ਸਾਜਿਸ਼ੀਆਂ ਦੇ ਨਾਵਾਂ ਦੇ ਪਹਿਲੇ ਪਹਿਲੇ ਅੱਖਰ ਨਾਲ ਬਣਾਇਆ ਗਿਆ ਹੋਇਆ ਹੈ ।''

''ਚਵ੍ਹਲ਼ .....।'' ਮੈਂ ਏਨੀ ਗੂੜ੍ਹ ਪੰਜਾਬੀ ਨਹੀਂ ਜਾਣਦਾ ਹਾਂ। ਜੋ ਕੋਟੇਸ਼ਨਾਂ (ਟੂਕਾਂ) ਤੁਸੀਂ ਇੰਗਲਿਸ਼ ਵਿਚ ਲਿਖੀਆਂ ਦੇ ਆਧਾਰ ਤੇ ਦਾਵੇ ਨਾਲ ਕਹਿ ਸਕਦਾ ਹਾਂ ਕਿ ਇਹ ਵਰਤਮਾਨ ਦੁਨੀਆਂ ਦੇ ਪਰਮ ਸੱਚ ਬਲਕਿ ਬ੍ਰਹਮ-ਗਿਆਨ, ਬਲਕਿ ਪਾਰ-ਬ੍ਰਹਮ-ਗਿਆਨ ਵਲ ਲੈ ਤੁਰਦੀਆਂ। ਤੁਸੀਂ ਪੰਜਾਬੀ ਵਿਚ ਠੀਕ ਠੀਕ ਬਦਲ ਲੱਭੇ ਹੋਣਗੇ ..... ਯਾਰਾ ਮੇਰੀ ਖੋਜ ਨੂੰ ਅੱਜ ਇੱਕ ਅਹਿਮ ਮੁਕਾਮ ਮਿਲ ਗਿਆ ਹੈ।''

'ਕਿਹੋ ਜਿਹਾ ਬੰਦਾ ਹੈ ? ਕੀ ਭਾਲਦਾ ਹੈ? ਮੇਰੀ ਸ਼ੋਭਾ ਵਧਾ ਚੜ੍ਹਾ ਕੇ ਕਰ ਰਿਹਾ

Scanned with OKEN Scanner

Scanned with OKEN Scanner

ਹੈ।' ਮੇਰੀ ਉਤਸੁਕਤਾ ਸਿਰੇ ਤੱਕ ਪੁੱਜ ਚੁੱਕੀ ਹੈ। ਕਹਾਵਤ ਹੈ ਨਾ ... 'ਸਫਰ ਕਰਦੇ ਸਮੇਂ ਅਜਨਬੀਆਂ ਤੋਂ ਸਾਵਧਾਨ ਰਹੋ। ਖਾਸ ਕਰਕੇ ਜਦੋਂ ਕੋਈ ਤੁਹਾਡੀ ਵਾਧੂ- ਪ੍ਰਸ਼ੰਸਾ ਕਰੀ ਜਾਏ।'

ਮੈਂ ਆਪਣੀ ਜੇਬ ਵਿਚ ਕਾਗਜ਼ਾਂ ਪੱਤਰਾਂ ਤੇ ਨਕਦੀ ਨੂੰ ਇਕ ਹੱਥ ਨਾਲ ਘੁਟ ਕੇ ਫੜ ਲੈਂਦਾ ਹਾਂ। ਇਹੋ ਜਿਹਿਆਂ ਦੇ ਬੜੇ ਕਿੱਸੇ ਸੁਣੇ ਹੋਏ ਹਨ।

ਮੈਂ ਜ਼ਰਾ ਹੋਰ ਦ੍ਰਿੜਤਾ ਨਾਲ ਕਹਿੰਦਾ ਹਾਂ - "ਤੁਸੀਂ ਆਪਣੇ ਬਾਰੇ ਕੁਝ ਦੱਸੋ ਕਿ ਤੁਸੀਂ ਕੌਣ ਹੋ ? ਪਹਿਲੀ ਨਜ਼ਰੇ ਪਿਆਰ (Love at first sight) ਦਾ ਕੀ ਕਾਰਨ ਹੈ ?"

ਉਹ ਕਹਿੰਦਾ ਹੈ, "ਉਹੋ, ਆਪਣੀ ਲੱਭਤ ਦੀ ਖੁਸ਼ੀ ਵਿਚ ਮੈਂ ਤੁਹਾਡੀ ਲੱਭਤ ਬਾਰੇ ਕੁਝ ਕਹਿਣਾ-ਦੱਸਣਾ ਭੁੱਲ ਈ ਗਿਆ। ਇਹ ਸਹੁਰੀ ਬਹੁਤੀ ਖੁਸ਼ੀ ਸਾਂਭਣੀ ਵੀ ਕਿਹੜਾ ਸੌਖਾ ਮਸਲਾ ਹੈ। ਉਂਜ ਮੈਂ ਵੀ ਤੁਹਾਡੇ ਲਈ ਇਕ ਲੱਭਤ ਹੀ ਸਾਬਤ ਹੋਆਗਾਂ। ਇਹ ਮੈਨੂੰ ਵੀ ਯਕੀਨ ਹੈ ....। ਪਰ ਹਾਂ ਯਾਰਾ, ਇੱਕ ਗੱਲ ਦਾ ਬੁਰਾ ਨਾ ਮਨਾਣਾਂ । ਤੁਸੀਂ ਪਾਪੀਆਂ, ਗੱਦਾਰਾਂ, ਕਾਤਲਾਂ, ਬਲਾਤਕਾਰਾਂ ਦੇ ਗੁਪਤ ਟੋਲਿਆਂ ਦੀਆਂ ਕਾਲੀਆਂ ਯੋਜਨਾਵਾਂ ਦੀ ਤਹਿ ਤਕ ਪੁਜ ਗਏ ਹੋ। ਖੋਜ ਤੁਹਾਨੂੰ ਹੋਰ ਅੱਗੇ ਲੈ ਜਾਏਗੀ। ਪਰ ਤੁਸੀਂ ਕਿੰਨੇ ਬਖਸ਼ਣਹਾਰ ਹੋ, ਕਿੰਨੇ ਬਖਸ਼ਣਹਾਰ ਹੋ। ਹਾਲੇ ਵੀ ਇਨ੍ਹਾ ਨੂੰ 'ਜਗ ਦੇ ਵਾਲੀ' ਆਖ ਰਹੇ ਹੋ। ਪਰ ਹੁਣ ਇਹ ਬਖਸ਼ੇ ਨਹੀ ਜਾਣਗੇ। ਅਸੀਂ ਰਲ ਕੇ ਇਨਾ ਨੂੰ ਜਗ ਦੇ ਬਲਾਤਕਾਰੀ, ਗੁਪਤ ਵਿਸ਼ਵੀ ਬਲਾਤਕਾਰੀ ਸਾਬਤ ਕਰਾਂਗੇ। ਸਾਡੀ ਅਗਲੀ ਰਚਨਾ ਦਾ ਸਿਰਲੇਖ ਹੋਏਗਾ 'ਰੇਪ ਆਫ਼ ਹਿੱਸਟਰੀ ....' ਸਿਰਲੇਖ ਪਸੰਦ ਆਇਆ?"

ਉਹ ਲੜੀ ਨਾਲ ਲੜੀ ਜੋੜੀ ਜਾਂਦਾ ਹੈ। ਮੈਨੂੰ ਆਪਣੀਆਂ ਤਾਰੀਫ਼ਾਂ ਸੁਣਨੀਆਂ ਚੰਗੀਆਂ ਤਾ ਲੱਗਦੀਆਂ ਹਨ ਪਰ ਉਹਦੇ ਅਸਲੇ ਬਾਰੇ ਸ਼ੱਕ ਵੀ ਵਧੀ ਜਾਂਦਾ ਹੈ। ਮੈਂ ਜ਼ਰਾ ਸਖਤ ਲਹਿਜੇ ਵਿਚ ਆਖਦਾ ਹਾਂ "ਮੇਰੇ ਲਈ ਤੁਸੀਂ ਖੁਦ ਇਕ ਬੁਝਾਰਤ ਬਣੀ ਜਾ ਰਹੇ ਹੋ। ਤੁਸੀਂ ਦੱਸੋ ਤੁਸੀਂ ਹੋ ਕੌਣ ? ਨਹੀ ਦੱਸੋਗੇ ਤਾਂ ਮੈਂ ਮੈ ਹੁਣੇ ਸਾਥ ਛੱਡ ਜਾਵਾਂਗਾ, ਉਠ ਕੇ ਦੂਸਰੇ ਬੈਂਚ ਤੇ ਚਲਿਆ ਜਾਵਾਂਗਾ ....।"

ਉਹ ਸਹਿਜ ਨਾਲ ਆਖਦਾ ਹੈ "ਹੁਣ ਤੁਸੀਂ ਸਾਥ ਨਹੀਂ ਛੱਡ ਸਕਦੇ। ਛੱਡੋਗੇ ਤਾਂ ਮਰਡਰ ਹੋ ਜਾਏਗਾ .... ਸਮਝੇ ......।"

ਉਹ ਖਿੜ ਖਿੜਾ ਕੇ ਹੱਸ ਪੈਂਦਾ ਹੈ। ਪਰ ਮੈਂ ਹੋਰ ਸੁੰਗੜ ਦੇ ਬੈਠ ਜਾਂਦਾ ਹਾਂ ਜਿਵੇ ਉਹਨੇ ਬੰਨ ਕੇ ਬੈਠਾਇਆ ਹੋਇਆ ਹੋਵੇ।

ਉਹ ਦੋਵੇਂ ਹੱਥਾ ਨਾਲ ਮੇਰੇ ਸਿਰ ਨੂੰ ਫੜ ਕੇ ਚਿਹਰਾ ਆਪਣੇ ਵਲ ਘੁਮਾਉਂਦਾ ਹੈ ਤੇ ਆਖਦਾ ਹੈ "ਮੇਰੀਆ ਅੱਖਾਂ ਵਿਚ ਦੇਖੋ ..... ਮੇਰੇ ਲਈ ਇਹੀ ਵਿਸਮਾਦੀ ਖੁਸ਼ੀ ਹੈ। ਤੁਸੀਂ ਇਕ ਖੋਜੀ ਲੇਖਕ ਹੋ, ਫਿਲਾਸਫਰ ਹੋ, ਮੈਂ ਇਕ ਫਿਲਮ ਡਾਇਰੈਕਟਰ ਹਾਂ। ਦੁਨੀਆ 'ਚ ਜਾਣਿਆਂ ਪਛਾਣਿਆਂ ਫਿਲਮ ਡਾਇਰੈਕਟਰ। ਫਿਲਮੀ ਨਾਮ ਹੈ 'ਵਿਲੀਅਮ ਪ੍ਰੇਮ'। ਮੈ ਹਿੱਟ

Scanned with OKEN Scanner

ਤੇ ਸੁਪਰ ਹਿੱਟ ਫਿਲਮਾਂ ਦਾ ਡਾਇਰੈਕਟਰ ਹਾਂ। ਤੁਸੀ ਆਪੀਂ ਸੋਚੋ, ਇਕ ਖੋਜੀ ਲੇਖਕ-ਫਿਲਾਸਫਰ ਤੇ ਦੂਸਰਾ ਸੁਪਰ-ਹਿੱਟ ਫਿਲਮ ਡਾਇਰੈਕਟਰ। ਤੁਸੀਂ ਇਕ ਸਕਰਿਪਟ ਲਿਖੋਗੇ, ਫਿਲਮ ਦੀ ਸਕਰਿਪਟ, ਜੋ ਲਿਖੋਗੇ, ਉਸ ਉਪਰ ਮੈ ਅੱਜ ਤਕ ਦੀ ਸੁਪਰ-ਹਿੱਟ ਫਿਲਮ ਬਣਾਂਵਾਗਾ। ਫਿਲਮ ਦਾ ਨਾਮ ਹੋਏਗਾ 'ਰੇਪ ਆਫ ਹਿਸਟਰੀ' ਤੁਹਾਡਾ ਮੇਰਾ ਮੇਲ ਇਉ ਹੈ ਨਾ ''ਦੋ ਸਿਤਾਰੋਂ ਕਾ ਜ਼ਿਮੀਂ ਪਰ ਹੈ ਮਿਲਨ .... ।''

ਉਹ ਮੇਰੇ ਸਿਰ ਦੀ ਪਕੜ ਛੱਡ ਦਿੰਦਾ ਹੈ। ਅਸੀਂ ਦੋਵੇ ਧੌਣਾ ਨੀਵੀਆਂ ਕਰਕੇ ਆਪੋ ਆਪਣੀਆਂ ਸੋਚਾਂ ਵਿਚ ਲਹਿ ਜਾਂਦੇ ਹਾਂ। ਏਹੋ ਜਿਹੀ ਹਾਲਤ ਵਿਚ ਇਉਂ ਹੁੰਦਾ ਹੀ ਹੈ।

ਉਹ ਮੇਰਾ ਹੱਥ ਫੜ ਕੇ ਹਲਕਾ ਜਿਹਾ ਝੰਜੋੜਦਾ ਹੈ। ਉਹ ਆਖਦਾ ਹੈ, ''ਇਤਮਿਨਾਨ ਨਾਲ ਗੱਲਾਂ ਕਰੀਏ। ਮੈਂ ਇਕ ਫਿਲਮ ਡਾਇਰੈਕਟਰ ਹਾਂ। ਪਿੱਛਾ ਮੇਰਾ ਪੰਜਾਬ-ਇੰਡੀਆ ਦਾ ਹੈ। ਇਹ ਵੱਖਰੀ ਕਹਾਣੀ ਹੈ। ਮੈਂ ਮਿਹਨਤ ਕਰਕੇ ਪੰਜ ਫਿਲਮਾਂ ਡਾਇਰੈਕਟ ਕਰ ਚੁੱਕਿਆਂ .... । ਪੰਜੇ ਹਿੱਟ ਤੇ ਇਕ ਤਾਂ ਸੁਪਰਹਿਟ ਜੋ 'ਏਲੀਅਨਜ਼' ਵਾਰੇ ਬਣਾਈ ਸੀ। ਸਫਲਤਾ ਮੈਨੂੰ ਆਪਣਾ ਆਪ ਹੀ ਭੁਲਾ ਦਿੰਦੀ ਹੈ। ਆਮ ਤੌਰ ਤੇ ਇਉਂ ਵਾਪਰ ਈ ਜਾਂਦੈ। ਕਦੇ ਕਦੇ ਇਕੱਲਾ ਆਤਮ ਚਿੰਤਨ ਕਰਦਾ ਹਾਂ ਤਾਂ ਲਗਦਾ ਕਿ ਸਫਲਤਾ ਮੇਰੇ ਤੇ ਮੜ੍ਹੀ ਜਾ ਰਹੀ ਸੀ, ਮੜ੍ਹੀ ਜਾ ਰਹੀ ਹੈ। ਇਹੋ ਜਿਹੇ ਆਤਮ ਚਿੰਤਨ ਸਮੇ ਤੇ ਮੈਨੂੰ ਇਕ ਬਜ਼ੁਰਗ ਮਿਲਦਾ ਹੈ। ਬਜ਼ੁਰਗ ਦਾ ਨਾਮ ਹੈ 'ਡੇਵਿਡ ਮੂਰ'। ਉਸਦੀ ਆਤਮ ਕਥਾ ਦਾ ਨਾਮ ਹੈ - "ਪੈਰਾ-ਮਨੋ-ਵਿਗਿਆਨਕ ਯੋਧੇ ਦੀ ਆਤਮ ਕਥਾ ।''

ਮੇਰੇ ਕੋਲੋਂ ਦਖਲ ਦਿੱਤੇ ਬਿਨਾਂ ਰਿਹਾ ਨਹੀਂ ਜਾਂਦਾ ਹੈ, ''ਲਗਦੈ ਉਹੀ ਮੂਰ ਹੈ ਜੋ ਇਕ ਪੰਜਾਬੀ ਬੰਦੇ ਅਮਰੀਕ ਦਾ ਦੋਸਤ ਬਣ ਗਿਆ ਸੀ। ਇਹ ਅਮਰੀਕੀ ਸੀ.ਆਈ.ਏ. ਦੇ ਬਹੁਤ ਹੀ ਗੁਪਤ ਇਕ ਸੈੱਲ 'ਸਟਾਰਗੇਟ ਮਿਸ਼ਨ' ਵਿਚ ਕੰਮ ਕਰਦੇ ਸੀ। ਹਾਂ, ਅੱਗੇ ਦੱਸੋ ....''

ਵਿਲੀਅਮ ਪ੍ਰੇਮ ਦੱਸਦਾ ਹੈ, ''ਇਕ ਦਿਨ ਸਵੇਰੇ ਸਵੇਰੇ ਮੂਰ ਮੇਰੇ ਘਰ ਆਉਂਦਾ ਹੈ। ਮੂਰ ਆਖਦਾ ਹੈ, 'ਵਿਲੀਅਮ, ਮੈਂ ਕੁਝ ਆਖਣ ਆਇਆਂ। ਇਹ ਕਿ ਸਫਲਤਾ ਤੇਰੇ ਸਿਰ ਮੜ੍ਹੀ ਜਾ ਰਹੀ ਹੈ ਕਿਉਕਿ ਤੂੰ 'ਉਸ' ਦੇ ਹਿੱਤ ਪਾਲ ਰਿਹੈਂ। ਖੋਜ ਕਰ, ਸਾਬਤ ਹੋਏਗਾ ਕਿ ਤੇਰੀਆਂ ਪੰਜਾਂ ਫਿਲਮਾਂ ਦੇ ਫਾਈਨਾਂਨਸਰ ਪੰਜ ਨਹੀਂ ਇਕੋ ਇਕ ਘਰਾਣਾ ਹੈ। ਹੋਰ ਖੋਜ ਕਰ, ਸਾਬਤ ਹੋਏਗਾ ਕਿ ਉਹ ਨਿਰਾ ਫਾਇਨਾਨਸਰ ਨਹੀਂ ਮਾਲਕ ਵੀ ਹੈ। ਹੋਰ ਖੋਜ ਕਰ ਸਾਬਤ ਹੋਏਗਾ ਕਿ ਸਾਰੀ ਦੁਨੀਆਂ ਦੇ ਇਸ ਉਦਯੋਗ ਦਾ ਅਸਲ ਮਾਲਕ ਇੱਕੋ ਇੱਕ ਉਹੀ ਘਰਾਣਾ ਹੀ ਹੈ। ਹੋਰ ਖੋਜ ਕਰ ਸਾਬਤ ਹੋਏਗਾ ਕਿ ਐਂਵੇ ਇੱਕ-ਦੁੱਕਾ ਨੂੰ ਛੱਡ ਕੇ ਸਾਰੀ ਦੁਨੀਆਂ ਦੀਆਂ ਸਰਕਾਰਾਂ, ਬੈਂਕਾਂ, ਫੋਜਾਂ, ਧਰਮਾਂ, ਸਿਆਸੀ ਸੰਘਾਂ, ਦਾਰਸ਼ਨਿਕਤਾਵਾਂ ਆਦਿ ਦਾ ਮਾਲਕ ਉਹੀ ਇਕੋ ਇਕ ਘਰਾਣਾ ਹੈ। ਨਿਚੋੜ ਇਹ ਕਿ ਸਾਰੀ ਧਰਤੀ ਦੀ ਮਾਲਕੀ ਉਸ ਹਥਿਆ ਲਈ ਹੋਈ ਹੈ। ਰਹਿੰਦੀ ਕਸਰ ਪੂਰੀ ਹੋ ਰਹੀ ਹੈ। ਬਸ ਸ਼ਰੇਆਮ ਐਲਾਨ ਹੀ ਬਾਕੀ

Scanned with OKEN Scanner
Scanned with OKEN Scanner

ਰਹਿੰਦਾ ਹੈ। ਐਵੇਂ ਡਰ ਨਾ ਜਾ। ਆਦਮੀ ਉਕਾ ਹੀ ਅਸਹਾਏ ਨਹੀਂ ਹੁੰਦਾ। ਕਦੇ ਨਹੀਂ ਹੁੰਦਾ। ਉਹ ਸਦਾ ਸੱਚ ਦੀ ਭਾਲ ਕਰਦਾ ਹੈ। ਲੱਭਦਾ ਹੈ, ਤਾਂ ਅਮਲ ਵਿਚ ਲੈ ਆਉਦਾ ਹੈ। ਮੈ 'ਪੈਰਾ-ਸਾਈਕਿਕ ਯੋਧਾ' ਹਾਂ। ਸੁਣ, ਤੈਨੂੰ ਅਚਾਨਕ ਇਕ ਖੋਜੀ ਲੇਖਕ ਫਿਲਾਸਫਰ ਮਿਲੇਗਾ ਜਿਵੇਂ ਮੈਨੂੰ ਅਮਰੀਕ ਮਿਲਿਆ ਸੀ। ਉਹ Unknown International Cabal (ਗੁਪਤ ਵਿਸ਼ਵੀ ਚਵ੍ਹਲ) ਦਾ ਖੋਜੀ ਹੋਵੇਗਾ। ਉਹ ਤੇਰੀ ਅਗਲੀ ਫਿਲਮ ਦੀ ਸਕਰਿਪਟ ਲਿਖੇਗਾ। ਫਿਲਮ ਦਾ ਨਾਮ ਹੋਏਗਾ 'Rape of History' .... ਐਹ ਇਕ ਲਿਫਾਫਾ ਹੈ। ਆਪਣੀ ਜਿੰਦਗੀ ਦੇ ਨਿਚੋੜ ਇਸ ਵਿਚਲੇ ਕਾਗਜਾਂ ਉਪਰ ਲਿਖ ਦਿਤੇ ਹਨ। ਇਹ ਉਸ ਸਕਰਿਪਟ ਲੇਖਕ ਨੂੰ ਦੇ ਦੇਵੀਂ, ਆਹ ਲੈ। ਮੈਂ ਚਲਦਾ ਹਾਂ , ਮੈ ਗੁਪਤ ਵਾਸ 'ਚ ਰਹਿ ਰਿਹਾਂ। ਮਿਲਾਂ ਤਾ ਠੀਕ, ਨਾਂ ਵੀ ਮਿਲੇ ਤਾਂ ਵੀ ਠੀਕ'' ਉਹ ਚਲਾ ਗਿਆ ਪਰ ਮੈਨੂੰ ਮੁੜ ਨਹੀ ਲੱਭਾ। ਉਹ ਨਹੀ ਲੱਭਾਂ ਪਰ .... ਅੱਜ ਮੇਰਾ ਸਕਰਿਪਟ ਰਾਈਟਰ ਮਿਲ ਗਿਆ ਹੈ ਜਿਸ ਦੀ ਮੈਨੂੰ ਭਾਲ ਸੀ।"

ਏਨੇ ਨੂੰ ਸਾਡੇ ਵਾਲੇ ਜੈਟੱ ਦੀ ਪਹਿਲੀ ਕਾਲ ਦਾ ਐਲਾਨ ਹੁੰਦਾ ਹੈ। ਅਸੀਂ ਦੋਵੇਂ ਮੋਢਿਆਂ ਤੇ ਬੈਗ ਲਟਕਾਈ ਖਿੜਕੀ ਵਲ ਚਲ ਪੈਂਦੇ ਹਾਂ। ਉਕਤ ਵਿਸ਼ੇ ਤੇ ਗੱਲਾਂ ਕਰੀ ਜਾਂਦੇ ਹਾਂ। ਗੱਲਾਂ ਮੁਕਦੀਆਂ ਨਹੀਂ ਹਨ।

ਉਹ ਕੋਲ ਕੋਲ ਦੋ ਸੀਟਾਂ ਦਾ ਇੰਤਜਾਮ ਕਰ ਲੈਂਦਾ ਹੈ। ਅਸੀਂ ਸੀਟਾ ਤੇ ਜਾ ਬੈਠਦੇ ਹਾਂ। ਅਸੀ ਇਲੂਮੀਨਾਟੀ, ਜ਼ਾਇਅਨਵਾਦ ਅਤੇ ਇਕ ਵਿਸ਼ਵੀ-ਨੇਮ ਤੇ ਗੱਲਾਂ ਕਰੀ ਜਾਂਦੇ ਹਾਂ। ਜਹਾਜ ਉਡਾਨ ਭਰ ਲੈਂਦਾ ਹੈ। ਖਾਣ ਪੀਣ ਵਾਲੀ ਪਹਿਲੀ ਰੇਹੜੀ ਸਾਡੇ ਕੋਲ ਰੁਕਦੀ ਹੈ।

ਉਹ ਆਰਡਰ ਦਿੰਦਾ ਹੈ ''ਦੋ ਛੋਟੀਆ ਸ਼ੈਪੇਨ ਤੇ ਸਕੈਨਸ।''

ਮੈ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਲਈ ''ਐਪਲ ਜੂਸ'' ਪਰ ਕਹਿ ਨਹੀ ਪਾਉਦਾ ਹਾਂ।

ਕੁਝ ਸਮਾਂ ਚੁਪ-ਚਾਪ ਅਸੀਂ ਆਪੋ ਆਪਣੀਆਂ ਸੋਚਾਂ ਵਿਚ ਰੁਝੇ ਰਹਿੰਦੇ ਅਤੇ ਕੁਝ ਨਾਂ ਕੁਝ ਖਾਈ ਪੀਵੀ ਵੀ ਜਾਂਦੇ ਹਾਂ।

ਉਹ ਪੁਛਦਾ ਹੈ,''ਜ਼ਾਇਅਨਵਾਦ-ਇਲੂਮੀਨਾਟੀ ਦੀ ਖੋਜ ਤਕ ਪੁਜਣ ਤੋ ਪਹਿਲਾਂ ਤੁਸੀਂ ਕੀ ਕੀਤਾ ?''

ਕਿਸੇ ਲੇਖਕ ਜਾਂ ਨਾਵਲਕਾਰ ਨੂੰ ਕੋਈ ਇਹੋ ਜਿਹਾ ਪ੍ਰਸ਼ਨ ਪੁੱਛੇ, ਹੋਰ ਵੱਡੀ ਖੁਸ਼ੀ ਵਾਲੀ ਕਿਹੜੀ ਗੱਲ ਹੋ ਸਕਦੀ ਹੈ। ਪਰ ਮੈ ਨਿਸ਼ਚਾ ਕਰ ਲੈਦਾ ਹਾਂ ਕਿ ਸੰਖੇਪਤਾ ਤੋ ਕੰਮ ਲਵਾਂਗਾ ।

ਮੈ ਦਸਦਾ ਹਾਂ .... ''ਲੜਕਪਨ ਤੇ ਜਵਾਨੀ ਤਕ ਕੁਝ ਕਹਾਣੀਆਂ, ਇਕਾਂਗੀ ਤੇ ਕਾਵਿ ਟੋਟਕੇ ਲਿਖੇ। ਨਾਲੋ ਨਾਲ ਇਕ ਮੈਗਜ਼ੀਨ 'ਚ ਕੰਮ ਕੀਤਾ। ਫੇਰ ਮਾਰਕਸੀ ਨਾਅਰੇ

Scanned with OKEN Scanner

'ਮੁਕਤੀ-ਬਰਾਬਰੀ-ਭਾਈਚਾਰਾ' ਨੇ ਐਸਾ ਪਰਭਾਵਤ ਕੀਤਾ ਕਿ ਏਸੇ ਨੂੰ ਆਦਰਸ਼ ਬਣਾ ਲਿਆ। ਪੈਂਤੀ ਸਾਲ ਏਸੇ ਤੇ ਨਿਸ਼ਾਵਰ ਕੀਤੇ। ਏਸੇ ਦ੍ਰਿਸ਼ਟੀਕੋਣ ਤੋਂ ਚਾਰ ਨਾਵਲ ਲਿਖੇ। ਪਹਿਲਾ ਭਾਰਤ ਪਾਕ ਵੰਡ ਤੇ। ਦੂਸਰਾ, ਤਿਲੰਗਾਨਾ ਦੇ ਜਮੀਨ ਲਈ ਹਥਿਆਰਬੰਦ ਘੋਲ ਤੇ। ਤੀਸਰਾ ਸੀ.ਆਈ.ਏ ਦੇ ਸਟਾਰਗੇਟ ਮਿਸ਼ਨ ਤੇ। ਚੌਥਾ ਜੀਵਨ ਤੇ ਸਮਾਜ ਦੇ ਆਦਿ ਅਤੇ ਵਿਕਾਸ਼ ਤੇ। ਡੂਘਾਈ ਨਾਲ ਲਿਖਦਿਆਂ ਪੜ੍ਹਦਿਆਂ ਸੋਝੀ ਹੋਣ ਲੱਗੀ ਕਿ ਮਾਰਕਸ ਦੀ ਮੁਢਲੀ ਧਾਰਨਾ, ਖਿਆਲ ਅਤੇ ਮੈਟਰ ਵਾਲੀ ਧਾਰਨਾ, ਆਪਾ ਵਿਰੋਧੀ ਹੈ।''

ਵਿਲੀਅਮ ਮੁਸਕਰਾਉਂਦਾ ਹੋਇਆ ਆਖਦਾ ਹੈ,''ਇਨ-ਬਿਨ ਇਉਂ ਮੇਰੇ ਨਾਲ ਵੀ ਵਾਪਰ ਚੁਕਿਐ । ਹਾ ਅੱਗੇ ਦੱਸੋ।''

ਮੈਂ ਦੱਸਦਾ ਹਾਂ 'ਦੂਸਰੇ, ਭਾਵੇਂ ਮਾਰਕਸ਼ ਦੇ ਸਮਾਜਿਕ-ਵਿਕਾਸ਼ ਦੇ ਨਿਰਨੇ ਇਨ ਬਿਨ ਵਿਗਿਆਨਕ ਹਨ ਜਾਂ ਵਿਗਿਆਨਕ ਜਾਪਦੇ ਹਨ। ਵਾਰ ਲਾਰਡਜ ਤੇ ਸਾਮੰਤਸ਼ਾਹੀ ਦੀਆਂ ਕਬਰਾਂ ਤੇ ਉਦਯੋਗਿਕ ਸਰਮਾਏਦਾਰੀ ਉਸਰਦੀ ਹੈ । ਪਰ ਉਦਯੋਗ ਦਾ ਅਸਲ ਬਾਪ ਵਿੱਤੀ ਸਰਮਾਇਆ ਹੈ ਜਿਸ ਉਪਰ ਵੱਡੇ ਧਨਾਡਾਂ, ਸ਼ਾਹੂਕਾਰਾਂ, ਬੈਂਕਰਾਂ ਦੀ ਅਜਾਰੇਦਾਰੀ ਹੈ। ਮਾਰਕਸ ਨੇ ਪ੍ਰੋਲਤਾਰੀ ਅਤੇ ਉਦਯੋਗਪਤੀਆਂ ਦਾ ਭੇੜ ਤਾ ਕਰਵਾ ਦਿਤਾ ਪਰ ਸਰਮਾਏ ਦੇ ਅਸਲ ਮਾਲਕਾਂ ਦਾ ਬਚਾਅ ਕਰ ਲਿਆ, ਸਗੋਂ ਉਨ੍ਹਾਂ ਦੀ ਇਉਂ ਰੱਖਿਆ ਕੀਤੀ ਜਿਵੇਂ ਕੁਕੜੀ ਆਪਣੇ ਚੂਚਿਆਂ ਨੂੰ ਖੰਭਾਂ ਵਿਚ ਲਕੋਅ ਕੇ ਕਰਦੀ ਹੈ। 1850 ਤਕ ਬਰਤਾਨਵੀ, ਫਰਾਂਸੀਸੀ, ਸਪੇਨੀ ਇਲਕਲਾਬਾਂ ਰਾਹੀਂ ਅਤੇ ਦੋਵੇਂ-ਪਾਸੇ ਵਿੱਤੀ ਸਰਮਾਇਆ ਦੇ ਕੇ ਬਾਦਸ਼ਾਹੀਆਂ ਦੀਆਂ ਭਿੜੰਤਾਂ ਰਾਹੀਂ ਅਤੇ ਬੈਕਾਂ ਦੀ ਮਾਲਕੀ ਰਾਹੀਂ ਵਿੱਤੀ ਸਰਮਾਏ ਦੇ ਉਹ ਨਿਰੰਕੁਸ਼ ਅਜਾਰੇਦਾਰ ਬੁਣ ਚੁਕੇ ਸਨ। ਉਦੋਂ ਤੋਂ ਅੱਜ ਤੱਕ ਵਿਤ ਦੀ ਅਜਾਰੇਦਾਰੀ ਵਧਦੀ ਵਧਦੀ ਦੁਨੀਆਂ ਦੇ ਹਰ ਖੇਤਰ ਦੀ ਮਾਲਕ ਬਣ ਚੁਕੀ ਹੈ।....

"ਮਾਰਕਸ ਦੀ ਫਿਲਾਸਫੀ ਨੂੰ ਵਿੱਤ ਦੇ ਅਜਾਰੇਦਾਰਾਂ ਨੇ ਆਪਣੀ ਪ੍ਰੈਸ ਅਤੇ ਮੀਡੀਆ ਰਾਹੀਂ ਏਨਾ ਪਰਚਾਰ ਦਿੱਤਾ ਕਿ ਆਮ ਇਨਸਾਨ ਤੇ ਬੁੱਧੀਜੀਵੀ ਦੇ ਇਰਦ ਗਿਰਦ ਇੱਕ ਦਿਸ-ਹੱਦਾ, ਇੱਕ ਘੇਰਾ, ਇਕ ਆਕਾਸ਼ ਸਾਜ ਦਿੱਤਾ ਜਿਸ ਤੋ ਅੱਗੇ ਦੇਖਣ ਭਾਲਣ ਦੀ ਉਸ ਵਿੱਚ ਕੈਫੀਅਤ ਹੀ ਨਹੀਂ ਛੱਡੀ .... ''

ਵਿਲੀਅਮ ਮੈਨੂੰ ਬੈਠੇ ਬਿਠਾਏ ਨੂੰ ਸਿਰ ਤੋ ਫੜ ਕੇ, ਘੁਮਾ ਕੇ ਮੇਰੇ ਮੱਥੇ ਤੇ ਲੰਬੀ ਚੁੰਮੀ ਲੈਂਦਾ ਹੈ।

ਉਹ ਆਖਦਾ ਹੈ,''ਪਿਆਰੇ ਦੋਸਤ ਬਸ ਮਜ਼ਾ ਈ ਆ ਗਿਆ। ਆਪਣੇ ਕਥਨ ਨਾਲ ਏਨਾ ਕੁ ਹੋਰ ਲੋੜ ਲਉ ਕਿ ਵਿੱਤ ਦੇ ਅਜਾਰੇਦਾਰਾਂ ਅਰਥਾਤ ਧਨਾਡਾਂ ਤੇ ਬੈਂਕਰਾਂ ਨੇ 1773 ਵਿੱਚ ਆਪਣੀ ਬਕਾਇਦਾ ਜਥੇਬੰਦੀ ਉਸਾਰ ਲਈ ਸੀ। 1776 ਵਿੱਚ ਐਡਮ ਵਿਸ਼ੁਪਤ ਰਾਹੀਂ ਮਹਾਂਗੁਪਤ ਸੰਪਰਦਾਅ 'ਇਲੂਮਨਾਟੀ' ਬਣਾ ਲਈ ਸੀ ਤੇ ਮਗਰੋ ਸਾਰੀ ਦੁਨੀਆਂ ਵਿੱਚ ਆਪਣੀਆਂ ਗੁਪਤ ਸੰਸਥਸਵਾਂ ਉਸਾਰ ਲਈਆਂ ਸਨ। ਦੁਨੀਆਂ ਦੇ ਲਗਭਗ

Scanned with OKEN Scanner

ਸਾਰੇ ਇਨਕਲਾਬੀ ਕਿਸੇ ਨਾ ਕਿਸੇ ਗੁਪਤ ਸਭਾ ਦੇ ਮੈਂਬਰ ਨੇਤਾ ਹਨ। ਮਾਰਕਸ ਵੀ 'ਸੁਸੁਇਟੀ ਫਾਰ ਦਾ ਜਸਟ' ਦਾ ਮੈਬਰ-ਨੇਤਾ ਸੀ। ਹੋਰ ਤਾਂ ਹੋਰ ਉਸਨੂੰ ਦਫਨਾਇਆ ਵੀ ਸ਼ਾਹੀ ਕਬਰਿਸਤਾਨ ਵਿੱਚ ਸੀ ਜਿੱਥੇ ਰੋਜ ਮੇਲੇ ਲੱਗੇ ਰਹਿੰਦੇ ਹਨ ....

ਮੁੱਕਦੀ ਗੱਲ ਕਿ, ਮਾਰਕਸਵਾਦ ਇੱਕ ਐਸਾ ਦਿਸ-ਹੱਦਾ ਹੈ ਜਿਸ ਤੋਂ ਅੱਗੇ ਸਚ ਦਾ ਪ੍ਰਕਾਸ਼ ਆਰੰਭ ਹੁੰਦਾ ਹੈ। ਅੱਜ ਦੇ ਸਚ ਦਾ ਪ੍ਰਕਾਸ਼ ਹੈ -ਇਲੂਮੀਨਾਟੀ, ਜਾਇਅਨਵਾਦ, ਇਕ ਵਿਸ਼ਵੀ ਨੇਮ ਦਾ ਅਸਲ ਤੱਥ ਉਘਾੜਨਾ "(Exposure of Illuminati, Zionism, One World Order)"

ਖਾਣੇ ਵਾਲੀ ਰੇਹੜੀ ਨੇੜੇ ਆਉਂਦੀ ਦਿਸਦੀ ਹੈ ਪਰ ਅਸੀਂ ਤਾਂ ਅਜੇ ਸ਼ੈਂਪੇਨ ਵੀ ਅੱਧੀ ਅੱਧੀ ਪੀਤੀ ਹੈ।

ਮੈ ਗਿਲਾਸ ਇਉਂ ਚੁਕਦਾ ਹਾਂ ਕਿ ਇਕੋ ਘੁਟ ਵਿੱਚ ਸਾਰੀ ਪੀ ਲੈਣੀ ਹੈ।

ਉਹ ਮੁਸਕਰਾਉਦਾ ਆਖਦਾ ਹੈ- "ਸ਼ੈਂਪੇਨ ਕੋਈ ਡਰਿੰਕ ਨਹੀਂ। ਇਹ ਤਾਂ ਕਿਸੇ ਸ਼ੁਭ ਕੰਮ ਦੇ ਆਰੰਭ ਦਾ ਸ਼ਗਨ ਹੁੰਦੈ।"

ਸ਼ੈਂਪੇਨ ਪੀਂਦਿਆਂ, ਖਾਣਾ ਖਾਂਦਿਆਂ ਵੀ ਅਤੇ ਪਤੇ ਦਿੰਦੇ ਲੈਂਦਿਆਂ 'ਸਕਰਿਪਟ' ਦੀਆਂ ਗੱਲਾਂ ਕਰੀ ਜਾਂਦੇ ਹਾਂ।

ਮੈ ਇਹ ਵੀ ਦੱਸ ਦਿੰਦਾ ਹਾਂ ਕਿ ਮਾਰਕਸੀ ਅਕਸਪਾਤ ਹੋਣ ਮਗਰੋ ਮੈ ਬੜਾ ਉਦਾਸ ਰਹਿੰਦਾ ਸਾਂ। ਪੜ੍ਹਨ ਲਿਖਣ ਵਿੱਚ ਰੁਚੀ ਬਣਦੀ ਨਹੀਂ ਸੀ। ਇਹੋ ਜਿਹੀ ਹਾਲਤ ਵਿਚ ਅੰਮ੍ਰਿਤਸਰ ਦੇ ਇੱਕ ਨੇਤਰ ਡਾਕਟਰ ਦਲਜੀਤ ਸਿੰਘ ਨੇ ਆਪਣੀਆਂ ਲਿਖਤਾਂ ਦਾ ਸਹਾਰਾ ਦਿੱਤਾ ਸੀ। ਉਨ੍ਹਾਂ ਦੇ ਹੁਕਮ ਅਨੁਸਾਰ ਮੈਂ 'ਪ੍ਰੋਟੋਕੋਲ ਆੱਫ ਜ਼ੀਅਨ....' ਦਾ ਪੰਜਾਬੀ ਤਰਜ਼ੁਮਾਂ ਕੀਤਾ ਸੀ। ਇਸ ਦਸਤਾਵੇਜ ਦਾ ਉਲਥਾ ਕਰਦਿਆਂ ਜਿਵੇਂ ਕਪਾਟ ਖੁਲ੍ਹ ਗਏ ....'

ਉਹ ਜੋੜਦਾ ਹੈ "ਇਹ ਦਸਤਾਵੇਜ ਇੱਕ 'ਰੋਡ ਮੈਪ' ਹੈ ਐਨ ਜਿਸ ਅਨੁਸਾਰ ਉਹ ਪਿਛਲੇ ਢਾਈ ਸੌ ਸਾਲਾਂ ਤੋ ਦੁਨੀਆਂ ਨੂੰ ਚਲਾ ਰਹੇ ਹਨ ...."

ਮੇਰੇ ਕੋਲੋ ਰਿਹਾ ਨਹੀ ਜਾਂਦਾ ਹੈ। ਆਖਦਾ ਹਾਂ "ਉਨਾਂ ਦੀ ਏਡੀ ਤਾਕਤ ਅੱਗੇ ਸਾਡੀ ਇਕ,ਫਿਲਮ ਕੀ ...."

ਉਹ ਸਮਝ ਜਾਂਦਾ ਹੈ ਕਿ ਮੈ ਕੀ ਕਹਿਣਾ ਚਾਹੁੰਦਾ ਹਾਂ ?

ਉਹ ਆਖਦਾ ਹੈ, 'ਪਿਆਰੇ ਮਿੱਤਰ, ਮੇਰੀ ਜਾਨ, ਤੁਸੀਂ ਕੱਛੂ ਕੁੰਮੇ ਅਤੇ ਬਘਿਆੜ ਦੀ ਕਹਾਣੀ ਸੁਣੀ ਹੋਈ ਹੋਵੇਗੀ। ਮੈਂ ਦੁਹਰਾ ਦਿੰਦਾ ਹਾਂ। ਇਕ ਵੇਰੀ ਇਕ ਕੱਛੂ ਕੁੰਮਾ ਇਕ ਬਘਿਆੜ ਦੇ ਕਾਬੂ ਆ ਗਿਆ। ਬਘਿਆੜ ਕਹਿੰਦਾ- ਕੱਛੂ ਕੁੰਮੇ, ਤੇਰਾ ਆਖਰੀ ਸਮਾਂ ਆ ਗਿਆ। ਤੂੰ ਬਚ ਨਹੀ ਸਕਦਾ। ਕੋਈ ਆਖਰੀ ਇਛਾ ਹੋਏ ਤਾ ਦੱਸ। ਕੱਛੂ ਕਹਿੰਦਾ 'ਵਾਇਦਾ ਕਰ ਕਿ ਪੂਰੀ ਕਰੇਂਗਾ'। ਬਘਿਆੜ ਕਹਿੰਦਾ "ਕਰਨ ਵਾਲੀ ਹੋਈ ਤ

Scanned with OKEN Scanner

ਕਰਾਂਗਾ ਪਰ ਜਾਨ ਨਹੀ ਬਖਸ਼ਾਗਾ।" ਕੱਛੂ ਕਹਿੰਦਾ, "ਠੀਕ ਹੈ ਐਸ ਪਥਰੀਲੀ ਪੱਕੀ ਥਾਂ ਤੋ ਔਹ ਮਿੱਟੀ ਤੇ ਪੁਦਲ ਵਾਲੀ ਥਾ ਤੇ ਲੈ ਚਲ।" ਬਘਿਆੜ ਕਹਿੰਦਾ - 'ਲੈ ਚਲਾਂਗਾ ਪਰ ਇਸਦਾ ਤੈਨੂੰ ਵੀ ਲਾਭ ਹੋਏਗਾ।' ਕੱਛੂ ਕਹਿੰਦਾ 'ਜਦੋਂ ਕਦੇ ਲੋਕ ਏਥੋਂ ਦੀ ਲੰਘਣਗੇ ਤਾ ਮਿੱਟੀ ਉਪਰ ਪਏ ਨਿਸ਼ਾਨਾਂ ਨੂੰ ਦੇਖ ਕੇ ਸਮਝ ਜਾਣਗੇ ਕਿ ਮਰਨ ਵਾਲੇ ਨੇ ਵੀ ਆਖਰੀ ਸੁਆਸ ਤੱਕ ਸੰਘਰਸ਼ ਕੀਤਾ ਸੀ।'

ਖਾਣਾ ਆ ਜਾਂਦਾ ਹੈ। ਅਸੀਂ ਚੁੱਪ ਚਾਪ ਖਾਈ ਜਾਂਦੇ ਹਾਂ ।ਕੱਛੂ ਤੇ ਬਘਿਆੜ ਦੀ ਕਹਾਣੀ ਦਾ ਅਸਰ ਹੀ ਨਿਵੇਕਲਾ ਸੀ।

ਖਾਣਾ ਖਾਣ ਦਾ ਕੰਮ ਮੁਕਦਾ ਹੈ। ਮੈ ਸਰਸਰੀ ਆਖਦਾ ਹਾਂ,"ਯਾਰਾ, ਠੀਕ ਹੈ ਮੈ ਨਾਵਲ ਲਿਖੇ ਹਨ। ਨਾਟਕਾਂ ਇਕਾਂਗੀਆਂ ਤੇ ਵੀ ਹੱਥ ਅਜ਼ਮਾਈ ਕੀਤੀ ਹੈ। ਅੱਜ ਕੱਲ ਫਿਲਾਸਫੀ ਨੂੰ ਵੀ ਮੂੰਹ ਮਾਰ ਰਿਹਾ ਹਾਂ। ਪਰ ਫਿਲਮ ਦੀ ਸਕਰਿਪਟ ਦਾ ਲਿਖਣਾ ਤਾਂ ਮੇਰੇ ਲਈ ਉੱਕਾ ਹੀ ਇਕ ਨਵਾਂ ਮੁਹਾਜ਼ ਹੈ। ਬਿਲਕੁਲ ਅਨਾੜੀ ਹਾਂ। ਮੇਰੀ ਰਾਏ ਹੈ ਕਿ ਤੁਸੀਂ ਆਪਣੀਆਂ ਫਿਲਮਾਂ ਦੀਆਂ ਸਕਰਿਪਟਾਂ ਮੈਨੂੰ ਭੇਜ ਦਿਉ ਤਾਂ ਕਿ .... ।"

ਉਹ ਮੇਰੇ ਸੁਝਾਅ ਨੂੰ ਪੂਰਾ ਨਹੀਂ ਹੋਣ ਦਿੰਦਾ ਹੈ ਤੇ ਆਖਦਾ ਹੈ, "ਮੈਨੂੰ ਪਤਾ ਸੀ ਕਿ ਤੁਸੀ ਇਉ ਕਹੋਗੇ। ਮੇਰਾ ਸਪਸ਼ਟ ਅਤੇ ਦ੍ਰਿੜ ਉਤਰ ਹੈ ਕਿ ਫਿਲਾਸਫੀ ਤੁਹਾਨੂੰ ਦ੍ਰਿਸ਼ਟੀ ਦੇਵੇਗੀ। ਨਾਵਲ ਵਿਆਖਿਆ ਅਤੇ ਨਾਟਕ ਡਾਇਲਾਗ। ਦ੍ਰਿਸ਼ਟੀ, ਵਿਆਖਿਆ ਤੇ ਡਾਇਲਾਗ ਬਰਾਬਰ ਹੈ ਫਿਲਮੀ ਸਕਰਿਪਟ। ਨਿਵੇਕਲੇ ਤੌਰ ਤੇ ਉਹ ਸਕਰਿਪਟ ਜਿਸ ਉਪਰ ਅਸੀਂ ਫਿਲਮ ਬਣਾਉਣੀ ਹੈ। ਫਿਰ ਵੀ ਐਵੇਂ ਕਿੰਤੂ-ਪ੍ਰੰਤੂ ਕਰੋਗੇ ਤਾਂ ਅਸੀਂ 'ਮਰਡਰ' ਵੀ ਕਰ ਦਿੰਦੇ ਹਾਂ .... ਸਮਝੇ?"

'ਮਰਡਰ' ਸ਼ਬਦ ਸੁਣਦਿਆਂ ਮੈਨੂੰ ਕੰਬਣੀ ਜਿਹੀ ਆਉਂਦੀ ਹੈ। ਮੈਂ ਉਸ ਦੀਆ ਅੱਖਾਂ ਵਿਚ ਨੀਝ ਟਿਕਾਉਂਦਾ ਹਾਂ । ਉਥੇ 'ਸ਼ਰਾਰਤ' ਟਪਕ ਰਹੀ ਹੈ। ਉਹ ਖਿੜਖਿੜਾ ਕੇ ਹੱਸ ਪੈਂਦਾ ਹੈ। ਮੈ ਵੀ ਹੱਸਦਾ ਹਾਂ।

ਉਹ ਮੇਰਾ ਹੱਥ ਫੜ ਕੇ ਘੁਟਦਾ ਹੋਇਆ ਆਖਦਾ ਹੈ, "ਦੇਖੋਂ, ਸਾਡੀ ਇਹ ਫਿਲਮ ਐਨ ਅਸਲੋਂ ਵੱਖਰੇ ਪਰ ਐਨ ਸੱਚੇ ਵਿਸ਼ੇ ਨੂੰ ਦਰਸਾਏਗੀ। ਕੁਦਰਤੀ ਗੱਲ ਇਹ ਹੈ ਕਿ ਤੁਹਾਡੀ ਸਕਰਿਪਟ ਵੀ ਵੱਖਰੀ ਹੋਏਗੀ। ਠੀਕ ਹੈ ਕਿ ਸਕਰਿਪਟ ਹੀ ਫਿਲਮ ਦਾ ਆਧਾਰ ਹੁੰਦੀ ਹੈ, ਬੁਨਿਆਦ ਹੁੰਦੀ ਹੈ। ਅਸੀਂ ਇਸ ਬੁਨਿਆਦ ਉਪਰ ਬਹੁਤ ਸ਼ਾਨਦਾਰ ਮਹਿਲ ਉਸਾਰਾਂਗੇ। ਤੁਸੀ ਮਨ ਤੇ ਕੋਈ ਬੋਝ ਨਾ ਰੱਖੋ। ਨਾਵਲ ਵਾਂਗ, ਨਾਟਕ ਵਾਂਗ, ਜੀਵਨੀ ਵਾਂਗ, ਲੇਖਾਂ ਵਾਂਗ, ਸਵੈ ਜੀਵਨੀ ਵਾਂਗ .... ਇਤਿਹਾਸ ਤੇ ਮਿਥਿਆਸ ਵਾਂਗ ਲਿਖਦੇ ਜਾਓ, ਲਿਖਦੇ ਜਾਉ .... ਸਾਡੇ ਕੋਲ ਵੱਖਰੇ ਵੱਖਰੇ ਦ੍ਰਿਸ਼ਾਂ ਦੇ ਮਾਹਿਰ ਹੁੰਦੇ ਹਨ। ਮੈ ਡਾਇਰੈਕਟ ਕਰਾਂਗਾ। ਉਹ ਚਲਾਈ ਕਰਨਗੇ। ਤੁਸੀ ਅਕਸਰ ਮੇਰੇ ਨਾਲ ਹੋਵੋਗੇ। ਪਰਵਾਹ ਨਾ ਕਰੋ ....।"

Scanned with OKEN Scanner
Scanned with OKEN Scanner

ਮੇਰੇ ਵਲੋਂ ਸੁਸਤ ਹੁੰਗਾਰਾ ਹੋਣ ਕਰਕੇ ਉਹ ਜ਼ਰਾ ਭਾਵੁਕ ਹੋ ਕੇ ਆਖਦਾ ਹੈ, "ਦੇਖੋ, ਮੈਂ ਵੱਖਰੀ ਕਿਸਮ ਦਾ ਡਾਇਰੈਕਟਰ ਹਾਂ। ਇਕ ਸੀਨ ਲਿਖਣ ਲਈ ਮੈਂ ਪੰਦਰਾਂ-ਪੰਦਰਾਂ ਸਕਰਿਪਟ ਰਾਈਟਰਾਂ ਨੂੰ 'ਅਸਾਈਨ' ਕਰਦਾ ਹਾਂ। ਆਪਣੀ ਪ੍ਰਧਾਨਗੀ 'ਚ ਪੰਦਰਾਂ ਦੀ ਮੀਟਿੰਗ ਲੈਂਦਾ ਹਾਂ। ਅੰਤਿਮ ਫੈਸਲਾ ਮੇਰਾ ਆਪਣਾ ਹੁੰਦਾ ਹੈ। ਫਿਰ ਦੁਹਰਾਉਂਦਾ ਹਾਂ ਕਿ ਤੁਸੀਂ ਜਿਸ ਮਰਜੀ ਵਿਧਾਂ ਵਿਚ ਜੋ ਮਰਜੀ ਲਿਖੋ। ਮੈਨੂੰ ਆਧਾਰ ਚਾਹੀਦਾ ਹੈ। ਮੈਂ ਵੀਹ ਸਕਰਿਪਟ ਰਾਈਟਰ ਅਸਾਈਨ ਕਰਾਂਗਾ। ਅਸੀਂ ਸਾਰੇ ਰਲ ਮਿਲ ਢਲਾਈ ਕਰ ਲਵਾਂਗੇ। ਚਿਹਰੇ ਦੀ ਫਿਕਰਮੰਦੀ ਤਿਆਗੋ .... ਮੁਸਕਰਾਉ ....।" ਮੈਂ ਆਤਮ ਵਿਸ਼ਵਾਸ ਤੇ ਦ੍ਰਿੜਤਾਂ ਨਾਲ ਆਖਦਾ ਹਾਂ, "ਠੀਕ ਹੈ, ਮੈ ਮਿਹਨਤ ਨਾਲ ਲਿਖਾਂਗਾ। ਸਿਰਲੇਖ ਹੋਏਗਾ 'ਸਕਰਿਪਟ-ਰੇਪ ਆਫ ਹਿਸਟਰੀ।' ਤੁਸੀਂ ਸਕਰਿਪਟ ਸ਼ਬਦ ਕੱਟ ਕੇ ਫਿਲਮ ਦਾ ਨਾਮ ਰੱਖੋਗੇ 'ਰੇਪ ਆਫ ਹਿਸਟਰੀ'।

ਮੰਜ਼ਿਲ ਆ ਜਾਂਦੀ ਹੈ । ਅਸੀਂ ਅਤੇ ਪਤੇ, ਨੰਬਰ, ਫੋਨ ਨੰਬਰ ਫੇਰ ਸਾਂਝੇ ਕਰਦੇ ਹਾਂ। ਜਹਾਜ਼ੀ ਅਮਲੇ ਦੀਆਂ ਕਾਰਵਾਈਆਂ ਵਿਚੋਂ ਲੰਘਦੇ ਹਾਂ।

ਬਾਹਰ ਜਾਣ ਵਾਲਾ ਦਰ ਨੇੜੇ ਆਉਂਦਾ ਹੈ। ਮੈਂ ਆਖਦਾ ਹਾਂ 'ਵਿਲੀਅਮ ਮੈਂ ਕੱਛੂ ਕੁੰਮੇ ਵਾਂਗ ਸੰਘਰਸ਼ ਕਰਦਾ ਰਹਾਂਗਾ ....।"

'ਮੈਂ ਵੀ' ਉਹ ਆਖਦਾ ਹੈ।

Scanned with OKEN Scanner

Scanned with OKEN Scanner

ਤੱਤਸਾਰ (ਪ੍ਰੋਟੋਕੋਲ)

(ਪ੍ਰੋਟੋਕੋਲ ਸ਼ਬਦ ਦਾ ਅਰਥ ਹੈ - ਬਹੁਤ ਵੱਡੇ ਵੱਡੇ ਵੇਰਵਿਆਂ-ਵਖਿਆਨਾਂ ਦਾ ਅਤਿ ਸੰਖੇਪ ਸਾਰ)

ਪਿਆਰੇ ਵਿਲੀਅਮ, ਵਿਸ਼ਾ ਜਿਸ ਤੇ ਅਸੀਂ ਰਲ ਮਿਲ ਕੇ ਕੰਮ ਕਰਨ ਦਾ ਇਰਾਦਾ ਬਣਾ ਲਿਆ ਹੋਇਆ ਹੈ ਨੂੰ, ਪੜ੍ਹਦਿਆਂ ਤੇ ਹੋਰ ਖੋਜਦਿਆਂ ਇਉਂ ਅਨੁਭਵ ਹੋਣ ਲਗ ਪੈਂਦਾ ਹੈ ਕਿ ਲਹੂ ਦਿਲ ਵਿਚੋਂ ਸਿੱਧਾ ਸਿਰ ਵਿਚ ਜਾ ਕੇ ਜਿਵੇਂ ਚਾਨਣ ਜਿਹਾ ਕਰਦਾ ਹੈ। ਵਿਸ਼ਾ ਅਸਲੋਂ ਨਵਾਂ ਨਹੀਂ ਪਰ ਇਸ ਦੇ ਇਰਦ ਗਿਰਦ ਪਰਦੇ ਏਨੇ ਤਾਣ ਦਿੱਤੇ ਗਏ ਹਨ ਕਿ ਆਮ ਆਦਮੀ ਤਾਂ ਕੀ ਸਿਆਣੇ ਅਤੇ ਖੋਜੀ ਵਿਰਤੀ ਵਾਲੇ ਲੋਕ ਵੀ ਉਸਦੀ ਤਹਿ ਤਕ ਆਸਾਨੀ ਨਾਲ ਪਹੁੰਚ ਨਹੀਂ ਪਾਉਂਦੇ ਹਨ। ਆਪਣੇ ਗੁਪਤ ਦਸਤਾਵੇਜ਼ਾਂ ਵਿਚ ਉਹ ਖੁਦ ਕਬੂਲ ਕਰਦੇ ਹਨ ਕਿ ਅਸੀ ਆਪ ਆਪਣਾ ਆਪਣੇ ਵਿਰੋਧੀਆਂ ਨਾਲੋਂ ਵੀ ਕਈ ਗੁਣਾ ਵਧ ਵਿਰੋਧ ਕਰਦੇ ਹਾਂ ਤਾਂ ਕਿ ਵਿਰੋਧੀ ਵੀ ਅਤੇ ਆਮ ਲੋਕ ਵੀ ਭੰਬਲਭੂਸੇ ਦੀਆਂ ਤਹਿਆਂ ਵਿਚ ਹੋਰ ਗਰਕ ਜਾਣ। ਫੋਕੇ ਆਦ੍ਰਸ਼, ਆਦ੍ਰਸ਼ਕ ਨਾਅਰਿਆਂ ਦੀ ਗੂੰਜ ਏਨੀ ਪਰਬਲ ਕਰ ਦਿੰਦੇ ਹਾਂ ਕਿ ਸੱਚ ਦੀ ਸਹਿਜ ਲੈਅ ਸੁਣੇ ਹੀ ਨਾਂ।

ਤਾਂ ਵੀ ਬਲਿਹਾਰ ਉਨਾ ਲੋਕਾਂ ਦੇ ਵੀ ਜਿਨ੍ਹਾ ਨੇ ਜਾਨ ਦੀ ਪਰਵਾਹ ਨਾ ਕਰਦਿਆਂ ਹੋਇਆਂ ਵੀ ਸਚ ਕਹਿਣ ਦਾ ਰਸਤਾ ਚੁਣਿਆ।

ਲਗਦਾ ਹੈ ਕਿ ਸਭ ਤੋਂ ਪਹਿਲਾਂ 1798 ਵਿਚ ਇਕ ਖੋਜੀ 'ਜਾਨ ਰੋਬਿੰਨਸਨ' (John Robinson) ਨੇ ਇਕ ਪੁਸਤਕ "ਸਾਰੇ ਧਰਮਾ ਅਤੇ ਸਰਕਾਰਾਂ ਦੀ ਤਬਾਹੀ ਦੀ ਸਾਜਿਸ਼ ਦੇ ਸਬੂਤ" (Proofs of the Conspiracy to Destroy all Governments and Religions) ਲਿਖਣ ਦਾ ਸਾਹਸ ਕੀਤਾ ਸੀ। ਉਸਦਾ ਕਤਲ ਹੋ ਗਿਆ ਪਰ ਨਿਸ਼ਾਨੀ ਅੱਜ ਤੱਕ ਮੌਜੂਦ ਹੈ । ਲੇਖਕਾਂ ਦੀ ਲੜੀ ਲੰਬੀ ਹੁੰਦੀ ਗਈ ਤੇ ਕਤਲਾਂ ਦੀ ਸੂਚੀ ਵੀ ਵਧਦੀ ਗਈ ਹੈ।

ਹੋਰ ਅਨੇਕਾ ਕਤਲ ਹੋ ਚੁੱਕੇ ਹਨ। ਵਿਸ਼ਵ ਪੱਧਰ ਤੇ ਬਹੁਤ ਹੀ ਮਹੱਤਵਪੂਰਨ ਲੋਕ ਕਿਤੇ ਕਿਤੇ ਸੱਚ ਦੀ ਬਾਣੀ ਬੋਲਦੇ ਰਹਿੰਦੇ ਹਨ। ਭਾਵੇਂ ਇਹ ਵੀ ਉਸਤੇ ਵੀ ਪਰਦਾ ਪੋਸੀ ਕਰਨ ਦੇ ਬਹੁਤ ਮਾਹਿਰ ਹਨ।

ਮੇਰੀ ਰਾਏ ਹੈ ਕਿ ਸੁਰੂ ਵਿਚ ਹੀ ਤੱਤਸਾਰ ਵਜੋਂ ਕੁਝ ਮਹਾਨ ਵਿਅਕਤੀਆਂ ਦੀਆਂ ਮਹੱਤਵਪੂਰਨ ਟੂਕਾਂ ਲਿਖ (ਬੋਲ) ਦੇਈਏ ਤਾਂ ਕਿ ਪੜ੍ਹਨ (ਦੇਖਣ) ਵਾਲੇ ਇਸਨੂੰ ਨਿਰੀ ਗਲਪ ਹੀ ਨਾ ਸਮਝੀ ਜਾਣ । ਕੁਝ ਟੂਕਾਂ ਇਸ ਪ੍ਰਕਾਰ ਹਨ ਜੋ ਸੂਤਰਧਾਰ ਰਾਹੀਂ ਐਲਾਨੀਆਂ ਜਾਣ :-

"I can not control the rising prices. It is the Bazaar that

Scanned with OKEN Scanner

controls. Bazaar is not under my control." (ਮਹਿੰਗਾਈ ਮੇਰੇ ਹੱਥ ਵਸ ਨਹੀਂ। ਇਹ ਬਾਜਾਰ ਦੇ ਹੱਥ ਵੱਸ ਹੈ। ਬਾਜ਼ਾਰ ਮੇਰੇ ਹੱਥ ਵੱਸ ਨਹੀਂ) ਇਹ ਸ਼ਬਦ ਡਾ: ਮਨਮੋਹਨ ਸਿੰਘ ਦੇ ਕਈ ਵਾਰੀ ਬੋਲੇ ਹੋਏ ਹਨ ਜਦੋਂ ਉਹ ਭਾਰਤ ਦਾ ਪ੍ਰਾਈਮ ਮਨਿਸਟਰ ਸੀ। ਪਰ ਅਸੀਂ ਕਦੇ ਪੁਛਣ ਜਾਂ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਇਹ 'ਬਾਜਾਰ' ਕੀ ਸ਼ੈਅ ਹੈ। ਭਾਵੇਂ ਡਾ: ਮਨਮੋਹਨ ਸਿੰਘ ਵੀ ਉਸੇ ਲੜੀ ਦੀ ਹੀ ਇਕ ਕੜੀ ਵੀ ਹੈ।



ਡਾ. ਮਨਮੋਹਨ ਸਿੰਘ
ਪ੍ਰਾਈਮ ਮਨਿਸਟਰ ਭਾਰਤ







ਬਾਜ਼ਾਰ ਦੇ ਕੁਝ ਚਿਨ੍ਹ -
ਵਿਸ਼ਵ-ਬੈਂਕ, ਫੈਡਰਲ ਰੀਜ਼ਰਵ, ਵਿਸ਼ਵ-ਵਪਾਰ ਕੇਂਦਰ

"We must surrender some part of our sovereinity to some Unknown International Cabal (ਅਸੀਂ ਆਪਣੀ ਪ੍ਰਭੂਤਾ ਦਾ ਕੁਝ ਭਾਗ (ਅਸਲ ਵਿਚ ਸਾਰੇ ਦਾ ਸਾਰਾ) ਇੱਕ ਅੰਤਰਰਾਸ਼ਟਰੀ, ਗੁਪਤ, ਚਵ੍ਹਲ ਦੇ ਸਪੁਰਦ (ਆਤਮ ਸਮੱਰਪਣ, ਹਵਾਲੇ) ਕਰ ਦਿੱਤਾ ਹੋਇਆ ਹੈ। (Harold Mac Millan; P.M of U.K-1957)

ਹੈਰਲਡ ਮੈਕਮਿਲਨ

ਹੈਰਲਡ ਮੈੱਕਮਿਲਨ (ਪ੍ਰਾਈਮ ਮਨਿਸਟਰ ਇੰਗਲੈਂਡ) ਨੇ ਇਹ ਸੱਚ ਉਗਲਦੇ ਬੋਲ ਪਾਰਲੀਮੈਂਟ ਵਿਚ ਉਦੋਂ ਬੋਲੇ ਸਨ ਜਦੋਂ ਉਸ ਤੇ ਤਾਬੜ ਤੋੜ ਹਮਲੇ ਹੋ ਰਹੇ ਸਨ । ਇਹ ਸੱਚ ਬੋਲਣ ਮਗਰੋਂ ਸਾਰੇ ਚੁਪ ਹੋ ਗਏ। ਅੱਜ ਤੱਕ ਚੁਪ ਹਨ। ਇਸ ਐਲਾਨ ਵਿਚਲਾ ਸ਼ਬਦ Cabal ਬਹੁ ਅਰਥਕ ਹੈ। ਅਸਲ ਵਿਚ ਪੰਜ ਵੱਡੇ ਸਾਜਸ਼ੀਆਂ ਦੇ ਨਾਵਾਂ ਦੇ ਪਹਿਲੇ ਅੱਖਰਾਂ ਦੇ ਆਧਾਰ ਤੇ ਇਹ ਸ਼ਬਦ ਹੋਂਦ ਵਿਚ ਆਇਆ। ਉਂਞ ਡਿਕਸ਼ਨਰੀ ਅਰਥ ਹਨ-ਸਾਜਸ਼ੀ, ਸ਼ਾਜਸ਼ੀ-ਧੜ੍ਹਾ, ਚੰਡਾਲ ਚੌਂਕੜੀ ਆਦਿ ਪਰ ਮੈਨੂੰ ਪੰਜਾਬੀ ਵਿਚ 'ਚਵ੍ਹਲ' ਅਰਥ ਅਧਿਕ ਮੇਲਵਾਂ ਲੱਗਾ ਹੈ। ਦੁਨੀਆ ਹਾਲੇ ਤਕ ਵੀ ਪੂਰੀ ਤਰਾਂ ਸਮਝ ਨਹੀਂ ਸੀ ਸਕੀ ਕਿ ਸਦਨ ਦੇ ਸਾਰੇ ਮੈਂਬਰ 'ਕਾਬਾਲ' ਦੇ ਖਰੀਦੇ ਹੋਏ ਸਨ ਜੋ ਗੁੰਗੇ ਹੋ ਗਏ ਸਨ।

Scanned with OKEN Scanner
Scanned with OKEN Scanner

From the days of Weishupt (Spartacus) to those of Karl Marx, to those of Trotsky, Rosa Luxamburg, Emma Goldman, Guissipy Mauzini, Lenin .... all members of Free-masonary-Illuminati (Zionism) .... this band of extraordinary personalities, from the under world of the great cities of Europe and America, have gripped the Russian people by the hair of their heads and have become practically the undisputed masters of that enormous Empire.



ਵਿੰਨਸਟਨ ਚਰਚਿਲ

(ਵਿਸੁਪਤ ਦੇ ਦਿਨਾਂ ਤੋਂ ਲੈ ਕੇ ਕਾਰਲ ਮਾਰਕਸ, ਟ੍ਰੋਟਸਕੀ, ਬੇਲਾ ਕਾਨ, ਰੋਜਾ ਲਕਸ਼ਮਬਰਗ, ਐਮਾ ਗੋਲਡ ਮੈਨ, ਗੁਸੀਪੀ ਮੁਜ਼ੀਨੀ ਅਤੇ ਲੈਨਿਨ, ਤੱਕ .... ਜੋ ਕਿ ਫਰੀਮੇਸਨਰੀ ਇਲੂਮੀਨਾਟੀ (ਜਾਇਅਨਵਾਦ) ਦੇ ਮੈਂਬਰ (ਕਾਰਜ-ਕਰਤਾ, ਨੇਤਾ) ਸਨ ਅਤੇ ਜੋ ਕਿ ਯੂਰਪੀ ਅਤੇ ਅਮਰੀਕੀ ਸ਼ਹਿਰਾਂ ਦੀਆ ਗੁਪਤ ਵਿਲੱਖਣ ਸ਼ਖਸੀਅਤਾਂ ਸਨ, ਨੇ ਰੂਸੀਆਂ ਨੂੰ ਸਿਰ ਦੇ ਵਾਲਾਂ ਤੋਂ ਪਕੜ ਲਿਆ ਹੋਇਆ ਹੈ ਅਤੇ ਉਸ ਮਹਾਨ ਅਤੇ ਵਿਸ਼ਾਲ ਸਾਮਰਾਜ ਦੇ ਅਸਲੀ ਮਾਲਕ ਬਣ ਗਏ ਹੋਏ ਹਨ।)

ਨੋਟ : ਫਰੀਮੇਸ਼ਨਰੀ, ਇਲੂਮੀਨਾਟੀ, ਜ਼ਾਇਆਨਵਾਦ ਇਹ ਗੁਪਤ ਸੰਸਥਾਵਾ ਦੇ ਨਾਮ ਹਨ। ਇਨਾਂ ਦੀ ਸੰਚਾਲਨਾ ਸ਼ਕਤੀ ਹੌਲੀ ਹੌਲੀ ਇਕੋ ਪ੍ਰੀਵਾਰ ਅਰਥਾਤ ਰੌਥਸ ਚਾਈਲਡ ਪ੍ਰੀਵਾਰ ਨੇ ਹਥਿਆ ਲਈ ਹੋਈ ਹੈ। ਮਹਾਨ ਇਨਕਲਾਬੀ ਉਨ੍ਹਾਂ ਗੁਪਤ ਸੰਸਥਾਵਾ ਦੇ ਕਰਤੇ ਧਰਤੇ ਹਨ। ਰੂਸੀ ਲਾਲ ਇਨਕਲਾਬ ਦਾ ਅਸਲ ਅਰਥ ਸੀ, ਜ਼ਾਰ ਖਾਨਦਾਨ ਦੀ ਕਤਲੋਗਾਰਤ ਤੇ ਸਾਰੀ ਦੀ ਸਾਰੀ ਸੰਪਤੀ ਹੜੱਪਣੀ। ਨਾਲੋ ਨਾਲ ਕ੍ਰੋੜਾਂ ਰੂਸੀਆਂ ਨੂੰ ਤਸੀਹੇ ਵੀ ਦਿਤੇ ਅਤੇ ਕਤਲ ਵੀ ਕੀਤੇ। ਇਹ ਸਭ ਕੁਝ 1773 ਤੋ ਯੋਜਨਾਵੱਧ ਸੀ। ਰੂਸੀ ਅਤੇ ਚੀਨੀ ਇਨਕਲਾਬਾਂ ਬਾਰੇ ਹੋਰ ਸੁਣੋ ......

A top Western Financier will secretly meet Russian 'adversary' (business- friend). during those years (of Communist Rule). And have a good laugh at how the "sheep" were being deluded. I am sharing here what I was taught and also what I observed. (A famous whistle blower whose pen name is Svali.)



ਸਵਾਲੀ

Scanned with OKEN Scanner
Scanned with OKEN Scanner

ਜਦੋਂ ਕੋਈ ਪੱਛਮੀ ਵਿੱਤੀ ਸ਼ਕਤੀ ਦਾ ਨੇਤਾ ਸੋਵੀਅਤ ਰੂਸ ਜਾਂਦਾ ਤਾਂ ਦੋਵੇ ਧਿਰਾਂ ਖੂਬ ਮਖੌਲ ਉਡਾਉਂਦੀਆਂ ਕਿ ਲੋਕਾਂ ਨੂੰ ਖੂਬ 'ਭੇਡਾਂ' ਬਣਾਇਆ ਹੋਇਆ ਹੈ।

ਨੋਟ : ਸਚ ਇਹ ਸੀ ਕਿ ਮਾਰਕਸਵਾਦ ਨੂੰ ਵੀ ਵਿੱਤ ਇਲੂਮੀਨਾਟੀ ਵੱਲੋ ਮੁਹੱਈਆ ਕੀਤਾ ਸੀ ਕਿਉਂਕਿ ਇਉਂ ਹੀ ਸਰਮਾਏਦਾਰੀ ਦਾ ਵੀ ਸੰਤੁਲਨ ਕਾਇਮ ਰੱਖਿਆ ਜਾ ਸਕਦਾ ਸੀ।

I am a most unhappy man. I have unwittingly ruined my country. A great industrial nation is controlled by its system of Federal Reserve Credit. The growth, therefore, and all our activities are in the hands of a few men. We have come to be one of the worst ruled, one of the most completely controlled and dominated governments in the civilized world. No longer a government by the opinion, no longer a government by civilization and the vote of the majority, but a government by the opinion and duress of a small group of dominent men (of Federal Reserve Bank of America) (which is totally and privately owned by Rothschild Family).

ਪ੍ਰਧਾਨ ਵੁਡਰੂ ਵਿਲਸਨ

(Woodroo Wilson - President of America-1914 after the Senate passed the Federal Reserve Act-1913)

(ਮੈਂ ਅਤਿ ਨਿਰਾਸ਼ ਹਾਂ। ਮੈਂ ਭੋਲੇ ਭਾਅ ਹੀ ਆਪਣੇ ਦੇਸ਼ ਨੂੰ ਬਰਬਾਦ ਕਰ ਦਿਤਾ ਹੈ। ਇਕ ਮਹਾਨ ਉਦਯੋਗਿਕ ਕੌਮ ਹੁਣ ਫੈਡਰਲ ਰੀਜ਼ਵਰ ਬੈਂਕ ਦੇ ਕਰਜੇ ਅਧੀਨ ਚਲ ਰਹੀ ਹੈ। ਸਾਡੀ ਉਂਨਤੀ ਅਤੇ ਕਾਰ ਵਿਹਾਰ ਕੁਝ ਵਿਅਕਤੀਆ ਦੇ ਹੱਥ ਵੱਸ ਹੋ ਗਏ ਹਨ। ਅਸੀ ਹੁਣ ਵੋਟ ਤੇ ਅਧਾਰਤ ਲੋਕ ਰਾਜੀ ਕੌਮ ਨਹੀ ਰਹੇ ਹਾਂ। ਸਗੋਂ ਫੈਡਰਲ ਰੀਜ਼ਵਰ ਬੈਕ ਦੇ ਮਾਲਕ, ਇੱਕ ਪ੍ਰੀਵਾਰ, ਦੇ ਗੁਲਾਮ ਹੋ ਗਏ ਹਾਂ)

ਨੋਟ :- ਦੁਨੀਆਂ ਦੇ ਸਮੁੱਚੇ ਇਤਿਹਾਸ ਵਿਚ ਸਭ ਤੋ ਵੱਧ ਦੁਖਾਂਤ (Tragic) ਘਟਨਾ 23 ਦਸੰਬਰ 1913 ਨੂੰ ਵਾਪਰੀ। ਵੁਡਰੂ ਵਿਲਸਨ ਅਮਰੀਕਾ ਦਾ ਪ੍ਰਧਾਨ ਸੀ। ਉਸਨੂੰ ਅਤੇ ਬਹੁਤ ਸਾਰੇ ਸੈਨੇਟਰਾਂ ਨੂੰ ਬਲੈਕਮੇਲ ਵੀ ਕੀਤਾ ਅਤੇ ਅਥਾਹ ਧਨ ਵੀ ਖਰਚਿਆਂ ।

ਉਸ ਦਿਨ ਬਾਕਾਇਦਾ ਕਾਂਨੂੰਨ ਬਣਾ ਦੇ ਅਮਰੀਕੀ ਕੇਂਦਰੀ ਬੈਂਕ ਦੀ ਮਾਲਕੀ, ਫੈਡਰਲ ਰੀਜ਼ਰਵ ਜੋ ਕਿ ਰੌਥਸਚਾਈਲਡ ਦੀ ਨਿਜੀ ਮਾਲਕੀ ਵਾਲੀ ਬਾਰਾਂ ਪ੍ਰਾਈਵੇਟ ਬੈਂਕਾ

Scanned with OKEN Scanner

ਦੀ ਕੰਪਨੀ ਸੀ, ਨੂੰ ਸੌ ਸਾਲਾ ਚਾਰਟਰ ਤੇ ਸੌਂਪ ਦਿਤੀ ਗਈ। ਹੌਲੀ ਹੌਲੀ ਦੁਨੀਆ ਦੇ ਸਾਰੇ ਬੈਂਕਾਂ ਤੇ ਨਿੱਜੀ ਕਬਜ਼ਾ ਦਿਨੋ ਦਿਨ ਜਟਿਲ ਤੇ ਪੀਡਾ ਹੋਈ ਜਾ ਰਿਹਾ ਹੈ। ਨਿਗਰ ਸਬੂਤ ਹੈ ਕਿ ਸੌ ਸਾਲਾ ਚਾਰਟਰ 2012 ਵਿਚ ਸਮਾਪਤ ਹੋ ਗਿਆ ਸੀ, ਪਰ ਕਬਜਾ ਕਾਇਮ ਹੈ। ਕਾਰਨ ਇਹ ਹੈ ਕਿ 1913 ਦੇ ਫੈਡਰਲ ਰੀਜਰਵ ਐਕਟ ਵਿਚ ਇਕ ਧਾਰਾ ਇਹ ਵੀ ਪਵਾ ਲਈ ਗਈ ਸੀ ਕਿ ਸੌ ਸਾਲ ਬੀਤਣ ਤੇ ਵੀ ਜੇਕਰ ਬਾਕਾਇਦਾ ਕਾਨੂੰਨ ਪਾਸ ਕਰਕੇ ਉਕਤ ਐਕਟ ਖਤਮ ਨਹੀਂ ਕੀਤਾ ਜਾਂਦਾ ਤਾ ਅਣਮਿੱਥੇ ਸਮੇਂ ਲਈ ਚਲਦਾ ਰਹੇਗਾ, ਜੋ ਚੱਲੀ ਜਾ ਰਿਹਾ ਹੈ। ਕਦੇ ਕਦੇ ਕੋਈ ਕੋਈ ਆਵਾਜ ਉੱਠਦੀ ਹੈ ਪਰ ਮਾਲਕਾ ਨੂੰ ਜਾਂਚ ਹੈ ਕਿ ਕਿਵੇਂ ਦਬਾਉਣੀ ਹੈ। ਬੁਧੀਜੀਵੀਆਂ ਲਈ ਚੁਣੌਤੀ ਹੈ, ਪਰਵਾਨ ਕਰਨੀ ਬਣਦੀ ਹੈ।

ਨਾਥਨ ਮੇਅਰ ਰੋਥਸਚਾਈਲਡ

I care not what puppet is placed upon the throne of E-nagland to rule the Empire on which the sun never sets. The man who controls Britain's money supply, controls the British empire and I control the British money supply.

Lord Nathan Mayor Rothschild-1815.

ਮੈਂ ਕੀ ਪਰਵਾਹ ਕਰਦਾ ਹਾਂ ਕਿ ਬਰਤਾਨੀਆ ਦੇ ਤਖਤ ਤੇ ਕਿਹੜੀ ਕਠਪੁਤਲੀ ਵਿਰਾਜਮਾਨ ਹੈ ਜਿਸ ਦੇ ਸਾਮਰਾਜ ਤੇ ਕਦੇ ਸੂਰਜ ਨਹੀਂ ਛੁਪਦਾ ਹੈ। ਜਿਸ ਵਿਅਕਤੀ ਦੇ ਕਬਜ਼ੇ ਵਿਚ ਇਸ ਦੇ ਧਨ-ਦੌਲਤ (ਯਾਨੀ ਮੁਦਰਾ) ਦੀ ਪਰਚਲਨ ਸ਼ਕਤੀ ਹੈ, ਉਸੇ ਦੇ ਕਬਜੇ ਵਿਚ ਸਾਰੇ ਸਾਮਰਾਜ ਦੀ ਵਾਗਡੋਰ ਹੈ ਅਤੇ ਉਹ ਵਿਅਕਤੀ ਮੈ ਹਾਂ।

ਨੋਟ : ਏਸ ਤੋਂ ਹੋਰ ਸਪੱਸ਼ਟ ਕਥਨ ਕੀ ਹੋ ਸਕਦਾ ਹੈ। ਵਾਟਰਲੂਅ ਦੀ ਲੜਾਈ ਦੀ ਜਿੱਤ ਵਾਲੇ ਦਿਨ ਇੰਗਲੈਂਡ ਦਾ ਬੈਂਕ ਉਸਨੇ ਪੂਰੀ ਤਰਾਂ ਹਥਿਆ ਲਿਆ ਸੀ। ਬਾਅਦ ਵਿਚ ਵੁਡਰੂ ਵਿਲਸਨ ਦੇ ਕੀਰਨਿਆਂ ਅਨੁਸਾਰ 1913 ਵਿਚ ਅਮਰੀਕਾ ਦਾ ਡਾਲਰ ਹਥਿਆ ਲਿਆ ਸੀ। ਹੁਣ ਦੋ ਤਿੰਨ ਮੁਲਕਾਂ ਨੂੰ ਛੱਡ ਕੇ ਬਾਕੀ ਸਾਰੀ ਦੁਨੀਆ ਦੇ ਬੈਂਕਾ ਦੀ ਮਾਲਕੀ ਰਾਹੀਂ ਸਾਰੀ ਦੁਨੀਆਂ ਦੇ ਧਨ ਦੋਲਤ ਉਪਰ ਉਸੇ ਦੀ ਮਾਲਕੀ ਹੈ। ਦੁਖਦਾਈ ਮਸਲਾ ਇਹੋ ਹੈ ਕਿ ਲੋਕ ਅਤੇ ਬੁਧੀਜੀਵੀ ਕਦੋਂ ਸਮਝਣਗੇ? ਕਦੋਂ, ਓ ਰੱਬਾ, ਕਦੋਂ ?

ਬੈਂਜਮਿਨ ਡਿਸਰੇਲੀ

Nathan Mayor Rothschild is the Lord and Master of the money markets of the world and of course virtually Lord and Master of every thing else.

Benjamin Disrelly P.M of England 1874-80.

Scanned with OKEN Scanner

ਨਾਥਨ ਮੇਅਰ ਰੌਥਸਚਾਈਲਡ ਵਿਸ਼ਵ ਦੇ ਧਨ-ਦੌਲਤ-ਬਾਜ਼ਾਰ ਦਾ ਕਾਬਜ਼ ਅਤੇ ਮਾਲਕ ਹੈ, ਅਸਲ ਮਤਬਲ ਕਿ ਵਿਸ਼ਵ ਦੀ ਹਰ ਸ਼ੈ ਦਾ ਅਸਲੀ ਕਾਬਜ਼ ਅਤੇ ਮਾਲਕ ਉਹੋ ਹੀ ਹੈ।

ਨੋਟ : ਇੰਗਲੈਂਡ ਵਰਗੇ ਮੁਲਕ ਦੇ ਡਿਜਰੇਲੀ ਵਰਗੇ ਬੌਧ ਪ੍ਰਾਈਮ ਮਨਿਸਟਰ ਦੇ ਉਕਤ ਕਥਨ ਦੇ ਮੁਕਾਬਲੇ ਕਿਸੇ ਸ਼ੱਕ ਦੀ ਗੁਜਾਇੰਸ਼ ਹੀ ਨਹੀ ਰਹਿ ਜਾਂਦੀ ਹੈ ਕਿ ਧਨ ਦੌਲਤ ਰਾਹੀਂ ਦੁਨੀਆਂ ਦੀ ਸਾਰੀ ਸੰਪਤੀ ਦਾ ਅਸਲ ਮਾਲਕ ਕੌਣ ਹੈ? ਚਲੋ ਆਪਾਂ ਆਪਦਾ ਫਰਜ਼ ਪੂਰਾ ਕਰਨਾ ਹੈ। ਖੋਜ ਅੱਗੇ ਤੁਰਦੀ ਰਹੇ ....।

If We pool our resources together, we shall rule the world till the planet earth exists. (Mayor Amshell Rothchild, addresses the first world conference of the Richest in 1773.)

1773 ਵਿਚ ਹੋਏ ਧਨਾਢਾਂ ਦੇ ਪਹਿਲੇ ਸੰਮੇਲਨ ਨੂੰ ਸੰਬੋਧਤ ਕਰਦਾ ਹੋਇਆ ਆਮਸ਼ੈਲ ਰੌਥਸਚਾਈਲਡ ਆਖਦਾ ਹੈ ਕਿ ਜੇਕਰ ਅਸੀਂ ਧਨਾਢ ਲੋਕ ਆਪਣੇ ਸਾਰੇ ਸਾਧਨ ਇੱਕ ਜੁਟ ਕਰ ਲਈਏ ਤਾ ਅਸੀਂ ਦੁਨੀਆਂ ਤੇ ਉਦੋਂ ਤਕ ਰਾਜ ਕਰਾਂਗੇ ਜਦੋਂ ਤਕ ਗ੍ਰਹਿ ਧਰਤੀ ਜੀਵਤ ਹੈ।

ਸਮਾਜ ਦੇ ਇਤਿਹਾਸ ਦਾ ਅਸਲ ਪਰਤੱਖ ਰੇਪ 1773 ਤੋ ਹੋਣਾ ਸ਼ੁਰੂ ਹੋਇਆ ਸੀ .... ਅੱਜ ਤੱਕ ਹੋਈ ਜਾ ਰਿਹਾ ਹੈ।

ਪਿਆਰੇ ਵਿਲੀਅਮ, ਉਕਤ ਕਥਨਾਂ ਨਾਲ ਰਲਦੇ ਮਿਲਦੇ ਕਥਨ ਹੋਰ ਅਨੇਕਾ ਅਨੇਕ ਹਨ। ਮੈ ਏਨੇ ਕੁ ਦੀ ਚੋਣ ਕੀਤੀ ਹੈ। ਤੁਸੀਂ ਚਾਹੋ ਤਾਂ ਹੇਠ ਲਿਖੀਆਂ ਪੁਸਤਕਾ ਵਿਚੋ ਕੁਝ ਹੋਰ ਵਾਧਾ ਕਰ ਸਕਦੇ ਹੋ।

- International Jew -- Henery Ford.
- The Daily Independent -- Henery Ford (Editorials)
- Pawns in the Game -- Willium Guy Carr
- Zionism, the Grearest Enemy of Jews -- in three volumes -- Allan Hart.
- Proofs of Conspiracy to Destroy all Governments and Religions of the World - 1798 John Robinson.
- Planet Rothschild -- M.S King.
- ਧਰਤੀ ਦੀ ਹਿੱਕ ਵਿਚ ਖੂਨੀ ਪੰਜਾ -- (ਪੰਜਾਬੀ ਉਲਥਾ) ਡਾ : ਦਲਜੀਤ ਸਿੰਘ
- ਸੱਚ ਦੀ ਭਾਲ ਵਿਚ -- ਡਾ : ਦਲਜੀਤ ਸਿੰਘ
- By way of Deception Thou Shalt Do War -- Victor

Scanned with OKEN Scanner

Scanned with OKEN Scanner

Ostrovsky.

- The Controversy of Zion -- Douglas Reed.
- The Rothschild Family. (Internet)
- The Protocol of .... Zion -- Victor Marsdon.
- History of the World.
- Guns Germs and Steel -- Mars Diamond
- The Fiasco -- Thomas E. Ricks
- The Scramble for Africa
- The Psychic Warrior - David More House
- The Shock Doctrine -- Naom Klein

Scanned with OKEN Scanner

Scanned with OKEN Scanner

Preamble-Protocol - ਤੱਤਸਾਰ-੨

ਦੇਖੋ ਪ੍ਰੇਮ, ਮੇਰੀ ਸਕਰਿਪਟ ਅਤੇ ਤੁਹਾਡੇ ਵੱਲੋਂ ਇਸ ਆਧਾਰਤ ਫਿਲਮ ਦਾ ਅਸਲ ਮਕਸਦ ਤਾਂ ਇਹੋ ਹੈ ਕਿ ਲੁਕੇ ਸੱਚ, ਗੁਪਤ ਸੱਚ ਨੂੰ ਲੋਕਾਂ ਦੀ ਸੂਝ ਬੂਝ ਦਾ ਹਿੱਸਾ ਬਣਾ ਸਕੀਏ।

ਤੁਸੀਂ ਜਾਣਦੇ ਹੋ ਕਿ ਅਨੰਤ ਸਮੇਂ ਦਾ ਹਰ ਲਮ੍ਹਾਂ ਅਨੰਤ ਸੰਘ੍ਰਸ਼ਾ ਦੀ ਅਨੰਤ ਲੜੀ ਹੁੰਦਾ ਹੈ। ਕੁਝ ਐਸੀਆਂ ਘਟਨਾਵਾ ਵੀ ਹੁੰਦੀਆਂ ਹਨ ਜੋ ਘਟਨਾਵਾ ਦੇ ਵਹਾਅ ਵਿਚ ਸਿਫਤੀ ਤਬਦੀਲੀ ਲਿਆਉਦੀਆਂ ਹਨ। ਸਾਡੀ ਫਿਲਮ ਵਿਚ ਉਨ੍ਹਾ ਨੂੰ ਮੁਖ ਤੌਰ ਤੇ ਆਧਾਰ ਬਣਾਇਆ ਗਿਆ ਹੈ।

ਮੇਰੀ ਰਾਏ ਹੈ ਕਿ ਅਸਲ ਫਿਲਮ ਦੇ ਸੁਰੂ ਕਰਨ ਤੋਂ ਪਹਿਲਾਂ ਜਿਵੇਂ ਅਸੀਂ Preamble ਯਾਨੀ ਤੱਤਸਾਰ ਦੇ ਤੌਰ ਤੇ ਕੁਝ ਪਰਬਚਨ ਦਿਖਾਏ ਹਨ। ਏਵੇ ਹੀ ਮੁੱਖ ਮੁੱਖ ਘਟਨਾਵਾ ਦੇ ਨਿਕੇ ਨਿਕੇ ਅੰਸ਼ (ਝਲਕੀਆਂ ਦੇ ਰੂਪ ਵਿੱਚ) ਜੋ ਇਕ-ਡੇਢ-ਮਿੰਟ ਵਿਚ ਦਿਖਾਏ ਜਾਣ ਤੋਂ ਵੱਡੇ ਨਾ ਹੋਣ, ਨਿਚੋੜਤ ਰੂਪ ਵਿਚ ਪਹਿਲਾਂ ਦਿਖਾ ਦਿਤੇ ਜਾਣ। ਜੋ ਕੁਝ ਸਕਰਿਪਟ/ਫਿਲਮ ਵਿਚ ਪੜ੍ਹਨਾ/ਵਾਚਣਾ ਹੈ, ਲਈ ਪਾਠਕ/ਦਰਸ਼ਕ ਤਿਆਰ ਹੋ ਲਵੇ ਤੇ ਨਾਲੇ ਅਹਿਮੀਅਤ ਸਮਝ ਲਵੇ ਕਿ ਕਿਵੇਂ ਕਦਮ ਦਰ ਕਦਮ, ਪੜਾ ਦਰ ਪੜਾ ਇਤਿਹਾਸ ਦਾ ਰੇਪ ਹੁੰਦਾ ਆਇਆ ਹੈ।ਅਜੇ ਵੀ ਹੋਈ ਜਾ ਰਿਹਾ ਹੈ ਤੇ ਹੁੰਦਾ ਰਹੇਗਾ ਵੀ ਜਦੋਂ ਤੱਕ ਅਸੀਂ ਚੇਤੰਨ ਹੋਕੇ ਰੋਕਣ ਲਈ ਸਾਧਨ ਨਾ ਜੁਟਾਵਾਂਗੇ।

ਉਕਤ ਪਰਵਚਨਾ (ਤੱਤਸਾਰ) ਚੋਂ ਆਖਰੀ ਕਥਨ ਹੈ ਤਾ ਬੜਾ ਸਰਲ ਅਤੇ ਸਾਦਾ ਹੀ ਪਰ ਏਸੇ ਤੋਂ ਆਧੁਨਿਕ ਯੁਗ ਦੇ ਰੇਪ ਦੀ ਬੁਨਿਆਦ ਰੱਖ ਹੋਈ ਹੈ। ਝਲਕੀਆਂ ਦਿਖਾਉਂਣ ਦਾ ਮੁੱਢ ਏਥੋਂ ਹੀ ਬੰਨਦੇ ਹਾਂ।

1773-ਬਾਰਸੀਲੋਨਾ, ਝਾਕੀ - 1

ਮੇਅਰ ਆਮਸ਼ੇਲ ਰੋਥਸਚਾਈਲਡ

ਸਕਰੀਨ ਤੇ ਦੇਖਦੇ ਹਾਂ ਕਿ ਇਕ ਗੁਪਤ ਸਭਾ ਚਲ ਰਹੀ ਹੈ। ਇਸ ਦੇ ਕੁਲ ਤੇਰਾ ਮੈਂਬਰ ਹਨ, ਜੋ ਵਿਸ਼ਵ ਪੱਧਰ ਦੇ ਧਨਾਢ ਹਨ। ਇਕ 32-33 ਸਾਲ ਦਾ ਯੁਵਕ ਕਨਵੀਨਰ ਹੈ ਜੋ ਇਸ ਗੁਪਤ ਸਭਾ ਦਾ ਸੰਚਾਲਕ ਵੀ ਹੈ।

ਤੇਰਾਂ ਜਣਿਆਂ ਦਾ ਇਕ ਛੋਟਾ ਅਰਧ ਚੱਕਰ ਹੈ।

Scanned with OKEN Scanner

ਕਨਵੀਨਰ ਭੇਤ ਭਰੇ ਢੰਗ ਨਾਲ ਬੋਲ ਰਿਹਾ ਹੈ। "If we pool our resources together, we shall rule the world till planet Earth exists."

ਉਹ ਬੋਲਦਾ ਜਾਂਦਾ ਹੈ - We have our gospel, the road map i.e. The Protocol .... of Zion ....

Let us delve more deep into Royal Crowns ..... (ਸਾਡੇ ਕੋਲ ਪਵਿੱਤਰ ਗ੍ਰੰਥ ਹੈ, ਉਹੀ ਸਾਡਾ ਰੋਡ ਮੈਪ ਹੈ, ਜਾਇਅਜਵਾਦੀਆਂ ਦਾ ਨਿਚੋੜਤ ਰੂਪ ਹੈ। ਆਉ ਸ਼ਾਹੀ ਘਰਾਣਿਆ ਵਿੱਚ ਹੋਰ ਡੂੰਘੇ ਉਤਰ ਜਾਈਏ ....)

ਉਹ ਲਗਭਗ ਇਕ ਘੰਟਾ ਬੋਲੀ ਜਾਂਦਾ ਹੈ। ਉਸਦੀ ਬੋਲਣ ਪ੍ਰਕ੍ਰਿਆ ਅਤੇ ਬੋਲਣ ਦਾ ਵਿਸ਼ਾ ਵੀ ਕਮਾਲ ਦਾ ਹੈ ..... ਸੁਆਲ ਜੁਆਬ ਵੀ ਹੁੰਦੇ ਹਨ।
ਅੰਤ ਤੇ ਆਖਦਾ ਹੈ।

Yes, for the creation of a new sect, new religion i.e. Illuminati, I have searched and pin-pointed a great philosopher. His name is Adam Wieshupt. The world will regard him as the messanger of our God-Jehwah, one day. (ਇਸ ਨਵੀਂ ਸੰਪ੍ਰਦਾ, ਨਵੇ ਮਤ ਦੀ ਬੁਨਿਆਦ ਰੱਖਣ ਵਾਲੇ ਦਾਰਸ਼ਨਿਕ ਦੀ ਚੋਣ ਮੈਂ ਕਰ ਲਈ ਹੋਈ ਹੈ। ਉਸਦਾ ਨਾਮ ਹੈ ਆਦਮ ਵਿਸ਼ੁਪਤ। ਦੁਨੀਆ ਕਦੇ ਉਸਨੂੰ ਸਾਡੇ ਪ੍ਰਭੂ ਯੇਹੋਵਾ ਦਾ ਪੈਗੰਬਰ ਮੰਨੇਗੀ। ....) ਸੰਮਾਗਮ ਲੰਬਾ ਸਮਾਂ ਹੋਰ ਚਲਦਾ ਰਹਿੰਦਾ ਹੈ। ਆਖਰ ਤਾਂ 'ਇਤਿਹਾਸ ਦੇ ਰੇਪ' ਦੀ ਬੁਨਿਆਦ ਰੱਖੀ ਜਾ ਰਹੀ ਹੈ।

ਉਸੇ ਰਾਤ ਇਕ ਹੋਰ ਵਿਸ਼ਵ ਪੱਧਰ ਦਾ ਸੰਮੇਲਲ ਹੁੰਦਾ ਹੈ। ਉਸ ਵਿਚ ਸੱਤ ਬਾਦਸ਼ਾਹੀਆਂ ਅਤੇ ਛੇ ਧਨਾਡ ਸ਼ਾਮਲ ਹਨ। ਉਸ ਦਾ ਕਨਵੀਟਰ ਵੀ ਮੇਅਰ ਆਮਸ਼ੈਲ ਰੋਥਸਚਾਈਲਡ ਹੀ ਹੈ।

ਆਰਮਸਟਰਡਮ-1776, ਝਾਕੀ - 2

ਆਦਮ ਵਿਸ਼ੁਪਤ :- ਅੱਜ ਦੇ ਦਿਨ ਸਾਡੇ ਵਿੱਤ ਦੀ ਸਹਾਇਤਾ ਨਾਲ ਜਾਰਜ-ਵਸ਼ਿੰਗਟਨ ਅਮਰੀਕੀ ਆਜਾਦੀ ਦਾ ਯੁੱਧ ਜਿਤਦਾ ਹੈ। ਅੱਜ ਦੇ ਦਿਨ ਮੈਂ ਇਕ ਨਵੀਂ ਸੰਪ੍ਰਦਾਅ, ਨਵੇਂ ਧਰਮ ਦੀ ਬੁਨਿਆਦ ਰੱਖਦਾ ਹਾਂ। ਤੁਸੀਂ ਚਾਰੇ ਮੇਰੇ ਪਹਿਲੇ ਸ਼ਿਸ਼ ਹੋ ਤੇ ਮੈਂ ਤੁਹਾਡਾ ਗੁਰੂ ਹਾਂ। ਸਾਡੇ ਸਾਰਿਆ ਦੇ ਗੁਪਤ ਨਾਮ ਰੱਖੇ ਜਾਣਗੇ। ਸਾਡੇ ਧਰਮ ਦਾ ਨਾਮ ਹੈ

ਆਦਮ ਵਿਸ਼ੁਪਤ ਇਲੂਮੀਨਾਟੀ ਦਾ ਚਿਨ੍ਹ

Scanned with OKEN Scanner
Scanned with OKEN Scanner

'ਇਲੂਮੀਨਾਟੀ' ਯਾਨੀ, ਚਾਨਣ ਬਰਦਾਰ, ਯਾਨੀ ਲੂਸੀਫਰ। 'ਦੀ ਪ੍ਰੋਟੋਕੋਲ ਆਫ ਜ਼ਾਇਅਨ.... ' ਸਾਡੇ ਧਰਮ ਦਾ ਆਧਾਰ ਹੈ ਅਤੇ ਇਕ-ਵਿਸ਼ਵੀ-ਨੇਮ (One World Order) ਇਸ ਚੋਂ ਨਿਕਲਣਗੇ।..... ਉਹ ਕਈ ਘੰਟੇ ਬੋਲਦਾ ਹ ..... ਪਹਿਲਾਂ ਬਣਾਏ ਹੋਏ ਨਕਸ਼ਿਆਂ ਵਿਚਲੇ ਭੇਦ ਸਮਝਾਉਂਦਾ ਹੈ .....।

1785, ਝਾਕੀ - 3

ਇਕ ਘੋੜਾ ਸਰਪੱਟ ਦੌੜਦਾ ਜਾ ਰਿਹਾ ਹੈ। ਇਹ ਬਾਰਸੀਲੋਨਾ ਤੋਂ ਪੈਰਿਸ ਵਲ ਦੌੜ ਰਿਹਾ ਹੈ। ਰੈਟੀਸਵਨ ਸਥਾਨ ਵਿਖੇ ਅਚਾਨਕ ਬਿਜਲੀ ਡਿਗਦੀ ਹੈ। ਘੋੜਾ ਤੇ ਸਵਾਰ ਮਾਰੇ ਜਾਂਦੇ ਹਨ। ਲੋਕ ਇਕੱਠੇ ਹੁੰਦੇ ਹਨ। ਝੋਲਿਆਂ ਦੀ ਫੋਲਾ ਫਾਲੀ ਹੁੰਦੀ ਹੈ .... ਇਕ ਪੜ੍ਹਿਆ ਲਿਖਿਆ ਵਿਅਕਤੀ ਉੱਚੀ ਆਖਦਾ ਹੈ .... ਓ ਲੋਕੋ, ਸਾਵਧਾਨ ! ਝੋਲਿਆ ਵਿਚ ਅਨੇਕਾਂ ਦਸਤਾਵੇਜ਼ ਹਨ, ਬੜੇ ਗੁਪਤ। ਇਕ ਹੈ ਫ੍ਰਾਂਸੀਸੀ ਇਨਕਲਾਬ ਬਾਰੇ .... ਹੱਥ ਨਾ ਮਾਰੋ, ਪੁਲਿਸ ਦੇ ਸਪੁਰਦ ਕਰੋ।

1786 ਜਰਮਨੀ ਦਾ ਕੋਈ ਸਥਾਨ, ਝਾਕੀ - 4

ਯੂਰਪ-ਅਮਰੀਕਾ-ਅਰਬ ਦੇਸ਼ਾਂ-ਦੇ ਸਾਮੰਤਾ ਦਾ ਗੁਪਤ ਸੰਮੇਲਨ ਚਲ ਰਿਹਾ ਹੈ। ਸੰਮੇਲਨ ਵਿਚ ਕੋਈ ਅਨੁਸ਼ਾਸਨ ਨਹੀਂ .... ਅਮੀਰ-ਵਜੀਰ, ਕੁਲੀਨ ਵਰਗ ਦੇ ਲੋਕ ਅਜੀਬ ਅਜੀਬ ਹਰਕਤਾਂ ਕਰਦੇ ਹਨ।

ਪ੍ਰਧਾਨ ਚੀਕ-ਚੀਕ ਕੇ ਆਖ ਰਿਹਾ ਹੈ--- 'ਤੁਹਾਡੀ ਕਿਆਮਤ ਨੇੜੇ ਆ ਰਹੀ ਹੈ।- - - ਤੁਹਾਨੂੰ ਸਮਝ ਨਹੀਂ ਆ ਰਹੀ। ਕੀ ਗੁਪਤ ਸੰਮੇਲਨ ਏਵੇਂ ਦੇ ਹੁੰਦੇ ਹਨ ਜਿਵੇਂ ਦੇ ਤੁਸੀਂ ਕਰ ਰਹੇ ਹੋ?

"ਸ਼ਾਹੂਕਾਰਾਂ-ਧਨਾਢਾਂ-ਜ਼ਾਇਅਨਵਾਦੀਆਂ ਦੀਆਂ ਗੁਪਤ ਸਭਾਵਾ ਤੁਹਾਡੇ ਮਹਿਲਾ ਵਿਚ ਪੁੱਜ ਗਈਆਂ ਪਰ ਤੁਸੀਂ ਆਪਣੀ ਐਸ਼ ਵਿਚ ਮਸਤ ਹੋ । ....

(ਗੰਭੀਰਤਾ ਉਪਜਦੀ ਹੈ) ..... ਖਬਰਾਂ ਹਨ ਕਿ ਇਨਕਲਾਬਾਂ ਦਾ ਦੌਰ ਸ਼ੁਰੂ ਹੋਣ ਵਾਲਾ ਹੈ। ਤੁਸੀਂ ਨੇਸਤੋ-ਨਾ-ਬੂਦ ਹੋ ਜਾਓਗੇ ....। ਹੋਸ਼ ਕਰੋ ..... ਆਪਣੀ ਗੁਪਤ ਸੰਸਥਾ ਨੂੰ ਨਵਿਆਈਏ। ਆਰਿਆ ਦੀ ਮਹਾਨ ਸੱਭਿਅਤਾ ਨੂੰ ਅਧਾਰ ਬਣਾ ਕੇ ਅਸੀਂ ਵੀ ਮਜਬੂਤ ਗੁਪਤ ਸਭਾ ਬਣਾਈਏ। (ਆਵਾਜਾਂ ਆਉਂਦੀਆ ਹਨ) .... ਠੀਕ ਹੈ .... ਠੀਕ ਹੈ .... ਠੀਕ ਹੈ .... ਗੁਪਤ ਖਬਰਾਂ ਹਨ ਕਿ 1640 ਦੇ ਇੰਗਲਿਸ਼ ਇਨਕਲਾਬ ਤੋ ਮਗਰੋਂ ਹੁਣ ਫ੍ਰਾਂਸ ਦੀ ਵਾਰੀ ਹੈ .... ਹੌਲੀ ਹੌਲੀ ਬਾਦਸ਼ਾਹਤਾ ਤੇ ਕੁਲੀਨ-ਤੰਤਰ ਦਾ ਭੋਗ ਪੈਣਾਂ ਹੈ। ਨਵੀਆਂ ਕਤਾਰਬੰਦੀਆਂ ਹੋਣਗੀਆਂ .... ਇਸ ਸਾਰੇ ਕੁਝ ਦੇ ਪਿੱਛੇ ਸਾਮੀ-ਜ਼ਾਇਅਨਵਾਦ ਦਾ ਹੱਥ ਹੋਏਗਾ .....

Scanned with OKEN Scanner

1789, ਝਾਕੀ - 5

ਪੈਰਿਸ ਵਿੱਚ ਘਮਸਾਨ ਮੱਚਿਆ ਹੋਇਆ ਹੈ। ਹਰ ਪਾਸੇ -ਮੁਕਤੀ-ਬ੍ਰਾਬਰੀ-ਭਾਈਚਾਰੇ ਦੇ ਨਾਅਰੇ ਗੂੰਜ ਰਹੇ ਹਨ। ਰਾਜ ਤੰਤਰ, ਕੁਲੀਨ ਤੰਤਰ ਅਸਤ ਵਿਅਸਤ ਹੈ। ਲੋਕਾਂ ਦੀਆਂ ਭੀੜਾਂ ਪੈਰਿਸ ਦੀ ਕੇਂਦਰੀ ਜੇਲ ਨੂੰ ਤਹਿਸ ਨਹਿਸ ਕਰ ਦਿੰਦਿਆ ਹਨ। ਲੋਕਾਂ, ਫੋਜਾਂ ਅਤੇ ਕੁਲੀਨ ਵਰਗ ਵਿੱਚੋਂ ਇਕ ਕੇਦਰੀ ਕਮੇਟੀ ਚੁਣੀ ਜਾਂਦੀ ਹੈ ਪਰ ਆਰਥਕ ਸੰਕਟ ਏਨਾ ਡੂੰਘਾ ਹੈ ਕਿ ਉਹ ਵੀ ਨਿਸ਼ਫਲ ਸਾਬਤ ਹੁੰਦੀ ਹੈ। ਬਾਦਸ਼ਾਹ ਲੂਈ ਸੋਲਵੇਂ ਅਤੇ ਪਟਰਾਣੀ ਦਾ ਸ਼ਰ੍ਹੇ-ਆਮ ਕਤਲ ਹੁੰਦਾ ਹੈ। ਦਸ ਸਾਲ ਯੋਜਨਾਂਵੱਧ ਢੰਗ ਨਾਲ ਗਦਰ ਮਚਿਆ ਰਹਿੰਦਾ ਹੈ। ਅੰਤ 1799 ਵਿਚ ਨੈਪੋਲੀਅਨ ਨਾਮ ਦਾ ਇਕ ਜਨਰਲ ਦੇਸ਼ ਦੀ ਵਾਗਡੋਰ ਸਾਂਭਦਾ ਹੈ। ਪਰ ਘਮਸਾਨ ਦੇ ਯੁੱਧਾਂ ਦਾ ਦੌਰ ਸ਼ੁਰੂ ਹੋ ਗਿਆ ਹੈ।



ਫ੍ਰਾਂਸੀਸੀ ਬਾਦਸ਼ਾਹ ਲੂਈ ਸੋਲਵੇਂ ਦਾ ਲੋਕਾਂ ਵਲੋਂ ਕਤਲ

1814, ਝਾਕੀ - 6

ਯੂਰਪ ਦੇ ਦੇਸ਼ਾਂ ਵਿਚਕਾਰ ਆਪਸ ਵਿਚ ਅਤੇ ਦੁਨੀਆ ਭਰ ਵਿਚ ਫੈਲੀਆਂ ਹੋਰ ਬਸਤੀਆਂ ਵਿਚ ਵੀ ਯੁੱਧ ਛਿੜਨ ਕਾਰਨ ਡੂੰਘਾ ਆਰਥਿਕ ਸੰਕਟ ਛਾ ਜਾਂਦਾ ਹੈ।

1773 ਵਾਂਗ ਹੀ 1814 ਵਿੱਚ ਨਾਥਨ ਮੇਅਰ ਰੌਥਸਚਾਈਲਡ ਦੀ ਅਗਵਾਈ ਵਿਚ ਧਨਾਡਾਂ ਅਤੇ ਬਾਦਸ਼ਾਹੀਆਂ ਦਾ ਸੰਮੇਲਨ ਹੁੰਦਾ ਹੈ।

ਨਾਥਨ ਤਜਵੀਜ ਰੱਖਦਾ ਹੈ ਕਿ ਸੰਕਟ ਦੇ ਹਲ ਦੀ ਪੂਰੀ ਜਿੰਮੇਵਾਰੀ ਉਸਨੂੰ ਸੌਂਪ ਦਿਤੀ ਜਾਵੇ ਅਤੇ ਉਹ ਮੁਦਰਾਵਾਂ ਦਾ ਇਕਸਾਰ ਸੰਚਾਲਨ ਕਰਕੇ ਹੱਲ ਕਰ ਲਏਗਾ।

ਰੂਸ ਦਾ ਜਾਰ ਆਖਦਾ ਹੈ .... ਰੌਥਸਚਾਈਲਡ, ਤੂੰ ਇਕ ਐਸੀ ਸਰਾਲ ਹੈਂ ਜੋ ਆਰਥਕ ਸੰਕਟ ਪੈਦਾ ਕਰਕੇ ਅਤੇ ਮੁਦਰਾਵਾ ਦੀ ਮਾਲਕੀ ਰਾਹੀਂ ਸਾਰੀ ਦੁਨੀਆਂ ਨੂੰ ਆਪਣੇ ਲਪੇਟੇ ਵਿਚ ਲੈ ਕੇ ਡੱਸਣਾ ਚਾਹੁੰਦੀ ਹੈ।

ਉਹ ਮਜਬੂਰ ਨੇ, ਮੂਰਖ ਨੇ ਜੋ ਗਧਿਆਂ ਵਾਂਗ ਸਿਰ ਹਿਲਾਈ ਜਾਂਦੇ ਹਨ। ਮੈਂ ਆਕੀ ਹਾਂ। ਤੇਰਾਂ ਮੈਂਬਰੀ ਸੰਮੇਲਨ ਤੋਂ ਆਪਣੇ ਆਪ ਨੂੰ ਅਤੇ ਆਪਣੀ ਸਲਤਨਤ ਨੂੰ ਵੱਖ ਕਰਦਾ ਹਾਂ। ਮੈਂ ਤੇਰੇ ਅਸਲੇ ਨੂੰ ਨਸ਼ਰ ਕਰਾਂਗਾ।

ਨਾਥਨ .... ਮੈਂ ਤੇਰੇ ਖਾਨਦਾਨ ਦਾ ਬੀਜ ਨਾਸ਼ ਕਰ ਦਿਆਂਗਾ।

Scanned with OKEN Scanner

1815-ਵਾਟਰ ਲੂ ਯੁਧ, ਝਾਕੀ - 7


ਵਾਟਰਲੂ ਦੀ ਜੰਗ

ਤਰੀਕ ਹੈ 18-06-1815

ਬਰਤਾਨੀਆ ਅਤੇ ਫਰਾਂਸ ਦੀਆਂ ਫੌਜਾਂ ਵਿਚਕਾਰ ਘਮਸਾਨ ਦਾ ਯੁੱਧ ਚਲ ਰਿਹਾ ਹੈ। ਬੈਲਜੀਅਮ ਬਾਦਸ਼ਾਹ ਦੀਆਂ ਚਾਲੀ ਹਜਾਰ ਹਥਿਆਰਬੰਦ ਫੌਜਾਂ ਤਿਆਰ ਬਰ ਤਿਆਰ ਖੜੀਆਂ ਹਨ ਪਰ ਅਜੇ ਤਕ ਦਖਲ ਦਾ ਹੁਕਮ ਨਹੀ ਹੋਇਆ ਹੈ। ਉਹ ਨਿਰਪੱਖ ਹਨ।

ਦੁਪਹਿਰ ਤੱਕ ਫਰਾਂਸ ਦੀ ਚੜ੍ਹਤ ਹੈ ਤੇ ਬਰਤਾਨੀਆ ਦੀ ਢਹਿੰਦੀ ਕਲਾ ਹੈ। ਖਬਰਾਂ ਏਸੇ ਅਨੁਸਾਰ ਫੈਲ ਰਹੀਆਂ ਹਨ।

ਮੇਅਰ ਨਾਥਨ ਖੁਦ ਇਕ ਵਿਸ਼ੇਸ਼ ਸੁਰੱਖਿਅਤ ਦੂਰੀ ਤੋਂ ਸੱਭ ਕੁਝ ਦੇਖ ਭਾਂਪ ਰਿਹਾ ਹੈ।

ਉਕਤ ਨਿਰਪੱਖ ਫੌਜ ਨੂੰ ਬਰਤਾਨੀਆ ਦੇ ਹੱਕ ਵਿਚ ਤੇ ਫ੍ਰਾਂਸ ਦੇ ਵਿਰੁਧ ਲੜਨ ਦਾ ਹੁਕਮ ਹੋ ਜਾਂਦਾ ਹੈ।

ਪਾਸਾ ਪਲਟ ਜਾਂਦਾ ਹੈ।

ਆਸ ਤੋ ਉਲਟ ਫ੍ਰਾਂਸ ਹਾਰ ਜਾਂਦਾ ਹੈ।

ਨਾਥਨ ਵਿਸ਼ੇਸ਼ ਕੁਰੀਅਰ ਦਾ ਪ੍ਰਬੰਧ ਕਰਕੇ ਖਤਰਿਆਂ ਦਾ ਸਾਹਮਣਾ ਕਰਕੇ ਰਾਤੋਂ ਰਾਤ ਲੰਡਨ ਪੁਜ ਜਾਂਦਾ ਹੈ। ਬਰਤਾਨੀਆਂ ਦੀ ਹਾਰ ਦੀ ਅਫਵਾਹ ਨੂੰ ਹੋਰ ਹਵਾ ਦਿੱਤੀ ਜਾਂਦੀ ਹੈ।

ਸਟਾਕ ਐਕਸਚੇਂਜ ਧੜੰਮ ਥੱਲੇ ਡਿਗਦਾ ਹੈ। ਨਾਥਨ ਦਾ ਇਕ ਏਜੰਟ ਸ਼ੇਅਰ ਵੇਚੀ ਜਾ ਰਿਹਾ ਹੈ ..... ਸਾਰੇ ਹਿੱਸੇਦਾਰ ਹਿੱਸੇ ਵੇਚਣ ਲਗ ਪੈਂਦੇ ਹਨ। ਦੂਜੇ ਪਾਸੇ ਨਾਥਨ ਦਾ ਦੂਸਰਾ ਏਜੰਟ ਡਿਗਿਆਂ ਭਾਆਂ ਤੇ ਖਰੀਦੀ ਜਾ ਰਿਹਾ ਹੈ।

ਫਤਹਿ ਦੀ ਖਬਰ ਪੁਜਣ ਤਕ ਸਾਰਾ ਬਾਜਾਰ ਇਕ ਹੱਥੋ ਵਿੱਕ ਚੁੱਕਿਆ ਹੈ ਅਤੇ ਦੂਜੇ ਹੱਥ ਖਰੀਦਿਆ ਜਾ ਚੁਕਿਆ ਹੈ। ਬੈਂਕ ਆਫ ਇੰਗਲੈਂਡ ਦਾ ਦੀਵਾਲਾ ਨਿਕਲ ਜਾਂਦਾ ਹੈ।

ਉਸੇ ਰਾਤ ਤੱਕ ਨਾਥਨ ਦਾ 'ਬੈਂਕ ਆਫ ਬਰਤਾਨੀਆਂ' ਤੇ ਪੂਰਾ ਕਬਜਾ ਹੋ ਜਾਂਦਾ ਹੈ। ਜਿੱਤ ਅਤੇ ਹਾਰ ਦੀ ਫੈਸਲਾ ਕੁਨ ਸ਼ਕਤੀ ਹੋਣ ਤੇ ਉਹ ਖੁਸ਼ ਹੋ ਰਿਹਾ ਹੈ।--------- ਉਹ ਬੁੜ ਬੁੜ ਕਰਦਾ ਹੈ ..... I care not what puppet is placed upon the throne of England .....

Scanned with OKEN Scanner

1849-50-ਕੌਮੂਨਿਸਟ ਮੈਨੀਫੈਸਟੋ

(Communist Manifesto of Karl Marx)

ਝਾਕੀ - 8

ਨਾਥਨ ਰੌਥਸਚਾਈਲਡ ਆਪਣੇ ਕਜ਼ਨ (ਮਸੇਰੇ-ਫਫੇਰੇ-ਚਚੇਰੇ-ਤਤੇਰੇ ਭਰਾ) ਨੂੰ ਆਖ ਰਿਹਾ ਹੈ .... 'ਪਿਆਰੇ ਭਾਈ ਰੈਨੈਸਾਂ (ਨਵ-ਦਾਰਸ਼ਨਿਕ-ਕ੍ਰਾਂਤੀ) ਅਤੇ ਉਦਯੋਗਿਕ ਕ੍ਰਾਂਤੀ ਨਾਲੋਂ ਨਾਲ ਲਿਆਂਦੇ ਗਏ ਹਨ। ਦੋਵਾਂ ਰਾਹੀ ਸਦੀਆਂ ਦਾ ਜੰਮਿਆਂ ਸਮਾਜਕ-ਜਮੂਦ ਹੰਘਾਲਿਆ ਜਾ ਰਿਹਾ ਹੈ। ਸਾਮੰਤਸ਼ਾਹੀ ਦੀਆਂ ਕਬਰਾਂ ਤੇ ਉਦਯੋਗ ਉਸਰ ਰਿਹਾ ਹੈ ਅਤੇ ਰੈਨੇਸਾਂ ਰਾਹੀਂ ਜਰਮਨ-ਇਟਾਲੀਅਨ - ਫਿਲਾਸਫੀ, ਬ੍ਰਿਟੇਨ ਦਾ ਅਰਥਚਾਰਾ ਅਤੇ ਫ੍ਰਾਸ ਦੇ ਸਮਾਜਵਾਦ ਦੀ ਵਿਚਾਰਧਾਰਾ ਨੂੰ ਹੁਲਾਰਾ ਦਿੱਤਾ ਜਾ ਰਿਹਾ ਹੈ। ਨਵ ਵਰਗੀਕਰਨ ਹੋ ਰਿਹਾ ਹੈ। ਦੋ ਆਪਸੀ ਵਿਰੋਧੀ ਜਮਾਤਾਂ ਅਰਥਾਤ ਬੁਰਜੁਆਜ਼ੀ ਅਤੇ ਪ੍ਰੋਲਤਾਰੀ ਪੈਦਾ ਹੋ ਰਹੀਆਂ ਹਨ। ਬੁਰਜੁਆਜ਼ੀ ਦਾ ਅਸਤਿਤਵ ਸਾਡੇ ਵਿਤ ਤੇ ਨਿਰਭਰ ਹੈ। ਅਸੀ ਉਸ ਦੇ ਅਜਾਰੇਦਾਰ ਹਾਂ। ਦਾਰਸ਼ਨਿਕਤਾ ਦੇ ਐਸੇ ਚਮਤਕਾਰ ਦੀ ਲੋੜ ਹੈ ਕਿ ਪ੍ਰੋਲਤਾਰੀ ਦੇ ਵੀ ਇਕ ਮਾਤਰ ਅਸੀਂ ਅਜਾਰੇਦਾਰ ਬਣ ਜਾਈਏ। ਇਸ ਕਾਰਜ ਲਈ ਤੁਹਾਥੋਂ ਵੱਧ ਹੋਰ ਕੋਈ ਯੋਗ ਨਹੀ। ਮੀਡੀਆ-ਪ੍ਰੈਸ ਸਾਡੇ ਦਾਸ ਹਨ। ਅਸੀਂ ਤੁਹਾਨੂੰ ਪ੍ਰੋਲਤਾਹੀ ਦੇ ਮਸੀਹਾ ਬਣਾ ਦਿਆਂਗੇ।



ਮਾਰਕਸ .... ਮੈ ਗੁਪਤ 'ਸੁਸਾਇਟੀ ਫਾਰ ਜਸਟ' ਦਾ ਉਚ ਕੋਟੀ ਦਾ ਮੈਂਬਰ ਹਾਂ। ਮੈਂ ਪਹਿਲਾਂ ਭੀ ਏਵੇਂ ਹੀ ਸੋਚ ਰਿਹਾ ਸੀ। ਫੇਰ ਮਹਾਨ ਦਸਤਾਵੇਂਜ 'ਦੀ ਪ੍ਰੋਟੋਕੋਲ .... ਜ਼ਾਇਅਨਵਾਦ' ਮੇਰਾ ਮਾਡਲ ਹੈ।

ਨਾਥਨ .... ਉਸੇ ਦੇ 'ਇਕ ਵਿਸ਼ਵੀ ਨੇਮ' ਦੇ ਸਿਧਾਂਤ ਨੂੰ ਨਵੇਂ ਸੱਚੇ ਵਿਚ ਢਾਲਣਾ ਹੈ .....

ਮਾਰਕਸ ..... ਮੈਂ ਕੌਮੂਨਿਸਟ ਮੈਨੀਫੈਸਟੋ ਨੂੰ ਆਖਰੀ ਛੋਹਾਂ ਦੇ ਰਿਹਾਂ ਹਾ ਜੋ ਇਉਂ ਆਰੰਭ ਹੁੰਦਾ ਹੈ .... 'ਦੁਨੀਆ ਵਿਚ ਦੋ ਹੀ ਵਰਗ ਹਨ ... ਬੁਰਜੁਆਜ਼ੀ ਅਤੇ ਪ੍ਰੋਲਤਾਰੀ ....

ਨਾਥਨ ..... ਸ਼ਾਬਾਸ਼ ਬਿਲਕੁਲ ਠੀਕ। ਇਹ ਉਵੇਂ ਹੀ ਹੈ ਜਿਵੇਂ ਪ੍ਰੋਟੋਕੋਲ ਅਰੰਭ ਹੁੰਦਾ ਹੈ .....। ਦੁਨੀਆਂ ਵਿਚ ਦੋ ਹੀ ਨਜ਼ਰੀਏ (ਸੰਪ੍ਰਦਾਆਂ) ਹਨ ਇਕ ਯਹੂਦੀ ਅਤੇ ਦੂਸਰਾ ਗੋਇਮ (ਗੈਰ ਯਹੂਦੀ) ......

(ਉਹ ਹੋਰ ਡੂੰਘੀਆਂ ਵਿਚਾਰਾਂ ਕਰੀ ਜਾਂਦੇ ਹਨ। ਆਦਮ ਵਿਸ਼ੁਪਤ ਦਾ ਨਾਮ ਵਾਰ-ਵਾਰ ਦੁਹਰਾਇਆ ਜਾਂਦਾ ਹੈ।)

Scanned with OKEN Scanner
Scanned with OKEN Scanner

1857-ਭਾਰਤੀ ਗਦਰ, ਝਾਕੀ - 9

ਸਾਜਿਸ਼ ਦੀ ਜਰਾ ਡੂੰਘਾਈ ਮਾਪੋ। ਸਾਰੇ ਭਾਰਤ ਵਿਚ ਕਿਸੇ ਨਾ ਕਿਸੇ ਕਾਰਨ ਕਰਕੇ ਅਸੰਤੋਸ਼ ਹੈ।

ਗੁਪਤਚਾਰਾਂ ਰਾਹੀਂ ਝਾਂਸੀ ਦੀ ਅਹੱਲਿਆ, ਮੱਧ ਅਤੇ ਦੱਖਣੀ ਭਾਰਤ ਦੇ ਤਾਂਤੀਆਂ ਤੋਪੇ, ਪੇਸ਼ਵਾ ਬਾਜੀ ਰਾਉ, ਪੇਸ਼ਵਾ ਫੜਨਵੀਸ ਆਦਿ ਰਾਹੀਂ ਬ੍ਰਿਟੇਨ ਦੀ ਬਸਤੀ ਭਾਰਤ ਵਿਚਲੇ ਅਸੰਤੋਸ ਨੂੰ ਹਥਿਆਰ ਬਣਾ ਕੇ ਗਦਰ ਮਚਾਇਆ ਜਾਂਦਾ ਹੈ। ਗਦਰ ਦੇ ਭਾਰਤੀ ਸੰਚਾਲਕ ਦੋਵਾਂ ਪਾਸਿਉ ਲੋਕਾਂ ਨੂੰ ਮਰਵਾ ਕੇ ਆਪ ਬਚ ਨਿਕਲਦੇ ਹਨ, ਰੂਪੋਸ਼ ਹੋ ਜਾਂਦੇ ਹਨ। ਕੰਪਨੀ ਦਾ ਵਿਤੀ ਸਰਪ੍ਰਸਤ ਰੌਥਸਚਾਈਲਡ ਕੰਪਨੀ ਤੋੜ ਦਿੰਦਾ ਹੈ।

ਗਦਰ -1857

ਇੰਗਲੈਂਡ ਦੀ ਬੈਂਕ ਨੂੰ ਹਥਿਆ ਕੇ ਸਰਕਾਰ ਨੂੰ ਪਹਿਲਾਂ ਹੀ ਆਪਣਾ ਮੋਹਰਾ ਬਣਾ ਲਿਆ ਹੋਇਆ ਹੈ ਕਿਉਂਕਿ ਜਿਸ ਹੱਥ ਧਨ ਕਰ ਦੇਖੇ ਸੋਇ ...... ਉਹ ਭਾਰਤ ਦੀ ਰਾਜ ਸੱਤਾ ਸਿੱਧੀ ਆਪਣੇ ਹੱਥ ਲੈ ਲੈਂਦਾ ਹੈ। ਕਰਾਊਨ ਯਾਨੀ 'ਤਾਜ' ਉਸਦੇ ਕਾਰੋਬਾਰ ਦਾ ਪਛਾਣ ਚਿੰਨ੍ਹ (ਐਂਬਲਮ) ਹੈ। ਉਸ ਦਾ ਹੈਡ ਕੁਆਰਟਰ ਸਿਟੀ-ਆਫ-ਲੰਡਨ (ਇਕ-ਵਰਗ-ਮੀਲ-ਲੰਡਨ) ਵਿਚ ਸਥਿਤ ਹੈ।

1871-ਐਲਬਰਟ ਪਾਈਕ ਦੀ ਤਿੰਨ ਯੁਧਾ ਦੀ ਦਾਰਸ਼ਨਿਕਤਾ

ਝਾਕੀ - 10

ਆਦਮ ਵਿਸ਼ੁਪਤ ਤੋ ਬਾਅਦ ਸਾਰੇ ਸਮਿਆਂ ਦੇ ਇਲੂਮੀਨਾਟੀ ਦੇ ਮਹਾਨ ਪੈਗੰਬਰ ਐਲਬਰਟ ਪਾਈਕ ਆਪਣੇ ਸਭ ਤੋ ਨੇੜਲੇ ਮਿੱਤਰ ਇਟਲੀ ਦੇ ਮਹਾਨ ਇਨਕਲਾਬੀ ਮੌਜੀਨੀ ਨੂੰ ਇਕ ਪੱਤਰ ਰਾਹੀ ਘੱਟੋ ਘੱਟ ਤਿੰਨ ਵਿਸ਼ਵ ਯੁੱਧਾਂ ਦੀ ਲੋੜ ਅਤੇ ਪਰਯੋਜਨ ਬਾਰੇ ਲਿਖਦਾ ਹੈ। ਪਹਿਲੇ ਯੁਧ ਰਾਹੀਂ ਇਨਕਲਾਬ ਮਚਾ ਕੇ ਰੂਸ ਦੇ ਜ਼ਾਰ ਦਾ ਬੀਜ ਨਾਸ਼ ਕਰਨਾ ਹੈ। ਦੂਜੇ ਰਾਹੀ ਪਾਲਬੰਦੀ ਹੋਰ ਤਿਖੀ ਤੇ ਡੂੰਘੀ ਕਰਨੀ ਅਤੇ ਕਾਰਲ ਰਿਟਰ ਅਤੇ ਨੀਤਸ਼ੇ ਦੀ ਸਰਪ੍ਰਸਤੀ ਹੇਠ ਚਲ ਰਹੇ ਆਰੀਆਂ ਸਾਮੰਤਸ਼ਾਹੀ ਦਾ ਖਾਤਮਾ ਕਰਨਾ



Scanned with OKEN Scanner
Scanned with OKEN Scanner

ਹੈ। ਤੀਜੇ ਵਿਸ਼ਵ ਯੁੱਧ 'ਚ ਅਰਬ ਦੇ ਅਤੇ ਦੁਨੀਆਂ ਦੇ ਮੁਸਲਿਮ ਜਗਤ ਨੂੰ ਬਹੁ ਪੱਖੀ ਢੰਗਾਂ ਰਾਹੀਂ ਨਸ਼ਟ ਕਰਨਾ ਤੇ ਤੇਲ ਧਨ ਹਥਿਆ ਕੇ ਇਕ-ਵਿਸ਼ਵੀ-ਨੇਮ ਨੂੰ ਅਮਲ 'ਚ ਲਾਗੂ ਕਰਨਾ .....

ਉਕਤ ਦਾਰਸ਼ਨਿਕਤਾ ਅਨੁਸਾਰ ਦੋ ਯੁੱਧ ਲਗ ਚੁਕੇ ਹਨ ਤੇ ਤੀਸਰਾ ਬਰੂਹਾਂ ਤੇ ਹੈ ..

1885-ਕਾਂਗਰਸ ਪਾਰਟੀ ਦਾ ਗਠਨ, ਝਾਕੀ - 11

ਬੰਬੇ, ਕਲਕੱਤਾ ਅਤੇ ਮਦਰਾਸ ਦੀਆਂ ਗ੍ਰੈਂਡ ਮੈਸੋਨਿਕ ਲਾਜਜ਼ (Grand Masonic Lodges) ਅਸਲ ਵਿਚ ਇਲੂਮਿਨਾਟੀ ਦੀਆਂ ਗਤੀਵਿਧੀਆਂ ਦੀਆਂ ਵੀ ਕੇਂਦਰ ਹਨ। ਦੇਸੀ ਅਤੇ ਬਦੇਸ਼ੀ ਹਸਤੀਆਂ ਇਨ੍ਹਾਂ ਦੀਆਂ ਬਰਾਬਰ ਮੈਂਬਰ ਹਨ।

ਉ1857 ਦੇ ਗਦਰ ਦੀ ਅਸਫਲਤਾ ਮਗਰੋਂ ਭਾਰਤੀ ਲੋਕਾਂ ਵਿਚ ਸਹਿਮ ਵੀ ਹੈ ਅਤੇ ਅਸੀਮਤ ਆਕਰੋਸ਼ ਵੀ ਹੈ। ਜਿਸ ਦੇ ਭਾਵਾ ਨਿਕਾਸ ਲਈ ਅਤੇ ਇਲੂਮੀਨਾਟੀ ਦਾ ਏਜੰਡਾ ਲਾਗੂ ਕਰਨ ਲਈ 28 ਦਸੰਬਰ, 1885 ਨੂੰ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਹੁੰਦੀ ਹੈ ਜਿਸ ਦੀ ਮੰਜੂਰੀ ਵਾਈਸ ਰਾਏ ਕੋਲੋ ਵੀ ਲਈ ਜਾਂਦੀ ਹੈ। ਕੁਲ 72 ਡੈਲੀਗੇਟ (ਇਲੂਮੀਨਾਟੀ ਭਰਾ) ਸ਼ਾਮਲ ਹੁੰਦੇ ਹਨ।

THE FIRST INDIAN NATIONAL CONGRESS, 1885.

ਏ. ਉ. ਹੀਊਮ, ਵਿਲੀਅਮ ਵੈਡਰਬਰਨ, ਜਾਨ ਜਾਰਡੀਨ ਅਤੇ ਉਮੇਸ਼ ਚੰਦਰ ਬੈਨਰਜੀ ਪਹਿਲੇ ਸੰਸਥਾਪਕ ਥਾਪੇ ਜਾਂਦੇ ਹਨ। ਇੰਡੀਅਨ ਨੈਸ਼ਨਲ ਕਾਂਗਰਸ ਦਾ ਇਤਿਹਾਸ ਹੀ ਭਾਰਤੀ ਆਜਾਦੀ ਦਾ ਇਤਿਹਾਸ ਹੈ। ਉਦੋਂ ਤੋ ਲੈ ਕੇ ਅੱਜ ਤਕ ਇਹ ਜ਼ਾਇਅਨਵਾਦੀ, ਗੁਪਤ ਇਲੂਮੀਨਾਟੀ ਦਾ ਭਾਰਤੀ ਸਿਆਸੀ ਵਿੰਗ ਬਣੀ ਤੁਰੀ ਆਉਦੀ ਹੈ। ਇਹ ਗੈਰ-ਪ੍ਰਸੰਗਿਕ ਹੋ ਜਾਏਗੀ ਤਾਂ ਨਵੀਂ ਲੈ ਆਉਣਗੇ .....

ਇਲੂਮੀਨਾਟੀ ਭਰਾਵਾਂ ਦਾ ਨਰਮ ਧੜਾ, ਗਰਮ ਧੜਾ, ਗਾਂਧੀ ਦੀ ਅਗਵਾਈ ਵਿਚ ਨਾ ਮਿਲਵਰਤਨ ਸੱਤਿਆਗ੍ਰਹਿ, ਸਿਵਲ-ਨਾ-ਫੁਰਮਾਨੀ, ਭਾਰਤ ਛੋੜੋ ਆਦਿ ਇਸ ਦੀਆਂ ਵੱਖ ਵੱਖ ਝਲਕੀਆਂ ਹਨ।

Scanned with OKEN Scanner

Scanned with OKEN Scanner

1897-ਬੇਸਲ ਵਿਖੇ ਪਹਿਲੀ ਜਾਇਅਨਵਾਦੀ ਕਾਂਗਰਸ,

ਝਾਕੀ - 12

ਉਹਨਾਂ ਦਾ ਨਿਰਣਾ ਹੈ ਕਿ ਹੁਣ ਉਹ ਏਨੇ ਮਜਬੂਤ ਹਨ ਕਿ ਗੁਪਤਤਾ ਦੇ ਪਰਦਿਆਂ ਪਿਛਿਉ ਬਾਹਰ ਆ ਕੇ ਪਰਤੱਖ ਕਰਾਮਾਤਾਂ ਕਰਨ ਦਾ ਸਮਾਂ ਆ ਗਿਆ ਹੈ।



ਰੋਥਸਚਾਈਲਡ ਬੈਂਕਰ ਬੈਂਕਾ ਦੇ ਖਜ਼ਾਨਿਆ ਦਾ ਮੁਹਾਣ ਖੋਲ ਦਿੰਦੇ ਹਨ। ਉਨਾਂ ਦੇ ਖਰਚੇ ਤੇ 17 ਦੇਸ਼ਾਂ ਦੇ ਲਗ ਭਗ 200 ਡੈਲੀਗੇਟਸ ਦਾ ਤਿੰਨ ਦਿਨਾਂ ਪਹਿਲਾ ਸੰਮੇਲਨ ਥੀਉਡੋਰ ਹਰਜਲ ਦੀ ਅਗਵਾਈ ਵਿਚ ਬਸਲੇ (ਸਵਿਟਜਰਲੈਂਡ) ਵਿਖੇ ਹੁੰਦਾ ਹੈ।

ਯਹੂਦ-ਮਾਤਰਭੂਮੀ, ਇਸਰਾਈਲ, ਦੀ ਸਥਾਪਤੀ ਦਾ ਇਕ ਮਾਤਰ ਮਤਾ ਪਾਸ ਹੁੰਦਾ ਹੈ।

'ਪ੍ਰੋਟੋਕੋਲ' ਨੂੰ ਪੱਥ ਪਰਦਰਸ਼ਨਾ ਦਾ ਦਸਤਾਵੇਜ ਸਵੀਕਾਰਿਆ ਜਾਦਾ ਹੈ।

ਹਰ ਇਕ ਯਹੂਦੀ ਦੇ ਜਿੰਮੇ ਪਵਿਤਰ ਕਾਰਜ ਹੈ ਕਿ ਉਹ ਜਿਥੇ ਵੀ ਤੇ ਜਿਵੇ ਵੀ ਹੋਵੇ ਬਦ ਅਮਨੀ, ਬੇਚੈਨੀ ਅਤੇ ਹਿੰਸਾ ਭੜਕਾਈ ਰੱਖੇ।

ਮਾਣ ਵਾਲੀ ਗੱਲ ਹੈ ਕਿ ਉਨੀਵੀਂ ਸਦੀ ਨੂੰ ਸਾਡੇ ਸਰਪ੍ਰਸਤ 'ਰੌਥਸਚਾਈਲਡ ਦੀ ਸਦੀ' ਕਿਹਾ ਜਾਣ ਲੱਗੇਗਾ।

ਹੋਰ ਤਿੰਨ ਸਾਲਾਂ ਬਾਅਦ ਸੁਰੂ ਹੋਣ ਵਾਲੀ ਵੀਹਵੀਂ ਸਦੀ ਦੇ ਆਰਥਿਕ ਸਿਆਸੀ ਸੰਕਟਾਂ, ਇਨਕਲਾਬਾਂ, ਵਿਸ਼ਵ ਯੁਧਾਂ ਅਤੇ ਸਮਾਜਕ ਇੰਤਹਾਆਂ ਦਾ ਸਰਵੇਖਣ ਕਰਨ ਲਈ ਅਤੇ ਜਾਇਅਜਵਾਦੀ ਏਜੰਡੇ ਨੂੰ ਅੱਗਿਉ ਅੱਗੇ ਤੋਰਦੇ ਰੱਖਣ ਲਈ ਆਪਣੇ ਸਲਾਨਾ ਸੰਮੇਲਨ ਹੁੰਦੇ ਰਿਹਾ ਕਰਨਗੇ।

1901, ਝਾਕੀ - 13

ਵਾਰੇ ਵਾਰੇ ਜਾਂਦਾ ਹਾਂ ਰੂਸੀ ਪ੍ਰੋਫੈਸਰ ਮਿਸਟਰ ਸਰਗੇਈ ਨਾਈਲਜ ਦੀ ਜ਼ੁਅੱਰਤ ਦੇ। ਜਾਇਅਨਵਾਦੀਆਂ ਦੇ ਪਥ ਪਰਦਰਸ਼ਕ ਇੱਕ ਦਸਤਾਵੇਜ ਨੇ ਦਹਾਕਿਆ ਸਦੀਆਂ ਤਕ ਲੁਕਣਮੀਚੀ ਖੇਲੀ ਹੈ। ਗਲਿੰਕਾ ਨੇ ਉਸ ਨੂੰ ਲੱਭਿਆ ਹੈ। ਪ੍ਰੋ. ਨਾਈਲਸ ਨੇ ਉਸਨੂੰ ਪ੍ਰਕਾਸ਼ਤ ਕੀਤਾ ਹੈ। ਨਾਮ ਰੱਖਿਆ ਹੈ - Perils of the Jews.

ਪ੍ਰੋ. ਨਾਈਲਸ ਸਤਾਈ ਸਾਲ ਵੱਖ ਵੱਖ ਤੇ ਰੰਗ ਰੰਗ ਦੀਆਂ ਸਰਕਾਰਾਂ ਹੱਥੋਂ

ਤਸੀਹੇ ਭੋਗਦਾ ਹੈ। ਅੰਤ ਕਤਲ ਹੁੰਦਾ ਹੈ।

ਇਸ ਦਸਤਾਵੇਜ ਦੇ ਅਨੇਕਾਂ ਭਾਸ਼ਾਵਾਂ ਵਿਚ, ਮੇਰੇ ਰਾਹੀਂ ਪੰਜਾਬੀ ਵਿਚ ਵੀ, ਉਲਥੇ ਹੋ ਚੁੱਕੇ ਹਨ। ਪਰ ਦੁਨੀਆ ਹਾਲੇ ਤਕ ਵੀ ਘੋਗਲ ਕੰਨੀ ਹੈ।

23 ਦਸੰਬਰ 1913 ਦਾ ਅਮਰੀਕੀ ਫੈਡਰਲ ਰੀਜ਼ਰਵ ਐਕਟ, ਝਾਕੀ - 14

ਭੂਤ, ਵਰਤਮਾਨ ਤੇ ਭਵਿੱਖ ਦੇ ਅਸੀਮਤ ਸਮਿਆਂ ਦੀ ਇਹ ਵਿਲੱਖਣ, ਅਹਿਮ ਤੇ ਯੁੱਗ ਪਲਟਾਊ ਘਟਨਾ ਹੈ। ਵੁਡਰੂ ਵਿਲਸਨ ਦੀ ਪ੍ਰਧਾਨਗੀ ਵਾਲੀ ਸੈਨੇਟ ਦੇ ਸੰਮੇਲਨ ਵਿਚ ਫੈਡਰਲ ਰੀਜ਼ਰਵ ਐਕਟ 1913 ਬੜੀ ਕਾਹਲੀ ਨਾਲ ਪਾਸ ਹੋ ਜਾਂਦਾ ਹੈ। ਡਾਲਰ ਦੇ ਪਰਚਲਨ ਦੀ ਮਾਲਕੀ ਪ੍ਰਾਈਵੇਟ ਬੈਂਕਰਾਂ ਦੀ ਨਵੀਂ ਬਣੀ ਸੰਸਥਾ ਜਿਸ ਦੀ ਅਗਵਾਈ ਰੋਥਸਚਾਈਲਡ ਕਰ ਰਿਹਾ ਹੈ, ਨੂੰ ਸੌ-ਸਾਲਾ-ਚਾਰਟਰ ਤੇ ਸੌਂਪ ਦਿੱਤੀ ਜਾਂਦੀ ਹੈ। ਠੀਕ ਇਹੋ ਜਿਹੀ ਨਿੱਜੀ ਮਾਲਕੀ ਦੇ ਵਿਰੋਧ ਵਿਚ ਹੀ ਪਹਿਲਾਂ ਤਿੰਨ ਪ੍ਰਧਾਨਾਂ .... ਗੈਰੀਬਾਲਡੀ, ਮੈਕਨਲੇ ਅਤੇ ਅਬਰਾਹਮ ਲਿੰਕਨ .... ਨੇ ਆਹੂਤੀ ਦਿਤੀ ਹੋਈ ਹੈ। (ਉਂਜ 1963 ਵਿਚ ਵੀ ਪ੍ਰਧਾਨ ਜਾਨ-ਕੈਨੇਡੀ ਦਾ ਵੀ ਕਤਲ ਹੁੰਦਾ ਹੈ।)



PRESIDENT'S SIGNATURE ENACTS CURRENCY LAW

Wilson Declares It the First of Series of Constructive Acts to Aid Business.

Makes Speech to Group of Democratic Leaders.

Conference Report Adopted in Senate by Vote of 43 to 25.

Banks All Over the Country Hasten to Enter Federal Reserve System.

1914-1919 - ਪਹਿਲਾ ਵਿਸ਼ਵ ਯੁੱਧ, ਝਾਕੀ - 15

ਅਮਰੀਕੀ ਡਾਲਰ ਦੀ ਮਾਲਕੀ ਹਥਿਆਉਣ ਮਗਰੋਂ ਅਮਰੀਕੀ ਜਨਰਲ ਪਾਈਕ ਦਾ ਰੋਡ-ਮੈਪ ਅਮਲ ਵਿਚ ਆਉਣਾ ਸ਼ੁਰੂ ਹੁੰਦਾ ਹੈ। ਵਿਸ਼ਵੀ ਸਮੀਕਰਨ ਬਦਲ ਸੁੱਟੇ ਜਾਂਦੇ ਹਨ। ਆਸਟਰੀਆ, ਜਰਮਨੀ, ਇਟਲੀ ਇਕ ਪਾਸੇ ਅਤੇ ਇੰਗਲੈਂਡ, ਫ੍ਰਾਂਸ, ਰੂਸ ਆਦਿ ਦੂਜੇ ਪਾਸੇ ਅਤੇ ਪਹਿਲਾ ਵਿਸ਼ਵ ਯੁੱਧ ਆਰੰਭ ਹੋ ਜਾਂਦਾ ਹੈ। 1917 ਦੇ



Scanned with OKEN Scanner

'ਵੈਲਫਰ ਸਮਝੌਤੇ' ਮਗਰੋਂ ਅਮਰੀਕਾ ਵੀ ਯੁਧ ਵਿਚ ਕੁਦ ਪੈਂਦਾ ਹੈ। ਇਸ ਵਿਚ ਕਾਰਲ-ਮਾਰਕਸ ਅਤੇ ਕਾਰਲ ਰਿਟਰ ਦੀਆਂ ਵਿਚਾਰਧਾਰਾਵਾਂ ਵੀ ਭਿੜਦੀਆਂ ਹਨ।

ਅਕਤੂਬਰ 1917, ਝਾਕੀ - 16

ਅਫਰਾ ਤਫਰੀ ਦੇ ਮਹੌਲ ਵਿਚ ਗੁਪਤ ਤੌਰ ਤੇ ਰੂਸੀ ਜ਼ਾਰ ਆਪਣੇ ਸ਼ਾਹੀ ਖਜਾਨੇ ਦਾ ਸੋਨਾ, ਇਕ ਮਾਲ ਗੱਡੀ ਵਿਚ ਲੱਦ ਕੇ ਅਮਾਨਤ ਦੇ ਤੌਰ ਤੇ ਆਪਣੇ ਰਿਸ਼ਤੇਦਾਰ ਇੰਗਲੈਂਡ ਦੇ ਬਾਦਸ਼ਾਹ ਨੂੰ ਭੇਜ ਦਿੰਦਾ ਹੈ ਜੋ ਰੌਥਸਚਾਈਲਡ ਦੀ ਮਾਲਕੀ ਵਾਲੇ ਬੈਂਕ ਆਫ ਇੰਗਲੈਂਡ ਵਿਚ ਪੁਜ ਜਾਂਦਾ ਹੈ। ਉਸੇ ਅਤੇ ਹੋਰ ਧਨ ਦੀ ਸਹਾਇਤਾ ਨਾਲ ਰੂਸ ਵਿਚ ਅਕਤੂਬਰ ਵਾਲਸ਼ਵਿਕ ਇਨਕਲਾਬ ਮਚਦਾ ਹੈ।

ਜ਼ਾਰ ਨਿਕੋਲਸ ਅਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਦਾ ਸਮੂਹਿਕ ਕਤਲ ਹੁੰਦਾ ਹੈ। ਛੋਟਾ ਬੱਚਾ ਵੀ ਬਖਸ਼ਿਆ ਨਹੀਂ ਜਾਦਾ ਹੈ।

1939-42-45 ਦੂਜਾ ਵਿਸ਼ਵ ਯੁੱਧ, ਝਾਕੀ - 17

ਆਰਥਿਕ ਸੰਕਟ ਹੋਰ ਡੂੰਘਾ ਕੀਤਾ ਜਾਂਦਾ ਹੈ। ਇਕ ਯਹੂਦੀ ਇਕ ਈਸਾਈ ਦਾ ਕਤਲ ਕਰਦਾ ਹੈ। ਦੰਗੇ ਭੜਕਦੇ ਹਨ। ਜਰਮਨੀ ਨੂੰ ਵੱਖ ਕਰਦੇ ਹੋਏ ਹਿੱਸੇ ਤਕ ਪੁਜਣ ਲਈ ਪੋਲੈਂਡ ਵਿਰੁਧ ਹਮਲਾ ਕਰਨ ਲਈ ਮਜ਼ਬੂਰ ਕੀਤਾ ਜ਼ਾਦਾ ਹੈ। ਦੂਸਰਾ ਵਿਸ਼ਵ ਯੁਧ ਭੜਕ ਪੈਂਦਾ ਹੈ। ਸਮੀਕਰਨ ਪਹਿਲੇ ਵਾਲੇ ਹੀ ਰਹਿੰਦੇ ਹਨ।

ਵਿਚਾਰਧਾਰਕ ਸਮੀਕਰਨ ਵੀ ਪਹਿਲੇ ਵਾਲੇ ਹੀ ਹਨ .... ਮਾਰਕਸਵਾਦ ਬਨਾਮ ਕਾਰਲ ਰਿਟਰ- ਨੀਤਸ਼ੇਵਾਦ ਯਾਨੀ ਆਰੀਅਨ ਸਾਮੰਤਸ਼ਾਹੀ ..... (ਜਾਪਾਨ ਤੇ ਐਟਮੀ ਧਮਾਕੇ)

ਅਖੌੜੀ ਤੌਰ ਤੇ ਸੱਠ ਲੱਖ ਯਹੂਦੀਆਂ ਦਾ ਕਤਲਾਮ ਵਾਪਰਦਾ ਹੈ।

Scanned with OKEN Scanner

ਅਸਲ ਯੁੱਧ ਭਾਵੇ ਤਿੰਨ ਸਾਲ ਦੇ ਅੰਦਰ ਅੰਦਰ ਜਿਤ ਹਾਰ ਦਾ ਨਿਰਨਾ ਕਰ ਦਿੰਦਾ ਹੈ ਪਰ ਸੰਕਟ ਹੋਰ ਡੂੰਘਾ ਕਰਨ ਲਈ ਹੋਰ ਲਮਕਾਇਆ ਜਾਂਦਾ ਹੈ।

ਦੋਵੇਂ ਵਿਰੋਧੀ ਗੁਟਾਂ ਦੇ ਦੇਸ਼ ਸਾਹ ਸਤ ਹੀਨ ਤੇ ਨਿਸਲ ਹੋ ਜਾਦੇ ਹਨ।

ਜਾਪਾਨ ਦੇ ਦੋ ਸ਼ਹਿਰਾਂ ਤੇ ਐਟਮੀ ਬੰਬਾਂ ਦੇ ਧਮਾਕਿਆਂ ਨਾਲ ਯੁਧ ਐਲਾਨੀਆ ਖ਼ਤਮ ਹੋ ਜਾਂਦਾ ਹੈ। ਯੁਧ ਭੜਕਾਊ ਤਾਕਤਾਂ ਦੀ ਫਤਹਿ ਹੁੰਦੀ ਹੈ।

ਠੰਡੀ ਜੰਗ ਦਾ ਆਗਾਜ਼ ਹੁੰਦਾ ਹੈ ਯਾਨੀ ਜੀਵਨ ਮਾਰੂ ਹਥਿਆਰਾਂ, ਜ਼ਹਿਰਾਂ ਦੀ ਖੋਜ ਅਤੇ ਉਤਪਾਦ ਦਾ ਅਨੋਖਾ ਯੁਗ ਸ਼ੁਰੂ ਹੁੰਦਾ ਹੈ। ਸੁਵਿਧਾ ਲਈ ਦੁਨੀਆ ਦੋ ਗੁਟਾਂ ... ਅਮਰੀਕਾ ਬਨਾਮ ਸੋਵੀਅਤ ਰੂਸ ਵਿਚ ਵੰਡ ਦਿਤੀ ਜਾਂਦੀ ਹੈ .....

1946, ਝਾਕੀ - 18

ਜੰਗ ਭੜਕਾਊ ਤਾਕਤਾਂ ਅਰਥਾਤ ਧਨਾਡ ਬੈਂਕਰ ਨੰਗੇ ... ਚਿੱਟੇ ਰੂਪ ਵਿਚ ਆਪਣਾ ਏਜੰਡਾ ਅਰਥਾਤ ਇਕ ਵਿਸ਼ਵੀ ਨੇਮ (One World Order) ਅੱਗੇ ਤੋਰਦੇ ਹਨ। ਆਈ.ਐਮ.ਐਫ, ਵਿਸ਼ਵ ਬੈਂਕ, ਯੂ.ਐ.ਓ ਆਦਿ ਦੀ ਸਥਾਪਨਾ ਹੁੰਦੀ ਹੈ।

1947, ਝਾਕੀ - 19

ਇਲੂਮੀਨਾਟੀ ਗੁਪਤ ਢੰਗ ਨਾਲ ਪਰਤੱਖ ਨੇਤਾਵਾਂ ਰਾਹੀ ਆਪਣਾ ਏਜੰਡਾ ਲਾਗੂ ਕਰਦੀ ਹੈ। ਆਜ਼ਾਦੀ ਦੇ ਨਾਮ ਤੇ ਭਾਰਤ ਉਪ ਮਹਾਂ ਦੀਪ ਨੂੰ ਧਾਰਮਿਕ ਅਸਹਿਨਸ਼ੀਲਤਾ ਦੇ ਪਰਦੇ ਹੇਠ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ। ਅਥਾਹ ਲਹੂ ਡੁਲਦਾ ਹੈ। ਭਾਰਤ ਸੋਵੀਅਤ ਗੁਟ ਵਿਚ ਅਤੇ ਪਾਕਿਸਤਾਨ ਅਮਰੀਕੀ ਗੁਟ ਵਿਚ ਵੰਡ ਦਿੱਤੇ ਜਾਂਦੇ ਹਨ।



1948, ਝਾਕੀ - 20

ਯਹੂਦੀ ਇਸਰਾਈਲ ਦੀ ਮੁੜ ਸੁਰਜੀਤੀ .....

1871 ਦੇ ਅਲਰਟ ਪਾਈਕ ਦੇ ਵਿਸ਼ਵ ਯੁਧਾ ਦੇ ਤੀਸਰੇ ਭਾਗ ਦਾ .....

1897 ਦੇ ਹਰਜ਼ਲ ਥੀਉਡੋਰ ਦੀ ਜਾਇਅਨਵਾਦੀ ਕਾਂਗਰਸ ਦੇ ਮੁੱਖ ਏਜੰਡੇ ਦਾ ...

Scanned with OKEN Scanner

Scanned with OKEN Scanner

1917--- ਦੇ ਵੈਲਫਰ ਸਮਝੌਤੇ ਦਾ .....

ਸਹਿਜ ਅਮਲ, 1948 ਵਿਚ ਇਸਰਾਈਲ ਦੇਸ਼ ਦੀ ਮੁੜ ਸੁਰਜੀਤੀ ਦੇ ਅਮਲ ਵਿਚ ਹੁੰਦਾ ਹੈ। ਇਸਰਾਈਲ ਦਾ ਸਰਕਾਰੀ ਐਲਾਨ ਹੈ :-

"By way of Deception, Thou Shalt do War."

(ਕਪਟ ਕਮਾਉ, ਯੁਧ ਮਚਾਉ)

ਅਰਬ ਖੇਤਰ ਵਿਚ ਲਗਾਤਾਰ ਤੱਤੇ ਅਤੇ ਠੰਡੇ ਯੁਧਾ ਦੀ ਸਥਿਤੀ ਬਣਾਈ ਗਈ ਹੋਈ ਹੈ। ਮਹਾਂ ਜੋੜ ਅਤੇ ਮਹਾ ਤੋੜ ਲਗਾਤਾਰ ਬਣੇ ਹੋਏ ਹਨ।

ਸਮੁੱਚੇ ਤੌਰ ਤੇ ਇਹ ਇੰਤਹਾਆਂ ਦੀ ਸਦੀ ਹੋ ਨਿਬੜਦੀ ਹੈ .....।

21ਵੀਂ ਸਦੀ, ਝਾਕੀ - 21 ਅਤੇ ਇਸ ਤੋਂ ਪਾਰ

ਇੱਕੀਵੀਂ ਸਦੀ ਦਾ ਆਗਾਜ਼ ਵਿਸ਼ਵ ਵਪਾਰ ਕੇਂਦਰ ਦੇ ਢਹਿਣ ਨਾਲ ਹੁੰਦਾ ਹੈ।



ਬਾਕਾਇਦਾ ਚਾਰਟਰ ਰਾਹੀਂ 2006 ਵਿਚ ਬੈਂਕ ਆਫ ਚਾਈਨਾ ਨੂੰ ਵਿਸ਼ਵ ਬੈਂਕ ਦੀ ਬ੍ਰਾਂਚ ਬਣਾ ਲਿਆ ਜਾਂਦਾ ਹੈ।

ਏਸੇ ਕਰਕੇ BRICS Bank ਹੋਂਦ ਵਿਚ ਨਹੀਂ ਆ ਸਕਿਆ ਹੈ। ਚੀਨ ਅਤੇ ਇੰਡੀਆ ਦੋਵਾਂ ਨੇ ਸਾਬੋਤਾਜ ਕੀਤਾ ਹੈ। ਤੇਰਾਂ ਮੈਂਬਰੀ ਪ੍ਰੀਸ਼ਦ (1773) ਦੇ ਪੱਕੇ ਮੈਂਬਰ ਸਾਉਦੀ ਅਰਬ ਅਤੇ ਇਸਰਾਈਲ ਦੀ ਮੌਸਾਦ ਰਾਹੀਂ ਆਈ.ਐਸ.ਆਈ. ਦੀ ਸਥਾਪਨਾ ਹੁੰਦੀ ਹੈ।

ਇਰਾਕ, ਸੀਰੀਆ, ਲਿਬੀਆ, ਈਰਾਨ ਆਦਿ ਤੇ ਹੋਰ ਮੁਸਲਿਮ ਦੇਸ਼ਾਂ ਵਿਚ ਦਹਿਸ਼ਤ ਮਚੀ ਹੋਈ ਹੈ ..... ਮੁਸਲਿਮ ਮਾਨੂਮੈਂਟਸ ਦੀ ਤਬਾਹੀ ਹੋ ਰਹੀ ਹੈ ..... ਮੁਸਲਿਮ ਲੋਕ ਘਰੋਂ ਬੇਘਰ ਹੋ ਕੇ ਰੀਫੀਊਜੀ ਬਣ ਕੇ ਦੇਸ਼ ਬਦਰ ਹੋਈ ਜਾ ਰਹੇ ਹਨ .. ।

ਇਸਰਾਈਲ ਦੀ ਮੁੜ ਸੁਰਜੀਤੀ (1948) ਦੇ ਨਾਲ ਹੀ ਮੁਸਲਿਮ ਦੁਨੀਆ ਵਿਰੁਧ ਤੀਸਰੀ ਵਿਸ਼ਵ ਜੰਗ ਸ਼ੁਰੂ ਹੋ ਜਾਂਦੀ ਹੈ ਜੋ ਕਿਸੇ ਨਾ ਕਿਸੇ ਰੂਪ ਵਿਚ ਚੱਲੀ ਜਾ ਰਹੀ ਹੈ। ਇਰਾਕ, ਸੀਰੀਆ, ਲਿਬੀਆ, ਅਫਗਾਨਿਸਤਾਨ ਮੁੱਢੋਂ ਤਬਾਹ ਕੀਤੇ ਜਾ ਰਹੇ ਹਨ। ਤਬਾਹੀ ਅਜੇ ਜਾਰੀ ਹੈ। ਐਲਰਟ ਪਾਈਕ ਦੀ ਦੋ ਤੋਂ ਮਗਰੋਂ ਤੀਸਰੇ ਵਿਸ਼ਵ ਯੁਧ ਦੀ ਦਾਰਸ਼ਿਨਕਤਾ ਸਹਿਜ ਵੇਗ ਵਿੱਚ ਲਾਗੂ ਕੀਤੀ ਜਾ ਰਹੀ ਹੈ।



ਸੀਰੀਆ ਦੀ ਤਬਾਹੀ

ਸਕਰਿਪਟ

ਇਤਿਹਾਸ

ਸਦੀ - ਅੱਠਵੀ

ਖੁਆਰੀਆ

Scanned with OKEN Scanner

Scanned with OKEN Scanner

ਖਜਾਰ ਸਲਤਨਤ ਦੀ 8ਵੀਂ, 9ਵੀਂ ਸਦੀ ਈਸਵੀ ਦੀ ਰੂਪ ਰੇਖਾ ਝਲਕੀਆਂ ਵਿਚ ਦਿਖਾਈ ਜਾ ਰਹੀ ਹੈ। ਤੁਸੀਂ ਦੇਖਦੇ ਹੋ .....

ਧੁਰ ਪੂਰਬੀ ਯੂਰਪ 'ਚ ਇਕ ਸਲਤਨਤ ਵਸਦੀ ਹੈ, ਨਾਮ ਹੈ ਖਜਾਰ ਦੇਸ਼। ਸਲਤਨਤ ਦੇ ਰਾਜੇ ਅਤੇ ਲੋਕਾ ਦਾ ਆਪਣਾ ਦੇਵ ਵਾਦੀ, ਬਹੁ ਦੇਵ ਵਾਦੀ ਮੱਤ ਹੈ।

ਬਾਦਸ਼ਾਹ ਬਲਕਾਨ

ਸਮਾਂ ਹੈ ਅੱਠਵੀਂ ਸਦੀ (740 ਈ:) ਦਾ। ਬਾਦਸ਼ਾਹ ਬਲਕਾਨ ਦਾ ਰਾਜ ਹੈ। ਜੋਧਿਆਂ ਦਾ ਦੇਸ਼ ਹੈ। ਇਕ ਪਾਸੇ ਵਿਸ਼ਾਲ ਸਾਗਰ, ਦੂਸਰੇ ਪਾਸੇ ਉਚੇ ਖੁਸ਼ਕ ਪਰਬਤ ਹਨ। ਪੱਛਮ ਵੱਲ ਅਰਬ ਦੇ ਦੇਸ਼ ਅਤੇ ਪੂਰਬ ਵਲ ਸਕੈਂਡੀਨੇਵੀਆ ਦੇ ਵਾਈਕ ਸਮੁੰਦਰੀ ਲੁਟੇਰੇ ਤੇ ਪੱਛਮੀ ਯੂਰਪ ਸਥਿਤ ਹਨ। ਪੱਛਮੀ ਯੂਰਪ ਵਲ ਈਸਾਈ ਮੱਤ ਫੈਲ ਚੁਕਿਆ ਹੈ ਅਤੇ ਅਰਬ 'ਚ ਇਸਲਾਮ ਮੱਤ ਨੇ ਪੈਰ ਜਮਾ ਲਏ ਹੋਏ ਹਨ।

ਦੋਵਾਂ ਪਾਸਿਉਂ ਰਾਜ ਪੱਧਰ ਤੇ ਦਬਾਅ ਪੈ ਰਿਹਾ ਹੈ ਕਿ ਪੁਰਾਤਨ ਧਰਮ ਤਿਆਗ ਕੇ ਨਵਾਂ ਧਰਮ, ਅਪਣਾਇਆ ਜਾਵੇ। ਨਹੀਂ ਤਾਂ ਸਿੱਟੇ ਮਾੜੇ ਨਿਕਲਗੇ ਤੇ ਤਬਾਹੀ ਮੱਚੇਗੀ।



ਸਮਾਂ ਏਦਾਂ ਦਾ ਹੈ ਕਿ ਯਹੂਦੀ ਵੀ ਦਰ ਦਰ ਭਟਕ ਰਹੇ ਹਨ। ਉਨ੍ਹਾ ਦਾ ਤੀਜਾ ਉਜਾੜਾ ਵੀ ਵਾਪਰ ਚੁਕਿਆ ਹੋਇਆ ਹੈ। ਖਜਾਰ ਦਾ ਬਾਦਸ਼ਾਹ ਅਤੇ ਉਸਦਾ ਮਹਾਂ ਮੰਤਰੀ ਫਿਕਰਮੰਦ ਹਨ ਕਿ ਕੀ ਕੀਤਾ ਜਾਵੇ।

ਗੁਪਤ ਮਸ਼ਵਰਾ

ਮਹਿਲ ਦੀ ਇੱਕ ਗੁਪਤ ਬੈਠਕ ਵਿਚ ਬਾਦਸ਼ਾਹ ਅਤੇ ਮਹਾਂ ਮੰਤਰੀ ਆਪਸ ਵਿਚ ਮਸ਼ਵਰਾ ਕਰ ਰਹੇ ਹਨ :-

ਬਾਦਸ਼ਾਹ : ਸਾਡਾ ਖਾਨਦਾਨ ਹੀ ਇਹ ਮਾਣ ਹਾਸਲ ਕਰ ਸਕਿਆ ਹੈ ਕਿ ਪਿਛਲੇ 100 ਸਾਲ ਤੋਂ ਬਦਸਤੂਰ ਇਕਸਾਰ ਖਜਾਰ ਸਲਤਨਤ ਤੇ ਰਾਜ ਕਰ ਰਿਹਾ ਹੈ .....।

Scanned with OKEN Scanner

ਮਹਾਂਮੰਤਰੀ : ਬਾਦਸ਼ਾਹ ਸਲਾਮਤ, ਇਸਦਾ ਵੱਡਾ ਕਾਰਨ .... ।

ਬਾਦਸ਼ਾਹ : ਮੈਨੂੰ ਫੇਰ ਟੋਕਣਾ ਪੈ ਰਿਹਾ ਹੈ ਕਿ ਭਾਵੇਂ ਅਸੀਂ ਬਾਦਸ਼ਾਹ ਅਤੇ ਮਹਾਂਮੰਤਰੀ ਹਾਂ, ਪਰ ਏਥੇ ਅਸੀਂ ਭਰਾ ਭਰਾ ਹਾਂ। ਚਚੇਰੇ ਤਤੇਰੇ ਭਰਾ ..... ਮੈਂ ਵੱਡਾ ਤੇ ਤੂੰ ਛੋਟਾ ਚਚੇਰਾ ਭਰਾ ..... ਏਥੇ ਅਸੀਂ ਭਾਈਆਂ ਵਾਂਗ ਗੁਪਤ ਮਸ਼ਵਰਾਂ ਕਰਦੇ ਹਾਂ। ਬੋਲੋ।

ਛੋਟਾ ਭਾਈ : ਹਾ, ਤਾ ਬਦਸਤੂਰ ਰਾਜ, ਦਾ ਵੱਡਾ ਕਾਰਨ ਹੈ, ਸਾਡੇ ਖਾਨਦਾਨ ਦੇ ਚੌਥੇ ਵਡੇਰੇ ਦੀ 'ਵਸੀਅਤ' ਜਿਸ ਵਿਚ ਸਾਫ ਹਦਾਇਤ ਹੈ ਕਿ ਜੇਕਰ ਸਾਡੇ ਖਾਨਦਾਨ ਨੇ ਲੰਬੇ ਤੋਂ ਲੰਬਾ ਸਮਾ ਰਾਜ ਕਰਨਾ ਹੈ ਤਾਂ ਰਾਜ ਗੱਦੀ ਲਈ ਆਪਸੀ ਵਿਰੋਧ ਤੇ ਲੜਾਈ ਨਾ ਹੋਵੇ। ਵੱਡੇ ਸ਼ਹਿਜਾਦੇ ਦਾ ਵੱਡਾ ਲੜਕਾ ਬਾਦਸ਼ਾਹ, ਛੋਟੇ ਸ਼ਾਹਜਾਦੇ ਦਾ ਵੱਡਾ ਲੜਕਾ ਮਹਾਂ ਮੰਤਰੀ ਤੇ ਏਵੇਂ ਹੀ ਇਹ ਦੋਵੇਂ ਬਾਕੀ ਸ਼ਾਹਜਾਦਿਆਂ ਦੇ ਰੁਤਬੇ ਤੈਅ ਕਰਨ। ਬਾਦਸ਼ਾਹ ਤੇ ਮਹਾਂਮੰਤਰੀ ਨੂੰ ਪਤਾ ਹੁੰਦਾ ਹੈ ਕਿ ਅਗਲਾ ਬਾਦਸ਼ਾਹ ਤੇ ਮਹਾਂ ਮੰਤਰੀ ਕਿਸਨੇ ਹੋਣਾ ਹੈ। ਏਸੇ ਅਨੁਸਾਰ ਸਿਖਿਆ ਦਿਤੀ ਜਾਂਦੀ ਹੈ।

ਵੱਡਾ ਭਾਈ : ਠੀਕ ਹੈ .... ਤਾਂ ਹੀ ਤਾਂ ਮੈਂ ਆਖਦਾ ਹਾ ਕਿ ਜਦੋਂ ਅਸੀਂ ਇਸ ਬੈਠਕ ਵਿਚ ਬੈਠਦੇ ਹਾਂ ਤਾ ਬਾਦਸ਼ਾਹ ਸਲਾਮਤ ਤੇ ਮਹਾਂ ਮੰਤਰੀ ਨਹੀਂ ਸਗੋਂ ਭਾਈ ਭਾਈ ਹੁੰਦੇ ਹਾਂ .... ਤੇ ਖਾਨਦਾਨੀ ਪ੍ਰੰਪਰਾ ਅਨੁਸਾਰ ਰਾਜ ਦੇ ਅਹਿਮ ਮਸਲੇ ਵਿਚਾਰਦੇ ਹਾਂ .... ਹਾਂ ਤਾ ਅੱਜ ਦਾ ਅਹਿਮ ਮੁਖ ਮਸਲਾ ਹੈ .... ਰਾਜ ਧਰਮ।

ਛੋਟਾ ਭਾਈ : ਆਪਾਂ ਚੰਗੀ ਤਰਾਂ ਜਾਣਦੇ ਹਾਂ ਕਿ ਸਦੀਵੀਂ ਮੱਤ ਉਹੀ ਰਹਿ ਸਕਦਾ ਹੈ ਜਿਸ ਦਾ ਆਪਣਾ ਗ੍ਰੰਥ ਵੀ ਹੋਵੇ ਯਾਨੀ 'ਕਿਤਾਬ ਵਾਲਾ ਮੱਤ' ਹੋਏ। ਸਿੰਧੂ (ਹਿੰਦੂ) ਤੇ ਯਹੂਦੀ 'ਕਿਤਾਬ' ਵਾਲੇ ਮਤ ਸਨ। ਫੇਰ 7-8 ਸੌ ਸਾਲ ਪਹਿਲਾ ਸੰਤ ਪਾਲ ਨੇ ਈਸਾ ਨੂੰ ਮਹਾਂ ਨਾਇਕ ਬਣਾ ਕੇ ਬਾਈਬਲ ਵਾਲਾ ਮੱਤ ਯਾਨੀ ਈਸਾਈ ਮੱਤ ਉਪਜਾ ਦਿਤਾ।

ਛੋਟਾ ਭਾਈ : ਐਵੇਂ 100 ਕੁ ਸਾਲ ਪਹਿਲਾ ਕੁਰਾਨ ਵਾਲਾ ਮਤ ਹਜ਼ਰਤ ਮੁਹੰਮਦ ਨੇ ਆਰੰਭ ਕੀਤਾ 'ਇਸਲਾਮ ਮੱਤ'।

ਵੱਡਾ ਭਾਈ : ਇਹ ਵੀ ਤੂਫਾਨ ਵਾਂਗ ਝੂਲ ਰਿਹਾ ਹੈ। ਸਾਡੇ ਖਾਨਦਾਨ ਨੇ ਹੀ ਏਸ ਨੂੰ ਯੂਰਪ ਵਲ ਵਧਣੋਂ ਰੋਕਿਆ ਹੋਇਆ ਹੈ। ਪਰ ਕਿੰਨਾ ਕੁ ਚਿਰ ਰੋਕ ਸਕਦੇ ਹਾਂ .....

ਛੋਟਾ ਭਾਈ : ਹੁਣ ਸਾਡੇ ਤੇ ਦੋਵਾ ਪਾਸਿਉ ਦਬਾਅ ਹੈ। ਵੱਡੀ ਗੱਲ ਕਿ ਉਧਰ ਯਹੂਦੀਆਂ ਦੀ ਗੁਪਤ ਕੇਂਦਰੀ ਪ੍ਰੀਸ਼ਦ ਨੇ ਵੀ ਪਹੁੰਚ ਕੀਤੀ ਹੈ। ਖੇਰੂੰ ਖੇਰੂੰ ਹੋ ਕੇ ਲੁਪਤ

Scanned with OKEN Scanner

Scanned with OKEN Scanner

ਹੋਣ ਤੋਂ ਬਚਣ ਲਈ ਉਹ ਸਾਨੂੰ ਆਪਣਾ ਬਾਦਸ਼ਾਹ ਮੰਨਣ ਲਈ ਵੀ ਤੱਤਪਰ ਹਨ। ਉਨ੍ਹਾ ਦਾ ਬਾਦਸ਼ਾਹ, ਉਹਨਾ ਦਾ ਪੈਗੰਬਰ ਵੀ ਹੁੰਦਾ ਹੈ। ਸਮਾ ਐਸਾ ਆ ਗਿਆ ਹੈ ਕਿ ਡੂੰਘੀ ਰਾਜ ਨੀਤੀ ਤੋਂ ਕੰਮ ਨਾ ਲਿਆ ਤਾਂ ਅਸੀਂ ਵੀ ਦਰੜੇ ਜਾਵਾਂਗੇ .....।

ਵੱਡਾ ਭਾਈ : ਹਾਂ ਛੋਟੇ ਭਾਈ, ਮਸਲਾ ਰਾਜ ਦੇ ਬਚਾਅ ਦਾ ਤਾਂ ਹੈ ਹੀ, ਮਸਲਾ ਖਾਨਦਾਨੀ ਬਚਾਅ ਦਾ ਵੀ ਹੈ, ਨਿੱਜੀ ਜਾਨਾਂ ਦੇ ਬਚਾਅ ਦਾ ਵੀ ਹੈ। ਕੀ ਕੀਤਾ ਜਾਏ ....?

ਛੋਟਾ ਭਾਈ : ਮੈਂ ਤੁਹਾਡੀ ਰਾਏ ਨਾਲ ਅਤੇ ਮੰਤਰੀ ਮੰਡਲ ਦੀ ਸਲਾਹ ਨਾਲ, ਤਿੰਨਾਂ ਧਾਰਮਕ ਮੁਖੀਆਂ ਨੂੰ ਇਕ ਦੂਜੇ ਤੋਂ ਲੁਕਵੇਂ ਪੈਗਾਮ ਭੇਜੇ ਸਨ ਕਿ ਆਪੋ ਆਪਣੇ ਧਰਮ ਦੇ ਮਾਹਿਰਾਂ ਨੂੰ ਦਰਬਾਰ ਵਿਚ ਭੇਜਣ। ਉਹ ਆਪੋ ਆਪਣਾ ਪੱਖ ਪੇਸ਼ ਕਰਨ। ਆਖਰੀ ਫੈਸਲਾ ਬਾਦਸ਼ਾਹ ਸਲਾਮਤ ਦੇ ਹੱਥ ਹੋਏਗਾ।

ਵੱਡਾ ਭਾਈ : ਤੁਸੀਂ ਬਿਲਕੁਲ ਠੀਕ ਕੀਤਾ .....

ਛੋਟਾ ਭਾਈ : ਉਂਜ ਮੈਂ ਹਿੰਦੂਮਤੰ ਦੇ ਬੁਲਾਰੇ ਨੂੰ ਵੀ ਸੱਦ ਲਿਆ ਸੀ। ਇਹ ਚਾਰੋਂ ਪਹੁੰਚ ਚੁੱਕੇ ਹਨ। ਤਿੰਨ ਸਾਮੀ ਮੱਤ ਅਤੇ ਇਕ ਸਿੰਧੂ ਅਰਥਾਤ ਹਿੰਦੂ ਮਤ। ਅੱਜ ਇਨ੍ਹਾਂ ਦੇ ਵਿਚਾਰ ਸੁਣੀਏ .....

ਵੱਡਾ ਭਾਈ : ਮੇਰੀ ਰਾਏ ਹੈ ਕਿ ਇਸ ਸਿੰਧੂ ਮੱਤੀਏ ਨੂੰ ਪਹਿਲਾਂ ਅਤੇ ਸਭ ਤੋਂ ਵੱਖਰਾ ਸੁਣੀਏ। ਬਾਕੀ ਤਿੰਨਾਂ ਨੂੰ ਵੀ ਪਹਿਲਾਂ ਵੱਖੋ ਵੱਖ ਅਤੇ ਆਖਰੀ ਦਿਨ ਤਿੰਨਾਂ ਨੂੰ ਇਕੱਠੇ ਕਰੀਏ ਤੇ ਦਾਰਸ਼ਨਿਕਤਾ ਦੀਆਂ ਝੜਪਾ ਦੇਖੀਏ। ਕੋਈ ਐਸਾ ਰਾਹ ਕੱਢੀਏ ਕਿ ਸਾਡੇ ਆਖਰੀ ਫੈਸਲੇ ਤੇ ਕਿਸੇ ਨੂੰ ਵੀ ਇਤਰਾਜ਼ ਨਾ ਰਹੇ। ਉਂਜ ਇਹ ਮਸਲਾ ਬੜਾ ਹੀ ਪੇਚੀਦਾ ਹੈ। ਵਿਵਹਾਰਕ ਤੌਰ ਤੇ ਸਾਰੇ ਅੱਗ ਦੀਆ ਲਾਟਾਂ ਹਨ।

ਛੋਟਾ ਭਾਈ : ਵੱਡੇ ਭਾਅ, ਤੁਸੀ ਬਿਲਕੁਲ ਬੇਫਿਕਰ ਰਹੋ। ਐਸਾ ਰਸਤਾ ਨਿਕਲ ਆਏਗਾ ਜਿਸ ਤੇ ਕੋਈ ਅਸਹਿਮਤ ਨਹੀਂ ਹੋਏਗਾ। ਆਖਰਕਾਰ ਅਸੀਂ ਸੌ ਸਾਲਾ ਸ਼ਾਹੀ ਖਾਨਦਾਨੀਏ ਹਾਂ। ਆਖਰ ਕੋਈ ਤਾਂ ਵਿਸ਼ੇਸ਼ਤਾ ਹੈ ਨਾ ..... ਆਪਾਂ ਚਲੀਏ ਤਿਆਰ ਹੋਈਏ। ਸਭ ਤੋਂ ਪਹਿਲਾ ਵੇਦ ਮੱਤੀਏ ਨੂੰ ਸੁਣੀਏ। ਹਿੰਦੂ ਮੱਤ ਨੂੰ ਵੇਦ ਮੱਤ ਵੀ ਕਿਹਾ ਜਾਂਦਾ ਹੈ।

Scanned with OKEN Scanner
Scanned with OKEN Scanner

ਖਜਾਰ ਬਨਾਮ ਹਿੰਦੂ ਮਤ

ਸੱਜਿਆ ਧੱਜਿਆ ਹਾਲ ਹੈ। ਬਾਦਸ਼ਾਹ ਅਤੇ ਮਹਾਂ ਮੰਤਰੀ ਵਿਚਕਾਰ ਬਿਰਾਜਮਾਨ ਹਨ। ਬਾਦਸ਼ਾਹ ਦਾ ਸਿੰਘਾਸਨ, ਮਹਾਂ ਮੰਤਰੀ ਨਾਲੋ ਵੀ ਉਚੇਰਾ ਹੈ। ਸਾਹਮਣੇ ਹਿੰਦੂ ਮਤ ਦਾ ਇਕ ਮੁਖ ਪੁਜਾਰੀ ਅਰਥਾਤ ਵਿਦਵਾਨ ਅਤੇ ਦੋ ਉਸਦੇ ਸਹਾਇਕ ਬਿਰਾਜਮਾਨ ਹਨ।

ਮਹਾਂ ਮੰਤਰੀ : ਹਿੰਦੂ ਮੱਤ ਦੇ ਮਹਾਂ ਪੁਜਾਰੀ ਜੀ ਅਰਥਾਤ ਵਿਦਵਾਨ ਜੀ, ਤੁਹਾਡਾ ਮੁਕਾਬਲਾ ਤਿੰਨ ਸਾਮੀ ਮੱਤਾਂ ਨਾਲ ਹੈ। ਤੁਸੀਂ ਵੀ ਸਾਮੀ ਮੱਤਾਂ ਦੇ ਖ਼ੂਬ ਵਿਦਵਾਨ ਹੋਵੋਗੇ। ਤੁਹਾਡੀ ਉਨ੍ਹਾ ਨਾਲ ਵਿਚਾਰ ਚਰਚਾ ਹੁੰਦੀ ਰਹੀ ਹੋਵੇਗੀ। ਤੁਸੀਂ ਉਨ੍ਹਾਂ ਦੀ ਆਲੋਚਨਾ ਵੀ ਸੁਣੀ ਸਮਝੀ ਹੋਵੇਗੀ। ਤੁਸੀਂ ਬਾਦਸ਼ਾਹ ਸਲਾਮਤ ਦੇ ਸਾਹਮਣੇ ਆਪਣੇ ਵਿਚਾਰ ਏਸ ਤਰ੍ਹਾ ਪੇਸ਼ ਕਰੋ ਕਿ ਆਲੋਚਨਾ ਦੇ ਉਤਰ ਵੀ ਤੁਹਾਡੀ ਵਿਆਖਿਆ ਵਿਚ ਆ ਜਾਣ। ਬਾਦਸ਼ਾਹ ਸਲਾਮਤ ਵੱਲੋਂ ਆਗਿਆ ਹੈ।

ਹਿੰਦੂ ਵਿਦਵਾਨ : ਬਾਦਸ਼ਾਹ ਸਲਾਮਤ, ਮੈ ਪੂਰੀ ਕੋਸ਼ਿਸ਼ ਕਰਾਂਗਾ ਕਿ ਮਹਾਂ ਮੰਤਰੀ ਜੀ ਦੇ ਆਦੇਸ਼ ਅਤੇ ਆਗਿਆ ਦੀ ਪਾਲਣਾ ਕਰਾਂ ....

ਹਿੰਦੂ ਮੱਤ ਇੰਤਹਾਆਂ ਦਾ ਸੁਮੇਲ ਹੈ। ਇਹ ਇੱਕੋ ਸਮੇਂ ਸਿਰੇ ਦਾ ਆਸਤਿਕਵਾਦੀ, ਨਾਸਤਿਕਵਾਦੀ, ਦੇਵਵਾਦੀ, ਬਹੁਦੇਵਵਾਦੀ, ਦਵੈਤਵਾਦੀ ਅਤੇ ਅਦਵੈਤਵਾਦੀ ਹੈ।

ਮਹਾਂ ਮੰਤਰੀ : ਕਮਾਲ ਹੈ ਬਾਈ ..... ਵਿਆਖਿਆ ਅੱਗੇ ਵਧੇ।

ਹਿੰਦੂ ਵਿਦਵਾਨ : ਬਾਦਸ਼ਾਹ ਸਲਾਮਤ ਸਾਮੀ ਮੱਤਾਂ ਅਰਥਾਤ ਯਹੂਦੀ, ਈਸਾਈ ਤੇ ਇਸਲਾਮ ਦਾ ਆਦਿ ਪੈਗੰਬਰ ਅਬਰਾਹਮ ਹੈ, ਜੋ ਯੇਹੋਵਾਹ, ਪਰਮੇਸ਼ਵਰ ਤੇ ਅੱਲਾਹ ਦਾ ਇਕੋ ਸਮੇਂ ਯਥਯੋਗ ਦੋਸਤ, ਸ਼ਿਸ਼ ਤੇ ਸੰਦੇਸ਼ਕ ਸੀ। ਹਿੰਦੂ ਮਤ ਇੱਕ ਗ੍ਰੰਥ, ਇਕ ਸੰਚਾਲਕ ਸ਼ਕਤੀ, ਇਕ ਪਰਵਚਨ, ਇਕ ਵਿਸ਼ਵਾਸ ਤੇ ਅਧਾਰਤ ਨਹੀਂ।

ਇਹ ਚਾਰ ਵੇਦਾਂ-ਰਿਗਵੇਦ, ਸਾਮਵੇਦ, ਯਜੁਰਵੇਦ, ਅਥਰਵੇਦ, 108 ਉਪਨਿਸ਼ਦਾਂ, 108 ਪੁਰਾਣਾਂ, ਅਨੇਕਾਂ ਸਮਿਰਤੀਆਂ, ਦੋ ਮਹਾਂਕਾਵਾਂ (ਰਮਾਇਣ ਅਤੇ ਮਹਾਂਭਾਰਤ) ਦੋ ਅਵਤਾਰਾਂ, ਅਣਗਿਣਤ ਦੇਵੀ ਦੇਵਤਿਆਂ ਦੀ ਹਸਤੀ ਤੇ ਅਧਾਰਤ ਹੈ, ਅੰਕੜੇ ਵਧੀ ਜਾਂਦੇ ਹਨ ਤੇ ਵਧੀ ਜਾਣਗੇ। ਆਸਥਾ ਇਸਦਾ ਮੁੱਢ ਹੈ। ਵਿਚਾਰਾਂ ਦੀਆ ਲੜੀਆਂ ਦੀਆ ਲੜੀਆਂ ਇਕ ਪੱਖ ਵਿਚ ਅਤੇ ਬਰੋ ਬਰਾਬਰ ਹੀ ਵਿਰੋਧੀ ਪੱਖ ਵਿਚ

Scanned with OKEN Scanner

Scanned with OKEN Scanner

ਭੁਗਤਦੀਆਂ ਹਨ। ਇਥੋਂ ਤੱਕ ਕਿ ਇਹ ਸਵੈ ਵਿਰੋਧੀ ਵੀ ਹਨ। ਇਹ ਅਕੀਦੇ ਨਾਲੋਂ ਆਸਥਾ ਅਤੇ ਜੀਵਨ ਜਾਂਚ (Way of Life) ਤੇ ਵਧੇਰੇ ਜ਼ੋਰ ਦਿੰਦਾ ਹੈ। ਇਹ ਨਿਰ ਅਵਤਾਰਵਾਦੀ, ਅਵਤਾਰਵਾਦੀ, ਤੱਤ ਪੂਜ, ਸ਼ਖਸੀ ਪੂਜ ਅਤੇ ਪੱਥਰ ਪੂਜ ਵੀ ਹੈ। ਪੂਜਾ ਸਥਾਨ ਵੱਡੇ ਵੱਡੇ ਭਵਨ-ਮੰਦਿਰ ਵੀ ਹਨ ਅਤੇ ਕਿਸੇ ਰਾਹੇ ਵਿਚ ਪੈਰਾ ਵਿਚ ਖਿਲਰਦਾ ਪੱਥਰ ਕੰਕਰ ਵੀ ਪੂਜਣ ਯੋਗ ਹੋ ਜਾਂਦਾ ਹੈ ਜਦੋਂ ਉਸ ਤੇ ਭਗਵਾ ਟਿੱਕਾ ਲਗਾ ਕੇ ਉਸਨੂੰ ਨਿਵੇਕਲਾ ਜਿਹਾ ਟਿਕਾ ਦਿਤਾ ਜਾਦਾ ਹੈ। ਹੋਰ ਤਾਂ ਹੋਰ ਬੁੱਧ ਮੱਤ ਅਤੇ ਜੈਨ ਮੱਤ ਦੇ ਬਾਨੀਆਂ ਤੇ ਮਹਾਂ ਭਿਕਸੂਆ ਨੂੰ ਵੀ ਅਵਤਾਰਾਂ ਦਾ ਦਰਜਾ ਦੇ ਕੇ ਆਪਣੇ ਵਿਚ ਸਮੋਅ ਲਿਆ ਹੈ ਤੇ ਅੱਗੋਂ ਹੋਰਾਂ ਨੂੰ ਵੀ ਸਮੋਂਦੇ ਰਹਿਣਾ ਹੈ।

ਬਾਦਸ਼ਾਹ ਬਲਕਾਨ: .... ਬਈ ਕਮਾਲ ਹੈ .....

ਹਿੰਦੂ ਵਿਦਵਾਨ : (ਖੁਸ਼ ਹੁੰਦਾ ਹੈ) ਬਾਦਸ਼ਾਹ ਸਲਾਮਤ ਕਮਾਲ ਦਰ ਕਮਾਲ ਹੈ। ਹਿੰਦੂ ਮਤ ਨੇ ਮਨੁੱਖ ਦੇ ਨਿਜੀ, ਸਮਾਜਕ, ਆਰਥਿਕ, ਰਾਜਨੀਤਿਕ, ਵਿਵਹਾਰਿਕ ਇਥੋ ਤਕ ਕਿ ਪੇਸ਼ਿਆ ਦੀ ਵੀ ਭਾਗ ਵੰਡ ਕਰ ਦਿੱਤੀ ਹੋਈ ਹੈ। ਅੱਗੇ ਹੋਰ ਹੋਈ ਜਾ ਰਹੀ ਹੈ ..... ਹਰ ਖੇਤਰ ਪੁਸ਼ਤੈਨੀ ਹੈ।

ਮਹਾ ਮੰਤਰੀ : ਬਾਦਸ਼ਾਹ ਸਲਾਮਤ ਨੂੰ ਬਹੁਤੀ ਤਫਸੀਲ ਪਸੰਦ ਨਹੀਂ ਹੋਇਆ ਕਰਦੀ। ਤੱਤਸਾਰ ਦੱਸੋ .....

ਹਿੰਦੂ ਵਿਦਵਾਨ : ਨਿਮਰਤਾ ਨਾਲ ਕਹਿੰਦਾ ਹਾਂ ਕਿ ਕੋਸ਼ਿਸ਼ ਕਰਦਾ ਹਾਂ। ਅਸਲ ਵਿਚ ਇਹ ਵਿਸ਼ਾ ਧਰਤੀ ਜਿਨ੍ਹਾ ਵਿਸ਼ਾਲ ਹੈ, ਪ੍ਰੀਵਰਤਨ ਸ਼ੀਲ ਹੈ ਅਤੇ ਹੋਰ ਹੋਈ ਜਾਂਦਾ ਹੈ। ਬਸ ਤੱਤਸਾਰ 1 ਚਾਰ ਦਾ ਅੰਕੜਾ ਅਥਾਂਹ ਮਹੱਤਵ ਰੱਖਦਾ ਹੈ। ਇਸ ਨੇ (ਹਿੰਦੂ ਮੱਤ ਨੇ) ਸਮੇਂ ਦੀ ਵੰਡ ਕੀਤੀ ਚਾਰ ਭਾਗਾਂ ਵਿਚ, ਸ਼ਤਯੁਗ, ਤਰੇਪਰ, ਦੁਆਪਰ, ਕਲਯੁਗ। ਗਿਆਨ ਦੀ ਵੰਡ ਕੀਤੀ ਚਾਰ ਵੇਦਾਂ ਵਿਚ, ਰਿਗਵੇਦ, ਸਾਮਵੇਦ, ਯਜੁਰਵੇਦ, ਅਰਥਵੇਦ। ਸਮਾਜ ਦੀ ਵੰਡ ਕੀਤੀ ਚਾਰ ਵਰਨਾਂ ਵਿਚ, ਬ੍ਰਾਹਮਣ, ਕਸ਼ੈਤਰੀ, ਵੈਸ਼, ਸੂਦਰ। ਮਨੁੱਖੀ ਜੀਵਨ ਦੀ ਵੰਡ ਕੀਤੀ ਚਾਰ ਆਸ਼ਰਮਾਂ ਵਿਚ, ਬ੍ਰਹਮਚਾਰੀ, ਗ੍ਰਿਹਸਤ, ਵਾਨਪ੍ਰਸਤ, ਸੰਨਿਆਸ। ਜੀਵਨ ਦੇ ਮਨੋਰਥ ਵੀ ਚਾਰ ਧਰਮ, ਅਰਥ, ਕਾਮ, ਮੋਕਸ਼। ਸਿਧੀ ਲਈ ਮਾਰਗ ਵੀ ਚਾਰ ਯੁੱਧ, ਯੋਗ, ਪ੍ਰੇਮਾਂ-ਭਗਤੀ ਤੇ ਸੋਮ ਰਸ। ਵੱਡੀ ਗੱਲ ਕਿ ਬ੍ਰਹਿਮੰਡ ਵੀ ਚਾਰ ਸ੍ਰੇਣਿਕ ..... ਮਾਇਆ, ਬ੍ਰਹਮਾਂ, ਵਿਸ਼ਨੂੰ, ਮਹੇਸ਼।

ਮਹਾਂ ਮੰਤਰੀ : ਬਾਦਸ਼ਾਹ ਸਲਾਮਤ ਲਈ ਰਾਜ ਧਰਮ ਦੇ ਨਜ਼ਰੀਏ ਤੋਂ ਇਹ ਕਿੱਥੇ ਖਲੋਂਦਾ ਹੈ?

Scanned with OKEN Scanner

ਹਿੰਦੂ-ਵਿਦਵਾਨ : ਤ੍ਰੇਤਰ ਤੇ ਦੁਆਪਰ ਦੇ ਦੋ ਬਾਦਸ਼ਾਹ ਹਨ - ਰਾਮ ਅਤੇ ਕ੍ਰਿਸ਼ਨ। ਦੋਵੇਂ ਅਵਤਾਰ ਹਨ। ਉਂਜ ਇਹ ਏਨਾਂ ਬਹੁ ਪਰਤੀ ਤੇ ਬਹੁ ਮੰਤਵੀਂ ਹੈ ਕਿ ਇਸ ਵਿਚ ਲੀਨ ਹੋਏ ਰਾਜੇ, ਮਹਾਰਾਜੇ, ਬਾਦਸ਼ਾਹ ਤਖਤੋ-ਤਾਜ ਤਿਆਗ ਕੇ ਸੰਨਿਆਸੀ-ਭਿਕਸ਼ੂ ਵੀ ਬਣ ਜਾਂਦੇ ਹਨ। ਬ੍ਰਾਹਮਣ ਯਾਨੀ ਪੁਜਾਰੀ ਬਾਦਸ਼ਾਹਾਂ ਤੋਂ ਵੀ ਵੱਧ ਸ੍ਰੇਸ਼ਟ ਹੁੰਦਾ ਹੈ। ਸਾਰੇ ਮਸਲਿਆਂ ਦਾ ਕੇਂਦਰ ਹੈ, ਧਨ। ਇਸ ਅਨੁਸਾਰ ਬਾਦਸ਼ਾਹ ਦਾ ਸ਼ਾਹੀ ਖਜ਼ਾਨਾ ਵੀ ਮੰਦਿਰ ਦੀ ਅਮਾਨਤ ਹੈ। ਯਾਨੀ ਬਾਦਸ਼ਾਹ ਦਾ ਧਨ ਮੰਦਿਰ ਦੀ ਅਮਾਨਤ ਅਤੇ ਮੰਦਿਰ ਦਾ ਧਨ ਵਕਤੀ ਰਾਜੇ ਦੀ ਅਮਾਨਤ। ਪੁਜਾਰੀ ਬਾਦਸ਼ਾਹ ਤੋਂ ਵੀ ਵਧੇਰੇ ਸ੍ਰੇਸ਼ਟ ਮੰਨੇ ਗਏ ਹਨ।

ਅਸਲ ਵਿਚ ਇਹ ਸਪਤ ਸਿੰਧੂ ਸੱਭਿਅਤਾ ਦੀ ਜੀਵਨ ਜਾਂਚ ਸੀ ਜਿਸਨੂੰ ਪੁਜਾਰੀਵਾਦ ਨੇ ਧਰਮ ਵਿਚ ਪ੍ਰੋਅ ਲਿਆ .....

ਮਹਾਂ ਮੰਤਰੀ : ਤੁਸੀਂ ਪੁਜਾਰੀ, ਮਹਾਂ ਪੁਜਾਰੀ ਕਹਿੰਦੇ ਹੋ। ਸਾਮੀ ਮੱਤ ਪਾਦਰੀ (ਬੀਸ਼ਪ), ਮਹਾਂ ਪਾਦਰੀ (ਆਰਕ ਬੀਸ਼ਪ) ਪੋਪ, ਮੁਲਾਂ, ਮੌਲਵੀ ਬਗੈਰਾ ਆਖਦੇ ਹਨ।

ਬਾਦਸ਼ਾਹ ਦੇ ਇਸ਼ਾਰੇ ਅਨੁਸਾਰ ਸਭਾ ਇਸ ਦਿਨ ਲਈ ਬਰਖਾਸਤ ਹੋ ਜਾਂਦੀ ਹੈ।

(ਦੂਜਾ ਦਿਨ)

ਅਗਲੇ ਦਿਨ ਸਦਨ 'ਚ ਜਾਣ ਤੋਂ ਪਹਿਲਾਂ ਬਾਦਸ਼ਾਹ ਅਤੇ ਮਹਾਂ ਮੰਤਰੀ ਫਿਰ ਵਿਸ਼ੇਸ਼ ਗੁਪਤ ਮਹਿਲ ਵਿਚ ਗੁਪਤ ਮਸ਼ਵਰਾ ਕਰ ਰਹੇ ਹਨ। ਇੱਥੇ ਵੀ ਉਹ ਇਕ ਦੂਜੇ ਨੂੰ ਵੱਡਾ ਭਾਈ ਅਤੇ ਛੋਟਾ ਭਾਈ ਹੀ ਆਖਦੇ ਹਨ।

ਵੱਡਾ ਭਾਈ : ਛੋਟੇ ਭਾਈ, ਤੁਸੀਂ ਸਾਮੀ ਮੱਤਾਂ ਦੇ ਤਿੰਨਾਂ ਨੁਮਾਇੰਦਿਆਂ ਨੂੰ ਆਹਮਣੇ ਸਾਹਮਣੇ ਇਕੋ ਦਰਬਾਰ ਵਿਚ ਸੱਦ ਲਿਆ ਹੈ। ਕੋਈ ਸਮੱਸਿਆ ਤਾ ਨਹੀਂ ਖੜੀ ਹੋ ਜਾਏਗੀ। ਤਿੰਨੇ ਹੀ ਸਾਡੇ ਲਹੂ ਦੇ ਪਿਆਸੇ ਨਾ ਹੋ ਜਾਣ। ਘੱਟੋ ਘੱਟ ਦੋ ਤਾਂ ਹੋਣਗੇ ਹੀ। ਮੱਤ ਤਾਂ ਆਖਰ ਅਸੀਂ ਇਕੋ ਇਕ ਹੀ ਆਪਣਾ ਸਕਦੇ ਹਾਂ .....

ਛੋਟਾ ਭਾਈ : ਤੁਸੀਂ ਤਾ ਪੁਸ਼ਤੈਨੀ ਬਾਦਸ਼ਾਹ ਹੋ ਹੀ, ਪਰ ਮੈਂ ਵੀ ਪੁਸ਼ਤੈਨੀ ਮਹਾਂ ਮੰਤਰੀ ਹਾਂ। ਇਹ ਆਹਮਣੇ ਸਾਹਮਣੇ ਇਕ ਦੂਜੇ ਦੇ ਵਾਲ ਪੁਟਣਗੇ ਤਾ ਸਾਨੂੰ ਆਪਣੀ ਮਰਜੀ ਕਰਨੀ ਹੋਰ ਸੌਖੀ ਹੋ ਜਾਏਗੀ। ਮੈਂ ਗੁਪਚਰਾਂ ਰਾਹੀਂ ਤਿੰਨਾਂ ਦਾ ਭੇਤ ਵੀ ਕੱਢ ਲਿਆ ਹੋਇਆ ਤੇ ਹੋਰ ਭੜਕਾ ਵੀ

Scanned with OKEN Scanner

ਦਿੱਤਾ ਹੋਇਆ। ਇਸਲਾਮੀਆਂ ਕੁਝ ਵਧੇਰੇ ਚਿੜਚਿੜਾ, ਗੁਸੈਖੋਰ ਤੇ ਅੜੀਅਲ ਹੈ। ਉਸਨੂੰ ਦਿੱਤੀ ਜਾਣ ਵਾਲੀ ਖੁਰਾਕ ਰਾਹੀਂ ਅਸੀਂ ਉਸਨੂੰ ਥੋੜਾ ਜਿਹਾ ਬੀਮਾਰ ਵੀ ਕਰ ਦਿੱਤਾ ਹੈ। ਅੱਜ ਤੁਸੀਂ ਛੋਟੇ ਭਾਈ ਦੀ ਕਰਾਮਾਤ ਵੀ ਦੇਖਦੇ ਰਹੋ .....

ਵੱਡਾ ਭਾਈ : ਮੈਨੂੰ ਮਾਣ ਹੈ ..... ਮੇਰਾ ਤਾਂ ਐਵੇ ਨਾਮ ਈ ਚਲਦਾ। ਉਂਜ ਜੇਕਰ ਹੋਰ ਮੰਤਰੀ ਅਤੇ ਧਰਮ ਸੰਸਦੀਏ ਵੀ ਬੁਲਾ ਲੈਂਦੇ .....

ਛੋਟਾ ਭਾਈ : ਬੜਾ ਹੀ ਅਹਿਮ ਤੇ ਸੂਖਮ ਮਸਲਾ ਹੈ ਜਿਸਨੇ ਆਉਣ ਵਾਲਾ ਜੱਗ ਜਹਾਨ ਬਦਲ ਕੇ ਰੱਖ ਦੇਣਾ ਹੈ। ਅਸੀਂ ਤਣਾਵਾਂ ਸਿਰਫ ਆਪਣੇ ਹੱਥ ਰੱਖੀਏ। ਚੱਲੀਏ .....।

(ਚਲਦੇ ਚਲਦੇ ਉਹ ਦਰਬਾਰੇ ਖਾਸ ਵਿਚ ਪੁੱਜ ਜਾਂਦੇ ਹਨ। ਜਿਥੇ ਚੌਹਾਂ ਮੱਤਾ ਦੇ ਨੁਮਾਇੰਦੇ ਪਹਿਲਾਂ ਹੀ ਹਾਜਰ ਹੁੰਦੇ ਹਨ।)

ਦਰਬਾਰ-ਏ-ਖ਼ਾਸ

ਦਰਬਾਰੇ ਖਾਸ (ਦਵਾਰਪਾਲ ਕਲਿਆਣ ਦਿੰਦਾ ਹੈ - ਬਾਦਸ਼ਾਹ ਸਲਾਮਤ, ਮਹਾਂ ਮੰਤਰੀ ਸਮੇਤ ਪਧਾਰ ਰਹੇ ਹੈਂ .....)

(ਬਾਦਸ਼ਾਹ ਉਚੇ ਆਸਣ ਤੇ ਬੈਠਦਾ ਹੈ। ਮਹਾਂ ਮੰਤਰੀ ਨੀਵੇਂ ਆਸਣ ਤੇ ਅਤੇ ਬਾਕੀ ਸਾਹਮਣੇ ਵਾਲੇ ਆਸਣਾਂ ਤੇ ਵਿਰਾਜਦੇ ਹਨ)

ਮਹਾਂ ਮੰਤਰੀ : (ਆਗਿਆ ਲੈ ਕੇ) ਬਾਦਸ਼ਾਹ ਸਲਾਮਤ ਵੱਲੋਂ ਤੁਹਾਡਾ ਸਾਰਿਆਂ ਦਾ ਸਵਾਗਤ ਹੈ। ਬਾਦਸ਼ਾਹ ਸਲਾਮਤ ਨੇ ਇਕ ਸ਼ਾਹੀ ਧਰਮ ਸੰਸਦ ਵੀ ਬਣਾਈ ਹੋਈ ਹੈ। ਉਥੇ ਵੀ ਚਰਚਾ ਚਲਦੀ ਰਹੀ ਹੈ। ਤੁਹਾਡੇ ਮੱਤਾਂ ਦੇ ਮੁਢਲੇ ਨਿਯਮਾ ਬਾਰੇ ਉਨ੍ਹਾਂ ਨੂੰ ਜਾਣਕਾਰੀ ਹੈ।

ਬਾਦਸ਼ਾਹ ਸਲਾਮਤ ਹੈਰਾਨ ਹਨ ਕਿ ਤਿੰਨੇ ਸਾਮੀ ਮਤ ਇਕ ਰੱਬ ਦੀ ਹੋਂਦ ਨੂੰ ਸਵੀਕਾਰ ਕਰਦੇ ਹਨ। ਯਹੂਦੀਆ ਨੇ ਨਾਮਕਰਨ ਕੀਤਾ ਹੈ ਯੇਹੋਵਾ, ਈਸਾਈਆਂ ਨੇ ਪ੍ਰਭੂ-ਪਰਮਾਤਮਾ, ਇਸਲਾਮ ਨੇ ਅੱਲਾਹ। ਤਿੰਨਾਂ ਦਾ ਹੀ ਪਹਿਲਾ ਸਾਂਝਾ ਪੈਗੰਬਰ ਹੈ ਅਬਰਾਹਮ। ਰੱਬੀ ਹੁਕਮ ਅਨੁਸਾਰ ਉਹ ਹਜਾਰਾਂ ਮੀਲਾਂ ਦਾ ਸਫਰ ਤੈਅ ਕਰਕੇ ਸਮੇਤ ਪ੍ਰੀਵਾਰ ਅਤੇ ਸੁਭਚਿੰਤਕਾਂ ਦੇ ਸਾਮੀ ਦੇਸ਼ਾਂ ਵਿਖੇ ਆਇਆ ਸੀ। ਤਿੰਨੋਂ ਅਬਰਾਹਮਨੀਅਤ ਮੱਤ ਹਨ। ਤਿੰਨਾ ਦੀ ਮੱਢਲੀ ਕਥਾ ਸਾਂਝੀ ਹੈ। ਇੱਹੀ ਕਿ ਕਦੇ ਬ੍ਰਹਿਮੰਡ ਧੁੰਦੂਕਾਰਾ ਸੀ। ਰੱਬ ਆਪ ਵੀ ਧੁੰਦੂਕਾਰਾ ਸੀ। ਫੁਰਨੇ ਅਨੁਸਾਰ ਉਸਨੇ ਹਨੇਰੇ ਦੇ ਨਾਲ ਚਾਨਣ ਰਚਿਆ। ਮਸ਼ਾਲਚੀ ਹਨੇਰੇ 'ਚ ਚਾਨਣ ਕਰਕੇ ਰਚਨਾ ਦੇ ਕਾਰਜ ਵਿਚ ਸਹਾਇਤਾ ਕਰਦਾ ਹੈ। ਬਸ ਏਥੋਂ ਅੱਗੇ ਮਸਲਾ ਵਿਗੜ ਜਾਂਦਾ ਹੈ। ਕੋਈ ਉਸਨੂੰ ਚਾਨਣ ਦਾ ਦੇਵਤਾ, ਸਰਘੀ ਦਾ ਤਾਰਾ, ਜੀਵਨ ਦਾ ਰਾਹ

Scanned with OKEN Scanner

ਦਸੇਰਾ ਮੰਨਣ ਲਗ ਜਾਂਦਾ ਹੈ। ਕੋਈ ਉਸਨੂੰ ਸ਼ੈਤਾਨ ਤੇ ਕੋਈ ਕਾਫਰ ਦਾ ਦਰਜਾ ਦਿੰਦਾ ਹੈ।

ਬਾਦਸ਼ਾਹ ਸਲਾਮਤ ਸਮਝਦੇ ਹਨ ਕਿ ਸਮੇ ਅਨੁਸਾਰ ਕੁਝ ਮੱਤਭੇਦ ਤਾਂ ਆਉਂਦੇ ਹੀ ਹਨ, ਪਰ ਤੁਸੀਂ, ਇਕੋ ਰੱਬ ਦੇ ਜੀਅ ਤਾਂ ਇਕ ਦੂਜੇ ਦੇ ਲਹੂ ਦੇ ਪਿਆਸੇ ਬਣ ਬੈਠੇ ਹੋ। ਘੁਗ ਵਸਦੀ ਬਾਕੀ ਦੁਨੀਆ ਨੂੰ ਵੀ ਤੁਸੀਂ ਵਖਤ ਪਾ ਦਿਤਾ ਹੋਇਆ ਹੈ। ਤੁਹਾਡੇ ਧਰਮਾਂ ਨਾਲੋਂ ਸਾਡਾ ਦੇਵ-ਵਾਦੀ ਤੇ ਬਹੁ-ਦੇਵ-ਵਾਦੀ ਮਤ ਕਿਤੇ ਚੰਗੇਰਾ ਹੈ ਜੋ ਵਧੇਰੇ ਸਹਿਨਸ਼ੀਲ ਅਤੇ ਪ੍ਰੀਵਰਤਨਸ਼ੀਲ ਹੈ। ਧਾਰਮਕ ਕੱਟੜਤਾ ਦਾ ਵਿਸ਼-ਚੱਕਰ ਕਦ ਤਕ ਚਲਦਾ ਰਹੇਗਾ ? ਕਦ ਤਕ ਓ ਯੇਹੋਵਾ, ਓ ਪ੍ਰਭੂ, ਓ ਅੱਲਾਹ ! ਕਦ ਤਕ ?

ਯਹੂਦ ਬੀਸ਼ਪ : ਅਬਰਾਹਮ ਸਾਡਾ ਪਹਿਲਾ ਪੈਗੰਬਰ ਸੀ। ਉਹ ਯੇਹੋਵਾ ਦਾ ਪਰਮ ਮਿੱਤਰ ਵੀ ਸੀ। ਉਹ ਪਰਮ ਮਿੱਤਰਾਂ ਵਾਂਗ ਆਪਸ ਵਿਚ ਵਿਚਾਰ ਵਟਾਂਦਰਾ ਕਰਦੇ ਸਨ। ਅਬਰਾਹਮ ਦਾ ਪੁੱਤਰ, ਇਸਾਕ ਅਤੇ ਇਸਾਕ ਦਾ ਪੁੱਤਰ ਯਾਕੂਬ ਹੋਏ। ਯੇਹੋਵਾ ਨੇ ਯਾਕੂਬ ਦਾ ਮੁੜ ਨਾਮ ਕਰਨ ਕਰਕੇ ਇਸਰਾਏਲ ਨਾਮ ਰੱਖਿਆ। ਯਾਕੂਬ ਦੇ ਪੁੱਤਰ ਯੂਸਫ ਨੇ ਆਪਣੀ ਕੌਮ ਨੂੰ ਮਿਸਰ ਸੱਦ ਲਿਆ। ਮਿਸਰੀਆਂ ਨੇ ਹੌਲੀ ਹੌਲੀ ਸਾਨੂੰ ਗੁਲਾਮ ਬਣਾ ਲਿਆ। ਅਸੀਂ ਬੜੇ ਦੁਖ ਸਹੇ। ਬਦਲੇ ਵਿਚ ਯੇਹੋਵਾ ਨੇ ਵੀ ਮਿਸਰੀਆਂ ਤੇ ਕਈ ਕਹਿਰ ਝੁਲਾਏ। ਯੇਹੋਵਾ ਦੀ ਰਜਾ ਅਤੇ ਹੁਕਮ ਅਨੁਸਾਰ ਹਜ਼ਰਤ ਮੂਸਾ ਨੇ ਸਾਨੂੰ ਮਿਸਰੀਆਂ ਤੋਂ ਆਜਾਦ ਕਰਾਇਆ। ਅਸੀਂ ਯੇਹੋਵਾ ਦੇ ਆਪਣੇ ਪਵਿਤਰ ਪਰਬਤ ਸੀਓਂ ਦੀ ਘਾਟੀ ਵਿਚ ਆਣ ਵੱਸੇ। ਯੇਹੋਵਾ ਨੇ ਮੂਸਾ ਨੂੰ ਦੋ ਤਖਤੀਆਂ ਉਪਰ ਆਪਣੀ ਹੱਥੀਂ ਲਿਖ ਕੇ 'ਦਸ ਹੁਕਮ ਸੁਣਾਏ'। ਯੇਹੋਵਾ ਨੇ ਮੂਸਾ ਰਾਹੀਂ ਜੀਵਨ ਦੇ ਹਰ ਪਹਿਲੂ ਲਈ ਪਵਿਤਰ ਹੁਕਮ ਦਿੱਤੇ। ਅਨੇਕਾਂ ਬਲੀਆਂ ਦੇ ਕੇ ਅਸੀਂ ਧਰਤੀ ਨੂੰ ਪਵਿਤਰ ਕੀਤਾ, ਪਹਿਲਾਂ ਰਹਿੰਦੀਆ ਕੌਮਾਂ ਜਿਵੇਂ ਕਿ ਹਿੱਤੀ, ਗਿਰਗਾਸ਼ੀ, ਅਮੋਰੀ, ਕਨਾਨੀ, ਪ੍ਰਿਜੀ, ਹਿੱਵੀ ਅਤੇ ਯਬੂਸ਼ੀ ਤੋਂ ਮੁਕਤੀ ਪਾਈ। ਸਾਡੇ ਪੈਗੰਬਰ ਬਾਦਸ਼ਾਹ ਦਾ ਸੁਨਹਿਰਾ ਰਾਜ ਸ਼ੁਰੂ ਹੋਇਆ। ਹੌਲੀ ਹੌਲੀ ਅਸੀਂ ਸੀਉ ਉਰਫ ਜੀਉਂ, ਉਰਫ ਜੇਰੂਸ਼ਲਮ ਵਸਾਇਆ। ਦੱਖਣ ਵਿਚ ਯੂਡਾਹ ਵਸਾਇਆ। ਦਾਊਦ (ਡੇਵਿਡ) ਸਾਡਾ ਪਹਿਲਾਂ ਮਹਾਨ ਬਾਦਸ਼ਾਹ ਪੈਗੰਬਰ ਸੀ।

ਲੜੀਵਾਰ ਡੇਵਿਡ (1006-960 BC) ਸੋਲਮੋਨ (960-935 BC), ਉਮਰੀ (878-871 BC), ਅਹਾਬ (871-852 BC), ਐਲੀਜਾਹ (845-817 BC), ਅਥਾਲੀਆਹ (845-839 BC), ਜਿਸ ਨੇ ਬਾਲ (BAAL) ਦੀ ਅਰਾਧਨਾ ਦੀ ਬੁਨਿਆਦ ਰੱਖੀ) ਹਜਕੀਆ (725-697 BC) ਆਦਿ ਬਾਦਸ਼ਾਹ ਹੋਏ। ਸਾਡੇ ਸਾਰੇ ਦੇ ਸਾਰੇ

Scanned with OKEN Scanner

ਬਾਦਸ਼ਾਹ ਯੇਹੋਵਾ ਦੇ ਪੈਗੰਬਰ ਤਾਂ ਹੈਨ ਹੀ ਸਨ। ਉਹ ਕਵੀ, ਪਰਚਾਰਕ, ਲੇਖਕ, ਨੈਤਿਕਤਾ ਦੇ ਆਲੋਚਕ ਵੀ ਅਤੇ ਰਖਵਾਲੇ ਵੀ ਅਤੇ ਬੜੇ ਦੂਰ ਅੰਦੇਸ਼ ਵੀ ਸਨ। ਅਬਰਾਹਮ ਵਾਂਗ ਉਹ ਯੇਹੋਵਾਂ ਦੇ ਮਿੱਤਰ ਹੋਣ ਕਰਕੇ ਸੱਭੋ ਕੁਝ ਜਾਨਣਹਾਰ ਸਨ। ਪਾਪੀਆਂ ਨਾਬਰਾਂ, ਕਾਫ਼ਰਾਂ ਲਈ ਸਖਤ ਸਜਾਵਾਂ ਦੇਣ ਵਾਲੇ ਅਤੇ ਤੋਬਾਹ ਕਰਨ ਵਾਲਿਆਂ ਲਈ ਬਖਸ਼ਣਹਾਰ ਵੀ ਸਨ। ਬਾਦਸ਼ਾਹ ਸਲਾਮਤ ਸਭੋਂ ਤੋਂ ਵੱਡੀ ਗੱਲ ਕਿ ਉਹ ਸਿਆਸਤ ਦੇ ਸਰਵ ਉਚ ਪ੍ਰਭੂ ਵੀ ਸਨ।

(ਉਹ ਬਾਦਸ਼ਾਹ ਵਲ ਭੇਦ-ਭਰੀਆਂ ਅਦਾਵਾਂ ਨਾਲ ਦੇਖਦਾ ਹੈ ਜਿਵੇਂ ਬਲਕਾਨ ਜੇਕਰ ਯਹੂਦੀ ਧਰਮ ਅਪਣਾ ਲਵੇ ਤਾਂ ਉਹ ਵੀ ਸਿਆਸਤ ਦਾ ਵੀ ਸਰਵ ਉਚ ਪ੍ਰਭੂ ਬਣ ਜਾਵੇਗਾ। ਬਾਦਸ਼ਾਹ ਵੀ ਸਿਰ ਹਿਲਾਉਂਦਾ ਹੈ .....)

ਯਹੂਦ-ਬੀਸ਼ਪ : (ਫੇਰ ਝੁੱਕ ਕੇ ਆਗਿਆ ਲੈ ਕੇ) ਬਾਦਸ਼ਾਹ ਸਲਾਮਤ ਮਹਾਨ ਅਬਰਾਹਮ ਦੇ ਅਸਲੀ ਨਿਰੋਲ ਅਸਲੀ ਵਾਰਿਸ ਅਸੀਂ ਯਹੂਦੀ ਤੇ ਕੇਵਲ ਅਸੀਂ ਹੀ ਹਾਂ। ਬਾਕੀਆਂ ਵਿਚ ਖੋਟ ਰਲ ਗਿਆ ਹੈ। ਹੋਰ ਸੁਣੋ ਨਜਰਥ ਨਿਵਾਸੀ, ਈਸਾ, ਸਾਡਾ ਯਹੂਦੀਆਂ ਦਾ ਪੁੱਤਰ ਪੋਤਰਾ ਸੀ। ਯਾਨੀ ਉਹ ਸਾਡਾ ਹੀ ਮੁੰਡੂ ਸੀ। ਉਹ ਸਾਡੇ ਹੀ ਇਕ ਗੁਮਰਾਹ ਹੋਏ ਦਾਰਸ਼ਿਨਕ ਸ਼੍ਰੀ ਮਾਨ 'ਪਾਲ' ਜਿਸਨੂੰ ਬਾਅਦ ਵਿਚ ਸੰਤ ਪਾਲ ਕਿਹਾ ਜਾਣ ਲੱਗਾ, ਤੋਂ ਬਹੁਤ ਪ੍ਰਭਾਵਿਤ ਹੋ ਗਿਆ। ਬਾਅਦ ਵਿਚ ਸੰਤ ਪੀਟਰ ਵੀ ਰਲ ਗਿਆ। ਈਸਾ ਸਾਡੇ ਚਰਚਾਂ ਵਿਚ ਜਾਏ, ਅਵਾ-ਤਵਾ ਬੋਲੇ ਤੇ ਖਾਹ-ਮਖਾਹ ਹੀ ਭੜਥੂ ਪਾਏ। ਇਕ ਦਿਨ ਚੌਰਾਹੇ ਤੇ ਖੜ ਕੇ ਸਾਡੇ ਤਿੰਨ ਮੁਢਲੇ ਮਹਾਨ ਮੂਲ-ਮੰਤਰਾਂ ਨੂੰ ਚੁਣੌਤੀ ਦੇਣ ਲਗ ਪਿਆ।

ਮਹਾਂ ਮੰਤਰੀ : ਬਾਦਸ਼ਾਹ ਸਲਾਮਤ ਜਾਨਣਾ ਚਾਹੁਣਗੇ ਕਿ ਤਿੰਨ ਮੁਢਲੇ ਮੂਲ-ਮੰਤਰਾਂ ਦਾ ਤੱਤਸਾਰ ਕੀ ਹੈ ?

ਯਹੂਦ ਬੀਸ਼ਪ : ਪਹਿਲਾ, ਕਿ ਯਹੂਦੀ ਯੇਹੋਵਾ ਦੇ ਸਭ ਤੋਂ ਵਧ ਚੁਨਿੰਦਾ ਬੰਦੇ ਹਨ (Choicest people of God)

ਦੂਸਰਾ, ਕਿ ਸਰਵ-ਲੋਕਾਈ ਚੋਂ ਸਭ ਤੋ ਚੁਨਿੰਦਾ ਹੋਣ ਦੀ ਹੈਸੀਅਤ ਵਿਚ ਇਨ੍ਹਾਂ ਨੂੰ ਦੁਨੀਆ ਭਰ ਦੇ ਰਾਜ ਦਾ ਰੱਬੀ-ਹੱਕ ਪ੍ਰਾਪਤ ਹੈ। ਤੀਸਰਾ, ਕਿ ਰਾਜ ਦੀ ਸੰਚਾਲਨਾ ਲਈ ਧਨ ਦੀ ਲੋੜ ਹੁੰਦੀ ਹੈ। ਦੁਨੀਆਂ ਭਰ ਦੇ ਧਨ ਤੇ ਕਬਜਾ ਯਹੂਦੀ ਰਾਜਿਆ ਦਾ ਰੱਬੀ ਹੱਕ ਹੈ।

ਮਹਾਂ ਮੰਤਰੀ : ਬਾਦਸ਼ਾਹ ਸਲਾਮਤ ਸਮਝਦੇ ਹਨ ਕਿ ਸਾਰੇ ਮੱਤ ਮਤਾਂਤਰ ਥੌੜੇ ਬਹੁਤੇ ਫਰਕ ਨਾਲ ਇਹੋ ਕੁਝ ਆਖਦੇ ਹਨ। ਇਨ੍ਹਾ ਨੂੰ ਕੀ ਇਤਰਾਜ ਹੋਇਆ?

ਯਹੂਦੀ ਪਾਦਰੀ : ਤਿੰਨ ਉਜਾੜਿਆਂ ਦੀਆਂ ਮਾਰਾਂ ਸਹਿਣ ਮਗਰੋਂ ਅਸੀਂ ਸਮਾਨ ਹੋ ਗਏ

Scanned with OKEN Scanner

ਸਾਂ। ਠੀਕ-ਠਾਕ ਚਲ ਰਿਹਾ ਸੀ। ਇਸਰਾਈਲ ਉਪਰ ਰੋਮ ਦਾ ਰਾਜ ਸੀ ਤੇ ਗਵਰਨਰ ਪੌਂਟੀਅਸ ਪੀਲੇਟ ਦਾ ਸਮਾਂ ਸੀ। ਉਂਜ ਗੁਪਤ ਰੂਪ ਵਿੱਚ ਰਾਜ ਦੀਆਂ ਤਣਾਵਾਂ ਸਾਡੇ (ਯਹੂਦੀਆਂ) ਹੱਥ ਹੀ ਸਨ। ਇਕ ਦਿਨ ਈਸਾ ਨੂੰ ਕੀ ਸੁਝਿਆ। ਉਹ ਸ਼ਹਿਰ ਦੇ ਚੁਰੱਸਤੇ ਤੇ ਇਕ ਪੱਥਰ ਤੇ ਖਲੋਅ ਕੇ ਬੋਲਣ ਲੱਗਾ। ਕਹਿੰਦਾ, ਲੋਕੋਂ ਰੱਬ ਦਾ ਸਾਜਿਆ, ਮਸ਼ਾਲਚੀ ਦੇਵਤਾ ਨਹੀਂ ਸ਼ੈਤਾਨ ਹੈ। ਇਹ ਸ਼ੈਤਾਨ ਮੇਰੇ ਕੋਲ ਵੀ ਆਉਂਦਾ ਹੈ। ਪੇਸ਼ਕਸ਼ ਕਰਦਾ ਹੈ .... ਈਸਾ, ਮੈਂ ਤੈਨੂੰ ਚੁਨਿੰਦਾ ਤੋਂ ਵੀ ਚੁਨਿੰਦਾ ਵਿਅਕਤੀ ਬਣਾ ਦਿਆਂਗਾ ਤੂੰ ਮੇਰੀ ਸ਼ਰਨ ਵਿਚ ਆ ਜਾ । ਮੈਂ ਇਨਕਾਰ ਕਰ ਦਿੰਦਾ ਹਾਂ। ਫੇਰ ਕਹਿੰਦਾ .... ਮੈਂ ਤੈਨੂੰ ਸਾਰੀ ਦੁਨੀਆ ਦੇ ਬਾਦਸ਼ਾਹਾਂ ਦਾ ਵੀ ਸ਼ਹਿਨਸ਼ਾਹ ਬਣਾ ਦਿਆਂਗਾ, ਤੂੰ ਮੇਰੀ ਸ਼ਰਨ ਵਿਚ ਆ ਜਾ। ਮੈਂ ਇਨਕਾਰ ਕਰ ਦਿੰਦਾ ਹਾਂ। ਫੇਰ ਕਹਿੰਦਾ .... ਮੈਂ ਸਾਰੀ ਦੁਨੀਆ ਦੀ ਦੌਲਤ ਤੇਰੇ ਪੈਰਾਂ ਵਿਚ ਬਖੇਰ ਦਿਆਂਗਾ। ਤੂੰ ਮੇਰੀ ਸ਼ਰਨ ਵਿਚ ਆ ਜਾ। ਪਰ ਮੈਂ ਫੇਰ ਇਨਕਾਰ ਕਰ ਦੇਂਦਾ ਹਾਂ।

ਮਹਾਂ-ਮੰਤਰੀ : ਉਹ ਤੁਹਾਡਾ ਹੀ ਪੁੱਤਰ - ਪੋਤਰਾ ਸੀ, ਸਮਝਾ ਬੁਝਾ ਲੈਣਾ ਸੀ। ਤੁਸੀ ਸੂਲੀ ਚੜ੍ਹਵਾ ਦਿਤਾ .....

ਯਹੂਦ ਪਾਦਰੀ : ਉਸਨੂੰ ਸਾਡੇ ਹੀ ਵਿਰੋਧੀ ਇਕ ਸੰਤ ਦੀ ਕੁਝ ਵਧੇਰੀ ਹੀ ਪਾਣ ਚੜ੍ਹੀ ਹੋਈ ਸੀ।

ਮਹਾਂ-ਮੰਤਰੀ : ਸੰਤ ਪਾਲ ?

ਯਹੂਦ ਪਾਦਰੀ : ਜੀ ਹਜੂਰ ! ਇਹ ਸੰਤਪਾਲ ਹੀ ਸੀ ਜਿਸ ਨੇ ਇਕ ਯੁਵਕ ਦੇ ਬਹਾਨੇ ਆਪਣੀ ਪਰ ਸਾਡੇ ਵਿਰੋਧੀ ਦਾਰਸ਼ਨਿਕਤਾ ਦਾ ਗ੍ਰੰਥ ਲਿਖ ਮਾਰਿਆਂ ਤੇ ਨਾਮ ਰੱਖਿਆ 'ਨਵੀਂ ਬਾਈਬਲ' (New Testament) ਈਸਾ ਸੰਤ ਪਾਲ ਦੀ ਦੇਣ ਸੀ । ਸ਼ੱਕ ਕੀਤਾ ਜਾ ਸਕਦਾ ਹੈ ਕਿ ਇਹੋ ਜਿਹਾ ਕੋਈ ਯੁਵਕ ਹੈ ਵੀ ਸੀ ਜਾਂ ਨਹੀ । ਜੇਕਰ ਨਹੀਂ ਸੀ ਤਾ ਇਹ ਸੰਤ ਪਾਲ ਦੀ ਕਲਪਣਾ ਦੀ ਦੇਣ ਸੀ। ਜੇਕਰ ਸੀ ਤਾ ਇਹ ਵੀ ਸੱਚ ਹੈ ਕਿ ਉਹ ਮੁੰਡਾ ਸਾਡੀ ਦੇਣ ਸੀ। ਇਨ੍ਹਾਂ ਦਾ ਉਹ ਪੈਗੰਬਰ ਸੀ, ਪਰ ਸਾਡਾ ਉਹ ਮੁੰਡਾ ਸੀ, ਛੋਕਰਾ ਜਿਹਾ ਸੀ ....

ਬੋਲਦਾ ਬੋਲਦਾ ਯਹੂਦ ਪਾਦਰੀ ਹਫ ਜਾਂਦਾ ਹੈ .....

ਅਗਲੇ ਦਿਨ ਲਈ ਦਰਬਾਰ ਉਠ ਜਾਂਦਾ ਹੈ।

Scanned with OKEN Scanner

ਅਗਲਾ ਦਿਨ - ਦਰਬਾਰੇ ਖਾਸ

ਪਹਿਲੇ ਵਾਂਗ ਸਾਰੇ ਆਪੋ ਆਪਣੀ ਥਾਂ ਵਿਰਾਜ ਗਏ ਹਨ।

ਮਹਾਂ ਮੰਤਰੀ : ਬਾਦਸ਼ਾਹ ਸਲਾਮਤ ਦੀ ਆਗਿਆ ਨਾਲ ਵੈਟੀਕਨ (ਰੋਮ) ਦੇ ਪੋਪ ਦੇ ਪ੍ਰਤੀਨਿਧ ਦੇ ਬੁਲਾਰੇ ਨੂੰ ਆਪਣਾ ਪੱਖ ਪੇਸ਼ ਕਰਨ ਦਾ ਸਮਾ ਦਿੱਤਾ ਜਾਂਦਾ ਹੈ।

ਪੋਪ ਬੁਲਾਰਾ : ਬਾਦਸ਼ਾਹ ਸਲਾਮਤ ਸਮੇਂ ਨੂੰ ਬੰਨਿਆ ਨਹੀ ਜਾ ਸਕਦਾ ਹੈ। ਯਹੂਦ ਮਤ ਦੇ ਪੁਰਾਣੇ ਨੇਮ (Old Testament) ਵਿਚ ਅਨੇਕਾ ਵਾਰੀ ਇਹ ਭਵਿਖ ਬਾਣੀ ਹੋਈ ਹੈ ਕਿ ਸਮਾਂ ਪਾ ਕੇ ਅਤੇ ਮਿਥੇ ਸਮੇਂ ਤੇ ਇਕ ਪੈਗੰਬਰ ਆਏਗਾ ਜੋ ਯਹੂਦ ਮੱਤ ਵਿਚ ਆਈਆ ਕੁਰੱਹਿਤਾਂ ਅਤੇ ਕੁਰੀਤੀਆਂ ਵਿਰੁੱਧ ਸੰਘ੍ਰਸ਼ ਕਰੇਗਾ ਤੇ ਲੋਕਾਂ ਦੇ ਦੁਖ ਨਿਵਾਰਨ ਲਈ ਆਪ ਕੁਰਬਾਨ ਹੋ ਜਾਏਗਾ। ਈਸਾ ਨੂੰ ਮਸੀਹ (ਮੁਕਤੀ ਦਾਤਾ, ਪੈਗੰਬਰ) ਅਤੇ ਕ੍ਰਾਈਸਟ (Onionted One - ਸ਼ਾਹਾਂ ਦਾ ਸ਼ਹਿਨਸ਼ਾਹ) ਦੇ ਰੁਤਬੇ ਦੀ ਪ੍ਰਾਪਤੀ ਐਨ ਭਵਿੱਖ ਬਾਣੀਆ ਅਨੁਸਾਰ ਹੀ ਹੈ। ਪਰ ਇਹ ਯਹੂਦੀ ਆਪਣੇ ਗ੍ਰੰਥਾਂ ਦੇ ਸੱਚ ਨੂੰ ਮੰਨਣ ਤੋ ਇਨਕਾਰੀ ਹਨ।

ਮਹਾਂ-ਮੰਤਰੀ : ਚਲੋ, ਮਸਲਾ ਅੱਗੇ ਵਧਾਉ।

ਪੋਪ ਬੁਲਾਰਾ : ਸੰਤ ਪਾਲ ਅਤੇ ਸੰਤ ਪੀਟਰ ਦੀ ਵੱਡੀ ਵਡਿਆਈ ਹੈ ਕਿ ਉਨ੍ਹਾਂ ਜਮੂਦ ਵਿਚ ਖਲੋਤੇ ਮੱਤ ਨੂੰ ਹੰਗਾਲਿਆ ਹੈ ਅਤੇ ਨਿਤਾਰ ਪੇਸ਼ ਕੀਤਾ ਹੈ। ਉਨ੍ਹਾਂ ਨੇ ਅਧੂਰੀ ਪਈ ਕਹਾਣੀ ਨੂੰ ਪੂਰਾ ਕੀਤਾ ਹੈ।

ਮਹਾਂ ਮੰਤਰੀ : ਕਿਵੇਂ ? ਸਬੂਤ ਦਿਉ।

ਪੋਪ ਬੁਲਾਰਾ : ਮਸ਼ਾਲਚੀ ਜੋ ਯਹੂਦੀਆਂ ਦਾ ਇਕੋ ਇਕ ਸਭ ਤੋਂ ਮਹਾਨ ਦੇਵਤਾ ਹੈ, ਅਸਲ ਵਿਚ ਸ਼ੈਤਾਨੀਅਤ ਦਾ ਮੋਢੀ ਸੀ। ਇਹ ਉਹੀ ਹਸਤੀ ਸੀ ਜਿਸਦੀ ਮਿਸ਼ਾਲ ਦੀ ਰੌਸ਼ਨੀ ਵਿਚ ਹਨੇਰਿਆਂ ਸਮੇਂ ਵੀ ਰਚਨਾ ਰਚ ਹੁੰਦੀ ਰਹੀ ਸੀ। ਆਪ ਮਸ਼ਾਲ ਦੇ ਥਲਵੇਂ ਹਨੇਰੇ ਵਿਚ ਅਦਿਖ ਰਹਿ ਕੇ ਪ੍ਰਭੂ ਅਤੇ ਦੇਵਤਿਆਂ ਨੂੰ ਰਚਨਾ ਰਚਦੇ ਘੋਖਦਾ ਰਹਿੰਦਾ ਸੀ। ਰਚਨਾ, ਰਚਨਾ ਰਚਣ ਅਤੇ ਪ੍ਰਭੂ ਸਜਣ ਦਾ ਭਰਮ ਪਾਲ ਬੈਠਾ। ਕੁਝ ਹੋਰ ਵੀ ਨਾਲ ਰਲਾ ਲਏ। ਪ੍ਰਭੂ ਦੇ ਰੁਤਬੇ ਦੀ ਪ੍ਰਾਪਤੀ ਦਾ ਫੁਰਨਾ ਪੈਦਾ ਹੋਣਾ ਹੀ ਸ਼ੈਤਾਨੀਅਤ ਦਾ ਮੁੱਢ ਸੀ।

ਮਹਾਂ ਮੰਤਰੀ : ਬਾਦਸ਼ਾਹ ਸਲਾਮਤ ਨੂੰ ਧਰਮ ਸੰਸਦ ਰਾਹੀਂ ਪਹਿਲਾਂ ਹੀ ਕਾਫੀ ਸਾਰੀ

Scanned with OKEN Scanner

Scanned with OKEN Scanner

ਜਾਣਕਾਰੀ ਹੈ। ਅੱਗੇ ਚਲੋ .....

ਪੋਪ ਪਾਦਰੀ : ਬਹਿਸ਼ਤਾਂ ਵਿਚ ਗਹਿ ਗੱਚ ਸੰਘ੍ਰਸ਼ ਹੋਇਆ। ਦੋਵੇਂ ਧਿਰਾਂ ਰੱਬ ਦੀ ਰਚਨਾ ਸਨ ਤੇ ਅਮਰ ਸਨ। ਅੰਤ ਪ੍ਰਭੂ ਨੇ ਦਖਲ ਦਿਤਾ ਤੇ ਅਕਾਸ਼ੀ ਬਿਜਲੀ ਦੇ ਅਸਤਰ ਨਾਲ ਸ਼ੈਤਾਨ ਨੂੰ ਸਿਰ ਭਾਰ ਨਰਕਾਂ ਵਿਚ ਸੁੱਟ ਦਿਤਾ। ਨਰਕਾਂ ਦੀ ਅੱਗ ਵਿਚ ਸੜ ਕੇ ਵੀ ਉਹ ਸ਼ੈਤਾਨੀ ਤੋਂ ਬਾਜ ਨਾ ਆਇਆ। ਲੁਕਵੇਂ ਰੂਪ ਵਿਚ ਪ੍ਰਭੂ ਦੇ ਰਚੇ ਆਦਮ ਤੇ ਹਵਾ ਦੀ ਰਿਹਾਇਸ਼ ਗਾਹ ਈਦਨ ਦੇ ਬਾਗ ਵਿਚ ਪੁੱਜਿਆ। ਉਥੇ ਰਹਿੰਦੇ ਇਕ ਸੱਪ ਦੇ ਮੂੰਹ ਵਿਚ ਬੈਠ ਕੇ ਈਵ (ਹਵਾ) ਨੂੰ ਵਿੱਵਰਜਿਤ ਫਲ ਖਾ ਜਾਣ ਲਈ ਲਲਚਾਇਆ ਤੇ ਸਫਲ ਹੋਇਆ। ਸਜਾ ਵਜੋਂ ਜਨਮ ਮਰਨ ਦੇ ਦੁਖ ਝੱਲਣ ਲਈ ਆਦਮ ਤੇ ਹਵਾ ਦੋਵੇ ਧਰਤੀ ਤੇ ਪਟਕਾ ਮਾਰੇ। ਉਦੋਂ ਤੋਂ ਆਦਮ ਜਾਤ ਦੁਖਾਂ ਦਾ ਪੁਤਲਾ ਬਣ ਗਈ ਹੋਈ ਹੈ।

ਮਹਾਂ ਮੰਤਰੀ : ਕੋਈ ਰਾਹਤ ਵੀ ਮਿਲੀ ?

ਪੋਪ ਪਾਦਰੀ : ਹਾਂ। ਪਹਿਲੇ ਪੈਗੰਬਰ ਨੇ ਕਿਹਾ ਸੀ- ਰੱਬ ਮੇਰਾ ਦੋਸਤ ਹੈ। ਮੂਸਾਂ ਨੇ ਕਿਹਾ ਸੀ - ਰੱਬ ਮੇਰਾ ਪੱਥ ਪ੍ਰਦਸ਼ਕ ਹੈ। ਈਸਾ ਨੇ ਕਿਹਾ ਹੈ ..... ਮੈਂ ਰੱਬ ਦਾ ਹਲੀਮ ਪੁੱਤਰ ਹਾਂ। ਮੈਨੂੰ ਪ੍ਰਭੂ ਨੇ ਦੁਖ ਝਲਦੀ ਆਦਮ ਜਾਤ ਦੀ ਰਾਹਤ ਲਈ ਭੇਜਿਆ ਹੈ। ਮੈਂ ਆਦਮ ਜਾਤ ਦੇ ਦੁਖ ਆਪ ਝੱਲ ਕੇ ਕੁਰਬਾਨ ਹੋ ਜਾਂਵਾਗਾ।

ਈਸਾ ਦੀ ਸ਼ਰਨ ਵਿਚ ਜਾਣਾ ਹੀ ਦੁਖ ਝਲਦੇ ਇਨਸਾਨ ਦਾ ਇਕੋ ਇਕ ਹੱਲ ਹੈ। ਉਹੀ ਪਰਮ ਪਿਤਾ ਪ੍ਰਭੂ ਪਰਮੇਸ਼ਵਰ ਨਾਲ ਮਿਲਾਪ ਕਰਵਾ ਸਕਦਾ ਹੈ।

ਮਹਾਂ ਮੰਤਰੀ : ਸੰਤ ਪਾਲ ਅਤੇ ਸੰਤ ਪੀਟਰ .....

ਪੋਪ ਪਾਦਰੀ : ਮਹਾਰਾਜ ਸੰਤ ਪਾਲ ਅਤੇ ਸੰਤ ਪੀਟਰ ਨੇ ਈਸਾ ਦੀ ਦਾਰਸ਼ਿਨਕਤਾ ਨੂੰ ਕਲਮਬੰਦ ਕੀਤਾ ਤੇ ਪਵਿਤਰ ਗ੍ਰੰਥ ਬਾਈਬਲ ਦੀ ਰਚਨਾ ਕੀਤੀ। ਇਸਦਾ ਝੰਡਾ ਸਾਰੇ ਸੰਸਾਰ ਵਿਚ ਵੀ ਝੁਲੇਗਾ। ਹਾ, ਇਸ ਪਵਿਤਰ ਕਾਰਜ ਲਈ ਧਰਮ ਯੁਧ ਵੀ ਲਗ ਸਕਦੇ ਹਨ .....

ਯਹੂਦੀ ਪਾਦਰੀ ਵਾਂਗ ਪੋਪ ਪਾਦਰੀ ਵੀ ਹਫ ਜਾਂਦਾ ਹੈ। ਜੋਸ਼ ਵਿਚ ਆ ਜਾਂਦਾ ਹੈ। ਮਹਾਂ ਮੰਤਰੀ ਵਲੋਂ ਬੈਠ ਜਾਣ ਦਾ ਇਸ਼ਾਰਾ ਹੁੰਦਾ ਹੈ।

ਇਸ ਦਿਨ ਲਈ ਦਰਬਾਰ ਉਠ ਜਾਂਦਾ ਹੈ।

Scanned with OKEN Scanner

ਦੀਵਾਨੇ ਖਾਸ ਦਾ ਤੀਸਰਾ ਦੌਰ ਅਰੰਭ ਹੁੰਦਾ ਹੈ

ਪਹਿਲੇ ਵਾਲੀਆਂ ਸ਼ਖਸ਼ੀਅਤਾ ਨੇ ਪਹਿਲੇ ਵਾਲੀਆਂ ਥਾਂਵਾਂ ਮੱਲੀਆਂ ਹੋਈਆ ਹਨ।

ਮਹਾਂ ਮੰਤਰੀ : ਬਾਦਸ਼ਾਹ ਸਲਾਮਤ ਦੀ ਆਗਿਆ ਨਾਲ ਮਦੀਨੇ ਤੋਂ ਆਏ ਇਸਲਾਮ ਮੱਤ ਦੇ ਮੌਲਵੀ ਸਾਹਿਬ ਨੂੰ ਇਲਤਜਾ ਹੈ ਕਿ ਬਾਦਸ਼ਾਹ ਸਲਾਮਤ ਦੇ ਰੂ ਬਰੂ ਆਪਣਾ ਪੱਖ ਪੇਸ਼ ਕਰਨ।

ਮਹਾਂ ਮੌਲਵੀ : ਪੌਣ ਪਾਣੀ ਅਤੇ ਦੇਸ਼-ਬਦਲੀ ਕਾਰਨ ਮੇਰੀ ਸਿਹਤ ਕੁਝ ਠੀਕ ਨਹੀਂ। ਮੈਂ ਪਹਿਲਾਂ ਹੀ ਕਾਸਦ ਭੇਜ ਕੇ ਆਪਣੇ ਤੋਂ ਵੱਡੇ ਵਿਦਵਾਨ ਮੌਲਵੀ ਸਾਹਿਬ ਨੂੰ ਬੁਲਾ ਭੇਜਿਆ ਹੋਇਆ ਹੈ। ਇਲਤਜਾ ਹੈ ਕਿ ਬਾਦਸ਼ਾਹ ਸਲਾਮਤ ਆਪਣਾ ਫੈਸਲਾ ਦੋ ਤਿੰਨ ਦਿਨ ਹੋਰ ਮੁਲਤਵੀ ਕਰ ਲੈਣਾ।

ਮਹਾਂ ਮੰਤਰੀ : ਬਾਦਸ਼ਾਹ ਸਲਾਮਤ ਹਮਦਰਦੀ ਨਾਲ ਵਿਚਾਰ ਕਰਨਗੇ।

ਮਹਾਂ ਮੌਲਵੀ : ਅਬਰਾਹਮ ਦੀ ਵਿਰਾਸਤ ਚੋਂ ਹਜਰਤ ਮੁਹੰਮਦ ਸਾਹਿਬ ਆਖਰੀ ਪੈਗੰਬਰ ਸਨ। ਪਵਿੱਤਰ ਪੱਥਰ (ਕਾਬਾ) ਦੇ ਸਪੱਰਸ਼ ਮਗਰੋਂ, ਉਹ ਅਕਸਰ ਹੀ ਇਕ ਪਹਾੜੀ ਗੁਫਾ ਅੰਦਰ ਜਾ ਕੇ ਅਲਾਹ ਦੀ ਯਾਦ ਵਿਚ ਇਕਾਗਰ ਚਿਤ ਹੋ ਜਾਇਆ ਕਰਦੇ ਸਨ। ਇਕ ਦਿਨ ਗੁਫਾ ਅੰਦਰ ਅੱਲਾਹ ਖੁਦ ਜਬਰਾਈਲ ਫਰਿਸਤੇ ਰਾਹੀਂ ਉਨਾ ਤੇ ਨਾਜ਼ਲ ਹੋਇਆ। ਅੱਲਾਹ ਦੀਆਂ ਆਇਤਾਂ ਨਾਜ਼ਲ ਹੋਈਆਂ। ਹਜ਼ਰਤ ਸਾਹਿਬ ਅਨਪੜ੍ਹ ਸਨ। ਅੱਲਾਹ ਦੇ ਫਜ਼ਲ ਨਾਲ ਆਇਤਾਂ ਹਿਫਜ਼ ਹੋ ਗਈਆਂ। ਹੁਕਮ ਹੋਇਆ ਕਿ ਇਉਂ ਹਜ਼ਰਤ ਸਾਹਿਬ ਆਇਆ ਕਰਨਗੇ ਤੇ ਅੱਲਾਹ ਦੇ ਫਜ਼ਲ ਨਾਲ ਜਬਰਾਈਲ ਰਾਹੀਂ ਆਇਤਾਂ ਨਾਜ਼ਲ ਹੋਇਆ ਕਰਨਗੀਆਂ।

ਗੁਫਾ ਚੋਂ ਬਾਹਰ ਆਏ ਤਾਂ ਅਨਪੜ ਹਜ਼ਰਤ ਸਾਹਿਬ ਹੋਰ ਦੇ ਹੋਰ ਹੋ ਚੁੱਕੇ ਸਨ। ਉਨਾਂ ਨੇ ਹਿਫ਼ਜ ਹੋਈਆਂ ਆਇਤਾਂ ਆਪਣੇ ਵਿਦਵਾਨਾਂ ਅਨੁਆਈਆਂ ਨੂੰ ਲਿਖਵਾ ਦਿੱਤੀਆਂ।

ਇਉਂ ਵੱਖ ਵੱਖ ਸਮਿਆਂ ਅਤੇ ਵੱਖ ਵੱਖ ਥਾਵਾਂ ਤੇ ਹਜ਼ਰਤ ਸਾਹਿਬ ਤੇ ਅੱਲਾਹ ਦੀਆਂ ਆਇਤਾਂ ਨਾਜ਼ਲ ਹੁੰਦੀਆਂ ਰਹੀਆਂ। ਇਉਂ ਨਾਜ਼ਲ ਹੋਈਆਂ ਆਇਤਾਂ ਤੋਂ ਪਵਿਤਰ ਗ੍ਰੰਥ 'ਕੁਰਾਨ ਮਜੀਦ' ਤਿਆਰ ਹੋ ਗਿਆ।

ਮਹਾਂ ਮੰਤਰੀ : ਬਈ ਹੈਰਤ ਦੀ ਗੱਲ ਹੈ ਕਿ ਸਧਾਰਨ ਅਨਪੜ੍ਹ ਬੰਦਾ, ਏਨੀਆਂ ਆਇਤਾਂ ਹਿਫਜ ਕਰੇ, ਲਿਖਵਾਏ ਤੇ 'ਕੁਰਾਨ ਮਜੀਦ' ਤਿਆਰ ਹੋਵੇ। ਫੇਰ ਆਪ ਵੀ ਉਚੀ ਉਚੀ ਸੰਗੀਤ ਦੀ ਲੈਅ ਵਾਂਗ ਉਚਾਰਿਆ ਤੇ ਗਾਇਆ ਕਰੇ।

Scanned with OKEN Scanner

ਮਹਾਂ ਮੌਲਵੀ : ਅੱਲਾਹ ਆਪ ਵੱਡੀਆ ਮਿਹਰਾਂ ਵਾਲਾ ਹੈ। ਬਖਸ਼ਿੰਦ ਹੈ, ਅੱਲਾਹ ਹੂ ਅਕਬਰ ਹੈ।

ਮਹਾਂ ਮੰਤਰੀ : ਕੀ ਹਜ਼ਰਤ ਮੁਹੰਮਦ ਸਾਹਿਬ ਦੀਆ ਆਇਤਾਂ ਅਸਾਨੀ ਨਾਲ ਪਰਵਾਣੀਆਂ ਗਈਆਂ ?

ਮਹਾਂ ਮੌਲਵੀ : ਨਾ ਜੀ ਨਾ। ਉਨ੍ਹਾਂ ਦੇ ਆਪਣੇ ਪਰੀਵਾਰ ਦੇ ਵਡੇਰਿਆ ਅਤੇ ਮੁਖੀਆ ਵੱਲੋਂ ਸਭ ਤੋਂ ਪਹਿਲਾਂ ਅਤੇ ਸਭ ਤੋਂ ਵਧੇਰੇ ਵਿਰੋਧ ਸੁਰੂ ਹੋਇਆ। ਮੁਹੰਮਦ ਸਾਹਿਬ ਦੇ ਅਨੁਆਈਆਂ ਨੂੰ ਕਰੜੇ ਤਸੀਹੇ ਦਿਤੇ ਗਏ। ਅਤਿਅੰਤ ਪ੍ਰੇਸ਼ਾਨੀ ਦੀ ਹਾਲਤ ਵਿਚ ਕੁਝ ਅਨੁਆਈ (ਮੁਸਲਮਾਨ) ਗੁਆਂਢੀ ਕਬੀਲਿਆਂ ਵਲ ਹਿਜਰਤ ਕਰ ਗਏ। ਹਬਸ਼ਾਂ ਦੇ ਰਾਜੇ ਨਜਾਸ਼ੀ ਨੇ ਸੁਆਗਤ ਕੀਤਾ। ਵਿਰੋਧੀ ਉਸਦੇ ਦਰਬਾਰ ਵਿਚ ਪ੍ਹੁੰਜ ਗਏ ਤੇ ਮੁਸਲਮਾਨਾ ਨੂੰ ਵਾਪਸ ਮੱਕੇ ਭੇਜਣ ਦਾ ਅਨੁਰੋਧ ਕੀਤਾ। ਬਾਦਸ਼ਾਹ ਨੇ ਭਰੇ ਦਰਬਾਰ ਵਿਚ ਦੋਵਾਂ ਦੀਆਂ ਦਲੀਲਾਂ ਸੁਣਨੀਆ ਚਾਹੀਆਂ।

ਹਜਰਤ ਮੁਹੰਮਦ ਸਾਹਿਬ ਦੇ ਜੀਉਂਦੇ ਜੀਅ ਵੀ, ਬਾਦਸ਼ਾਹ ਸਲਾਮਤ, ਲਗ ਭਗ ਪੌਣੇ ਦੋ ਸੌ ਸਾਲ ਪਹਿਲਾ ਹਬਸ਼ਾਂ ਦੇ ਬਾਦਸ਼ਾਹ ਨਜ਼ਾਸ਼ੀ ਦਾ ਦਰਬਾਰ ਲੱਗਿਆ ਸੀ। ਭਰੇ ਦਰਬਾਰ ਵਿਚ ਸਾਡੇ ਨੱਬੀ ਹਜ਼ਰਤ ਜਾਅਫਰ ਨੇ ਭਾਸ਼ਣ ਦਿਤਾ ਸੀ। ਭਾਸ਼ਣ ਬਾ-ਕਮਾਲ ਸੀ ਜਿਸ ਵਿਚ ਮੱਕੇ-ਕਾਅਬੇ ਦਾ ਇਤਿਹਾਸ ਤੇ ਹਜਰਤ ਮੁਹੰਮਦ ਸਾਹਿਬ ਦੀ ਸਿਖਿਆ ਦਾ ਨਿਚੋੜ ਸੀ।

ਹਜ਼ਰਤ ਜੁਆਫਰ ਨੇ ਕਿਹਾ ਸੀ, "ਹੇ ਬਾਦਸ਼ਾਹ ਨਜਾਸੀ, ਸਾਡੀ ਕੌਮ ਦੀ ਹਾਲਤ ਇਹ ਸੀ ਕਿ ਅਸੀਂ ਭੈੜੇ ਕਰਮਾਂ ਵਾਲੇ ਉਜਡ ਲੋਕ ਸਾਂ। ਬੁੱਤ੍ਹਾਂ ਦੀ ਪੂਜਾ ਕਰਦੇ ਸਾਂ। ਮੁਰਦਾਰ ਖਾਂਦੇ, ਪਾਪ ਕਰਦੇ, ਸੰਬੰਧੀਆ ਅਤੇ ਗੁਆਢੀਆ ਨਾਲ ਭੈੜਾ ਵਰਤਾਉ ਕਰਦੇ। ਸਾਡੇ ਵਿਚੋ ਬਲਵਾਨ ਕਮਜੋਰ ਤੇ ਅਤਿਆਚਾਰ ਕਰਦਾ ਸੀ। ਜਦੋਂ ਅਸੀਂ ਇਸ ਸਥਿੱਤੀ ਵਿੱਚ ਸੀ ਤਾਂ ਅੱਲਾਹ ਨੇ ਸਾਡੇ ਵਿਚੋਂ ਹੀ ਇਕ ਅਜੇਹੇ ਵਿਅਕਤੀ ਨੂੰ ਨੱਬੀ ਬਣਾ ਕੇ ਭੇਜਿਆ ਜਿਸ ਦੇ ਪਰਿਵਾਰ ਦੀ ਸਚਾਈ, ਇਮਾਨਦਾਰੀ ਅਤੇ ਸੁਧ ਚਾਲੇ ਤੋਂ ਅਸੀਂ ਜਾਣੂ ਸਾਂ। ਉਸਨੇ ਸਾਨੂੰ ਅੱਲਾਹ ਵੱਲ ਸੱਦਾ ਦਿਤਾ ਅਤੇ ਕਿਹਾ ਕਿ ਅਸੀਂ ਉਸਨੂੰ ਕੇਵਲ ਇਕ ਮੰਨੀਏ ਅਤੇ ਉਸੇ ਦੀ ਹੀ ਪੂਜਾ ਕਰੀਏ। ਸਾਡੇ ਵਡੇਰਿਆ ਨੇ ਜੋ ਬੁੱਤਾਂ ਦੀ ਪੂਜਾ ਗ੍ਰਹਿਣ ਕੀਤੀ ਹੋਈ ਸੀ, ਉਸਨੂੰ ਤਿਆਗ ਦੇਈਏ। ਉਸ ਰਸੂਲ ਮੁਹੰਮਦ ਨੇ ਸਾਨੂੰ ਸੱਚੀ ਗੱਲ ਕਹਿਣ, ਅਮਾਨਤ ਮੋੜਨ, ਸੰਬੰਧੀਆਂ ਨਾਲ ਸੋਹਣੇ ਸੰਬੰਧ ਉਸਾਰਨ, ਗੁਆਂਢੀਆਂ ਨਾਲ ਚੰਗਾ ਵਰਤਾਉ ਕਰਨ, ਹਰਾਮ ਗੱਲਾਂ, ਕਤਲ ਅਤੇ ਖੂਨ ਖਰਾਬੇ ਤੋਂ ਬਚਣ ਦਾ ਆਦੇਸ਼ ਦਿੱਤਾ। ਸਾਨੂੰ ਬੁਰੇ ਧੰਦਿਆਂ, ਝੂਠ ਬੋਲਣ ਯਤੀਮ ਦਾ ਮਾਲ ਖਾਣ ਅਤੇ ਸ਼ਰੀਫ ਇਸਤਰੀਆਂ ਤੇ ਦੋਸ਼ ਲਾਉਣ ਤੋਂ

Scanned with OKEN Scanner

Scanned with OKEN Scanner

ਵਰਜਿਆ। ਉਨ੍ਹਾਂ ਸਾਨੂੰ ਆਦੇਸ਼ ਦਿੱਤਾ ਕਿ ਅਸੀਂ ਕੇਵਲ ਇਕ ਰੱਬ ਦੀ ਪੂਜਾ ਕਰੀਏ। ਇਕ ਰੱਬ ਨਾਲ ਕਿਸੇ ਨੂੰ ਭਾਈਵਾਲ ਨਾ ਮੰਨੀਏ, ਨਮਾਜ ਪੜ੍ਹੀਏ, ਦਾਨ ਦੇਈਏ ਅਤੇ ਰੋਜ਼ੇ ਰੱਖੀਏ। ਇਸ ਕਰਕੇ ਅਸੀਂ ਉਸਨੂੰ ਸਵੀਕਾਰ ਕੀਤਾ ਤੇ ਉਸ ਤੇ ਈਮਾਨ ਲੈ ਆਏ। ਉਹ ਜਿਹੜਾ ਕੁਝ ਵੀ ਸੰਦੇਸ਼ ਰੱਬ ਵਲੋਂ ਲੈ ਕੇ ਆਇਆ ਅਸੀਂ ਉਸਦੀ ਪੈਰਵੀ ਕੀਤੀ।

ਉਸਨੇ ਸਾਨੂੰ ਅੱਲਾਹ ਦੀ ਵਹੀ 'ਕੁਰਾਨ ਮਜੀਦ' ਸਿਖਾਈ। ਜਦੋਂ ਅਸ਼ੀਂ ਨੱਬੀ ਤੇ ਈਮਾਨ ਲੈ ਆਏ, ਉਸਦੀਆ ਉਚ ਸਿਖਿਆਵਾਂ ਤੇ ਚੱਲਣਾ ਆਰੰਭ ਕੀਤਾ ਤਾਂ ਸਾਡੀ ਆਪਣੀ ਕੌਮ ਨੇ ਹੀ ਸਾਡੇ ਤੇ ਵਧੀਕੀਆਂ ਤੇ ਅੱਤਿਆਚਾਰ ਕੀਤੇ ਤਾਂ ਜੋ ਅਸੀਂ ਇਕ ਰੱਬ ਦੀ ਪੂਜਾ ਤੋਂ ਪਰਤ ਕੇ ਮੁੜ ਬੁਤਾਂ ਦੀ ਪੂਜਾ ਵਲ ਆ ਜਾਈਏ। ਇਨਾਂ ਨੇ ਸਾਡਾ ਜੀਉਣਾ ਹਰਾਮ ਕਰ ਦਿੱਤਾ ਅਤੇ ਅਸ਼ੀਂ ਆਪਣੇ ਨੱਬੀ ਦੀ ਆਗਿਆ ਨਾਲ ਬਾਦਸ਼ਾਹ ਸਲਾਮਤ ਨਜਾਸ਼ੀ ਦੀ ਸ਼ਰਣ ਵਿਚ ਆ ਗਏ ਹਾਂ ....."

ਹੇ ਬਾਦਸ਼ਾਹ ਸਲਾਮਤ ਬਲਕਾਨ, ਮੈਂ ਦੱਸਣਾਂ ਚਾਹੁੰਦਾ ਹਾਂ ਕਿ ਬਾਦਸ਼ਾਹ ਨਜ਼ਾਸ਼ੀ ਨੇ ਖੁਦ ਅਤੇ ਉਸਦੀ ਪਰਜਾ ਨੇ ਇਸਲਾਮ ਮੱਤ ਕਬੂਲ ਕਰ ਲਿਆ ਸੀ। ਉਵੇਂ ਹੀ ਨੱਬੀ ਦੇ ਪ੍ਰਤੀਨਿਧਾਂ ਦੀ ਆਗਿਆ ਨਾਲ ਮੈਂ ਅੱਜ ਆਪ ਜੀ ਦੇ ਦਰਬਾਰ ਵਿਚ ਹਾਜ਼ਰ ਹਾਂ। ਆਪ ਜੀ ਦੀ ਰਜਾ ਸਿਰ ਮੱਥੇ ਕਬੂਲ ਹੈ। (ਉਹ ਬੈਠ ਜਾਂਦਾ ਹੈ)

ਮਹਾਂ ਮੰਤਰੀ : ਥੋੜੇ ਸਮੇਂ ਲਈ ਦਰਬਾਰੇ ਖਾਸ ਦਾ ਇਹ ਇਜਲਾਸ ਬਾਦਸ਼ਾਹ ਸਲਾਮਤ ਦੀ ਆਗਿਆ ਨਾਂਲ ਮੁਲਤਵੀ ਕੀਤਾ ਜਾਂਦਾ ਹੈ। ਕੁਝ ਖਾਓ-ਪੀਓ। ਬਾਅਦ ਵਿਚ ਥੌੜੇ ਜਿਹੇ ਸਮੇਂ ਲਈ ਆਖਰੀ ਵਾਰੀ ਫਿਰ ਇਕੱਠੇ ਹੋਆਂਗੇ। ਤੁਹਾਨੂੰ ਸੰਦੇਸ਼ ਪੁੱਜ ਜਾਏਗਾ।

ਗੁਪਤ ਕਕਸ਼

ਵੱਡਾ ਭਾਈ, ਛੋਟਾ ਭਾਈ ਮਹਿਲ ਦੇ ਗੁਪਤ ਸਥਾਨ ਵਿੱਚ ਜਾਂਦੇ ਹਨ।

ਉਨ੍ਹਾਂ ਲਈ ਖਾਣ ਪੀਣ ਦੀਆਂ ਵਸਤਾਂ ਉਥੇ ਹੀ ਪੁੱਜ ਜਾਂਦੀਆ ਹਨ। ਛੋਟਾ ਭਾਈ ਧਿਆਨ ਨਾਲ ਦੇਖਦਾ ਹੈ ਕਿ ਵੱਡਾ ਭਾਈ ਕੁਝ ਵਧੇਰੇ ਹੀ ਗੰਭੀਰ ਹੈ। ਖਾਣ ਪੀਣ ਵਲ ਉਸਦੀ ਕੋਈ ਰੁਚੀ ਨਹੀ ਹੈ।

ਛੋਟਾ ਭਾਈ : ਵੱਡੇ ਭਾਈ ਕੁਝ ਖਾਉ ਪੀਉ .....

ਵੱਡਾ ਭਾਈ : ਕਿਵੇਂ ਖਾਂਵਾ ਪੀਵਾਂ? ਕਿੰਨਾ ਜਟਿਲ ਮਸਲਾ ਸਾਹਮਣੇ ਹੈ। ਤਿੰਨੋਂ ਆਪੋਂ ਆਪਣੀ ਥਾਂ ਅਹਿਲ ਹਨ, ਅੜੇ ਬੈਠੇ ਹਨ, ਇਕ ਦੂਜੇ ਦੀ ਸੰਘੀ ਨੂੰ ਹੱਥ ਪਾਈ ਬੈਠੇ ਹਨ। ਹਾਂ, ਚੌਥੇ ਵਿਚਾਰੇ ਦੀ ਕੋਈ ਬਹੁਤੀ ਅਹਿਮੀਅਣ ਨਹੀਂ। ਉਹ ਚੁਪ ਚਾਪ ਸਾਰੀ ਕਰਵਾਈ ਦੇਖ ਸੁਣ ਰਿਹਾ

Scanned with OKEN Scanner

ਹੈ।

ਛੋਟਾ ਭਾਈ : ਵੱਡੇ ਭਾਈ ਤੁਸੀਂ ਕੁਝ ਵਧੇਰੇ ਹੀ ਫਿਕਰਮੰਦ ਹੋ ਗਏ ਹੋ .....

ਵੱਡਾ ਭਾਈ : ਕਿਉਂ ਨਾ ਹੋਵਾਂ ਭਾਈ। ਆਖਰ ਖਾਨਦਾਨੀ ਰਾਜ ਦੀ ਹੋਣੀ ਦਾ ਸੁਆਲ ਹੈ। ਉੱਤਰ, ਦੱਖਣ, ਪੂਰਬ, ਪੱਛਮ ਸਾਰੇ ਮੁਲਕਾ ਵੱਲੋਂ ਸਾਡੇ ਪ੍ਰਤੀ ਸੰਬੰਧਾਂ ਦਾ ਸੁਆਲ ਹੈ। ਮੈਨੂੰ ਲਗਦਾ ਹੈ ਕਿ ਅਸੀਂ ਯੇਹੋਵਾ-ਪ੍ਰਭੂ ਈਸ਼੍ਵਰ ਅੱਲਾਹ ਪਾਕਿ ਦੇ ਪੁੜਾਂ ਵਿਚ ਦਰੜੇ ਜਾਵਾਂਗੇ।

ਛੋਟਾ ਭਾਈ ਉਸਦੀ ਪਿੱਠ ਤੇ ਹੱਥ ਰਖਦਾ ਹੈ ਤੇ ਖਿੜਖਿੜਾ ਦੇ ਹੱਸਦਾ ਹੈ। ਪੁਟਿਆ ਪਹਾੜ ਤਾ ਨਿਕਲਿਆ ਗੰਡੋਆ।

ਛੋਟਾ ਭਾਈ ਵੱਡੇ ਵਲ ਦੇਖਦਾ ਹੈ। ਉਸ ਦੀਆ ਅੱਖਾਂ ਛਲਕ ਰਹੀਆਂ ਹਨ।

ਛੋਟਾ ਭਾਈ : (ਗੰਭੀਰ ਹੋ ਕੇ) ਲਗਦਾ ਹੈ ਕਿ ਅੱਜ ਪਹਿਲੀ ਵਾਰੀ ਪੁਸ਼ਤੈਨੀ ਸ਼ਹਿਨਸ਼ਾਹ ਨੂੰ ਆਪਣੇ ਪੁਸ਼ਤੈਨੀ ਵਜ਼ੀਰ ਦੀ ਅਕਲ ਕਲਾ ਅਤੇ ਨੀਤੀ ਤੇ ਕੋਈ ਸ਼ੱਕ ਉਪਜ ਪਿਆ ਹੈ।

ਵੱਡਾ ਭਾਈ : ਨਹੀਂ ਬਿਲਕੁਲ ਨਹੀਂ .....

ਛੋਟਾ ਭਾਈ : ਫੇਰ ਤੁਸੀਂ ਬਿਲਕੁਲ ਬੇਫਿਕਰ ਹੋ ਕੇ ਐਹ ਮਜ਼ੇਦਾਰ ਪਦਾਰਥ ਛਕੋ। ਹੁਣੇ ਤੁਹਾਡੇ ਸਾਹਮਣੇ ਕੁਝ ਐਸਾ ਵਾਪਰਨ ਵਾਲਾ ਹੈ ਕਿ ਤੁਸੀਂ ਖੁਸ਼ ਹੋ ਜਾਵੋਗੇ। ਐਹ ਪੀਉ .... ਤਰੋਤਾਜਾ ਹੋਵੋ।

(ਦੋਵੇਂ ਚੁਪ ਚਾਪ ਖਾਣ ਪੀਣ ਚ ਮਗਨ ਹੋ ਜਾਂਦੇ ਹਨ।)

ਦੂਜੇ ਪਾਸੇ ਦਾ ਚੌਹਾਂ ਦਾ ਖਾਣ ਪੀਣ ਦਾ ਦ੍ਰਿਸ਼ ਵੀ ਦਿਖਾਇਆ ਜਾਂਦਾ ਹੈ। ਸਰੀਰਿਕ ਭਾਸ਼ਾ ਦਸਦੀ ਹੈ ਕਿ ਅੰਦਰੋਂ ਇਕ ਦੂਜੇ ਪ੍ਰਤੀ ਰੋਹ ਅਤੇ ਗੁਸੇ ਨਾਲ ਭਰੇ ਪੀਤੇ ਹਨ। ਪਰ ਉਪਰੋਂ ਉਪਰੋਂ ਮੁਸਕਰਾਉਦੇ ਤੇ ਖੁਸ਼ਾਮਦੀ ਤੱਕਣੀਆ ਦਾ ਦਿਖਾਵਾ ਕਰਦੇ ਹਨ। ਇਕ ਦੂਜੇ ਦੀ ਤੱਕਣੀ ਤੋਂ ਬਚਾਅ ਕਰਕੇ ਬੁਲ ਇਉਂ ਹਿਲਾਉਂਦੇ ਹਨ ਜਿਵੇ ਇਕ ਦੂਜੇ ਨੂੰ ਚੁਣੌਤੀਆਂ ਦੇ ਰਹੇ ਹੋਣ, ਭਵਿੱਖ ਵਿਚ ਤਬਾਹੀ ਦਾ ਆਭਾਸ ਕਰ ਕਰਾ ਰਹੇ ਹੋਣ।

ਦਰਬਾਰੇ ਖਾਸ ਦੀ ਕਰਵਾਈ ਮੁੜ ਸ਼ੁਰੂ ਹੁੰਦੀ ਹੈ

ਮਹਾਂ ਮੰਤਰੀ : ਬਾਦਸ਼ਾਹ ਸਲਾਮਤ ਦੀ ਆਗਿਆ ਨਾਲ ਮੈਂ ਬੇਨਤੀ ਕਰਦਾ ਹਾਂ ਕਿ ਇਹ ਸਾਡੀ ਏਵੇਂ ਦੀ ਆਖਰੀ ਮਿਲਣੀ ਹੈ।

ਅਸੀਂ ਆਪਣਾ ਆਖਰੀ ਫੈਸਲਾ ਦਸ ਦਿਨਾਂ ਤਕ ਮੁਲਤਵੀਂ ਕਰ ਦਿੰਦੇ ਹਾਂ। ਉਸ ਦਰਮਿਆਨ ਤੁਸੀਂ ਸਮਝਦੇ ਹੋਵੋ ਕਿ ਕੋਈ ਕਮੀ ਰਹਿ ਗਈ

Scanned with OKEN Scanner

ਹੋਵੇ ਤਾਂ ਤੁਸੀ ਅਲਹਿਦਾ ਜ਼ਬਾਨੀ ਜਾਂ ਲਿਖਤੀ ਜਾਂ ਆਪਣੇ ਕਿਸੀ ਹੋਰ ਪ੍ਰਤੀਨਿਧ ਰਾਹੀਂ ਉਜਰ ਪੇਸ਼ ਕਰ ਸਕਦੇ ਹਨ। ਬਰਾਬਰ ਮਾਣ ਦਿਤਾ ਜਾਵੇਗਾ। ਤੁਸੀ ਕੁਝ ਕਹਿਣਾ ਚਾਹੋ ਤਾ ਬਾਦਸ਼ਾਹ ਵਲੋਂ ਆਗਿਆ ਹੈ।

(ਚਾਰੇ ਵਾਰੀ ਵਾਰੀ ਖੜੇ ਹੋ ਕੇ ਝੁਕ ਕੇ ਬਾਦਸ਼ਾਹ ਦੀ ਸ਼ੋਭਾ ਅਤੇ ਧੰਨਵਾਦ 'ਚ ਇਕ ਵਾਰਤਾਲਾਪ ਬੋਲਦੇ ਹਨ। ਬਾਦਸ਼ਾਹ ਅਜੇ ਵੀ ਬਹੁਤ ਫਿਕਰਮੰਦ ਦਿਖਾਈ ਦਿੰਦਾ ਹੈ।)

ਮਹਾਂ ਮੰਤਰੀ : ਵਿਛੜਨ ਤੋਂ ਪਹਿਲਾ ਐਵੇ ਯਾਦ ਦੀ ਨਿਸ਼ਾਨੀ ਵਜੋਂ ਇਕ ਨਿਕੀ ਜਿਹੀ ਖੇਡ ਖੇਡਦੇ ਹਾਂ ..... ਮੰਜੂਰ ਹੈ?

ਤਿੰਨੇ : ਹਾਂ, ਮਹਾਰਾਜ ਮੰਜੂਰ ਹੈ .....

ਮਹਾਂ ਮੰਤਰੀ : ਤਿੰਨੇ ਖੜੇ ਹੋ ਜਾਉ। ਠੀਕ। ਤਿੰਨੇ ਇਕ ਤਿਕੋਣ ਵਿਚ ਖੜੇ ਹੋ ਜਾਉ, ਇਕ ਦੂਜੇ ਵਲ ਮੂੰਹ ਕਰਕੇ। ਇਕ ਐਥੇ, ਦੂਜਾ ਐਥੇ ਤੇ ਤੀਜਾ ਐਥੇ।

(ਤਿੰਨ ਤਿਕੋਣ ਵਿਚ ਖੜੇ ਹੋ ਜਾਂਦੇ ਹਨ .....)

ਮਹਾਂ ਮੰਤਰੀ : ਸਭ ਤੋ ਪਹਿਲਾਂ ਮੈਂ ਇਸਲਾਮ ਮੱਤ ਦੇ ਨੁਮਾਇੰਦੇ ਨੂੰ ਮੁਖਾਤਬ ਹਾਂ। ਦੇਖੋ ਸ੍ਰੀ ਮਾਨ, ਮੰਨ ਲਉ ਕਿ ਤੁਹਾਡਾ ਧਰਮ ਦੁਨੀਆਂ ਦੇ ਸਾਰੇ ਧਰਮਾਂ ਵਿਚੋਂ ਸਭ ਤੋਂ ਵੱਧ ਸ੍ਰੇਸ਼ਟ ਹੈ। ਇਹ ਵੀ ਮੰਨ ਲਉ ਕਿ ਤੁਹਾਡੇ ਸਾਹਮਣੇ ਇਕ ਚੁਣੌਤੀ ਵਾਲਾ ਲਮ੍ਹਾ ਆਉਂਦਾ ਹੈ। ਚੁਣੌਤੀ ਇਹ ਹੈ ਕਿ ਆਪਣੇ ਧਰਮ ਤੋਂ ਬਿਨਾਂ ਤੁਸੀਂ ਦੂਜੇ ਨੰਬਰ ਦਾ ਸ੍ਰੇਸ਼ਟ ਧਰਮ ਕਿਸਨੂੰ ਸਮਝਦੇ ਹੋ ? ਤੁਹਾਡੇ ਸਾਹਮਣੇ ਦੋ ਵਿਰੋਧੀ ਧਰਮਾ ਦੇ ਨੁਮਾਇੰਦੇ ਖਲੋਤੇ ਹਨ। ਇਕ ਹੈ ਯਹੂਦੀ ਅਤੇ ਦੂਸਰਾ ਹੈ ਈਸਾਈ। ਚਣੌਤੀ ਦਾ ਲਮ੍ਹਾ ਹੈ, ਤੁਸੀਂ ਇਨ੍ਹਾਂ ਦੋਹਾਂ ਵਿਚੋਂ ਕਿਸ ਦੀ ਚੋਣ ਕਰੋਗੇ ?

ਹਾਂ, ਕਾਹਲ ਨਾ ਕਰਨਾ। ਸੋਚ ਲਉ, ਵਿਚਾਰ ਲਉ ਤੇ ਚੁਣੌਤੀ ਸਵੀਕਾਰ ਕੇ ਚੋਣ ਕਰੋ .....

(ਇਸਲਾਮੀ ਮੌਲਵੀ ਨੀਵੀਂ ਪਾਈ ਸੋਚਦਾ ਹੈ। ਵਾਰੀ ਵਾਰੀ ਦੋਵਾਂ ਵੱਲ ਦੇਖਦਾ ਹੈ।)

ਮਹਾਂ ਮੰਤਰੀ : ਹਾਂ-ਹਾਂ ਡਰੋ ਨਹੀਂ/ਐਂਵੇ ਨੀਤੀ ਦੀ ਨਿੱਕੀ ਜਿਹੀ ਖੇਡ ਹੈ, ਦੁਵਿਧਾ 'ਚ ਨਾ ਪਵੋ।

(ਉਹ ਹੌਲੀ ਹੌਲੀ ਡਰਦਾ ਡਰਦਾ ਯਹੂਦੀ ਪਾਦਰੀ ਦੇ ਮੋਢੇ ਤੇ ਹੱਥ ਰੱਖ ਦਿੰਦਾ ਹੈ ਤੇ ਵਾਪਸ ਆਪਣੀ ਥਾਂ ਤੇ ਆ ਜਾਦਾ ਹੈ।)

ਮਹਾਂ ਮੰਤਰੀ : ਸ਼ਾਬਾਸ਼! ਹੁਣ ਮੈਂ ਇਹੀ ਸੁਆਲ ਈਸਾਈ ਬਿਸ਼ਪ ਨੂੰ ਪਾਉਂਦਾ ਹਾਂ। ਆਪਣੀ ਸੋਚ ਤੇ ਪਸੰਦ ਅਨੁਸਾਰ ਬਾਕੀ ਦੋਵਾ ਵਿਚੋਂ ਕਿਸੇ ਇੱਕ ਦੇ ਮੋਢੇ ਤੇ ਹੱਥ ਧਰ ਦਿਉ। ਘਾਬਰੋ ਨਹੀਂ ਐਂਵੇ ਖੇਡ ਜਿਹੀ ਹੈ। ਯਾਦ ਦੀ

Scanned with OKEN Scanner

ਨਿਸ਼ਾਨੀ ਵਜੋਂ।

(ਉਹ ਵੀ ਹੌਲੀ ਹੌਲੀ ਪਰ ਯੋਕੋਤੱਕੀ ਵਿਚ ਆਪਣੀ ਥਾਂ ਤੋਂ ਹਿੱਲਦਾ ਹੈ, ਰੁਕਦਾ ਹੈ, ਫਿਰ ਚਲਦਾ ਹੈ। ਅੰਤ ਯਹੂਦੀ ਦੇ ਮੋਢੇ ਤੇ ਹੱਥ ਰੱਖ ਦਿੰਦਾ ਹੈ। ਤੇ ਆਪਣੀ ਥਾਂ ਤੇ ਖਲੋਆ ਜਾਂਦਾ ਹੈ।)

(ਬਾਦਸ਼ਾਹ ਨਿਹਾਲ ਹੋ ਜਾਂਦਾ ਹੈ। ਖੜਾ ਹੋ ਕੇ ਤਾਲੀ ਵਜਾਉਂਦਾ ਹੈ।)

ਬਾਦਸ਼ਾਹ : ਸ਼ਾਬਾਸ਼, ਮੇਰੇ ਵਜ਼ੀਰ ਸ਼ਾਬਾਸ਼ ਸ਼ਾਬਾਸ਼ ਪੁਸ਼ਤੈਨੀ ਮਹਾਂਮੰਤਰੀ। ਮਜ਼ਾ ਆ ਗਿਆ। (ਮਹਾਂ ਮੰਤਰੀ ਚੁਪ ਰਹਿਣ ਤੇ ਬੈਠ ਜਾਣ ਦਾ ਇਸ਼ਾਰਾ ਕਰਦਾ ਹੈ। ਉਹ ਆਪਣੇ ਤਖਤ ਤੇ ਬੈਠ ਜਾਂਦਾ ਹੈ।)

ਹਿੰਦੂ ਪੁਜਾਰੀ : (ਹੱਸਦਾ ਹੋਇਆ) ਮੇਰੀ ਬੁੱਕਤ ਤਾਂ ਨਹੀਂ ਹੈ, ਮੈਨੂੰ ਪਤਾ ਹੈ। ਮੈਨੂੰ ਵੀ ਕਿਸੇ ਦੇ ਮੋਢੇ ਉਪਰ ਹੱਥ ਰੱਖਣ ਦੀ ਆਗਿਆ ਦਿਉ। (ਝੁਕਦਾ ਹੈ)

ਬਾਦਸ਼ਾਹ : ਆਗਿਆ ਹੈ .....

ਪੁਜਾਰੀ : (ਤੁਰਦਾ ਤੁਰਦਾ ਆਖਦਾ ਹੈ) ਦੇਖੋ ਜੀ, ਓਧਰ ਹਿੰਦੂ ਮੱਤ ਅਤੇ ਏਧਰ ਯਹੂਦੀ ਮੱਤ, ਦੋਵੇਂ ਸਮਕਾਲੀ ਕਬੀਲਾ ਮੱਤ ਹਨ। ਦੋਵਾਂ ਦਾ ਨਿਕਾਸ ਸਥਾਨ ਉਪਜਾਊ ਧਰਤ-ਟੁਕੜਾ (Fertile Crescent) ਹੈ। ਇਨਾਂ ਨੂੰ ਮੂਸਾ ਇਸਰਾਈਲ ਲੈ ਗਿਆ, ਅਸੀਂ ਆਰੀਆ ਸਿੰਧੂ ਘਾਟੀ ਆ ਗਏ। ਵੱਡੀ ਗੱਲ ਕਿ ਪੁਸ਼ਤੈਨੀ ਤੌਰ ਤੇ ਜਾਜਕ ਮੂਸਾ ਅਤੇ ਉਸਦਾ ਪ੍ਰੀਵਾਰ ਯੇਹੋਵਾ ਤੇ ਬਾਦਸ਼ਾਹ ਵਿਚਕਾਰ ਇਕ ਕੜੀ ਵਾਂਗ ਹਨ। ਸਿੰਧੂ ਘਾਟੀ ਵਲ ਪੁਸ਼ਤੈਨੀ ਤੌਰ ਤੇ ਬ੍ਰਹਿਮਣ ਪੁਜਾਰੀ ਬਾਦਸ਼ਾਹ ਅਤੇ ਵਿਧਾਤਾ ਵਿਚਕਾਰ ਬਰਾਬਰ ਕੜੀ ਵਾਂਗ ਹੈ। ਸਾਡੀ ਪੁਸ਼ਤੈਨੀ ਸਾਂਝ ਹੈ। ਮੈਂ ਵੀ ਯਹੂਦੀ ਦੇ ਮੋਢੇ ਉਪਰ ਆਪਣਾ ਆਸ਼ੀਰਵਾਦ ਦਾ ਹੱਥ ਧਰਦਾ ਹਾਂ।

(ਬਾਦਸ਼ਾਹ ਬਾਗੋ ਬਾਗ ਹੋ ਜਾਂਦਾਂ ਹੈ। ਹੱਥ ਖੜਾ ਕਰਕੇ ਸਭਾ ਦੀ ਸਮਾਪੰਤੀ ਦਾ ਐਲਾਨ ਕਰਦਾ ਹੈ।)

ਮਹਾਨ ਐਲਾਨ

ਉਹੀ ਗੁਪਤ ਸਥਾਨ

ਵੱਡਾ ਭਾਈ ਤੇ ਛੋਟਾ ਭਾਈ ਵਿਚਾਰ ਵਟਾਂਦਰਾ ਕਰ ਰਹੇ ਹਨ।

ਵੱਡਾ ਭਾਈ : ਛੋਟੇ ਭਾਈ, ਤੁਹਾਡੀ ਵੀ ਲੀਲ੍ਹਾ ਵਚਿਤਰ ਹੈ। ਕੇਹੀ ਨੀਤੀ ਵਰਤੀ

Scanned with OKEN Scanner
Scanned with OKEN Scanner

ਤੁਸੀਂ। ਇਸਲਾਮ ਅਤੇ ਈਸਾਈ ਜਿਨ੍ਹਾ ਦਾ ਸਾਡੇ ਉਪਰ ਵਧੇਰੇ ਦਬਾਅ ਸੀ ਨੂੰ ਹੱਥਲ ਕਰਕੇ ਰੱਖ ਦਿੱਤਾ। ਦੋਵਾਂ ਤੋ ਵਾਰੋ ਵਾਰੀ ਯਹੂਦੀ ਦੇ ਮੋਢੇ ਤੇ ਹੱਥ ਰਖਵਾ ਦਿੱਤਾ। ਸਮਝੋ ਕਿ ਯਹੂਦੀ ਨੂੰ ਅਸ਼ੀਰਵਾਦ ਦਿਲਵਾ ਦਿੱਤਾ। ਉਸ ਤੋਂ ਵੀ ਵੱਡਾ ਕੰਮ ਤੁਸੀਂ ਇਹ ਕੀਤਾ ਜੋ ਯਹੂਦੀ ਪਾਦਰੀ ਦੇ ਰੂ ਬਰੂ ਲਗਾਤਾਰ ਪੰਜ ਦਿਨ ਮੇਰਾ ਵਿਚਾਰ ਵਿਮਰਸ਼ ਕ਼ਰਵਾਇਆ। ਵਿਚਾਰ ਵਿਮਰਸ਼ ਨੇ ਤਾਂ ਕਪਾਟ ਖੋਲ੍ਹ ਦਿੱਤੇ। ਦੇਖੋ ਨਾ ਕੁੱਲ ਬਾਰਾਂ ਛੋਟੇ ਮੋਟੇ ਕਬੀਲੇ ਅਬਰਾਹਮ ਨੇ ਕਿਥੋ ਕਿਥੇ ਪੁਜ ਕੇ ਜਥੇਬੰਦ ਕੀਤੇ। ਇਸਾਕ ਅਤੇ ਜੈਕਬ ਨੇ ਅਬਰਾਹਮ ਦੇ ਕਾਰਜ ਨੂੰ ਹੋਰ ਅੱਗੇ ਤੋਰਿਆ। ਅਵਾਰਾ ਘੁੱਮਕੜਾਂ ਤੇ ਫਿਰਤੂਆਂ ਨੂੰ ਤਹਿਜੀਬ ਦੀ ਪਹੁਲ ਦਿੱਤੀ।

ਛੋਟਾ ਭਾਈ : ਹਾਂ ਵੱਡੇ ਭਾਈ। ਅੱਗੋਂ ਹਜ਼ਰਤ ਮੂਸਾ ਇਨ੍ਹਾਂ ਨੂੰ ਮਿਸਰ ਚੋ ਕੱਢ ਕੇ ਜ਼ਿਉਨ ਯਾਨੀ ਇਸਰਾਈਲ ਲੈ ਗਿਆ ਤੇ ਦਸ ਹੁਕਮਾਂ ਚ ਬੰਨ ਕੇ ਹੋਰ ਇਕ-ਮੁੱਠ ਕੀਤਾ। ਲਗਭਗ ਤਿੰਨ ਸੌ ਸਾਲ (1010 BC ਤੋ 697 BC ਤੱਕ) ਸੈਮੂਅਲ, ਡੇਵਿਡ, ਸੋਲੋਮੋਨ, ਉਮਰੀ, ਅਹਾਬ, ਐਲੀਜਾਹ ਜੂਡਈ ਅਥਾਲੀਆਹ, ਹਜ਼ਕੀਆਂ ਨੇ ਰਾਜ ਕੀਤਾ।

ਇਹ ਬਾਦਸ਼ਾਹ ਵੀ ਸਨ ਅਤੇ ਪੈਗੰਬਰ ਵੀ। ਭਹਿਲੀ ਵਾਰ ਬਾਦਸ਼ਾਹਾਂ ਨੂੰ ਪੈਗੰਬਰਾਂ ਦਾ ਅਤੇ ਪੈਗੰਬਰਾਂ ਨੂੰ ਬਾਦਸ਼ਾਹਾਂ ਦਾ ਮਾਣ ਬਖਸ਼ ਹੋਇਆ। ਉਹਨਾਂ ਨੇ ਧਰਤੀ ਚੋਂ ਧਨ ਯਾਨੀ ਲੋਹਾ, ਤਾਂਬਾ, ਸੋਨਾ ਆਦਿ ਦੀ ਕਾਢ ਕੱਢੀ। ਸਭ ਤੋਂ ਵੱਡੀ ਗੱਲ ਕਿ ਉਚੇ ਸ਼ਿਸ਼ਟਾਚਾਰਕ ਮਿਆਰ (Ethical Standards) ਤੈਅ ਕੀਤੇ। ਕੀਤੇ ਕਿਵੇਂ ? ਯੇਹੋਵਾ ਖੁਦ ਸੀਉਨ ਪਰਬਤ ਤੋ ਪੈਗੰਬਰ ਮੂਸਾ ਰਾਹੀਂ ਸਮਾਜ ਦੇ ਹਰ ਪਹਿਲੂ ਨਾਲ ਸੰਬੰਧਤ ਹੁਕਮ ਭੇਜਦਾ ਹੈ, ਜਿਨ੍ਹਾਂ ਤੋਂ ਇਨਕਾਰ ਹੋ ਹੀ ਨਹੀ ਸਕਦਾ ਸੀ।

ਵੱਡਾ ਭਾਈ : ਹਾਂ, ਇਕ ਜੇਹੋਵਾ ਜੋ ਕਰਤਾ ਪੁਰਖ ਵੀ ਹੈ। ਵਿਰੋਧੀਆਂ ਲਈ ਕੱਟੜ ਵੀ ਤੇ ਤੋਬਾ ਕਰਨ ਵਾਲਿਆ ਲਈ ਬਖਸ਼ਨਹਾਰ ਵੀ। ਦੇਖੋਂ ਨਾ ਕੁਲ ਬਾਰਾਂ ਕਬੀਲੇ, ਕੁਲ ਬਾਰਾਂ ਅਤੇ ਪ੍ਰਾਪਤੀਆ ....

ਛੋਟਾ ਭਾਈ : ਨਹੀ ਵੱਡੇ ਭਾਈ ਬਾਰਾਂ ਨਹੀ ਤੇਰਾਂ ..... ਤੇਰਾਂ .....

ਵੱਡਾ ਭਾਈ : ਤੇਰਾਂ, ਇਹ ਤੇਰਵਾਂ ..... ਪਾਦਰੀ ਨੇ ਤਾਂ ਨਹੀ ਦੱਸਿਆ। ਬਾਰਾਂ ਪੁੱਤਰ ਅਤੇ ਤੇਰਵੀਂ ਧੀ ਸੀ।

ਛੋਟਾ ਭਾਈ : ਉਹ ਮੂਰਖ ਹੈ, ਅਗਿਆਨੀ ਹੈ, ਉਹਨੂੰ ਨਹੀਂ ਪਤਾ ਕਿ ਤੇਰਵਾਂ ਏਧਰ ਖਜਾਰੀਆ ਆ ਵਸਿਆ ਸੀ। ਅੱਜਕੱਲ ਉਥੇ ਬਾਦਸ਼ਾਹ ਬਲਕਾਨ ਦਾ ਰਾਜ ਹੈ। ਬਲਕਾਨ ਬਾਦਸ਼ਾਹ ਵੀ ਹੈ ਤੇ ਪੈਗੰਬਰ ਵੀ ..... ਤੇ ਮੇਰਾ

Scanned with OKEN Scanner
Scanned with OKEN Scanner

ਵੱਡਾ ਭਾਈ ਵੀ .....

ਵੱਡਾ ਭਾਈ : ਉਹ ਮੇਰੇ ਛੋਟੇ ਭਾਈ। ਇਹ ਤੂੰ ਕੀ ਆਖ ਦਿੱਤਾ? ਮੈਂ, ਬੁਧੀਹੀਨ, ਮੂਰਖ ਤੇ ਮੈਂ ਪੈਗੰਬਰ .....

ਛੋਟਾ ਭਾਈ : ਹੁਣ ਤੁਸੀਂ ਭਾਵੁਕ ਨਾ ਹੋਵੋ। ਮੇਰੇ ਬਚਨ ਧਿਆਨ ਨਾਲ ਸੁਣ ਲਉ। ਆਖਰ ਅਸੀ ਧਰਮ ਬਦਲੀ ਕਰਨੀ ਹੈ। ਈਮਾਨ ਬਦਲਨਾ ਹੈ। ਪੂਜਾ ਅਰਚਨਾਂ ਬਦਲਨੀ ਹੈ। BAAL ਬਾਅਲ ਦੀ ਅਰਾਧਨਾ ਸੁਰੂ ਕਰਨੀ ਹੈ। ਫਿਰ ਪੈਗੰਬਰ ਤੋਂ ਘੱਟ ਸਾਨੂੰ ਸੌਦਾ ਪ੍ਰਵਾਣ ਨਹੀਂ । ਹਾਂ, ਇਹ ਪੈਗੰਬਰੀ ਹਾਲੇ ਲੁਕਵੀਂ ਰਹੇਗੀ। ਹੋਰ ਇਹ ਕਿ ਇਹ ਸਮੱਚਾ ਧਰਮ ਸੌਦੇ ਬਾਜ਼ੀਆਂ ਅਤੇ ਇਕਰਾਰ ਨਾਮਿਆਂ ਦੀਆਂ ਬੁਨਿਆਦਾ ਉਪਰ ਖਲੋਤਾ ਹੈ।

ਇਸਰਾਈਲ ਤੇ ਖਜਾਰ ਦਰਮਿਆਨ 800 ਮੀਲ ਦਾ ਫਾਸਲਾ ਹੈ। ਪਰ ਅਸੀਂ ਵੀ ਅਬਰਾਹਮ ਦਾ ਇਕ ਨਿਖੜਿਆ ਕਬੀਲਾ ਸਵੀਕਾਰ ਹੋਆਂਗੇ।

ਸਾਡੇ ਕਬੀਲੇ ਦਾ ਵੀ ਇ੍ਕ ਨਾਮ ਹੋਏਗਾ। ਨਾਮ ਹੋਏਗਾ ਅਸ਼ਕਨਾਜ਼ੀ ਯਹੂਦੀ।

ਸਾਡੀ ਸਾਰੀ ਪਰਜਾ ਯਹੂਦੀ ਮੱਤ ਗ੍ਰਹਿਣ ਕਰੇਗੀ। ਅਸੀ ਗਿਣਤੀ ਵਿਚ ਇਸਾਰਾਈਲੀਆ ਨਾਲੋਂ ਕਈ ਗੁਣਾਂ ਵਧੇਰੇ ਹੋਵਾਂਗੇ। ਉਨ੍ਹਾਂ ਦੇ ਗੁਣ ਸਾਡੀ ਮਲਕੀਅਤ ਹੋਣਗੇ। ਸਾਡੇ ਔਗੁਣਾਂ ਦੀ ਸਜਾ ਉਹ ਭੁਗਤਣਗੇ। ਉਹ ਦੁਖ ਝੱਲਣਗੇ। ਅਸੀਂ ਫਲ ਖਾਵਾਂਗੇ ਉਹ ਕੁਰਬਾਨੀਆਂ ਦੇਣਗੇ, ਅਸੀਂ ਇਬਜ਼ਾਨਿਆਂ ਤੇ ਕਾਬਜ਼ ਹੋਆਂਗੇ।

ਅਸ਼ਕਨਾਜ਼ੀ ਸਾਰੇ ਵਿਰਸੇ ਤੇ ਕਾਬਜ਼ ਹੋਣਗੇ। ਲੋੜ ਪਏ ਤਾਂ ਧਰਮ ਗ੍ਰੰਥ ਬਦਲ ਦਿਆਂਗੇ। ਅਸੀਂ 'ਗੌਂਗ ਮਗੌਂਗ' ਹੋਆਂਗੇ। ਸਭ ਤੋਂ ਵੱਡੀ ਗੱਲ ਹੈ ਕਿ ਇਨ੍ਹਾਂ ਦੀ ਜੋ ਇਕ ਲੁਕਵੀਂ ਸੰਚਾਲਕ ਪ੍ਰੀਸ਼ਦ ਹੈ, ਉਹ ਅਸੀਂ ਹਥਿਆ ਲਵਾਂਗੇ। ਇਸਲਾਮ ਅਤੇ ਈਸਾਈ ਮੱਤ ਦੇ ਆਪਸੀ ਵਿਰੋਧ ਨੂੰ ਵਰਤਾਂਗੇ। ਇਨ੍ਹਾਂ ਦੇ ਆਪਸ ਵਿਚ ਧਰਮ ਯੁਧ ਕਰਵਾਂਵਾਗੇ। ਹੌਲੀ ਹੌਲੀ ਵਿਸ਼ਵ ਯੁਧ ਕਰਵਾਂਵਾਂਗੇ। ਸੁਲਾਹ ਇਨਸਾਫ ਦੇ ਸੋਮੇ ਵੀ ਅਸੀ ਹੋਵਾਂਗੇ। ਸਭ ਤੋਂ ਵੱਡੀ ਗੱਲ ਕਿ ਅਸੀਂ ਅਮੀਰੀ ਦੇ ਅਜ਼ਾਰੇਦਾਰ ਤਾਂ ਹੋਵਾਂਗੇ ਹੀ, ਅਸੀਂ ਗਰੀਬੀ ਦੇ ਅਜਾਰੇਦਾਰ ਵੀ ਹੋਆਂਗੇ। ਧਰਤੀਆਂ ਤੇ ਰਾਜ ਕਰਨ ਦੀ ਥਾਂ, ਧਰਤੀ ਦਾ ਸਾਰਾ ਧਨ ਹਥਿਆਵਾਂਗੇ। ਜਿਸ ਹੱਥ ਧਨ ਕਰ ਵੇਖੇ ਸੋਏ। ਧਨ ਸਾਡੇ ਹੱਥਾਂ ਦੀ ਪਕੜ 'ਚ ਹੋਏਗਾ। ਰਾਜ

Scanned with OKEN Scanner

ਸਾਡੇ ਪੈਰਾਂ ਵਿਚ ਖਿਨਰਨਗੇ।

ਪਵਿੱਤਰ ਦਰ ਪਵਿੱਤਰ ਦਾਰਸ਼ਨਿਕਤਾਵਾਂ ਉਪਜਾਈ ਜਾਵਾਂਗੇ ਤੇ ਆਪਸ ਵਿਚ ਭਿੜਾਈ ਜਾਵਾਂਗੇ। ਵਿਕਾਸ ਅਤੇ ਨਿਘਾਰ ਦੋਹਾਂ ਦੇ ਅਜਾਰੇਦਾਰ ਹੋਆਂਗੇ।

ਅਸੀਂ ਇਤਿਹਾਸ ਦਾ ਵੀ ਬਲਾਤਕਾਰ ਕਰਾਂਗੇ। ਸਾਡਾ ਬਲਾਤਕਾਰਤ ਇਤਿਹਾਸ ਵਿਸ਼ਵ ਨੂੰ ਪੜ੍ਹਾਇਆ ਜਾਵੇਗਾ। ਤੋਤੇ ਵਾਰ ਵਾਰ ਰਟਣਗੇ। ਖੋਜ ਸਾਡੀ ਕੱਠਪੁਤਲੀ ਹੋਏਗੀ। ਬਲਾਤਕਾਰਤ ਇਤਿਹਾਸ ਨੂੰ ਪਰਮ ਸੱਚ ਮੰਨਿਆ ਜਾਵੇਗਾ। ਇਹ ਸਾਡੀ ਸ਼ਕਤੀ ਹੋਏਗਾ।

ਅੰਤ ਅਸ਼ਕਨਾਜੀ ਯਹੂਦੀ ਸਾਰੀ ਸ੍ਰਿਸ਼ਟੀ ਦੇ ਇਕ ਮਾਤਰ ਪਾਤਸ਼ਾਹ ਹੋਣਗੇ। ਸਾਰੀ ਰਇਆ ਸਾਡੀ ਗੁਲਾਮ ਹੋਵੇਗੀ।

ਸਮਾਂ ਪੈਣ ਤੇ ਅਸੀਂ ਸਾਬਤ ਕਰ ਦਿਆਂਗੇ ਕਿ ਅਸੀਂ ਇਸ ਧਰਤੀ ਦੇ ਵਾਸੀ ਹੀ ਨਹੀ ਹਾਂ। ਸਾਨੂੰ ਯੇਹੋਵਾ ਨੇ ਅਰਸ਼ (ਬਹਿਸ਼ਤ) ਚੋਂ ਏਥੇ ਭੇਜਿਆ ਤਾਂ ਕਿ ਦੁਨੀਆਂ ਦਾ ਰਾਜ ਭਾਗ ਚਲਾਉਣ ਦਾ ਰੱਬੀ ਹੱਕ ਪ੍ਰਾਪਤ ਕਰੀਏ। ਦੱਲੀ ਖੋਜ ਸਾਬਤ ਕਰੇ ਗੀ ਕਿ ਅਸੀਂ 'ਅਰਸ਼ੀ ਜੀਊੜੇ ਹਾਂ'.....

ਵੱਡਾ ਭਾਈ : ਬਹੁਤ ਖੂਬ, ਬਹੁਤ ਅੱਛੇ, ਸ਼ਾਬਾਸ਼ ! ਪਰ ਐਹ ਇਸਲਾਮ ਮੱਤੀਏ ਅਤੇ ਰੋਮ ਦੇ ਪੋਪੀਏ ਨੂੰ ਕਾਫੀ ਸਾਰਾ ਧਨ ਤੋਹਫੇ ਵਜੋਂ ਦੇ ਦਿਉ।

ਛੋਟਾ ਭਾਈ : ਅਥਾਂਹ ਧਨ ਦੇ ਕੇ ਤੋਰਾਂਗੇ। ਰਸਤੇ ਵਿਚ ਦੋਵਾਂ ਨੂੰ ਮਰਵਾ ਦਿਆਂਗੇ ਤੇ ਇਲਜਾਮ ਇਕ ਦੂਜੇ ਤੇ ਲਗਵਾ ਦਿਆਗੇ। ਧਨ ਵਾਪਸ ਸਾਡੇ ਕੋਲ ਆ ਜਾਏਗਾ।

ਵੱਡਾ ਭਾਈ : ਠੀਕ ਹੈ, ਆਖਰ ਅਸੀ ਧਰਮ ਫੋਕਟ ਵਿਚ ਤਾਂ ਨਹੀਂ ਬਦਲ ਰਹੇ ਹਾਂ। ਧਰਮ ਬਦਲੀ ਦੇ ਐਲਾਨ ਦਾ ਐਲਾਨ ਕਰ ਦਿਉ ਛੋਟੇ ਭਾਈ।

ਜਸ਼ਨ

ਰਾਜਧਾਨੀ ਨਾਲ ਲਗਦੇ ਵਿਸ਼ਾਲ ਮੈਦਾਨ ਵਿਚ ਸ਼ਾਹੀ ਇਕੱਠ ਹੋ ਰਿਹਾ ਹੈ।

ਇਕੱਠ ਤਾਂ ਪਹਿਲੇ ਵੀ ਹੁੰਦੇ ਰਹੇ ਹਨ, ਪਰ ਅੱਜ ਦਾ ਇਹ ਵਿਸ਼ਾਲ ਇਕੱਠ ਨਿਰੋਲ ਆਪਣੀ ਕਿਸਮ ਦਾ ਹੈ। ਇਕ ਪਾਸੇ ਵੱਡੇ ਚਬੂਤਰੇ ਵਰਗੀ ਸਟੇਜ ਸੱਜੀ ਹੋਈ ਹੈ। ਜਿਸ ਉਪਰ ਸ਼ਾਹੀ ਤੰਬੂ ਤੇ ਕੰਮ ਚਲਾਊ ਤਖਤ ਸੱਜਿਆ ਹੋਇਆ ਹੈ।

ਪਹਿਲਾਂ ਅਹਿਲਕਾਰ ਫਿਰ ਵਜੀਰ ਤੇ ਅੰਤ ਤੇ ਮਹਾ ਮੰਤਰੀ ਤੇ ਬਾਦਸ਼ਾਹ ਪ੍ਰਵੇਸ਼

ਕਰਦੇ ਹਨ। ਚਾਰੇ ਪਾਸੇ ਚੁਪ ਚਾਂ ਛਾਂ ਜਾਂਦੀ ਹੈ। ਫੇਰ ਖੁਸ਼ੀ ਦੇ ਜੈਕਾਰਿਆ ਨਾਲ ਅਕਾਸ਼ ਗੂੰਜ ਪੈਂਦਾ ਹੈ। ਸਟੇਜ ਉਪਰ ਤਿੰਨ ਛੋਟੇ, ਨਾਲ ਵੱਡੇ ਧਾਤੀ ਧੂਤੇ ਲੱਗੇ ਹੋਏ ਹਨ। ਜਿਨ੍ਹਾਂ ਦੇ ਤੰਗ ਮੂੰਹਾਂ ਕੋਲ ਬੋਲਣ ਨਾਲ ਆਵਾਜ ਦੂਰ ਦੂਰ ਤਕ ਗੂੰਜਦੀ ਹੈ।

ਇਕ ਅਹਿਲਕਾਰ ਉਠਦਾ ਹੈ ਤੇ ਇਕ ਛੋਟੇ ਧੂਤੇ ਕੋਲ ਜਾ ਕੇ ਬੋਲਦਾ ਹੈ ਪਰ ਲੋਕ ਏਨੀ ਵਧ ਗਿਣਤੀ ਵਿਚ ਹਨ ਕਿ ਕੁਝ ਪੱਲੇ ਨਹੀ ਪੈਂਦਾ ਹੈ .....

ਇਕ ਧੀਮਾ ਜਿਹਾ ਧਮਾਕਾ ਹੁੰਦਾ ਹੈ। ਚੁਪ ਚਾਂ ਛਾ ਜਾਂਦੀ ਹੈ।

ਮਹਾਂ ਮੰਤਰੀ : (ਵੱਡੇ ਧੂਤੇ ਕੋਲ ਜਾ ਕੇ) ਪਰਜਾ ਦੇ ਲੋਕੋ, ਬਾਦਸ਼ਾਹ ਸਲਾਮਤ ਵਲੋਂ ਇਹੋ ਜਿਹੇ ਇਕੱਠ ਉਦੋਂ ਕੀਤੇ ਜਾਂਦੇ ਹਨ ਜਦੋਂ ਕੋਈ ਐਸਾ ਐਲਾਨ ਕਰਨਾ ਹੋਵੇ ਜਿਸਨ ਦੇਸ਼ ਦੀ ਤਕਦੀਰ ਨੂੰ ਬਦਲ ਕੇ ਰੱਖ ਦੇਣਾ ਹੋਵੇ। ਤੁਸੀਂ ਐਲਾਨ ਸੁਣਨ ਲਈ ਚੁਪ ਚਾਪ ਬੈਠ ਜਾਉ। ਐਲਾਨ ਮਗਰੋਂ ਖੂਬ ਨੱਚੋ, ਗਾਉ, ਖੁਸ਼ੀਆਂ ਮਨਾਉ, ਸਹਿਮਤੀ ਦਾ ਸਬੂਤ ਪੇਸ਼ ਕਰੋ। ਬਾਦਸ਼ਾਹ ਸਲਾਮਤ ਦਾ ਐਲਾਨ ਉਨ੍ਹਾਂ ਦੇ ਆਪਣੇ ਮੁਖਰਬਿੰਦ ਤੋਂ ਸੁਣੋ- .....

ਬਾਦਸ਼ਾਹ : (ਵੱਡੇ ਧੂਤੇ ਕੋਲ ਜਾਂਦਾ ਹੈ। ਭੀੜ ਵਿਚ ਚੁਪ ਪਸਰ ਜਾਂਦੀ ਹੈ) ਖਜਾਰ ਸਲਤਨਤ ਦੀ ਪਰਜਾ ਦੇ ਪਿਆਰੇ ਲੋਕੋ, ਮਾਅ ਬਦੌਲਤ ਦਾ ਐਲਾਨ ਹੈ ਕਿ ਮਾਅ ਬਦੌਲਤ ਨੇ ਪਰਜਾ ਦੀ ਬਿਹਤਰੀ ਲਈ ਅੱਜ ਤੋਂ ਇਕ ਜਿਹੋਵੀ ਮਤ, ਅਬਰਾਹਮੀਅਤ ਮੱਤ ਜਿਸ ਦਾ ਨਾਮ ਹੈ ਯਹੂਦੀ ਮੱਤ ਨੂੰ ਰੂਹਾਨੀਅਤ ਵਜੋਂ ਆਪਣਾ ਲਿਆ ਹੈ। ਯਹਾ ਰਾਜਾ ਤਹਾਂ ਪਰਜਾ ..... ਪਰਜਾ ਦਾ ਮੱਤ ਵੀ ਯਹੂਦੀ ਮਤ ਹੋਏਗਾ। ਏਸੇ ਖੁਸ਼ੀ ਵਿਚ ਪੂਰੇ ਸੱਤ ਦਿਨ ਜਸ਼ਨ ਮਨਾਇਆ ਜਾਏਗਾ। ਥਾਂ ਪੁਰ ਥਾਂ ਸ਼ਾਹੀ ਲੰਗਰ ਚੱਲਣਗੇ। ਨਾਲੋ ਨਾਲ ਯਹੂਦੀ ਰਹੁ ਰੀਤਾਂ ਮੁਤਾਬਿਕ ਪਾਠ-ਪੂਜਾ-ਅਰਚਨਾ ਦਾ ਪ੍ਰਬੰਧ ਵੀ ਹੋਏਗਾ। ਯਹੂਦੀ ਮਤ ਅਪਣਾਉ। ਨੱਚੋ, ਗਾਉ, ਖੁਸ਼ੀਆਂ ਮਨਾਉ। ਸ਼ਾਹੀ ਖਜ਼ਾਨੇ ਨੂੰ ਪਵਿੱਤਰ ਕਰੋ। ਅਸੀ ਗੁਆਂਢੀ ਦੇਸ਼ਾਂ ਨੂੰ ਮਿਤਰਤਾ ਦੇ ਸੰਦੇਸ਼ੇ ਭੇਜਾਂਗੇ (ਪਰਜਾ ਦੇ ਲੋਕ ਉਛਲਣ ਕੁਦਣ ਲਗ ਪੈਂਦੇ ਹਨ। ਸ਼ਾਹੀ ਦਰਬਾਰ ਉਠ ਜਾਂਦਾ ਹੈ।)

(ਮਹੱਲਾਂ ਵਿਚ ਵੀ, ਸ਼ਹਿਰਾਂ ਕਸਬਿਆਂ ਵਿਚ ਵੀ, ਥਾਂ ਪੁਰ ਥਾਂ ਪੂਜਾ ਅਰਚਨਾ ਨਾਲ ਧਰਮ ਬਦਲੀ ਹੁੰਦੀ ਹੈ। ਯਹੂਦੀ ਮੱਤ ਅਪਣਾਇਆ ਜਾਦਾ ਹੈ। ਜਿਹੜੇ ਲੋਕ ਨਾਬਰ ਹਨ, ਉਹ ਲੁਕ ਛੁਪ ਦੇ ਪਹਾੜਾਂ ਉਪਰ ਜਾ ਚੜ੍ਹਦੇ ਹਨ ਜਾਂ ਹੱਦਾਂ ਹਦੂਦਾਂ ਪਾਰ ਕਰਕੇ ਦੂਸਰੇ ਮੁਲਕਾਂ ਵਿਚ ਹਿਜਰਤ ਕਰ ਜਾਂਦੇ ਹਨ। ਮੁਸਲਿਮ ਜਾਂ ਈਸਾਈ ਮੱਤ ਅਪਣਾ ਲੈਂਦੇ ਹਨ ਜਾਂ ਆਪਣੇ ਪੁਸ਼ਤੈਨੀ ਮਤ ਨੂੰ ਹੀ ਆਪਣਾਈ ਰਖਦੇ ਹਨ।)

Scanned with OKEN Scanner

ਦੋ ਸਾਲ ਬਾਅਦ

ਦੋ ਸਾਲ ਸੁਖ ਸਾਂਦ ਨਾਲ ਬੀਤ ਜਾਂਦੇ ਹਨ। ਯਹੂਦੀ ਪੂਜਾ ਅਰਚਨਾ ਦੇ ਸੇਨਾਗੋਗ ਚਰਚ ਉਸਾਰ ਰਹੇ ਹਨ। ਪਵਿੱਤਰ ਤੰਬੂ ਗੱਡੇ ਜਾਂਦੇ ਹਨ, ਜਿਥੇ ਸੋਨੇ ਦੇ ਮੇਜ਼ਾਂ ਉਪਰ ਸੋਨੇ ਦੇ ਸੰਦੂਕ ਰੱਖੇ ਜਾਂਦੇ ਹਨ। ਬਲਦਾਂ, ਭੇਡਾਂ, ਬਕਰੀਆਂ, ਲੇਲਿਆਂ ਦੀਆ ਬਲੀਆਂ ਦਿਤੀਆਂ ਜਾਂਦੀਆ ਹਨ।

ਪਹਿਲੇ ਵਾਲਾ ਗੁਪਤ ਸਥਾਨ

ਛੋਟਾ ਭਾਈ : ਵੱਡੇ ਭਾਈ, ਦੋ ਸਾਲ ਦੀ ਮਿਹਨਤ ਰੰਗ ਲਿਆਈ ਹੈ ਗੁਪਤਚਰਾਂ ਦੀ ਤਾਜੀ ਖਬਰ ਹੈ ਕਿ ਸਕੈਂਡੀਨੇਵੀਅਨ ਸਲਤਨਤਾਂ ਦਾ ਬਾਦਸ਼ਾਹ ਜੋ ਈਸਾਈ ਮੱਤੀਆਂ ਹੈ ਸਾਡੇ ਸਮੁੰਦਰੀ ਤੱਟ ਤਕ ਆਣ ਪੁਜਿਆ ਹੈ। ਉਸ ਕੋਲ ਦੁਨੀਆ ਦਾ ਸਭ ਤੋਂ ਵੱਡਾ ਸਮੁੰਦਰੀ ਬੇੜਾ ਹੈ। ਪੰਜ ਸੌ ਜਹਾਜ ਹਨ ਤੇ ਹਰ ਇਕ ਜਹਾਜ ਦਾ ਇਕ ਸੈਨਾ ਪਤੀ ਹੈ ਤੇ ਅੱਗੋਂ ਸੌ ਸੌ ਲੜਾਕੂ ਸਿਰਲੱਥ ਯੋਧੇ ਹਨ। ਯਾਨੀ ਕਿ ਪੰਜ ਸੌ ਜਹਾਜਾਂ ਤੇ ਪੰਜਾਹ ਹਜਾਰ ਫੌਜਾਂ ਦਾ ਮਹਾਨ ਆਰਮੇਡਾਂ ਲੈ ਕੇ ਸਾਡੇ ਤਟਾ ਤੇ ਪੁਜ ਗਿਆ ਹੈ।

ਵੱਡਾ ਭਾਈ : ਕਮਾਲ ਹੈ ਤੁਹਾਡੀ। ਏਨੇ ਥੌੜੇ ਸਮੇਂ ਵਿਚ ਏਨਾ ਸਫਰ ਤੈਅ ਕਰ ਲਿਆ ?

ਛੋਟਾ ਭਾਈ : ਅਸਾਂ ਅਥਾਂਹ ਧਨ ਲਗਾਇਆ (invest) ਕੀਤਾ। ਰਾਜ ਦਰਬਾਰਾਂ ਵਿਚ ਘੁਸ ਪੈਠ ਕੀਤੀ। ਈਸਾਈ ਸਕੈਂਡੀਅਨ ਬਾਦਸ਼ਾਹ ਨੂੰ ਵਿਸ਼ਵਾਸ ਦੁਆਇਆ ਕਿ ਖਜਾਰ ਦੇਸ਼ ਦੇ ਦੱਖਣ ਵਲ ਜੋ ਮੁਸਲਿਮ ਦੇਸ਼ ਹੋਂਦ ਵਿਚ ਆਏ ਹੋਏ ਹਨ, ਕੋਲ ਅਥਾਹ ਧਨ ਹੈ। ਉਹ ਖਜਾਰ ਲਈ ਵੀ ਤੇ ਸਕੈਂਡੀ-ਨੇਵੀਆਂ ਲਈ ਵੀ ਖਤਰਾ ਬਣ ਸਕਦੇ ਹਨ। ਅੱਜ ਤਕ ਅਸੀਂ ਉਨ੍ਹਾਂ ਨੂੰ ਪੱਛਮ ਵਲ ਆਉਣੋਂ ਰੋਕਿਆ ਹੋਇਆ ਹੈ। ਜੇਕਰ ਉਹ ਆ ਗਏ ਤਾ ਸਾਰਾ ਪੱਛਮ ਵੀ ਮੁਸਲਿਮ ਹੋ ਜਾਏਗਾ। ਇਹ ਤੱਥ ਰੋਮ ਦੇ ਪੋਪ ਦੇ ਮਨ ਵਿਚ ਵੀ ਬੈਠਾ ਦਿਤਾ ਹੋਇਆ ਹੈ। ਗੁਪਤਚਰਾਂ ਦੀ ਖਬਰ ਹੈ ਕਿ ਸਕੈਂਡੀਨੇਵੀਅਨ ਬਾਦਸ਼ਾਹ ਖੁਦ ਪੰਜਾਹ ਹਜਾਰ ਫੌਜਾਂ ਅਤੇ ਪੰਜ ਸੌ ਜਹਾਜਾ ਦਾ ਆਰਮੇਡਾ ਲੈ ਕੇ ਬਸ ਪੁਜਿਆ ਹੀ ਹੈ। ਤੱਟ ਤੇ ਉਹ ਸਾਡੀ ਆਗਿਆ ਨਾਲ ਹੀ ਪੁਜਿਆ ਹੈ।

(ਏਨੇ ਨੂੰ ਆਗਿਆ ਲੈ ਕੇ ਇਕ ਦਾਸੀ ਹਾਜਰ ਹੁੰਦੀ ਹੈ। ਝੁਕ ਕੇ ਆਗਿਆ ਮੰਗਦੀ ਹੈ।....)

ਦਾਸੀ : ਜਹਾਂ ਪਨਾਂਹ, ਮਹਾਰਾਜ, ਗੁਪਤਚਰ ਮੁਖੀ ਮਹਾਰਾਜ ਨੂੰ ਤੁਰੰਤ ਮਿਲਣ ਦੀ ਆਗਿਆ ਮੰਗਦੈ।

Scanned with OKEN Scanner

(ਖਬਰ ਸੁਣ ਕੇ ਦੋਵੇਂ ਖਿੜ ਜਾਂਦੇ ਹਨ)

ਛੋਟਾ ਭਾਈ : ਉਸਨੂੰ ਦਰਬਾਰ 'ਚ ਬਿਠਾਉ, ਖਾਣ ਪੀਣ ਦੀ ਸੇਵਾ ਕਰੋ। ਅਸੀਂ ਆਏ।

ਵੱਡਾ ਭਾਈ : ਕਾਕੇਸ਼ੀਅਨ (ਸਕੈਂਡੀਨੇਵੀਆ) ਬਾਦਸ਼ਾਹ ਦਾ ਜੋ ਬੇਨਤੀ ਪੱਤਰ ਆਇਆ ਸੀ ਕਿ ਏਲਚੀਆਂ ਨੂੰ ਦਰਬਾਰੇ ਖਾਸ ਵਿਚ ਹਾਜਰ ਹੋਣ ਦੀ ਆਗਿਆ ਦਿਤੀ ਜਾਏ, ਦੀ ਸਵੀਕ੍ਰਿਤੀ ਦੇ ਹੀ ਦਿਤੀ ਸੀ ਨਾ ?

ਛੋਟਾ ਭਾਈ : ਹਾਂ ਜੀ ਦੇ ਦਿਤੀ ਸੀ। ਚਲੋ ਸਿੱਧੇ ਬੈਠਕ ਵਿਚ ਚਲਦੇ ਹਾਂ (ਉਤਸ਼ਾਹ ਨਾਲ ਤੇਜ ਤੇਜ ਚਲਦੇ, ਉਹ ਪੁਜਦੇ ਹਨ। ਗੁਪਤਚਰ ਮੁਖੀ ਝੁਕ ਦੇ ਸਲਾਮ ਕਰਦਾ ਹੈ।)

ਮਹਾਂ ਮੰਤਰੀ : ਤੁਹਾਡੇ ਚਿਹਰੇ ਤੋਂ ਹੀ ਲਗਦਾ ਹੈ ਕਿ ਸਭ ਕੁਝ ਸਾਡੀ ਯੋਜਨਾ ਅਨੁਸਾਰ ਹੀ ਚਲ ਰਿਹਾ ਹੈ।

ਗੁਪਤਚਰ : ਹਾਂ ਮਹਾਰਾਜ ਜੀ। ਆਰਮੇਡਾ ਨੇ ਸਾਡੇ ਤੱਟ ਤੇ ਲੰਗਰ ਸੁਟ ਲਿਆ ਹੈ। ਮੈ ਅੱਖੀਂ ਡਿੱਠਾ ਹੈ। ਏਡਾ ਵੱਡਾ ਅਨੁਸ਼ਾਸਨਿਕ ਹਥਿਆਰਬੰਦ ਤੇ ਸਿਰਲੱਖ ਯੋਧਿਆਂ ਵਾਲਾ ਬੇੜਾ, ਮੈਂ ਪਹਿਲਾਂ ਕਦੇ ਸੁਣਿਆਂ ਵੀ ਨਹੀ ਹੈ, ਦੇਖਣਾ ਤਾਂ ਇਕ ਪਾਸੇ ਰਿਹਾ ..... ਕਾਕੇਸ਼ੀਅਨ ਬਾਦਸ਼ਾਹ ਦੇ ਏਲਚੀ ਬਾਦਸ਼ਾਹ ਦਾ ਸੰਦੇਸ਼ ਲੈ ਕੇ ਚਲ ਪਏ ਹੋਏ ਹਨ। ਅਸੀਂ ਆਪਣੇ ਗੁਪਤ ਢੰਗ ਨਾਲ ਪੈਰਵੀਂ ਰੱਖੀ ਹੈ। ਬਸ ਉਹ ਪਹੁੰਚਣ ਹੀ ਵਾਲੇ ਹਨ। ਮੈਨੂੰ ਰੁਕਸਤ ਹੋਣ ਦੀ ਆਗਿਆ ਦਿਉ ....

(ਉਹ ਜਾਂਦਾ ਹੈ ਥੋੜੇ ਚਿਰ ਮਗਰੋਂ ਦਵਾਰਪਾਲ ਆਗਿਆ ਲੈ ਕੇ ਅੰਦਰ ਆਉਂਦਾ ਹੈ ....)

ਦਵਾਰਪਾਲ : ਹਜੂਰ ਕਾਕੇਸ਼ੀਆਂ ਦੇ ਬਾਦਸ਼ਾਹ ਵਲੋ ਆਪ ਜੀ ਦੀ ਆਗਿਆ ਅਨੁਸਾਰ ਇਕ ਸੈਨਾ ਪਤੀ ਤੇ ਇਕ ਵਜ਼ੀਰ ਆਪ ਜੀ ਦੀ ਸੇਵਾ ਵਿਚ ਪਧਾਰੇ ਹਨ। ਹਜੂਰ ਸੇਵਾ ਪਾਣੀ ਮਗਰੋਂ ਮਹਿਮਾਨ-ਖਾਨੇ ਵਿਚ ਬੈਠਾ ਦਿਤੇ ਗਏ ਹਨ। ਮਹਾਰਾਜ ਜੋ ਆਗਿਆ .....

ਬਾਦਸ਼ਾਹ : ਪਹਿਲਾ ਮਹਾਂ ਮੰਤਰੀ ਜੀ ਮਿਲਣਗੇ। ਦਰਬਾਰ ਵਿਚ ਲੈ ਆਉ। (ਦਵਾਰਪਾਲ ਜਾਂਦਾ ਹੈ)

ਮਹਾਂ ਮੰਤਰੀ : ਬਾਦਸ਼ਾਹ ਸਲਾਮਤ ਤੁਹਾਡਾ ਫੈਸਲਾ ਠੀਕ ਹੈ। ਪਹਿਲਾ ਮੈ ਮਿਲਦਾ ਹਾਂ। ਉਨਾਂ ਦੀਆ ਯੋਜਨਾਵਾ ਦੀ ਥਾਹ ਪਾਵਾਂਗਾ। ਆਪਣਾ ਹਿੱਤ ਸਾਹਮਣੇ ਰੱਖਾਂਗਾ। ਆਪ ਜੀ ਦੀ ਸ਼ਾਨ ਨੂੰ ਉੱਚਾ ਸੁੱਚਾ ਪੇਸ਼ ਕਰਾਂਗਾ। ਸਾਡੇ ਮਕਸਦ ਪੂਰੇ ਹੁੰਦੇ ਹੋਏ ਤਾ ਆਪ ਜੀ ਨੂੰ ਮਿਲਾਵਾਂ ਗਾ ਵਰਨਾ ਟਰਕਾ ਦਿਆਂਗਾ। ਆਖਰ ਅਸੀਂ ਐਵੇਂ ਤੇ ਯਹੂਦੀ ਮਤ ਧਾਨੀ ਕਿ ਅਸ਼ਕਨਾਜੀ

Scanned with OKEN Scanner

Scanned with OKEN Scanner

ਯਹੂਦੀ ਮਤ ਨਹੀਂ ਅਪਣਾਇਆ ਹੈ। ਇਹ ਤਾ ਹਾਲੇ ਸੁਰੂਆਤ ਹੈ। ਸੁਰੂਆਤ ਨਿੱਗਰ ਹੋਣੀ ਚਾਹੀਦੀ ਹੈ। ਅੱਗੇ ਦੇਖੋ ਅਸੀ ਸ੍ਰਿਸ਼ਟੀ ਦੇ ਮਾਪ ਬਦਲ ਦੇ ਰਖ ਦਿਆਂਗੇ। ਤੁਸੀਂ ਤਿਆਰ ਹੋ ਰਹੋ। (ਉਹ ਜਾਂਦਾ ਹੈ)

ਦਰਬਾਰ

ਖਜਾਰੀਅਨ ਬਾਦਸ਼ਾਹ, ਮਹਾਂ ਮੰਤਰੀ, ਕਾਕੇਸੀਅਨ (ਸਕੈਂਡੀਨੇਵੀਅਨ) ਮਹਾਂ ਮੰਤਰੀ, ਸੈਨਾਪਤੀ ਤੇ ਦੋਵਾ ਪਾਸਿਉਂ ਹੋਰ ਅਹਿਲਕਾਰ ਆਪੋ ਆਪਣੀਆਂ ਨੀਅਤ ਥਾਂਵਾ ਤੇ ਵਿਰਾਜੇ ਬੈਠੇ ਹਨ।

ਮਹਾਂ ਮੰਤਰੀ : ਬਾਦਸ਼ਾਹ ਸਲਾਮਤ, ਬਾਦਸ਼ਾਹ ਸਕੈਡੀਨੇਆ ਨੇ ਨਿਰੇ ਏਲਦੀ ਨਹੀ, ਸਗੋਂ ਆਪਣੇ ਮੰਤਰੀ ਪ੍ਰੀਸ਼ਦ ਦੇ ਮੁਖੀ ਅਤੇ ਸੈਨਾਪਤੀ ਨੂੰ ਤੁਹਾਡੀ ਸੇਵਾ ਵਿਚ ਭੇਜਿਆ ਹੈ। ਬਾਦਸ਼ਾਹ ਵੱਲੋਂ ਸ਼ਾਹੀ ਪੈਗਾਮ ਮੈ ਖੁਦ ਆਪ ਜੀ ਦੀ ਸੇਵਾ ਵਿਚ ਹਾਜਰ ਹੋ ਕੇ, ਪੜ੍ਹ ਕੇ ਸੁਣਾ ਦਿਤਾ ਹੈ। ਬਾਦਸ਼ਾਹ ਚੰਗੀ ਤਰਾਂ ਜਾਣਦੇ ਹਨ ਕਿ ਬਾਦਸ਼ਾਹ ਕਾਕੇਸ਼ੀਆ ਵੱਲੋਂ ਇਹ ਨਿਰੇ ਏਲਦੀ ਨਹੀਂ, ਸਗੋਂ ਉਨ੍ਹਾਂ ਦੇ ਪ੍ਰਤੀਨਿਧ ਹਨ। ਵਿਚਾਰ ਵਟਾਂਦਰੇ ਮਗਰੋਂ ਜੋਂ ਸਹਿਮਤੀ ਬਣੇ, ਉਹ ਬਾਦਸ਼ਾਹ ਕਾਕੇਸ਼ੀਆ ਦੀ ਸਹਿਮਤੀ ਸਮਝੀ ਜਾਏ .... ਵੱਡੀ ਖੂਬੀ ਕਿ ਰੋਮ ਦੇ ਪੋਪ ਦੀ ਵੀ ਇਨ੍ਹਾ ਨੂੰ ਪ੍ਰੇਰਨਾ ਹੈ। ਆਖਰ ਦੋ ਧਰਮਾ, ਇੰਸਲਾਮ ਤੇ ਈਸਾਈ ਦੇ ਵਕਾਰ ਦਾ ਵੀ ਸੁਆਲ ਹੈ।

ਬਾਦਸ਼ਾਹ : ਹਾਂ, ਬਾਦਸ਼ਾਹ ਕਾਕੇਸ਼ੀਆ (ਸਕੈਂਡੀਨੇਵੀਆ) ਦਾ ਪੈਗਾਮ ਪੁਜਾ ਹੈ। ਮਹਾਰਾਜ ਪੋਪ ਦੇ ਹੁਕਮ ਨਾਲ ਔਰ ਸਾਡੀ ਸਹਿਮਤੀ ਨਾਲ ਯੁਧ ਦਾ ਵੱਡਾ ਆਰਮੇਡਾ ਸਾਡੇ ਤੱਟਾਂ ਤੇ ਲੰਗਰ ਸੁਟੀ ਰੁਕਿਆ ਹੋਇਆ ਹੈ .... ਜੋ ਮਸ਼ਵਰਾ ਹੋਇਆ ਹੈ ਔਰ ਸਹਿਮਤੀ ਬਣੀ ਹੈ, ਬਿਆਨ ਕੀਤੀ ਜਾਵੇ ...।

ਮਹਾਂ ਮੰਤਰੀ : ਬਾਦਸ਼ਾਹ ਸਲਾਮਤ ਸਾਡੀ ਦੋਵਾ ਧਿਰਾਂ ਦੀ ਦੋ ਦਿਨ ਬਹਿਸ ਚੱਲੀ ਹੈ। ਵਿਚ ਵਿਚ ਤਲਖੀ ਵੀ ਹੋਈ ਹੈ। ਫੈਸਲਾ ਟੁੱਟ ਜਾਣ ਦੀ ਨੌਬਤ ਵੀ ਆਈ ਹੈ। ਅੰਤਲੇ ਫੈਸਲੇ ਨੂੰ ਆਪ ਜੀ ਦੀ ਮੰਜੂਰੀ ਦੀ ਅਨਾਇਤ ਦੀ ਲੋੜ ਹੈ ....

ਬਾਦਸ਼ਾਹ : ਠੀਕ ਹੈ। ਵੱਡੇ ਫੈਸਲੇ ਐਵੇ ਤੇ ਨਹੀਂ ਹੋ ਜਾਂਦੇ। ਹਿੱਤਾਂ ਦਾ ਟਕਰਾ ਹੁੰਦਾ ਹੈ। ਸਿਰ ਜੁੜਦੇ ਹਨ .... ਖਬਰੇ ਏਸ ਮੁਹਿੰਮ ਨੇ ਭਵਿਖ ਦੀ ਮੁਹਾਰ ਹੀ ਬਦਲ ਕੇ ਰਖ ਦੇਣੀ ਹੋਵੇ। ਬਿਆਨ ਕਰੋ .... ।

ਮਹਾਂ ਮੰਤਰੀ : ਸਕੈਂਡੀਨੇਵੀਅਨ ਸਲਤਨਤਾਂ ਅਤੇ ਅਰਬੀ ਸਲਤਨਤਾਂ ਦੇ ਐਨ ਵਿਚਕਾਰ ਖਜਾਰ ਦੇਸ਼ ਹੈ। ਅਰਬੀ ਸਲਤਨਤਾਂ ਦੀ ਅਮੀਰੀ ਜੱਗ ਜਾਹਰ ਹੈ। ਉਹ

Scanned with OKEN Scanner

ਸਾਡੇ ਦੱਖਣ ਵਿਚ ਸਥਿਤ ਹਨ। ਬਾਦਸ਼ਾਹ ਕਾਕੇਸ਼ੀਆ ਦੀ ਫੌਜ ਦੀ ਦਲੇਰੀ, ਬਹਾਦਰੀ ਔਰ ਦ੍ਰਿੜਤਾ ਵੀ ਜੱਗ ਜਾਹਰ ਹੈ। ਫੇਰ ਪੋਪ ਦਾ ਥਾਪੜਾ ਵੀ ਪ੍ਰਾਪਤ ਹੈ। ਸਾਡੇ ਇਹ ਖਾਨਦਾਨੀ ਮਿਤਰ ਹਨ। ਇਹ ਫੌਜਾਂ ਦਾ ਲਾਂਘਾ ਚਾਹੁੰਦੇ ਹਨ। ਏਡੀ ਵੱਡੀ ਫੌਜ ਏਡਾ ਵੱਡਾ ਲਾਂਘਾ, ਇਰਦ ਗਿਰਦ ਉਜਾੜਾ ਤਾ ਮੱਚੇਗਾ ਹੀ। ਫੇਰ ਇਨ੍ਹਾਂ ਦੀ ਵਾਪਸੀ ਤਕ ਲਾਂਘੇ ਦੀ ਸੁਰੱਖਿਅਤਾ ਦਾ ਵੀ ਸੁਆਲ ਹੈ। ਸਾਨੂੰ ਲਾਂਘੇ ਦੀ ਹਿਫਾਜਤ, ਔਰ ਉਜਾੜੇ ਦੀ ਮੁੜ ਵਸਾਈ ਦਾ ਮੁਆਵਜਾ ਤਾ ਚਾਹੀਦਾ ਹੈ ਹੀ। ਦੂਸਰੇ ਇਨ੍ਹਾਂ ਨੂੰ ਲਾਂਘਾ ਦੇਣ ਦੇ ਇਵਜ਼ ਵਿਚ ਬਹੁਤ ਸਾਰੇ ਖਤਰੇ ਵੀ ਹਨ। ਅਰਬੀ-ਮੁਸਲਿਮ ਸਾਨੂੰ ਸਭ ਤੋ ਵੱਡੇ ਦੁਸ਼ਮਣ ਤਸੱਵਰ ਕਰਨਗੇ। ਅਸੀਂ ਵੀ ਆਪਣੀਆਂ ਫੌਜਾਂ ਨੂੰ ਮੁੜ ਲਾਮ ਬੰਦ ਕਰਾਂਗੇ। ਅਸੀਂ ਇਨ੍ਹਾ ਨੂੰ ਵੱਧ ਤੋ ਵੱਧ ਰਿਆਇਤਾ ਦਿਤੀਆਂ ਹਨ। ਫੈਸਲਾ ਹੋਇਆ ਹੈ ਕਿ ਜੋ ਮਾਲ ਇਹ ਅਰਬੀ ਸਲਤਨਤਾਂ ਤੋ ਲੈ ਕੇ ਲੁਟ ਕੇ ਵਾਪਸ ਲਿਆਉਣਗੇ, ਉਸਦਾ ਅੱਧ ਸਾਡਾ ਅਧਿਕਾਰ ਹੋਏਗਾ। ਇਹ ਘੱਟੋ ਘੱਟ ਹੈ। ਫਤਹ (ਲੁਟ) ਦੀ ਖੁਸ਼ੀ ਵਜੋਂ ਇਨਾਮ .... ਸਕੈਂਡੀਨੇਵੀਆ ਦੀ ਆਪਣੀ ਮਰਜੀ ਅਨੁਸਾਰ ਹੋਏਗਾ, ਪਰ ਹੋਏਗਾ ਜਰੂਰ, ਥੋੜਾ ਭਾਵੇਂ ਬਹੁਤਾ। ਅੰਤਲੀ ਮੰਜੂਰੀ ਬਾਦਸ਼ਾਹ ਸਲਾਮਤ ਆਪ ਜੀ ਦੀ ਹੋਏਗੀ।

ਬਾਦਸ਼ਾਹ : ਕੀ ਸਹਿਮਤੀ ਹੋ ਗਈ ਹੈ ?

ਮਹਾਂ ਮੰਤਰੀ : ਜੀ ਹਜੂਰ ਹੋ ਗਈ ਹੈ। ਬਸ ਆਪ ਜੀ ਦੀ ਮਨਜੂਰੀ ਮਗਰੋਂ ਸ਼ਾਹੀ ਕਾਤਬ ਦੁਆਰਾ ਲਿਖਾ-ਪੜ੍ਹੀ ਹੋਣੀ ਅਜੇ ਬਾਕੀ ਹੈ।

ਬਾਦਸ਼ਾਹ : ਮੰਜੂਰ ਹੈ। ਫੌਜਾਂ ਜਦੋਂ ਰਾਜਧਾਨੀ ਕੋਲੋ ਲੰਘਣਗੀਆਂ ਮਾ ਬਦੌਲਤ ਖੁਦ ਸੁਆਗਤ ਕਰਨਗੇ।

(ਵਿਚਾਰ ਚਰਚਾ ਸਮਾਪਤ ਹੁੰਦੀ ਹੈ)

(ਚਾਰ ਦਿਨ ਮਗਰੋਂ ਫੌਜ ਦੀ ਪਹਿੱਲੀ ਟੁਕੜੀ ਪੁੱਜ ਜਾਂਦੀ ਹੈ।)

ਫੌਜਾਂ ਦੀ ਪਹਿਲੀ ਟੁਕੜੀ ਦਾ ਬਾਦਸ਼ਾਹ ਨੇ ਖੁਦ ਸੁਆਗਤ ਕੀਤਾ ਹੈ। ਤੀਹ ਦਿਨ ਫੌਜਾਂ ਦੀਆਂ ਟੁਕੜੀਆਂ ਲੰਘਦੀਆਂ ਰਹਿੰਦੀਆਂ ਹਨ। ਬਾਦਸ਼ਾਹ ਤੇ ਵਜੀਰ ਨੂੰ ਖਬਰਾਂ ਪੁੱਜਦੀਆਂ ਰਹਿੰਦੀਆਂ ਰਹਿੰਦੀਆਂ ਹਨ ਕਿ ਏਡੀ ਫੌਜ ਦੀ ਸਿਖਲਾਈ, ਲਹੂ ਵੀਟਣ ਦੇ ਬੁਲੰਦ ਇਰਾਦੇ ਔਰ ਅਨੁਸ਼ਾਸਨ (Discipline) ਕਮਾਲ ਦਾ ਹੈ।

(ਸਮਾਂ ਬੀਤਦਾ ਹੈ)

ਹੋਰ ਤਿੰਨ ਮਹੀਨੇ ਬੀਤ ਜਾਂਦੇ ਹਨ। ਗੁਪਤਚਰਾਂ ਵਲੋ ਖਬਰਾਂ ਆਉਦੀਆ ਰਹਿੰਦੀਆਂ ਹਨ ਕਿ ਇਸਲਾਮੀਆਂ ਨੇ ਵੀ ਚੂੜੀਆਂ ਨਹੀ ਪਹਿਨੀਆਂ ਹੋਈਆਂ ਸਨ।

Scanned with OKEN Scanner

'ਅੱਲਾਹ ਹੂ ਅਕਬਰ' ਦਾ ਨਾਅਰਾ ਕਮਾਲ ਦਾ ਜਾਦੂਈ ਨਾਅਰਾ ਸੀ। ਭੁੱਖੇ ਤੇ ਜ਼ਖਮੀ ਇਸਲਾਮੀਆਂ ਵਿਚ ਕਹਿਰ ਦਾ ਜੋਸ਼ ਭਰ ਹੋ ਰਿਹਾ ਸੀ। ਲੁਟ ਦਾ ਮਾਲ ਪਹਿਲਾ ਹੀ ਪ੍ਰੋਸਿਆ ਹੋਇਆ ਨਹੀ ਮਿਲ ਰਿਹਾ ਸੀ। ਜਾਨੀ ਮਾਲੀ ਨੁਕਸਾਨ ਹੋ ਰਿਹਾ ਸੀ। ਇਕ ਹੋਰ ਵਿਸ਼ੇਸ਼ਤਾ ਇਹ ਵੀ ਸੀ ਕਿ ਖਜਾਰ ਦੇ ਅਸ਼ਕਨਾਜੀ ਯਹੂਦੀ ਬਾਦਸ਼ਾਹ ਵੱਲੋਂ ਇਸਲਾਮੀ ਦੇਸ਼ਾਂ ਨੂੰ ਧਾਵੇ ਦੀਆਂ ਖੁਫੀਆਂ ਖਬਰਾਂ ਪਹਿਲਾਂ ਹੀ ਦਿਤੀਆਂ ਜਾਦੀਆਂ ਰਹੀਆਂ ਸੀ। ਏਸ ਵਾਸਤੇ ਅਰਬੀ ਦੇਸ਼ ਵੀ ਸਾਵਧਾਨ ਹੋ ਚੁਕੇ ਹੋਏ ਸਨ। ਖਜਾਰ ਦੇਸ਼ ਦੇ ਆਮ ਲੋਕ ਲੰਘਦੀਆ ਸਕੈਂਡੀ-ਈਸਾਈ ਫੌਜਾਂ ਨੂੰ ਬੜੀ ਉਤਸੁਕਤਾ ਨਾਲ ਦੇਖਦੇ ਰਹਿੰਦੇ ਹਨ। ਬਾਦਸ਼ਾਹ ਦੇ ਹੁਕਮ ਅਨੁਸਾਰ ਟੁਕੜੀਆਂ ਦੇ ਸੈਨਾਪਤੀਆ ਨੂੰ ਕੁਝ ਤੋਹਫੇ ਵੀ ਭੇਟ ਕੀਤੇ ਜਾਂਦੇ ਹਨ।

(ਹੋਰ ਤੀਹ ਦਿਨ ਬੀਤ ਜਾਂਦੇ ਹਨ।)

ਮਹਿਲ ਦੇ ਗੁਪਤ ਨਿੱਕੇ ਹਾਲ ਦਾ ਪਹਿਲੇ ਵਰਗਾ ਦ੍ਰਿਸ਼ ਹੈ।

ਛੋਟਾ ਭਾਈ : ਵੱਡੇ ਭਾਈ, ਤੁਸੀਂ ਉਦਾਸ ਰਹਿੰਦੇ ਹੋ, ਨਿਰਾਸ਼ ਰਹਿੰਦੇ ਹੋ।

ਵੱਡਾ ਭਾਈ : ਹਾਂ, ਮੇਰੀ ਚਿੰਤਾ ਦਿਨੋ ਦਿਨ ਵਧੀ ਜਾਂਦੀ ਹੈ।

ਛੋਟਾ ਭਾਈ : ਮੈਂ ਸਮਝਦਾ ਹਾਂ।

ਵੱਡਾ ਭਾਈ : ਕੀ ਸਮਝਦੇ ਹੋ ?

ਛੋਟਾ ਭਾਈ : ਇਹੀ ਕਿ ਯੁਧ ਲੇਟਵਾ ਹੋ ਰਿਹਾ ਹੈ। ਅੱਗੋਂ ਅਗਲੇ ਵੀ ਤਿਆਰ ਬੈਠੇ ਸਨ।

ਵੱਡਾ ਭਾਈ : ਵੱਡੀ ਚਿੰਤਾ ਹੋਰ ਵੀ ਹੈ।

ਛੋਟਾ ਭਾਈ : ਮੈਂ ਸਮਝਦਾ ਹਾਂ, ਇਹੀ ਕਿ ਪੱਛਮ ਦੀਆਂ ਮੁਸਲਿਮ ਸਲਤਨਤਾਂ ਵੱਲੋਂ ਪੈਗਾਮ ਆਏ ਹਨ ਤੇ ਆਈ ਵੀ ਜਾ ਰਹੇ ਹਨ। ਉਹ ਨਾਰਾਜ਼ ਹਨ ਕਿ ਬਾਦਸ਼ਾਹ ਖਜਾਰ ਨੇ ਕਾਕੇਸ਼ੀਅਨ ਈਸਾਈਆਂ ਨੂੰ ਲਾਂਘਾ ਦੇ ਕੇ ਦੋਸਤੀ ਵਿਚ ਸ਼ੱਕ ਅਤੇ ਨਿਜੀ ਮੁਫਾਦ ਦਾ ਜ਼ਹਿਰ ਘੋਲਿਆ ਹੈ। ਏਦਾ ਤਾ ਹੋਣਾਂ ਹੀ ਸੀ। ਭਾਵੇਂ ਸਾਡੇ ਕੋਲ ਬਹਾਨਾ ਹੈ ਕਿ ਰੋਕਦੇ ਤਾਂ ਉਨ੍ਹਾਂ ਨੇ ਪਹਿਲਾਂ ਸਾਡੇ ਤੇ ਹਮਲਾ ਕਰ ਦੇਣਾ ਸੀ। ਉਂਜ ਅਸੀਂ ਗੁਪਤ ਸੂਚਨਾਵਾਂ ਵੀ ਤਾਂ ਦੇਂਦੇ ਰਹੇ ਹਾਂ।

ਵੱਡਾ ਭਾਈ : ਮੈ ਬਹੁਤ ਚਿੰਤਾ ਗ੍ਰਸਤ ਹਾਂ। ਨੀਂਦ ਟੁਟ ਜਾਂਦੀ ਹੈ, ਕ੍ਰੋਧ ਭਖਣ ਲਗ ਜਾਂਦਾ ਹੈ।

ਛੋਟਾ ਭਾਈ : ਮੈਂ ਵੀ ਚਿੰਤਾ ਗ੍ਰਸਤ ਹਾਂ, ਨੀਂਦ ਟੁਟ ਜਾਦੀ ਹੈ ਪਰ ਮੈ ਕ੍ਰੋਧ 'ਚ ਨਹੀ ਆਉਂਦਾ .....

Scanned with OKEN Scanner

ਵੱਡਾ ਭਾਈ : (ਤਨਜ ਨਾਲ) ਅੱਛਾ ਆ। ਏਦਾ ਹੈ .....

ਛੋਟਾ ਭਾਈ : ਦੋਖੀ ਜੀ, ਤੁਸੀ ਹੋ ਬਾਦਸ਼ਾਹ ਤੇ ਬਾਦਸ਼ਾਹਾਂ ਚ ਕ੍ਰੋਧ ਵੀ ਪੁਸ਼ਤੈਨੀ ਹੁੰਦਾ ਹੈ ..... ਮੈ ਹਾਂ ਪੁਸ਼ਤੈਨੀ ਵਜ਼ੀਰ। ਮੇਰੇ ਕੋਲ ਪੁਸ਼ਤੈਨੀ ਸਹਿਜ ਹੈ, ਸੋਚ ਹੈ ....

ਵੱਡਾ ਭਾਈ : (ਫੇਰ ਤਨਜ ਨਾਲ) ਬਹੁਤ ਖੂਬ।

ਛੋਟਾ ਭਾਈ : ਮੈਂ ਯਹੂਦ ਵਿਦਵਾਨਾਂ ਨਾਲ ਏਸ ਹਾਲਤ ਤੇ ਦਿਨ ਰਾਤ ਡੂੰਘਾ ਵਿਚਾਰ ਕੀਤਾ ਹੈ। ਉਨ੍ਹਾਂ ਵੀ ਆਪਣੇ ਗ੍ਰੰਥ ਹੰਘਾਲੇ ਹਨ ਅਤੇ ਮੈ ਵੀ ਪੈਸ਼ਤੈਨੀ ਸਿੱਟਾ ਕੱਢ ਲਿਆ ਹੈ । ਆਸ ਕਰਦਾ ਹਾਂ ਕਿ ਆਪ ਸਹਿਮਤ ਹੋਵੋਗੇ ਤੇ ਨਾਲੇ ਖੁਸ਼ ਵੀ।

ਵੱਡਾ ਭਾਈ : (ਉਤਸੁਕਤਾ ਨਾਲ) ਇਹ ਤਾ ਮੇਰਾ ਅੱਟਲ ਵਿਸ਼ਵਾਸ ਹੈ।

ਛੋਟਾ ਭਾਈ : ਮੰਤਰੀ ਸਦਾ ਨੀਤੀ ਤੋ ਕੰਮ ਲੈਂਦੇ ਹਨ। ਫੇਰ ਮੈ ਤਾ ਤੁਹਾਡਾ ਮਹਾਂ ਮੰਤਰੀ ਹਾ, ਉਹ ਵੀ ਪੁਸ਼ਤੈਨੀ।

ਵੱਡਾ ਭਾਈ : ਕਿਹਾ ਨਾ ਕਿ ਅੱਟਲ ਵਿਸ਼ਵਾਸ ਹੈ।

ਛੋਟਾ ਭਾਈ : ਅਸੀ ਪੱਛਮੀ ਮੁਸਲਿਮ ਸਲਤਨਤ ਦੇ ਬਾਦਸ਼ਾਹ ਨੂੰ ਪੈਗਾਮ ਭੇਜਾਂਗੇ ਕਿ ਉਹ ਆਪਣੀ ਫੋਜ ਤਿਆਰ ਬਰ ਤਿਆਂਰ ਰੱਖੇ। ਅਸੀਂ ਉਨ੍ਹਾਂ ਨੂੰ ਵੀ ਲਾਂਘਾ ਦਿਆਂਗੇ। ਉਧਰੋਂ ਦੱਖਣ ਤੋ ਥੱਕੇ ਹਾਰੇ, ਟੁਟੇ ਤੇ ਲੁੱਟ ਦੇ ਮਾਲ ਨਾਲ ਝੁਕੇ ਹੋਏ ਕਾਕੇਸ਼ੀਅਨ ਏਥੇ ਪੁਜਣਗੇ। ਏਧਰੋਂ ਮੁਸਲਿਮ ਭਾਈਆਂ ਦੇ ਕਤਲੇਆਮ ਦੇ ਬਦਲੇ ਦੀ ਅੱਗ 'ਚ ਸੜਦੇ ਬਲਦੇ ਪੱਛਮੀ ਮੁਸਲਿਮ ਫੌਂਜਾ ਦੇ ਜੇਹਾਦੀ ਵੀ ਪੁੱਜ ਜਾਣਗੇ ਰਾਜਧਾਨੀ ਦੇ ਨੇੜਲੇ ਮੈਦਾਨ ਵਿਚ ਗਹਿ ਗੱਚ ਯੁਧ ਹੋਏਗਾ। ਥੱਕਿਆਂ ਟੁੱਟਿਆਂ ਤੇ ਤਾਜਾ ਦਮਾਂ ਦਾ ਕੀ ਮੁਕਾਬਲਾ .....

ਵੱਡਾ ਭਾਈ : (ਜੱਫੀ 'ਚ ਲੈ ਕੇ) ਬਲਿਹਾਰੇ, ਮੇਰੇ ਭਾਈ। ਬਲਿਹਾਰੇ ਕਿਆ ਨੀਤੀ ਹੈ ....

ਛੋਟਾ ਭਾਈ : ਇਹ ਯਹੂਦ ਨੀਤੀ ਹੈ। ਅਸੀਂ ਇਸ ਤੇ ਹੋਰ ਤੇ ਹੋਰ ਆਪਣੇ ਰੰਗ ਵੀ ਚੜ੍ਹਾਉਂਦੇ ਜਾਵਾਂਗੇ। ਅਸੀ ਵੱਖਰੀ ਕਿਸਮ ਦੇ ਯਹੂਦੀ ਹੋਵਾਂਗੇ। ਅਸੀ ਯਹੂਦੀਆਂ ਨਾਲ ਵੀ ਨੀਤੀ ਵਰਤਾਂਗੇ ..... ਉਹ ਤੀਸਰੇ ਉਜਾੜੇ ਮਗਰੋਂ ਦਰ ਦਰ ਭਟਕ ਰਹੇ ਸਨ। ਇਹ ਮਤ ਅਪਨਾ ਕੇ ਅਸੀਂ ਆਸਰਾ ਨਾ ਦੇਂਦੇ ਤਾ ਖਬਰੇ ਉਹ ਧਰਤੀ ਤੋਂ ਹੀ ਮਿਟ ਜਾਂਦੇ। ਯੇਹੋਵਾ ਦੇ ਅਸਲ ਯਹੂਦੀ ਤਾਂ ਏਥੋ ਅੱਠ ਨੌਂ ਸੌ ਮੀਲ ਦੂਰ ਵਸਦੇ ਹਨ। ਅਸੀਂ ਅਸ਼ਕਨਾਜੀ ਯਹੂਦੀ ਉਨਾਂ ਤੇ ਵੀ ਗਲਬਾ ਪਾ ਲਵਾਂਗੇ। ਆਪਣੇ ਹਿੱਤਾਂ ਲਈ ਉਨ੍ਹਾਂ ਨੂੰ ਵੀ ਵਰਤਾਂਗੇ, ਛਤਰੀ ਵਾਂਗ। .....

Scanned with OKEN Scanner

ਖੂਨੀ ਯੁੱਧ

ਥੱਕੇ ਟੁੱਟੇ, ਭਾਰ ਨਾਲ ਝੁਕੇ ਹੋਏ ਲੱਗਭੱਗ ਦੋ ਤਿਹਾਈ ਸਕੈਂਡੀਨੇਵੀਅਨ ਫੌਜੀ ਵਾਪਸ ਪੁਜਦੇ ਹਨ। ਰਾਜਧਾਨੀ ਨੇੜੇ ਮੈਦਾਨ ਵਿਚ ਪੁਜਦਿਆਂ ਹੀ ਭੁਖੇ ਭਾਣੇ ਲੇਟੀ ਜਾਂਦੇ ਹਨ। ਭੁਖ ਤੇ ਥਕਾਵਟ ਨਾਲ ਨੀਂਦ ਦੀ ਖੁਮਾਰੀ ਵੀ ਚੜ੍ਹੀ ਜਾਂਦੀ ਹੈ।

ਪਹਿਲਾਂ ਹੀ ਲੁਕੀ-ਛਿਪੀ ਤਰੋ ਤਾਜ਼ਾ ਦਮ ਪੱਛਮੀ ਅਰਬ ਦੀ ਫੌਜ ਧਾਵਾ ਬੋਲ ਦਿੰਦੀ ਹੈ। ਕਤਲਾਮ ਮਚਦਾ ਹੈ। ਰਾਤ ਭਰ ਕਤਲਾਮ ਮੱਚਿਆ ਰਹਿੰਦਾ ਹੈ। ਲੁਟ ਦਾ ਸਾਰਾ ਮਾਲ ਹੀਰੇ, ਮੋਤੀ, ਜਵਾਹਰਾਤ, ਸੋਨਾ, ਚਾਂਦੀ, ਆਭੂਸ਼ਣ, ਕੀਮਤੀ ਲੱਕੜ, ਪੱਥਰ, ਅਸ਼ਰਫੀਆਂ .... ਸਭੋ ਕੁਝ ਧਰਿਆ ਧਰਾਇਆ ਰਹਿ ਜਾਂਦਾ ਹੈ। ਕੁਹਰਾਮ ਮਚ ਜਾਂਦਾ ਹੈ। ਪਹਿਲਾਂ ਹੋਏ ਜਖਮੀ ਵੀ ਮਰੀ ਜਾ ਰਹੇ ਹਨ। ਬਾਕੀ ਬਚਦੇ ਦੂੜਾ ਦੂੜਾ ਕੇ ਮਾਰੇ ਜਾਂਦੇ ਹਨ .... ਸੈਨਾਪਤੀ ਨਾਲ ਆਏ ਵਜੀਰ ਨੀਤੀ-ਵੇਤਾ, ਵਿਦਵਾਨ, ਇਤਿਹਾਸਕਾਰ ਸੱਭ ਮਾਰੇ ਜਾਂਦੇ ਹਨ।

ਯੋਜਨਾ ਤੇ ਸਮਝੋਤੇ ਅਨੁਸਾਰ ਬਦਲਾ ਲੈ ਕੇ ਮੁਸਲਿਮ ਫੌਜ ਬਿਨਾਂ ਧਨ ਦੌਲਤ ਛੇੜਿਆਂ ਵਾਪਸ ਜਾਣ ਲਗ ਪਈ ਹੈ। ਉਨ੍ਹਾਂ ਨੂੰ ਲਗਦਾ ਹੈ ਕਿ ਇਕ ਵੀ ਸਕੈਂਡੀ ਫੌਜੀ ਜੀਉਂਦਾ ਵਾਪਸ ਨਹੀਂ ਜਾ ਸਕਿਆ ਹੋਣਾ ਹੈ। ਫਿਰ ਵੀ ਸ਼ੱਕ ਹੈ ਕਿ 500-600 ਫੌਜੀ ਤੱਟ ਵੱਲ ਜਿਥੇ ਬੇੜਾ ਖਲੋਤਾ ਹੈ, ਭੱਜ ਗਏ ਹਨ।

ਇਕ ਟਿੱਲੇ ਤੇ ਚੜ੍ਹਕੇ ਗੁਪਤ ਰੂਪ ਵਿਚ ਬਾਦਸ਼ਾਹ ਤੇ ਮਹਾਂ ਮੰਤਰੀ ਦਿਨ ਦੇ ਝੜਾਅ ਤੇ ਭਿਅੰਕਰ ਦ੍ਰਿਸ ਦੇਖ ਰਹੇ ਹਨ। ਨਾਲੋਂ ਨਾਲ ਗੱਲਾਂ ਕਰ ਰਹੇ ਹਨ।

ਛੋਟਾ ਭਾਈ : ਫੌਜਾਂ, ਅਹਿਲਕਾਰਾਂ, ਨਾਗਰਿਕਾਂ ਨੂੰ ਸਫਾਈ ਮੁਹਿੰਮ ਤੇ ਲਗਾ ਦਿਆਂਗੇ। ਸਾਰਾ ਧਨ ਮਾਲ, ਸ਼ਾਹੀ ਖਜ਼ਾਨੇ ਵਿਚ ਪੁਜਦਾ ਹੋ ਜਾਏਗਾ। ਸ਼ਹਿਰ ਦੇ ਨਾਲ ਲਗਦੇ ਦਰਿਆਉਂ ਪਾਰ ਮੈਦਾਨ ਵਿੱਚ ਅਗਨ ਮਚਾਵਾਂਗੇ। ਲਾਸ਼ਾਂ ਉਸ ਵਿਚ ਸੁਟ ਦਿਆਂਗੇ। ਹਥਿਆਰ ਜ਼ਬਤ ਕੀਤੇ ਜਾਣਗੇ। ਪਰ ਨਾਗਰਿਕਾਂ ਨੂੰ ਖੁਲ੍ਹ ਹੋਏਗੀ ਕਿ ਉਨ੍ਹਾਂ ਦੇ ਕੱਪੜੇ, ਵਰਦੀਆਂ ਆਦਿ ਲਾਹ ਕੇ ਧੋ ਸੁਆਰ ਕੇ ਨਿਸ਼ਾਨੀ ਵਜੋਂ ਆਪ ਵਰਤ ਲੈਣ। ਨੰਗੀਆਂ ਲਾਸ਼ਾਂ ਅਗਨ ਭੇਂਟ ਹੋਣ। ਪਰ ਵੱਡੇ ਭਾਈ ਤੁਸੀਂ ਅਜੇ ਵੀ ਫਿਕਰਮੰਦ ਜਿਹੇ ਹੋ। ਹੈ ਨਾ ? ਕੋਈ ਕਮੀ ਰਹਿ ਗਈ ਹੈ ?

ਵੱਡਾ ਭਾਈ : ਹਾਂ, ਲਗਦਾ ਹੈ ਕਿ 500-600 ਫੌਜੀ ਭੱਜ ਕੇ ਬਚ ਗਏ ਹਨ। ਉਹ ਵਾਪਸ ਜਾਕੇ ਆਪਣੀ ਸਲਤਨਤ ਨੂੰ ਖਬਰਾਂ ਦੇ ਕੇ ਸਾਡੇ ਵਿਰੁੱਧ ਆਕੀ ਕਰਨਗੇ .... ਇਹ ਹੈ ਮੇਰਾ ਫਿਕਰ।

ਛੋਟਾ ਭਾਈ : ਹਾਂ, ਹੁਣ ਇਹੀ ਦੱਸਣਾ ਸੀ ਕਿ ਇਸ ਦਾ ਹੱਲ ਵੀ ਕਰ ਲਿਆ ਹੋਇਆ ਹੈ।

Scanned with OKEN Scanner

ਵੱਡਾ ਭਾਈ : ਅੱਛਾ, ਉਹ ਕੀ ਛੋਟੇ ?

ਛੋਟਾ ਭਾਈ : ਤੱਟ ਦੇ ਨੇੜਲੀ ਜੋ ਇਕ ਹੋਰ ਸਾਡੀ ਗੁਆਂਢੀ ਸਲਤਨਤ ਹੈ ਨਾ । ਉਸਦੇ ਬਾਦਸ਼ਾਹ ਨੂੰ ਪੈਗਾਮ ਭੇਜ ਦਿਤਾ ਹੈ ਕਿ ਤੱਟ ਤੇ ਆਪਣੀ ਫੌਜ ਭੇਜੇ। ਉਹ ਭੇਜੇਗਾ। ਉਂਜ ਸਾਡੀ ਫੌਜ ਵੀ ਗੁਪਤ ਰੂਪ ਵਿਚ ਉਸਦੀ ਮਦਦ ਕਰੇਗੀ। ਬਚਿਆਂ ਹੋਇਆਂ ਭਗੌੜਿਆਂ ਦਾ ਐਨ ਸਫਾਇਆ ਹੋ ਜਾਏਗਾ।

ਵੱਡਾ ਭਾਈ : ..... ਤੇ ਲਾਵਾਰਿਸ ਬੇੜਾ।

ਛੋਟਾ ਭਾਈ : ਇਸ ਵੱਡੇ ਕਤਲੇਆਮ ਦਾ ਇਲਜ਼ਾਮ ਮੁਸਲਿਮ ਸਲਤਨਤਾਂ ਤੇ ਲਗੇਗਾ। ਉਸ ਛੋਟੇ ਕਤਲਾਮ ਦਾ ਇਲਜਾਮ ਗੁਆਂਢੀ ਸਲਤਨਤ ਉਪਰ। ਰਹੀ ਗੱਲ ਬੇੜੇ ਦੀ। ਪੂਰਾ ਕਬਜ਼ਾ ਸਾਡਾ ਹੋਏਗਾ ਪਰ ਸਮਝੌਤੇ ਅਨੁਸਾਰ ਤੀਹ ਜਹਾਜ ਗੁਆਂਢੀ ਨੂੰ ਦੇ ਦਿਆਂਗੇ। ਇਨਾਮ ਵਜੋਂ ਦਸ ਹੋਰ ਦੇ ਦਿਆਂਗੇ ।

ਵੱਡਾ ਭਾਈ : ਕੀ ਇਹੀ ਹੈ ਯਹੂਦ ਨੀਤੀ ? ਕਿਆ ਕਮਾਲ ਹੈ।

ਛੋਟਾ : ਅਸਲ ਯਹੂਦੀ ਤਾ ਵਿਚਾਰੇ ਏਥੋਂ 800-900 ਮੀਲ ਦੂਰ ਇਸਰਾਈਲ ਚ ਬੈਠੇ ਹਨ। ਉਹ ਬਾਰਾਂ ਕਬੀਲੇ ਹਨ, ਫਲਸਤੀਨੀਆ ਦੀ ਗੁਲਾਮੀ ਕਰਦੇ ਹਨ। ਅਸੀਂ ਤੇਰਵਾ ਕਬੀਲਾ ਹੋਵਾਂਗੇ ਜੋ ਗੋਗ ਮਗੋਗ (Gog Magog) ਦੀ ਧਰਤੀ ਤੇ ਪ੍ਰਗਟ ਹੋਏ ਆਂ। ਉਹ ਸ੍ਰੇਸ਼ਟ ਹਨ। ਅਸੀਂ ਸ੍ਰੇਸ਼ਟ ਦਰ ਸ੍ਰੇਸ਼ਟ ਹੋਆਂਗੇ। ਬਲੀ ਦੇ ਬੱਕਰੇ ਉਹ ਬਣਨਗੇ, ਲਹੂ ਅਸੀਂ ਪੀਆਂਗੇ ਤੇ ਆਖਾਂਗੇ ਅਸੀਂ ਅਰਸ਼ੋ ਉਤਰੇ ਹਾਂ। ਅਸੀਂ ਧਰਤੀ ਦੇ ਵਾਸੀ ਹਾਂ ਹੀ ਨਹੀਂ। ਲਹੂ ਪੀਣਾ, ਰਾਜ ਕਰਨਾ, ਧਨ ਕਬਜ਼ਿਆਉਣਾ ਸਾਡਾ ਰੱਬੀ ਹੱਕ ਹੈ।

ਨੋਟ

ਗੋਗ ਮਗੋਗ : ਗ੍ਰੰਥਾਂ ਵਿਚ ਬੜਾ ਕੁਝ ਦਰਜ ਹੁੰਦਾ ਹੈ, ਜਿਸ ਦੇ ਸਮੇਂ ਸਮੇਂ ਨਵੇਂ ਨਵੇਂ ਅਰਥ ਘੜ ਲਏ ਜਾਂਦੇ ਹਨ ਤੇ ਭਵਿਖ ਬਾਣੀ ਦਾ ਦਰਜਾ ਦੇ ਦਿੱਤਾ ਜਾਂਦਾ ਹੈ। ਯਹੂਦੀ ਗ੍ਰੰਥਾ ਵਿਚ ਦਰਜ ਹੈ ਕਿ ਉਜਾੜਿਆਂ ਵੇਲੇ ਇਕ ਕਬੀਲਾ ਗੋਗ ਮਗੋਗ ਦੀ ਧਰਤੀ ਤੇ ਜਾ ਵੱਸਿਆ ਸੀ। ਅਰਥ ਕੱਢ ਲਏ ਗਏ ਹਨ ਕਿ ਖਜਾਰ ਦੇ ਅਸ਼ਕਨਾਜੀ ਯਹੂਦੀ ਉਹੀ ਕਬੀਲਾ ਹੈ। ਹਾਂ, ਇਕ ਕਬੀਲਾ ਏਧਰ ਭਾਰਤ ਆਇਆ ਤੇ ਵਸਿਆ ਵੀ ਨਾਮ ਜੱਦ ਹੋਇਆ ਹੈ। ਭਵਿੱਖ ਜਾਣਦਾ ਹੈ ਕਿ ਉਸ ਤੋਂ ਕਿਹੜਾ ਕੰਮ ਲੈਣਾ ਹੈ ?

Scanned with OKEN Scanner
Scanned with OKEN Scanner

ਖਜਾਰ ਤੋਂ ਪਿੱਛੋਂ

ਪਿਆਰੇ ਵਿਲੀਅਮ, ਆਪਣੀ ਫਿਲਮ ਦੇ ਅਸਲ ਮਕਸਦ ਨੂੰ ਮੁਖ ਰਖਦੇ ਹੋਏ, ਏਦਾਂ ਕਰਦੇ ਹਾਂ ਕਿ ਖਜਾਰ ਦੇਸ਼ ਦੇ ਕਾਂਡ ਤੋਂ ਬਾਅਦ ਸਿੱਧਾ 'ਰੌਥਸਚਾਈਲਡ' ਪ੍ਰੀਵਾਰ ਵਲ ਆਈਏ। ਵਿਚਕਾਰ ਦੇ ਸਮੇਂ ਨੂੰ ਨਿਕੀਆਂ-ਨਿੱਕੀਆਂ ਝਲਕੀਆਂ ਵਿਚ ਦਿਖਾਉਂਦੇ ਹਾਂ। ਉਨ੍ਹਾਂ ਝਲਕੀਆਂ ਵਲ ਇਸ਼ਾਰੇ ਮਾਤਰ ਹਵਾਲੇ ਲਿਖ ਰਿਹਾ ਹਾਂ। ਇਹ ਝਲਕੀਆਂ ਫਿਲਰ ਦੇ ਤੌਰ ਤੇ ਰੀਕਾਰਡ ਕੀਤੀਆਂ ਜਾਣ। ਹੋਰ ਜੋ ਤੁਸੀਂ ਮੁਨਾਸਿਬ ਸਮਝੋਗੇ, ਸਵੀਕਾਰ ਹੈ ......।

1095 ਈਸਵੀ ਤੋਂ 1291 ਈਸਵੀ ਤੱਕ ਦਾ ਸਮਾਂ ਪਵਿੱਤਰ ਧਰਮ ਯੁੱਧਾਂ ਯਾਨੀ ਕੁਰੂਸੇਡਜ ਦਾ ਸਮਾਂ ਹੈ। ਇਸ ਵਿਚ ਇਸਲਾਮ, ਯਹੂਦੀ ਈਸਾਈ ਤਿੰਨੋਂ ਸਾਮੀ ਮੁਖ ਧਰਮਾਂ ਦੇ ਨਾਲ ਨਾਲ ਕੱਥਾਰ, ਹਸਾਇਟ, ਮੰਗੋਲ, ਰੂਸੀ, ਯੂਨਾਨੀ, ਪਰਸ਼ੀਅਨ ਆਦਿ ਛੋਟੇ ਮੋਟੇ ਧਰਮ ਗਹਿ ਗੱਚ ਯੁਧ ਕਰਦੇ ਹਨ।


ਧਰਮ ਯੁੱਧ

ਅਖੌਤੀ ਤੌਰ ਤੇ ਧਰਮ ਯੁੱਧਾ ਦਾ ਮੁਖ ਮੱਕਸਦ ਹੈ ਪਵਿੱਤਰ ਸਥਾਨਾ, ਯਰੂਸ਼ਲਮ ਅਤੇ ਸ਼ੀਪੈਲਚਰ ਨੂੰ ਇਕ ਦੂਸਰੇ ਕੋਲੋਂ ਅਜਾਦ ਕਰਵਾਉਣਾ ਯਾਨੀ ਖੋਹਣਾ ਲਹੂ ਦੀਆਂ ਘਰਾਲਾਂ ਵਗਦੀਆ ਹਨ।

1337 ਈਸਵੀ ਤੋਂ 1453 ਈਸਵੀ ਦਾ ਸਮਾਂ ਸੌ ਸਾਲਾ ਯੁੱਧ (Hundred Year War) ਦਾ ਸਮਾਂ ਹੈ। ਬਰਤਾਨੀਆ ਤੇ ਫਰਾਂਸ ਇਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਆਪਸ ਵਿਚ ਯੁਧ ਕਰਦੇ ਰਹਿੰਦੇ ਹਨ।

ਸੌ ਸਾਲਾ ਯੁੱਧ

ਉਕਤ ਸਮੇਂ ਦੇ ਨਾਲ ਨਾਲ 1300 ਈਸਵੀ ਤੋਂ 1700 ਈਸਵੀ ਦਾ ਸਮਾਂ ਰੀਨਾਇਸੈਨਸ (Renaissance) ਅਰਥਾਤ

Scanned with OKEN Scanner

ਪੁਨਰ ਜਾਗਰਤੀ, ਮੁੜ ਸੁਰਜੀਤੀ ਅਤੇ ਨਵ ਯੁਗੀ ਸੋਚ ਦਾ ਸਮਾ ਹੈ।

ਨਵ ਬੁਧੀਜੀਵੀ, ਪ੍ਰੈਸ, ਵਪਾਰ, ਖੁਸ਼ਹਾਲੀ, ਦੌਲਤ ਅਤੇ ਦੌਲਤ ਦੇ ਕੇਂਦਰ ਬੈਂਕ ਉਪਜਦੇ ਹਨ।



ਸੈਨੇਸਾਂ



ਉਦਯੋਗ ਇਨਕਲਾਬ

ਉਕਤ ਦੋਵੇਂ ਵਿਰੋਧੀ ਪੱਖਾਂ ਦੇ ਸਿੱਟੇ ਵਜੋਂ 1700 ਈਸਵੀ ਤੋਂ 1840 ਈਸਵੀ ਤੱਕ ਉਦਯੋਗ ਅਤੇ ਇਨਕਲਾਬਾਂ ਦਾ ਸਮਾ ਹੈ। ਇਹ ਦੁਨੀਆਂ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੰਦਾ ਹੈ।



ਸਮੁੰਦਰੀ ਲੁਟੇਰੇ

ਧਰਮ ਪ੍ਰੀਵਰਤਨ (ਨੌਵੀਂ ਸਦੀ) ਤੋਂ ਮਗਰੋਂ ਹੋਰਾ ਦੇਸ਼ਾਂ ਵਾਂਗ ਖਜਾਰ ਦੇਸ਼ ਦਾ ਵੀ ਉਜਾੜਾ ਹੁੰਦਾ ਹੈ। ਪੂਰੇ ਯੂਰਪ ਅਤੇ ਪੂਰਬੀ ਏਸ਼ੀਆ ਵਿਚ ਖੂਬ ਉਪਰੋ ਥਲੀ ਤੇ ਊਧਮ ਮਚਦਾ ਹੈ। ਸੁਰੂਆਤ ਸਕੈਂਡੀਨੇਵੀਆ (ਕਾਕੇਸ਼ੀਆ) ਦੇ ਸਮੁੰਦਰੀ ਲੁਟੇਰਿਆਂ (Viking) ਤੋਂ ਹੁੰਦੀ ਹੈ। ਪੰਜ ਸੌ ਜਹਾਜਾਂ ਦਾ ਅਤੇ ਪੰਜਾਹ ਹਜਾਰ ਲੁਟੇਰਿਆ ਸਮੇਤ ਉਹਨਾ ਦੇ ਮੁਖੀਆਂ, ਰਾਜਿਆਂ, ਲੁੱਟ ਖੋਹ ਦੇ ਢੰਗ ਤਰੀਕਿਆਂ ਨੂੰ ਹੋਰ ਉਨਤ ਕਰਦੇ ਹਨ। ਮਧ ਯੁਗ ਜਿਸਨੇ ਪੁਰਾਤਨ ਕਲਾਸਿਕ ਯੁਗ ਦਾ ਅਤੇ ਅੰਧ ਯੁਗ ਦਾ ਅੰਤ ਕਰ ਦਿਤਾ ਹੋਇਆ ਹੈ, ਆਪਣੇ ਹਿੰਸਕ ਵੇਗ ਵੱਲ ਵਧ ਰਿਹਾ ਹੈ।

ਯੂਰਪ ਦੇ ਹੋਰ ਦੇਸ਼ਾਂ ਦੇ ਸਮੁੰਦਰੀ ਬੇੜੇ ਇਨ੍ਹਾਂ ਲੰਬੀਆ ਲੰਬੀਆਂ ਘੱਟ ਚੋੜੀਆਂ ਅਤੇ ਬਹੁਤ ਹੀ ਫੁਰਤੀਲੀਆਂ ਬੇੜੀਆਂ, ਬੇੜਿਆਂ ਦੇ ਸਮੂਹ ਨੂੰ ਦੇਖਦੇ ਸਾਰ ਹੀ ਭੈਅ ਭੀਤ ਹੋ ਜਾਂਦੇ ਹਨ।

ਬਾਦਸ਼ਾਹੀਆਂ ਦੀ ਹੱਲਾਂ ਸ਼ੇਰੀ ਨਾਲ ਕਈ ਹੋਰ ਦੇਸ਼, ਦੇਸ਼ ਸਮੂਹ ਵੀ ਸਮੁੰਦਰੀ ਡਾਕੂਆਂ ਦਾ ਕਿੱਤਾ ਅਪਣਾ ਲੈਂਦੇ ਹਨ। ਹਰ ਦੇਸ਼ ਹਰ ਦੂਜੇ ਦੇਸ਼ ਵਿਰੁੱਧ ਹਥਿਆਰਬੰਦ ਜਾਂ ਕੂਟਨੀਤਿਕ ਲੜਾਈਆਂ ਲੜ ਰਿਹਾ ਹੈ। ਪੁਰਾਤਨ ਕਲਾਸਿਕ ਯੁਗ ਦੀ ਉਚ ਕੋਟੀ ਦੀ ਸ੍ਰੇਸ਼ਟ ਕਲਾ, ਸਾਹਿਤ, ਦਾਰਸ਼ਨਿਕਤਾ, ਸੱਭਿਅਤਾ ਅਤੇ ਸੱਭਿਆਚਾਰ ਦਾ ਇਕ ਵਾਰੀ ਲਗ ਭਗ ਭੋਗ ਪੈ ਚੁਕਿਆ ਹੈ। ਵਡੇਰੇ ਪ੍ਰੀਮਾਪ ਦੀ ਹਿੰਸਾ, ਲੁਟ ਖੋਹ ਤੇ ਯੁੱਧਾ ਦਾ ਦੌਰ ਤੇਜ਼ ਚਾਲੇ ਵਧ ਰਿਹਾ ਹੈ। ਇਸਦੇ ਐਨ ਅਨੁਕੂਲ ਨਵੀਆਂ ਖੋਜਾਂ ਤੇ ਹੋਰ ਸੰਦ ਸੰਦੇੜੇ ਵੀ ਉਪਜਾਏ ਜਾ ਰਹੇ

Scanned with OKEN Scanner

ਹਨ।

ਰੋਮ ਦੇ ਪੋਪ ਦੀ ਧਾਰਮਿਕ ਸ਼ਕਤੀ ਹੱਦਾਂ ਹਦੂਦਾਂ ਉਲੰਘ ਜਾਂਦੀ ਹੈ। ਉਸਦੇ ਹੁਕਮ ਅਨੁਸਾਰ ਵੀ ਅਤੇ ਬਾਦਸ਼ਾਹਾਂ ਦੀ ਆਪਣੀ ਇੱਛਾ ਅਨੁਸਾਰ ਵੀ ਲੰਬੇ ਧਾਰਮਿਕ ਯੁੱਧਾਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਲਗ ਭਗ ਹਰ ਯੂਰਪੀ ਦੇਸ਼ ਇਸ ਵਿਚ ਹਿੱਸਾ ਲੈਂਦਾ ਹੈ। ਤਿੰਨਾਂ ਸਾਮੀ ਧਰਮਾਂ ਦੇ ਅਨੁਆਈ ਲੋਕ ਤੇ ਬਾਦਸ਼ਾਹ ਦੋ ਵਿਸ਼ੇਸ਼ ਥਾਵਾਂ ਨੂੰ ਸਭ ਤੋਂ ਵਧ ਪਵਿਤਰ ਦਰਸਾ ਦੇ ਉਨ੍ਹਾਂ ਉਪਰ ਆਪੋ ਆਪਣਾਂ ਕਬਜਾ ਕਰਨ ਲਈ ਖੂਨੀ ਯੁਧ ਕਰਦੇ ਹਨ।

ਖਜਾਰ ਦੇਸ਼ ਦਾ ਸ਼ਾਹੀ ਖਾਨਦਾਨ ਓਪਰੇ ਤੌਰ ਤੇ ਦੇਖਣ ਵਿਚ ਇਉਂ ਲਗਦਾ ਹੈ ਕਿ ਉਹ ਖੇਰੂੰ-ਖੇਰੂੰ ਹੋ ਗਿਆ ਹੈ। ਪਰ ਏਵੇਂ ਹੈ ਨਹੀ। ਅਸ਼ਕਨਾਜੀ ਯਹੂਦੀ ਮਤ ਅਪਣਾਉਣ ਮਗਰੋਂ ਉਨ੍ਹਾਂ ਨੇ ਆਪਣੀ ਤੀਖਣ ਬੁੱਧੀ ਰਾਹੀਂ ਸਮੇਂ ਦੇ ਹਾਲਾਤ ਅਨੁਸਾਰ ਆਪਣੇ ਆਪ ਨੂੰ ਐਸਾ ਢਾਲਿਆ ਹੈ ਕਿ ਰਾਜ ਭਾਗ ਦੀ ਪ੍ਰਾਪਤੀ ਅਤੇ ਜਿਤਾਂ/ਹਾਰਾਂ ਦਾ ਸਿੱਧਾ ਸਿਲਸਿਲਾ ਤਿਆਗ ਕੇ ਕੇਵਲ ਧਨ ਅਤੇ ਦੁਰਲੱਭ ਵਸਤੂਆਂ ਤੇ ਏਕਾਧਿਕਾਰ ਅਪਣਾਉਣਾਂ ਆਰੰਭ ਕਰ ਦਿੱਤਾ ਹੈ।

ਉਨ੍ਹਾਂ ਨੇ ਲੁਕਵੀਂ ਯਹੂਦ ਕੇਦਰੀ ਰੱਬੀ ਪ੍ਰੀਸ਼ਦ ਦੀ ਵਾਗਡੋਰ ਸਾਂਭ ਲਈ ਹੈ। ਏਸ਼ੀਆ ਅਤੇ ਯੂਰਪ ਦੇ ਯਹੂਦੀਆ ਨਾਲ ਨਾਤਾ ਪਹਿਲੇ ਨਾਲੋਂ ਵੀ ਮਜਬੂਤ ਕਰ ਲਿਆ ਹੈ।

ਖਜਾਰ ਦੇ ਯਹੂਦੀਆ ਨੂੰ ਹੁਕਮ ਹੈ ਕਿ ਬਾਦਸ਼ਾਹੀਆ ਦੇ ਦਰਬਾਰਾਂ ਅੰਦਰ ਰਸੂਖ ਬਣਾਇਆ ਜਾਵੇ, ਅਹਿਮ ਪਦਵੀਆਂ ਪ੍ਰਾਪਤ ਕੀਤੀਆਂ ਜਾਣ, ਪ੍ਰਬੰਧਕੀ ਪਦਵੀਆ ਵਲ ਵੀ ਰੁਚੀ ਦਿਖਾਈ ਜਾਏ।

ਇਕ ਗੁਪਤ ਹੁਕਮ ਦੀ ਪਾਲਣਾ ਵਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ ਕਿ ਬਾਦਸ਼ਾਹੀਆਂ ਅਤੇ ਯੁਧ ਸਾਮੰਤਾਂ ਦੀਆਂ ਟਕਸਾਲਾਂ ਦਾ ਪ੍ਰਬੰਧ ਜਿਵੇਂ ਕਿਵੇਂ ਆਪਣੇ ਹੱਥਾਂ ਵਿਚ ਲਿਆ ਜਾਵੇ।

ਆਪਣੀ ਪਛਾਣ ਵੀ ਗੁਪਤ ਰੱਖਣ ਦੀ ਕੋਸ਼ਿਸ਼ ਕੀਤੀ ਜਾਵੇ। ਟਕਸਾਲਾਂ (Mints) ਨੂੰ ਚਲਾਉਂਣ ਵਿੱਚ ਵਿਸ਼ੇਸ਼ ਮੁਹਾਰਤ ਹਾਸਲ ਕੀਤੀ ਜਾਵੇ ਤੇ ਤਜ਼ਰਬੇ ਗੁਪਤ ਕੇਂਦਰੀ ਪ੍ਰੀਸ਼ਦ ਨਾਲ ਸਾਂਝੇ ਕੀਤੇ ਜਾਣ।

ਹੇਠ ਲਿਖੇ ਗੁਪਤ ਹੁਕਮ ਥਾਂ ਪੁਰ ਥਾਂ ਪੁਜਦੇ ਹਨ :-

-- ਦੇਸ਼ ਦਾ ਬਾਦਸ਼ਾਹ ਜਾਂ ਸਿਪਾਹਸਾਲਾਰ ਤੁਹਾਨੂੰ ਧਰਮ ਪ੍ਰੀਵਰਤਨ ਲਈ ਆਖੇ ਤਾ ਝੱਟ ਮੰਨ ਜਾਉ। ਸਗੋਂ ਕੱਟੜ ਹੋਣ ਦਾ ਦਿਖਾਵਾ ਕਰੋ। ਪਰ ਆਤਮਿਕ ਤੋਰ ਤੇ ਲੁਕਵੇਂ ਰੂਪ ਵਿਚ BAAL ਬਾਅਲ (ਵਿਸ਼ੇਸ਼ ਯਹੂਦੀ ਦੇਵਤਾ) ਦੀ ਅਰਾਧਨਾ ਹੀ ਕੀਤੀ ਜਾਵੇ।
-- ਲੁਕਵੇਂ ਤੋਰ ਤੇ ਆਪਸ ਵਿਚ ਵੀ ਅਤੇ ਕੇਂਦਰ ਨਾਲ ਵੀ ਤਾਲਮੇਲ ਕਾਇਮ ਰੱਖਿਆ

Scanned with OKEN Scanner

ਜਾਵੇ।

-- ਹਿਕਮਤ ਤੇ ਛਾ ਜਾਉ।

-- ਤੁਸੀਂ ਤੇ ਤੁਹਾਡੀਆਂ ਸੰਤਾਨਾ ਸ਼ਾਹੀ ਫੁਰਮਾਨਾਂ ਨੂੰ ਆਪਣੇ ਢੰਗ ਨਾਲ ਲਾਗੂ ਕਰਵਾਉਣ ਲਈ ਦੇਸ਼ ਦੇ ਕਾਨੂੰਨ ਵਿਚ ਪਰਬੀਨ ਹੋਵੋ।

-- ਕੋਈ ਵੀ ਕਿਸੇ ਪ੍ਰਕਾਰ ਦੀ ਵੀ ਲੁਕਵੀਂ ਜਾਂ ਪ੍ਰਤੱਖ ਸਭਾ ਸੁਸਾਇਟੀ ਬਣੇ, ਸਭਾਵਾਂ ਉਸਰਨ-ਉਸਾਰਨ ਵਿਚ ਪਹਿਲ ਕਦਮੀਂ ਕਰੋ ਅਤੇ ਲੁਕਵੇਂ ਤੌਰ ਤੇ ਅਗਵਾਈ ਆਪਣੇ ਹਥ ਲਉ।

-- ਦੁਖ ਝੱਲਣ ਦਾ ਸਮਾਂ ਹੈ।

-- ਜਿੰਨੇ ਦੁਖ ਝੱਲੋਗੇ, ਸ਼ੁਧ ਸੋਨਾ ਬਣ ਕੇ ਨਿਕਲੋਗੇ।

-- ਗੁਪਤ ਰਹਿ ਕੇ ਕੋਸ਼ਿਸ਼ ਕਰੋ ਕਿ ਕਿਸੇ ਵੀ ਸਲਤਨਤ, ਰਾਜ, ਰਇਆ ਵਿਚ ਅਮਨ, ਚੈਨ, ਸ਼ਾਂਤੀ ਨਾ ਰਹੇ। ਰਾਜੇ ਅਤੇ ਰਇਆਂ ਵਿਚਕਾਰ ਅਵਿਸ਼ਵਾਸ ਨੂੰ ਹੋਰ ਤੂਲ ਦਿਉ।

-- ਗੁਪਤਤਾ ਸਾਡਾ ਸਭ ਤੋਂ ਵੱਡਾ ਹਥਿਆਰ ਹੈ।

ਹਾਂ, ਤਾ ਧਰਮ ਯੁਧਾਂ (ਕਰੂਸੇਡਜ਼) ਦਾ ਦੌਰ ਸ਼ੁਰੂ ਹੁੰਦਾ ਹੈ। ਕਦੇ ਭਖਵਾਂ, ਕਦੇ ਧੀਮਾ। ਯੂਰਪ ਦਾ ਹਰ ਈਸਾਈ ਬਾਦਸ਼ਾਹ ਉਸ ਵਿਚ ਹਿੱਸਾ ਪਾਉਂਦਾ ਹੈ। ਇਸਦੀ ਸੁਰੂਆਤ ਯਹੂਦੀ ਬਨਾਮ ਇਸਲਾਮ ਤੋਂ ਹੁੰਦੀ ਹੈ।

ਹਰ ਯੁਧ ਵਿਚ ਖਜਾਰ ਦੇ ਅਸ਼ਕਨਾਜੀ ਯਹੂਦੀ ਕਿਤੇ ਨਾ ਕਿਤੇ ਹਾਜਰ ਰਹਿੰਦੇ ਹਨ।

ਸੌ ਸਾਲਾ ਯੁਧ ਵਿਚ ਵੀ ਇਨਾਂ ਸਾਹੂਕਾਰਾਂ ਦਾ ਧਨ ਦੋਵੇਂ ਪਾਸੇ ਇੱਕ-ਦੂਜੇ ਦਾ ਵਿਰੋਧੀ ਰੋਲ ਅਦਾ ਕਰਦਾ ਹੈ।

ਸ਼ਾਹੂਕਾਰਾਂ ਦਾ ਧਨ ਸਮਾਜ ਦੇ ਹੋਰ ਪਹਿਲੂਆਂ ਵਿਚ ਵੀ ਲਗਣਾ ਸ਼ੁਰੂ ਹੁੰਦਾ ਹੈ।

ਦਸਤਕਾਰੀਆ ਵਿਚ ਵਿਕਾਸ ਹੁੰਦਾ ਹੈ। ਪਹਿਲਾਂ ਨਿੱਕੇ ਸਤਰ ਤੇ। ਹੌਲੀ ਹੌਲੀ ਸਤਰ ਵਧਦਾ ਹੈ। ਦਸਤਕਾਰ ਹੀ ਮਿਹਨਤ ਨਾਲ ਮਸ਼ੀਨਾਂ ਦਾ ਅਵਿਸ਼ਕਾਰ ਕਰਦੇ ਹਨ। ਸਵੈ ਚਾਲਕ ਮਸ਼ੀਨਾਂ ਦਾ ਭਰਵਾਂ ਸੁਆਗਤ ਹੁੰਦਾ ਹੈ।

ਉਸ ਲਈ ਵਪਾਰ ਅਤੇ ਧਨ ਦੀ ਲੋੜ ਵਧਦੀ ਹੈ

Scanned with OKEN Scanner

ਰੈਨੇਸਾਂ ਦੇ ਨਾਲ ਨਾਲ ਵਪਾਰ ਅਤੇ ਉਦਯੋਗ ਦਾ ਇਨਕਲਾਬ ਆਉਦਾ ਹੈ।

ਉਸਲਵੱਟੇ ਲੈਂਦਾ ਲੈਂਦਾ ਸਮਾ ਅਚਾਨਕ ਪਟਲਣ ਵਲ ਅਹੁੰਲਦਾ ਹੈ।

ਨਬਜ ਪਛਾਨਣ ਦੀ ਲੋੜ ਹੈ।

ਅਸ਼ਕਨਾਜੀ ਯਹੂਦੀ ਗੁਪਤ ਵੀ ਤੇ ਪ੍ਰਤੱਖ ਵੀ ਨਬਜ਼ ਪਛਾਣਦੇ ਹਨ।

ਉਹ ਸ਼ਾਹੂਕਾਰ ਬਣ ਜਾਂਦੇ ਹਨ। ਵਪਾਰ ਵੀ ਤੇ ਉਪਜਦਾ ਉਦਯੋਗ ਵੀ ਸ਼ਾਹੂਕਾਰੇ ਤੇ ਹੀ ਨਿਰਭਰ ਹੋ ਜਾਂਦਾ ਹੈ।

ਸ਼ਾਹੂਕਾਰੇ ਦਾ ਮਹੱਤਵ ਏਨਾ ਵਧ ਜਾਂਦਾ ਹੈ ਕਿ ਬਾਦਸ਼ਾਹ ਵੀ ਆਪਣੀਆਂ ਟਕਸਾਲਾਂ ਦੇ ਪ੍ਰਬੰਧਕ ਅਸ਼ਕਨਾਜੀ ਯਹੂਦੀਆਂ ਨੂੰ ਨਿਯੁਕਤ ਕਰਦੇ ਹਨ। ਅਹਿਲਕਾਰ, ਅਮੀਰ ਵਜੀਰ ਤੇ ਯੁਧ ਸਾਮੰਤ ਵੀ ਆਪੋ ਆਪਣੇ ਆਰਥਕ ਪ੍ਰਬੰਧਾਂ ਵਿਚ ਇਨ੍ਹਾਂ ਨੂੰ ਮਹੋਤਬਰਾਂ ਵਲਾ ਸਥਾਨ ਦਿੰਦੇ ਹਨ। ਇਸ ਸਿਲਸਿਲੇ ਨੂੰ ਯਹੂਦੀ ਕੋਰਟ (Jew Court) ਵੀ ਕਿਹਾ ਜਾਣ ਲੱਗਦਾ ਹੈ।

ਗੁਪਤ ਕੇਂਦਰੀ ਰੱਬੀ (Rabbi) ਪ੍ਰੀਸ਼ਦ ਰਾਹੀਂ 'ਜੀਉ' ਕਰੋਟਸ ਦੀ ਆਪਸ ਵਿਚ ਸਾਂਝ ਵੀ ਰੱਖੀ ਜਾਂਦੀ ਹੈ।

ਭਵਨ ਕਲਾ ਅਤੇ ਭਵਨ ਉਸਾਰੀ ਲਗਾਤਾਰ ਅੱਗੇ ਵਧ ਰਹੀ ਹੈ।

ਇਸਨੇ ਬੜੇ ਹੀ ਮਹਾਨ ਮੇਸਨਜ਼ ਅਰਥਾਤ ਇੰਜਨੀਅਰ .ਅਰਥਾਤ ਮਿਸਤਰੀ ਉਪਜਾਏ ਹਨ।

ਗਿਆਰਵੀਂ ਸਦੀ ਦੇ ਅੱਧ ਵਿਚ ਇਕ ਨਿਹਾਇਤ ਲੁਕਵੀਂ ਸਭਾ ਆਜਾਦ ਉਸਰੀਏ (Free Massonary) ਉਪਜਦੀ ਹੈ। ਜਿਸ ਵਿਚ ਪਹਿਲਾਂ ਪਹਿਲਾਂ ਭਵਨ ਉਸਾਰੀ ਨਾਲ ਸੰਬੰਧਤ ਆਮ ਤੇ ਖਾਸ ਕਾਮੇ ਹੀ ਸ਼ਾਮਲ ਹੁੰਦੇ ਹਨ। ਕੰਮ ਢੰਗ ਬੜਾ ਸੁਚਾਰੂ ਹੈ। ਉਹ ਲੁਕਵੀਆਂ ਬੈਠਕਾਂ ਕਰਦੇ ਹਨ। ਧਰਮ, ਅਰਥ ਤੇ ਸਮਾਜਕ ਮਸਲੇ ਵੀ ਵਿਚਾਰਦੇ ਹਨ।

'ਜੀਉ ਕੋਰਟਸ' ਦੀ ਪਹਿਲ ਕਦਮੀ ਤੇ ਲਗਭਗ ਹਰ ਮਹੱਮਵ ਪੂਰਨ ਖੇਤਰ ਨਾਲ ਸੰਬੰਧਿਤ ਮਾਹਿਰ ਇਸ ਵਿਚ ਸ਼ਾਮਲ ਹੋਣ ਲਗ ਪੈਂਦੇ ਹਨ। ਹੌਲੀ ਹੌਲੀ ਬਾਗੀ, ਲੁਟੇਰੇ, ਵਿਦਵਾਨ, ਪਾਦਰੀ, ਦਰਬਾਰੀ ਸੈਨਾਪਤੀ ਏਥੋਂ ਤਕ ਕਿ ਰਾਜ ਅਧਿਕਾਰੀ ਵੀ ਗੁਪਤ ਰੂਪ ਵਿਚ ਇਸ ਵਿਚ ਸ਼ਾਮਲ ਹੋਣ ਲਗ ਪੈਂਦੇ ਹਨ। ਅਠਾਰਵੀਂ ਸਦੀ ਤਕ ਇਸ ਦੀਆਂ ਸ਼ਾਖਾਵਾ ਦੁਨੀਆ ਦੇ ਹਰ ਇਕ ਮੁਲਕ ਵਿਚ, ਏਥੋਂ ਤਕ ਕਿ ਬਸਤੀਆਂ ਵਿਚ ਵੀ ਸਥਾਪਤ ਹੋ ਜਾਂਦੀਆ ਹਨ।

ਹੌਲੀ ਹੌਲੀ ਫਰੀ ਮੇਸਨਜ ਦੇ ਖੇਮੇ ਉਸਰ ਜਾਂਦੇ ਹਨ ਜਿਨ੍ਹਾਂ ਨੂੰ ਮੈਸੋਨਿਕ ਲਾਜ (Masonic Lodge) ਆਖਿਆ ਜਾਣ ਲਗਦਾ ਹੈ।

Scanned with OKEN Scanner

ਬਰਤਾਨੀਆਂ ਦੀ ਬਸਤੀ ਇੰਡੀਆ ਵੀ ਪਿੱਛੇ ਨਹੀਂ ਰਹਿੰਦੀ ਹੈ। ਸਭ ਤੋਂ ਪਹਿਲਾਂ ਬੰਬੇ ਵਿਚ ਸੁਰੂਆਤ ਹੁੰਦੀ ਹੈ। ਨਾਮ ਹੈ ਗਰੈਂਡ ਮੈਸੋਨਿਕ ਲਾਜ, ਬੰਬੇ (Grand Masonic Lodge Bombay) ਹੌਲੀ ਹੌਲੀ ਰਾਜ ਦੇ ਵਧਣ ਫੁਲਣ ਨਾਲ ਇਸਦੀਆਂ ਸ਼ਾਖਾਵਾਂ ਮਦਰਾਸ, ਕਲਕੱਤਾ, ਅਹਿਮਦਾਬਾਦ ਆਦਿ ਤੇ ਸਾਰੇ ਵੱਡੇ ਸ਼ਹਿਰਾਂ ਵਿਚ ਸਥਾਪਿਤ ਹੋ ਜਾਂਦੀਆਂ ਹਨ।

ਗਰੈਂਡ ਮੈਸੋਨਿਕ ਲਾਜ ਬੰਬੇ ਅਤੇ ਮਦਰਾਸ

ਜੀਉ ਕੋਰਟਸ ਦੇ ਸੰਚਾਲਕਾਂ ਦਾ ਆਪਸੀ ਸੰਬੰਧ ਤਾ ਬਣਿਆ ਰਹਿੰਦਾ ਹੀ ਹੈ। ਸਮੇਂ ਦੇ ਹਾਲਾਤ ਅਨੁਸਾਰ ਧਨ ਦੇ ਪਰਚਲਣ ਅਰਥਾਤ ਇਕ ਤੋਂ ਦੂਜੀ ਥਾਂ ਤੇ ਲੈ ਜਾਣ ਲਈ ਇਹ ਲੋੜਵੰਦਾਂ ਨੂੰ ਇਕ ਦੂਜੇ ਦੇ ਨਾਮ ਪਰਚੀਆਂ ਕੱਟ ਕੇ ਦੇਣ ਲਗ ਪੈਂਦੇ ਹਨ। ਲੋੜਵੰਦਾਂ, ਜਿਆਦਾ ਕਰਕੇ ਵਪਾਰੀਆ ਨੂੰ, ਦੂਰ ਦੁਰਾਡੀਆਂ ਥਾਂਵਾਂ ਅਤੇ ਦੇਸ਼ਾਂ ਪ੍ਰਦੇਸ਼ਾਂ ਵਿਚ ਵੀ ਪਰਚੀਆਂ ਦੇ ਆਧਾਰ ਤੇ ਧਨ ਮਿਲਣ ਲਗ ਪੈਂਦਾ ਹੈ। ਦੋਵੇਂ ਪਾਸੇ ਆਪਣਾ ਕਮਿਸ਼ਨ ਕੱਟ ਲੈਂਦੇ ਹਨ। ਸਾਰੀਆਂ ਧਿਰਾਂ ਖੁਸ਼ ਹਨ। ਲੋੜਵੰਦ ਨੂੰ ਦੂਰ ਦੁਰਾਡੀਆਂ ਥਾਵਾਂ ਤੇ ਧਨ, ਪਰਚੀਆਂ ਕੱਟਣ ਵਾਲੇ ਤੇ ਪਰਚੀਆਂ ਨੂੰ ਧਨ ਵਿਚ ਬਦਲਣ ਵਾਲੇ ਨੂੰ ਕਮਿਸ਼ਨ ਮਿਲ ਜਾਂਦਾ ਹੈ।

ਪ੍ਰਥਾ ਚੱਲ ਤੁਰਦੀ ਹੈ। ਪਰਚੀਆਂ ਕੱਟਣ ਦੇ ਕੇਂਦਰ ਬਣ ਜਾਂਦੇ ਹਨ। ਜਿਨ੍ਹਾਂ ਦਾ ਨਾਮ-ਕਰਨ ਬੈਂਕ ਕੀਤਾ ਜਾਂਦਾ ਹੈ।

ਬੈਂਕ ਸ਼ਬਦ ਦਾ ਨਿਕਾਸ ਬੈਂਚ ਤੋਂ ਹੁੰਦਾ ਹੈ। ਇਟਲੀ ਵਿਚ ਆਮ ਮੰਡੀ ਵਿਚ ਸ਼ਾਹੂਕਾਰ ਇਕ ਬੈਂਚ ਉਪਰ ਆਪਣਾ ਕਾਰੋਬਾਰ ਕਰਿਆ ਕਰਦੇ ਸਨ। ਉਹੀ ਬੈਂਚ ਦੁਕਾਨਾਂ ਇਮਾਰਤਾ ਦੇ ਅੰਦਰ ਸੱਜ ਜਾਂਦੇ ਹਨ। ਬੈਂਚ ਸ਼ਬਦ ਬੈਂਕ ਵਿਚ ਵਟ ਜਾਂਦਾ ਹੈ।

ਪਿਆਰੇ ਵਿਲੀਅਮ, ਦੁਨੀਆਂ ਭਰ ਅਤੇ ਵਿਸ਼ੇਸ਼ ਤੌਰ 'ਤੇ ਯੂਰਪ ਨਾਲ ਸੰਬੰਧਤ ਵਿਸ਼ੇਸ਼-ਝਾਕੀਆਂ ਤੋਂ ਮਗਰੋਂ, ਹੁਣ ਅਸੀਂ ਇਕ ਪ੍ਰੀਵਾਰ ਤੇ ਕੇਂਦਰਿਤ ਕਰਦੇ ਹਾਂ। ਇਸ ਪ੍ਰੀਵਾਰ ਦਾ ਨਾਮ ਹੈ 'ਬ੍ਰੁਆਰ"। ਪਿਉ-ਪੁੱਤਰ ਮੌਜ਼ਜ ਆਮਸੈਲ ਬ੍ਰੁਆਰ ਅਤੇ ਮੇਅਰ ਆਮਸੈਲ ਰੌਥਸਚਾਈਲਡ ਜਿਨ੍ਹਾਂ ਨੇ ਦੁਨੀਆਂ ਦਾ ਇਤਿਹਾਸ ਬਦਲ ਕੇ ਰੱਖ ਦਿੱਤਾ, ਏਸੇ

ਪ੍ਰੀਵਾਰ ਦੇ ਮੈਂਬਰ ਸਨ। ਅੱਗੇ ਚਲੋ ....

ਬ੍ਰੂਅਰ ਟੱਬਰ (ਰੌਥਸਚਾਈਲਡ ਟੱਬਰ)

ਸੂਤਰਧਾਰ : ਖਜਾਰ ਦੇਸ਼ ਦੇ ਸ਼ਾਹੀ ਪ੍ਰੀਵਾਰ ਚੋਂ ਇਕ ਟੱਬਰ ਉਪਜਦਾ ਹੈ। ਉਸਨੇ ਵੀ ਯਹੂਦੀ ਮਤ ਅਪਣਾ ਲਿਆ ਹੁੰਦਾ ਹੈ। ਨਿਸ਼ਚਿਤ ਹੋ ਜਾਂਦਾ ਹੈ ਕਿ ਉਸ ਪ੍ਰੀਵਾਰ ਦਾ ਇਕ ਮੈਂਬਰ ਯਹੂਦੀ ਗੁਪਤ ਕੇਂਦਰ ਦਾ ਮੈਂਬਰ ਵੀ ਬਣ ਜਾਂਦਾ ਹੈ। ਇਹ ਰੀਤ ਪੁਸ਼ਤੈਨੀ ਚਲ ਰਹੀ ਹੈ। ਟੱਬਰ ਦਾ ਪੁਸ਼ਤੈਨੀ ਨਾਮ ਹੈ 'ਬ੍ਰੂਅਰ ਅਸ਼ਕਨਾਜੀ'। ਬ੍ਰੂਅਰ ਜਰਮਨੀ, ਆਸਟ੍ਰੀਆ, ਫ੍ਰਾਂਸ, ਪੋਲੈਂਡ, ਸਪੇਨ ਆਦਿ ਦੇਸ਼ਾਂ ਵਿਚ ਫੈਲ ਜਾਂਦੇ ਹਨ।

ਬ੍ਰੂਅਰ ਟੱਬਰ ਦਾ ਇਕ ਬਜੁਰਗ ਆਪਣੇ ਟੱਬਰ ਦੀ ਵਿਸ਼ੇਸ਼ ਪ੍ਰਕਾਰ ਦੀ ਮੋਹਰ ਬਣਵਾ ਲੈਂਦਾ ਹੈ। ਉਸਦੀ ਮੋਹਰ ਚੱਲ ਨਿਕਲਦੀ ਹੈ। ਦੇਸ਼ਾ ਪ੍ਰਦੇਸ਼ਾਂ ਦੇ ਸ਼ਾਹੂਕਾਰ ਧਨ ਤਾਰ ਕੇ ਮੋਹਰਾਂ ਵਾਲੀਆਂ ਪਰਚੀਆਂ ਖ੍ਰੀਦ ਲੈਂਦੇ ਹਨ, ਅੱਗੋਂ ਉਹ ਮਨ ਮਰਜੀ ਦੀ ਕੀਮਤ ਤੇ ਵਪਾਰੀਆਂ, ਦਸਤਕਾਰਾਂ, ਉਭਰ ਰਹੇ ਉਦਯੋਗਾਂ ਦੇ ਮਾਲਕਾਂ ਲੋੜਵੰਦਾਂ ਨੂੰ ਵੱਧ ਕੀਮਤ ਤੇ ਵੇਚਣ ਲਗ ਪੈਂਦੇ ਹਨ। ਵਪਾਰਕ ਕੰਪਨੀਆ ਵਿਚ ਵੀ ਮਾਨਤਾ ਵੱਧਦੀ ਹੈ। ਉਹ ਕੰਪਨੀਆ ਦੇ ਵੱਡੇ ਹਿੱਸੇਦਾਰ ਬਣਨ ਲਗ ਪੈਂਦੇ ਹਨ। (ਈਸਟ ਇੰਡੀਆ ਕੰਪਨੀ ਦੀ ਵੀ ਉਹ ਸਰਪ੍ਰਸੀ ਸਾਂਭ ਲੈਂਦਾ ਹੈ)

ਇਕ ਬਾਦਸ਼ਾਹ ਦੂਜੇ ਬਾਦਸ਼ਾਹ ਦੇ ਧਨ ਅਰਥਾਤ ਸਿੱਕਿਆਂ ਨੂੰ ਪਰਵਾਣ ਨਹੀਂ ਕਰਦੇ ਹਨ ਪਰ ਬ੍ਰੂਅਰ ਟੱਬਰ ਦੀ ਮੋਹਰ ਨੂੰ ਮਾਨਤਾ ਦੇਂਦੇ ਹਨ। ਉਸਦੀ ਸਾਖ ਸ਼ਾਹੀ ਅਮੀਰਾਂ ਵਜ਼ੀਰਾਂ ਤੇ ਅਹਿਲਕਾਰਾਂ ਤਕ ਵਧ ਜਾਂਦੀ ਹੈ। ਉਹ ਬੱਚਿਆ ਦੇ ਰਿਸ਼ਤੇ ਨਾਤੇ ਜੋੜ ਕੇ ਉਨ੍ਹਾਂ ਵਰਗਾਂ ਦਾ ਆਦਰ, ਮਾਣ, ਮਾਨਤਾ ਤੇ ਸਮਾਜਕ ਮਹਾਨਤਾ ਪ੍ਰਾਪਤ ਕਰ ਲੈਂਦਾ ਹੈ।

ਬ੍ਰੂਅਰ ਟੱਬਰ ਦਾ ਨਾਮ ਯੂਰਪ ਦੇ ਪੱਛਮੀ ਅਤੇ ਪੂਰਬੀ ਦੇਸ਼ਾਂ ਵਿਚ ਪ੍ਰਚਲਿਤ ਹੋ ਜਾਂਦਾ ਹੈ।

ਦੇਸ਼ਾਂ ਮੁਲਕਾਂ-ਬਾਦਸ਼ਾਹਾਂ ਦੇ ਆਪਸੀ ਯੁਧ ਵਧ ਰਹੇ ਹਨ। ਨਾਲੋ ਨਾਲ ਬ੍ਰੂਅਰ ਟੱਬਰ ਦੀਆਂ ਪਰਚੀਆਂ ਦਾ ਮਹੱਤਵ ਵੀ ਵਧੀ ਜਾਂਦਾ ਹੈ। 18ਵੀਂ ਸਦੀ ਦੇ ਸ਼ੁਰੂ ਤਕ ਆਪਸੀ ਯੁਧ ਸਿਖਰ ਨੂੰ ਛੋਹਣ ਲਗ ਪੈਂਦੇ ਹਨ।

ਬ੍ਰੂਅਰ ਟੱਬਰ ਦਾ ਇਕ ਮੈਂਬਰ ਕੁਝ ਵਧੇਰੇ ਹੀ ਚਤੁਰ ਹੈ। ਨਾਮ ਹੈ ਮੌਜ਼ਜ਼ ਆਮਸ਼ੈਲ ਬ੍ਰੂਅਰ। ਉਹ ਸਿੱਕਿਆਂ, ਸੋਨੇ, ਕੀਮਤੀ ਚੀਜਾਂ ਅਤੇ ਪਰਚੀਆ ਕੱਟਣ ਦਾ ਵਪਾਰ ਕਰਦਾ ਹੈ। ਵਪਾਰ ਸੋਹਣਾ ਚਲ ਨਿਕਲਦਾ ਹੈ। ਉਹ ਇਕ ਵੱਡੇ ਬਾਜਾਰ ਦੀ ਵੱਡੀ ਇਮਾਰਤ ਵਿਚ ਕਾਰੋਬਾਰ ਤਬਦੀਲ ਕਰਦਾ ਹੈ। ਇਮਾਰਤ ਦੇ ਬਜਾਰ ਵਾਲੇ ਪਾਸੇ ਵਲ ਇਕ ਵੱਡਾ ਸਾਈਨ ਬੋਰਡ ਲਗਾਉਂਦਾ ਹੈ। ਬੋਰਡ ਉਪਰ ਆਪਣੀ ਵਿਸ਼ੇਸ਼ ਪਛਾਣ ਵਜੋਂ ਉਹ ਛੇ ਕੋਨਾ (ਹੈਕਸਾਗਰਾਮ) ਤਾਰਾ ਉਕਰਵਾਉਂਦਾ ਹੈ। ਇਸ ਤਾਰੇ ਦਾ ਰੰਗ ਹੈ, ਗੂੜ੍ਹਾ ਲਾਲ। ਲਾਲ ਰੰਗ

Scanned with OKEN Scanner

ਦੇ ਤਾਰੇ ਦਾ ਆਕਰਸ਼ਨ ਏਨਾ ਵਧਦਾ ਹੈ ਕਿ ਉਸਨੂੰ ਰੋਥਸਚਾਈਲਡ ਅਰਥਾਤ 'ਲਾਲ-ਨਿਸ਼ਾਨ ਵਾਲਾ ਬੂਅਰ' ਆਖਿਆ ਜਾਣ ਲਗਦਾ ਹੈ। ਜਰਮਨ ਭਾਸ਼ਾ ਵਿਚ ਰੌਥਸਚਾਈਲਡ ਦਾ ਅਰਥ ਹੈ ਲਾਲ ਨਿਸ਼ਾਨ। ਉਹ ਬੂਅਰ ਲਾਲ ਨਿਸ਼ਾਨ (ਰੌਥਸਚਾਈਲਡ) ਵਾਲਾ ਦੇ ਨਾਮ ਨਾਲ ਪ੍ਰਸਿੱਧ ਹੋ ਜਾਂਦਾ ਹੈ।

1740 ਵਿਚ ਇਕ ਲੜਕਾ ਜਨਮਦਾ ਹੈ। ਨਾਮ ਰੱਖਿਆ ਜਾਂਦਾ ਹੈ 'ਮੇਅਰ ਆਮਸ਼ੈਲ ਬੂਅਰ'। ਪਿਤਾ ਪਛਾਣ ਜਾਂਦਾ ਹੈ ਕਿ ਪੁਤਰ ਅਸਾਧਾਰਨ ਵਪਾਰਕ ਬੁਧੀ ਦਾ ਮਾਲਕ ਹੈ। ਅਜੇ ਉਸਦੀ ਉਮਰ ਕੁਲ ਦਸ ਸਾਲ ਦੀ ਹੈ। ਪਿਤਾ ਉਸਨੂੰ ਇਕ ਪ੍ਰਸਿਧ ਬੈਂਕ ਵਿਚ ਸਿਖਲਾਈ ਲੈਣ ਵਾਸਤੇ ਭੇਜ ਦਿੰਦਾ ਹੈ। ਲੜਕਾ ਇਸ ਕਿੱਤੇ ਵਿਚ ਏਨਾ ਪਰਵੀਨ ਨਿਕਲਦਾ ਹੈ ਕਿ 17 ਸਾਲ ਦੀ ਉਮਰ ਤਕ ਉਹ ਬੈਂਕ ਦਾ ਬਾਕਾਇਦਾ ਹਿੱਸੇਦਾਰ ਬਣ ਜਾਂਦਾ ਹੈ।

ਆਸਟ੍ਰੀਆ ਦੇ ਇਸ ਬੈਂਕ ਦੀ ਸੰਚਾਲਨਾ ਵਿਚ ਦੇਸ਼ ਦਾ ਸ਼ਹਿਜਾਦਾ 'ਵਿਲੀਅਮ' ਖਾਸ ਰੁਚੀ ਰਖਦਾ ਹੈ।

ਲੜਕਾ ਬੂਅਰ ਆਪਣੀ ਕਾਬਲੀਅਤ ਨਾਲ ਉਸਦੇ ਬਹੁਤ ਨਜਦੀਕ ਚਲਿਆ ਜਾਂਦਾ ਹੈ। ਸ਼ਹਿਜਾਦਾ ਵਿਲੀਅਮ ਲੜਕੇ ਰਾਹੀਂ ਗੁਪਤ ਤੌਰ ਤੇ ਆਪ ਵੀ ਵਪਾਰ ਕਰਨ ਲੱਗ ਜਾਂਦਾ ਹੈ। ਸ਼ਹਿਜਾਦਾ ਵਿਲੀਅਮ ਰਾਹੀਂ ਲੜਕੇ ਦੀ ਜਾਣ ਪਛਾਣ ਦੇਸ਼ਾਂ ਪਰਦੇਸ਼ਾਂ ਦੇ ਰਾਜਿਆਂ, ਮਹਾਂਰਾਜਿਆਂ, ਅਹਿਲਕਾਰਾਂ, ਅਮੀਰਾਂ ਵਜੀਰਾਂ ਨਾਲ ਹੁੰਦੀ ਹੈ। ਆਪਣੀ ਸਿਆਣਪ ਨਾਲ ਅੱਗੋਂ ਉਹ ਆਪ ਮਿਤਰਤਾ ਦਾ ਦਾਇਰਾ ਵਧਾ ਲੈਂਦਾ ਹੈ।

ਪਿਤਾ ਬੂਅਰ ਦੀ ਅਚਾਨਕ ਮੌਤ ਹੋ ਜਾਂਦੀ ਹੈ। ਪੁਤਰ ਬੂਅਰ ਬੈਕਿੰਗ ਦੇ ਭੇਤਾਂ ਦਾ ਮਾਹਰ ਹੋਣ ਦਾ ਤਜਰਬਾ ਨਾਲ ਲੈ ਕੇ ਵਾਪਸ ਆ ਜਾਂਦਾ ਹੈ ਤੇ ਪਿਤਾ ਦਾ ਕੰਮਕਾਰ ਸਾਂਭ ਲੈਂਦਾ ਹੈ। ਬੈਂਕ ਨਾਲ ਰਾਬਤਾ ਵੀ ਰੱਖਦਾ ਹੈ।

ਪਿਤਾ ਦੇ ਨਾਮ ਅਤੇ ਵਪਾਰ ਨਾਲ ਜੁੜੇ ਸ਼ਬਦ 'ਰੌਥਸ-ਸ਼ੀਲਡ' ਅਰਥਾਤ ਲਾਲ ਨਿਸ਼ਾਨ ਨੂੰ ਉਹ ਖਾਨਦਾਨੀ ਨਾਮ ਅਪਣਾ ਲੈਂਦਾ ਹੈ। ਬੂਅਰ ਦੀ ਥਾਂ ਖਾਨਦਾਨ ਦਾ ਨਾਮ 'ਰੌਥਸਚਾਈਲਡ' ਪੈ ਜਾਂਦਾ ਹੈ।

ਪਿਤਾ ਦੀ ਬਰਸੀ ਧੂਮ ਧਾਮ ਨਾਲ ਮਨਾਉਂਦਾ ਹੈ। ਇਉ ਉਹ ਪਿਤਾ ਦੇ ਨਾਮ ਅਤੇ ਆਪਣੀ ਸਮਝ ਦੀ ਕਲਾ ਨਾਲ ਦੂਰ ਦੂਰ ਤਕ ਧਾਂਕ ਜਮਾਂ ਲੈਂਦਾ ਹੈ। ਬਾਦਸ਼ਾਹਾਂ ਦੇ ਮਹਿਲਾਂ ਤੇ ਦਰਬਾਰਾਂ ਵਿਚ ਉਸ ਦੀ ਚਰਚਾ ਸ਼ੁਰੂ ਹੋ ਜਾਂਦੀ ਹੈ।

ਬਰਸੀ

ਪਿਤਾ ਮੋਜਜ ਆਮਸ਼ੈਲ ਬੂਅਰ ਦੀ ਬਰਸੀ ਮਨਾਈ ਜਾ ਰਹੀ ਹੈ।

Scanned with OKEN Scanner

Scanned with OKEN Scanner

ਅੰਮਾਂ-ਪੁੱਤਰ ਆਪਸ ਵਿੱਚ ਵਾਰਤਾਲਾਪ ਕਰਦੇ ਹਨ :-

ਅੰਮਾਂ : ਪੁਤਰ ਮੇਅਰ ਆਮਸ਼ੈਲ ਯੂਨੀਅਰ, ਪਿਆਰੇ ਯੁਵਕ, ਤੇਰੇ ਪਿਤਾ ਦੀ ਬਰਸੀ ਮੌਕੇ ਅੱਜ ਇਕ ਦੋ ਖਾਸ ਗੱਲਾਂ ਕਰਨੀਆਂ ....

ਪੁੱਤਰ ਆਮਸ਼ੈਲ : ਅੰਮਾਂ ਮੈਨੂੰ ਆਮਸ਼ੈਲ ਜਾਂ ਮੇਅਰ ਆਖ ਜਾਂ ਨਾ ਆਖ ਪਰ ਅੱਗੇ ਜਾਂ ਪਿੱਛੇ ਰੌਥਸਚਾਈਲਡ ਜਰੂਰ ਆਖ। ਆਖ ਪੁਤਰ ਰੌਥਸਚਾਈਲਡ, ਆਖ ਆਮਸ਼ੈਡ ਰੌਥਸਚਾਈਲਡ, ਪਰ ਪਿਆਰੀ ਅੰਮਾਂ ਏਸ ਬਰਸੀ ਮੌਕੇ ਤੇਰੀਆਂ ਅੱਖੀਆਂ ਭਰ ਕਿਉਂ ਆਈਆਂ .... ਕੀ ਮੈ ਤੇਰਾ ਦਿਲ ਦੁਖਾਇਐ, ਮੇਰੇ ਕੋਲੋਂ ਕੋਈ ਬਜਰ ਗਲਤੀ ਹੋ ਗਈ ....

ਅੰਮਾਂ : ਨਹੀਂ ਬੇਟੇ ਨਹੀਂ। ਏਦਾਂ ਦੀ ਕੋਈ ਗੱਲ ਨਹੀਂ। ਮਾਂ ਲਈ ਏਸ ਤੋ ਵੱਡੇ ਮਾਣ ਵਾਲੀ ਹੋਰ ਕਿਹੜੀ ਗੱਲ ਹੋ ਸਕਦੀ ਹੈ ਕਿ ਉਸਦਾ ਪੁਤਰ ਉਸਦੇ ਪਤੀ ਨਾਲੋਂ ਮਾਂ ਦੇ ਦੇਖਦਿਆਂ ਦੇਖਦਿਆਂ ਏਨਾ ਅੱਗੇ ਲੰਘ ਜਾਏ, ਏਨੀ ਉਨਤੀ ਕਰ ਜਾਏ। ਮੈਨੂੰ ਯਾਦ ਆ ਗਿਆ ਉਹ ਦਿਨ ਜਦੋਂ ਤੇਰੇ ਅੱਬਾਂ ਨੇ ਆਪਣੇ ਦਫ਼ਤਰ ਮੂਹਰੇ ਪਹਿਲੀ ਵਾਰੀ ਰੌਥਸਚਾਈਲਡ ਯਾਨੀ ਛੇ ਕੋਨੇ ਗੂੜੇ ਲਾਲ ਤਾਰੇ ਲੋਗੋ ਵਾਲਾ ਬੋਰਡ ਲਗਾਇਆ ਸੀ ....

(ਏਥੇ Flash Back ਦੀ ਵਿਧੀ ਵਰਤੀ ਜਾਂਦੀ ਹੈ ਜਿਸ ਰਾਹੀਂ ਮੌਜਜ ਆਮਸ਼ੈਲ ਬੂਅਰ ਦੇ ਪ੍ਰੀਵਾਰਕ ਇਤਿਹਾਸ, ਵਿਚਾਰਧਾਰਾ ਤੇ ਸਮਾਜਕ ਕਾਰੋਬਾਰੀ ਤੇ ਧਾਰਮਕ ਪ੍ਰਿਸ਼ਟ ਭੂਮੀ ਦਿਖਾਈ ਜਾਂਦੀ ਹੈ।)

Flash Back (ਪਿਛਲ-ਝਾਤ)

ਸ਼ਹਿਰ ਦੇ ਬਾਜਾਰ ਦਾ ਇਕ ਹਿੱਸਾ .... ਦਰਮਿਅਨੇ ਆਕਾਰ ਦੀ ਦਫ਼ਤਰ ਨੁਮਾ ਦੂਕਾਨ। ਅਠਾਰਾਂ ਵੀਹ ਬੰਦੇ ਅਤੇ ਚਾਰ ਪੰਜ ਔਰਤਾਂ ਦਾ ਇਕੱਠ ਹੈ। ਦਰਮਿਆਨ ਵਿਚ ਇਕ ਯਹੂਦੀ ਪਾਦਰੀ ਵਿਰਾਜਮਾਨ ਹੈ।

ਪਾਦਰੀ : ਪਿਆਰੇ ਅਸ਼ਕਨਾਜ਼ੀ ਯਹੂਦੀਓ, ਯਹੂਦੀ ਮੱਤ ਕਦੇ ਦਾ ਮਰ-ਮੁੱਕ-ਖਤਮ ਹੋ ਜਾਂਦਾ ਜੇਕਰ ਸਾਡਾ ਖਜਾਰ ਦਾ ਬਾਦਸ਼ਾਹ ਬਲਕਾਨ ਏਸ ਨੂੰ ਸ਼ਾਹੀ ਮੱਤ ਦੇ ਤੌਰ ਤੇ ਨਾ ਅਪਣਾਉਂਦਾ । ਜਹਾਂ ਰਾਜਾ ਤਹਾਂ ਪਰਜਾ। ਬਾਦਸ਼ਾਹਤਾਂ ਦੇ ਡਿਗਣ ਢੱਠਣ ਅਤੇ ਮੁੜ ਉਸਰਨ ਦੌਰਾਨ ਸਾਨੂੰ ਵੀ ਅਨੇਕਾਂ ਦੁਖ ਸਹਿਣੇ ਪਏ। ਇਸਰਾਈਲੀ ਯਹੂਦੀਆਂ ਨੂੰ ਤਾਂ ਉਜਾੜੇ

Scanned with OKEN Scanner

ਵਿਰਸੇ ਵਿਚ ਮਿਲੇ ਹੀ ਸਨ, ਸਾਨੂੰ ਵੀ ਸਕੈਂਡੀਨੇਵੀਆਂ ਦੇ ਵਾਈਕਸ (ਸਮੁੰਦਰੀ ਲੁਟੇਰੇ) ਅਤੇ ਹੋਰ ਕਬੀਲਿਆਂ ਵੱਲੋਂ ਮਚਾਈ ਦਹਿਸ਼ਤਗਰਦੀ ਦੀ ਮਾਰ ਸਹਿਣੀ ਪਈ।

ਸਾਡੀ ਗੁਪਤ ਕੇਂਦਰੀ ਪ੍ਰੀਸ਼ਦ ਨੇ ਸਾਨੂੰ ਮਲੀਆ ਮੇਟ ਹੋਣੋਂ ਬਚਾਈ ਰੱਖਿਆ। ਸਮੇਂ ਸਮੇਂ ਸਾਨੂੰ ਨਸੀਹਤਾਂ ਦਿੱਤੀਆਂ। ਆਦੇਸ਼ਾਂ ਅਨੁਸਾਰ ਅਸੀਂ ਵਪਾਰ, ਸ਼ਾਹੂਕਾਰਾ, ਵਕਾਲਤ, ਡਾਕਟਰੀ, ਪ੍ਰਬੰਧਨ ਆਦਿ ਕਿੱਤੇ ਵੀ ਅਪਣਾਏ, ਫਰੀ ਮੇਸਨਜ਼ ਜਿਹੀਆਂ ਗੁਪਤ ਸੰਸਥਾਵਾਂ ਨੂੰ ਅਪਣਾਇਆ ਅਤੇ ਵਧਾਇਆ ਫੁਲਾਇਆ ਵੀ। ਪ੍ਰੀਸ਼ਦ ਦੇ ਆਦੇਸ਼ਾਂ ਅਨੁਸਾਰ ਹੀ ਅਸੀਂ ਹਜ਼ਰਤ ਮੂਸਾ ਦੀ ਸੰਤਾਨ ਬਣੇ ਰਹੇ ਤੇ ਬਾਅਲ (BAAL) ਦੀ ਅਰਾਧਨਾ ਕਰਦੇ ਰਹੇ। ਮਿੱਠੇ ਪਿਆਰੇ ਬਣ ਕੇ ਅਸ਼ੀਂ ਆਪਣੇ ਵਿਰੋਧੀਆਂ ਦੇ ਢਿੱਡਾਂ ਵਿਚ ਵੜ ਗਏ, ਫੇਰ ਅਸੀਂ ਢਿੱਡ ਪਾੜ ਕੇ ਨਿਕਲੇ।

ਬ੍ਰੂਅਰ ਅਤੇ ਸ਼ਨੈਪਰ ਪਰੀਵਾਰਾਂ ਦੀ ਗੂੜ੍ਹੀ ਦੋਸਤੀ ਤੇ ਸਾਰੇ ਯਹੂਦੀਆਂ ਨੂੰ ਮਾਣ ਹੈ।

ਅੱਜ ਇਨ੍ਹਾਂ ਦੇ ਪੁਤਰ ਦਾ ਤੀਸਰਾ ਜਨਮ ਦਿਨ ਵੀ ਹੈ ਅਤੇ ਕਾਰੋਬਾਰ ਦੇ ਨਵੇਂ ਥਾਂ ਦਾ ਉਦਘਾਟਨ ਵੀ।

ਆਮਸ਼ੈਲ ਬ੍ਰੂਅਰ ਸਧਾਰਨ ਵਿਅਕਤੀ ਜਾਂ ਪ੍ਰੀਵਾਰ ਨਹੀਂ ਹੈ। ਇਨ੍ਹਾਂ ਦੇ ਪੁਰਖੇ ਸ਼ਾਹੀ ਪ੍ਰੀਵਾਰਾਂ ਵਿਚੋਂ ਹਨ। ਗੁਪਤ ਕੇਂਦਰੀ ਪ੍ਰੀਸ਼ਦ ਨੂੰ ਚਲਾਉਣ ਵਿਚ ਇਨ੍ਹਾਂ ਦਾ ਗੁਪਤ ਯੋਗਦਾਨ ਹੈ। ਸਦਾ ਯਾਦ ਰੱਖਣਾ ਕਿ 'ਇਕ ਯਹੂਦੀ ਸਾਰਿਆਂ ਲਈ ਅਤੇ ਸਾਰੇ ਯਹੂਦੀ ਇਕ ਲਈ।'

ਹੁਣ ਪਹਿਲਾਂ ਅਸੀਂ ਨਵੇਂ ਥਾਂ ਦਾ ਉਦਘਾਟਨ ਕਰ ਲਈਏ। ਮੈਂ ਰਾਤ ਏਥੇ ਈ ਆਂ। ਕੁਝ ਹੋਰ ਵਿਚਾਰ ਵਟਾਂਦਰੇ ਕਰਾਂਗੇ। ਤੁਸੀਂ ਜਾਣਦੇ ਈ ਓ ਕਿ ਗੁਪਤਤਾ ਸਾਡੀ ਸਫਲਤਾ ਦਾ ਰਾਜ਼ ਹੈ।

(ਬੋਰਡ ਰੱਸੀਆਂ ਨਾਲ ਬੰਨ ਕੇ ਉਪਰ ਖਿਚਿਆ ਜਾਂਦਾ ਹੈ। ਕੁਝ ਜਣੇ ਇਸਨੂੰ ਥਾਂ ਸਿਰ ਕਰਕੇ ਬੰਨ੍ਹ ਦਿੰਦੇ ਹਨ।)

ਇਕ ਜਣਾ : ਬਈ ਮੋਜ਼ਜ਼ ਆਪਣੇ ਬੋਰਡ ਦੇ ਲੋਗੋ, ਛੇ ਨੁਕਰੇ ਲਾਲ ਤਾਰੇ ਦੀ ਲਾਲਗੀ (ਰੌਥਸ-ਚਾਈਲਡ, ਲਾਲ-ਨਿਸ਼ਾਨ) ਨੂੰ ਉਘਾੜਨ ਵਲ ਜਰਾ ਖਾਸ ਧਿਆਨ ਦਿਤਾ ਗਿਆ ਹੈ।

ਮੋਜ਼ਜ : ਹਾਂ ਦੋਸਤ, ਤੁਸੀਂ ਠੀਕ ਕਹਿੰਦੇ ਹੋ। ਰੌਥਸ = ਲਾਲ, ਚਾਈਲਡ = ਨਿਸ਼ਾਨ ਯਾਨੀ ਲਾਲ ਨਿਸ਼ਾਨ ਦੇ ਉਘਾੜ ਦੀ ਖਾਸ ਵਜਹ ਹੈ। ਐਂਵੇ ਨਾ

Scanned with OKEN Scanner
Scanned with OKEN Scanner

ਸਮਝ ਲੈਣਾ।

ਦੂਜਾ ਜਣਾ : ਕੀ ਬਈ।

ਮੌਜ਼ਜ : ਬੱਚਾ ਬਾਪ ਦੀ ਅੱਖ ਦਾ ਤਾਰਾ ਤਾਂ ਹੁੰਦਾ ਹੀ ਹੈ। ਹੈ ਨਾਂ ?

ਦੂਜਾ : ਹਾਂ ਠੀਕ ਹੈ।

ਮੌਜ਼ਜ : ਆਮਸ਼ੈਲ ਯੂਨੀਅਰ ਦੇ ਜਨਮਣ ਤੋਂ ਮਗਰੋਂ ਜਦੋਂ ਮੈਨੂੰ ਪਹਿਲੀ ਵਾਰੀ ਦਿਖਾਇਆ ਗਿਆ ਤਾ ਕੁਦਰਤੀ ਇਸਦਾ ਚਿਹਰਾ ਢੱਕਿਆ ਹੋਇਆ ਸੀ, ਸਿਰਫ ਮੱਥਾ ਦਿਸਦਾ ਸੀ। ਨਰਸ ਨੇ ਕਿਸੇ ਸ਼ਗਨ ਜਾਂ ਉਪਸ਼ਗਨ ਵਜੋਂ ਇਸ ਦੇ ਮੱਥੇ ਤੇ ਗੂੜ੍ਹੇ ਲਾਲ ਕਾਗਜ ਦਾ ਨਿਕਾ ਜਿਹਾ ਤਾਰਾ ਚਿਪਕਾਇਆ ਹੋਇਆ ਸੀ। ਸਭ ਤੋ ਪਹਿਲਾ ਮੈਨੂੰ ਉਹੀ ਦਿਖਾਈ ਦਿਤਾ। ਉਸ ਲਾਲ ਤਾਰੇ ਉਪਰ ਮੇਰੀ ਨਿਗਾਹ ਗੱਡੀ ਰਹਿ ਗਈ। ਸਹਿਜ ਸੁਭਾਅ ਮੇਰੇ ਮੂਹੋਂ ਨਿਕਲਿਆ .... ਮੇਅਰ ਆਮਸ਼ੈਲਮ ਰੋਥਸਚਾਈਲਡ। ਲਉ ਜੀ ਖਲੋਤੇ ਖਲੋਤੇ ਮੇਰੀਆਂ ਅੱਖਾਂ ਅੱਗੋਂ ਅਨੇਕਾ, ਪਿੰਡ, ਸ਼ਹਿਰ, ਦੇਸ਼ ਘੁੰਮ ਗਏ। ਨਾਲੇ ਉਥੋਂ ਦੇ ਲਾਲ ਭਵਨ, ਲਾਲ ਕਿਲੇ, ਲਾਲ ਝੰਡੇ, ਝੰਡਿਆਂ ਵਿਚ ਗੂੜਾ ਜਾਂ ਭਗਵਾਂ ਲਾਲ ਰੰਗ, ਲਾਲ ਤਾਰੇ, ਲਾਲ ਹੈਕਸਾਗਾਮ, ਸਰਘੀ ਤੇ ਸ਼ਾਮ ਦੇ ਸੂਰਜ ਦੀ ਭਾਅ ਲਾਲ, ਲਾਲ ਖੂਨ, ਲਾਲ ਅੱਗ, ਲਾਲ ਭਾਂਬੜ, ਕ੍ਰੋਧ ਦਾ ਚਿਹਰਾ ਲਾਲ, ਪਿਆਰ ਦਾ ਚਿਹਰਾ ਵੀ ਲਾਲ .... ਲਾਲ, ਲਾਲ, ਲਾਲ ਧਰਤੀ ਦੀ ਹਿੱਕ ਵਿਚ ਪੰਜਾਂ ਵੀ ਲਾਲ .... ਬਸ ਸੱਭੋ ਕੁਝ ਲਾਲੋ ਲਾਲ ....

ਦੂਜਾ ਜਣਾ : ਬਈ ਮੌਜ਼ਜ ਮੈਂ ਤੇ ਸਧਾਰਨ ਈ ਪੁਛਿਆ ਸੀ। ਪਰ ਤੂੰ ਤਾਂ ਕਿਤੇ ਦੂਰ ਈ ਚਲਿਆ ਗਿਆਂ। ਸਮਝ ਗਿਆ ਕਿ ਆਪਣੇ ਬੱਚੇ ਦੇ ਮੱਥੇ ਤੇ ਚਿਪਕੇ ਕਾਗਜੀ ਲਾਲ ਤਾਰੇ ਨੇ ਤੈਨੂੰ ਬਹੁਤ ਪਰਭਾਵਿਤ ਕੀਤਾ। ਤਾਂ ਹੀ ਤੂੰ ਆਪਣੇ ਕਾਰੋਬਾਰੀ ਬੋਰਡ ਉਪਰ ਲਾਲ ਰੰਗ ਦਾ ਤਾਰਾ ਉਕਰਵਾਇਆ ਹੈਂ। ਰੱਬ ਕਰੇ ਤੇਰੇ ਸੁਪਨੇ ਪੂਰੇ ਹੋਣ। ਅਸੀਂ ਉਸਦਾ ਨਾਮ ਈ ਬੂਅਰ ਦੀ ਥਾਂ ਰੌਥਸਚਾਈਲਡ ਰੱਖ ਲੈਂਦੇ ਹਾਂ। 'ਮੇਅਰ ਆਮਸ਼ੈਲ ਰੌਥਸਚਾਈਲਡ'।

ਖਾਣ ਪੀਣ ਮਗਰੋਂ ਹਾਜ਼ਰ ਲੋਕ ਜਾਣ ਲਗਦੇ ਹਨ ਤਾ ਆਮਸ਼ੈਲ ਬੁਆਰ ਸੱਤ ਅੱਠ ਬੰਦਿਆਂ ਨੂੰ ਇਸ਼ਾਰੇ ਨਾਲ ਰੋਕ ਲੈਂਦਾ ਹੈ। ਪਾਦਰੀ ਨਾਲ ਇਕ ਵਾਰੀ ਫੇਰ ਮਿਲਣੀ ਹੁੰਦੀ ਹੈ।

ਪਾਦਰੀ : ਯਹੂਦੀਉ ਅਠਾਰਵੀਂ ਸਦੀ ਦਾ ਪਹਿਲਾ ਅੱਧ ਸਮਾਪਤ ਹੋ ਕੇ ਦੂਸਰਾ ਆਰੰਭ ਹੋ ਗਿਆ ਹੈ।

Scanned with OKEN Scanner

ਪੁਰਾਤਨ ਉਜਾੜਿਆਂ ਦੇ ਕਤਲਾਮ ਭਾਵੇਂ ਪੁਰਾਣਾ ਮਸਲਾ ਸਮਝ ਲਈਏ। ਪਰ ਈਸਾਈ ਮੱਤ ਦੇ ਪੈਦਾ ਹੋਣ ਤੋਂ ਬਾਅਦ ਵੀ ਹਾਲਾਤ ਸਾਡੇ ਲਈ ਬਹੁਤ ਸੁਖਾਵੇਂ ਨਹੀਂ ਰਹੇ। ਸਾਨੂੰ ਘਟੀਆ ਦਰਜੇ ਦੇ ਸ਼ਹਿਰੀ ਸਮਝਿਆ ਜਾਂਦਾ ਸੀ। ਸਾਡੀਆਂ ਰਿਹਾਇਸ਼ੀ ਬਸਤੀਆਂ ਵੱਖਰੀਆ ਸਨ। ਏਥੋਂ ਤਕ ਕਿ ਪਛਾਣੇ ਜਾਣ ਲਈ ਸਾਨੂੰ ਇਕ ਖਾਸ ਕਿਸਮ ਦਾ ਰੁਮਾਲ ਪਹਿਨਣਾ ਪੈਂਦਾ ਸੀ। ਸਾਨੂੰ ਅਛੂਤ ਸਮਝਿਆ ਜਾਂਦਾ ਸੀ।

ਹੌਲੀ ਹੌਲੀ ਸਾਡੇ ਬਜੁਰਗਾਂ ਦੇ ਪੁਰਸ਼ਾਰਥ ਨਾਲ ਸਾਡੇ ਹਾਲਾਤ ਬਦਲੇ ਹਨ। ਅਸੀਂ ਸਮੇਂ ਦੀ ਡੋਰ ਆਪਣੇ ਹੱਥ ਰੱਖਣੀ ਹੈ। ਨਾਗਾਂ ਨੂੰ ਕੀਲਣਾਂ ਹੈ।

ਕੇਂਦਰੀ ਪ੍ਰੀਸ਼ਦ ਨੇ ਤੱਤਸਾਰ ਕੱਢਿਆ ਹੈ ਕਿ ਸਿਸ਼ਟੀ ਵਿਚ ਸਭ ਤੋ ਵੱਧ ਖੂੰਖਾਰ ਜਾਨਵਰ ਉਹ ਹੈ ਜਿਸਦਾ ਨਾਮ ਹੈ ਮਨੁੱਖ। ਸਾਰੇ ਧਰਮ, ਸਾਰੇ ਕਾਨੂੰਨ ਏਸ ਦੀ ਏਸ ਪ੍ਰਵਿਰਤੀ ਨੂੰ ਕਾਬੂ ਵਿਚ ਰੱਖਣ ਵਾਸਤੇ ਹੀ ਘੜੇ ਗਏ ਹਨ। ਧਰਮ ਅਤੇ ਕਾਨੂੰਨ ਬਣਾਉਣ ਵਾਲੇ ਰਾਜ ਪੈਸੇ ਨਾਲ, ਮਾਇਆ ਨਾਲ, ਦੌਲਤ ਨਾਲ ਚਲਦੇ ਹਨ। ਅਸਾਂ ਯਹੂਦੀਆਂ ਨੇ ਦੁਨੀਆਂ ਦੀ ਮਾਇਆ ਹਰ ਹੀਲੇ ਆਪਣੇ ਕਬਜੇ 'ਚ ਰੱਖਣੀ ਹੈ। ਪ੍ਰੀਸ਼ਦ ਦਾ ਨਿਚੋੜ ਹੈ ਕਿ ਹਰ ਹੀਲੇ ਅਸਾਂ ਦੁਨੀਆਂ ਵਿਚ ਬਦ ਅਮਨੀ ਬੇਚੈਨੀ, ਜੰਗ, ਯੁੱਧ, ਹਿੰਸਾ, ਸ਼ੱਕ, ਡਰ, ਅਵਿਸ਼ਵਾਸ ਦਾ ਮਾਹੌਲ ਬਣਾਈ ਰੱਖਣਾ ਹੈ।

ਇਹੋ ਕੁਝ ਕਰਨਾ ਵੀ ਹੈ ਪਰ ਬਚੇ ਵੀ ਰਹਿਣਾ ਹੈ। ਗੁਪਤਤਾ ਸਾਡਾ ਸਭ ਤੋਂ ਵੱਡਾ ਹਥਿਆਰ ਹੋਏਗਾ।

ਕੇਂਦਰੀ ਪ੍ਰੀਸ਼ਦ ਨੇ ਪਹਿਲਾਂ ਇਕ ਨੇਮ (ਡਾਕੂਮੈਂਟ) ਤਿਆਰ ਕੀਤਾ ਸੀ ਜਿਸ ਵਿਚ ਹਦਾਇਤਾਂ ਸਨ ਕਿ ਅਸੀਂ ਰਾਜ ਦਾ ਵਿਰੋਧ ਨਹੀਂ ਕਰਨਾ ਹੈ। ਅਸਾਂ ਸ਼ਾਹੂਕਾਰ ਬਣਨਾਂ ਹੈ। ਬੱਚਿਆਂ ਨੂੰ ਸ਼ਾਹੀ ਖਜਾਨਿਆ ਦੇ ਇੰਚਾਰਜ ਬਣਾਉਣਾ ਹੈ। ਡਾਕਟਰ, ਪ੍ਰਬੰਧਕ ਤੇ ਵਕੀਲ ਬਣਾਉਣਾਂ ਹੈ। ਅਸਾਂ ਇਉ ਕੀਤਾ ਤੇ ਅੱਜ ਸਮਾਜ ਵਿਚ ਪ੍ਰਤਿਸ਼ਠਾ ਬਣਾਈ ਹੈ।

ਹੁਣ ਫਿਰ ਇਕ ਮਹਾਨ ਡਾਕੂਮੈਂਟ ਤਿਆਰ ਹੋ ਰਿਹਾ ਹੈ। ਸਿਰਲੇਖ ਹੈ 'ਪ੍ਰੋਟੋਕੋਲ ਆਫ ਜ਼ੀਉ'। ਇਸ ਪੱਤਰ ਦਾ ਵਿਸ਼ਾ ਅਸੀਂ ਹਰ ਇਕ ਯਹੂਦੀ ਤਕ ਪਹੁੰਚਾਉਣਾ ਹੈ ਅਤੇ ਅਮਲ ਵੀ ਕਰਨਾ ਹੈ। ਹੋ ਸਕਦਾ ਇਕ ਵੱਖਰਾ ਹੋਰ ਧਰਮ (ਸੰਪਰਦਾਅ) ਉਪਜਾਇਆ ਜਾਏ ਜਿਸ ਦੀ ਵਾਗਡੋਰ ਸਾਡੇ ਹੱਥ ਹੋਏਗੀ ਜਿਸ ਰਾਹੀਂ ਅਸੀਂ ਦੁਨੀਆਂ ਉਪਰ ਛਾ ਜਾਵਾਂਗੇ .....

Flash Back ਸਮਾਪਤ ਹੁੰਦਾ ਹੈ।

ਅੰਮਾਂ : ਪਿਆਰੇ ਬੱਚੇ, ਮੈਂ ਬਹੁਤ ਖੁਸ਼ ਹਾਂ ਕਿ ਅੱਜ ਉਹੀ ਕੁਝ ਹੋ ਰਿਹਾ ਹੈ ਜੋ ਕੁਝ ਤੇਰੇ ਅੱਬਾ ਨੇ ਸੋਚਿਆ ਸਮਝਿਆ ਤੇ ਵਿਚਾਰਿਆ ਸੀ।

Scanned with OKEN Scanner

ਮੇਅਰ ਆਮਸ਼ੈਲ : ਕਿਤੇ ਵੱਧ ਦ੍ਰਿੜਤਾ ਅਤੇ ਤੇਜੀ ਨਾਲ ਉਹੀ ਕੁਝ ਕਰ ਰਿਹਾ ਹਾਂ।

ਅੰਮਾਂ : ਹਾਂ ਬੇਟਾ, ਸ਼ਾਹੀ ਮਹਿਲਾਂ ਤਕ ਤੇਰੀ ਰਸਾਈ ਬਣ ਗਈ ਹੋਈ ਹੈ।

ਆਮਸ਼ੈਲ : ਅੰਮਾ, ਮੈਂ ਸ਼ਹਿਜਾਦਾ ਵਿਲੀਅਮ ਦੀ ਮਿਤਰਤਾ ਨੂੰ ਏਸ ਕਾਰਜ ਲਈ ਖੂਬ ਵਰਤਿਆ ਹੈ। ਸਰਪ੍ਰਸਤ ਸ਼ਨੈਪਰ ਦਾ ਹੱਥ ਮੇਰੇ ਸਿਰ ਤੇ ਹੈ। ਸ਼ਾਹੀ ਘਰਾਣਿਆਂ ਅੰਦਰ ਘੁਸਪੈਠ ਕਰ ਲਈ ਹੋਈ ਹੈ।

ਸਾਰੇ ਯੂਰਪ ਵਿਚ ਬਦਅਮਨੀ ਬੇਚੈਨੀ ਹੈ। ਮਸਲਾ ਚਲ ਰਿਹਾ ਹੈ ਕਿ ਮਹੱਤਵਪੂਰਨ ਬਾਦਸ਼ਾਹੀਆਂ ਦਾ ਸੰਮੇਲਨ ਕੀਤਾ ਜਾਵੇ। ਹਾਲਾਤ ਬਣਾਏ ਜਾਣਗੇ ਕਿ ਇਕ ਦੋ ਬੈਠਕਾਂ ਦੀ ਵਾਗਡੋਰ ਸਾਡੇ ਹੱਥ ਹੋਵੇਗੀ। ਪ੍ਰੇਰਿਆ ਜਾਏਗਾ ਕਿ ਸਾਡੇ ਰਾਹੀਂ ਸੁਨਹਿਰਾ ਭਵਿੱਖ ਦਿਸੇ। 1773 ਵਾਲਾ ਸਾਲ ਬੜਾ ਅਹਿਮ ਹੋਏਗਾ। ਅੰਮਾ ਦਾ ਆਸ਼ੀਰਵਾਦ ਮੇਰੇ ਅੰਗ ਸੰਗ ਰਹੇਗਾ। ਬਸ ਇਕ ਵਾਰੀ ਤੇਰਾਂ ਮੈਂਬਰੀ ਆਲਮੀ (ਵਿਸ਼ਵੀ) ਪ੍ਰੀਸ਼ਦ ਬਣ ਜਾਏ ... ਸਮਝੋ ਕਿ ਦੁਨੀਆਂ ਸਾਡੀ ਮੁੱਠੀ ਵਿੱਚ ....

ਅੰਮਾਂ : ਮੇਰਾ ਅਸ਼ੀਰਵਾਦ ਸਦਾ ਆਪਣੇ ਪੁਤਰ ਦੇ ਅੰਗ ਸੰਗ ਰਹੇਗਾ।

1773 ਬਾਰਸੀਲੋਨਾ/ਫਰੈਂਕਫਰਟ

(ਸੀਨ-ਅਨੈਕਸੀ)

ਖਜਾਰ ਦੇਸ਼ ਵਲੋਂ ਯਹੂਦੀ ਮੱਤ ਆਪਣਾ ਲੈਣ ਮਗਰੋਂ ਦੁਨੀਆ ਦਾ ਇਤਿਹਾਸ ਅਜਬ ਗਜਬ ਮੋੜਾਂ ਘੋੜਾਂ ਵਿਚੋਂ ਲੰਘਿਆਂ ਹੈ। ਸਿਖਰ ਬਾਰਸੀਲੋਨਾ (ਫਰੈਂਕਫਰਟ) ਵਿਖੇ ਵਾਪਰ ਰਿਹਾ ਹੈ।

ਬਾਰਸੀਲੋਨਾ ਸ਼ਹਿਰ ਦੇ ਲੋਕਾਂ ਨੇ ਏਨੀਆਂ ਰੌਣਕਾਂ ਪਹਿਲੇ ਕਦੀ ਨਹੀਂ ਦੇਖਿਆ ਹਨ।

ਦੁਨੀਆ ਦੀਆਂ ਕਈ ਮਹੱਮਵਪੂਰਨ ਬਾਦਸ਼ਾਹੀਆਂ ਜਾਂ ਉਨ੍ਹਾਂ ਦੇ ਪ੍ਰਤੀਨਿਧ ਅਤੇ ਦੁਨੀਆਂ ਭਰ ਦੇ ਸਭ ਤੋਂ ਵੱਡੇ ਧਨਾਢ ਇਸ ਸ਼ਹਿਰ ਵਿਚ ਆਪੋ ਆਪਣੇ ਮਕਸਦ ਨੂੰ ਮੁੱਖ ਕੇ ਇਕੱਤਰਤ ਹੋ ਚੁੱਕੇ ਹਨ।

1640 ਦੇ ਬਰਤਾਨੀਆ ਦੇ ਬਲਕਿ ਦੁਨੀਆਂ ਦੇ ਪਹਿਲੇ ਇਨਕਲਾਬ ਮਗਰੋਂ ਦੁਨੀਆਂ ਵਿਚ ਸਮਾਜਕ, ਧਾਰਮਿਕ, ਆਰਥਕ ਅਤੇ ਰਾਜਨੀਤਿਕ ਸੰਕਟ ਵਧਦੇ ਹੀ ਚਲੇ ਗਏ ਹਨ।

ਇਨ੍ਹਾਂ ਸੰਕਟਾਂ ਨੇ ਮਜਬੂਰ ਕਰ ਦਿੱਤਾ ਹੈ ਕਿ ਸੱਤ ਬਾਦਸ਼ਾਹੀਆਂ ਜਿਵੇਂ ਕਿ ਬਰਤਾਨੀਆਂ, ਫਰਾਂਸ, ਜਰਮਨੀ, ਆਸਟਰੀਆ, ਰੂਸ, ਸੌਦੀ ਅਰਬ ਅਤੇ ਹੋਰ ਕਈ

Scanned with OKEN Scanner

ਸਲਤਨਤਾਂ ਦੇ ਬਾਦਸ਼ਾਹ ਜਾਂ ਉਹਨਾ ਦੇ ਉਚ ਅਹਿਲਕਾਰ ਜਾਂ ਦੋਵੇਂ ਅਤੇ ਨਾਲੋਂ ਨਾਲ ਦੁਨੀਆਂ ਭਰ ਦੇ ਵੱਡੇ ਧਨਾਢ ਸੰਕਟਾਂ ਦੇ ਹੱਲ ਲਈ ਆਸਟਰੀਆ ਦੇ ਸ਼ਹਿਰ ਬਾਰਸੀਲੋਨਾ ਵਿਚ ਇਕੱਠੇ ਹੋਏ ਹਨ। ਸਾਰਿਆ ਦਾ ਆਪੋ ਆਪਣਾ ਮਕਸਦ ਹੈ।

ਇਨ੍ਹਾ ਸਾਰਿਆਂ ਵਿੱਚ ਇੱਕ ਸਾਂਝੀ ਤੰਦ ਹੈ ਧਨਾਢ ਰੌਥਸਚਾਈਲਡ ਖਾਨਦਾਨ ਦਾ ਇਕ ਯੁਵਕ ਜਿਸ ਦਾ ਨਾਮ ਹੈ 'ਮੇਅਰ ਆਮਸ਼ੈਲ ਰੌਥਸਚਾਈਲਡ'। ਉਸ ਰਾਹੀਂ ਇਕ ਨਵੇਂ ਯੁਗ ਦੀ ਬੁਨਿਆਦ ਰੱਖੀ ਜਾ ਰਹੀ ਹੈ।

ਹਾਲਾਤ ਏਸ ਤਰਾਂ ਦੇ ਬਣ ਰਹੇ ਹਨ, ਸਗੋਂ ਬਣਾਏ ਜਾ ਰਹੇ ਹਨ ਕਿ ਉਹ ਬਾਦਸ਼ਾਹਾਂ ਦੀ ਵੀ ਅਤੇ ਧਨਾਢਾਂ ਦੀ ਵੀ ਸਾਂਝੀ ਡੋਰ ਵਜੋਂ ਉਭਰ ਰਿਹਾ ਹੈ।

ਅੱਜ ਮੇਅਰ ਰੌਥਸਚਾਈਲਡ ਵੱਲੋਂ ਬਾਰਾ ਹੋਰ ਅਤੇ ਤੇਰਵਾਂ ਉਹ ਖੁਦ, ਕੁਲ ਤੇਰਾ ਧਨਾਂਢਾਂ ਦਾ ਸੰਮੇਲਨ ਰੱਖਿਆ ਗਿਆ ਹੋਇਆ ਹੈ।

ਧਨਾਢਾਂ ਦੇ ਸੰਮੇਲਨ ਵਾਲੇ ਹਾਲ ਦੇ ਨਾਲ ਲੱਗਦੀ ਅਨੈਕਸੀ ਵਿਚ ਯੁਵਕ ਰੌਥਸਚਾਈਲਡ ਅਤੇ ਉਸਦਾ ਸਹੁਰਾ ਸ਼ਨੈਪਰ ਕੁਝ ਸਲਾਹ ਮਸ਼ਵਰਾ ਕਰ ਰਹੇ ਹਨ।

ਰੌਥਸਚਾਈਲਡ-ਸ਼ਨੈਪਰ (ਅਨੈਕਸੀ ਅੰਦਰ)

ਸ਼ਨੈਪਰ : ਪਿਆਰੇ ਯੁਵਕ ਰੌਥਸਚਾਈਲਡ ਮੈਂ ਤੇਰੀ ਅੰਮਾ ਨਾਲੋਂ ਵੀ ਕਿਤੇ ਵੱਧ ਖੁਸ਼ ਹਾਂ। ਤੂੰ ਆਪਣੇ ਪਿਤਾ ਦੇ ਸੁਪਨਿਆਂ ਨੂੰ ਉਸਦੀ ਆਸ ਨਾਲੋਂ ਵੀ ਕਿਤੇ ਵੱਧ ਸਾਕਾਰ ਕਰ ਰਿਹਾ ਹੈ।

ਰੌਥਸਚਾਈਲਡ : ਇਹ ਸੱਭ ਤੁਹਾਡਾ ਹੀ ਆਸ਼ੀਰਵਾਦ ਹੈ। ਵਾਲਦ ਸਾਹਿਬ ਦੇ ਗੁਜਰ ਜਾਣ ਸਮੇਂ ਮੇਰੀ ਆਯੂ ਕੁਲ ਸਤਾਰਾਂ ਅਠਾਰਾਂ ਸਾਲ ਦੀ ਸੀ। ਤੁਸੀਂ ਮੈਨੂੰ ਸਰਪ੍ਰਸੀ ਦਿੱਤੀ, ਆਸਰਾ ਦਿੱਤਾ, ਪੱਥ ਪ੍ਰਦਰਸ਼ਨਾ ਦਿੱਤੀ। ਸਭ ਤੋਂ ਵੱਡੀ ਗੱਲ ਕਿ ਮੈਨੂੰ ਏਸ ਯੋਗ ਸਮਝਿਆ ਕਿ ਆਪਣੀ ਪੁੱਤਰੀ ਦੀ ਸ਼ਾਦੀ ਮੇਰੇ ਨਾਲ ਕਰਵਾ ਦਿੱਤੀ। ਸਮਝੋ ਕਿ ਦੋ ਖ਼ਾਨਦਾਨਾਂ ਦੀ ਅਕਲ-ਸਿਆਣਪ ਔਰ ਦੌਲਤ ਪਹਿਲਾਂ ਨਾਲੋਂ ਦੁਗਣੀ ਹੋਈ ਤੇ ਫੇਰ ਬਸ ਵਧਦੀ ਹੀ ਵਧਦੀ ਚਲੀ ਗਈ ....।

(ਰੌਥਸਚਾਈਲਡ ਸ਼ਨੈਪਰ ਦਾ ਹੱਥ ਆਪਣੇ ਦੋਵਾਂ ਹੱਥਾਂ ਵਿਚ ਘੁਟਦਾ ਹੈ ਅਤੇ ਆਪਣੇ ਮੱਥੇ ਨਾਲ ਛੁਹਾਉਂਦਾ ਹੈ।)

ਰੌਥਸਚਾਈਲਡ : ਕਾਸ਼ ਕਿਤੇ ਅੱਜ ਵਾਲਦ ਸਾਹਿਬ ਜੀਉਂਦੇ ਹੁੰਦੇ ....

ਸ਼ਨੈਪਰ : ਬੇਟੇ ਮੈਂ ਤੇਰੇ ਜਜ਼ਬਾਤਾਂ ਨੂੰ ਖੂਬ ਸਮਝਦਾ ਹਾਂ। ਪਰ ਬੇਟੇ ਸਮਾਂ ਜਜ਼ਬਾਤੀ ਹੋਣ ਦਾ ਨਹੀਂ। ਤੇਰੀ ਅਕਲ ਕਲਾ ਦੀ ਕਾਮਯਾਬੀ ਹੈ ਕਿ

Scanned with OKEN Scanner

ਦੁਨੀਆਂ ਭਰ ਦੇ ਬਾਦਸ਼ਾਹ ਅਤੇ ਧਨਾਢ ਇਕ ਸ਼ਹਿਰ ਵਿਚ ਇਕੱਠੇ ਕਰ ਲਏ ਗਏ ਹਨ। ਹੁਣ ਸਾਰੇ ਹਾਲਾਤ ਨੂੰ ਸਾਂਭ ਕੇ ਇਕ ਲੜੀ ਵਿਚ ਪ੍ਰੋਣ ਦੀ ਲੋੜ ਹੈ।

ਰੌਥਸਚਾਈਲਡ : ਤੁਹਾਡਾ ਆਸ਼ੀਰਵਾਦ ਕਿ ਸਭ ਕੁਝ ਸਾਡੀ ਯੋਜਨਾ ਅਨੁਸਾਰ ਸਿਰੇ ਚੜ੍ਹੇਗਾ। ਮੇਰੇ ਪਰਮ ਮਿੱਤਰ ਸ਼ਾਹਜਾਦਾ ਵਿਲੀਅਮ ਦੀ ਕਾਰ ਕਰਦਗੀ ਕਿੱਹੋ ਜਿੱਹੀ ਲੱਗੀ ਹੈ।

ਸਨੈਪਰ : ਕਮਾਲ ਦਰ ਕਮਾਲ। ਕੱਲ ਸੱਤੇ ਬਾਦਸ਼ਾਹ ਅਤੇ ਖਾਸ ਖਾਸ ਅਹਿਲਕਾਰਾਂ 'ਚ ਸੰਮੇਲਨ ਹੋਇਆ ਸੀ। ਸ਼ਹਿਜਾਦਾ ਵਿਲੀਅਮ ਨੇ ਪਹਿਲਾਂ ਹੀ ਇਕੱਲੇ ਇਕੱਲੇ ਨੂੰ ਵੱਖ ਵੱਖ ਮਿਲ ਕੇ ਉਨ੍ਹਾਂ ਦੇ ਅਹੰਕਾਰਾਂ ਨੂੰ ਹੋਰ ਹਵਾ ਚਾੜ੍ਹ ਦਿੱਤੀ ਹੋਈ ਸੀ। ਪਹਿਲੀ ਸਫਲਤਾ ਇਹ ਕਿ ਸੰਮੇਲਨ ਨੂੰ ਚਲਾਉਣ ਦੀ ਜਿੰਮੇਵਾਰੀ ਸ਼ਹਿਜਾਦਾ ਵਿਲੀਅਮ ਨੂੰ ਹੀ ਸੌਂਪ ਦਿੱਤੀ ਗਈ। ਦੂਸਰੀ ਸਫਲਤਾ ਇਹ ਕਿ ਸ਼ਹਿਜਾਦੇ ਨੇ ਕਿਸੇ ਵੀ ਮਸਲੇ ਨੂੰ ਕਿਸੇ ਤਣ-ਪੱਤਣ ਨਹੀਂ ਲੱਗਣ ਦਿੱਤਾ। ਸੰਮੇਲਨ ਮੱਛੀ ਬਾਜਾਰ ਬਣਿਆ ਰਿਹਾ।

ਰੌਥਸਚਾਈਲਡ : ਸ਼ਾਬਾਸ਼ ਮੇਰੇ ਮਿੱਤਰ ਦੇ। ਐਂਵੇ ਤੇ ਨਹੀਂ ਕਿ ਅਸੀਂ ਦੋਵੇਂ ਇਕ ਦੂਜੇ ਨੂੰ ''ਉਸਤਾਦ'' ਆਖਦੇ ਹਾਂ। ਉਹ ਮੇਰਾ ਉਸਤਾਦ ਹੈ, ਮੈਂ ਉਸਦਾ ਉਸਤਾਦ ਹਾਂ। ਪਰ ਅਜੇ ਕੇਵਲ ਸ਼ੁਰੂਆਤ ਹੈ।

ਸ਼ਨੈਪਰ : ਬਾਦਸ਼ਾਹਾਂ ਦਾ ਸੰਮੇਲਨ ਅੱਜ ਸ਼ਾਮ ਤੱਕ ਟਲ ਗਿਆ ਹੈ। ਸੰਮੇਲਨ ਦੀ ਦੂਜੀ ਬੈਠਕ ਅੱਜ ਸ਼ਾਮੀ ਹੋਏਗੀ। ਉਹ ਵੀ ਕਿਸੇ ਤਣ-ਪੱਤਣ ਨਹੀਂ ਲੱਗੇਗੀ। ਸ਼ਾਹਜਾਦਾਂ ਸਾਡੀ ਇੱਛਾਂ ਅਨੁਸਾਰ ਸਾਰਿਆਂ ਦੀ ਸਹਿਮਤੀ ਹਾਸਲ ਕਰਨ ਵਿਚ ਸਫਲ ਹੋਵੇਗਾ ਕਿ ਆਖਰੀ ਸੰਮੇਲਨ ਯੁਵਕ ਰੌਥਸਚਾਈਲਡ ਦੀ ਹਾਜਰੀ ਅਰਥਾਂਤ ਅਗਵਾਈ ਵਿਚ ਕੀਤਾ ਜਾਵੇ। ਅੱਗੋਂ ਮੈਨੂੰ ਯਕੀਨ ਵੀ ਹੈ ਅਤੇ ਮਾਣ ਵੀ ਹੈ ਕਿ ਉਸ ਸੰਮੇਲਨ ਨੂੰ ਤੁਸੀਂ ਆਪਣੀ ਪਰਯੋਜਤ ਲੀਹ ਤੇ ਚਾੜ੍ਹ ਹੀ ਲੈਣਾ ਹੈ।

ਰੌਥਸਚਾਈਲਡ : ਮੈਂ ਸਮਝ ਗਿਆ। ਪਰ ਇਹ ਕੰਮ ਏਨਾ ਸੌਖਾ ਵੀ ਨਹੀਂ ਹੈ। ਤੁਹਾਡੇ ਆਸ਼ੀਰਵਾਦ ਨਾਲ ਮੈਂ ਸਫ਼ਲ ਹੋ ਹੀ ਜਾਵਾਂਗਾ। ਪਰ ਮੇਰੇ ਪਰਮ ਸਰਪ੍ਰਸਤ, ਉਸ ਤੋਂ ਵੀ ਵੱਧ ਜਰੂਰੀ ਹੈ ਅੱਜ ਹੁਣੇ ਨਾਲ ਵਾਲੇ ਹਾਲ ਵਿਚ ਸੁਰੂ ਹੋਣ ਵਾਲੇ ਧਨਾਢਾਂ ਦੇ ਸੰਮੇਲਨ ਦੀ ਸਫਲਤਾ .....

ਸ਼ਨੈਪਰ : ਹਾਂ, ਬੇਟੇ ਇਸ ਸੰਮੇਲਨ ਦੀ ਸਫਲਤਾ ਉਸ ਤੋਂ ਵੀ ਵੱਧ ਜਰੂਰੀ ਹੈ। ਮਤਲਬ ਕਿ ਬਾਦਸ਼ਾਹਾ ਵਾਲੇ ਸੰਮੇਲਨ ਦੀ ਸਫਲਤਾ ਦਾ ਆਧਾਰ ਅੱਜ

Scanned with OKEN Scanner

ਵਾਲਾ ਧਨਾਢਾਂ ਦਾ ਸੰਮੇਲਨ ਹੀ ਹੋਏਗਾ। ਇਹ ਦਾਰਸ਼ਨਿਕ ਸੰਮੇਲਨ ਹੈ। ਤੁਸੀਂ ਬੜੀ ਮਿਹਨਤ ਨਾਲ ਇਹ ਡਾਕੂਮੈਂਟ ਤਿਆਰ ਕੀਤਾ ਹੈ। ਜਿਸਦਾ ਫਾਈਨਲ ਸਿਰਲੇਖ ਅਜੇ ਰੱਖਿਆ ਜਾਣਾ ਹੈ .... ਦੂਰਦ੍ਰਿਸ਼ਤਾ ਹੈ ਤੇ ਭਵਿੱਖ ਦੀ ਪਕੜ੍ਹ ਹੈ .... । ਮੈਂ ਤੇ ਕਹਾਂਗਾ ਕਿ ਸਾਰੇ ਸਮਿਆਂ ਦਾ ਰੋਡਮੈਪ ਹੈ।

ਰੌਥਸਚਾਈਲਡ : ਏਸੇ ਰੋਡਮੈਪ ਅਨੁਸਾਰ ਅਸੀਂ ਦੁਨੀਆਂ ਚਲਾਵਾਂਗੇ। ਹਾਂ, ਭਵਿੱਖ ਵਿੱਚ ਭਵਿੱਖ ਅਨੁਸਾਰ ਤਬਦੀਲੀਆਂ ਦੀ ਗੁੰਜਾਇਸ਼ ਵੀ ਰੱਖਾਂਗੇ। ਏਸ ਵਿੱਚ ਮੇਰੀ ਬਹੁਤੀ ਦੇਣ ਨਹੀਂ ਹੈ। ਵਿਦਵਾਨ ਬਜ਼ੁਰਗਾਂ ਨੇ ਬੜੇ ਦੁੱਖ ਝਾਗਣ ਮਗਰੋਂ ਸਿਰ ਜੋੜ ਕੇ ਜੋ ਖਾਕਾ ਤਿਆਰ ਕੀਤਾ ਸੀ ਮੈਂ ਉਸੇ ਨੂੰ ਹੀ ਆਧਾਰ ਬਣਾਇਆ ਹੈ। ਉਹ ਸੱਚਮੁੱਚ ਬਹੁਤ ਹੀ ਵਿਦਵਾਨ ਤੇ ਸਿਆਣੇ ਸਨ। ਸਮਾਜ ਦੇ ਲਗਭਗ ਹਰ ਪਹਿਲੂ ਨੂੰ ਡੂੰਘੇ ਅਧਿਐਨ ਦਾ ਖੇਤਰ ਬਣਾ ਕੇ ਭਵਿੱਖ ਦਾ ਵੀ ਦਿਸ਼ਾ ਨਿਰਦੇਸ਼ ਕੀਤਾ ਹੈ। .... ਹੁਣ ਦੇਖਦੇ ਹਾਂ ਕਿ ਸਾਡੇ ਧਨਾਂਢ ਸਾਥੀ ਸੁਣ ਕੇ, ਗ੍ਰਹਿਣ ਕਰਕੇ ਕੀ ਦਿਸ਼ਾ ਨਿਰਦੇਸ਼ ਦਿੰਦੇ ਹਨ ....

ਸ਼ਨੈਪਰ : ਬੇਟੇ ਸਾਰੇ ਦੇ ਸਾਰੇ ਤੇਰੀ ਅਕਲ ਲਤੀਫੀ ਅਤੇ ਦਿਸ਼ਾ ਨਿਰਦੇਸ਼ਨਾਂ ਦਾ ਸਿੱਕਾ ਮੰਨਦੇ ਹਨ। ਸਭ ਤੋਂ ਪਹਿਲਾਂ ਤੁਸੀਂ ਸਾਰਿਆਂ ਨਾਲ ਰਾਬਤਾ ਜੋੜ ਕੇ ਇੱਕ ਲੜੀ ਵਿਚ ਪ੍ਰੋਇਆ। ਤੁਹਾਡੀ ਹੀ ਦੂਰ ਦਰਸ਼ਤਾ ਹੈ ਕਿ ਅੱਜ ਸਾਰੀ ਦੁਨੀਆ ਵਿੱਚ ਸਾਡੀਆਂ ਮੋਹਰਾਂ ਅਤੇ ਲਿਖੀਆਂ ਪਰਚੀਆ ਦੀ ਮਾਨਤਾ ਹੈ।

ਰੌਥਸਚਾਈਲਡ : ਇਹਨਾਂ ਮੋਹਰਾਂ ਤੇ ਪਰਚੀਆਂ ਦੀ ਮਾਨਤਾ ਦੀ ਬਦੌਲਤ ਅਸੀਂ ਸਾਰੀ ਦੁਨੀਆਂ ਦੇ ਧਨ ਦੇ ਸ਼ਹਿਨਸ਼ਾਹ ਹੋਆਂਗੇ। ਬਾਦਸ਼ਾਹ ਤੇ ਬਾਦਸ਼ਾਹਤਾਂ, ਸਾਡੀਆਂ ਪੁਤਲੀਆਂ ਹੋਣਗੀਆਂ। ਅਸੀਂ ਮੋਹਰਾਂ ਅਤੇ ਪਰਚੀਆਂ ਨੂੰ ਹੋਰ ਕੇਂਦਰਤ ਕਰਾਂਗੇ ....

ਸ਼ਨੈਪਰ : ਤੇ ਨਾਮ ਰੱਖਾਂਗੇ ਬੈਂਕ। ਫੇਰ "ਕੇਂਦਰੀ ਬੈਂਕ" ਖਬਰੇ "ਵਿਸ਼ਵ ਬੈਂਕ" ਵੀ। ਇਹ ਸ਼ਬਦ ਇਟਾਲੀਅਨ ਸ਼ਬਦ "ਬੈਂਚ" ਦਾ ਹੀ ਆਪਣੀ ਕਿਸਮ ਦਾ ਰੂਪ ਹੈ।

ਰੌਥਸਚਾਈਲਡ : ਅੱਬਾ, ਤੁਸੀਂ ਤਾਂ ਬਹੁਤ ਹੀ ਵੱਡੇ ਵੱਡੇ ਸੁਪਨੇ ਲੈਣ ਲੱਗ ਪਏ ਹੋ। ਯੇਹੋਵਾਹ ਯਾਨੀ ਰੱਬ ਮੇਹਰ ਕਰੇ ਕਿ ਸ਼ਾਕਾਰ ਹੋਣ। ਅੱਬਾ, ਆਪਾਂ ਸਾਵਧਾਨ ਰਹੀਏ ਕਿ ਇਹ ਨਾਲ ਵਾਲੇ ਹਾਲ ਵਿੱਚ ਹੋਣ ਵਾਲਾ ਅੱਜ ਦਾ ਸੰਮੇਲਨ ਸਫਲ ਹੋਵੇ।

Scanned with OKEN Scanner

ਸ਼ਨੈਪਰ : ਹਾਂ-ਹਾਂ, ਯਥਾਰਥਵਾਦੀ ਵੀ ਹੋਈਏ। ਉਂਜ ਧਨਾਢ ਤਾਂ ਲਗ ਭਗ ਚਾਲੀ ਬਤਾਲੀ ਇਕੱਠੇ ਹੋ ਗਏ ਹਨ। ਪਰ ਏਸ ਸੰਮੇਲਨ ਦੀ ਸ਼ਮੂਲੀਅਤ ਲਈ ਆਪਾਂ ਕੇਵਲ ਤੇਰਾਂ ਧਨਾਢ ਚੁਣੇ ਹਨ। ਦੋ ਆਪਾਂ ਦੋਵੇਂ ਤੇ ਗਿਆਰਾਂ ਹੋਰ।

ਰੌਥਸਚਾਈਲਡ : ਤੁਸੀਂ ਬਿਲਕੁਲ ਠੀਕ ਕੀਤਾ। ਸਭ ਤੋਂ ਵੱਡਾ ਮਸਲਾ ਹੈ ਗੁਪਤਤਾ ਦਾ। ਸਾਡੀ ਸਫਲਤਾ ਅਤੇ ਸੁਪਰ ਸਫਲਤਾ ਦਾ ਆਧਾਰ ਸਾਡੀ ਗੁਪਤਤਾ ਹੀ ਹੈ।

ਸ਼ਨੈਪਰ : ਮੈਂ ਇਉਂ ਸੋਚਿਆ ਹੈ। ਧਨਾਢਾਂ ਦਾ ਸੰਮੇਲਨ ਹੋਏ ਤੇਰਾਂ ਮੈਂਬਰੀ। ਇਨ੍ਹਾਂ ਵਿੱਚ ਵੀ ਕੁਝ ਛਾਨਣਾਂ ਲਾਵਾਂਗੇ। ਉਧਰ ਵਿਲੀਅਮ ਦੀ ਸਹਾਇਤਾ ਨਾਲ ਅੱਜ ਇਕੱਤਰਤ ਬਾਦਸ਼ਾਹਾਂ ਦੀ ਗਿਣਤੀ ਵਿੱਚ ਵੀ ਛਾਨਣਾਂ ਲੁਆਵਾਂਗੇ। ਕੱਲ ਹੋਣ ਵਾਲੇ ਸੰਮੇਲਨ ਵਿੱਚ ਵੀ ਕੁਲ ਤੇਰਾਂ ਜਣੇ ਹੋਣ। ਸਾਡੇ ਯੇਹੋਵਾਹ (ਰੱਬ) ਦੀ ਬਾਣੀ ਅਨੁਸਾਰ ਤੇਰਾਂ ਦਾ ਅੰਕੜਾਂ ਬਹੁਤ ਸ਼ੁਭ ਹੈ। ਮੁਢਲਾ ਅੰਕੜਾ ਖਬਰੇ ਬਾਰਾਂ ਹੋਏ ਜਾਂ ਕੋਈ ਹੋਰ। ਯਾਕੂਬ ਦੀ ਸੰਤਾਨ ਬਾਰਾਂ ਪੁੱਤਰ ਅਤੇ ਇੱਕ ਪੁੱਤਰੀ, ਬਾਰਾਂ ਕਬੀਲੇ ਹੀ ਮੰਨੀ ਗਈ ਹੈ ਜਿਨ੍ਹਾਂ ਨੂੰ ਮੂਸਾ ਨੇ ਮਿਸਰੀਆਂ ਤੋ ਆਜਾਦ ਕਰਵਾਇਆ ਸੀ। ਪਰ ਸਾਡੇ ਵਿਦਵਾਨ ਸਿਆਣਿਆਂ ਨੇ ਇਕ ਹੋਰ ਵਾਧਾ ਕੀਤਾ ਹੈ। ਅਸੀਂ ਤੇਰਾਂ ਹੀ ਸਵਿਕਾਰ ਕਰੀਏ .... ਤੇਹਰਵਾਂ ਗੌਗ - ਮਗੌਗ ....

(ਹਾਲ ਵੱਲ ਦੇ ਦਰਵਾਜੇ ਤੇ ਖੜਾਕ ਹੁੰਦਾ ਹੈ। ਇਕ ਵਿਅਕਤੀ ਪ੍ਰਵੇਸ਼ ਕਰਦਾ ਹੈ। ਸ਼ਨੈਪਰ ਉਠ ਕੇ ਖਲੋ ਜਾਂਦਾ ਹੈ। ਤਿੰਨੇ ਗਲਵੱਕੜੀ ਪਾਉਂਦੇ ਹਨ।)

ਤੀਜਾ ਵਿਅੱਕਤੀ: ਮੇਰੇ ਸਣੇ ਗਿਆਰਾਂ ਧਨਾਂਢ ਇਕੱਤਰ ਹੋ ਗਏ ਹਨ। ਮੈਂ ਗੁਪਤਤਾ ਦੀ ਹਦਾਇਤ ਕਰ ਦਿੱਤੀ ਹੈ। ਕਈ ਵਿਚਾਰੇ ਤਾਂ ਐਸੇ ਹਨ ਜਿਨ੍ਹਾਂ ਪਹਿਲੀ ਵਾਰੀ ਤੁਹਾਡੇ ਦਰਸ਼ਨ ਕਰਨੇ ਹਨ। ਉਹ ਬੜੇ ਜੋਸ਼ ਵਿੱਚ ਹਨ ....

ਸ਼ਨੈਪਰ : ਲਉ ਸੰਮੇਲਨ ਦਾ ਪਹਿਲਾਂ ਨੁਕਤਾ ਇਹੀ ਹੋਏਗਾ ਕਿ "ਜੋਸ਼ ਨਾਲੋਂ ਹੋਸ਼" ਵਧੇਰੇ ਫਲਦਾਇਕ ਹੁੰਦਾ ਹੈ। (ਤਿੰਨੇ ਹੱਸਦੇ ਹਨ)

ਸ਼ਨੈਪਰ : ਦਸਤਾਵੇਜ ਲੰਬਾ ਹੈ। ਮੇਰੀ ਰਾਏ ਹੈ ਕਿ ਰੌਥਸਚਾਈਲਡ ਸਾਹਿਬ ਜ਼ਰਾ ਸੰਖੇਪ ਕਰਨਗੇ ਤੇ ਵਿੱਚੋਂ ਵਿੱਚੋਂ ਪੜ੍ਹਕੇ ਸੁਣਉਣਗੇ .... ਜਿਸ ਤੇ ਖੂਬ ਬਹਿਸ ਵੀ ਹੋਏਗੀ ....

ਤੀਜਾ ਵਿਅਕਤੀ : ਐਂਪਰ ਉਹ ਏਸ ਤਰ੍ਹਾਂ ਤਿਆਰ ਹਨ ਕਿ ਬੇਸ਼ਕ ਦਿਨ ਰਾਤ ਬੈਠਾਈ ਰੱਖੋ। ਲੱਗਦਾ ਹੈ ਕਿ ਉਨ੍ਹਾਂ ਵਿੱਚੋਂ ਛੇ ਸੱਤ ਜਾਣਿਆ ਨੇ ਦਸਤਾਵੇਜ਼

Scanned with OKEN Scanner
Scanned with OKEN Scanner

ਵਾਚਿਆ ਹੋਇਆ ਹੈ। ਉਹਨਾਂ ਨੂੰ ਸ਼ਾਇਦ ਗੁਪਤ ਤੌਰ 'ਤੇ ਭੇਜਿਆ ਗਿਆ ਹੋਵੇਗਾ ....

ਬਾਕੀਆਂ ਲਈ ਨਵੀਂ ਪੜ੍ਹਤ ਹੋਏਗੀ। ਆਉ ਸੰਮੇਲਨ ਵਿੱਚ ਪ੍ਰਵੇਸ਼ ਕਰੋ।

ਹਾਲ ਵਿਚਲਾ ਸੰਮੇਲਨ

ਇੱਕ ਵਿਸ਼ਾਲ ਹਾਲ ਕਮਰਾ ਹੈ। ਵਿਚਕਾਰ ਇੱਕ ਗੋਲ ਮੇਜ਼ ਹੈ। ਤੇਰ੍ਹਾਂ ਕੁਰਸੀਆਂ ਸਜਾਈਆਂ ਹੋਈਆਂ ਹਨ। ਛੇ ਇੱਕ ਪਾਸੇ ਅਤੇ ਛੇ ਦੂਜੇ ਪਾਸੇ। ਇੱਕ ਸਿਰੇ ਤੇ ਇੱਕ ਜ਼ਰਾ ਵਡੇਰੀ ਕੁਰਸੀ ਰੱਖੀ ਗਈ ਹੋਈ ਹੈ। ਦਸ ਵਿਅਕਤੀ ਪੰਜ ਇੱਕ ਪਾਸੇ ਅਤੇ ਪੰਜ ਪੰਜ ਦੂਜੇ ਪਾਸੇ ਪਹਿਲਾ ਹੀ ਵਿਰਾਜੇ ਹੋਏ ਹਨ। ਤਿੰਨ ਵਿਅਕਤੀ ਹੋਰ ਪ੍ਰਵੇਸ਼ ਕਰਦੇ ਹਨ।

ਪਹਿਲਾਂ ਹਾਜ਼ਰ ਦਸੇ ਵਿਅਕਤੀ ਖੜ੍ਹੇ ਹੋ ਜਾਂਦੇ ਹਨ। ਖੜ੍ਹਿਆਂ--ਖੜ੍ਹਿਆਂ ਹੀ ਸ਼ਨੈਪਰ ਜਾਣ--ਪਛਾਣ ਕਰਵਾਉਂਦਾ ਹੈ ....

ਸ਼ਨੈਪਰ : (ਜਾਣ ਪਛਾਣ ਮਗਰੋਂ ਆਖਦਾ ਹੈ) ਦੋਸਤੋ ਮੈਂ ਹਾਂ ਸ਼ਨੈਪਰ ਅਤੇ ਇਹ ਹਨ ਸ੍ਰੀ ਮਾਨ ਮੇਅਰ ਆਮਸ਼ੈਲ ਰੋਥਸਚਾਈਲਡ। ਤੁਹਾਡੀ ਆਗਿਆ ਅਤੇ ਸਹਿਮਤੀ ਨਾਲ ਸ੍ਰੀ ਮਾਨ ਰੋਥਸਚਾਈਲਡ ਪ੍ਰਧਾਨਗੀ ਦੀ ਕੁਰਸੀ ਤੇ ਵਿਰਾਜਣਗੇ। ਬੈਠੋ ਸ੍ਰੀ ਮਾਨ ਸਾਹਿਬਾਨ ....

(ਸਾਰੇ ਬੈਠਦੇ ਹਨ)

ਸ਼ਨੈਪਰ : (ਬੈਠੇ-ਬੈਠੇ) ਸ੍ਰੀ ਮਾਨ ਸਾਹਿਬ, ਤੁਸੀਂ ਸਾਰੇ ਚੰਗੀ ਤਰ੍ਹਾ ਜਾਣਦੇ ਹੀ ਹੋ ਕਿ ਸਾਰਾ ਯੂਰਪ ਹਰ ਖੇਤਰ ਵਿਚ ਅਤੇ ਵਿਸ਼ੇਸ਼ ਤੌਰ ਤੇ ਆਰਥਿਕ ਖੇਤਰ ਵਿੱਚ ਸੰਕਟ ਗ੍ਰਸਤ ਹੈ। ਇਸ ਵਿਚ ਸਾਡਾ ਸਭ ਦਾ ਆਪੋ ਆਪਣਾ ਮਹੱਤਵਪੂਰਨ ਯੋਗਦਾਨ ਹੈ। ਇਨ੍ਹਾਂ ਸੰਕਟਾਂ ਨੂੰ ਅਸੀਂ ਸਦਾ ਬਣਾਈ ਰੱਖਾਂਗੇ। ਅਤੇ ਹੋਰ ਵਧਾਵਾਂਗੇ। ਸੰਕਟ ਹੀ ਸਾਡੀ ਸ਼ਕਤੀ ਹੈ।

ਦੋਸਤੋ, ਬਿਨਾਂ ਦਾਰਸ਼ਨਿਕ ਆਧਾਰ ਤੋਂ ਕੁਝ ਵੀ ਯੋਜਨਾਬੱਧ ਅਤੇ ਸਥਾਈ ਨਹੀਂ ਵਾਪਰ ਸਕਦਾ। ਆਪ ਮੁਹਾਰੇ ਵਾਪਰੇਗਾ ਵੀ ਤਾਂ ਅਸਥਾਈ ਹੋਏਗਾ। ਹਾਂ, ਆਪ ਮੁਹਾਰੀਆਂ ਘਟਨਾਵਾਂ ਨੂੰ ਵੀ ਕਿਸੇ ਦਾਰਸ਼ਨਿਕ ਆਧਾਰ ਤੇ ਹੀ ਜਥੇਬੰਦ ਕੀਤਾ ਜਾ ਸਕਦਾ ਹੈ ਤੇ ਸੁਜੋਗ ਵਰਤੋਂ ਕੀਤੀ ਜਾ ਸਕੇਗੀ।

ਦੋਸਤੋ, ਕਦੇ ਯੇਹੋਵਾਦ ਨੇ ਮੂਸਾ ਰਾਹੀਂ ਦਾਰਸ਼ਨਿਕ ਆਧਾਰ ਪ੍ਰਦਾਨ ਕੀਤਾ ਸੀ। ਸਮੇਂ ਦੇ ਹਾਲਾਤ ਅਨੁਸਾਰ ਉਹ ਆਧਾਰ ਬੜਾ ਹੀ ਸੁਯੋਗ ਅਤੇ ਰੱਬੀ ਅਗਵਾਈ ਵਾਂਗ ਸੀ। ਅੱਜ ਵੀ ਆਧਾਰ ਦੀ ਬੁਨਿਆਦ ਉਹੀ ਹੈ, ਪਰ ਹਾਲਾਤ ਬਹੁਤ ਬਦਲ ਗਏ ਹਨ। ਉਹ

Scanned with OKEN Scanner

ਕਬੀਲਦਾਰੀ ਵਾਲਾ ਸਮਾਜ ਸੀ ਜੋ ਕਿ ਗੁਲਾਮਦਾਰੀ ਅਤੇ ਸਾਮੰਤਸ਼ਾਹੀ ਵਿਚੋ ਲੰਘਦਾ ਹੋਇਆ ਉਦਯੋਗ-ਇਨਕਲਾਬ ਤੱਕ ਪੁਜ ਗਿਆ ਹੈ। ਉਦਯੋਗ-ਕ੍ਰਾਂਤੀ ਅਜੇ ਸ਼ੁਰੂ-ਸ਼ੁਰੂ ਦੇ ਪੜਾਅ ਵਿਚ ਹੈ। ਉਦਯੋਗ-ਕ੍ਰਾਂਤੀ ਨੇ ਅੱਗੇ ਅਜੇ ਹੋਰ ਵਧਣਾ ਹੈ। ਏਸ ਦੀ ਸ਼ੁਰੂਆਤ ਵਿੱਚ ਵੀ ਸਾਡਾ ਯੋਗਦਾਨ ਹੈ ਅਤੇ ਏਸ ਦੇ ਵਿਕਾਸ ਨੂੰ ਵੀ ਅਸੀਂ ਆਪਣੀ ਰਹਿਨੁਮਾਈ ਵਿਚ ਤੋਰਨਾ ਹੈ।

ਕਿਵੇਂ ਤੋਰਨਾ ਹੈ ? ਜ਼ਾਇਆਵਾਦ ਦੇ ਨਵੀਨ ਦਾਰਸ਼ਨਿਕ ਆਧਾਰ ਅਨੁਸਾਰ।

ਸ੍ਰੀ ਮਾਨ ਰੌਥਸਚਾਈਲਡ ਨੇ ਬੜੀ ਕਰੜੀ ਮਿਹਨਤ ਨਾਲ ਨਵੀਨ ਦਾਰਸ਼ਨਿਕ ਆਧਾਰ ਤੇ ਇੱਕ ਦਸਤਾਵੇਜ਼ ਤਿਆਰ ਕੀਤਾ ਹੈ। ਉਂਜ ਇਹ ਪੈਗੰਬਰ ਮੂਸਾ ਦੇ ਸਮੇਂ ਤੋਂ ਹੀ ਤਿਆਰ ਹੋਇਆ ਸੀ। .... ਬਾਅਦ ਵਿੱਚ ਸੈਮੂਅਲ, ਡੇਵਿਡ, ਸੋਲਮੋਨ, ਉਮਰੀ, ਅਹਾਬ, ਐਲੀਜਾਹ, ਅਥਾਲੀਆਹ ਅਤੇ ਹਜਕੀਆ ਆਦਿ ਬਾਦਸ਼ਾਹ ਪੈਗੰਬਰਾਂ ਨੇ ਵੀ ਆਪੋ ਆਪਣਾ ਹਿੱਸਾ ਪਾਇਆ। ਭਾਵੇਂ ਪੈਗੰਬਰਵਾਦ ਮੁੜ ਸੁਰਜੀਤ ਨਹੀਂ ਹੋ ਸਕਦਾ, ਪਰ ਸ੍ਰੀ ਮਾਨ ਮੇਅਰ ਰੌਥਸਚਾਈਲਡ ਨੇ ਏਸ ਦਸਤਾਵੇਜ ਵਿਚ ਉਹਨਾਂ ਵਰਗਾ ਹੀ ਯੋਗਦਾਨ ਪਾਇਆ ਹੈ .... ਇਨ੍ਹਾ ਨੇ ਏਸ ਦਾ ਨਾਂਮਕਰਨ ਕੀਤਾ ਹੈ। 'ਪ੍ਰੋਟੋਕੋਲ'.....' ਇਸ ਸ਼ਬਦ ਦਾ ਏਥੇ ਅਰਥ ਹੈ ਵੱਡੇ ਵੱਡੇ ਦਸਤਾਵੇਜਾਂ ਅਤੇ ਮਹਾਨ ਵਾਰਤਾਲਾਪਾਂ-ਵਖਿਆਨਾਂ-ਬਹਿਸਾਂ ਦਾ ਅਤਿ ਸੰਖੇਪ ਰੂਪ.... !

ਮੈਂ ਬੇਨਤੀ ਕਰਾਂਗਾ ਕਿ ਸ੍ਰੀ ਮਾਨ ਮੇਅਰ ਰੌਥਸਚਾਈਲਡ ਹੋਰ ਵੀ ਸੰਖਿਪਤ ਰੂਪ ਪੇਸ਼ ਕਰਨ, ਕਿਉਂਕਿ ਐਹ ਦੋ-ਤਿੰਨ ਦਿਨ ਦਾ ਸ਼ਮਾਂ ਬਹੁਤ ਹੀ ਫੈਸਲਾ ਕੁਨ ਸਮਾਂ ਹੈ। ਤੁਸੀਂ ਜਾਣਦੇ ਹੀ ਹੋ ਕਿ ਯੂਰਪ ਦੇ ਬਾਦਸ਼ਾਹਾਂ ਦਾ ਆਪਣਾ ਸੰਮੇਲਨ ਵੀ ਚੱਲ ਰਿਹਾ ਹੈ ਅਤੇ ਸਾਡਾ ਵੀ ਤੇ ਖ਼ਬਰੇ ....

(ਸ਼ਨੈਪਰ ਅਚਾਨਕ ਚੁੱਪ ਕਰ ਜਾਂਦਾ ਹੈ। ਮੇਅਰ ਰੌਥਸਚਾਈਲਡ ਆਪਣੇ ਮੂਹਰੇ ਰੱਖੇ ਹੋਏ ਫੋਲਡਰ ਖੋਲ੍ਹਦਾ ਹੈ।)

ਮੇਅਰ ਆਮਸ਼ੈਲ ਰੌਥਸਚਾਈਲਡ : ਦੋਸਤੋ, ਸਭ ਤੋਂ ਪਹਿਲਾਂ ਮੈਂ ਆਪਣੇ ਵਾਲਿਦ ਸਾਹਿਬ ਮੋਜਜ਼ ਆਮਸ਼ੈਲ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ। ਮੈਂ ਅਜੇ ਕੁਲ ਪੰਜ ਛੇ ਸਾਲ ਦਾ ਹੀ ਸਾਂ ਕਿ ਉਹਨਾ ਨੇ ਮੈਨੂੰ ਇਸ ਪਰਚੱਲਤ ਦਸਤਾਵੇਜ਼ ਦਾ ਅਧਿਐਨ ਕਰਵਾਉਂਣਾ ਸ਼ੁਰੂ ਕਰ ਦਿੱਤਾ ਸੀ, ਇਸ ਦੀਆਂ ਬਰੀਕੀਆਂ, ਇਸ ਦਾ ਇਤਿਹਾਸ, ਇਸ ਦਾ ਮਹੱਤਵ, ਇਸਦਾ ਅਮਲ ਸਮਝਾ ਦਿੱਤਾ ਸੀ। ਸੱਤ ਅੱਠ ਸਾਲ ਦੀ ਉਮਰ ਤੱਕ, ਪੁਰਾਤਨ-ਨੇਮ (ਯਹੂਦੀਆਂ ਦੀ ਪਵਿੱਤਰ ਬਾਈਬਲ), ਨਵਾ ਨੇਮ (ਈਸਾਈਆ ਦੀ ਪਵਿੱਤਰ ਬਾਈਬਲ) ਕੁਰਾਨ ਆਦਿ ਪਵਿੱਤਰ ਮੱਤਾਂ ਦਾ ਅਧਿਐਨ ਕਰਵਾ ਦਿੱਤਾ ਸੀ। ਵੱਡੀ ਗੱਲ ਇਹ ਹੈ ਕਿ ਦੌਲਤ ਦੇ ਵੱਖ-ਵੱਖ ਰੂਪਾਂ

Scanned with OKEN Scanner

ਦਾ ਤੇ ਉਨ੍ਹਾਂ ਦੀ ਸੁਯੋਗ ਵਰਤੋਂ ਦਾ ਮੁਢਲਾ ਮਹੱਤਵ ਵੀ ਸਮਝਾ ਦਿੱਤਾ ਸੀ। ਅਜੇ ਦਸ ਸਾਲ ਦਾ ਹੀ ਸਾਂ ਕਿ ਇੱਕ ਵੱਡੇ ਧਨਾਢ ਕੋਲ ਸਿਖਲਾਈ ਲਈ ਭੇਜ ਦਿੱਤਾ। ਉਸਨੇ ਆਪਣੇ ਬੈਂਕ ਵਿੱਚ ਮੁਣਸ਼ੀ ਰੱਖ ਲਿਆ। ਮੈਂ ਏਨੀ ਮਿਹਨਤ ਤੇ ਈਮਾਨਦਾਰੀ ਨਾਲ ਬੈਂਕ ਦੇ ਗੁਰ ਸਿੱਖੇ ਕਿ ਸੋਲ੍ਹਾ ਸਤਾਰਾਂ ਸਾਲਾਂ ਦੀ ਉਮਰ ਤੱਕ ਮਾਲਕ ਨੇ ਮੈਨੂੰ ਆਪਣੇ ਕਾਰੋਬਾਰ ਦਾ ਭਾਈਵਾਲ ਬਣਾ ਲਿਆ। ਮੇਰੀ ਮਾੜੀ ਕਿਸਮਤ ਕਿ ਮੇਰੇ ਵਾਲਿਦ ਸਾਹਿਬ ਚੱਲ ਵਸੇ। ਮੈਂ ਵਾਪਸ ਘਰ ਆ ਗਿਆ। ਵਾਲਿਦ ਸਾਹਿਬ ਦਾ ਸਿੱਕਿਆਂ ਅਤੇ ਸ਼ਾਹੂਕਾਰੇ ਦਾ ਕੰਮ ਸਾਂਭ ਲਿਆ। ਸ਼ਨੈਪਰ ਸਾਹਿਬ ਮੇਰੇ ਪਹਿਲੇ ਬੈਂਕਰ-ਮਾਲਿਕ ਦੇ ਰਿਸ਼ਤੇਦਾਰ ਸਨ। ਇਨ੍ਹਾ ਨੇ ਮੈਨੂੰ ਸਰਪ੍ਰਸਤੀ ਦਿੱਤੀ। ਮੈਨੂੰ ਅਪਣਾ ਜਵਾਈ ਵੀ ਬਣਾ ਲਿਆ .... ਅੱਜ ਮੈ ਜੋ ਵੀ ਹਾਂ ਇਨ੍ਹਾਂ ਦੀ ਸਰਪ੍ਰਸਤੀ ਅਤੇ ਅਗਵਾਈ ਕਾਰਨ ਹਾਂ। ਹਾਂ, ਇੱਕ ਗੱਲ ਹੋਰ ਮੇਰੇ ਵਾਲਿਦ ਸਾਹਿਬ ਨੇ ਆਪਣੇ ਕਾਰੋਬਾਰ ਦੇ ਬੋਰਡ ਉੱਪਰ ਇੱਕ ਛੇ-ਕੋਨੇ ਲਾਲ ਤਾਰੇ ਦਾ ਨਿਸ਼ਾਨ ਉਕਰਵਾਇਆ ਹੋਇਆ ਸੀ। ਉਹ ਅਕਸਰ ਲਾਲ ਨਿਸ਼ਾਨ ਵੱਲ ਦੇਖਦੇ ਰਹਿੰਦੇ। ਲੋਕਾਂ ਨੇ ਉਨ੍ਹਾਂ ਦਾ ਨਾਮ ਲਾਲ ਨਿਸ਼ਾਨ ਵਾਲਾ (ਰੌਥਸਚਾਈਲਡ) ਮੋਜ਼ਜ਼ ਰੱਖ ਲਿਆ ਸੀ। ਇਹ ਨਾਮ ਅਰਥਾਤ ਰੌਥਸਚਾਈਲਡ ਮੈਨੂੰ ਵਿਰਸੇ ਵਿਚੋਂ ਮਿਲਿਆ। ਜੋ ਅੱਜ ਖਾਨਦਾਨੀ ਨਾਮ ਬਣ ਗਿਆ ਹੋਇਆ ਹੈ।

ਕਈ ਆਵਾਜਾਂ : ਸ਼ਾਬਾਸ਼, ਸ਼ਾਬਾਸ਼ ਰੌਥਸਚਾਈਲਡ ! ਬਲਿਹਾਰੇ ਬਾਈ ਤੇਰੀ ਮਿਹਨਤ, ਲਗਨ ਅਤੇ ਕਾਬਲੀਅਤ ਦੇ। ਤੁਸੀਂ ਸਾਡੇ ਮਹਾਨ ਨੇਤਾ ਹੋ ਤੇ ਰਹੋਗੇ।

ਇੱਕ ਜਣਾ : ਲੱਗਦਾ ਹੈ ਕਿ ਤੁਹਾਡੀ ਸੰਤਾਨ ਸਾਡੀਆਂ ਸੰਤਾਨਾਂ ਦੀ ਰਹਿਨੁਮਾਈ ਕਰੇਗੀ ....

ਸ਼ਨੈਪਰ : ਮੈਂ ਚਾਹੂੰਗਾ ਕਿ ਹੁਣ ਰੌਥਸਚਾਈਲਡ ਆਪਣਾ ਦਸਤਾਵੇਜ਼ ਸੰਖਿਪਤ ਰੂਪ ਵਿਚ ਪੜ੍ਹਨ ....

ਮੇਅਰ ਆਮਸ਼ੈਲ ਰੌਥਸ : (ਬੈਠਾ ਬੈਠਾ ਪੇਪਰ ਪੜ੍ਹਦਾ ਹੈ) ਮੈਂ ਨਿਚੋੜ ਦਾ ਹੋਰ ਨਿਚੋੜਤ ਰੂਪ ਪੇਸ਼ ਕਰ ਰਿਹਾ ਹਾਂ। ਸ੍ਰਿਸ਼ਟੀ ਪ੍ਰਤੀ ਦੋ ਵਿਰੋਧੀ ਨਜਰੀਏ ਹਨ। ਇੱਕ ਹੈ ਯਹੂਦੀ ਅਤੇ ਦੂਸਰਾ ਹੈ ਗੈਰ ਯਹੂਦੀ (ਯਾਨੀ ਗੋਇਮ (goim) ਨਜਰੀਆ। ਪਰ ਮੈਂ ਯਹੂਦੀ ਦਾਰਸ਼ਿਨਕਤਾ ਅਨੁਸਾਰ ਲੂਸੀਫੇਰੀਅਨ (ਮਸ਼ਾਲਚੀ, ਸਰਘੀ ਦਾ ਤਾਰਾ) ਨਜਰੀਏ ਨੂੰ ਆਧਾਰ ਬਣਾਵਾਂਗਾ। ਇਸ ਅਨੁਸਾਰ ਸ੍ਰਿਸ਼ਟੀ ਦਾ ਸਭ ਤੋਂ ਵੱਧ ਖੂੰਖਾਰ ਜਾਨਵਰ ਉਹ ਹੈ ਜਿਸਦਾ ਨਾਮ ਹੈ 'ਮਨੁੱਖ'। ਸਮੁੱਚਾ ਧਰਮ ਅਤੇ ਦਾਰਸ਼ਨਿਕਤਾ ਮਨੁੱਖ

Scanned with OKEN Scanner

ਦੀ ਇਸ ਖੂੰਖਾਰ ਪ੍ਰਵਿਰਤੀ ਨੂੰ ਕਾਬੂ ਕਰਨ ਲਈ ਹੀ ਘੜੀ ਗਈ ਹੈ। ਸਮਾਜ ਉਸਾਰੀ ਦੇ ਸ਼ੁਰੂ ਵਿੱਚ ਅੰਨੀਂ ਵਿਰੋਧੀ ਖੂੰਖਾਰ ਸ਼ਕਤੀ ਨੇ ਇਸ ਪ੍ਰਵਿਰਤੀ ਨੂੰ ਕਾਬੂ ਕੀਤਾ। ਫੇਰ ਕਾਨੂੰਨ ਹੋਂਦ ਵਿੱਚ ਆਇਆ ਜੋ ਕਿ ਸ਼ਕਤੀ ਦਾ ਹੀ ਘੜਿਆ ਮਾਜਿਆ ਰੂਪ ਹੈ ਜੋ ਸਦਾ ਹੀ ਸੱਚੋ-ਸੱਚ ਮੰਨਿਆ ਜਾਂਦਾ ਰਿਹਾ ਹੈ ਤੇ ਮੰਨਿਆ ਜਾਦਾ ਰਹੇਗਾ। ਸਿੱਟਾ ਇਹ ਹੈ ਕਿ ਸ਼ਕਤੀ ਦੀ ਵਰਤੋਂ ਦਾ ਹਰ ਰੂਪ ਜਾਇਜ ਤੇ ਸਹੀ ਹੁੰਦਾ ਹੈ ... ਜਿਸਮਾਨੀ ਸ਼ਕਤੀ, ਕਾਨੂੰਨੀ ਸ਼ਕਤੀ, ਧਨ ਦੀ ਸ਼ਕਤੀ, ਜਨ-ਸ਼ਕਤੀ ...

ਸਿਆਸੀ ਆਜਾਦੀ ਇੱਕ ਫੋਕਾ ਵਿਚਾਰ ਹੈ ਜਿਸ ਨੂੰ ਅਸੀਂ ਪੰਛੀ ਨੂੰ ਫੜਨ ਲਈ ਚੋਗੇ ਦੀ ਤਰ੍ਹਾਂ ਵਰਤਾਂਗੇ।

ਉਦਾਰਵਾਦੀ ਸ਼ਾਸਕਾਂ ਦੀ ਥਾਂ ਹੁਣ ਸੋਨੇ ਦੀ ਸ਼ਕਤੀ (ਧਨ-ਦੌਲਤ ਦੀ ਸ਼ਕਤੀ, ਸਰਮਾਏ ਦੀ ਸ਼ਕਤੀ, ਸਭ ਤੋਂ ਉਪਰ ਵਿਤ (Finance) ਦੀ ਸ਼ਕਤੀ) ਨੇ ਮੱਲ ਲਈ ਹੈ। ਕਦੇ ਅਕੀਦਿਆਂ (Faiths, Religions) ਦੇ ਆਧਾਰ ਤੇ ਸਰਕਾਰਾਂ ਤੇ ਸਮਾਜ ਚੱਲਦੇ ਰਹੇ ਪਰ ਹੁਣ ਵਿੱਤੀ ਸਰਮਾਏ ਤੇ ਚੱਲਣਗੇ।....

ਰਾਜਨੀਤੀ ਅਤੇ ਨੈਤਿਕਤਾ ਵਿੱਚ ਉਕਾਂ ਹੀ ਕੋਈ ਸਾਂਝ ਨਹੀ ਹੁੰਦੀ।

ਸ਼ਕਤੀਸ਼ਾਲੀ (ਵਿੱਤੀ ਸਰਮਾਏਦਾਰ) ਸਦਾ ਹੀ ਸਹੀ ਅਤੇ ਹੱਕੀ ਹੁੰਦਾ ਹੈ। ਭੁਲਾਦਰੇ ਖੜ੍ਹੇ ਕਰਨੇ ਉਸਦੇ ਦਾਅ ਪੇਚ (Tacties) ਹੁੰਦੇ ਹਨ।

ਮੁਕਤੀ, ਬਰਾਬਰੀ, ਭਾਈਚਾਰੇ ਦਾ ਨਾਅਰਾ ਜੋ ਸਭ ਤੋਂ ਪਹਿਲਾ ਸਾਡੇ ਵਿਦਵਾਨਾਂ ਨੇ ਦੁਨੀਆ ਨੂੰ ਪਰਦਾਨ ਕੀਤਾ, ਨਾਲ, ਅਸੀਂ ਲੋਕਾਂ ਦੀ ਭੀੜ ਨੂੰ ਵਰਤਣ ਲਈ ਚੋਗੇ ਵਾਂਗ ਵਰਤਿਆ ਤੇ ਵਰਤਦੇ ਰਹਾਂਗੇ। ਨਾਅਰਾ ਦੋ ਤਰਫਾ ਹਥਿਆਰੂ ਹੈ। ਅਸੀਂ ਇਸਨੂੰ ਅਦਿੱਖ ਰਹਿ ਕੇ ਦਰਮਿਆਨੀ ਮੁੱਠ ਤੋਂ ਵਰਤੋਂ ਵਿੱਚ ਲਿਆਂਦਾ ਹੈ ਤੇ ਲਿਆਉਂਦੇ ਰਹਾਂਗੇ। ਸਾਡੇ ਏਜੰਟਾਂ, ਸਿਖਿਅਕਾਂ, ਖੰਜਰੀਆਂ, ਅਮੀਰ-ਸੋਸਾਇਟੀ-ਔਰਤਾਂ ਤੇ ਏਥੋਂ ਤੱਕ ਕਿ ਸਾਡੀਆਂ ਆਪਣੀਆਂ ਸੁੰਦਰ ਔਰਤਾਂ ਨੇ ਏਸ ਨਾਅਰੇ ਨੂੰ ਦੁਨੀਆਂ ਦੇ ਕੋਨੇ ਕੋਨੇ ਤੱਕ ਪਹੁੰਚਾ ਦਿੱਤਾ ਹੈ ਤੇ ਇਹ ਚੋਣ ਲੜੂ ਤੋਤਿਆਂ ਰਾਹੀਂ ਜਾਬਰਾਂ ਲਈ ਲੋਕ ਵਿਰੋਧੀ ਹਥਿਆਰ ਬਣਾ ਦਿੱਤਾ ਗਿਆ ਹੈ।

ਬੰਦੇ ਦੀਆਂ ਮਾਨਸਿਕ ਪ੍ਰਵਿਰਤੀਆਂ ਨੇ, ਧੰਨ ਦੀ ਅੰਨੀ ਚਾਹਤ ਨੇ, ਜਿਣਸੀ ਕਾਮ ਵਾਸ਼ਨਾ ਨੇ ਅਤੇ ਪਦਾਰਥਕ ਲੋੜਾਂ ਦੇ ਅੰਨੇ ਲੋਭ ਨੇ, ਸਾਡਾ ਕੰਮ ਹੋਰ ਵੀ ਸੌਖਾ ਕਰ ਦਿੱਤਾ ਹੋਇਆ ਹੈ।

ਉਹ (ਗੋਇਮ-ਗੈਰ ਯਹੂਦੀ) ਕੁਲੀਨਤਾ ਤੇ ਬਾਦਸ਼ਾਹਤਾਂ ਦੇ ਅਜਾਰੇਦਾਰ ਹਨ। ਅਸੀਂ ਧਨ ਦੌਲਤ-ਸੋਨੇ ਕਾਗਜੀ-ਨੋਟਾਂ ਦੇ ਅਜਾਰੇਦਾਰ ਹਾਂ ਅਤੇ ਏਸ ਪਕੜ ਨੂੰ ਹੋਰ ਮਜ਼ਬੂਤ ਕਰਦੇ ਜਾਵਾਂਗੇ। ਅਸੀਂ ਆਪਣੇ ਵਿਸ਼ਵ ਵਿਆਪੀ ਏਜੰਟਾਂ ਰਾਹੀਂ ਦੋਵਾਂ ਪਾਸਿਆਂ ਨੂੰ ਇੱਕ

Scanned with OKEN Scanner

ਦੂਜੇ ਦੇ ਵਿਰੁੱਧ ਆਰਥਿਕ ਸਹਾਇਤਾ ਦਿਆਂਗੇ ਤੇ ਸਵੈ ਨਿਰਭਰਤਾ ਦੇ ਸਵਾਮੀ ਬਣਾਂਗੇ। ਏਸ ਆਰਥਿਕ ਨਿਰਭਰਤਾ ਨੂੰ ਅਸੀਂ ਵਿਸ਼ਵ ਵਿਆਪੀ ਪਰੀਮਾਪ ਤੱਕ ਫੈਲਾ ਦਿਆਂਗੇ। ਕੋਈ ਜਿੱਤੇ ਕੋਈ ਹਾਰੇ ਸਾਡੇ ਹਿੱਤ ਸੁਰੱਖਿਅਤ ਰਹਿਣਗੇ।

ਅਸੀਂ ਬੌਧਿਕਤਾ ਤੇ ਵੀ ਆਪਣੀ ਅਜਾਰੇਦਾਰੀ ਬਣਾਵਾਂਗੇ। ਪਰਚੱਲਿਤ ਬੁੱਧੀਜੀਵੀਆਂ ਨੂੰ ਧਨ ਅਤੇ ਪ੍ਰਸਿੱਧਤਾ ਦੇ ਚੋਗੇ ਨਾਲ ਆਪਣੇ ਜਾਲ ਵਿਚ ਫਸਾਵਾਂਗੇ। ਜੋ ਅੜਨਗੇ ਜਾਂ ਸਾਨੂੰ ਨਸ਼ਰ ਕਰਨਗੇ, ਨੂੰ ਝਾੜ ਦਿਆਂਗੇ। ਅਸੀਂ ਆਪਣੇ ਬੁੱਧੀਜੀਵੀ ਪੈਦਾ ਕਰਾਂਗੇ। ਉਨ੍ਹਾਂ ਨੂੰ ਸਿੱਖਿਅਤ ਕਰਾਂਗੇ, ਆਪਣੇ ਡੇਰਿਆਂ ਵਿਚ ਭਰਤੀ ਕਰਾਂਗੇ, ਆਪਣੇ ਏਜੰਟ ਬਣਾਵਾਂਗੇ ਜੋ ਡੂੰਘੀ ਤੇ ਸਮਝ ਭਰੀ ਮੱਕਾਰੀ ਨਾਲ ਗਿਆਨ ਵਿਗਿਆਨ ਦੀਆਂ ਬਿਖਰੀਆਂ ਤੰਦਾਂ ਨੂੰ ਇਉਂ ਜੋੜਨ ਤੇ ਸਿੱਟੇ ਕੱਢਣਗੇ, ਪ੍ਰੇਰਨਾ ਸਰੋਤ ਬਣਨਗੇ, ਜਿਵੇਂ ਕਿ ਅਸਲ ਵਿਚ ਅਸੀਂ ਚਾਹੁੰਦੇ ਹਾਂ ਤੇ ਜਿਵੇਂ ਸਾਡਾ ਸਦੀਵੀਂ ਰਾਜ ਸਥਾਪਿਤ ਹੋ ਸਕਦਾ ਹੈ।

ਪ੍ਰੈਸ ਦਾ ਇਹ ਰੋਲ ਹੈ ਕਿ ਇਹ ਅਤਿ-ਮਹੱਤਵਪੂਰਨ ਲੋੜਾਂ (ਘਾਟਾਂ ਵੱਲ ਵੀ) ਵੱਲ ਇਸ਼ਾਰਾ ਕਰਦੀ ਰਹੇ, ਲੋਕ-ਰੋਹ ਨੂੰ ਆਵਾਜ ਵੀ ਦੇਵੇ ਅਤੇ ਵਧਾਵੇ ਵੀ। ਪ੍ਰੈਸ ਰਾਹੀਂ ਹੀ ਬੋਲਣ ਦੀ ਆਜਾਦੀ ਦੀ ਜਿੱਤ ਦਾ ਭੁਲਾਂਦਰਾ ਪੈਂਦਾ ਹੈ। ਗੋਇਮ ਰਾਜਾਂ ਨੂੰ ਇਸ ਸ਼ਕਤੀ ਦੀ ਸਹੀ ਵਰਤੋਂ ਦੀ ਸੂਝ ਨਹੀਂ ਹੈ ਤਾ ਹੀ ਇਹ ਸਾਡੇ ਹੱਥਾਂ ਵਿੱਚ ਕੇਂਦਰਤ ਹੁੰਦੀ ਜਾ ਰਹੀ ਹੈ। ਪ੍ਰੈਸ ਰਾਹੀਂ ਹੀ ਖੁਦ ਗੁਪਤ ਰਹਿ ਦੇ ਦੂਸਰਿਆਂ ਨੂੰ ਉਕਸਾਉਣ ਦੀ ਸ਼ਕਤੀ ਪ੍ਰਾਪਤ ਕਰ ਲਈ ਹੋਈ ਹੈ। ਅਸੀਂ ਪ੍ਰੈਸ ਦੇ ਰਿਣੀ ਹਾਂ ਕਿ ਇਸ ਵਿਚੋਂ ਅਸੀਂ ਉਹ ਸੋਨਾ (ਧਨ ਦੌਲਤ) ਪ੍ਰਾਪਤ. ਕੀਤੀ ਹੈ, ਜੋ ਅਸੀਂ ਲਹੂ ਅਤੇ ਅੱਥਰੂਆਂ ਦਾ ਸਾਗਰ ਹੰਘਾਲ ਕੇ ਵੀ ਨਾ ਪ੍ਰਾਪਤ ਕਰ ਸਕਦੇ, ਭਾਵੇਂ ਕਿ ਇਸ ਕਾਰਜ ਲਈ ਸਾਨੂੰ ਕਈ ਕੁਰਬਾਨੀਆਂ ਵੀ ਦੇਣੀਆਂ ਪਈਆਂ ਹਨ।

ਅਸੀਂ ਬੜਾ ਲੰਬਾ ਪੈਂਡਾ ਤੈਅ ਕੀਤਾ ਹੈ। ਕਲਾਸਿਕ ਯੁਗ, ਅੰਧ ਯੁਗ, ਮੱਧ ਯੁਗ ਚੋਂ ਲੰਘ ਕੇ ਆਧੁਨਿਕ ਯੁਗ ਆਰੰਭ ਕਰ ਰਹੇ ਹਾਂ। ਸਾਰੇ ਯੁਗਾਂ ਦੀਆਂ ਮਹਾਨ ਤੇ ਮਹੱਤਵਪੂਰਨ ਕਾਰਜ ਵਿਧੀਆ, ਯੁੱਧਾਂ, ਜੰਗਾਂ, ਇਨਕਲਾਬਾਂ ਉਲਟ ਇਨਕਲਾਬਾਂ ਵਿਚ ਅਸੀਂ ਕਿਧਰੇ ਨਾ ਕਿਧਰੇ ਹਾਜ਼ਰ ਨਾਜ਼ਰ ਰਹੇ ਹਾਂ।

ਨਾਗ ਦੇਵ ਜਿਸਦਾ ਸਿਰ ਯਹੂਦੀ ਮਨੁੱਖ ਦਾ ਅਤੇ ਧੜ੍ਹ ਸੱਪ ਦਾ ਹੈ, ਸਾਡੀ ਵਧਦੀ ਤਾਕਤ ਦਾ ਪ੍ਰਤੀਕ ਹੈ। ਨਾਗ ਨੇ ਸਾਰੀ ਦੁਨੀਆਂ ਦੇ ਦੁਆਲੇ ਵਲ ਪਾਇਆ ਹੋਇਆ ਹੈ। ਚੱਕਰ ਪੂਰਾ ਹੋਣ ਹੀ ਵਾਲਾ ਹੈ।

ਵੇਖੋ ਅਸਾਡਾ ਅਚੰਭਾ। ਆਪਣੇ ਅਨੰਤ ਸ਼ਕਤੀਸ਼ਾਲੀ ਵਿੱਤੀ ਸਰਮਾਏ ਨਾਲ ਅਸੀਂ ਦੋ ਨਵੀਆਂ ਇਨਕਲਾਬੀ ਜਮਾਤਾ ਉਤਪੰਨ ਕਰ ਦਿੱਤੀਆਂ ਹਨ .... ਬੁਰਜੂਆਜ਼ੀ ਅਤੇ ਪ੍ਰੋਲਤਾਰੀ।

ਵਿਦਵਾਨਾਂ, ਬੁਧੀਜੀਵੀਆਂ ਤੇ ਪ੍ਰੈਸ ਰਾਹੀਂ ਦੋ ਤਸੱਵਰ ਉਪਜਾਏ ਤੇ ਉਨਾਂ ਦੀ ਸੋਚ ਦਾ ਅਟੱਲ ਅੰਗ ਬਣਾ ਦਿੱਤੇ ਹਨ। ਪਹਿਲਾਂ ਕਿ ਦੋਵਾਂ ਦਾ ਸਾਂਝਾ ਦੁਸ਼ਮਣ ਹੈ ਕੁਲੀਨ-ਤੰਤਰ

Scanned with OKEN Scanner
Scanned with OKEN Scanner

(ਸਾਮੰਤ ਤੇ ਬਾਦਸ਼ਾਹ) ਦੂਸਰਾ ਦੋਵਾਂ ਦੀ ਅਪਸੀ ਵਿਰੋਧਤਾਈ ਵੀ ਜਿੰਦਗੀ ਮੌਤ ਵਰਗੀ ਅਟੱਲ ਹੈ। ਦੋਵਾਂ ਤਸੱਵਰਾ ਨੇ ਆਪਸੀ ਤਾਂਡਵ ਮਚਾਉਣੇ ਹਨ। ਸਾਡਾ ਤੀਜਾ ਤੇ ਫ਼ੈਸਲਾ-ਕੁਨ ਹੱਥ ਸਦਾ ਲੁਕਿਆ ਰਹਿਣਾ ਹੈ।

ਐਨ ਇਹੋ ਜਿੱਹੇ ਮੌਕੇ ਤੇ ਅਸੀਂ ਇਉਂ ਆਉਂਦੇ ਹਾਂ ਜਿਵੇਂ ਇਸ ਜ਼ੁਲਮ ਸਿਤਮ ਦੇ ਮੁਕਤੀਦਾਤਾ ਅਸੀਂ ਹੀ ਹਾਂ। ਅਸੀਂ ਮਸ਼ਵਰਾ ਐਲਾਨਦੇ ਹਾਂ ਕਿ ਕਿਰਤੀਉ, ਸਾਡੀਆਂ ਯਾਨੀ ਕਿ ਸਮਾਜਵਾਦੀਆਂ, ਅਰਾਜਕਤਾਵਾਦੀਆਂ, ਸਾਮਵਾਦੀਆਂ ਦੀਆਂ ਸਫਾਂ ਵਿਚ ਸ਼ਾਮਿਲ ਹੋ ਜਾਉ। ਅੰਦਰੋਂ ਅਸੀਂ ਚੰਗੀ ਤਰਾਂ ਜਾਣਦੇ ਹਾਂ ਕਿ ਇੱਕ ਵਿਸ਼ਵੀ-ਨੇਮ (One World Order, One World Govt.) ਦੀ ਪ੍ਰਾਪਤੀ ਲਈ ਸਮਾਜਵਾਦ ਵੀ ਇੱਕ ਪੜਾ ਜਿਹਾ, ਪਾਉੜੀ ਦਾ ਇੱਕ ਡੰਡਾ ਜਿਹਾ ਹੋਏਗਾ। ਅੰਦਰੋਂ ਅਸੀਂ ਇਹ ਵੀ ਚਾਹੁੰਦੇ ਹਾਂ ਕਿ ਗੋਇਮ ਅਰਥਾਤ ਗੈਰ ਯਹੂਦੀਆਂ ਦਾ, ਭਾਵੇਂ ਉਹ ਕੁਲੀਨ, ਬੁਰਜੁਆਜ਼ੀ ਜਾਂ ਪ੍ਰੋਲਤਾਰੀ ਹੋਵੇ, ਦਾ ਖੁਰਾ ਖੋਜ ਮਿਟਾਂਈਏ, ਕਤਲੇਆਮ ਮਚਾਈਏ, ਸ੍ਰਿਸ਼ਟੀ ਨੂੰ ਐਸਾ ਸਾਹ-ਸਤ-ਹੀਣ ਕਰੀਏ ਕਿ ਉਹ ਪੁਕਾਰਨ, ''ਯਹੂਦੀਓ (ਵਿੱਤ ਦੇ ਧਨਾਢੋ, ਜ਼ਾਇਅਨਵਾਦੀਉ, ਲੂਸੀਫਰ ਦੇ ਚੇਲਿਉ) ਆਉ, ਸਾਰੇ ਤਜਰਬੇ ਫੇਲ੍ਹ ਹੋ ਗਏ ਹਨ, ਸਾਡੇ ਤੇ ਰਾਜ ਕਰੋ।''

ਅਸੀਂ ਆਪਣੇ ਸਕੂਲਾਂ ਵਿੱਚ ਆਦੁਸ਼ਕ ਸਿੱਖਿਆ ਪ੍ਰਣਾਲੀ ਚਲਾਵਾਂਗੇ। ਸ਼ਿਕਸ਼ਾ ਪ੍ਰਣਾਲੀ ਸਿੱਖਿਆਰਥੀਆਂ ਵਿਦਿਆਰਥੀਆਂ ਨੂੰ ਸਮਝਾਏਗੀ ਕਿ ਮਾਨਵ ਜਿੰਦਗੀ ਦੀ ਬਣਤਰ ਕੀ ਹੈ ? ਕਿ ਸਮਾਜਕ ਜੀਵਨ ਕਿਵੇਂ ਵਿਕਸਿਤ ਹੁੰਦਾ ਹੈ ? ਕਿ ਕਿਰਤ ਦੀ ਭਾਗਵੰਡ ਜਰੂਰੀ ਹੈ, ਕਿ ਵਰਗ ਵੰਡ ਵੀ ਇਸਦਾ ਅਹਿਮ ਅੰਗ ਹੈ, ਕਿ ਮਨੁੱਖੀ ਕਿਰਦਾਰਾਂ ਦੀ ਭਿੰਨਤਾ ਕਰਕੇ ਬਰਾਬਰੀ ਹੋ ਨਹੀਂ ਸਕਦੀ ਕਿ ਨਿੱਜੀ ਕਸੂਰ ਨਾਲੋਂ ਸੰਘੀ ਕਸੂਰ ਵਧੇਰੇ ਸਜ਼ਾ ਯਾਫਤਾ ਹੋਏਗਾ, ਕਿ ਪਦਵੀਆਂ ਅਤੇ ਜਿੰਮੇਵਾਰੀਆਂ ਇੱਕ ਵਿਸ਼ੇਸ਼ ਘੇਰੇ ਵਿੱਚ ਸੀਮਤ ਰਹਿਣਗੀਆਂ, ਜੋ ਮਨੁੱਖਾਂ ਲਈ ਦੁੱਖ ਨਾ ਉਪਜਾਉਣ ਆਦਿ। ਇਸ ਕਿਸਮ ਦੇ ਗਿਆਨ ਦੀ ਸਿਖਲਾਈ ਮਗਰੋਂ ਲੋਕ ਆਪਣੀ ਮਨਸ਼ਾ ਨਾਲ ਸਾਡੀ ਸ਼ਕਤੀ ਦੀ ਈਨ ਮੰਨਣਗੇ, ਉਸ ਪਦਵੀ ਅਤੇ ਕੌਂਮ ਨੂੰ ਖੁਸ਼ੀ ਖੁਸ਼ੀ ਅਪਨਾਉਣਗੇ, ਜੋ ਰਾਜ ਵਲੋਂ ਉਨਾਂ ਨੂੰ ਸੌਂਪਿਆਂ ਗਿਆ ਹੋਵੇਗਾ।

ਪ੍ਰਿੰਟ ਮੀਡੀਆ ਰਾਹੀਂ ਅਸੀਂ ਗੋਇਮ-ਗਿਆਨ ਪ੍ਰਤੀ ਨਫਰਤ ਦਾ ਪ੍ਰਚਾਰ ਵੀ ਕਰਾਂਗੇ।

ਅਸੀਂ ਵਿੱਤ ਦੇ ਮਾਲਕ ਹੋਆਂਗੇ। ਵਿੱਤ ਬੰਦ ਕਰਕੇ ਅਸੀਂ ਜਦੋਂ ਚਾਹੀਏ ਉਦਯੋਗ ਨੂੰ ਖੜੋਤ ਵਿੱਚ ਲੈ ਆਈਏ ਅਤੇ ਲੋਕ-ਰੋਹ ਨੂੰ ਹੋਰ ਭੜਕਾਈਏ।

ਅਸੀਂ 1640 ਦਾ ਬਰਤਾਨੀਆਂ ਇਨਕਲਾਬ ਲਿਆਂਦਾ ਪਰ ਅਧੂਰਾ ਛੱਡਣਾ ਪਿਆ, ਕਿਉਕਿ ਹਾਲਾਤ ਕੱਚੇ ਸਨ। ਹੁਣ ਹਾਲਾਤ ਹੋਰ ਹਨ। ਹੁਣ ਮਹਾਨ ਫਰਾਂਸੀਸੀ ਇਨਕਲਾਬ ਮਚਾਵਾਂਗੇ। ਇਸਦੀ ਤਿਆਰੀ ਦੇ ਭੇਤ ਸਾਡੀ ਜਾਣਕਾਰੀ ਵਿੱਚ ਹੋਣਗੇ। ਭੇਤ ਖੁਲਣ ਤੇ ਵੀ ਇਹ ਇਨਕਲਾਬ ਮੱਚੇਗਾ ਹੀ।

Scanned with OKEN Scanner

ਮਗਰੋਂ ਏਸ ਨੂੰ ਸਭ ਤੋ ਮਹਾਨ ਘਟਨਾ ਹੋਣ ਦਾ ਤਸੱਵਰ ਪੈਦਾ ਕਰਾਂਗੇ। ਸਿਹਰਾ ਲੋਕ ਹਿੰਸਾ ਸਿਰ ਬੰਨਾਂਗੇ। ਲੋਕਾਂ ਨੂੰ ਲਹੂ ਪੀਣੇ ਭੇੜੀਏ ਬਣਾ ਦਿਆਂਗੇ।

ਅਸੀਂ ਸੁਚੇਤ ਹਾਂ ਕਿ ਭੇੜੀਏ ਲਹੂ ਪੀ ਕੇ ਸੌਂ ਜਾਣ ਤਾਂ ਕਿ ਅਸੀਂ ਮੁੜ ਜੰਜੀਰਾਂ ਵਿੱਚ ਕੱਸ ਲਈਏ। ਯਾਦ ਰੱਖੀਏ ਕਿ ਲਹੂ ਪਿਆਉਣਾ ਵੀ ਜਰੂਰੀ ਹੈ, ਨਹੀਂ ਤਾਂ ਲਹੂ ਮਿਲਣ ਤੱਕ ਉਹ ਸੰਘਰਸ਼ ਕਰਦੇ ਰਹਿਣਗੇ।

ਮਨੁੱਖ ਜਨਮ ਤੋਂ ਸੱਟੇਬਾਜ ਹੈ। ਅਣਕਮਾਈ ਦੌਲਤ ਦਾ ਮਾਲਕ ਬਣਨ ਲਈ ਉਹ ਕੁਝ ਵੀ ਕਰ ਗੁਜਰਦਾ ਹੈ। ਭਾਰਤ ਵਿੱਚ ਮਹਾਂਭਾਰਤ ਜਿਸਨੇ 18 ਖੂਣੀਆਂ ਗਰਕ ਕਰ ਦਿੱਤੀਆਂ ਸਨ ਦਾ ਅਸਲੀ ਮੁੱਢ ਸੱਟਾ ਯਾਨੀ ਜੂਆ ਹੀ ਸੀ।

ਅਸੀਂ ਉਦਯੋਗ ਅਤੇ ਵਪਾਰ ਨੂੰ ਸੱਟੇ ਦਾ ਗੜ੍ਹ ਬਣਾ ਦਿਆਂਗੇ। (Share Marketing) ਇਸ ਪੁਤਲੀ ਦੀ ਤਣੀ ਆਪਣੇ ਮਜਬੂਤ ਹੱਥਾਂ ਵਿੱਚ ਪਕੜੀ ਰੱਖਾਂਗੇ। ਇਸ ਦੁਆਰਾ ਲੋਕਾਂ ਦੇ ਲਹੂ ਨੂੰ ਚਿੱਟਾ ਕਰ ਦਿਆਂਗੇ। ਇਹ ਵਿਧੀ ਕਾਨੂੰਨੀ ਕਰਾਰ ਕਰ ਦਿਆਂਗੇ। ਲੋਕ ਇੱਕ-ਦੂਜੇ ਤੋਂ ਉਪਰ ਉੱਠਣ ਲਈ ਇਹ ਕਾਨੂੰਨੀ ਵਿਧੀ ਵਰਤਣਗੇ। ਘਰ-ਘਰ, ਸ਼ਹਿਰ-ਸ਼ਹਿਰ ਅਤੇ ਪ੍ਰਾਂਤ-ਪ੍ਰਾਂਤ ਵਿੱਚ ਨਫਰਤ ਉਪਜੇਗੀ।

ਸਾਡੇ ਵਿਰੋਧੀ (ਕੀ ਈਸਾਈ, ਕੀ ਹਿੰਦੂ ਅਤੇ ਕੀ ਮੁਸਲਿਮ) ਸਮਾਜ ਦੇ ਹਰ ਖੇਤਰ ਵਿਚ ਜੁਗਾੜ-ਵਾਦੀ ਯਾਨੀ ਮੌਕਾ ਪ੍ਰਸਤ, ਈਰਖਾਲੂ ਤੇ ਸੁਆਰਥੀ ਬਣਾ ਦਿੱਤੇ ਗਏ ਹਨ। ਮੀਡੀਆ ਰਾਹੀਂ ਵਾਰ-ਵਾਰ ਪ੍ਰਚਾਰ ਅਤੇ ਦੁਹਰਾ ਕੇ ਵਿਸ਼ਵਾਸ ਬੈਠਾ ਦਿਆਂਗੇ ਕਿ ਅਸੀਂ ਰੱਬ ਦੇ ਸ੍ਰੇਸ਼ਟ ਵਿਅੱਕਤੀ ਹਾਂ। ਇਸ ਲਈ ਦੁਨੀਆਂ ਤੇ ਰਾਜ ਕਰਨ ਦੀ ਸਾਨੂੰ ਰੱਬੀ ਬਖਸ਼ਿਸ਼ ਹੈ। ਧਨ ਬਿਨਾ ਰਾਜ ਨਹੀਂ ਚੱਲ ਸਕਦੇ। ਇਸ ਲਈ ਸਾਰੀ ਦੁਨੀਆ ਦੇ ਧਨ ਉਪਰ ਵੀ ਸਾਡਾ ਹੱਕ ਹੈ।

ਸਾਡੇ ਵਿਰੋਧੀ (ਗੋਇਮ) ਦੇਰ ਨਾਲ ਆਏ। ਉਨ੍ਹਾ ਦੇ ਆਉਣ ਤੋਂ ਪਹਿਲਾ ਪਹਿਲਾਂ ਅਸੀਂ ਰਾਜ ਮਸ਼ੀਨਰੀ ਜਿਹੜੀ ਕਿ ਸੋਨੇ ਦੇ ਇੰਜਣ ਨਾਲ ਚਲਦੀ ਹੈ, ਹਥਿਆ ਲਈ ਹੋਈ ਸੀ। ਸਾਡੇ ਵਡੇਰਿਆਂ ਨੇ ਸਭ ਤੋਂ ਪਹਿਲਾਂ ਆਰਥਿਕ-ਰਾਜਨੀਤਿਕ-ਵਿਗਿਆਨ ਦਾ, ਜਿਸਦੀ ਧੁਰੀ ਸਰਮਾਇਆ ਯਾਨੀ ਵਿੱਤੀ-ਦੌਲਤ ਹੈ, ਦੀ ਖੋਜ ਕੀਤੀ ਤੇ ਇਸਦੇ ਮਹੱਤਵ ਨੂੰ ਸਮਝਦਿਆਂ ਇਸਦੇ ਅਜਾਰੇਦਾਰ ਬਣ ਗਏ ਹਾਂ। ਬਦਲਦੇ ਸਮੇਂ ਦੇ ਐਨ ਅਨੁਕੂਲ ਅਸੀਂ ਆਪਣੇ ਜਾਏ ਮੀਡੀਆ ਰਾਹੀਂ ਉਨ੍ਹਾਂ ਦਾ ਏਨਾ ਗੁਣਗਾਨ ਕਰਾਂਗੇ, ਏਨਾ ਪ੍ਰਚਾਰ ਕਰਾਂਗੇ ਕਿ ਉਹੀ ਆਕਾਸ਼ ਬਣ ਜਾਣਗੇ। ਐਸਾ ਆਕਾਸ਼ ਜੋ ਦਿਸ਼ ਹੱਦਾ ਹੋਏਗਾ ਤੇ ਉਸ ਤੋ ਅੱਗੋਂ ਲੋਕ ਕੁਝ ਵੀ ਦੇਖ ਸਕਣ ਦੇ ਅਸਮਰਥ ਹੋਣਗੇ। ਆਕਾਸ਼ ਕਦੀ ਸਿਮਟੈਗਾ, ਕਦੀ ਫੈਲੇਗਾ ਤੇ ਲੋਕ ਏਸੇ ਮ੍ਰਿਗ ਤ੍ਰਿਸ਼ਨਾ ਅਤੇ ਭੁਲ ਭੁਲਈਆਂ ਵਿਚ ਭਟਕਦੇ ਰਹਿਣਗੇ।

ਜ਼ਮੀਨਾ ਉਪਰ ਕਰਜਿਆਂ ਦਾ ਬੋਝ ਤੇ ਆਤਮ-ਹੱਤਿਆਵਾਂ :- ਗੋਇਮ ਰਾਜਾਂ ਦੇ ਕੁਲੀਨ ਤੰਤਰ ਦਾ ਭੋਗ ਪੈ ਚੁੱਕਿਆ ਹੈ। ਪਰ ਉਨ੍ਹਾਂ ਕੋਲ ਵੀ ਅਤੇ ਦੁਨੀਆ ਦੇ ਹੋਰ ਭਾਗਾਂ

Scanned with OKEN Scanner

Scanned with OKEN Scanner

ਦੇ ਬਸ੍ਰਗਾ ਕੋਲ ਵੀ ਜਮੀਨ ਦੀ ਏਨੀ ਕੁ ਮਾਲਕੀ ਹੈ ਕਿ ਉਹ ਹਾਲੇ ਵੀ ਪ੍ਰਤਿਸ਼ਟ ਵਿਅਕਤੀਆਂ ਦੀ ਲੜੀ ਵਿਚ ਸ਼ਾਮਿਲ ਹੋ ਜਾਂਦੇ ਹਨ। ਜ਼ਮੀਨਾ ਦਾ ਹੜੱਪਣਾ ਸਾਡੇ ਲਈ ਬਹੁਤ ਜਰੂਰੀ ਹੈ।

ਇਸ ਮਨੋਰਥ ਲਈ, ਫਸਲੀ ਉਤਪਾਦਨ ਲਈ ਅਸੀਂ ਜਮੀਨਾਂ ਉਪਰ ਕਰਜਿਆਂ ਦਾ ਏਨਾ ਬੋਝ ਪਾ ਦਿਆਂਗੇ ਕਿ ਉਹ ਸੂਦ ਮੋੜ ਨਾ ਸਕਣ ਅਤੇ ਅੰਤ ਆਤਮ ਹੱਤਿਆਵਾਂ ਕਰਨ। ਛੋਟਿਆ ਦੀ ਪਹਿਲਾਂ ਵਾਰੀ ਆ ਜਾਏਗੀ ਤੇ ਵੱਡਿਆਂ ਦੀ ਵੀ ਹੋਲੀ ਹੋਲੀ।

ਹੌਲੀ ਹੌਲੀ ਅਸੀਂ ਜਮੀਨਾਂ, ਜਮੀਨੀ ਉਤਪਾਦ, ਉਦਯੋਗ, ਵਪਾਰ ਤੇ ਵੱਡੀ ਗੱਲ ਕਿ ਸੱਟੇ ਦੇ ਸਰਪ੍ਰਸਤ ਤੇ ਮਾਲਕ ਹੋਆਂਗੇ।

ਇਉਂ ਅਸੀਂ ਸਰਮਾਏ ਦੀਆਂ ਏਡੀਆਂ ਵੱਡੀਆਂ ਵੱਡੀਆਂ ਇਜਾਰੇਦਾਰੀਆਂ ਦੇ ਮਾਲਕ ਬਣ ਜਾਵਾਂਗੇ ਕਿ ਗੋਇਮ ਲੋਕਾਂ ਅਤੇ ਕੌਮਾਂ ਦੀ ਦੌਲਤ, ਸਮੇਤ ਰਾਜਕੀ ਉਧਾਰਾਂ (Credit of State) ਅਤੇ ਰਾਜਸੀ ਸ਼ਕਤੀ ਦੇ, ਇਨ੍ਹਾਂ ਵਿੱਚ ਐਸੀਆਂ ਗਰਕਣਗੀਆ ਕਿ ਨਾਮੋ ਨਿਸ਼ਾਂ ਮਿਟ ਜਾਏਗਾ।

ਜੇਕਰ ਕੋਈ ਇੱਕ ਦੇਸ਼ ਸਾਡਾ ਵਿਰੋਧ ਕਰੇਗਾ ਤਾ ਅਸੀਂ ਆਪਣੇ ਵਿੱਤ ਦੀ ਸ਼ਕਤੀ ਨਾਲ ਦੂਸਰੇ ਨੂੰ ਭੜਕਾ ਦੇ ਉਸ ਉਪਰ ਯੁੱਧ ਠੋਸਾਂਗੇ। ਉਹ ਵਧੇਰੇ ਮੁਲਕ ਇਕੱਠੇ ਹੋ ਕੇ ਵਿਰੋਧ ਕਰਨਗੇ ਤਾਂ ਅਸੀ ਉਨ੍ਹਾਂ ਨੂੰ ਵਿਸ਼ਵੀ ਯੁੱਧਾਂ ਵਿਚ ਝੋਕ ਕੇ ਟੱਕਰ ਲਵਾਂਗੇ। ਫੇਰ ਵੀ ਉਹ ਆਕੀ ਹੋਣ ਤਾ ਤਾਂ ਅਸੀਂ ਅਮਰੀਕਾ, ਚੀਨ ਤੇ ਜਾਪਾਨ ਆਦਿ ਦੀਆਂ ਫੌਜਾਂ ਚਾੜ੍ਹ ਦਿਆਂਗੇ।

ਅਸੀਂ ਵਿਸ਼ਵ ਪੱਧਰ ਦੀਆਂ ਪ੍ਰੀਸ਼ਦਾਂ ਜਿਵੇਂ ਕਿ ਸੰਵਿਧਾਨ-ਪ੍ਰੀਸ਼ਦ, ਨਿਆਂ-ਪ੍ਰੀਸ਼ਦ, ਧਰਮ ਪ੍ਰੀਸ਼ਦ, ਜਸੂਸੀ ਪ੍ਰੀਸ਼ਦ ਆਦਿ ਬਣਾਵਾਂਗੇ। ਜਿਨ੍ਹਾਂ ਦੀ ਦੇਖ ਰੇਖ ਹੇਠ ਸਾਰੇ ਮੁਲਕਾ ਦੀਆਂ ਉਹੋ ਜਿਹੀਆਂ ਪ੍ਰੀਸ਼ਦਾਂ ਅਧੀਨ ਰਹਿ ਕੇ ਕੰਮ ਕਰਨਗੀਆਂ।

ਆਪਣੀ ਕਾਰਜ ਪ੍ਰਣਾਲੀ ਵਿੱਚ ਗੁਪਤਤਾ ਇੱਕ ਮਾਤਰ ਪਹਿਲਾਂ ਨੇਮ ਹੋਏਗਾ।

ਅਸੀਂ ਗੋਇਮ ਯੂਥ ਨੂੰ ਉਹ ਸਿਧਾਂਤ ਤੇ ਨਿਯਮ ਵਾਰ-ਵਾਰ ਪੜ੍ਹਾਂ ਕੇ, ਜੋ ਸਾਨੂੰ ਪਤਾ ਹੈ ਕਿ ਮੁਢੋ ਸੁਢੋਂ ਗਲਤ ਹਨ, ਮੂਰਖ, ਖੁਸ਼-ਫਹਿਮ ਅਤੇ ਭ੍ਰਿਸ਼ਟ ਬਣਾ ਦਿੱਤਾ ਹੈ ਅਤੇ ਸਮੇਂ ਨਾਲ ਹੋਰ ਬਣਾ ਦਿਆਂਗੇ।

ਅਸੀਂ ਵੋਟ ਪ੍ਰਣਾਲੀ ਆਰੰਭ ਕਰਵਾਈ ਹੈ। ਇਹ ਸਾਨੂੰ ਦੁਨੀਆਂ ਦੇ ਤਖਤ ਤੇ ਬਿਠਾ ਦੇਵੇਗੀ। ਅਸੀਂ ਹਰ ਇੱਕ ਨੂੰ ਵੋਟ ਦਾ ਹੱਕ ਦਿਆਂਗੇ। ਤਾਂ ਹੀ ਤਾਂ ਬਹੁ-ਸਮਤੀ ਪ੍ਰਾਪਤ ਕਰਾਂਗੇ। ਵਰਨਾ ਪੜ੍ਹਿਆਂ ਲਿਖਿਆਂ ਤੇ ਸੰਪਤੀ ਮਾਲਕਾਂ ਦੁਆਰਾ ਬਹੁ ਸੰਮਤੀ ਕਦੇ ਵੀ ਪ੍ਰਾਪਤ ਨਹੀਂ ਹੋ ਸਕਦੀ। ਇਉਂ ਅਸੀਂ ਇੱਕ ਮਹਾਂਨ ਅੰਨੀ ਸ਼ਕਤੀ ਅਰਥਾਤ ''ਭੀੜ'' ਨੂੰ ਆਪਣੀ ਵਿਸ਼ਵਾਸ ਯੋਗ ਧਿਰ ਬਣਾ ਲਵਾਗੇ।

Scanned with OKEN Scanner

Scanned with OKEN Scanner

ਵਿਸ਼ਵੀ-ਪ੍ਰੀਸ਼ਦਾਂ ਦੁਆਰਾ ਤਿਆਰ ਕੀਤਾ ਹੋਇਆ ਸੰਵਿਧਾਨ ਲਾਗੂ ਕਰਾਵਾਂਗੇ, ਜੋ ਆਪਸੀ ਵਿਰੋਧਾਂ ਨਾਲ ਭਰਪੂਰ ਹੋਏਗਾ ਤੇ ਕੋਈ ਮਹੱਤਵਪੂਰਨ ਮਸਲਾ ਕਿਸੇ ਤਣ ਪੱਤਣ ਨਹੀਂ ਲਗ ਸਕੇਗਾ।

ਹੌਲੀ ਹੌਲੀ ਸੰਵਿਧਾਨਾਂ ਤੋਂ ਹੀ ਸੰਵਿਧਾਂਨਾਂ ਦਾ ਕਤਲ ਕਰਵਾ ਕੇ ਆਪਣੀ ਤਾਨਾਸ਼ਾਹੀ ਕਾਇਮ ਕਰਾਂਗੇ।

ਮੁਕਤੀ-ਬਰਾਬਰੀ-ਭਾਈਚਾਰਾ ਜਿਹੇ ਨਾਅਰੇ ਬੁਲੰਦ ਕਰਕੇ ਅਸੀਂ ਕੁਲੀਨ ਵਰਗ ਅਤੇ ਬਾਦਸ਼ਾਹਤਾਂ ਉਲਟਾ ਦਿਆਂਗੇ ਤੇ ਇਨਕਲਾਬਾਂ ਦੇ ਨਿਰਮਾਤਾ ਹੋਆਂਗੇ।

ਇਨਕਲਾਬ ਮਚਾਉਣ ਤੋ ਵੀ ਵਡੇਰਾ ਕੰਮ ਹੋਏਗਾ ਨਵੇਂ ਸੰਵਿਧਾਨ ਲਾਗੂ ਕਰਨਾ। ਏਥੇ ਅਸੀਂ ਬੜੇ ਸਹਿਜ ਅਤੇ ਸਿਆਣਪ ਤੋ ਕੰਮ ਲਵਾਂਗੇ। ਸਾਡੀ ਦੌਲਤ ਤੇ ਉਸਰੀਆਂ ਯੂਨੀਵਰਸਿਟੀਆਂ ਦੇ ਬੁੱਧੀਜੀਵੀਆਂ ਦੀਆਂ ਕੌਂਸਲਾਂ ਯਾਨੀ ਸੰਵਿਧਾਨ ਘੜਨੀ ਕੌਂਸਲਾਂ ਵਿਚ ਸੰਵਿਧਾਨ ਪਹਿਲਾਂ ਹੀ ਤਿਆਰ ਕੀਤੇ ਹੋਏ ਹੋਣਗੇ। ਇਨਕਲਾਬ ਦੇ ਆਤੰਕ ਦੇ ਗਰਦ ਗੁਬਾਰ ਵਿੱਚ ਹੀ ਅਸੀਂ ਨਵਾਂ ਸੰਵਿਧਾਨ ਲਾਗੂ ਕਰਵਾ ਦਿਆਂਗੇ। ਇਹ ਕੰਮ ਸਾਡੀਆਂ ਗੁਪਤ ਸਭਾਵਾਂ ਫਰੀ-ਮੇਸ਼ਨਰੀ (ਅਤੇ ਜੋ ਨਵੀਆਂ ਗੁਪਤ ਸੰਪਰਦਾਆਂ ਅਰਥਾਤ ਇਲੂਮੀਨਾਟੀ ਆਦਿ ਪੈਦਾ ਕਰ ਰਹੇ ਹਾਂ।) ਦੇ ਰਾਹੀਂ ਆਸਾਨੀ ਨਾਲ ਲਾਗੂ ਕਰਵਾ ਦਿਆਂਗੇ। ਸੰਵਿਧਾਨ ਸਾਡੀ ਚੌਸਰ ਦੇ ਮੋਹਰੇ ਹੋਣਗੇ।

ਪ੍ਰੈੱਸ ਦਾ ਮਹੱਤਵ ਲਗਾਤਾਰ ਵਧੀ ਜਾ ਰਿਹਾ ਹੈ। ਇਸ ਨੂੰ ਤੋਰੀ ਰੱਖਣ ਲਈ ਵੀ ਸੋਨੇ ਦੀ ਚਾਬਕ ਦੀ ਲੋੜ ਹੁੰਦੀ ਹੈ ਜੋ ਅਸੀਂ ਹੀ ਮਹੱਈਆ ਕਰ ਸਕਦੇ ਹਾਂ। ਸਾਹਿਤ ਅਤੇ ਪੱਤਰ-ਕਾਰਤਾ, ਸ਼ਿਕਸ਼ਾ ਦੇ ਦੋ ਵੱਡੇ ਥੰਮ ਹੁੰਦੇ ਹਨ। ਇਨਾਂ ਤੇ ਸਾਡੀ ਸਰਕਾਰ ਦੀ ਮਾਲਕੀ ਹੋਵੇਗੀ। ਵਿਰੋਧੀ ਨਿੱਜੀ ਪ੍ਰੈੱਸ ਦੇ ਲੋਕ ਮਨਾਂ ਤੇ ਅਸਰ ਨੂੰ ਖੰਡਿਤ ਕਰ ਦਿਆਂਗੇ ਤੇ ਆਪ ਲੋਕ ਮਨਾਂ ਦੇ ਸ਼ਹਿਨਸ਼ਾਹ ਬਣ ਬੈਠਾਂਗੇ।

ਵਿਰੋਧੀਆਂ ਦੇ ਦਸ ਪੱਤਰਾਂ ਨੂੰ ਆਗਿਆ ਦੇਣ ਦੇ ਮੁਕਾਬਲੇ ਉਪਰ ਅਸੀ ਆਪ ਉਂਵੇਂ ਦੇ ਹੀ ਤੀਹ ਪੱਤਰ ਛਾਪ ਦਿਆਂਗੇ। ਹੱਕ ਅਤੇ ਵਿਰੋਧ ਵਿੱਚ ਦਲੀਲਾਂ ਦਾ ਤਿੱਖਾ ਹੜ੍ਹ ਵਹਾਅ ਦਿਆਂਗੇ। ਲੋਕਾ ਨੂੰ ਅਤੇ ਵਿਰੋਧੀਆ ਨੂੰ ਭੰਵਲਭੂਸੇ ਵਿਚ ਪਾ ਕੇ ਆਪਣੇ ਜਾਲ ਵਿੱਚ ਫਸਾ ਲਵਾਂਗੇ।

ਤੱਤਸਾਰ ਇਹ ਹੈ ਕਿ ਸੰਵਿਧਾਨਕ ਸੀਮਾਵਾਂ ਦੇ ਅੰਦਰ ਰਹਿ ਦੇ ਅਸੀ ਹਰ ਪ੍ਰਕਾਰ ਦੇ ਜਿਵੇਂ ਕਿ ਰਾਜ ਤੰਤਰੀ, ਕੁਲੀਨ-ਤੰਤਰੀ, ਲੋਕ ਰਾਜੀ, ਇਨਕਲਾਬੀ ਇੱਥੋਂ ਤੱਕ ਕਿ ਅਰਾਜਕਤਾਵਾਦੀ ਅਖਬਾਰ ਛਾਪਾਂਗੇ।

ਭਾਰਤੀ ਅਵਤਾਰ ਵਿਸ਼ਨੂੰ ਵਾਂਗ ਸਾਡੇ ਸੌ ਹੱਥ ਹੋਣਗੇ। ਯਾਨੀ ਪੰਜ ਸੌ ਉਂਗਲਾਂ ਹੋਣਗੀਆਂ। ਹਰ ਇੱਕ ਉਂਗਲ ਕਿਸੇ ਨਾ ਕਿਸੇ ਲੋਕ ਰਾਏ ਦੀ ਧੜਕਨ ਤੇ ਰੱਖੀ ਹੋਵੇਗੀ। ਧੜਕਨ ਵਧੇਗੀ ਤਾ ਮਰੀਜਾਂ ਦੀ ਨਿਸ਼ਾਨ ਦੇਹੀ ਹੋ ਜਾਏਗੀ। ਕੁਦਰਤੀ ਗੱਲ ਹੈ ਕਿ ਮਰੀਜ਼

Scanned with OKEN Scanner
Scanned with OKEN Scanner

ਦੀ ਨਿਰਨਾ ਕਰਨ ਦੀ ਸ਼ਕਤੀ ਘੱਟ ਜਾਂਦੀ ਹੈ। ਸਾਡੇ ਨਿਰਨਾਇਕ ਹੱਥ ਉਸਨੂੰ ਅਸਾਨੀ ਨਾਲ ਆਪਣੇ ਨਿਰਨਿਆ ਦੀ ਤਰਫ ਵੱਲ ਲੈ ਆਉਣਗੇ। ਮਰੀਜ਼ ਅਸਾਨੀ ਨਾਲ ਹਾਰ ਮੰਨ ਲਏਗਾ। ਮੂਰਖ ਲੋਕ ਜੋ ਸਮਝਦੇ ਕਿ ਆਪਣੇ ਅਖਬਾਰਾਂ ਦੀ ਰਾਏ ਮੰਨ ਰਹੇ ਹਨ। ਅਸਲ ਵਿਚ ਉਹ ਸਾਡੀ ਰਾਏ ਨੂੰ ਹੀ ਆਪਣੀ ਸਮਝ ਕੇ ਦੂਹਰਾ ਰਹੇ ਹੋਣਗੇ। ਉਨ੍ਹਾਂ ਨੇ ਆਪਣਾ ਸਮਝ ਕੇ ਸਾਡਾ ਹੀ ਝੰਡਾ ਪਕੜਿਆ ਹੋਇਆ ਹੋਏਗਾ।

ਅਸੀਂ ਆਪਣਾ ਅਧਿਕਾਰਤ ਸੱਚ ਵੀ ਆਪ ਖੁਦ ਨਹੀਂ ਸਗੋਂ ਅਖੌਤੀ ਵਿਰੋਧੀਆਂ ਕੋਲੋਂ ਛਪਾਇਆ ਕਰਵਾਂਗੇ ਜੋ ਤੁਰੰਤ ਪਰਵਾਨ ਚੜ੍ਹਨਯੋਗ ਸਮਝਿਆ ਜਾਏਗਾ।

ਏਸੇ ਪ੍ਰੈੱਸ ਰਾਹੀਂ ਹੀ ਅਸੀਂ ਆਪਣੇ ਧਰਮ ਦਾ ਸ਼ੁਭ ਪਰਚਾਰ ਕਰਾਵਾਂਗੇ ਤੇ ਵਿਰੋਧੀ ਧਰਮ ਦਾ ਦੁਰਪ੍ਰਚਾਰ ਕਰਕੇ ਹੌਲੀ ਹੌਲੀ ਉਸਦਾ ਨਾਮੋ ਨਿਸ਼ਾਨ ਮਿਟਾ ਦਿਆਂਗੇ।

ਹੌਲੀ ਹੌਲੀ ਸੁਪਨਾਸਾਜ਼ਾਂ ਤੇ ਵਿਰੋਧੀਆਂ ਦਾ ਸਮਾਂ ਬੀਤ ਜਾਏਗਾ। ਉਹ ਲੋਕਾ ਨੂੰ ਉਨਤੀ ਦੇ ਸੁਪਨੇ ਦਿਖਾਈ ਜਾਣਗੇ। ਅੰਤ ਸਮਝ ਆ ਜਾਏਗੀ ਕਿ ਪਰਮ ਸੱਚ ਇਹ ਹੈ ਕਿ ਉਨਤੀ ਨਾਮ ਦੀ ਕੋਈ ਚੀਜ ਨਹੀਂ ਹੁੰਦੀ। ਇਹ ਤਾਂ ਸੱਚ ਤੇ ਪਾਇਆ ਧੁੰਦੂਕਾਰੇ ਦਾ ਜੰਜਾਲ ਹੁੰਦਾ ਹੈ। ਇਹ ਸਮਝ ਸਾਨੂੰ ਤੇ ਕੇਵਲ ਸਾਨੂੰ ਹੀ ਆ ਸਕਦੀ ਹੈ ਜਿਹੜੇ ਰੱਬ ਦੇ ਚੁਨਿੰਦਾ ਵਿਅਕਤੀ ਹਾਂ।

ਗੋਇਮ ਲੋਕਾਂ ਦੇ ਨੇਤਾ ਬਣਨ ਦੀ ਸਿਖਲਾਈ ਅਤੇ ਮੁਹਾਰਾਤ ਪ੍ਰਾਪਤ ਕਰ ਚੁੱਕੇ ਸਾਡੇ ਸੁਲਝੇ ਹੋਏ ਬੁੱਧੀਜੀਵੀ ਐਸੇ ਭਾਸ਼ਣ, ਖਾਕੇ, ਤਜਵੀਜਾਂ, ਯਾਦਾਂ, ਲੇਖ ਆਦਿ ਤਿਆਰ ਕਰਨਗੇ ਜਿਨ੍ਹਾਂ ਦੇ ਇਸਤੇਮਾਲ ਨਾਲ ਅਸੀਂ ਗੋਇਮ ਲੋਕਾਂ ਦੇ ਮਨਾਂ ਨੂੰ ਪ੍ਰਭਾਵਿਤ ਕਰਾਂਗੇ ਅਤੇ ਆਪਣੇ ਪ੍ਰੀਭਾਸ਼ਿਤ ਗਿਆਨ ਰੂਪਾ ਨੂੰ ਉਨ੍ਹਾਂ ਦੀ ਸਮਝ ਦਾ ਹਿੱਸਾ ਬਣਨ ਪ੍ਰਤੀ ਦਿਸ਼ਾ ਨਿਰਦੇਸ਼ਨ ਵੀ ਕਰਾਂਗੇ।

ਅਸੀਂ ਫ੍ਰੀ-ਮੇਸ਼ਨਰੀ ਲਾਜਾਂ ਜੋ ਸਾਡੀਆਂ ਉਪਜਾਈਆਂ ਗੁਪਤ ਸਭਾਵਾ ਹਨ, ਜਿਨ੍ਹਾਂ ਵਿਚੋਂ ਹੋਰ ਵੀ ਗੁਪਤ ਤੇ ਵਧੇਰੇ ਕਾਰਗਰ (ਇਲੂਮੀਨਾਟੀ ਵਰਗੀਆਂ) ਸਭਾਵਾਂ ਉਸਾਰਾਂਗੇ, ਰਾਹੀਂ ਅਸਰ ਰਸੂਖ ਰੱਖਣ ਵਾਲਿਆਂ ਨੂੰ ਭਰਤੀ ਕਰਕੇ ਜਸੂਸੀ ਦੇ ਅੱਡੇ ਬਣਾਵਾਂਗੇ। ਇਹ ਸੰਸਥਾਂਵਾਂ ਸਾਡੇ ਬਹੁਤ ਵਿਵੇਕਸ਼ੀਲ ਵਡੇਰਿਆ (Learned Elders) ਅਧੀਨ ਕੰਮ ਕਰਨਗੀਆ। ਸਾਰੇ ਇਨਕਲਾਬੀਆਂ ਅਤੇ ਆਜਾਦ ਸੋਚਵਾਨਾ ਦੀਆ ਡੋਰਾਂ ਇਨ੍ਹਾਂ ਲਾਜਾਂ ਦੀ ਲੜੀ ਵਿਚ ਪ੍ਰੋ ਦਿਆਂਗੇ। ਇਨ੍ਹਾਂ ਵਿੱਚ ਹਰ ਵਰਗ ਦੇ ਲੋਕ ਸ਼ਾਮਿਲ ਹੋ ਸਕਣਗੇ।

ਵਿਰੋਧੀ ਅੰਦੋਲਨ ਹੁੰਦਾ ਹੈ ਤਾ ਭਾਵ ਹੈ ਕਿ ਲੋਕਾਂ ਵਿੱਚ ਏਕਾ ਹੈ, ਜਿਸਨੂੰ ਵਧੇਰੇ ਗਰਮ ਅੰਦੋਲਨਾਂ ਨਾਲ ਤੋੜਨਾਂ ਹੈ। ਵਿਰੋਧੀ ਸਾਜਿਸ਼ਾਂ ਵੀ ਰਚ ਹੋਣ ਪਰ ਇਨ੍ਹਾਂ ਦਾ ਮੁਖੀ ਸਾਡਾ ਆਪਣਾ ਵਿਸ਼ਵਾਸ ਪਾਤਰ ਹੋਏ। ਉਹ ਸਾਡੀ ਆਪਣੀ ਗੁਪਤ ਫਰੀ ਮੇਸਨ ਦਾ ਨੇਤਾ ਵੀ ਹੋਏ। ਅਸੀਂ ਐਸਾ ਤੰਤਰ ਰਚ ਦਿਆਂਗੇ ਕਿ ਸਾਡੇ ਕੱਟੜ ਵਿਰੋਧੀ ਵੀ ਸਾਡੀ ਭਾਸ਼ਾ ਹੀ ਬੋਲ ਸਕਣ। ਇਸੇ ਨੂੰ ਉਹ ਆਪਣੀ ਸਮਝ ਕੇ ਸਾਡੇ ਵੱਲੋਂ ਵਾਹਵਾ ਖੱਟਣਗੇ ਤੇ ਸਮਝਣਗੇ ਕਿ

Scanned with OKEN Scanner

ਉਹ ਅਸਲ ਲੋਕ-ਨੇਤਾ ਹਨ।

ਹਰ ਇੱਕ ਨੂੰ ਅੰਤ ਮਰਨਾ ਤਾਂ ਹੈ ਹੀ। ਚੰਗਾ ਹੈ ਕਿ ਆਪਣੇ ਆਪ ਨਾਲੋਂ ਉਨ੍ਹਾਂ ਨੂੰ ਵਧੇਰੇ ਮਾਰੀਏ ਜੋ ਸਾਡੇ ਰਾਹ ਦੇ ਰੋੜੇ ਬਣਨ। ਅਸੀਂ ਆਪਣੇ ਹੀ ਏਜੰਟਾਂ, ਫਰੀ-ਮੇਸਨਜ, ਨੂੰ ਵੀ ਮੌਤ ਦੇ ਘਾਟ ਉਤਾਰਦੇ ਹਾਂ। ਇਉਂ ਹੋਣ ਨਾਲ ਦੁਸ਼ਮਣ ਦਾ ਹੋਰ ਵਿਸ਼ਵਾਸ ਜਿੱਤਦੇ ਹਾਂ ਤੇ ਫ੍ਰੀਮੇਸਨਜ਼ ਵਿਚੋਂ ਵੀ ਸ਼ੱਕੀਆਂ ਦਾ ਸਫਾਇਆ ਕਰ ਦਿੰਦੇ ਹਾਂ।

ਆਪਣੇ ਯੋਜਨਾਬੱਧ ਪ੍ਰਭਾਵ ਨਾਲ ਅਸੀਂ ਗੋਇਮ ਲੋਕਾਂ ਦੇ ਸਿਧਾਂਤਾ, ਕਾਨੂੰਨਾ ਨੂੰ ਨਿਰਾਰਥਕ ਕਰ ਦਿੱਤਾ ਹੈ। ਵਿਸ਼ੇਸ਼ ਅਤੇ ਮੂਲ ਸਿਧਾਂਤਕ ਮਸਲਿਆਂ ਉਪਰ ਜੱਜਾਂ ਦੇ ਫੈਂਸਲੇ ਉਹੀ ਹੁੰਦੇ ਹਨ ਜੋ ਸਾਡੇ ਵਲੋਂ ਗੁਪਤ ਤੌਰ ਤੇ ਆਦੇਸ਼ਤ ਹੁੰਦੇ ਹਨ, ਸੈਨੇਟਰ ਤੇ ਰਾਜ ਪਾਲਿਕਾਵਾਂ ਦੇ ਮੈਂਬਰ ਵੀ ਸਾਡੀ ਸਲਾਹ ਉਪਰ ਚੱਲਦੇ ਹਨ ਕਿਉਂਕਿ ਅਸੀਂ ਵਿਚਾਰਸ਼ੀਲ ਵਿਅਕਤੀ ਹਾਂ ਅਤੇ ਉਹ ਕੀੜ ਮਾਇਆ ਹੈ।

ਸਾਡਾ ਰਾਜ ਆਉਣ ਤੇ ਜੋ ਕਾਨੂੰਨ ਅਸੀਂ ਘੜਾਂਗੇ, ਉਹੀ ਸਿਧੇ, ਸੌਖੇ, ਸਰਲ, ਸਥਿਰ ਤੇ ਸਵੈ ਵਿਰੋਧਾਂ ਤੋਂ ਮੁਕਤ ਹੋਣਗੇ। ਹਰ ਇੱਕ ਦੀ ਸਮਝ ਦੀ ਪਹੁੰਚ ਦੇ ਅੰਦਰ ਹੋਣਗੇ ਤਾ ਹੀ ਲੋਕਾਂ ਵੱਲੋਂ ਆਸਾਨੀ ਨਾਲ ਮੰਨਣ ਯੋਗ ਹੋਣਗੇ।

ਸਾਡੀ ਨਿਆਂ ਪਾਲਿਕਾ ਤੇ ਕਾਮੇ 55 ਸਾਲ ਦੀ ਉਮਰ ਤੱਕ ਸੇਵਾ ਕਰਨਗੇ। ਬੁੱਢੇ ਲੋਕ ਸਨਕੀ ਤੇ ਘੱਟ ਲਚਕੀਲੇ ਹੋ ਜਾਂਦੇ ਹਨ। ਨਵੇਂ ਜੱਜ ਲਚਕੀਲੇ ਹੋਣ ਕਰਕੇ ਸਾਡੇ ਦਾਬੇ ਥੱਲੇ ਰਹਿਣਗੇ। ਜੱਜਾਂ ਨੂੰ ਦ੍ਰਿੜ ਸਮਝ ਹੋਏਗੀ ਕਿ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕਰਨਾ ਹੈ। ਮੁਲਜ਼ਮਾਂ ਨੂੰ ਸਖਤ ਸਜਾਵਾਂ ਦੇਣੀਆਂ ਹਨ। ਜੱਜ ਬਦਲਦੇ ਰਹਿਣਗੇ ਤਾਂ ਉਨ੍ਹਾਂ ਵਿਚ ਏਕਾ ਨਹੀਂ ਹੋ ਸਕੇਗਾ।

ਗੋਇਮ ਬਾਦਸ਼ਾਹਤਾਂ ਨੂੰ ਲਿਤਾੜ ਕੇ ਡੈਮੋਕ੍ਰਸੀਆਂ ਲਿਆਂਵਾਂਗੇ ਜੋ ਛੇਤੀ ਹੀ ਨਿਰਾਰਥਕ ਹੋ ਜਾਣਗੀਆਂ। ਅੰਤ ਅਸੀਂ ਆਪਣੀ ਬਾਦਸ਼ਾਹਤ ਲਿਆਵਾਂਗੇ। ਸਾਡੇ ਰਾਜ ਦੀ ਦਿੱਖ ਪਿੱਤਰੀ-ਤੰਤਰ ਦੀ ਹੋਵੇਗੀ। ਲੋਕ ਬਾਦਸ਼ਾਹ ਨੂੰ ਆਪਣਾ ਬਾਪ ਮੰਨਣਗੇ ਜੋ ਉਨ੍ਹਾਂ ਦੀ ਹਰ ਲੋੜ, ਕਾਰਜ, ਨਿਸ਼ੜੇ ਦੀ ਦੇਖ ਭਾਲ ਕਰੇਗਾ। ਲੋਕਾਂ ਦੀ ਸਾਡੇ ਬਾਪੇ ਬਾਦਸ਼ਾਹ ਵਿਚ ਏਨੀ ਸ਼ਰਧਾ ਹੋਵੇ ਕਿ ਉਨ੍ਹਾਂ ਨੂੰ ਯਕੀਨ ਹੋ ਜਾਏ ਕਿ ਜੇਕਰ ਉਨ੍ਹਾਂ ਨੇ ਸ਼ਾਂਤ ਜੀਵਨ ਬਸਰ ਕਰਨਾ ਹੈ, ਤਾ ਉਨ੍ਹਾਂ ਨੂੰ ਉਸਨੂੰ ਦੇਵਤਾ ਸਮਾਨ ਮੰਨਣਾ ਪਵੇਗਾ।

ਕੁਦਰਤ ਦੇ ਨਿਯਮ, 'ਸ਼ਕਤੀਸ਼ਾਲੀ ਰਾਜ ਕਰੇ' ਅਤੇ 'ਮਾੜਾ' ਅਧੀਨਗੀ ਪਰਵਾਣੇ (Survival of the filtest) ਨੂੰ ਲਾਗੂ ਕਰਵਾਉਣਾਂ ਬਾਦਸ਼ਾਹ ਦਾ ਹੱਕ ਹੋਵੇਗਾ। ਮਨੁੱਖੀ ਭਲਾਈ ਲਈ ਅਸੀਂ ਆਪਣੇ ਆਪ ਨੂੰ ਸ਼ਕਤੀਸ਼ਾਲੀ ਸਮਝਦੇ ਹੀ ਨਹੀ, ਸੱਚਮੁੱਚ ਹਾਂ ਵੀ।

ਜਦੋਂ ਸਾਰਾ ਯੂਰਪ ਖੁਸ਼ੀ ਖੁਸ਼ੀ ਇਸਰਾਈਲ ਦੇ ਬਾਦਸ਼ਾਹ ਦੇ ਪਵਿੱਤਰ ਸਿਰ ਤੇ ਆਪਣਾ ਬਾਦਸ਼ਾਹ ਮੰਨਣ ਦਾ ਸ਼ਾਹੀ ਮੁਕਟ ਪਹਿਨਾਉਣਾ ਪਰਵਾਣ ਕਰ ਲਏਗਾ ਤਾ ਉਹ ਆਪਣੇ ਆਪ ਹੀ ਸਾਰੀ ਸ੍ਰਿਸ਼ਟੀ ਦਾ ਸ਼ਹਿਨਸ਼ਾਹ ਵੀ ਪਰਵਾਣਿਆ ਜਾਵੇਗਾ।

Scanned with OKEN Scanner

ਤਾਲੀਮੀ ਸਿਸਟਮ :- ਤਾਲੀਮ ਦੇ ਬਾਰੇ ਸਾਡੇ ਵਡੇਰੇ ਬੁੱਧੀਮਾਨਾਂ ਨੇ ਕਿਹਾ ਹੈ ਕਿ ਗੋਇਮ ਯੂਨੀਵਰਸਿਟੀਆਂ, ਜੋ ਸਾਡੇ ਵਿਰੁੱਧ ਏਕੇ ਦੀਆਂ ਸੰਭਾਵਤ ਕੇਂਦਰ ਸਣ ਸਕਦੀਆਂ ਹਨ, ਨੂੰ ਸਭ ਤੋਂ ਪਹਿਲੇ ਪੜਾਂ ਵਜੋਂ ਨਿਪੁੰਸਿਕ ਕਰਾਂਗੇ।

ਤਾਲੀਮ ਦੀਆਂ ਨਵੀਆਂ ਸੇਧਾਂ ਦਿਆਂਗੇ। ਵੇਰਵੇ ਭਰਪੂਰ ਗੁਪਤ ਯੋਜਨਾਵਾਂ ਰਾਹੀਂ ਯੂਨੀਵਰਸਿਟੀਆਂ ਦੇ ਕਰਮਚਾਰੀਆਂ ਅਤੇ ਪ੍ਰੋਫੈਸਰਾਂ ਨੂੰ ਆਪਣੇ ਨਵੇਂ ਫਰਜਾਂ ਅਤੇ ਨੀਤੀ ਸੰਬੰਧੀ ਸਿੱਖਿਅਤ ਕਰਾਂਗੇ। ਇਸ ਤੋਂ ਉਹ ਰੱਤੀ ਭਰ ਵੀ ਏਧਰ ਉੱਧਰ ਨਹੀਂ ਹੋਣਗੇ। ਨਿਯੁਕਤੀ ਲਈ ਚੋਣ ਬੜੀ ਹੀ ਸਾਵਧਾਨੀ ਨਾਲ ਕੀਤੀ ਜਾਵੇਗੀ ਕਿ ਉਹ ਸਦਾ ਸਰਕਾਰ ਉੱਪਰ ਨਿਰਭਰ ਰਹਿਣ। ਸਟੇਟ ਲਾਅ ਅਤੇ ਇਸ ਨਾਲ ਸੰਬੰਧਿਤ ਹੋਰ ਸਿਆਸੀ ਸੁਆਲਾਂ ਨੂੰ ਤਾਲੀਮ ਦੇ ਕੋਰਸਾਂ ਵਿਚੋਂ ਹੀ ਬਾਹਰ ਕੱਢ ਦਿਆਗੇ।

ਇਹੋ ਜਿਹੇ ਨਾਜ਼ੁਕ ਵਿਸ਼ਿਆਂ ਦੀ ਤਾਲੀਮ ਬਸ ਕੁਝ ਕੁ ਦਰਜਨ ਵਿਰਲੇ ਵਾਂਝੇ ਚੋਣਵੇਂ ਸਿੱਖਿਅਕਾਂ ਨੂੰ ਹੀ ਦਿੱਤੀ ਜਾਵੇਗੀ।

ਰਾਜ ਪਰਣਾਂਲੀਆਂ ਦੇ ਗੰਭੀਰ ਮਸਲਿਆਂ ਬਾਰੇ ਜਦੋਂ ਆਮ ਹੀ ਫੂਹੜ ਜਿਹੇ ਸਿਖਿਅਕਾਂ ਨੂੰ ਸਿੱਖਿਆ ਦਿੱਤੀ ਜਾਣ ਲੱਗੀ ਤਾ ਉਹ ਯੂਟੋਪੀਆ (ਕਲਪਨਿਕ ਪੂਰਨ ਰਾਜ ਪ੍ਰਬੰਧਾਂ ਦੇ ਨਮੂਨਿਆਂ) ਦੇ ਸੁਪਨੇ ਲੈਣ ਲੱਗ ਜਾਣਗੇ। ਗੋਇਮ ਵਿਚ ਅਸੀਂ ਸਰਵ ਸਿੱਖਿਆ ਅਭਿਆਨਾਂ ਨੂੰ ਜਰੂਰੀ ਕਰਾਰ ਦਿਆਂਗੇ, ਪਰ ਆਪਣੀ ਉੱਚ ਸਿੱਖਿਆ ਪ੍ਰਣਾਲੀ ਵਿੱਚ ਚੋਣ ਬੜੀ ਹੀ ਔਖੀ ਅਤੇ ਸਖਤ ਸਿਧਾਂਤਕ ਹੋਵੇਗੀ।

ਰਾਜ ਭਾਗ ਪੂਰੀ ਤਰ੍ਹਾਂ ਸਾਂਭਣ ਮਗਰੋਂ ਅਸੀਂ ਸਿੱਖਿਆ ਪ੍ਰਣਾਲੀ ਵਿਚੋਂ ਐਸੇ ਵਿਸ਼ੇ ਕੱਢ ਹੀ ਦਿਆਂਗੇ ਜੋ ਬਦ ਅਮਨੀ-ਬੇਚੈਨੀ ਪੈਦਾ ਕਰਨ।

ਐਸਾ ਯੁਵਾ-ਵਰਗ ਪੈਦਾ ਕਰਾਂਗੇ ਜੋ ਰਾਜ ਨੂੰ ਪਿਆਰ ਕਰੇ, ਜੋ ਰਾਜੇ ਨੂੰ ਪਿਆਰ ਕਰੇ ਕਿਉਂਕਿ ਉਹੀ ਉਨ੍ਹਾਂ ਨੂੰ ਸ਼ਾਂਤੀ ਤੇ ਸੁਰੱਖਿਆ ਮੁਹੱਈਆ ਕਰਦਾ ਹੈ।

ਅਸੀਂ ਇਤਿਹਾਸ ਦੀਆਂ ਮਾੜੀਆਂ ਉਦਾਹਰਨਾਂ ਦੀ ਥਾਂ ਤੇ ਭਵਿੱਖੀ ਯੋਜਨਾਵਾਂ ਦਾ ਵਧੇਰੇ ਅਧਿਐਨ ਕਰਾਂਵਾਂਗੇ, ਅਸੀਂ ਗੋਇਮ ਸਰਕਾਰਾਂ ਦੇ ਔਗੁੱਣ ਨੂੰ ਵਧਾ ਚੜ੍ਹਾ ਕੇ ਪੜ੍ਹਾਂਵਾਂਗੇ, ਪਰ ਉਨ੍ਹਾਂ ਦੇ ਗੁਣਾਂ ਦਾ ਮਨੁੱਖੀ ਯਾਦ ਚੋਂ ਹੀ ਨਾਮੋਂ ਨਿਸ਼ਾਨ ਮਿਟਾ ਦੇਵਾਂਗੇ। ਸਾਂਝ ਸਿੱਖਿਆ ਪਰਣਾਲੀ ਉਕਾ ਹੀ ਨਹੀਂ ਹੋਵੇਗੀ।

ਰਾਜੇ ਦੇ ਅਕਸ ਨੂੰ ਲੋਕਾਂ ਦੇ ਮਨ੍ਹਾਂ ਵਿਚ ਪੱਕੀ ਤਰ੍ਹਾ ਬਿਠਾਉਣ ਲਈ ਜਰੂਰੀ ਹੈ ਕਿ ਉਹ ਜੋ ਵੀ ਬੋਲੇ ਜਾਂ ਕਾਰਜ ਕਰੇ ਨੂੰ ਦੇਸ਼ ਦੇ ਸਕੂਲਾਂ, ਹੋਰ ਅਦਾਰਿਆਂ, ਗਲੀਆਂ, ਬਜਾਰਾਂ ਵਿਚ ਇਉਂ ਪਰਚਾਰਿਆਂ ਜਾਵੇਗਾ, ਜਿਵੇਂ ਇਹ ਸਭ ਲੋਕ ਭਲਾਈ ਲਈ ਹੀ ਕੀਤਾ ਜਾ ਰਿਹਾ ਹੋਵੇ।

ਸਦੀਆਂ ਦੇ ਤਜਰਬੇ ਨੇ ਸਿਖਾਇਆ ਹੈ ਕਿ ਲੋਕ ਵਿਚਾਰਾਂ ਤੋਂ ਹੀ ਨਿਰਦੇਸ਼ਨਾਂ

Scanned with OKEN Scanner

ਲੈਂਦੇ ਹਨ ਤੇ ਨਿਰਦੇਸ਼ਨਾਂ ਅਨੁਸਾਰ ਜੀਵਨ ਬਤੀਤ ਕਰਦੇ ਹਨ। ਵਿਚਾਰ ਵਿੱਦਿਅਕ-ਅਦਾਰਿਆਂ ਚੋਂ ਜਨਮਦੇ ਹਨ। ਅਸੀਂ ਵਿੱਦਿਅਕ ਅਦਾਰਿਆਂ ਨੂੰ ਆਪਣੇ ਹਿੱਤ ਦੇ ਵਿਚਾਰਾਂ ਨੂੰ ਉਪਜਾਉਣ ਦੀ ਨਰਸਰੀ ਬਣਾ ਦਿਆਂਗੇ।

ਵਕੀਲ-ਵਕਾਲਤ :- ਵਕਾਲਤ ਦੇ ਕਿੱਤੇ ਨੇ ਗੋਇਮ ਵਕੀਲਾਂ ਨੂੰ ਰੁਖੇ, ਜ਼ਾਲਮ, ਹਠੀ, ਬੇ-ਅਸੂਲੇ ਬਣਾ ਦਿੱਤਾ ਹੈ ਜੋ ਹਰ ਇੱਕ ਮਸਲੇ ਨੂੰ ਅਨਿੱਜੀ ਤੇ ਕਾਨੂੰਨੀ ਕੋਨ ਤੋਂ ਦੇਖਦੇ ਪਰਖਦੇ ਹਨ। ਹਰ ਕੇਸ ਦੇ ਬਚਾਅ ਪਹਿਲੂ ਵੱਲ ਵੱਧੇਰੇ ਧਿਆਨ ਦਿੰਦੇ ਹਨ, ਨਾ ਕਿ ਨਤੀਜਤਨ ਲੋਕ-ਭਲਾਈ ਦੇ ਸਿੱਟਿਆ ਵੱਲ। ਉਹ ਹਰ ਹਰਵਾ ਵਕਤ ਕੇ ਸਾਇਲ ਨੂੰ ਬਰੀ ਕਰਾਉਣਾ ਚਾਹੁੰਦੇ, ਨਿਆਂ-ਸ਼ਾਸ਼ਤਰ ਦੀ ਹਰ ਘੁੰਡੀ 'ਚ ਅੱਗੇ ਘੁੰਡੀ ਅੜ੍ਹਾ ਕੇ ਹੋਰ ਘੁੰਡੀਆਂ ਪਾਉਂਦੇ ਤੇ ਨਿਆਂ ਪ੍ਰਣਾਲੀ ਨੂੰ ਸ਼ਰਮਸਾਰ ਕਰ ਦੇਂਦੇ ਹਨ।

ਪਰ ਸਾਡੇ ਰਾਜ ਵਿੱਚ ਇਨ੍ਹਾਂ ਦੀ ਬਹੁਤ ਸੀਮਤ ਭੂਮਿਕਾ ਹੋਏਗੀ। ਸਰਕਾਰ ਵੱਲੋਂ ਕੇਸ ਸੌਂਪਿਆਂ ਜਾਵੇਗਾ ਤੇ ਨਿਆ ਸ਼ਾਸਤਰ ਦੀ ਕਸਵੱਟੀ ਤੇ ਇਸਨੂੰ ਪਰਖਿਆ ਜਾਵੇਗਾ ਕਿ ਵਕੀਲ ਤੱਥਾਂ ਸੱਚਾਂ ਦੇ ਨੋਟਸ ਲਿਖਣ। ਇਹ ਸਰਕਾਰੀ ਵਕੀਲਾਂ ਦੇ ਸਹਾਇਕ ਹੋਣਗੇ। ਅੱਗੋਂ ਸਰਕਾਰੀ ਵਕੀਲ ਜੱਜਾਂ ਅੱਗੇ ਤੱਥ-ਸੱਚ ਪੇਸ਼ ਕਰਨਗੇ ਤੇ ਉਹ ਫੈਸਲੇ ਕਰਨਗੇ। ਵਕੀਲਾਂ ਨੂੰ ਸਰਕਾਰ ਵੱਲੋ ਭੱਤਾ ਦਿੱਤਾ ਜਾਵੇਗਾ ।

ਸਾਡੀ ਰੱਬੀ ਬਹਦਸ਼ਾਹੀ ਹਿੰਦੂਆਂ ਦੇ ਈਸ਼ਵਰ ਵਿਸ਼ਨੂੰ ਦਾ ਰੂਪ ਹੋਵੇਗੀ-ਪੰਜ ਸੌ ਉਂਗਲਾਂ ਤੇ ਇੱਕ ਸੌ ਹੱਥ ਵਿਚ ਸਮਾਜਿਕ ਤਾਣੇ-ਬਾਣੇ ਦੀਆਂ ਤਿਨ-ਤਿੰਨ ਤਣੀਆ ਹੋਣਗੀਆਂ। ਤਣੀਆਂ ਨੂੰ ਕੱਸਣ ਤੇ ਢਿੱਲਾ ਛੱਡਣ ਅਨੁਸਾਰ ਸਾਰਾ ਤਾਣਾ ਬਾਣਾ ਚੱਲੇਗਾ।

ਤੱਤਸਾਰ :- ਅੰਤ ਵਿਚ ਮੈਂ ਤਿੰਨ ਪਹਿਲੂਆਂ ਭੂਤ, ਭਵਿੱਖ ਅਤੇ ਵਰਤਮਾਨ ਤੇ ਵਿਚਾਰ ਰੱਖਣੇ ਹਨ।

ਸਦੀਆਂ ਵਿਚ ਫੈਲੇ ਭੂਤਕਾਲ ਵਿਚ ਸ੍ਰਿਸ਼ਟੀ ਦੇ ਸਭ ਤੋਂ ਵੱਧ ਸ੍ਰੇਸ਼ਟ ਬਾਦਸ਼ਾਹ ਸਾਡੇ ਤੇ ਕੇਵਲ ਸਾਡੇ ਹੀ ਹੋਏ ਹਨ।

ਸਾਡੇ ਬਾਦਸ਼ਾਹਾਂ ਜਿਵੇਂ ਕਿ ਸਾਲ (ਸੈਮੂਅਲ) ਮਹਾਨ ਡੇਵਿਡ (1006-960 ਈ: ਪੂ) ਸੋਲਮੋਂ (ਸੁਲੇਮਾਨ-960-935 ਈ: ਪੂ), ਉਮਰੀ (878-871 ਈ: ਪੂ), ਅਹਾਬ (871-852 ਈ: ਪੂ), ਐਲੀਜਾਹ (845-817 ਈ: ਪੂ) ਦੱਖਣ ਦੇ ਯੂਡਾਹ ਵਿਚ ਅਥਾਲੀਆਹ (845-839 ਈ: ਪੂ) ਹਜਕੀਆ (725-697 ਈ: ਪੂ) ਆਦਿ ਆਦਿ, ਦਾਰਸ਼ਨਿਕਤਾ ਦੇ ਪੈਗੰਬਰ ਵੀ ਸਨ ਅਤੇ ਰਾਜਨੀਤੀ ਦੇ ਸ਼ਹਿਨਸ਼ਾਹ ਵੀ ਸਨ।

ਇਹ ਸ੍ਰੇਸ਼ਟਤਾ ਸਾਡੇ ਵਿਚ ਹੀ ਹੈ ਕਿ ਸਾਡੇ ਬਾਦਸ਼ਾਹ ਬਾਹਦਾਸ਼ਾਹ ਹੋਣ ਦੇ ਨਾਲ ਨਾਲ ਪੈਗੰਬਰ ਵੀ ਸਨ। ਸਾਡੇ ਬਾਦਸ਼ਾਹ ਪੈਗੰਬਰ ਸਨ ਤੇ ਪੈਗੰਬਰ ਹੀ ਬਾਦਸ਼ਾਹ ਸਨ।

ਉਹ ਕਵੀ, ਪਰਚਾਰਕ, ਨੈਤਿਕਤਾ ਦੇ ਆਲੋਚਕ ਤੇ ਰਖਵਾਲੇ, ਦੂਰ-ਅੰਦੇਸ਼,

Scanned with OKEN Scanner

ਜਾਨਣਹਾਰੇ, ਅੰਤਰਜਾਮੀ, ਪਾਪੀਆਂ ਲਈ ਸਖ਼ਤ ਸਜ਼ਾਵਾਂ ਦੇਣ ਵਾਲੇ, ਪਰ ਪਛਤਾਵਾ ਕਰਨ ਵਾਲਿਆਂ ਲਈ ਬਖਸ਼ਣਹਾਰ ਵੀ ਅਤੇ ਸਿਆਸਤ ਦੇ ਸਰਵਉਚ ਪ੍ਰਭੂ ਵੀ ਸਨ।

ਸਮੁੱਚਾ ਇਤਿਹਾਸ ਪੁਕਾਰ ਪੁਕਾਰ ਕਹਿ ਰਿਹਾ ਹੈ ਕਿ ਯੇਹੋਵਾ ਦੀ ਮਿਹਰ ਨਾਲ ਅਤੇ ਮੂਸਾ ਦੀ ਅਗਵਾਈ ਵਿਚ ਇਸਰਾਈਲ ਵਿਖੇ ਸਥਾਪਿਤ ਹੋਏ ਸਾਡੇ ਕਬੀਲਿਆ ਦੀਆਂ ਪ੍ਰਾਪਤੀਆ ਮੁਕਾਬਲਤਨ ਸਰਵ-ਸ੍ਰੇਸ਼ਟ ਹਨ। ਹਾਂ, ਦੂਜਾ ਪਹਿਲੂ ਵੀ ਹੈ ਕਿ ਇਹ ਅਸੀਂ ਹੀ ਹਾਂ, ਜਿਨਾ ਨੇ ਹੁਣ ਤੱਕ ਤਿੰਨ ਉਜਾੜਿਆ ਦੀਆਂ ਮਾਰਾਂ ਸਹੀਆਂ ਹਨ। ਵਰਤਮਾਨ ਵਿਚ ਨਿਰੇ ਸੰਭਲੇ ਹੀ ਨਹੀਂ, ਸਗੋਂ ਦੁਨੀਆਂ ਭਰ ਦੇ ਧਨ ਦੇ ਇਕੋ ਇਕ ਮਾਲਕ ਬਣ ਰਹੇ ਹਾਂ।

ਦਸਤਾਵੇਜ ਦੀ ਅਗਵਾਈ ਵਿਚ ਅਸੀਂ ਸਮਝ ਲਿਆ ਹੈ ਕਿ "ਜਿਸ ਹੱਥ ਧਨ ਕਰ ਵੇਖੇ ਸੋਇ"। ਹੁਣ ਅਸੀਂ ਪੁਰਖਿਆਂ ਦੀਆਂ ਨਸੀਹਤਾਂ ਪ੍ਰਤੀ ਕਿਤੇ ਸਮਝਦਾਰ ਹੋ ਗਏ ਹਾਂ। ਬਸ ਸਮੇਂ ਦੇ ਇੱਕ ਦੋ ਗੇੜਾਂ ਦੀ ਗੱਲ ਹੈ ਕਿ ਸ੍ਰਿਸ਼ਟੀ ਦੇ ਸਾਰੇ ਧਨ ਦੇ ਕੇਂਦਰਾਂ ਅਰਥਾਤ ਬੈਂਕਾ, ਵਿੱਤੀ-ਅਦਾਰਿਆ, ਉਦਯੋਗ, ਵਪਾਰ, ਜੂਆ (Speculation), ਆਰਥਕ ਸੰਕਟ ਆਦਿ ਆਦਿ ਦੇ ਅਸੀਂ ਇੱਕੋ ਇੱਕ ਮਾਲਕ ਹੋਆਂਗੇ। ਇਉਂ ਭਵਿੱਖ ਸਾਡਾ ਹੋਏਗਾ।

ਅਸੀਂ ਧਨ ਦੇ ਮਾਲਕ ਹੋਣ ਕਰਕੇ ਧਨ ਦੇ ਰਾਹੀਂ ਗੋਇਮ (ਗੈਰ ਯਹੂਦੀ) ਸ਼ਾਹਾਂ, ਸਹਿਨਸ਼ਾਹਾਂ, ਬਾਦਸ਼ਾਹਾਂ ਨੂੰ ਤਹਿਸ-ਨਹਿਸ ਕਰ ਦਿਆਂਗੇ। ਸਾਰੇ ਯੂਰਪ ਵਿਚ ਇਨਕਲਾਬ ਮਚਾਵਾਗੇ, ਆਪਣੇ ਵਿੱਤ ਨਾਲ ਉਦਯੋਗ ਰਾਹੀਂ ਨਵੀਆਂ ਨਵੀਆਂ ਜਮਾਤਾਂ ਉਪਜਾਵਾਂਗੇ। ਜਮਾਤੀ-ਜੰਗ ਦਾ ਨਾਅਰਾ ਜ਼ੱਰੇ-ਜ਼ੱਰੇ ਤੱਕ ਪੁਜਦਾ ਕਰਾਂਗੇ।

ਨਾਸਤਿਕਤਾਵਾਦ ਰਾਹੀਂ ਵਾਰੀ ਵਾਰੀ ਸਾਰੇ ਛੋਟੇ ਛੋਟੇ ਧਰਮਾਂ ਦਾ ਨਾਸ਼ ਕਰਾਂਗੇ। ਹਾਂ, ਆਪਣਾ, ਨਿਰੋਲ ਆਪਣਾ ਇਕ ਨਵਾਂ ਸ਼ਾਹੀ ਮੱਤ ਉਪਜਾਵਾਂਗੇ ਜੋ ਹਰ ਬਸ਼ਰ ਦਾ ਧਰਮ ਹੋਏਗਾ।

ਅਸੀਂ ਇੱਕ ਤੋ ਮਗਰੋ ਇੱਕ ਲਗਭਗ ਚਾਰ ਵਿਸ਼ਵ ਯੁੱਧ ਲੁਆਵਾਂਗੇ।

ਲੋਕ ਲਾਚਾਰ ਹੋ ਕੇ ਸਾਨੂੰ ਪੁਕਾਰ ਪੁਕਾਰ ਆਖਣਗੇ 'ਲੋਕਾਈ ਬੜੇ ਤਜ਼ਰਬਿਆ ਵਿਚੋਂ ਗੁਜ਼ਰੀ ਹੈ, ਤੁਸੀਂ ਤਾਂ ਕੋਈ ਗੈਬੀ ਏਲੀਅਨਜ਼ ਹੋ ਜੋ ਦੁਨੀਆਂ ਤੇ ਰਾਜ ਕਰਨ ਆਏ ਹੋ। ਆਉ ਸਾਡੇ ਤੇ ਰਾਜ ਕਰੋ। ਉਦੋਂ ਤੱਕ ਏਲੀਅਨਜ਼ ਦੀ ਹੋਂਦ ਤੱਥ ਸੱਚ ਸਾਬਤ ਕਰ ਦਿੱਤੀ ਜਾਵੇਗੀ ਕਿਉਂਕਿ ਵਿਗਿਆਨ ਵੀ ਸਾਡੀ ਹੀ ਕਠਪੁਤਲੀ ਹੋਵੇਗੀ। ਫੇਰ ਸਾਡਾ ਇੱਕੋ ਇੱਕ ਵਿਸ਼ਵੀ ਬਾਦਸ਼ਾਹ ਇਉਂ ਆਵੇਗਾ ਜਿਵੇਂ ਅਰਸ਼ਾਂ ਤੋਂ ਉਤਰਿਆ ਹੋਵੇ। ਉਹ ਲੋਕ ਕਥਾਈ ਰੁਤਬਾ ਪ੍ਰਾਪਤ ਕਰ ਲਏਗਾ।

ਪ੍ਰਤੱਖ ਤੋਰ ਤੇ ਇਉਂ ਲੱਗੇਗਾ ਕਿ ਉਸ ਦੀਆਂ ਸ਼ਕਤੀਆਂ ਨਿਰੰਕੁਸ਼ ਹਨ। ਪਰ ਅਸਲ ਵਿਚ ਉਹ ਵੀ ਇੱਕ ਮੋਹਰਾ ਹੋਏਗਾ। ਧਨ ਅਤੇ ਰਾਜ ਦੀ ਅਸਲ ਸ਼ਕਤੀ ਸਾਡੀ ਇੱਕ ਗੁਪਤ ਪ੍ਰੀਸ਼ਦ ਦੇ ਹੱਥ ਹੋਵੇਗੀ ਜਿਸਦੇ 3-5-7 ਮੈਂਬਰ ਹੋਣਗੇ। ਸਮੇਂ ਅਨੁਸਾਰ ਪ੍ਰੀਸ਼ਦਾਂ ਦੇ ਮੈਂਬਰਾਂ ਵਿਚ ਵਾਧਾ ਘਾਟਾ ਹੁੰਦਾ ਰਹੇਗਾ। ਇਹ ਤੇਰਾਂ ਵੀ ਹੋ ਸਕਦਾ ਹੈ।

Scanned with OKEN Scanner

ਗੁਪਤ ਪ੍ਰੀਸ਼ਦ ਸਦੀਆਂ ਤੋਂ ਸਾਡਾ ਮਾਰਗ ਦਰਸ਼ਨ ਕਰਦੀ ਰਹੀ ਹੈ ਕਰ ਰਹੀ ਹੈ ਤੇ ਰਹਿੰਦੀ ਦੁਨੀਆਂ ਤੱਕ ਕਰਦੀ ਰਹੇਗੀ। ਏਹੀ ਪ੍ਰੀਸ਼ਦ ਸਾਡਾ ਗੁਪਤ ਪ੍ਰਭੂ ਸੀ, ਹੁਣ ਵੀ ਹੈ ਅਤੇ ਰਹੇਗਾ ਵੀ।

ਲੋਕਾਈ ਦਾ ਫਰਜ਼ ਉਸਦੀ ਅਰਾਧਨਾ ਕਰਨਾ ਹੈ, ਕਿੰਤੂ-ਪ੍ਰੰਤੂ ਕਰਨਾਂ ਨਹੀ ....

(ਯੁਵਕ ਰੌਥਸਚਾਈਲਡ ਬੈਠ ਜਾਂਦਾ ਹੈ ਅਤੇ ਆਪਣੇ ਪੇਸ਼ ਕੀਤੇ ਦਸਤਾਵੇਜ਼ ਦਾ ਪ੍ਰਭਾਵ ਜਾਨਣ ਲਈ ਵਾਰੀ-ਵਾਰੀ ਬਾਰਾਂ ਮੈਂਬਰਾਂ ਵੱਲ ਗੌਰ ਨਾਲ ਦੇਖਦਾ ਹੈ। ਸਾਰਿਆ ਵੱਲੋਂ ਤੱਕਣੀਆਂ ਰਾਹੀਂ ਸਰਾਹਨਾ ਪ੍ਰਾਪਤ ਹੁੰਦੀ ਹੈ। ਅੰਤ ਤੇ ਸ਼ਨੈਪਰ ਤੇ ਅੱਖਾਂ ਜਿਵੇਂ ਟਿੱਕ ਹੀ ਜਾਂਦੀਆਂ ਹਨ। ਸਾਰੇ ਹੌਲੀ ਹੌਲੀ ਤਾਲੀਆਂ ਵਜਾਉਂਦੇ ਹਨ।)

ਇੱਕ ਜਣਾ : ਮੈਨੂੰ ਤਾਂ ਇਉਂ ਲਗਦਾ ਹੈ ਕਿ ਸਾਨੂੰ ਅੱਜ ਦੇ ਜ਼ਮਾਨੇ ਦਾ ਇਕ ਹੋਰ ਮੂਸਾ, ਇਕ ਹੋਰ ਡੇਵਿਡ ਅਤੇ ਇਕ ਹੋਰ ਸੁਲੇਮਾਨ ਮਿਲ ਗਿਆ। ਇਸਦੀ ਅਤੇ ਇਸਦੀ ਹੀ ਪੁਸ਼ਤੈਨੀ ਅਗਵਾਈ ਪ੍ਰਾਪਤ ਕਰਕੇ ਅਸੀਂ ਮੂਸਾ ਦੇ ਸੁਪਨੇ ਸਾਕਾਰ ਕਰ ਵਿਖਾਵਾਂਗੇ। ਮਿਸਟਰ ਰੌਥਸਚਾਈਲਡ ਜੀਉਂਦੇ ਜੀਅ ਅਤੇ ਮਗਰੋਂ ਏਸ ਦਾ ਪ੍ਰੀਵਾਰ ਸਾਡੀ ਅਗਵਾਈ ਕਰਦੇ ਰਹਿਣਗੇ।

ਸ਼ਨੈਪਰ : ਆਸ ਹੈ ਕਿ ਸਾਰੇ ਇਉਂ ਹੀ ਸੋਚਦੇ ਹੋਣਗੇ। ਮੇਰੀ ਰਾਏ ਹੈ ਕਿ ਤੁਹਾਡੇ ਵਿਚੋਂ ਹਰ ਇਕ ਜਣਾ ਦਸਤਾਵੇਜ ਦੀ ਇਕ ਇਕ ਕਾਪੀ ਜਰੂਰ ਪ੍ਰਾਪਤ ਕਰੇ। ਉਂਜ ਫਰੀ-ਮੇਸਨਜ ਦੇ ਮੁਖੀਆਂ ਕੋਲ ਵੀ ਇਸਦੀ ਇਕ ਇਕ ਕਾਪੀ ਮੌਜੂਦ ਹੈ। ਪਰ ਉਹ ਕਿਸੇ ਨਾਲ ਕਿਸੇ ਕੀਮਤ ਤੇ ਵੀ ਸਾਂਝੀ ਨਹੀਂ ਕਰਨਗੇ। ਗੁਪਤਤਾ ਦਾ ਏਹੀ ਅਸੂਲ ਹੈ। ਕੁਝ ਵਿਹਾਰੀ ਗੱਲਾਂ ਵੀ ਕਰ ਲਈਏ।

ਦੂਜਾ ਜਣਾ : ਹਾਂ ਠੀਕ ਹੈ। ਦਸਤਾਵੇਜ ਤੇ ਅੱਜ ਬਹਿਸ ਨਹੀਂ ਹੋ ਸਕਦੀ। ਇਹ ਆਪਣੇ ਆਪ ਵਿਚ ਸਾਡੇ ਯੇਹੋਵਾ ਦਾ ਫੁਰਮਾਨ ਹੈ। ਹਾਂ ਕਿਸੇ ਨੇ ਕੁਝ ਆਖਣਾ ਹੀ ਹੋਵੇ ਤਾਂ ਲਿਖਤੀ ਤੌਰ 'ਤੇ ਇਨ੍ਹਾਂ ਨਾਲ ਰਾਬਤਾ ਜੋੜੇ।

ਸ਼ਨੈਪਰ : ਤੁਸੀਂ ਜਾਂਣਦੇ ਹੋ ਕਿ ਆਰਥਕ ਤੇ ਹੋਰ ਸੰਕਟਾਂ ਕਾਰਨ ਬਾਦਸ਼ਾਹੀਆਂ ਵੀ ਇਕੱਤਰਤ ਹੋਈਆ ਹੋਈਆਂ ਹਨ। ਪੂਰੀ ਦੀ ਪੂਰੀ ਆਸ ਹੈ ਕਿ ਪ੍ਰਮੁੱਖ ਬਾਦਸ਼ਾਹਾਂ ਨਾਂਲ ਵੀ ਸਾਡਾ ਇਕ ਸੰਮੇਲਨ ਹੋਏਗਾ। ਜੇਕਰ ਸੰਮੇਲਨ ਕਰਨ ਵਿਚ ਕਾਮਯਾਬ ਹੋ ਗਏ ਤਾ ਸਮਝੋ ਕਿ ਅਸੀਂ ਵਿਸ਼ਵ-ਰਾਜ ਪ੍ਰਾਪਤ ਕਰ ਲਵਾਂਗੇ। ਸਾਡੇ ਵਿਚੋਂ ਵੀ ਕੁਝ ਪ੍ਰਤੀਨਿਧ ਉਸ ਸੰਮੇਲਨ ਵਿਚ ਹਾਜ਼ਰ ਹੋਣਗੇ। ਕੌਣ ਕੌਣ ਹਾਜ਼ਰ ਹੋਣ ?

ਤੀਜਾ ਜਣਾ : ਤੁਸੀਂ ਜੋ ਫੈਸਲਾ ਕਰੋਗੇ ਸਾਨੂੰ ਮੰਜ਼ੂਰ ਹੋਵੇਗਾ।

ਸਾਰੇ ਜਣੇ : ਠੀਕ ਹੈ, ਬਿਲਕੁਲ ਠੀਕ ਹੈ।

Scanned with OKEN Scanner

Scanned with OKEN Scanner

ਸ਼ਨੈਪਰ : ਪਰ ਮੁੱਖ ਵਿਸ਼ਾ ਤਾ ਤੈਅ ਹੋ ਜਾਣਾ ਚਾਹੀਦਾ ਹੈ ਤਾਂ ਕਿ ਕਿਸੇ ਵੀ ਪੱਧਰ ਤੇ ਸਾਡਾ ਕੋਈ ਵਿਰੋਧ ਨਾ ਕਰੇ ਜਾਂ ਗਲਤ ਫਹਿਮੀ ਨਾ ਪਵੇ ....

ਰੌਥਸਚਾਈਲਡ : ਵਿਸ਼ਾ ਹੋਏਗਾ If we pool our resources together, we shall rule the world till this planet exists. (ਜੇਕਰ ਅਸੀਂ ਸਾਰੇ ਸਾਧਨ ਇੱਕ ਜੁਟ ਕਰ ਲਈਏ ਤਾ ਅਸੀਂ ਉਦੋ ਤੱਕ ਰਾਜ ਕਰਾਂਗੇ, ਜਦੋਂ ਤੱਕ ਇਹ ਧਰਤੀ ਸਵਰੂਪਤ ਹੈ।)

ਸ਼ਨੈਪਰ : ਕਿਆ ਬਾਤ ਹੈ! ਕਿਆ ਸ਼ਾਨਦਾਰ ਚੋਗਾ ਹੈ! ਪੰਛੀ ਝਟ ਪੱਟ ਫਸਣਗੇ ....।

ਉਹ ਸਮਝਣਗੇ ਕਿ ਉਨ੍ਹਾਂ ਦੇ ਰਾਜ ਭਾਗ ਦੇ ਸਦੀਵੀਂ ਰਹਿਣ ਰੱਖਣ ਦਾ ਮਸਲਾ ਹੈ। ਜਦੋਂ ਕਿ ਸੱਚ ਇਹ ਹੋਏਗਾ ਕਿ ਏਸ ਸੰਮੇਲਨ ਦੇ ਬਹਾਨੇ ਅਸੀਂ ਉਨ੍ਹਾਂ ਦੇ ਰਾਜ ਦਰਬਾਰਾਂ ਵਿਚ ਆਸਾਨੀ ਨਾਲ ਘੁਸਾਂਗੇ, ਉਨ੍ਹਾ ਦੇ ਖਜ਼ਾਨਿਆ ਯਾਨੀ ਆਰਥਿਕ ਸਾਧਨਾਂ ਦੇ ਭੇਤ ਕੱਢਾਂਗੇ, ਹੌਲੀ ਹੌਲੀ ਇਸ ਤੇਰਾਂ ਮੈਂਬਰੀ ਕਮੇਟੀ ਦੀ ਅਗਵਾਈ ਤਹਿਤ ਤੇ ਰੌਥਸਚਾਈਲਡ ਦੀ ਸਰਪ੍ਰਸੀ ਤਹਿਤ ਉਨ੍ਹਾਂ ਤੇ ਕਬਜ਼ੇ ਕਰ ਲਵਾਂਗੇ ਤੇ ਹੋਰ ਹੌਲੀ ਹੌਲੀ ਐਸੀਆਂ ਗੋਦਾਂ ਗੁੰਦਾਂਗੇ ਕਿ ਬਾਦਸ਼ਾਹੀਆਂ ਉਲਟਾ ਦਿਆਂਗੇ। ਯਾਦ ਰੱਖਣਾ ''ਜਿਸ ਹੱਥ ਧਨ ਕਰ ਦੇਖੇ ਸੋਇ''

ਰੌਥਸਚਾਈਲਡ : ਇਹ ਵੀ ਯਾਦ ਰੱਖਣਾ ਕਿ ਅਸੀਂ ਯੇਹੋਵਾ ਦੇ ਸ੍ਰੇਸ਼ਟ ਲੋਕ ਹਾਂ, ਅਸੀਂ ਅਬਰਾਹਮ ਤੇ ਯਾਕੂਬ ਦੀ ਸੰਤਾਨ ਹਾਂ ਤੇ ਮੂਸਾ ਦੇ ਮੁਕਤ ਕਰਵਾਏ ਹੋਏ ਤੇ ਸਿਧਾਏ ਹੋਏ ਲੋਕ ਹਾਂ।

ਮੂਸਾ ਦੀ ਲਿਖਿਤ 'ਪੁਰਾਤਨ ਨੇਮ' ਯਾਨੀ ਪਵਿੱਤਰ ਬਾਈਬਲ ਚੋਂ ਪੱਥ ਪ੍ਰਦਰਸ਼ਨਾ ਲੈਂਦੇ ਹਾਂ ਤੇ ਉਸਦਾ ਸਦਾ ਅਧਿਐਨ ਕਰਦੇ ਰਹਿਣਾਂ ਹੈ। ਸਾਡੀ ਬਾਈਬਲ ਸਾਡਾ ਰਾਹ ਦਸੇਰਾ ਹੈ।

ਸ਼ਨੈਪਰ : ਹੁਣ ਇਹ ਸਮਾਗਮ ਸਮਾਪਤ .... ਅਗਲੇ ਦੀ ਤਿਆਰੀ। ਹੁਣ ਅਸੀਂ ਛੇ ਜਣੇ ਬਾਦਸ਼ਾਹਾਂ ਦੇ ਅੱਜ ਦੇ ਆਖਰੀ ਸੰਮੇਲਨ ਵਿਚ ਵੀ ਸ਼ਾਮਿਲ ਹੋਆਂਗੇ।

ਬਾਦਸ਼ਾਹਾਂ ਅਤੇ ਰੌਥਸ ਧਨਾਢਾਂ ਦਾ ਸਾਂਝਾ ਸੰਮੇਲਨ

ਸੰਮੇਲਨ-ਬਾਰਸੀਲੋਨਾ

13 ਮੈਂਬਰ ਵਿਰਾਜਮਾਨ ਹਨ। ਸੱਤ ਬਾਦਸ਼ਾਹ ਜਿਵੇਂ ਕਿ ਬਰਤਾਨੀਆਂ, ਫ੍ਰਾਂਸ, ਜਰਮਨੀ, ਆਸਟਰੀਆ, ਸਪੇਨ, ਸੌਦੀ ਅਰਬ, ਰੂਸ ਅਤੇ ਛੇ ਸ਼ਾਹੂਕਾਰ-ਧਨਾਂਢ। ਸਾਰੇ ਬਾਦਸ਼ਾਹ ਅੱਕੇ ਹੋਏ ਤੇ ਥੱਕੇ ਹੋਏ ਲਗਦੇ ਹਨ। ਸ਼ਹਿਜਾਦਾ ਵਿਲੀਅਮ ਤਰੋਤਾਜ਼ਾ ਹੈ। ਉਹ

Scanned with OKEN Scanner

ਆਪਣੇ ਆਪ ਹੀ ਬੁਲਾਰਾ ਬਣ ਬੈਠਦਾ ਹੈ।

ਸ਼ਹਿਜਾਦਾ ਵਿਲੀਅਮ : ਇਹੋ ਜਿਹੇ ਪਰਿਮਾਪ ਦਾ ਇਹ ਪਹਿਲਾ ਸੰਮੇਲਨ ਹੈ। ਇਸ ਨੂੰ ਸਦਾ ਗੁਪਤ ਰੱਖੀਏ ....। ਮੈਂ ਮੇਅਰ ਆਮਸ਼ੈਲ ਰੌਥਸਚਾਈਲਡ ਨੂੰ ਬੇਨਤੀ ਕਰਦਾ ਹਾਂ ਕਿ ਉਹ ਦੁਨੀਆਂ ਦੇ ਵਰਤਮਾਨ ਸੰਕਟ ਚੋਂ ਉਧਾਰਨ ਦਾ ਦਾਰਸ਼ਨਿਕ ਆਧਾਰ ਵੀ ਅਤੇ ਅਮਲ ਵੀ ਬਹੁਤ ਸੰਖੇਪ ਵਿਚ ਪੇਸ਼ ਕਰੇ ....

ਆਮਸ਼ੈਲ : ਸ੍ਰਿਸ਼ਟੀ ਦਾ ਸਭ ਤੋਂ ਵੱਧ ਖੂੰਖਾਰ ਜੋ ਜਾਨਵਰ ਹੈ, ਉਸਦਾ ਨਾਮ ਹੈ ਮਨੁੱਖ। ਉਸਨੂੰ ਕਾਬੂ ਰੱਖਣ ਲਈ ਹੀ ਸਾਰੀਆਂ ਦਾਰਸ਼ਨਿਕਤਾਵਾਂ, ਧਰਮ ਅਤੇ ਰਾਜ ਪੈਦਾ ਹੋਏ ਹਨ। ਸਿਰਫ ਤੇ ਸਿਰਫ ਤੁਹਾਡੇ ਕਰਕੇ ਹੀ ਮਨੁੱਖ ਦੀ ਹੋਂਦ ਹਾਲੇ ਤਕ ਕਾਇਮ ਹੈ, ਵਰਨਾ ਦੁਨੀਆਂ ਖਤਮ ਹੋ ਚੁਕੀ ਹੁੰਦੀ। ਦੁਨੀਆਂ ਨੂੰ ਪਾਲਣ, ਕਾਇਮ ਰੱਖਣ ਤੇ ਅੱਗੇ ਤੋਰੀ ਰੱਖਣ ਲਈ ਸ਼ਾਹ, ਬਾਦਸ਼ਾਹ, ਸ਼ਹਿਨਸ਼ਾਹ ਤੇ ਰਾਜ ਉਪਜੇ ਹਨ। ਅਸੀਂ ਬੜਾ ਹੀ ਪਵਿਤਰ ਕਾਰਜ ਕਰ ਰਹੇ ਹਾਂ। ਸਾਡੇ ਰਾਜ ਸਥਾਪਤ ਰਹਿਣ। ਅਸੀਂ ਨਿਡਰਤਾ ਨਾਲ ਦੁਨੀਆਂ ਤੇ ਰਾਜ ਕਰੀਏ, ਅਨਿਸ਼ਚਿੰਤਤਾ ਨਾ ਹੋਏ, ਪੁਸ਼ਤੈਨੀ ਰਾਜ ਕਾਇਮ ਰਹਿਣ ਦਾ ਵਿਸ਼ਵਾਸ ਹੋਏ, ਬਸ ਫਿਰ ਧਰਤੀ ਬਸਿਸ਼ਤ ਦਾ ਰੂਪ ਧਾਰ ਜਾਏਗੀ ....। ਆਰਥਕ ਸੰਕਟ ਵੀ ਖਤਮ ਹੋ ਜਾਣਗੇ। ਬਸ ਮੁਦਰਾ ਦੇ ਪਰਚਲਣ (Circulation) ਦੀ ਜਿੰਮੇਵਾਰੀ ਮੈਨੂੰ ਦੇ ਦਿਉ। ਅਸੀਂ ਇਸ ਦੇ ਮਾਹਿਰ ਹਾਂ।

(ਰੌਥਸਚਾਈਲਡ ਆਪਣੇ ਵਿਚਾਰ ਦਾ ਪਰਭਾਵ ਜਾਨਣ ਲਈ ਸਾਰਿਆਂ ਵਲ ਦੇਖਦਾ ਹੈ। ਸਾਰੇ ਵਾਰੀ ਵਾਰੀ ਸਿਰ ਹਿਲਾ ਕੇ ਸਹਿਮਤੀ ਪ੍ਰਗਟਾਉਂਦੇ ਹਨ। ਸ਼ਹਿਜਾਦਾ ਵਿਲੀਅਮ ਅੱਖ ਦਬਾ ਕੇ ਆਪਣੀ ਰਮਜ਼ ਪ੍ਰਗਟਾ ਦਿੰਦਾ ਹੈ।)

ਰੌਥਸਚਾਈਲਡ : (ਬੜੇ ਉਤਸ਼ਾਹ ਤੇ ਆਤਮ ਵਿਸ਼ਵਾਸ ਨਾਲ ਅੱਗੇ ਬੋਲਦਾ ਹੈ) ਇਸ ਕਾਰਜ (ਸਿਧੀ) ਲਈ ਮੇਰਾ ਨਿਚੋੜ ਹੈ ਕਿ -

If we pool our resources together, we shall rule the planet till it exists. (ਜੇਕਰ ਅਸੀਂ ਆਪਣੇ ਆਪਣੇ ਸਾਰੇ ਸਾਧਨ ਇੱਕ ਜੁੱਟ ਕਰ ਲਈਏ ਤਾਂ ਅਸੀਂ ਰਹਿੰਦੀ ਦੁਨੀਆਂ ਤਕ ਇਸ ਤੇ ਰਾਜ ਕਰਾਂਗੇ।)

(ਤਾਲੀਆਂ ਵਜਦੀਆਂ ਹਨ- - - - - -)

ਇੰਗਲੈਂਡ : ਬਿਲਕੁਲ ਠੀਕ ਕਿਹਾ ਯੁਵਕ ਨੇ। ਇਹੀ ਜਟਿਲ ਕੰਮ ਹੈ। ਇਸਨੂੰ ਸੰਭਵ ਬਣਾਉ।

Scanned with OKEN Scanner

ਆਮਸ਼ੈਲ : ਦੁਨੀਆਂ ਦੇ ਮਾਲਕੋ, ਪਰਜਾ ਨੂੰ ਰੀਝਾਈ ਰੱਖਣ ਲਈ ਲੜਾਈਆਂ ਵੀ ਹੁੰਦੀਆਂ ਰਹਿਣ। ਪਰਜਾ ਆਪਸ ਵਿਚ ਜਾਂ ਇਕ ਦੂਜੇ ਦੇ ਰਾਜ ਵਿਰੁੱਧ ਨਹੀਂ ਲੜੇਗੀ ਤਾਂ ਉਹ ਸਾਡੇ ਵਿਰੁੱਧ ਲੜੇਗੀ। ਸਾਡਾ ਵੀ ਖਾਤਮਾ ਕਰੇਗੀ ਤੇ ਫੇਰ ਆਪਣਾ ਵੀ। ਪਰਜਾ ਦੇ ਆਪ ਮੁਹਾਰੇ ਰੋਹ ਵੀ ਉਠਦੇ ਰਹਿਣ ਪਰ ਆਪਣੇ ਸਾਧਨਾਂ ਰਾਹੀਂ ਅਸੀਂ ਤੁਰੰਤ ਉਨ੍ਹਾਂ ਨੂੰ ਢੰਗ ਨਾਲ ਲਾਮਬੰਦ ਵੀ ਕਰ ਲਈਏ। ਹੁਣ ਯੁੱਧ ਵੀ ਅਤੇ ਅਮਨ ਵੀ ਸਾਡੇ ਦਾਸ ਹੋਣਗੇ। ਤਾਂ ਹੀ ਅਸੀਂ ਪੁਸ਼ਤੈਨੀ ਰਾਜ ਸਦਾ ਲਈ ਸਥਾਪਿਤ ਕਰ ਸਕਾਂਗੇ। ਸਰਕਾਰਾਂ ਦੇ ਰੂਪ ਬਦਲਦੇ ਰਹਿਣ ਪਰ ਰਾਜ ਪੁਸ਼ਤੈਨੀ ਰਹੇ।

ਫ੍ਰਾਂਸ : ਬਿਲਕੁਲ ਠੀਕ ਕਿਹਾ ਰੌਥਸਚਾਈਲਡ ਯੁਵਕ ਨੇ। ਆਪਾਂ ਨਿਰੀਆਂ ਬਹਿਸਾਂ ਨਾ ਕਰੀਏ। ਕੋਈ ਠੋਸ ਨਿਯਮ ਬਣਾਈਏ।

ਆਮਸ਼ੈਲ : ਸਭ ਤੋਂ ਪਹਿਲਾਂ ਨਿਯਮਾਂ ਇਹ ਹੈ ਕਿ ਸਾਡਾ ਇਹ ਸੰਮੇਲਨ ਗੁਪਤ ਰਹੇ। ਧੂੰਆਂ ਜਾਂ ਭਾਫ ਬਾਹਰ ਨਾ ਨਿਕਲੇ। ਦੂਸਰੇ ਕਿ ਇਹ ਤੇਰਾਂ ਮੈਂਬਰੀ ਪ੍ਰੀਸ਼ਦ ਦੁਨੀਆਂ ਦੀ 'ਸੁਪਰੀਮ-ਰਾਜ-ਪ੍ਰੀਸ਼ਦ' ਹੋਵੇਗੀ। 'ਰਾਜ ਰਾਜੇ ਦਾ ਰੱਬੀ ਅਧਿਕਾਰ' ਇਹ ਵਿਚਾਰ ਪਰਜਾ ਦੀ ਸਮਝ ਦਾ ਹਿੱਸਾ ਬਣਾਈਏ। ਰਾਜਿਆਂ ਕੋਲ ਵਸੀਹ ਸਾਧਨ ਹੁੰਦੇ ਹੀ ਹਨ। ਪਰਚੱਲਤ ਧਰਮ ਦੀ ਵੀ ਸਯੋਗ ਵਰਤੋਂ ਕਰੀਏ। ਬੇਸ਼ਕ ਸ਼ਾਹੀ ਹਿੱਤਕਾਰੀ ਹੋਰ ਮੱਤ ਵੀ ਉਪਜਾ ਲਈਏ।

ਜਰਮਨੀ : ਦੇਖੋ ਮੋਤੀਆਂ ਆਲਿਓ .... ਲੜਨਾ ਇਨਸਾਨੀ ਫਿਤਰਤ ਹੈ। ਇਹ ਨਿਜੀ ਵੀ ਹੈ ਅਤੇ ਸਮੂਹਕ ਵੀ। ਏਸ ਦਾ ਭਾਵਾਂ ਨਿਕਾਸ ਹੁੰਦਾ ਰਹੇ .... ਪਹਿਲਾਂ ਇਹ ਗੈਰ ਯੋਜਨਾ ਬੱਧ ਸੀ ਹੁਣ ਬਕਾਇਦਾ ਯੋਜਨਾ ਬੱਧ ਹੋਏ। ਬੇਸ਼ਕ ਪਹਿਲਾਂ ਤੈਅ ਸ਼ੁਧਾ ਹੋਏ ....

ਰੌਥਸਚਾਈਲਡ : ਭਾਰਤ ਦੇ ਇਕ ਗ੍ਰੰਥ 'ਮਹਾਂਭਾਰਤ' ਨੇ ਇਕ ਆਦ੍ਰਸ਼ਕ ਧਾਂਰਨਾ ਪੇਸ਼ ਕੀਤੀ ਹੈ। ਦਿਨੇ ਲੜੋ, ਖੂੰਖਾਰ ਲੜਾਈ ਲੜੋ ਤੇ ਲੜਾਉ ਅਤੇ ਰਾਤ ਨੂੰ ਇਕੱਠੇ ਖੁਸ਼ੀਆਂ ਮਨਾਉ, ਨੱਚੋ, ਗਾਉ, ਖਾਉ-ਪੀਉ ਤੇ ਘਾਇਲਾਂ ਦੀਆਂ ਮਰਹਮ ਪੱਟੀਆਂ ਕਰੋ ਤੇ ਮੁੜ ਲੜਨ ਲਈ ਤਾਜਾ ਦਮ ਹੋਵੋ।

ਦੋ ਤਿੰਨ ਆਵਾਜਾਂ : ਬੜਾ ਆਦ੍ਰਸ਼ਕ ਵਿਚਾਰ ਹੈ, ਅਮਲ ਵਿਚ ਲਿਆਂਦਾ ਜਾਏ।

ਆਸਟਰੀਆ : ਸਭ ਤੋਂ ਵੱਡੀ ਸਮੱਸਿਆ ਧਨ ਦੇ ਪਰਚਲਣ ਦੀ ਆਉਂਦੀ ਹੈ। ਸਾਡੇ ਸਭ ਦੇ ਧਨ ਦੇ ਰੂਪ ਵੱਖੋ ਵੱਖਰੇ ਹਨ। ਧਨ ਦਾ ਵਟਾਂਦਰਾ ਕਿਵੇਂ ਹੋਏ ....

ਸ਼ਹਿਜਾਦਾ ਵਿਲੀਅਮ : ਏਸ ਦਾ ਸੁਯੋਗ ਪ੍ਰਬੰਧ ਰੌਥਸਚਾਈਲਡ ਦੀ ਜ਼ਿਮੇਵਾਰੀ ਹੋਏਗੀ। ਇਹ ਨਵੇਂ ਨਵੇਂ ਅਵਿਸ਼ਕਾਰ ਕਰ ਸਕਣ ਦੀ ਯੋਗਤਾ ਰੱਖਦਾ ਹੈ। ਮੇਰੀ

Scanned with OKEN Scanner

Scanned with OKEN Scanner

ਰਿੜਕੀ ਵਿਚਾਰੀ ਸੋਚ ਹੈ ਕਿ ਸੁਪਰੀਮ ਪ੍ਰੀਸ਼ਦ ਦੇ ਠੋਸ ਰੂਪ ਦੇਣ ਤੇ ਚਲਦੇ ਰੱਖਣ ਦੀ ਜ਼ਿੰਮੇਵਾਰੀ ਹਾਲੇ ਰੌਥਸਚਾਈਲਡ ਨੂੰ ਹੀ ਦੇ ਦੇਈਏ। ਮੇਰਾ ਮਤਲਬ ਹੈ ਕਿ ਟੈਸ ਨੂੰ ਹਾਲੇ ਕਨਵੀਨਰ ਮੰਨ ਲਈਏ। ਧਨ ਦੇ ਪਰਚਲਣ ਖੇਤਰ ਵਿਚ ਇਸ ਦੀ ਗਜਬ ਦੀ ਮੁਹਾਰਤ ਹੈ ਤੇ ਬਾਦਸ਼ਾਹਾਂ ਦੀ ਇਹੀ ਵੱਡੀ ਸਮੱਸਿਆ ਹੈ। ਏਸੇ ਸਮੱਸਿਆ ਦੇ ਹੱਲ ਲਈ ਸਾਰੇ ਯੂਰਪੀ ਬਾਦਸ਼ਾਹ ਤੇ ਅਹਿਲਕਾਰ ਬਾਰਸੀਲੋਨਾ ਵਿੱਚ ਇਕੱਠੇ ਹੋਏ ਸਾਂ। ਪਰ ਕੋਈ ਠੋਸ ਨਤੀਜਾ ਨਾ ਨਿਕਲਿਆ। ਹੁਣ ਨਿਕਲ ਰਿਹਾ ਹੈ। ਇਹ ਕਿ ਧਨ ਅਰਥਾਤ ਮੁਦਰਾ ਦੇ ਪਰਚਲਣ (Circulation) ਦੀ ਜ਼ਿੰਮੇਵਾਰੀ, ਇੱਕ ਮੱਤ ਹੋ ਕੇ, ਦੁਨੀਆਂ ਦੇ ਅਤੀ ਸਿਆਣੇ ਧਨਾਢ ਰੌਥਸਚਾਈਲਡ ਨੂੰ ਸੌਂਪ ਦੇਈਏ। ਬਾਦਸ਼ਾਹਾਂ ਦੇ ਸਾਧਨਾਂ ਨੂੰ ਕਿਵੇਂ ਇੱਕ ਜੁਟ (Pool) ਕਰਨਾ ਹੈ ਤੇ ਆਰਥਕ ਸੰਕਟਾਂ ਨੂੰ ਦੂਰ ਕਰਨਾ ਹੈ, ਦੀ ਜਿਮੇਵਾਰੀ ਸਾਂਝੇ ਤੌਰ ਤੇ ਸ਼ਾਹੀ ਪ੍ਰੀਸ਼ਦ ਦੇ ਕਨਵੀਨਰ ਨੂੰ ਸੌਂਪ ਦਈਏ।

ਇੰਗਲੈਂਡ : ਸ਼ਹਿਜਾਦੇ ਦੀ ਤਜਵੀਜ ਮੰਨਣਯੋਗ ਹੈ। ਰੌਥਸ ਨੂੰ ਕਨਵੀਨਰ ਥਾਪ ਦਈਏ।

ਰੂਸ : ਪਰ ਅਨੰਤ ਕਾਲ ਲਈ ਨਹੀਂ .... ਸਮਾਂ ਸੀਮਾ ਵੀ ਹੋਣੀ ਚਾਹੀਦੀ ਹੈ।....

ਰੌਥਸਚਾਈਲਡ : ਤੁਸੀਂ ਬਾਦਸ਼ਾਹ ਹੋ, ਸ਼ਹਿਨਸ਼ਾਹ ਹੋ, ਮੇਰੀ ਕੀ ਔਕਾਤ ਹੈ ....

ਫਰਾਂਸ : ਪਹਿਲਾਂ ਵੀ ਯਹੂਦ ਕੋਰਟਸ (ਆਰਥਕ ਪ੍ਰਬੰਧ ਦੀ ਸੰਚਾਲਨਾਂ) ਚਲਦੀਆਂ ਹਨ। ਹੁਣ ਪ੍ਰੀਮਾਪ ਵਡੇਰਾ ਹੋ ਜਾਏਗਾ।

ਦੋ-ਤਿੰਨ ਆਵਜਾਂ : ਠੀਕ ਹੈ, ਠੀਕ ਹੈ। ਧਨ ਦੇ ਪਰਚਲਣ ਦੀ ਸਮੱਸਿਆ ਨੂੰ ਇਹ ਨਿਯਮਬੱਧ ਕਰ ਲਏਗਾ ....

ਰੂਸ : (ਗੰਭੀਰ ਹੁੰਦਾ ਹੋਇਆ) ਯਾਨੀ ਹੁਣ ਬਾਦਸ਼ਾਹਾਂ ਦੀਆਂ ਘੰਡੀਆਂ ....। (ਪਰ ਸ਼ੋਰ ਹੋਣ ਲਗ ਪੈਂਦਾ ਹੈ। ਰੂਸ ਦੀ ਆਵਾਜ਼ ਰੁਲ ਜਾਂਦੀ ਹੈ)

ਰੌਥਸਚਾਈਲਡ : (ਸ਼ੋਰ ਘੱਟਦਾ ਹੈ ਆਤਮ ਵਿਸ਼ਵਾਸ ਨਾਲ) ਬਤੌਰ ਕਨਵੀਨਰ ਮੈਂ ਤੁਹਾਡੀ ਇਕ ਹੋਰ ਸਲਾਹ ਪਾਉਣੀ ਚਾਹੁਨਾ। ਲਜ਼ੀਜ਼ ਖਾਣਾ ਵੀ ਤਿਆਰ ਹੈ, ਪਰ ਅੰਤਲਾ ਇਕੋ ਇਕ ਅਹਿਮ ਮਸਲਾ ਵੀ ਵਿਚਾਰਨ ਵਾਲਾ ਹੈ। ਕੀ ਖਾਣੇ ਤੋਂ ਬਾਅਦ ਠੀਕ ਬਾਰਾਂ ਵਜੇ ਮੁੜ ਏਥੇ ਇਕੱਠੇ ਹੋਈਏ ....?

ਸ਼ਹਿਜਾਦਾ ਵਿਲੀਅਮ : ਮੈ ਰਾਏ ਪੇਸ਼ ਕਰਦਾ ਹਾਂ ਕਿ ਖਾਣੇ ਤੋਂ ਬਾਅਦ ਰਾਤ ਦੇ ਬਾਰਾਂ ਵਜੇ ਮੁੜ ਇਕੱਤਰਤ ਹੋਣਾ ਕਠਿਨ ਹੋ ਜਾਏਗਾ। ਕੱਲ ਤੋ ਸਾਰਿਆਂ ਨੇ ਆਪੋ ਆਪਣੇ ਰਾਜਾਂ ਵਲ ਪ੍ਰਸਥਾਨ ਵੀ ਕਰਨਾ ਹੈ। ਸੁਰੱਖਿਅਤਾ ਦਾ ਮਸਲਾ ਵੀ ਹੁੰਦਾ ਹੈ। ਅਹਿਮ ਮਸਲਾ ਵੀ ਹੁਣੇ ਵਿਚਾਰ ਯਾਨੀ ਕੱਚੀ ਰੂਪ ਰੇਖਾ ਤੈਅ

Scanned with OKEN Scanner
Scanned with OKEN Scanner

ਕਰ ਲਉ। ਬਾਕੀ ਜਿੰਮੇਵਾਰੀ ਕਨਵੀਨਰ ਦੀ ਹੋਏਗੀ।

ਕਈ ਆਵਾਜ਼ਾਂ : ਠੀਕ ਹੈ, ਠੀਕ ਹੈ ....

ਰੌਥਸਚਾਈਲਡ : ਮਸਲਾ ਹੈ, ਧਰਮ ਦਾ। ਇਕ ਸਾਂਝੇ ਧਰਮ ਦਾ, ਗੁਪਤ ਸਾਂਝੇ ਧਰਮ ਦਾ।

ਰੂਸ (ਜ਼ਾਰ) : ਮਸਲਾ ਬੜਾ ਹੀ ਸੰਜੀਦਾ ਹੈ, ਧਰਮ ਯੁਧ ਹੋ ਚੁਕੇ ਹਨ, ਸੌ-ਸੌ ਸਾਲ ਲੰਬੇ ਯੁਧ ਹੋ ਚੁੱਕੇ ਹਨ .... ਯਹੂਦ, ਈਸਾਈ ਇਸਲਾਮ ਦੇ ਅਧਾਰ ਤੇ ਪਾਲ ਬੰਦੀ ਹੋ ਰਹੀ ਹੈ .... ਧਰਮ ਦੇ ਮਸਲੇ, ਅੱਗ ਦੀ ਖੇਡ ਹੁੰਦੇ ਹਨ। ਯੂਰੋਸਲਮ ਔਰ ਸੀਪੈਲਚਰ ਮਸਲਾ ਅਜੇ ਵੀ ਉਥੇ ਦਾ ਉਥੇ ਹੀ ਖੜਾ ਹੈ।

ਸ਼ਹਿਜਾਦਾ ਵਿਲੀਅਮ : ਮਸਲਾ ਸੱਚ ਮੁਚ ਸੰਜੀਦਾ ਹੈ। ਏਸ ਲਈ ਸੁਣ ਲੈਣ ਦਾ ਕੋਈ ਹਰਜ਼ ਨਹੀਂ, ਅਜੇ ਵਿਚਾਰ ਅਧੀਨ ਰੱਖੀਏ। ਅੰਤਲਾ ਫੈਸਲਾ, ਨਾਂ ਲਈਏ। ਕਨਵੀਨਰ ਨਿਚੋੜ ਦੀ ਗੱਲ ਕਰੇਗਾ ....

ਰੌਥਸਚਾਈਲਡ : ਪ੍ਰਚੱਲਤ ਮੱਤ ਪੁਰਾਤਨ ਹਨ। ਦਹਿ ਸਦੀਆਂ ਤੋ ਵੀ ਪੁਰਾਤਨ। ਸਮਾ ਬਦਲ ਰਿਹਾ ਹੈ।

ਦੂਸਰੇ ਇਹ ਧਰਮ ਪਰਜਾ ਦੇ ਧਰਮ ਹਨ, ਬਾਦਸ਼ਾਹਾਂ ਦੇ ਸ਼ਾਹੀ ਧਰਮ ਨਹੀਂ ।

ਰੂਸ (ਜਾਰ) : ਬਾਦਸ਼ਾਹਾਂ ਲਈ ਕੋਈ ਵੱਖਰਾ ਅਬਰਾਹਮ, ਵੱਖਰਾ ਈਸਾ, ਵੱਖਰਾ ਮੁਹੰਮਦ ਪੈਦਾ ਕਰੋਗੇ ?

ਰੌਥਸਚਾਈਲਡ : ਮੈਂ ਇਕ ਪੈਗੰਬਰ ਦੀ ਚੋਣ ਕਰ ਲਈ ਹੋਈ ਹੈ। ਨਾਂਮ ਹੈ ਐਡਮ ਵਿਸ਼ਪਤ ਜੋ ਆਰਮਸਟਰਡਮ ਯੂਨੀਵਰਸਿਟੀ ਵਿਚ ਕੈਨਨ ਲਾਅ ਦਾ ਪ੍ਰੋਫੈਸਰ ਹੈ ..

ਇੰਗਲੈਂਡ : ਹਾਂ, ਹਾਂ ਜਾਣਿਆਂ, ਪਛਾਣਿਆਂ ਨਾਂਮ ਹੈ। ਅਸੀਂ ਜਟਿਲ ਧਾਰਮਕ ਮਸਲੇ ਤੇ ਉਸਦੀ ਸਲਾਹ ਪਾਉਦੇ ਹਾਂ- - - -

ਜਰਮਨ, ਫ੍ਰਾਂਸ : ਅਸੀਂ ਵੀ .... ਅਸੀਂ ਵੀ ! ਆਪਣੇ ਕਿਤੇ ਦਾ ਮਾਹਿਰ ਹੈ, ਯੋਗ ਹੈ ....

ਰੌਥਸਚਾਈਲਡ : ਉਹ ਪ੍ਰਚੱਲਤ ਧਰਮ ਪ੍ਰੀਸ਼ਦਾਂ ਦੇ ਮਾਹਿਰ ਪ੍ਰਤੀਨਿਧਾਂ ਨਾਲ ਵਿਚਾਰ ਕਰੇਗਾ। ਬਲਕਿ ਕਾਫੀ ਸਾਰੀਆ ਵਿਚਾਰਾਂ ਕਰ ਵੀ ਲਈਆਂ ਹੋਈਆਂ। ਧਰਮ ਪ੍ਰੀਸ਼ਦਾਂ ਦੇ ਪ੍ਰਤੀਨਿਧਾਂ ਨਾਲ ਉਸਨੇ ਸਹਿਚਾਰ ਬਣਾ ਲਿਆ ਹੋਇਆ।

ਕੁਝ ਆਵਾਜ਼ਾਂ : ਸੁਣਨ ਵਿਚ ਆਇਆ ਸੀ, ਪਰ ਅਸੀਂ ਏਨਾਂ ਗੰਭੀਰ ਨਹੀਂ ਲਿਆ ਸੀ।

ਰੌਥਸਚਾਈਲਡ : ਵਿਸ਼ੂਪਤ ਨੇ ਇਸ ਦਾ ਨਾਮ ਕਰਨ ਵੀ ਕਰ ਦਿੱਤਾ ਹੋਇਆ .... ਇਲੂਮੀਨਾਟੀ .... ਇਲੂਮਨ ਤੋਂ ਬਣਿਆ ਇਲੂਮੀਨੇਟ, ਜਿਸਦਾ ਬਹੁਬਚਨ ਇਲੂਮੀਨਾਟੀ (Illuminati) .... ਚਾਨਣ ਬਰਦਾਰ, ਚਾਨਣ ਦੇ ਵਣਜਾਰੇ ....।

Scanned with OKEN Scanner

ਰੂਸ : ਇਲੂਮੀਨਟੀ ਯਾਨੀ ਮਿਸ਼ਾਲਚੀ, ਸਰਘੀ ਦਾ ਤਾਰਾ ਵੀ, ... ਯਾਨੀ ਸ਼ੈਤਾਨ (Satan) ਵੀ ....

ਕਈ ਆਵਾਜ਼ਾਂ : ਠੀਕ ਹੈ, ਠੀਕ ਹੈ .... ਅੱਗੇ ਵਧੋ .... ਸ਼ਾਹੀ ਧਰਮ, ਬਾਦਸ਼ਾਹਾਂ ਦਾ ਧਰਮ, ਇਲੂਮੀਨਾਟੀ .....

ਰੌਥਸਚਾਈਲਡ : ਸਾਵਧਾਨੀ ਨਾਲ ਗੁਪਤ ਰੱਖਣ ਦੀ ਲੋੜ ਹੈ। ਜਾਨ ਦੀ ਬਾਜੀ ਤੇ ਵੀ ਗੁਪਤ.....

ਅਵਾਜ਼ਾਂ : ਗੁਪਤ, ਗੁਪਤ ਹੋਰ ਮਹੱਤਵਪੂਰਨ ਮਸਲਿਆਂ ਵਾਂਗ ਇਹ ਵੀ ਗੁਪਤ .... ਬਾਦਸ਼ਾਹਾਂ ਨੂੰ ਸੱਭੋ ਕੁਝ ਗੁਪਤ ਹੀ ਤਾਂ ਰੱਖਣਾ ਪੈਂਦਾ। ਮਹਿਲਾਂ ਚ ਕੀ ਕੀ ਵਾਪਰਦਾ, ਕੌਣ ਜਾਣੇ। ਪਰਜਾ ਤਾਂ ਬਿਲਕੁਲ ਨਾ ਜਾਣੇ। ਇਕ ਹੋਰ ਗੁਪਤਤਾ ਸਹੀ ....

ਰੌਥਸਚਾਈਲਡ : ਤੁਸੀਂ ਸਾਰੇ ਕਾਹਲ ਵਿਚ ਹੋ। ਕਈ ਸੰਮੇਲਨ ਕਰ ਕਰ ਕੇ ਥੱਕ ਗਏ ਹੋ। ਜਾਂਦੇ ਜਾਂਦੇ ਯਾਦ ਰੱਖਣਾ ਕਿ If pool our resources together, we shall rule the planet earth ....

ਰੂਸ (ਜ਼ਾਰ) : ਤੂੰ ਚਾਹੁੰਦਾਂ ਕਿ ਉਨ੍ਹਾਂ 'ਰੀਸੋਰਸਸ' ਦਾ ਸੰਚਾਲਕ ਤੂੰ ਇਕੱਲਾ ਹੋਏ .... ਤੇ.... ਮੈਂ ..... ਮੈਂ

ਆਵਾਜ਼ਾਂ : ਠੀਕ ਹੈ, ਠੀਕ ਹੈ (ਠੀਕ ਹੈ, ਠੀਕ ਹੈ ਵਿਚ ਰੂਸ ਦੀ ਆਵਾਜ ਫੇਰ ਰੁਲ ਜਾਂਦੀ ਹੈ।

ਰੌਥਸਚਾਈਲਡ : ਰਇਆ ਦੇ ਧਰਮ ਦੇ ਨਾਲ ਨਾਲ ਸ਼ਾਹੀ ਧਰਮ ਯਾਨੀ ਇਲੂਮੀਨਾਟੀ .... ਵੀ .... ਅਲਵਿਦਾ .... ਅਲਵਿਦਾ ....

ਆਵਾਜ਼ਾਂ : ਠੀਕ ਹੈ, ਠੀਕ ਹੈ .... ਅਲਵਿਦਾ, ਅਲਵਿਦਾ, ਅਲਵਿਦਾ ....

1776-ਇਲੂਮੀਨਾਟੀ

ਆਰਮਸਟਰਡਮ

ਸੋਲਮੋਨ ਸ਼ਨੈਪਰ, ਮੇਅਰ ਰੌਥਸਚਾਈਲਡ ਅਤੇ ਐਡਮ ਵਿਸ਼ੁਪਤ ਤਿੰਨਾ ਦੀ ਗੁਪਤ ਮੀਟਿੰਗ ਨਿਸ਼ਚਿਤ ਹੋਈ ਹੋਈ ਹੈ। ਸ਼ਨੈਪਰ ਅਤੇ ਮੇਅਰ ਦਾ ਆਪਸੀ ਰਿਸ਼ਤਾ ਸਹੁਰੇ ਅਤੇ ਜਵਾਈ ਵਾਲਾ ਹੈ। ਐਡਮ ਵਿਸੁਪਤ ਆਰਮਸਟਰਡਮ ਯੂਨੀਵਰਸਿਟੀ ਆਸਟਰੀਆ ਦਾ ਧਰਮ ਅਤੇ ਕਾਨੂੰਨ ਦਾ ਮੰਨਿਆਂ ਪਰਮੰਨਿਆਂ ਪ੍ਰੋਫੈਸਰ ਹੈ। ਯੂਰਪ ਦੇ ਬਹੁ ਗਿਣਤੀ ਬਾਦਸ਼ਾਹ, ਧਰਮ ਅਤੇ ਕਾਨੂੰਨ ਦੇ ਮਸਲਿਆਂ ਵਿਚ ਉਸਦੀ ਸਲਾਹ ਲੈਂਦੇ ਰਹਿੰਦੇ ਹਨ। ਉਸ

Scanned with OKEN Scanner

ਵੱਲ ਦਰਬਾਰ ਦੇ ਮਾਹਿਰ ਵਿਅਕਤੀ ਭੇਜ ਕੇ ਸਲਾਹ ਲਈ ਜਾਂਦੀ ਹੈ ਜਾਂ ਉਸਨੂੰ ਸ਼ਾਹੀ ਦਰਬਾਰ ਵਿਚ ਬੁਲਾ ਕੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਰਿਹਾ ਹੈ।

ਅੱਜ ਇਹ ਤਿੰਨੋਂ ਜਾਣੇ ਐਡਮ ਵਿਸ਼ੂਪਤ ਦੇ ਅਧਿਐਨ ਹਾਲ (ਲਾਇਬ੍ਰੇਰੀ) ਵਿਚ ਵਿਸ਼ੇਸ਼ ਸਲਾਹ ਮਸ਼ਵਰੇ ਲਈ ਇੱਕਤਰਤ ਹੋਏ ਹਨ। ਹਾਲ ਵਿਚ ਕਿਤਾਬਾਂ ਅਤੇ ਗ੍ਰੰਥ ਟਿਕਾਉਣ ਲਈ ਬੜੇ ਖੂਬਸੂਰਤ ਰੈਕਸ ਸਜਾਏ ਹੋਏ ਹਨ। ਰੈਕਸ ਵਿਚ ਕਿਤਾਬਾਂ ਵਿਸ਼ੇਸ਼ ਤਰਤੀਬ ਨਾਲ ਸਜਾਈਆਂ ਹੋਈਆਂ ਹਨ।

ਤਿੰਨੋਂ ਜਣੇ ਲਾਇਬ੍ਰੇਰੀ ਦੇ ਵੱਖ-ਵੱਖ ਭਾਗਾਂ ਵਿਚ ਜਾਂਦੇ ਹਨ। ਨਾਲੋ ਨਾਲ ਕਿਤਾਬਾਂ ਅਤੇ ਗ੍ਰੰਥਾਂ ਵੱਲ ਇਸ਼ਾਰੇ ਕਰ ਕਰ ਕੇ ਅਤੇ ਕੁਝ ਗ੍ਰੰਥਾਂ ਨੂੰ ਰੈਕਸ ਵਿਚੋਂ ਕੱਢ ਕੇ ਵਿਸ਼ੇਸ਼ ਸਫੇ ਫਰੋਲ ਕੇ ਵਿਸ਼ੂਪਤ ਦੂਜੇ ਦੋਵਾਂ ਨੂੰ ਕੁਝ ਸਮਝਾਉਂਦਾ ਹੈ। ਦੂਜੇ ਦੋਵੇਂ ਵਿਸੂਪਤ ਦੀ ਵਿਆਖਿਆ ਤੋਂ ਬਹੁਤ ਪ੍ਰਭਾਵਿਤ ਹੁੰਦੇ ਦਿਖਾਈ ਦਿੰਦੇ ਹਨ। ਚੱਕਰ ਲਗਾਉਣ ਮਗਰੋਂ ਤਿੰਨੋਂ ਦਰਮਿਆਨ ਵਿਚ ਸੱਜੀਆ ਕੁਰਸੀਆਂ ਤੇ ਬੈਠ ਜਾਂਦੇ ਹਨ। ਗੱਲ ਬਾਤ ਸ਼ੁਰੂ ਹੁੰਦੀ ਹੈ :-

ਮੇਅਰ ਆਮਸ਼ੈਲ ਰੌਥਸਚਾਈਲਡ :- ਤੁਹਾਡੇ ਦੋਵਾਂ ਦੇ ਜਿਮੇਂ ਇਕ ਇਕ ਮਹਾਨ ਮੁਹਾਜ ਸੌਂਪਿਆਂ ਗਿਆ ਸੀ। ਐਡਮ ਦੇ ਜਿਮੇਂ ਇਲੂਮੀਨਾਟੀ ਸੰਪ੍ਰਦਾਅ ਦੀ ਦਾਰਸ਼ਨਿਕਤ ਦੀ ਉਤਪਤੀ ਦਾ ਅਤੇ ਅੱਬਾ ਸ਼ਨੈਪਰ ਦੇ ਜਿਮੇ ਅਮਰੀਕਾ ਜਾ ਕੇ ਅਮਰੀਕੀ ਫੌਜਾਂ ਦੇ ਸੈਨਾਪਤੀ ਜਾਰਜ ਵਸ਼ਿੰਗਟਨ ਨਾਲ ਰਾਬਤਾ ਜੋੜਨ ਦਾ। ਹਾਂ, ਐਡਮ ਸਾਹਿਬ ਤੇਰਾਂ ਮੈਂਬਰੀ ਕਮੇਟੀ ਵਿਚ ਮਤਾ ਪਾਸ ਹੋ ਗਿਆ ਸੀ ਕਿ ਤੁਸੀਂ ਨਵਾਂ ਮੱਤ ਸਥਾਪਤ ਕਰੋਗੇ। ਦੋਵਾਂ ਮਸਲਿਆਂ ਤੇ ਵਿਚਾਰ ਕਰੀਏ ....

ਸੋਲਮੋਨ ਸ਼ਨੈਪਰ ਦੇ ਕੁਝ ਆਖਣ ਤੋਂ ਪਹਿਲਾ ਹੀ ਐਡਮ ਵਿਸ਼ੂਪਤ ਆਖਦਾ ਹੈ :- ਤੁਹਾਡੇ ਆਦੇਸ਼ ਅਨੁਸਾਰ ਮੈਂ ਵਿਸ਼ਵ ਭਰ ਦੇ ਧਰਮਾਂ, ਧਰਮ ਅਧਾਰਤ ਸ਼ਾਹੀ ਕਾਨੂੰਨਾਂ, ਫੁਰਮਾਨਾ, ਐਲਾਨਾਂ ਦਾ ਡੂੰਘਾ ਅਧਿਅਨ ਕੀਤਾ ਹੈ। ਪੁਰਾਤਨ ਮਿਸਰੀ, ਯੂਨਾਨੀ, ਬੇਬੀਲੋਨੀਅਨ ਮੱਤਾਂ ਦੇ ਜਾਦੂਗਰੀ ਤੇ ਕਰਾਮਾਤੀ ਤੱਤਾਂ ਦੀ ਡੂੰਘਾਈ ਮਾਪਣ ਦਾ ਯਤਨ ਕੀਤਾ। ਮੈਂ ਕਦੇ ਨਹੀਂ ਭੁਲਿਆ ਕਿ ਮੇਰਾ ਮੁਖ ਮਕਸਦ ਮੂਸਾ ਦੇ ਗ੍ਰੰਥਾਂ ਦੇ ਸਚ ਨੂੰ ਆਧਾਰ ਬਣਾਉਂਣਾ ਹੈ। ਸਹਾਇਤਾ ਲਈ ਮੈ ਚੀਨੀ, ਜਾਪਾਨੀ ਅਤੇ ਖਾਸ ਤੌਰ ਤੇ ਭਾਰਤੀ ਹਿੰਦੂ ਮੱਤ, ਜੈਨ ਮੱਤ, ਬੁਧ ਮੱਤ ਦੇ ਲੋੜੀਦੇਂ ਭਾਗਾਂ ਦੇ ਨੋਟਸ ਲਏ ਹਨ। ਆਪਣਾ ਤਿੰਨਾ ਵਲੋਂ ਸੁਝਾਇਆ ਅਤੇ ਰੌਥਸਚਾਈਲਡ ਵੱਲੋਂ ਆਖਰੀ ਛੋਹਾਂ ਦੇ ਕੇ ਤੇਰਾਂ ਮੈਂਬਰੀ ਪ੍ਰੀਸ਼ਦ ਵਿਚ ਪੇਸ਼ ਕੀਤਾ ਦਸਤਾਵੇਜ਼ "ਪ੍ਰੋਟੋਕੋਲ" ਮੇਰੀ ਹਰ ਲਮ੍ਹੇਂ ਤੇ ਅਗਵਾਈ ਕਰਦਾ ਰਿਹਾ ਹੈ। ਐਂਵੇ ਤੇ ਨਹੀਂ ਤਿੰਨ ਸਾਲ ਦਾ ਲੰਬਾ ਸਮਾਂ ਬੀਤ ਗਿਆ ਹੈ। ਆਖਰੀ ਛੋਹਾਂ ਦੇਣ

Scanned with OKEN Scanner

Scanned with OKEN Scanner

ਤੋਂ ਪਹਿਲਾ ਮੈ ਚਾਹੁੰਦਾ ਹਾਂ ਕਿ ਤੁਹਾਡੇ ਨਾਲ ਕੁਝ ਹੋਰ ਮਸ਼ਵਰਾ ਕਰਾਂ। ਪਹਿਲਾਂ ਸ਼ਨੈਪਰ ਸਾਹਿਬ ਦੀ ਅਮਰੀਕੀ ਫੇਰੀ ਦੀ ਰੀਪੋਰਟ ਸੁਣ ਲਈਏ। ਮੈਂ ਇਲੂਮੀਨਾਟੀ ਦਾ ਸੰਬੰਧ ਅਮਰੀਕਾ ਦੀ ਵਿਸ਼ਾਲ-ਉਪਜਾਊ ਧਰਤੀ ਨਾਲ ਜੋੜਨਾਂ ਚਾਹੁੰਦਾ ਹਾਂ ....

ਮੇਅਰ ਰੌਥਸਚਾਈਲਡ :- ਹਾਂ, ਠੀਕ ਹੈ। ਉਤਸੁਕਤਾ ਨੂੰ ਕੁਝ ਸ਼ਾਂਤ ਕਰਨ ਲਈ ਪਹਿਲਾਂ ਅੱਬਾ ਦੀ ਰੀਪੋਰਟਿੰਗ ਸੁਣ ਲਈਏ। ਇਲੂਮੀਨਾਟੀ ਵਾਲਾ ਮਸਲਾ ਕੁਝ ਵਧੇਰੇ ਲਮੇਰਾ ਵੀ ਹੈ ....

ਸ਼ਨੈਪਰ : ਪਿਆਰਿਉ, ਜ਼ਰਾ ਕਿਆਸ ਕਰੋ ਕਿ ਆਸ ਤੋਂ ਵੀ ਕਿਤੇ ਵੱਧ ਪਰਿਮਾਪ ਵਿਚ ਬਰਤਾਨੀਆਂ ਦੀਆਂ ਸ਼ਾਹੀ ਫੌਜਾਂ ਅਤੇ ਜਾਰਜ ਵਸ਼ਿੰਗਟਨ ਦੀਆਂ ਸਥਾਨਕ ਫੌਜਾਂ ਵਿਚਕਾਰ ਗਹਿ ਗੱਚ ਯੁਧ ਚੱਲ ਰਿਹਾ ਹੈ। ਮੈਨੂੰ ਇਹ ਤਾਂ ਦੱਸਣ ਦੀ ਲੋੜ ਨਹੀਂ ਕਿ ਇਹ ਯੁਧ ਸਾਡਾ ਹੀ ਭੜਕਾਇਆ ਹੋਇਆ ਹੈ। ਜਾਰਜ ਵਸ਼ਿੰਗਟਨ ਦੀਆਂ ਫੌਜਾਂ ਵਿਚ ਆਜ਼ਾਦੀ ਦੇ ਪਰਵਾਨਿਆਂ, ਜੋ ਆਜਾਦੀ ਦੀ ਸ਼ਮ੍ਹਾਂ ਤੇ ਸੜ ਮਰਨ ਲਈ ਤਿਆਰ ਰਹਿੰਦੇ ਹਨ, ਵਰਗਾ ਕੁਰਬਾਨੀ ਦਾ ਜਜ਼ਬਾ ਹੈ। ਉਧਰ ਸ਼ਾਹੀ ਫੌਜਾਂ ਨੂੰ ਸਥਾਪਤੀ ਦਾ ਗਰੂਰ ਹੈ। ਜਦੋਂ ਮੈਂ ਵਸ਼ਿੰਗਟਨ ਨੂੰ ਇਕ ਗੁਪਤ ਥਾਂ ਤੇ ਮਿਲਿਆ ਤਾ ਉਸਦਾ ਢਿਲਕਿਆ ਚਿਹਰਾ ਦੇਖ ਕੇ ਮਨ ਵਿਚ ਪ੍ਰਸ਼ੰਸਨਤਾ ਹੋਈ। ਪਰ ਦਿਖਾਵੇ ਦੇ ਤੌਰ ਤੇ ਉਸਦੇ ਦੁਖ ਨਾਲ ਸ਼ਲਾਵਾ ਕੀਤਾ। ਉਹ ਘੋਰ ਉਦਾਸ ਸੀ ਕਿ ਲੋੜੀਦੀ ਦੌਲਤ (ਆਰਥਿਕ ਮੰਦੀ) ਦੀ ਘਾਟ ਕਾਰਨ ਉਹ ਘੋਰ ਸੰਕਟ ਵਿਚੋਂ ਲੰਘ ਰਿਹਾ ਸੀ। ਮੇਰੇ ਲਈ ਇਹ ਬੜਾ ਹੀ ਮੁਨਾਸਿਵ ਸਮਾਂ ਸੀ । ਮੈਂ ਅਮਰੀਕੀ ਬੈਂਕਰ ਸੋਲਮਨ ਦੀ ਵੀ ਸਹਾਇਤਾ ਲੈਂਦਾ ਹਾਂ। ਮੈਂ ਇਕ ਭਾਰੀ ਬੈਗ ਮੇਜ਼ ਤੇ ਰੱਖ ਦਿੱਤਾ ਅਤੇ ਆਖਿਆ "ਜਾਰਜ, ਇਹ ਲਉ ਛੇ ਲੱਖ ਪੰਜਾਹ ਹਜਾਰ ਡਾਲਰ" ਇਹ ਸੋਨੇ ਦੇ ਸਿੱਕਿਆਂ ਅਤੇ ਮੋਹਰਾਂ ਲੱਗੀਆਂ ਪਰਚੀਆਂ ਯਾਨੀ ਹੁੰਡੀਆਂ ਦੇ ਰੂਪ ਵਿਚ (Promisery Notes) ਹਨ ਜਾਰਜ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ । ਬੋਲਿਆ, "ਕਿੰਨਾ ਕਿਹਾ, ਕੰਨਾਂ ਤੇ ਸੱਚ ਨਹੀਂ ਆਇਆ ਹੈ"।

ਜਾਰਜ ਵਸ਼ਿੰਗਟਨ ਧਨ ਲੈਂਦਾ ਹੋਇਆ

Scanned with OKEN Scanner

ਮੈਂ ਫਿਰ ਕਿਹਾ, ''ਛੇ ਲੱਖ ਪੰਜਾਹ ਹਜਾਰ ਡਾਲਰ ਨਕਦ'' ਜਾਰਜ ਤੋਂ ਰਿਹਾ ਨਾ ਗਿਆ। ਬੈਗ ਹਿੱਕ ਨਾਲ ਲਾ ਕੇ ਨੱਚਣ ਲੱਗ ਪਿਆ। ਬੋਲਿਆ, ''ਯੁਧ ਦਸਾਂ ਦਿਨਾਂ ਵਿਚ ਜਿੱਤਿਆ ਜਾਊਗਾ।'' ਮੈ ਕਿਹਾ, ''ਬਈ ਜਾਰਜ ਆਪਣਾ ਕੋਈ ਲਿਖਤੀ ਸਮਝੋਤਾ ਤਾਂ ਹੋ ਨਹੀਂ ਸਕਦਾ। ਗੁਪਤ ਸਮਝੋਤੇ ਲਿਖਤ ਵਿਚ ਨਹੀ ਹੋਇਆ ਕਰਦੇ। ਫਤਿਹ ਤੋਂ ਬਾਅਦ ....'' ਉਹ ਬੋਲਿਆ, ''ਸ਼ਾਹੂਕਾਰੋ ਫਤਿਹ ਤੋ ਬਾਅਦ ਸਾਰਾ ਅਮਰੀਕਾ ਤੁਹਾਡੇ ਹਵਾਲੇ। ਉਂਜ ਦੇਸ਼ ਭਗਤਾਂ ਵੱਲੋਂ ਬੜੇ ਅੜਿੱਕੇ ਖੜ੍ਹੇ ਕੀਤੇ ਜਾਣਗੇ। ਹੋ ਸਕਦਾ ਹੈ ਕਿ ਮੇਰੇ ਜਿਉਂਦੇ ਜੀਅ ਜਾਂ ਮੇਰੇ ਤੋਂ ਬਾਅਦ ਆਪਸੀ ਝੜਪਾਂ ਵੀ ਹੋਣ ....।'' ਮੈ ਕਿਹਾ, ''ਜਾਰਜ ਜੇਕਰ ਅਸੀਂ ਮਜਬੂਤ ਬੁਨਿਆਦ ਰੱਖ ਸਕਦੇ ਹਾਂ ਤਾਂ ਉਪਰ ਮਹਿਲ ਵੀ ਉਸਾਰ ਲਵਾਂਗੇ ਭਾਵੇਂ ਦਹਾਕੇ ਤੇ ਸਦੀਆਂ ਲੱਗ ਜਾਣ ....।''

ਮੇਅਰ ਆਮਸ਼ੈਲ : ਤੁਹਾਡੇ ਦੋਵਾਂ ਦਾ ਐਲਾਨ ਸੁਣ ਕੇ ਬਸ ਮਜਾ ਹੀ ਆ ਗਿਆ ਹੈ। ਮੈਂ ਵੀ ਇਹ ਬਿਆਨ ਕਰ ਦਿੰਦਾ ਹਾ ਕਿ ਮੈਂ ਫ੍ਰਾਂਸ ਦੇ ਲੂਈ ਨੂੰ ਅਮਰੀਕਾ ਨਾ ਛੱਡਣ ਦੇ ਲਈ ਪ੍ਰੇਰ ਲਿਆ ਹੈ। ਉਸਨੂੰ ਕੁਝ ਧਨ ਵੀ ਦੇ ਦਿੱਤਾ ਹੈ। ਫਰਾਂਸ ਪਹਿਲਾਂ ਹੀ ਆਰਥਿਕ ਸੰਕਟ ਵਿਚ ਫਸਿਆ ਹੋਇਆ ਹੈ। ਅਮਰੀਕੀ ਬਸਤੀ ਤੇ ਕਬਜ਼ਾ ਜਮਾਈ ਰੱਖਣ ਲਈ ਆਰਥਿਕ ਸੰਕਟ ਹੋਰ ਡੂੰਘਾ ਹੋਏਗਾ। ਤੁਸੀਂ ਜਾਣਦੇ ਹੋ ਕਿ ਇਨਾਂ ਦੇ ਆਰਥਿਕ ਸੰਕਟ ਹੀ ਸਾਡੀ ਸਫਲਤਾ ਦਾ ਮੁਢਲਾ ਰਾਜ਼ ਬਣਦੇ ਹਨ। ਮਤਲਬ ਕਿ ਇਸ ਸਮੇਂ ਅਮਰੀਕੀ ਮੁਕਤੀ ਦੇ ਯੁਧ ਕਾਰਨ ਸਾਰਾ ਯੂਰਪ ਅਤੇ ਅਮਰੀਕਾ ਘੋਰ ਸੰਕਟ ਗ੍ਰਸਤ ਹੋ ਗਿਆ ਹੈ। ਪਹਿਲਾਂ ਬਰਤਾਨੀਆਂ ਤੇ ਮਗਰੋਂ ਫਰਾਂਸ ਦੀ ਵਾਰੀ ਆਏਗੀ।

ਇਹੋ ਜਿਹੇ ਸਮੇਂ ਤੇ ਸਾਡੇ ਵੱਲੋਂ ਇਕ ਨਵੇਂ ਧਰਮ ਦੀ ਸੁਰੂਆਤ ਕਰਨੀ ਬੜਾ ਹੀ ਢੁੱਕਵਾਂ ਸਮਾਂ ਹੈ। ਤੁਸੀਂ ਜਾਣਦੇ ਹੀ ਹੋ ਕਿ 1773 ਦੇ ਸੰਮੇਲਨ ਵਿਚ ਇਕ ਸ਼ਾਹੀ ਧਰਮ ਦੀ ਬੁਨਿਆਦ ਰੱਖਣ ਦਾ ਵਾਅਦਾ ਲੈ ਲਿਆ ਸੀ ਅਤੇ ਐਡਮ ਵਿਸੁਪਤ ਕੋਲੋਂ ਬੁਨਿਆਦ ਰੱਖਣ ਦੀ ਮਨਜੂਰੀ ਵੀ ਲਈ ਸੀ। ਅਮਰੀਕੀ ਮਸਲਾ ਸਫਲ ਹੀ ਸਮਝੀਏ। ਹੁਣ ਇਲੂਮੀਨਾਟੀ ਤੇ ਹੋਰ ਵਿਚਾਰ ਕਰ ਲਈਏ ....।''

ਐਡਮ ਵਿਸੁਪਤ : ਹਾਂ, ਮੈਂ ਦਸ ਰਿਹਾ ਸੀ ਕਿ ਖਰੜਾ ਲਗਭਗ ਤਿਆਰ ਹੈ। ਬਸ ਆਖਰੀ ਛੋਹਾਂ ਦੇਣੀਆਂ ਬਾਕੀ ਹਨ। ਉਹ ਦਿਨ ਅਤੇ ਤਰੀਕ ਤੈਅ ਕਰਨੀ ਬਾਕੀ ਹੈ ਜਦੋਂ ਬੁਨਿਆਦ ਰੱਖਣੀ ਹੈ। ਮੇਰੀ ਰਾਏ ਹੈ ਕਿ ਅਮਰੀਕਾ ਦੀ

Scanned with OKEN Scanner
Scanned with OKEN Scanner

ਆਜ਼ਾਦੀ ਅਤੇ ਇਲੂਮੀਨਾਟੀ ਧਰਮ ਦੀ ਬੁਨਿਆਦ ਰੱਖਣ ਦੇ ਜਸ਼ਨ ਇਕੋ ਦਿਨ ਮਨਾਏ ਜਾਣ। ਇਕ ਜਸ਼ਨ ਜੱਗ ਜ਼ਾਹਿਰ ਹੋਏਗਾ ਅਤੇ ਦੂਸਰਾ ਅਤਿਅੰਤ ਗੁਪਤ।

ਸ਼ਨੈਪਰ : ਜ਼ਾਰਜ ਵੱਲੋਂ ਦਿੱਤੇ ਸੁਝਾਅ ਦੇ ਅਧਾਰ ਤੇ ਮੈਂ ਤਰੀਕ ਦਾ ਹੁਣੇ ਫੈਸਲਾ ਕਰ ਦਿੰਦਾ ਹਾਂ। ਤਰੀਕ ਹੋਏਗੀ 16 ਮਈ 1776; ਇਹੀ ਤਰੀਕ ਜਾਰਜ ਨੂੰ ਵੀ ਪੁੱਜਦੀ ਕਰ ਦੇਵਾਂਗਾ। ਸਾਡੇ ਦਿੱਤੇ ਧਨ ਨਾਲ ਉਹ ਏਨਾ ਸ਼ਕਤੀਸ਼ਾਲੀ ਹੋ ਗਿਆ ਹੈ ਕਿ ਸਾਡੀ ਮਿਥੀ ਤਰੀਕ ਅਮਰੀਕੀ ਆਜ਼ਾਦੀ ਦਾ ਦਿਵਸ ਹੋਏਗੀ।

ਮੇਅਰ ਆਮਸ਼ੈਲ : ਵਿਸ਼ੁਪਤ ਤੁਹਾਨੂੰ ਪਤਾ ਹੀ ਹੈ ਨਾ ਕਿ ਸਾਡੇ ਇਸ ਨਵੇਂ ਇਲੂਮੀਨਾਟੀ ਮੱਤ ਵਿਚ ਕੀ ਨਵਾ ਹੋਏਗਾ ਤੇ ਕੀ ਪੁਰਾਣਾ ?

ਵਿਸ਼ੁਪਤ : ਹਾਂ, ਮੈ ਸੰਖੇਪ ਵਿਆਖਿਆ ਕਰਦਾ ਹਾਂ। ਇਲੂਮੀਨਾਟੀ ਵਿਚ ਬਹੁਤ ਸਾਰੀਆਂ ਧਾਰਮਿਕ ਲੋਲੀਆਂ ਪੋਪੀਆਂ ਖਾਰਜ ਕਰ ਦਿੱਤੀਆਂ ਸਮਝੀਆ ਗਈਆਂ ਹਨ। ਇਹ ਇਕ ਕੱਟੜ ਰਾਜਸੀ ਮੱਤ ਹੈ। ਇਸਦਾ ਅੰਤਲਾ ਇਸ਼ਾਨਾ ਇਕ ਵਿਸ਼ਵੀ ਨੇਮ (One World Order) ਦੀ ਪ੍ਰਾਪਤੀ ਤੇ ਲਾਗੂ ਕਰਨਾ ਹੈ। ਇਹ ਇਸਦੀ ਸਿਖਰਲੀ ਮੰਜਿਲ ਹੈ। ਇਸ ਪ੍ਰਾਪਤੀ ਲਈ ਮਨੁੱਖੀ ਮਨ ਦੀ ਧੁਲਾਈ (Conditioning) ਅਤੇ ਢਲਾਈ (Moulding) ਜਰੂਰੀ ਹੈ। ਇਸ ਮਕਸਦ ਲਈ ਪੁਰਾਤਨ ਯੰਤਰਾਂ, ਮੰਤਰਾਂ, ਤੰਤਰਾਂ, ਸਿਮਰਨ, ਪੂਜਾ, ਪਾਠ, ਕੁਰਬਾਨੀ, ਲਹੂ-ਬਲੀ ਆਦਿ ਦੀ ਨਿਵੇਕਲੀ ਵਿਧੀ ਨਾਲ ਵਰਤੋਂ ਹੋਏਗੀ। ਸੈਕਸ ਅਤੇ ਨਸ਼ਿਆਂ ਦੇ ਸੇਵਨ ਦਾ ਖਾਸ ਮਹੱਤਵ ਹੋਏਗਾ। ਹਮਦਰਦੀ, ਤਰਸ, ਪਿਆਰ, ਲਿਹਾਜਦਾਰੀ ਆਦਿ ਦੀ ਕੋਈ ਥਾਂ ਨਹੀਂ ਹੋਵੇਗੀ। ਧਨ ਅਤੇ ਲਾਲਚ ਦੀ ਨਿੱਜੀ ਅਤੇ ਸਮੂਹਿਕ ਬਿਰਤੀ ਨੂੰ ਅਧਾਰ ਬਣਾ ਕੇ ਅੱਗੋਂ ਹੋਰ ਪ੍ਰਚੰਡ ਕੀਤਾ ਜਾਵੇਗਾ। ਸਾਡਾ ਹਰ ਅਨੁਯਾਈ ਸਿਰੇ ਦਾ ਅਕਾਂਕਸ਼ਈ ਹੋਏਗਾ। ਉਸਨੂੰ ਲਗਾਤਾਰ ਲਾਲਚ ਦਿੱਤਾ ਜਾਂਦਾ ਰਹੇਗਾ ਕਿ ਦੁਨੀਆ ਭਰ ਦਾ ਧਨ ਅਤੇ ਰਾਜ ਉਸੇ ਦੀ ਮਲਕੀਅਤ ਹੈ। ਪਰ ਇਸ ਸਭ ਕੁਝ ਨੂੰ ਗੁਪਤ ਰੱਖਣਾ ਅਤਿਅੰਤ ਜਰੂਰੀ ਹੈ ....

ਸ਼ਨੈਪਰ : ਇੰਨੀ ਪਰਪੱਕ ਗੁਪਤਤਾ ਕਿਵੇਂ ਰੱਖੀ ਜਾਵੇਗੀ ?

ਵਿਸ਼ੁਪਤ : ਬੜਾ ਸੌਖਾ ਢੰਗ ਹੈ। ਸਦਾ ਖੁਲੀ ਅੱਖ (ਸ਼ਤੈਨੀ ਅੱਖ) ਸਾਡਾ (Emblum) ਚਿਨ੍ਹ ਹੋਏਗਾ। ਇਹ ਧਰਮ ਪ੍ਰਸ਼ਹੀਨੀ ਹੋਏਗਾ।

ਅਨੁਯਾਈ ਨੂੰ ਬਚਪਨ ਤੋਂ ਹੀ ਐਸੇ ਦ੍ਰਿਸ਼ ਦਿਖਾਏ ਜਾਣਗੇ ਕਿ ਗੁਪਤਤਾ ਭੰਗ ਕਰਨ ਵਾਲੇ ਦਾ ਕਿੰਨਾ ਮਾੜਾ ਹਸ਼ਰ ਹੁੰਦਾ ਹੈ। ਹਰ ਅਨੁਆਈ ਨੂੰ ਵਿਸ਼ਵਾਸ ਦਿੱਤਾ ਜਾਏਗਾ ਕਿ ਉਸਦੇ ਮੱਥੇ ਵਿਚ ਇਕ ਅੱਖ ਉਪਰੇਟ ਕਰ ਦਿੱਤੀ ਗਈ ਹੈ, ਜਿਸਨੂੰ ਉਸ ਤੋਂ ਵੱਡੇ ਰੈਂਕ ਵਾਲਾ ਅਨੁਆਈ ਆਸਾਨੀ ਨਾਲ ਦੇਖ ਅਤੇ ਪੜ੍ਹ ਸਕੇਗਾ। ਆਮ ਅਤੇ ਛੋਟੇ ਰੈਂਕ ਵਾਲੇ ਮਨੁੱਖ ਦੀ ਕੋਈ ਕਮਜ਼ੋਰੀ ਲੁਕੀ ਨਹੀਂ ਰਹਿ ਜਾਵੇਗੀ। ਉਪਦੇਸ਼ਾਂ ਦਾ ਵੀ ਅਤੇ ਲਗਾਤਾਰ ਵਿਕਾਸ਼ਦੀ ਤਕਨੀਕ ਦਾ ਵੀ ਸਹਾਰਾ ਲਿਆ ਜਾਵੇਗਾ।

ਮੇਅਰ ਆਮਸ਼ੈਲ : ਇਕ ਸੰਪਰਦਾਅ ਦੇ ਤੌਰ ਤੇ ਇਹ ਸਭ ਠੀਕ ਹੈ। ਪਰ ਅਸੀਂ ਇਕ ਸਮਾਜਿਕ ਅਤੇ ਵਿਸ਼ੇਸ਼ ਤੌਰ ਤੇ ਰਾਜਨੀਤਿਕ ਮਹੱਤਤਾ ਵਾਲਾ ਧਰਮ ਪੈਦਾ ਕਰ ਰਹੇ ਆਂ । ਉਸ ਬਾਰੇ ਕੁਝ ਚਾਨਣਾ ਪਾਉ।

ਵਿਸ਼ੁਪਤ : ਇਲੂਮੀਨਾਟੀ ਦਾ ਅਸਲ ਮਕਸਦ ਤਾ ਸਮਾਜਿਕ ਅਤੇ ਰਾਜਨੀਤਿਕ ਏਜੰਡੇ ਦੀ ਪ੍ਰਾਪਤੀ ਹੀ ਹੈ ਜਿਸਨੂੰ ਸੰਖੇਪ ਵਿਚ ਇਕ ਵਿਸ਼ਵੀ ਨੇਮ (One World Order), ਇਕ ਵਿਸ਼ਵੀ ਸਰਕਾਰ (One World Government), ਇਕ ਵਿਸ਼ਵੀ ਸਮਾਜ (One World Society), ਇਕ ਵਿਸ਼ਵੀ ਸੱਭਿਆਚਾਰ (One World Culture) ਆਦਿ ਕਿਹਾ ਗਿਆ ਹੈ। ਇਲੂਮੀਨਾਟੀ ਦੇ ਛੇ ਪ੍ਰਮੁੱਖ ਵਿਭਾਗ ਹੋਣਗੇ ਜਿਵੇਂ ਕਿ :- ਵਿਗਿਆਨ, ਸਰਕਾਰ, ਲੀਡਰਸ਼ਿਪ, ਵਿਦਵਤਾ, ਆਤਮਿਕਤਾ, ਸੈਨਾ।

ਇਨਾ ਛੇ ਵਿਭਾਗਾ ਤੋਂ ਬਿਨਾਂ ਸਮਾਜ ਵਿਚ ਹੋਰ ਹੈ ਈ ਕੀ ? ਹੈ ਨਾ ਕਰਾਮਾਤ ਕਿ ਵਿਗਿਆਨ ਦੁਆਰਾ ਉਹੀ ਅਵਿਸ਼ਕਾਰ ਹੋਣਗੇ ਜੋ ਅਸੀਂ ਚਾਹਾਂਗੇ ਜੋ ਸਾਡੇ ਹਿਤ ਵਿਚ ਹੋਣਗੇ। ਹੋਰ ਅਵਿਸ਼ਕਾਰ ਅਸੀਂ ਸਾਹਮਣੇ ਆਉਣ ਹੀ ਨਹੀ ਦਿਆਂਗੇ। ਐਸੇ ਐਸੇ ਸਿਖਲਾਈ ਕੇਂਦਰ, ਵਿਦਿਆਲੇ ਤੇ ਵਿਸ਼ਵ ਵਿਦਿਆਲੇ ਸ਼ੁਰੂ ਕਰਾਂਗੇ ਜਿੱਥੇ ਸਰਕਾਰ ਬਣਾਉਣ ਅਤੇ ਚਲਾਉਣ ਦੀ ਸਿਖਿਆ ਦਿੱਤੀ ਜਾਵੇਗੀ। ਅਸੀਂ ਸਿਖਾਂਵਾਂਗੇ ਕਿ ਸਫਲ ਲੀਡਰ ਕਿਵੇ ਬਣ ਸਕੀਦਾ ਹੈ। ਹਰ ਦੇਸ਼ ਦੀ ਸੈਨਾ ਵਿਚ ਘੁਸਪੈਠ ਕਰਕੇ ਹਾਲਾਤ ਐਸੇ ਬਣਾਵਾਂਗੇ ਕਿ ਸੈਨਾ ਦੀ ਉਪਰਲੀ ਲੀਡਰਸ਼ਿਪ ਸਾਡੀ ਦਾਸੀ ਹੋਵੇਗੀ।

ਵਿਦਵਤਾ ਦਾ ਕੋਈ ਅੰਤਲਾ ਅੰਤ ਨਹੀਂ ਹੁੰਦਾ ਪਰ ਇਹ ਫੈਸਲਾ ਅਸੀਂ ਕਰਾਂਗੇ ਕਿ ਕਿਸ ਨੂੰ ਵਿਦਵਾਨ ਆਖਿਆ ਜਾਣਾ ਤੇ ਮੰਨਿਆ ਜਾਣਾ ਹੈ ਤੇ ਕਿਸ ਨੂੰ ਨਹੀ। ਅਵਿਸ਼ਕਾਰ ਦਾ ਮੁਢ ਕੋਈ ਬੰਨ੍ਹੇਗਾ ਪਰ ਅੰਤ ਨਾਮ ਕਿਸੇ ਹੋਰ ਦਾ ਲੱਗੇਗਾ। ਜਿਹੜਾ ਵਿਅਕਤੀ ਜਾਂ ਸਮੂਹ ਸਾਡੇ ਅਨੁਸਾਰੀ ਹੋਏਗਾ, ਵਧੇ ਫੁਲੇਗਾ, ਵਰਨਾ ਨੇਸਤੋ ਨਾਬੂਦ ਹੋ

Scanned with OKEN Scanner

ਜਾਏਗਾ। ਫੇਰ ਇਹ ਕਿ ਪਤਾ ਵੀ ਕਿਸੇ ਨੂੰ ਨਹੀਂ ਲੱਗੇਗਾ।

ਲੋਕ ਸਮਝਦੇ ਹਨ ਕਿ ਸਰਕਾਰਾਂ, ਸੁਪਰੀਮ ਹੁੰਦੀਆਂ ਹਨ। ਹਾਂ, ਏਹੀ ਭਰਮ ਹੋਰ ਵਧਾਂਵਾਗੇ ਪਰ ਸਰਕਾਰਾਂ ਦੀ ਸੱਤਿਆ (ਸ਼ਕਤੀ, ਤਾਕਤ) ਸਾਡੇ ਹੱਥ ਹੋਏਗੀ, ਸਾਰੇ ਸਿਆਸੀ ਉਚ ਨੇਤਾ ਸਾਡੇ ਦਾਸ ਹੋਣਗੇ। ਸਰਕਾਰਾਂ ਧਨ ਨਾਲ ਚਲਦੀਆਂ ਹਨ। ਧਨ ਬੈਂਕਾ ਵਿਚ ਕੇਂਦਰਤ ਹੋਏਗਾ ਤੇ ਬੈਂਕ ਸਾਡੇ ਨਿੱਜੀ ਹੋਣਗੇ।

ਅਸੀਂ ਕਦੇ ਨਹੀ ਭੁਲਾਂਗੇ ਕਿ ਅਸੀਂ ਸਰਵਸ੍ਰੇਸ਼ਟ ਲੋਕ ਹਾਂ। ਸਾਰੀ ਸ੍ਰਿਸ਼ਟੀ ਦੇ ਰਾਜ ਅਤੇ ਧਨ ਤੇ ਸਾਡਾ ਰੱਬੀ ਹੱਕ ਹੈ।

ਮੇਅਰ ਆਮਸ਼ੈਲ : ਵਾਹ ਵਾਹ ਕਮਾਲ ਦਾ ਖਰੜਾ ਹੈ। ਆਖਰੀ ਤੁਹਾਂ ਤੋਂ ਮਗਰੋਂ ਹੋਰ ਵੀ ਕਮਾਲ ਹੋ ਜਾਵੇਗਾ। ਤੁਹਾਡੀ ਸਮਝ ਅਤੇ ਵਿਦਵਤਾ ਤੋਂ ਬਲਿਹਾਰ ਜਾਂਦਾ ਹਾਂ।

ਵਿਸ਼ੂਪਤ : ਇਹ ਸਭ ਤੁਹਾਡੇ ਯੋਗਦਾਨ ਕਰਕੇ ਹੀ ਸੰਭਵ ਹੋਇਆ ਹੈ ਵਰਨਾ ਮੈਂ ਤਾ ਯੂਨੀਵਰਸਿਟੀ ਵਿਚ ਅਧਿਐਨ ਅਤੇ ਅਧਿਆਪਨ ਵਿਚ ਖੋਇਆ ਰਹਿਣਾ ਸੀ ....

ਸ਼ਨੈਪਰ : ਵਿਸ਼ੂਪਤ, ਤੁਸੀਂ ਬਿਲਕੁਲ ਠੀਕ ਕਿਹਾ ਹੈ। ਮੇਅਰ ਹੈ ਤਾ 35-36 ਸਾਲ ਦਾ ਯੁਵਕ ਤੇ ਉਹ ਵੀ ਪਿਉ ਵਿਹੂਣਾ। ਪਰ ਇਸ ਦੇ ਯੁਵਕ ਮੋਢਿਆ ਤੇ ਬਹੁਤ ਰੜ੍ਹਿਆ ਗੁੜ੍ਹਿਆ ਸਿਰ ਹੈ। ਐਵੇਂ ਤਾ ਨਹੀਂ ਕਿ ਇਸਦੇ ਪਿਉ ਨੇ ਇਸਦੇ ਮੱਥੇ ਉਪਰ ਚਿਪਕੇ ਲਾਲ ਤੇ ਕੋਣੇ ਤਾਰੇ ਨੂੰ ਬ੍ਰਹਿਮੰਡ ਜਿੰਨਾਂ ਫੈਲਦਾ ਕਲਪਿਆ ਸੀ।

ਵਿਸ਼ੂਪਤ : ਸ਼ਨੈਪਰ ਸਾਹਿਬ, ਤੁਹਾਡੀ ਪਹਿਚਾਣ ਦੇ ਵੀ ਬਲਿਹਾਰੇ ਜੋ ਤੁਸੀਂ ਆਪਣੀ ਲੜਕੀ ਗਟਲੇ ਨੂੰ ਇਸਦੀ ਪਤਨੀ ਬਣਾ ਦਿੱਤਾ। ਅੱਗੋਂ ਹੁਣ ਤੱਕ ਦੋ ਲੜਕੇ ਪੈਦਾ ਹੋ ਚੁਕੇ ਹਨ। ਰੱਬ ਕਰੇ ਹੋਰ ਹੋਣ। ਮੇਅਰ ਸਿਆਣਪ ਦੇ ਪੱਖਾਂ ਤੋਂ ਆਪਣੇ ਬਾਪ ਦਾ ਬਾਪ ਹੈ ਤੇ ਏਵੇਂ ਹੀ ਮੇਅਰ ਦੇ ਬੱਚੇ ਆਪਣੇ ਬਾਪ ਦੇ ਬਾਪ ਹੋਵਣਗੇ। ਮੈਨੂੰ ਯਕੀਨ ਹੈ ਕਿ ਮੇਅਰ ਨੇ ਇਕ ਇਕ ਬੱਚੇ ਨੂੰ ਦੁਨੀਆਂ ਦੀ ਇੱਕ ਇੱਕ ਰਾਜਧਾਨੀ ਦੇਣੀ ਹੈ। ਉਹ ਅੱਗੋਂ ਆਪਸ ਵਿੱਚ ਸਲਾਹ-ਮਸ਼ਵਰੇ ਨਾਲ ਸਾਰੀ ਦੁਨੀਆਂ ਸੰਭਾਲ ਲੈਣਗੇ।

ਸ਼ਨੈਪਰ : ਤੁਸੀਂ ਖੂਬ ਕਿਹਾ। ਦੇਖੋ ਨਾ 1757 ਈਸਵੀ ਦੀ ਪਲਾਸੀ ਦੀ ਲੜਾਈ ਲੜੀ ਅਤੇ ਜਿੱਤੀ ਸੀ ਈਸਟ ਇੰਡੀਆ ਕੰਪਨੀ ਨੇ ਪਰ ਸਾਰੇ ਧਨ ਤੇ ਕਬਜਾ ਕਰ ਲਿਆ ਰੌਥਸਚਾਈਲਡ ਟੱਬਰ ਨੇ। ਕਿਆ ਕਮਾਲ ਦਾ ਖਿਆਲ ਹੈ ਕਿ ਸਰਜਉਦ ਦੌਲਾ ਦਾ ਲੁਟਿਆ ਧਨ ਜਾਰਜ ਵਾਸ਼ਿੰਗਟਨ

Scanned with OKEN Scanner
Scanned with OKEN Scanner

ਰਾਹੀ ਅਮਰੀਕਾ ਦੀ ਅਜਾਦੀ ਦੀ ਲੜਾਈ ਵਿਚ ਖਰਚ (Invest) ਹੋ ਰਿਹਾ ਹੈ।

ਵਿਸ਼ੂਪਤ : ਕਿਥੇ ਸਰਾਜਊਦ-ਦੌਲਾ ਅਤੇ ਕਿਥੇ ਜਾਰਜ ਵਸ਼ਿੰਗਟਨ। ਕਿਥੇ ਇੰਡੀਆ ਅਤੇ ਕਿਥੇ ਅਮਰੀਕਾ। ਇਕ ਗੁਲਾਮੀ ਦੀ ਲੜਾਈ ਅਤੇ ਦੂਜੀ ਆਜਾਦੀ ਦੀ। ਇਕ ਪਾਸੇ ਇੰਡੀਆ ਨੂੰ ਗੁਲਾਮੀ ਦੀਆਂ ਜੰਜੀਰਾਂ ਵਿਚ ਹੋਰ ਮਜਬੂਤ ਕੱਸਿਆ ਗਿਆ, ਅਤੇ ਦੂਜੇ ਪਾਸੇ ਅਮਰੀਕਾ ਦੀ ਗੁਲਾਮੀ ਦੀਆਂ ਜੰਜੀਰਾਂ ਨੂੰ ਕੱਟ ਸੁੱਟਣ ਦਾ ਸੰਘਰਸ਼। ਕਿਆ ਕਮਾਲ ਦੀ ਸ਼ੁਰੂਆਤ ਹੈ। ਆਜ਼ਾਦੀ ਤੇ ਵੀ ਸਾਡੀ ਅਜਾਰੇਦਾਰੀ ਅਤੇ ਗੁਲਾਮੀ ਤੇ ਵੀ ਸਾਡੀ ਅਜਾਰੇਦਾਰੀ ....। ਹੌਲੀ ਹੌਲੀ ਸਾਰੇ ਵਿਸ਼ਵ ਤੇ ਸਾਡੀ ਅਜਾਰੇਦਾਰੀ .....

ਪਿਆਰੇ ਵਿਲਿਅਮ ਪ੍ਰੇਮ, ਮੇਰੀ ਰਾਏ ਹੈ ਕਿ ਇਸ ਧਨ ਨਾਲ ਸੰਬੰਧਤ ਇੱਕ ਘਟਨਾ ਭਾਰਤ ਦੀ ਵੀ ਦਿੱਤੀ ਜਾਵੇ, ਕਿਉਂਕਿ ਧਨ ਦਾ ਅਸਲ ਸੋਮਾਂ ਤਾਂ ਭਾਰਤ ਹੀ ਹੈ......।

Scanned with OKEN Scanner

ਪਲਾਸੀ ਦੀ ਲੜਾਈ-1757

ਰਾਮ ਤੇ ਰਹੀਮ ਦੋਵੇਂ ਬੰਗਾਲ ਦੇ ਇਕੋ ਪਿੰਡ ਦੇ ਨਿਵਾਸੀ ਹਨ।

ਸਰਾਜਉਦ-ਦੌਲਾ ਕੰਪਨੀ ਦੀ ਸ਼ਹਿ ਤੇ ਬੰਗਾਲ ਦੀ ਗਵਰਨਰੀ ਤੋਂ ਉਤਰ ਪੂਰਬੀ ਖਿੱਤੇ ਦਾ ਬਾਦਸ਼ਾਹ ਬਣ ਜਾਂਦਾ ਹੈ। ਕੰਪਨੀ ਦੇ ਜ਼ੋਰ ਪਾਉਣ ਤੇ ਲੋਕਾਂ ਨੂੰ ਮਜਬੂਰ ਕੀਤਾ ਜਾਂਦਾ ਹੈ ਕਿ ਉਨ੍ਹਾਂ ਤੋਂ ਪੁਸ਼ਤੈਨੀ ਫਸਲਾਂ ਦੀ ਥਾਂ ਪੋਸਤ ਯਾਨੀ ਅਫੀਮ ਦੀ ਖੇਤੀ ਕਰਵਾਈ ਜਾਏ।

ਇਸ ਮਕਸਦ ਲਈ ਉਮੀ ਚੰਦ, ਜਗਤ ਸੇਠ, ਮਹਿਤਾਬ ਚੰਦ, ਸਵਰੂਪ ਚੰਦ, ਯਾਰ ਲਤੂਫ ਖਾਨ, ਰਾਏ ਦੁਰਲਭ, ਦੁਆਰਕਾ ਨਾਥ ਟੈਗੋਰ ਆਦਿ ਸਥਾਨਕ ਵਪਾਰੀਆਂ ਦੀ ਸਹਾਇਤਾ ਲਈ ਜਾਂਦੀ ਹੈ। ਇਹਨਾਂ ਧਨਾਢਾਂ ਦੀ ਲੋਕਾਂ ਵਿਚ ਚੰਗੀ ਰਸਾਈ ਹੈ ਕਿਉਂਕਿ ਲੋਕ ਵੇਲੇ ਕੁਵੇਲੇ ਇਹਨਾਂ ਤੋਂ ਹੀ ਕਰਜ਼ਾ ਲੈ ਕੇ ਨਿਰਬਾਹ ਕਰਦੇ ਹਨ। ਲੋਕ ਹੁਕਮ ਮੰਨਣ ਲਈ ਮਜਬੂਰ ਹਨ। ਵੱਡੀ ਮਜਬੂਰੀ ਇਹ ਵੀ ਹੈ ਕਿ ਅਫੀਮ ਦੀ ਵਿਕਰੀ ਕੇਵਲ ਸਰਕਾਰ ਕੋਲ ਹੀ ਕੀਤੀ ਜਾ ਸਕਦੀ ਹੈ। ਸਰਕਾਰ ਬਣਦੀ ਕੀਮਤ ਨਾ ਦੇ ਕੇ ਖੂਬ ਲੁਟ ਮਚਾਉਂਦੀ ਹੈ।

ਅਕਾਲ ਦੀ ਸਥਿਤੀ ਆ ਜਾਂਦੀ ਹੈ।

ਉਧਰ ਅਫੀਮ ਦੀ ਖਰੀਦ ਅਤੇ ਵੇਚ ਦੇ ਲਾਭ ਦੇ ਮਸਲੇ ਤੇ ਸਰਾਜਉਦ-ਦੌਲਾ ਅਤੇ ਕੰਪਨੀ ਦੀ ਆਪਸ ਵਿਚ ਖੜਕ ਜਾਂਦੀ ਹੈ। ਸਥਾਨਕ ਸੇਠਾਂ ਨੇ ਕੰਪਨੀ ਦਾ ਵਧੇਰੇ ਸਾਥ ਦਿੱਤਾ ਹੁੰਦਾ ਹੈ। ਕੰਪਨੀ ਨੇ ਵੀ ਗਰੀਬ ਕਿਸਾਨਾ ਨੂੰ ਭਰਤੀ ਕਰਕੇ ਚੰਗੀ ਤਗੜੀ ਫੌਜ ਬਣਾ ਲਈ ਹੋਈ ਹੈ।



ਪਲਾਸੀ ਦਾ ਯੁੱਧ

1757 ਵਿਚ ਪਲਾਸੀ ਦੇ ਮੈਦਾਨ ਵਿਚ ਆਮਣੇ ਸਾਹਮਣੇ ਖੂਨੀ ਯੁੱਧ ਹੁੰਦਾ ਹੈ।

ਰਾਮ ਅਤੇ ਰਹੀਮ ਇਕੋਂ ਪਿੰਡ ਦੇ ਨਿਵਾਸੀ ਹਨ। ਪਿੰਡਾਂ ਵਿਚ ਅਕਾਲ ਵਰਗੀ ਹਾਲਾਤ ਹੋਣ ਕਰਕੇ ਦੋਵੇਂ ਫੌਜਾਂ ਵਿਚ ਭਾਰਤੀ ਹੋ ਜਾਂਦੇ ਹਨ। ਰਹੀਮ ਸਰਾਜਉਦ-ਦੌਲਾ ਦੀ ਫੌਜ ਵਿਚ ਅਤੇ ਰਾਮ ਕੰਪਨੀ ਦੀ ਫੌਜ ਵਿਚ ਭਰਤੀ ਹੁੰਦਾ ਹੈ।

ਯੁੱਧ ਦੇ ਦੌਰਾਨ ਦੋਵਾ ਦਾ ਕਈ ਵਾਰੀ ਆਮਣਾ ਸਾਹਮਣਾ ਹੁੰਦਾ ਹੈ। ਪਰ ਹਰ ਵਾਰੀ ਉਹ ਇਕ ਦੂਜੇ ਤੇ ਵਾਰ ਕਰਨੋਂ ਟਾਲਾ ਵਟ ਜਾਂਦੇ ਹਨ। ਸਰਾਜ ਹਾਰ ਜਾਂਦਾ ਹੈ, ਫੌਜਾਂ ਭੱਜਣ ਲੱਗ ਜਾਂਦੀਆ ਹਨ। ਰਹੀਮ ਰਾਮ ਕੋਲ ਪਨਾਹ ਲੈਂਦਾ ਹੈ। ਰਾਮ ਆਪਣੀ ਫੌਜ ਦੇ ਕਿਸੇ ਮੁਰਦਾ ਸਿਪਾਹੀ ਦੀ ਵਰਦੀ ਲਾਹ ਕੇ ਰਹੀਮ ਨੂੰ ਪਹਿਨਾਂ ਕੇ ਆਪਣੇ ਵੱਲ ਸ਼ਾਮਿਲ ਕਰ ਲੈਂਦਾ

Scanned with OKEN Scanner
Scanned with OKEN Scanner

ਹੈ। ਅਪਣੇ ਤੋਂ ਵੱਡੇ ਰੈਂਕ ਵਾਲੇ ਇੰਚਾਰਜ ਨਾਲ ਵੀ ਸਲਾਹ ਮਸ਼ਵਰਾ ਕਰ ਲੈਂਦਾ ਹੈ।

ਦੋਵਾਂ ਨੂੰ ਉਨ੍ਹਾਂ ਮਿਸਤਰੀਆਂ ਦੀ ਟੁਕੜੀ ਨਾਲ ਬਤੌਰ ਕੁਲੀ ਸ਼ਾਮਲ ਕੀਤਾ ਜਾਂਦਾ ਹੈ, ਜਿਸ ਟੁਕੜੀ ਦੇ ਜ਼ੁਮੇ ਸਰਾਜਉਦ-ਦੌਲਾ ਦੇ ਖਜ਼ਾਨੇ ਦੇ ਦਰਾਂ ਦੀਵਾਰਾਂ ਨੂੰ ਤੋੜਨਾ ਅਤੇ ਚੁਕ ਕੇ ਲੈ ਜਾਣਾ ਸੀ।

ਖਜ਼ਾਨੇ ਦਾ ਵੱਡਾ ਮਜ਼ਬੂਤ ਦਰ ਤੋੜਨਾ ਸ਼ੁਰੂ ਕੀਤਾ ਜਾਂਦਾ ਹੈ। ਦੋਵੇਂ ਤਕੜੇ ਹਨ। ਹਥੌੜਿਆ ਦੇ ਵਾਰ ਤੇ ਵਾਰ ਕੀਤੇ ਜਾਂਦੇ ਹਨ। ਅੰਤ ਵੱਡਾ ਦਰ ਟੁਟ ਕੇ ਡਿਗ ਜਾਂਦਾ ਹੈ।

ਹੋਰਾਂ ਵਾਂਗ ਰਾਮ ਅਤੇ ਰਹੀਮ ਵੀ ਹੈਰਾਨ ਰਹਿ ਜਾਂਦੇ ਹਨ ਕਿ ਸਰਾਜ ਕੋਲ ਸੋਨੇ, ਚਾਂਦੀ, ਹੀਰੇ, ਜਵਾਹਰਾਤ ਅਤੇ ਹੋਰ ਕੀਮਤੀ ਵਸਤਾਂ ਅਤੇ ਭੂਸ਼ਣਾਂ ਦਾ ਏਡਾ ਵੱਡਾ ਖਜ਼ਾਨਾ ਹੈ। ਕੰਪਨੀ ਕਮਾਂਡਰ ਅਤੇ ਸਹਾਇਕ ਕੰਪਨੀ ਕਮਾਂਡਰ ਦੀ ਦੇਖ ਰੇਖ ਚਲ ਰਹੀ ਹੈ। ਦਰ ਟੁਟਣ ਮਗਰੋਂ ਰਾਮ ਤੇ ਰਹੀਮ ਨੂੰ ਉਨ੍ਹਾਂ ਦੀ ਰੱਖਿਆ ਲਈ ਤਾਇਨਾਤ ਕਰ ਦਿਤਾ ਜਾਂਦਾ ਹੈ। ਉਹ ਗੱਲਾਂ ਕਰਦੇ ਹਨ। ਇਹ ਸੁਣੀ ਜਾਂਦੇ ਹਨ ....

ਕੰਪਨੀ ਕਮਾਂਡਰ : ਇਟਨਾ ਸੋਨਾ ਤੋ ਸਾਰੇ ਯੂਰਪ ਮੇਂ ਨਹੀਂ ਹੋਗਾ।

ਸਹਾਇਕ ਕਮਾਂਡਰ : ਹਮਾਰੇ ਕੰਪਨੀ ਕੇ ਸਰਪ੍ਰਸਤ ਮਿਸਟਰ ਬੂਅਰ ਕੋ ਔਰ ਚਾਹੀਏ ਤੋ ਕਿਆ। ਸੋਨੇ ਦੀ ਚਿੜੀਆ ਕੇ ਪੰਖ ਕਾਟਨੇ ਤੋਂ ਹਿੰਦੋਸਤਾਨ ਆਇਆ।

ਕੰਪਨੀ ਕਮਾਂਡਰ : ਵਹੀ ਸਭ ਸੇ ਬੜਾ ਹਿੱਸੇਦਾਰ ਹੈ। ਸਭ ਉਸੀ ਕੇ ਗੋਦਾਮੋਂ ਮੇਂ ਔਰ ਬੈਂਕੋਂ ਮੇਂ ਜਾਏਗਾ। ਔਰ ਹਿੱਸੇਦਾਰ ਵੀ ਉਸੀ ਕੇ ਪਾਕੇਟ ਮੇਂ ਹੈਂ।

ਸਹਾਇਕ : ਫਿਰ ਤੋ ਸਾਰੀ ਕੰਪਨੀ ਉਸੀ ਕੀ ਪਾਕੇਟ ਮੇਂ ਹੈ।

ਕਮਾਂਡਰ : ਪਤਾ ਚਲਾ ਹੈ ਕਿ ਬਰਤਾਨੀਆਂ ਕਾ ਬਾਦਸ਼ਾਹ ਵੀ ਉਸ ਕਾ ਕਰਜ਼ਾਈ ਹੈ।

ਸਹਾਇਕ : ਬਈ ਅਬ ਤੋ ਦੋਨੋ ਰਿਸ਼ਤੇਦਾਰ ਵੀ ਬਣ ਗਏ ਹੈਂ। ਕਿਆ ਫਰਕ ਪੜਤਾ ....

ਕਮਾਂਡਰ : ਫਰਕ ਪੜੇਗਾ ਮਿਸਟਰ, ਪੜੇਗਾ। ਯੇ ਧਨਾਢ-ਸ਼ਾਹੂਕਾਰ ਕਿਸੀ ਦਾ ਸਗਾ ਨਹੀਂ ਹੋਤਾ। ਵੋਹ ਕਿਆ ਕਿਆ ਕਰੇਗਾ, ਕੁਛ ਕਹਾ ਨਹੀਂ ਜਾ ਸਕਤਾ। ਵੁਹ ਰਿਸ਼ਤੇਦਾਰ ਬਾਦਸ਼ਾਹੋਂ ਕੋ ਆਪਸ ਮੇਂ ਵਾਂਟ ਕਰ ਔਰ ਲੜਾ ਲੜਾ ਕਰ ਮਰਵਾ ਸਕਤਾ ਹੈ।

ਸਹਾਇਕ ਕਮਾਂਡਰ: ਬਹੁ ਛੋੜੇਗਾ ਕਿਸੀ ਕੋ ਨਹੀਂ। ਦੇਖੋ ਨਾ ਯੂਰਪ ਮੇਂ ਕਿਆ ਕਿਆ ਨਹੀਂ ਹੂਆ। ਧਰਮਯੁੱਧ (Crusades) ਕਰਵਾਏ। ਸ਼ੁਰੂ ਇੰਨ ਯਹੂਦੀਓਂ ਨੇ ਕਿਆ। ਫਿਰ ਯੇ ਈਸਾਈਓ ਔਰ ਮੁਸਲਮਾਨੋਂ ਕੇ ਗਲੇ ਮੇਂ ਡਾਲ ਦਿਆ। ਸੌ ਸਾਲਾ ਯੁਧ (Hundred years wars) ਕਰਵਾਏ।

Scanned with OKEN Scanner
Scanned with OKEN Scanner

ਅਬ ਵਾਰੀ ਹੈ ਭਾਰਤ ਔਰ ਏਸ਼ੀਆ ਕੀ। ਸਰ, ਆਪ ਦੇਖਨਾ ਯਾਹਾਂ ਵੀ ਬੋਹ ਹਿੰਦੂਉ ਔਰ ਮੁਸਲਮਾਨੋਂ ਕੋ ਖੂਬ ਲੜਾਏਂਗਾ। ਬੰਗਾਲ ਮੇਂ ਐਸਾ ਅਕਾਲ ਪੜਨੇ ਵਾਲਾ ਹੈ ਜਿਸ ਸੇ ਮਿਲੀਅਨਸ ਲੋਕ ਮਰੇਂਗੇ।

ਕਮਾਂਡਰ : ਧੀਰੇ ਬਾਤ ਕਰੋ, ਮੈਂ ਤੋ ਸੋਚਤਾ ਹੂੰ ਕਿ ਬੰਗਾਲ ਕੀ 'ਅਫੀਮ' ਗੁਦਾਮੋਂ ਮੇਂ ਜਿਤਨੀ ਜਮਾ ਹੋ ਗਈ ਹੈ, ਇਸ ਕਾ ਕਿਆ ਹੋਗਾ। ਸਾਰੀ ਦੁਨੀਆ ਮੇਂ ਬਾਂਟੀ ਜਾਏ ਤੋਂ ਵੀ ਖਤਮ ਨਹੀਂ ਹੋਗੀ। ਫਿਰ ਹਰ ਸਾਲ ਔਰ ਜ਼ਮਾ ਹੋ ਰਹੀ ਹੈ। ਸੋਨਾ ਔਰ ਅਫੀਮ ....

ਸਹਾਇਕ : ਸੋਨਾ ਜਾਏਗਾ ਯੂਰਪ ਕੇ ਕੰਪਨੀ ਗੁਦਾਮੋਂ ਔਰ ਖ਼ੁਆਜ ਬੈਂਕੋ ਕੇ ਵਾਲਟਸ ਮੇਂ ਅਫੀਮ ਜਾਏਗੀ ਚੀਨ। ਬਦਲੇ ਮੇਂ ਚੀਨ ਸੇ ਲੇਂਗੇ ਬੜ੍ਹੀਆ ਚਾਏ ....

ਕਮਾਂਡਰ : ਚੀਨ ਕਾ ਬਾਦਸ਼ਾਹ ਤੋਂ ਅਫੀਮ ਲੇਨੇ ਸੇ ਇਨਕਾਰੀ ਹੈ।

ਸਹਾਇਕ ਕਮਾਂਡਰ : ਅਬ ਹਮੇਂ ਭੇਜੇਂਗੇ ਤਿਬਤ, ਬਰਮਾ ਔਰ ਚੀਨ ਮੇਂ ਲੜਨੇ। ਹਮ ਚੀਨ ਸੇ ਲੜੇਂਗੇ। ਹਮ ਅਫੀਮ ਕੇ ਯੁੱਧ (Opium War) ਲੜੇਂਗੇ। ਹਮ ਜੀਤੇਂਗੇ। ਹਮਾਰੇ ਸਾਥ ਹੋਂਗੇ ਹਿੰਦੋਸਤਾਨੀ, ਤਿਬਤੀ, ਬਰਮੀ ਬਗੈਰਾ ....। ਹਮ ਚੀਨ ਕੇ ਲੋਗੋਂ ਕੋ ਅਫੀਮੀ ਬਨਾਏਂਗੇ। ਪਹਿਲੇ ਅਮਨ ਸਮਝੌਤੇ ਕਰੇਂਗੇ। ਖੁਦ ਹੀ ਤੋੜੇਂਗੇ, ਫਿਰ ਯੁੱਧ ਕਰੇਂਗੇ। ਇਲਜਾਮ ਉਨੀਂ ਕੇ ਊਪਰ ਡਾਲੇਂਗੇ।

ਕਮਾਂਡਰ : ਯਹ ਤੋਂ ਬੜਾ ਪਾਪ ਹੋਗਾ। ਮੁਝੇ ਏਕ ਗੁਪਤ ਕਾਮ ਕੇ ਲੀਏ (Assignment) ਚੀਨ ਭੇਜਾ ਗਿਆ ਥਾ। ਮੈਂਨੇ ਦੇਖਾ ਕਿ ਚੀਨੀ ਵਰਕਰ ਜੈਸਾ ਈਮਾਨਦਾਰ ਵਰਕਰ ਦੁਨੀਆਂ ਮੇ ਕਹੀ ਨਹੀਂ, ਅਫਰੀਕੀ ਗੁਲਾਮੋਂ ਸੇ ਵੀ ਜਿਆਦਾ। ਗੁਲਾਮੋ ਪਰ ਨਿਗਰਾਨੀ ਕਰਨੀ ਪੜ੍ਹਤੀ ਹੈ। ਇਨ ਕੋ ਤੋ ਬਸ ਕਾਮ ਦੇ ਦੋ। ਭੂਖੇ ਪਿਆਸੇ ਲਗੇ ਰਹੇਂਗੇ। ਇਨ ਕੋ ਕਾਮ ਚਾਹੀਏ। ਦਿਨ ਰਾਤ ਏਕ ਕਰ ਦੇਂਗੇ। ਉਨ ਕਾ ਫਲਸਫਾ ਹੈ, ਕਾਮ, ਕਾਮ ਔਰ ਕਾਮ। ਚੀਨੀ ਲੋਕ ਉਸ ਦੈਤ ਕੀ ਤਰ੍ਹਾਂ ਹੈ ਜੋ ਕਹਿਤਾ ਹੈ "ਮੁਝੇ ਕਰਨੇ ਕੋ ਕਾਮ ਦੋ, ਨਹੀਂ ਤੋਂ ਤੁਝੇ ਮਾਰ ਡਾਲਨੇ ਕਾ ਕਾਮ ਕਰੂੰਗਾ।"

ਸਹਾਇਕ : ਬਾਦਸ਼ਾਹ ਇਤਨਾ ਕਾਮ ਕਹਾਂ ਸੇ ਲਾਤਾ ਹੈ।

ਕਮਾਂਡਰ : ਬਾਦਸ਼ਾਹ ਅਪਨੇ ਲੋਗੋ ਕੋ ਖੂਬ ਸਮਝਤਾ। ਬਹ ਬੋਲੇਗਾ 'ਇਸ ਦਰਿਆ ਕੋ ਯਹਾਂ ਸੇ ਬਾਂਧ ਦੋ'। ਲੋਗ ਮਿਟੀ ਔਰ ਪੱਥਰੋਂ ਸੇ ਬਾਧ ਬਨਾ ਦੇਂਗੇ। ਔਰ ਪਾਣੀ ਦੂਸਰੀ ਔਰ ਵਹਾ ਦੇਂਗੇ। ਤੋ ਬਾਦਸ਼ਾਹ ਹੁਕਮ ਦੇਗਾ---- 'ਸ਼ਾਬਾਸ਼ ਬਾਂਧ ਬਹੁਤ ਅੱਛਾ ਬਨਾ, ਪਰ ਉਧਰ ਪਾਨੀ ਜਾਨੇ ਸੇ

Scanned with OKEN Scanner

ਜਿਆਦਾ ਨੁਕਸਾਨ ਹੋਟਾ। ਮਿੱਟੀ ਔਰ ਪੱਥਰੋਂ ਕੋ ਵਾਪਸ ਛੋੜ ਆਉ'। ਲੋਗ ਵੈਸਾ ਹੀ ਕਰੇਂਗੇ ਔਰ ਕਰਤੇ ਜਾਏਂਗੇ- - - - -

ਸਹਾਇਕ : ਅਰੇ ਬਟੀ ਰਾਮ ਔਰ ਰਹੀਮ ਤੁਮ ਯਹਾਂ ਕਿਆ ਕਹ ਰਹੇ ਹੋ। ਹਮਾਰੀ ਬਾਤੇਂ ਸੁਨ ਰਹੇ ਹੋ। ਉਠਾਉ ਬੋਹ ਬਕਸੇ। ਚਲੋ ਬਾਹਰ, ਬੈਲ ਗਾੜੀ, ਘੌੜਾ ਗਾੜੀ ਮੇਂ ਛੋੜੋ ਔਰ ਵਾਪਸ ਆਉ। ਜਲਦੀ- - - - - -

(ਰਾਮ ਅਤੇ ਰਹੀਮ ਸੋਨੇ ਦੇ ਭਰੇ ਬਕਸੇ ਚੁਕਦੇ ਹਨ ਤੇ ਆਦੇਸ਼ ਅਨੁਸਾਰ ਗੱਡੀਆਂ ਗੱਡਿਆਂ ਵਿਚ ਲੱਦਣ ਤੁਰ ਪੈਂਦੇ ਹਨ)

ਰਹੀਮ : ਰਾਮ ਬਟੀ ਤੂੰ ਇਨਾਂ ਕੰਪਨੀ ਅਫਸਰਾਂ ਦੀ ਤੀਮਾਰਦਾਰੀ ਕਰਦਾ ਰਹਿਨੈ ਤੇ ਗੱਲਾਂ ਵੀ ਸੁਣਦਾ ਰਹਿਨੈ। ਆਹ ਜੋ ਤੂੰ ਤੇ ਮੈਂ ਬਕਸੇ ਛਕੜਿਆਂ ਚ ਲੱਦਣ ਜਾ ਰਹੇ ਆਂ। ਛਕੜੇ ਕਿਥੇ ਜਾਣਗੇ ?

ਰਾਮ : ਬੰਦਰਗਾਹ ਤੇ ਵੱਡਾ ਸਾਰਾ ਜਹਾਜ ਉਡੀਕ ਰਿਹਾ। ਜਹਾਜ ਜਾਏਗਾ ਲੰਡਨ।

ਰਹੀਮ : ਕੰਪਨੀ ਹੈ ਤਾ ਵੱਡੀ ਸਾਰੀ ਦੁਕਾਨ ਹੀ ਨਾਂ। ਇਕੋ ਥਾਂ ਤੋਂ ਏਨਾਂ ਸੋਨਾਂ ਲੁਟਿਆ। ਅਜੇ ਸਾਰਾ ਹਿੰਦੁਸਤਾਨ ਭਰਿਆ ਪਿਆ। ਏਨਾਂ ਸੋਨਾ ਇਹ ਕਰਨਗੇ ਕੀ ?

ਰਾਮ : ਸੁਣ, ਇਨ੍ਹਾਂ ਦੀ ਤੀਮਾਰਦਾਰੀ ਕਰਦਿਆਂ ਤੇ ਭੋਲੇ ਬਣ ਕੇ ਵਿੱਚਲੀਆਂ ਗੱਲਾਂ ਕੱਢਣੀਆਂ ਆ ਗਈਆਂ ।

ਬੂਅਰ ਸੋਨੇ ਕੇ ਸਿੱਕੇ ਬਨਾਏਗਾ। ਬੜੇ ਬੜੇ ਵਾਲਟ ਯਾਨੀ ਗੁਦਾਮਾ 'ਚ ਰੱਖੇਗਾ। ਉਸਨੂੰ ਇਹ ਬੈਂਕ ਕਹੇਗਾ। ਸਿੱਕੋਂ ਸੇ ਔਰ ਸਿੱਕੇ ਬਨਾਏਗਾ। ਲੋਗੋਂ ਕੋ ਕਰਜ਼ਾ ਦੇਗਾ। ਬਾਦਸ਼ਾਹੋ ਕੋ ਕਰਜ਼ ਦੇਗਾ। ਸੂਦ ਕਮਾਏਗਾ ਸੋਨੇ ਸੇ ਔਰ ਸੋਨਾ ਬਨਾਏਗਾ।

ਰਹੀਮ : ਸੁਣਿਆ, ਹੋਰ ਵੀ ਕਈ ਕੰਪਨੀਆਂ ਏਥੇ .... ਏਨੀਆਂ ਕੰਪਨੀਆਂ ਕਿਦਾਂ ਚਲਦੀਆਂ ....

ਰਾਮ : ਭਰਾਵਾਂ ਇਹ ਵੀ ਸੁਣ ਲੈ। ਕੰਪਨੀਆਂ ਬੜੀਆਂ। ਫ੍ਰਾਂਸੀਸੀ ਕੰਪਨੀ, ਡੱਚ ਕੰਪਨੀ, ਜਰਮਨ ਕੰਪਨੀ, ਸਪੇਨਿਸ਼ ਕੰਪਨੀ। ਮੈਂ ਚੰਗੀ ਤਰਾਂ ਸੁਣਿਆਂ ਕਿ ਸਾਰੀਆਂ ਦਾ ਸਰਦਾਰ ਇਕੋ ਐ, ਬੂਅਰ। ਹੋਰ ਕੰਪਨੀਆਂ ਵੀ ਆਉਣਗੀਆਂ। ਸਰਦਾਰ ਉਨ੍ਹਾਂ ਦਾ ਵੀ ਉਹੀ ਹੋਏਗਾ। ਰਹੀ ਗੱਲ ਇੱਟ-ਕੁਤੇ ਦੇ ਵੈਰ ਦੀ। ਇਕੋ ਬਾਂਦਰ ਬਿੱਲੀਆਂ ਨੂੰ ਲੜਾਏਗਾ। ਬਿਲੀਆਂ ਲੜਨਗੀਆਂ ਸਾਰੀ ਰੋਟੀ ਕੱਲਾ ਹਥਿਆ ਜਾਏਗਾ .... ਪੱਕੀ ਸਮਝ ਲੈ ਮੇਰੀ ਗੱਲ ....

Scanned with OKEN Scanner

(ਪਲਾਸੀ ਦੀ ਲੜਾਈ ਜਿਤ ਲੈਣ ਮਗਰੋਂ ਰਾਮ ਤੇ ਰਹੀਮ ਵਾਲੀ ਫੌਜੀ ਟੁਕੜੀ ਨੂੰ ਤਿਬਤ ਵਲ ਭੇਜਿਆ ਜਾਂਦਾ ਹੈ। ਫੇਰ ਬਰਮਾ ਫਤਹ ਕਰਨ ਲਈ ਬਰਮਾ ਭੇਜਿਆ ਜਾਂਦਾ ਹੈ। ਕੁਝ ਫੌਜਾਂ ਚੀਨ ਦੀਆਂ ਸਰਹੱਦਾਂ ਤਕ ਪੁਜ ਜਾਂਦੀਆ ਹਨ। ਕੁਝ ਮਹੀਨੇ ਇਹ ਟੁਕੜੀ ਸਰਹੱਦ ਤੇ ਅਟਕੀ ਰਹਿੰਦੀ ਹੈ। ਰਾਮ ਤੇ ਰਹੀਮ ਨੂੰ ਕੰਨੋ ਕੰਨ ਪਤਾ ਲੱਗਦਾ ਹੈ ਕਿ ਹਾਲੇ ਚੀਨ ਦੇ ਬਾਦਸ਼ਾਹ ਨਾਲ ਕੋਈ ਸਮਝੌਤਾ ਹੋ ਗਿਆ ਹੈ। ਯੁਧ ਪਿਛੇ ਪਾ ਦਿਤਾ ਗਿਆ ਹੈ।

ਫੇਰ ਉਨ੍ਹਾ ਦੀ ਫੌਜੀ ਟੁਕੜੀ ਤੋੜ ਦਿੱਤੀ ਜਾਂਦੀ ਹੈ .... ਫੌਜੀਆਂ ਨੂੰ ਪੰਜ ਪੰਜ ਸਿੱਕੇ ਦੇ ਕੇ ਅਤੇ ਹੋਰ ਕਈ ਵਾਇਦੇ ਕਰਕੇ ਵਾਪਸ ਆਪੋ ਆਪਣੇ ਘਰਾਂ ਵਲ ਤੋਰ ਦਿਤਾ ਜਾਂਦਾ ਹੈ। ਕੁਝ ਰਾਸ਼ਨ ਵੀ ਦਿਤਾ ਜਾਂਦਾ ਹੈ। ਕੁਝ ਪਛਾਣ ਪੱਤਰ ਵੀ ਦਿੱਤੇ ਜਾਂਦੇ ਹਨ ਤਾਂਕਿ ਰਸਤੇ ਵਿਚ ਕੰਪਨੀ ਦੇ ਹੋਰ ਫੌਜੀ ਕੇਂਦਰਾਂ ਤੋਂ ਖਾਣੇ ਪੀਣੇ ਦੀ ਜਾਂ ਬੱਘੀਆਂ ਦੀ ਮੁਫਤ ਸਹਾਇਤਾ ਲਈ ਜਾ ਸਕੇ ....)

ਰਾਮ-ਰਹੀਮ ਦੀ ਵਾਪਸੀ

ਕੰਪਨੀ ਰਾਮ ਤੇ ਰਹੀਮ ਨੂੰ ਪੰਜ ਪੰਜ ਸਿੱਕੇ ਦੇ ਕੇ ਵਾਪਸ ਘਰਾਂ ਨੂੰ ਤੋਰ ਦਿੰਦੀ ਹੈ। ਕੁਝ ਦੂਰੀ ਉਹ ਕੰਪਨੀ ਦੀਆ ਘੋੜਾਂ ਬੱਘੀਆਂ ਉਪਰ ਤੈਅ ਕਰਦੇ ਹਨ। ਫੇਰ ਉਹ ਪੈਦਲ ਹੀ ਚਲ ਪੈਂਦੇ ਹਨ। ਰਾਹ ਵਿਚ ਕਿਤੇ ਕੁਝ ਮਿਲਦਾ ਹੈ ਤਾ ਸਵਾਰੀ ਕਰ ਲੈਂਦੇ ਹਨ। ਫੌਜੀ ਟੁਕੜੀਆਂ ਚੋਂ ਵੀ ਸਹਾਇਤਾ ਲੈਂਦੇ ਹਨ।

ਹਿੰਦੁਸਤਾਨ ਦੀ ਹੱਦ ਆ ਜਾਂਦੀ ਹੈ। ਉਹ ਝੁਕ ਕੇ ਮਿੱਟੀ ਮੱਥੇ ਨਾਲ ਲਾਉਂਦੇ ਹਨ। ਫੇਰ ਬੰਗਾਲ ਦੀ ਹੱਦ ਆ ਜਾਂਦੀ ਹੈ। ਕਿਤੇ ਕਿਤੇ ਝੜਪਾਂ ਅਜੇ ਵੀ ਚੱਲ ਰਹੀਆਂ ਹਨ। ਏਸ ਸਾਰੇ ਰਾਸਤੇ ਵਿਚ ਤਬਾਹੀ ਮੱਚੀ ਹੋਈ ਹੁੰਦੀ ਹੈ। ਪਿੰਡ ਉਜੜੇ ਪੁਜੜੇ ਹਨ। ਮਨੁਖੀ ਲਾਸ਼ਾਂ ਸਮੇਤ ਬੱਚਿਆਂ ਅਤੇ ਔਰਤਾ ਦੀਆਂ ਲਾਸ਼ਾਂ ਦੇ ਭਰੇ ਗੱਡੀਆ ਗੱਡੇ ਵੀ ਮਿਲਦੇ ਹਨ। ਕਾਂ ਕੁਤੇ ਨੋਚ ਰਹੇ ਹਨ। ਕਾਰਨ ਲੜਾਈ ਹੈ। ਜਿਥੋਂ ਜਿਥੋਂ ਦੀ ਫੌਜਾਂ ਲੰਘੀਆਂ ਤਬਾਹੀ ਮਚਦੀ ਗਈ ਹੈ। ਸਾਰੇ ਰਾਹ ਬਦਬੋ ਆਉਦੀ ਰਹੀ ਹੈ।

ਬੰਗਾਲ ਦੀ ਸਰਹੱਦ ਤਕ ਪੁਜਦਿਆਂ ਲਾਸ਼ਾਂ ਦੀ ਭਰਮਾਰ ਹੋਰ ਵਧ ਜਾਂਦੀ ਹੈ। ਬਦਬੋ ਹੋਰ ਵਧ ਜਾਂਦੀ ਹੈ।

ਬੰਗਾਲ ਦੀ ਪਲੇਗ

Scanned with OKEN Scanner

ਰਾਮ : ਬਈ ਰਹੀਮ ਦੋ ਸਾਲ ਬਾਅਦ ਚਲੇ ਆਂ ਵਾਪਸ ਘਰੀ। ਕੋਈ [illegible] ਵੀ ਕਿ ਨਹੀਂ ?

ਰਹੀਮ : ਲੈ ਕੇ ਕੀ ਚੱਲੇ ਆਂ ? ਪੰਜ ਸਿੱਕੇ ਕੁਲ। ਪਰ ਮੈਨੂੰ ਜਿਹੜੀ ਗੱਲ ਦਾ ਵੱਡਾ ਦੁਖ ਐ, ਉਹ ਇਹ ਆ ਪਈ ਪਲਾਸੀ ਦੀ ਲੜਾਈ ਖਤਮ ਹੋਇਆਂ ਵੀ ਦੋ ਸਾਲ ਹੋ ਗਏ। ਪਰ ਉਜਾੜ-ਉਜਾੜਾ ਉਵੇਂ ਦਾ ਉਵੇਂ ਈ ਆ। ਹਰ ਪਾਸੇ ਉਜਾੜਾ।

(ਏਨੇ ਨੂੰ ਇਕ ਮਾੜਕੂ ਜਿਹਾ ਕਿਸਾਨ ਬੈਲ ਗੱਡੀ ਤੇ ਆਉਂਦਾ ਹੈ। ਉਸਦੇ ਬਲਦ ਵੀ ਬਹੁਤ ਕਰਜ਼ੋਰ ਹਨ। ਉਹ ਸ਼ਹਿਰ ਵੱਲ ਜਾ ਰਿਹਾ ਹੈ। ਬੇਨਤੀ ਕਰਨ ਤੇ ਕਿਸਾਨ ਦੋਵਾਂ ਨੂੰ ਆਪਣੀ ਗੱਡੀ ਵਿਚ ਬੈਠਾ ਲੈਂਦਾ ਹੈ ....)

ਰਾਮ : (ਗੱਡੀ ਵੱਲ ਨੂੰ) ਬਈ ਅਸੀਂ ਦੋ ਸਾਲ ਬਾਅਦ ਵਾਪਸ ਆਪਣੀ ਜੰਮਣ ਭੋਅ ਬੰਗਾਲ ਆ ਰਹੇ ਹਾਂ। ਮੈਨੂੰ ਆਸ ਸੀ ਕਿ ਸਰਾਜ ਉਦ ਦੌਲਾ ਤੋਂ ਬਾਅਦ ਹਾਲਤ ਬਦਲ ਗਈ ਹੋਏਗੀ। ਕੰਪਨੀ ਰਾਜ ਨੇ ਲੋਕਾਂ ਦੀ ਹਾਲਤ ਵਿਚ ਤਬਦੀਲੀ ਲਿਆਂਦੀ ਹੋਏਗੀ।

ਗੱਡੀ ਵਾਲਾ : ਨਾ ਜੀ ਨਾ। ਜਿਹੜਾਂ ਕੰਮ ਇਹ ਸਰਾਜ ਦੇ ਰਾਹੀਂ ਕਰਵਾਉਂਦੇ ਸੀ, ਹੁਣ ਇਹ ਖੁਲ੍ਹਮ ਖੁਲ੍ਹਾ ਆਪ ਕਰ ਰਹੇ ਆ। ਕੌਣ ਰੋਕ ਸਕਦਾ ? ਰਵਾਇਤੀ ਫਸਲਾਂ ਬੀਜੋ ਵੀ ਤਾ ਕੰਪਨੀ ਕਰਿੰਦੇ ਉਜਾੜ ਦਿੰਦੇ ਐ। ਜ਼ਬਰਦਸਤੀ ਅਫੀਮ ਦੀ ਖੇਤੀ ਕਰਵਾਈ ਜਾਂਦੀ ਐ। ਫੇਰ ਮੁਆਵਜਾ ਮਾਮੂਲੀ । ਵੱਟੇ ਵਿਚ ਕੋਈ ਅੰਨ ਖ਼ੀਦਣਾਂ ਵੀ ਚਾਹੇ ਤਾਂ ਮਿਲਦਾ ਨਹੀਂ। ਬਸ ਭੁਖ ਮਰੀ ਪਈ ਹੈ। ਫੇਰ ਇਹ ਕਿ ਪਲੇਗ ਦੀ ਬੀਮਾਰੀ ਵੀ ਜਿਉਂ ਘਰ ਕਰ ਗਈ ਐ ਬੰਗਾਲ 'ਚ। ਭੁਖ ਤੋਂ ਬਚੋ ਤਾ ਬੀਮਾਰੀ ਨਾਲ ਮਰੋ। ਕਿਤੇ ਕੋਈ ਸੁਣਵਾਈ ਨਹੀਂ ....।ਪਲੇਗ ਦੀ ਆਫਤ ਨੇ ਲੜਾਈ ਨਾਲੋਂ ਵੀ ਵੱਧ ਤਬਾਹੀ ਮਚਾਈ ਹੈ ਪਿੰਡਾਂ ਵਿਚ।

ਰਹੀਮ : ਜਦੋਂ ਅਸੀ ਲਾਮ ਤੇ ਗਏ ਸੀ ਉਦੋਂ ਵੀ ਇਹੀ ਹਾਲ ਸੀ। ਕੋਈ ਫਰਕ ਨਹੀਂ ਪਿਆ?

ਗੱਡੀ ਵਾਲਾ : ਸਬੂਤ ਸਾਹਮਣੇ ਐ। ਔਹ ਪਿੰਡ ਵਲ ਦੇਖ ਲੋ। ਪੂਰਾ ਉਜਾੜਾ। ਘਰ ਘਰ ਲਾਸ਼ਾਂ, ਬਿਲੇ ਲਾਉਣ ਵਾਲਾ ਕੋਈ ਨਹੀ। ਬੱਚੇ, ਬੁੱਢੇ, ਜਵਾਨ, ਔਰਤਾਂ, ਬੱਚੇ ਇਕੋ ਹਾਲ। ਕਾਂ ਕੁਤੇ ਵੀ ਨਹੀ ਖਾਂਦੇ। ਖਾਂਦੇ ਤਾ ਉਹ ਵੀ ਮਰ ਜਾਂਦੇ। ਸਿਆਣੇ ਦਸਦੇ ਐ ਪਈ ਕ੍ਰੋੜ ਬੰਦਾ ਮਰ ਚੁਕਿਆ। ਹੋਰ ਮਰੀ ਜਾਂਦੇ ਤੇ ਅੰਤ ਪਤਾ ਨਹੀ ਕਿਥੇ।

(ਉਹ ਇਕ ਦਰੱਖਤ ਦੀ ਓਟ ਵਿਚ ਰੁਕਦੇ ਹਨ। ਅਚਾਨਕ ਗੱਡੀਵਾਨ ਦੀ ਤਬੀਅਤ ਖਰਾਬ

Scanned with OKEN Scanner

Scanned with OKEN Scanner

ਹੁੰਦੀ ਹੈ। ਉਹ ਉਲਟੀਆਂ-ਕੈਆਂ ਕਰਨ ਲਗ ਜਾਂਦਾ ਹੈ। ਰਾਮ ਰਹੀਮ ਸਾਂਭਣ ਦੀ ਕੋਸ਼ਿਸ਼ ਕਰਦੇ ਹਨ।)

ਗੱਡੀਵਾਨ : ਭਲਿਉ ਲੋਕੋ। ਤੁਸੀਂ ਮੁਦਤ ਬਾਅਦ ਘਰ ਵਾਪਸ ਆ ਰਹੇ ਉ। ਮੈਨੂੰ ਨਾ ਸਾਂਭੋ। ਖਬਰੇ ਤੁਹਾਨੂੰ ਵੀ ਲਾਗ ਲੱਗ ਜੇ। ਮੈਨੂੰ ਮਰਨ ਦਿਉ। ਤੁਸੀਂ ਭੱਜ ਜਾਉ ....

ਰਾਮ : ਭਲੇ ਆਦਮੀ ਇਹ ਕਿਵੇਂ ਹੋ ਸਕਦਾ। ਤੂੰ ਸਾਡੇ ਤੇ ਭਲਾ ਕੀਤਾ। ਅਸੀ ਏਸ ਹਾਲਤ 'ਚ ਛੱਡ ਜਾਈਏ?

ਗੱਡੀਵਾਨ : ਫੇਰ ਤਿੰਨੇ ਮਰਾਂਗੇ, ਬਲਦ ਵੀ। ਤੁਸੀ ਮੈਨੂੰ ਛੱਡ ਜਾਉ। ਗੱਡੀ ਵੀ ਲੈ ਜਾਉ। ਖਬਰੇ ਬਲਦ ਬਚੇ ਈ ਰਹਿ ਜਾਣ।

ਰਹੀਮ : ਅਮਾਂ ਅੱਲਾ ਨੂੰ ਜਾਨ ਦੇਣੀ ਐ। ਇਹ ਕਿਵੇਂ ਹੋ ਸਕਦਾ ਪਈ ....

ਗੱਡੀਵਾਨ : ਮੈ ਅੱਲ੍ਹਾਂ ਨੂੰ ਸਮਝਾ ਦਿਆਂਗਾ। ਤੁਸੀ ਜਾਉ, ਭਲਿਉ ਲੋਕੋ, ਜਾਉ, ਮੈਨੂੰ ਛੱਡ ਦਿਉ ਏਥੇ ਈ ....

(ਰਾਮ ਰਹੀਮ ਗੱਡੀ ਲੈ ਕੇ ਚੱਲ ਪੈਂਦੇ ਹਨ। ਚੱਲੇ ਰਹਿੰਦੇ ਹਨ। ਪਿੰਡ, ਖੇਤ ਉਜੜੇ ਪਏ ਹਨ। ਕਿਤੇ ਕਿਤੇ ਕੋਈ ਵੱਸੋਂ ਹੈ ਉਹ ਵੀ ਖੌਫਜ਼ਦਾ ਹੈ ।)

(ਸ਼ਾਮ ਪੈ ਜਾਂਦੀ ਹੈ .... ਉਹ ਇਕ ਉਜੜੇ ਪਿੰਡ ਦੇ ਬਾਹਰ ਪੁਜਦੇ ਹਨ ....

ਅਚਾਨਕ ਰਾਮ ਦੀ ਤਬੀਅਤ ਖਰਾਬ ਹੁੰਦੀ ਹੈ। ਉਹ ਉਲਟੀਆਂ ਕਰਨ ਲਗਦਾ ਹੈ।)

ਰਹੀਮ : ਓ ਪਿੰਡ ਵਾਸੀਉ, ਕੋਈ ਹੈ। ਆਹ ਮੇਰਾ ਦੋਸਤ ਰਹੀਮ ਮਰ ਰਿਹੈ। ਬਚਾਉ, ਬਚਾਉ ਲੋਕੋ।

(ਰਹੀਮ ਕਿੰਨਾ ਚਿਰ ਰੌਲਾ ਪਾਉਦਾ ਰਹਿੰਦਾ ਹੈ। ਇਕ ਬਲਦ ਵੀ ਅਚਾਨਕ ਖੜ੍ਹਾਂ ਖੜ੍ਹਾ ਡਿਗ ਪੈਂਦਾ ਹੈ। ਦੋ ਕੁ ਮਾੜਕੂ ਜਿਹੇ ਆਦਮੀ ਆਉਦੇ ਹਨ ਪਰ ਦੂਰ ਖੜੇ ਹੋ ਜਾਂਦੇ ਹਨ।)

ਇਕ ਆਦਮੀ : ਇਹ ਨੂੰ ਪਲੇਗ ਦਾ ਹਮਲਾ ਹੋ ਗਿਆ। ਅਸੀਂ ਤਾਂ ਪਹਿਲਾਂ ਈ ਪ੍ਰੇਸ਼ਾਨ ਆਂ। ਘਰ ਘਰ ਸੱਥਰ ਪਏ ਐ। ਇਹਨੂੰ ਪਿਆ ਰਹਿਣ ਦੇ। ਬਲਦ ਵੀ ਡਿਗਿਆ ਰਹਿਣ ਦੇ। ਤੇ ਆਪ ਭੱਜ ਜਾ। ਅਸੀਂ ਕੁਝ ਨਹੀਂ ਕਰ ਸਕਦੇ।

ਰਹੀਮ : ਮੈਂ ਆਪਣੇ ਮਿੱਤਰ ਨੂੰ ਏਸੇ ਹਾਲਤ ਵਿਚ ਛੱਡ ਕੇ ਕਦਾਚਿੱਤ ਨਹੀ ਜਾਵਾਂਗਾ।

ਦੂਜਾ ਆਦਮੀ : ਫੇਰ ਤੂੰ ਵੀ ਮਾਰਿਆ ਜਾਏਂਗਾ।

ਰਹੀਮ : ਅਸੀ ਦੋਵੇਂ ਚੁਰੂ ਪਿੰਡ ਦੇ ਰਹਿਣ ਵਾਲੇ ਆਂ। ਅਸੀ ਕੰਪਨੀ ਦੇ ਫੌਜੀ

Scanned with OKEN Scanner
Scanned with OKEN Scanner

ਆ। ਲਾਂਮ ਫਤਹ ਕਰਕੇ ਵਾਪਸ ਜਾ ਰਹੇ ਆਂ। ਸਾਡੇ ਕੋਲ ਸਿੱਕੇ ਹਨ। ਸਿੱਕੇ ਤੁਸੀ ਰੱਖ ਲੈਣੇ ਪਰ ਸਾਡੀਆਂ ਲਾਸ਼ਾਂ ਸਾਡੇ ਪਿੰਡ ਪੁਜਦਾ ਕਰ ਦੇਣੀਆਂ ।

ਪਹਿਲਾਂ ਆਦਮੀ : ਘੜੀਆਂ ਪਲਾਂ ਚ ਕੀ ਦਾ ਕੀ ਹੋਈ ਜਾਂਦੈ। ਕੌਣ ਜਾਣੇ ਕੀ ਹੋਣਾ। ਪਰ ਤੇਰੇ ਨੇੜੇ ਆਹ ਕੁੱਜਾ ਪਾਣੀ ਦਾ ਅਤੇ ਕੁਝ ਪੂੜੀਆਂ ਰੱਖ ਜਾਂਨੇ ਆਂ। ਵਰਤ ਲਿਉ .... । ਉਂਜ ਤੁਹਾਡੀ ਕੰਪਨੀ ਨੇ ਸਾਡਾ ਸੱਭੋ ਕੁਝ ਲੁਟ ਲਿਆ ਹੈ। ਬਦਲੇ ਚ ਦਿਤੀ ਪਲੇਗ ਤੇ ਮੌਤ ....

(ਦੋਵੇਂ ਪੁਰਖ ਪਾਣੀ ਦਾ ਕੁਜਾ ਅਤੇ ਪੱਤਿਆ 'ਚ ਲਪੇਟੀਆਂ ਕੁਝ ਪੂੜੀਆਂ ਰੱਖ ਕੇ ਚਲੇ ਜਾਂਦੇ ਹਨ।)

ਸਵੇਰੇ ਉਹ ਵਾਪਸ ਆਉਂਦੇ ਹਨ ਤਾ ਦੇਖਦੇ ਹਨ ਕਿ ਦੋਵੇਂ ਵਿਅਕਤੀ ਮਰੇ ਪਏ ਹਨ। ਇਕ ਬਲਦ ਮਰਿਆ ਪਿਆ ਹੈ। ਦੂਸਰਾ ਬਲਦ ਸਹਿਕ ਰਿਹਾ ਹੈ ....।

ਸਮਾਨ-ਅੰਤਰ ਸੰਮੇਲਨ

1787

ਦੁਨੀਆ ਭਰ ਚੋਂ ਅਤੇ ਵਿਸ਼ੇਸ਼ ਤੌਰ ਤੇ ਜਰਮਨੀ, ਫਰਾਂਸ, ਬਰਤਾਨੀਆਂ, ਆਸਟਰੀਆ, ਇਟਲੀ, ਰੂਸ, ਅਮਰੀਕਾ, ਦੇ ਕੁਲੀਨ ਵਰਗ ਦੇ ਭੌਂਅ ਪਤੀਆਂ ਜਿਹਨਾ ਨੂੰ ਹੋਰ ਉਪਨਾਮਾ ਜਿਵੇ ਕਿ ਸਾਮੰਤ (Feudals), ਵਾਰ ਲਾਰਡਜ (War Lords) ਕੁਲੀਨ ਵਰਗ (Barons), ਨਵਾਬ, ਆਦਿ ਨਾਲ ਵੀ ਪੁਕਾਰਿਆ ਜਾਂਦਾ ਹੈ .... ਦਾ ਸੰਮੇਲਨ ਬੁਲਾਇਆ ਹੋਇਆ ਹੈ। ਸੰਮੇਲਨ ਫਰੈਂਕਫਰਟ ਦੇ ਇਕ ਲਾਰਡ ਜਿਸਨੂੰ ਲਾਰਡ ਫਰੈਂਕਫਰਟ ਹੀ ਆਖਿਆ ਗਿਆ ਹੈ, ਵਲੋਂ ਬੁਲਾਇਆ ਹੋਇਆ ਹੈ। ਏਸ ਨੂੰ 1773 ਦੇ ਉਚ ਧਨਾਢ ਸੰਮੇਲਨ ਦਾ ਸਮਾਨ-ਅੰਤਰ ਸੰਮੇਲਨ ਵੀ ਸਮਝਿਆ ਜਾ ਸਕਦਾ ਹੈ।

ਫਰੈਂਕਫਰਟ ਨਾਲ ਲਾਗਵੇਂ ਪੇਤਲੇ ਜੰਗਲ ਵਿਚ ਇਕ ਆਲੀਸ਼ਾਨ ਮਹਿਲ ਉਸਾਰਿਆ ਹੋਇਆ ਹੈ। ਏਸ ਮਹਿਲ ਵਿੱਚ ਇਕ ਮਹਾਂ ਸੰਮੇਲਨ ਹੋ ਰਿਹਾ ਹੈ। ਇਸ ਵਿਚ 25 ਕੁ ਮੈਂਬਰ ਸ਼ਾਮਿਲ ਹਨ। ਇਹ ਸਾਰੇ ਤਤਕਾਲੀ ਸਮੇਂ ਦੇ ਭੋਂਅ ਪਤੀ, ਖਾਨੀ, ਸਾਮੰਤ, ਕੁਲੀਨ, ਨਵਾਬ, ਵਾਰ ਲਾਰਡਜ਼ ਆਦਿ ਆਦਿ ਹਨ।

ਇਹ ਆਸਟਰੀਆ, ਇਟਲੀ (ਰੋਮ), ਜਰਮਨ, ਰੂਸ, ਅਮਰੀਕਾ ਆਦਿ ਦੇ ਰਹਿਣ ਵਾਲੇ ਹਨ। ਸਾਰਾ ਪੇਤਲਾ ਜੰਗਲ ਇਹਨਾਂ ਦੇ ਲਾਮ ਲਸ਼ਕਰ ਅਰਥਾਤ ਘੋੜਿਆਂ, ਬੱਘੀਆਂ, ਛਕੜਿਆ, ਰੱਥਾਂ, ਤੰਬੂਆਂ, ਦਾਸ, ਦਾਸੀਆਂ ਨਾਲ ਭਰਿਆ ਹੋਇਆ ਹੈ।

Scanned with OKEN Scanner

ਫਰੈਂਕਫਰਟ ਦੇ ਇਕ ਸਾਮੰਤ ਲਾਰਡ ਜਾਰਜ ਫਰੈਂਕਫਰਟ ਨੇ ਇਹ ਸੰਮੇਲਨ ਬੁਲਾਇਆ ਹੋਇਆ ਹੈ। ਪੇਤਲੇ ਜੰਗਲ ਵਿਚਲਾ ਇਹ ਮਹਿਲ ਏਸੇ ਦੀ ਮਾਲਕੀ ਵਾਲਾ ਹੈ। ਇਸ ਤੋਂ ਇਲਾਵਾ ਹੋਰ 24 ਸਾਮੰਤ ਪੁਜੇ ਹਨ। ਮਹਿਲ ਦੇ ਕੇਂਦਰੀ ਹਾਲ ਵਿਚ ਸੰਮੇਲਨ ਚੱਲ ਰਿਹਾ ਹੈ। ਸਾਰੇ ਦੇ ਸਾਰੇ ਸੋਨੇ, ਹੀਰੇ, ਮੋਤੀਆਂ ਨਾਲ ਲੱਦੇ, ਸ਼ਾਨਦਾਰ ਵੱਡੇ ਵੱਡੇ ਚੋਗਿਆਂ ਵਿੱਚ ਵਿਰਾਜ਼ਮਾਨ ਹਨ। ਵਾਰ ਵਾਰ ਇਨ੍ਹਾਂ ਦੇ ਨੌਕਰ-ਚਾਕਰ, ਦਾਸ-ਦਾਸੀਆਂ ਇਨ੍ਹਾ ਦੀਆਂ ਨਿਕੀਆਂ ਮੋਟੀਆਂ ਲੋੜਾਂ ਪੂਰੀਆਂ ਕਰਨ ਅੰਦਰ ਬਾਹਰ ਆਉਂਦੇ ਜਾਂਦੇ ਹਨ। ਇਉ ਇਹ ਇਕ ਦੂਜੇ ਦਾ ਧਿਆਨ ਵੀ ਖਿੱਚਦੇ ਹਨ। ਇਹ ਜਿਤਲਾਵਾ ਕਰਨ ਲਈ ਕਿ ਕਿਸ ਦੇ ਕੋਲ ਵਧੇਰੇ ਅਮੀਰੀ ਤੇ ਸੁੰਦਰ ਦਾਸ-ਦਾਸੀਆਂ ਹਨ, ਥੋੜੇ ਥੋੜੇ ਸਮੇਂ ਬਾਅਦ ਦਾਸ ਦਾਸੀਆ ਉਨ੍ਹਾਂ ਨੂੰ ਕੁਝ ਠੰਡਾ ਕੁਝ ਗਰਮ ਭੋਜਨ ਪਰੋਸਦੇ ਹਨ। ਉਹ ਕੁਝ ਖਾਂਦੇ ਪੀਂਦੇ ਹਨ। ਦੂਜਿਆ ਨੂੰ ਸੁਲਾਹ ਮਾਰਦੇ ਹਨ ਤੇ ਬਾਕੀ ਬਾਹਰ ਭੇਜੀ ਜਾਂਦੇ ਹਨ। ਉਨ੍ਹਾਂ ਦਾ ਧਿਆਨ ਸੰਮੇਲਨ ਦੀ ਗੰਭੀਰਤਾ ਵੱਲ ਉਤਨਾ ਨਹੀਂ ਹੈ ਜਿਤਨਾ ਕਿ ਆਪਣੀ ਅਮੀਰੀ ਅਤੇ ਸ਼ਾਨੋ ਸ਼ੌਕਤ ਦੇ ਦਿਖਾਵਿਆਂ ਵੱਲ ਹੈ। ਇਹ ਸਾਰੇ ਇੱਕ ਅਰਧ ਚੱਕਰ ਵਿਚ ਜੁੜੇ ਹਨ।

ਅਰਧ ਚੱਕਰ ਵਿਚਕਾਰ ਲਾਰਡ ਫਰੈਂਕਫਰਟ ਆਪਣੇ ਇਕ ਦਫਤਰੀ (ਮੁਣਸ਼ੀ, ਸਹਾਇਕ, ਕਾਤਬ) ਨਾਲ ਵਿਰਾਜਮਾਨ ਹੈ। ਦੋਵੇਂ ਸਲਾਹ ਮਸ਼ਵਰੇ ਵਿਚ ਵਿਅੱਸਤ ਹਨ। ਦੋਵੇਂ ਵਾਰ ਵਾਰ ਹਾਜਰ ਲਾਰਡਜ ਵੱਲ ਵੇਖਦੇ ਹਨ ਜਿਵੇਂ ਓਹਨਾਂ ਦੇ ਦਿਖਾਵੇ ਅਤੇ ਸਮਝ ਦੇ ਸਤਰ ਬਾਰੇ ਹੀ ਵਿਚਾਰ ਵਟਾਂਦਰਾ ਕਰ ਰਹੇ ਹੋਣ।

ਲਾਰਡ ਫਰੈਂਕਫਰਟ : ਦੋਸਤੋ, ਨੀਅਤ ਸਮੇ ਤੋ ਵੀ ਦੋ ਘੰਟੇ ਉਪਰ ਬੀਤ ਗਏ ਹਨ। ਹੁਣ ਅਸੀਂ ਸੰਮੇਲਨ ਨੂੰ ਗੰਭੀਰਤਾ ਨਾਲ ਆਰੰਭ ਕਰੀਏ।

ਲਾਰਡ ਜਰਮਨ ਵੈਰੂਲਮ :---- ਜਨਾਬ ਪਹਿਲਾਂ ਮੇਰੀ ਇਕ ਬੇਨਤੀ ਹੈ -- --- - ਸਮਾਂ ਵਧੇਰੇ ਹੋਣ ਕਰਕੇ ਮੈਨੂੰ ਪਿਸ਼ਾਬ ਦੀ ਸਖਤ ਹਾਜਤ ਹੋ ਗਈ ਹੈ। (ਸਾਰੇ ਹੱਸਦੇ ਹਨ)

ਫਰੈਂਕਫਰਟ (ਮੁਸਕਰਾਉਂਦਾ ਹੋਇਆ) :--- ਹਾਂ, ਰਫਾ ਹੋ ਆਉ।

ਜਰਮਨ ਵੈਰੂਲਮ :--- ਜਨਾਬ, ਮੈ ਦੋ ਟਹਿਲਣਾਂ ਦੀ ਸਹਾਇਤਾ ਬਿਨ੍ਹਾਂ ਇਹ ਕੰਮ ਕਰ ਨਹੀ ਸਕਦਾ ਹਾਂ।

ਕੁਝ ਆਵਾਜ਼ਾਂ : What a great sportsman the lord varulam is ! (ਲਾਰਡ ਵੈਰੂਲਮ ਕਿਨਾ ਫੁਰਤੀਲਾ ਆਦਮੀ ਹੈ)

(ਹਾਸਾ ਮਚਦਾ ਹੈ। ਉਸ ਦੀਆ ਦੋ ਟਹਿਲਣਾ ਨੂੰ ਬੁਲਾਇਆ ਜਾਂਦਾ ਹੈ। ਸ਼ਾਨਦਾਰ ਚੋਗਿਆਂ ਵਿੱਚ ਲਪੇਟੇ ਲਾਰਡ ਨੂੰ ਆਸਰਾ ਦੇ ਕੇ ਉਠਾਇਆ ਜਾਂਦਾ ਹੈ। ਉਹ ਉਸਨੂੰ ਬਾਥ ਰੂਮ ਵਲ ਲੈ ਜਾਂਦੀਆ ਹਨ।)

ਲਾਰਡ ਫਰੈਂਕਫਰਟ : ਚਲੋ ਅੱਧਾ ਘੰਟਾ ਹੋਰ ਲੇਟ ਹੋ ਜਾਂਦੇ ਹਾਂ। ਹੋਰ ਕਿਸੇ ਨੇ ਇਹੋ

Scanned with OKEN Scanner

Scanned with OKEN Scanner

ਜਿਹਾ ਜਾਂ ਕੋਈ ਹੋਰ ਕਾਰਜ ਕਰਨਾ ਹੋਵੇ ਤਾਂ ਕਰ ਲਵੇ।

(ਖੂਬ ਹਾਸਾ ਠੱਠਾ ਮਚਦਾ ਹੈ। ਹੋਰ ਵੀ 4-5 ਜਣੇ ਏਵੇਂ ਹੀ ਹਾਜਤ ਰਫਾ ਹੋਣ ਜਾਂਦੇ ਹਨ, ਕੁਝ ਇਕ ਦੂਜੇ ਨੂੰ ਦਿਖਾ ਦਿਖਾ ਕੇ ਖਾਂਦੇ ਪੀਂਦੇ ਹਨ ਅਤੇ ਅਮਨ ਅਮਾਨ ਹੁੰਦਾ ਹੈ ਤੇ ਚੁਪ ਛਾ ਜਾਂਦੀ ਹੈ।)

ਲਾਰਡ ਫਰੈਂਕਫਰਟ : ਦੋਸਤੋ 1787 ਈਸਵੀ ਦਾ ਅੱਧ ਬੀਤ ਰਿਹਾ ਹੈ। ਹਜਾਰਾਂ ਸਾਲਾਂ ਤੋਂ ਚਲੇ ਇਕਸਾਰ ਸਮੇਂ ਵਿਚ ਅਚੰਭਾ ਜਨਕ ਤਬਦੀਲੀਆਂ ਆ ਰਹੀਆਂ ਹਨ। ਇਹ ਅਸੀਂ ਹੀ ਹਾਂ ਜੋ ਦੁਨੀਆਂ ਭਰ ਦੀ ਵਧੇਰੀ ਜ਼ਮੀਨ ਸਾਂਭੀ ਬੈਠੇ ਹਾਂ, ਅਸੀ ਜਿਨ੍ਹਾਂ ਤੇ ਬਾਦਸ਼ਾਹਾਂ ਦਾ ਅਸਤਿਤਵ ਨਿਰਭਰ ਕਰਦਾ ਹੈ। ਅਸੀਂ ਜਿਨ੍ਹਾਂ ਨੂੰ ਆਮ ਭਾਸ਼ਾ ਵਿਚ ਆਰੀਆ ਵਾਰ ਲਾਰਡਜ ਵੀ ਤੇ ਕੁਲੀਨ ਵੀ ਕਿਹਾ ਜਾਂਦਾ ਹੈ। ਸਾਡੀ ਰਾਏ ਅਤੇ ਸਹਾਇਤਾ ਨਾਲ ਦੋ ਸੋ ਸਾਲ ਕੁਰੂਸੇਡਜ ਲੜੀਆਂ ਗਈਆਂ, ਪੋਪ ਵੀ ਸਾਡਾ ਹੀ ਮਤੀਹ ਹੈ। ਸੰਖੇਪ ਵਿਚ ਅਸੀ ਹੀ ਸਮੁੱਚੀ ਧਰਤੀ ਦੇ ਵੱਖੋ ਵੱਖਰੇ ਸਮਾਜਾਂ ਦੇ ਅਜੇ ਵੀ ਅਸਲੀ ਸੰਚਾਲਕ ਹਾਂ।

ਪਰ ਦੋਸਤੋ ਇਕ ਤਾਕਤ ਐਸੀ ਪੈਦਾ ਹੋ ਚੁੱਕੀ ਹੈ ਜੋ ਅਜੇ ਐਨ ਗੁਪਤ ਹੈ। ਗੁਪਤਤਾ ਉਸਦਾ ਇਕ ਮਾਤਰ ਅਸੂਲ ਹੈ ....। ਰੋਮ ਦੇ ਡਿੱਗਣ ਵੇਲੇ ਵੀ ਸਪਾਰਟੇਕਸ ਦੇ ਬਹਾਨੇ ਉਹ ਕਾਰਜਸ਼ੀਲ ਸੀ। ਅੰਧ ਯੁਗ ਦੇ ਹਨੇਰਿਆਂ ਵਿਚ ਉਹ ਲੂਸੀਫਰ (ਚਾਨਣ ਬਰਦਾਰ, ਚਾਨਣ ਦਾ ਦੇਵਤਾ, ਮਸ਼ਾਲਚੀ, ਸ਼ੈਤਾਨ) ਤੋ ਚਾਨਣਾ ਲੈਂਦੇ ਰਹੇ।

ਉਹਨਾਂ ਸਾਡੇ ਧਰਮ ਵਿਚ ਸੰਨ੍ਹ ਲਗਾ ਲਈ ਹੈ। ਇੰਗਲੈਂਡ ਵਿਚ 1640 ਦਾ ਇਨਕਲਾਬ ਵਾਪਰਿਆ। ਈਸਾਈ ਮੱਤ ਵਿੱਚ ਇੱਕ ਹੋਰ ਮੱਤ ਪੈਦਾ ਹੋ ਗਿਆ। ਸਾਡੀ ਰੱਬੀ ਸ਼ਕਤੀ (Devine Light) ਦੋ ਟੋਟੇ ਹੋ ਗਈ। ਸਾਰੇ ਯੂਰਪ ਵਿੱਚ ਧਰਮ ਵੰਡਿਆ ਗਿਆ, ਵੰਡਿਆ ਜਾ ਰਿਹਾ ਹੈ, ਬਾਦਸ਼ਾਹ ਵੰਡੇ ਜਾ ਰਹੇ ਹਨ। ਕਰੂਸੇਡਜ਼ (ਧਰਮ ਯੁੱਧ) ਅਤੇ ਸੌ ਸਾਲਾਂ ਯੁੱਧਾਂ ਦੇ ਫਜ਼ੂਲ ਖਰਚਾਂ ਅਤੇ ਅਣਗਿਣਤ ਮੌਤਾਂ ਨੇ ਸੰਕਟ ਗ੍ਰਸਤ ਕਰ ਦਿੱਤਾ ਹੋਇਆ ਹੈ ....

ਅਸੀਂ ਜੋ ਅਸਲੀ ਬਾਦਸ਼ਾਹ ਹਾਂ, ਬਾਦਸ਼ਾਹਤਾਂ ਜਿਨ੍ਹਾਂ ਦੀਆਂ ਕਠਪੁਤਲੀਆਂ ਰਹੀਆਂ ਹਨ ਤੇ ਹਾਲੇ ਵੀ ਹਨ, ਵੀ ਵੰਡੇ ਜਾ ਰਹੇ ਹਾਂ, ਸੰਕਟ ਗ੍ਰਸਤ ਹੋ ਰਹੇ ਹਾਂ। ਅਸੀਂ ਵੀ ਧਨਾਢ ਸ਼ਾਹੂਕਾਰਾਂ ਤੇ ਵਧੇਰੇ ਨਿਰਭਰ ਹੋਈ ਜਾ ਰਹੇ ਹਾਂ।

ਵੱਡੀ ਗੱਲ ਕਿ ਅਸੀਂ ਆਪੋ ਆਪਣੀ ਐਸ਼ੋ ਇਸ਼ਰਤ ਵਿਚ ਸਦਾ ਵਾਂਗ ਹਾਲੇ ਵੀ ਡੁਬੇ ਹੋਏ ਹਾਂ .... ਖੈਰ।

ਅਸਲੀ ਮੁੱਦੇ ਤੇ ਆਈਏ। ਮੇਰੇ ਖੱਬੇ ਹੱਥ ਬੈਠਾ ਵਿਅਕਤੀ ਇਕ ਮਹਾਨ

Scanned with OKEN Scanner

ਫੀਲਾਸਫਰ ਹੈ। ਇਹ ਇੰਗਲੋਸਟਡ ਯੂਨੀਵਰਸਿਟੀ ਵਿਚ ਪ੍ਰੋਫੈਸਰ ਰਿਹਾ ਹੈ। ਇਨ੍ਹਾਂ ਨੇ ਮੇਰੇ ਨਾਲ ਰਾਬਤਾ ਜੋੜਿਆ ਹੈ ਤੇ ਜੋ ਕੁਝ ਮੈਨੂੰ ਦੱਸਿਆ, ਮੇਰੇ ਰੋਂਗਟੇ ਖੜੇ ਹੋ ਗਏ ਹਨ। ਉਂਜ ਪਹਿਲਾਂ ਵੀ ਇਕ ਗੁਪਤ ਸੰਸਥਾ ਪ੍ਰਚੱਲਿਤ ਸੀ, ਨਾਮ ਸੀ 'ਫਰੀ ਮੇਸਨਰੀ'। ਉਸਨੇ ਮਹਾਨ ਲੇਖਕ, ਆਰਟਿਸਟ, ਦਾਰਸ਼ਨਿਕ ਜਿਵੇਂ ਕਿ ਸਰ ਫਰਾਂਸਿਸ ਬੇਕਨ (Sir Francis Bacon-1516-1626), ਬਰੂਚ ਸਪਾਈਨੋਜ਼ਾ (Barunch Spinoza-1749), ਫਰੈਡਰਿਕ ਦੀ ਗਰੇਟ (Fredrich the Great -1712), Immanual Kant (1724), W. Goethe (1749) ਆਦਿ ਉਪਜਾਏ। ਅਸੀਂ ਵੀ ਇਸ ਵਿਚ ਘੁਸਪੈਠ ਕਰ ਲਈ ਸੀ। ਅਸੀਂ ਵੀ ਰਸਮੀ ਜਿਹੀ ਇਕ ਗੁਪਤ ਸੰਸਥਾ ਬਣਾਈ ਸੀ ਜੋ ਰਸਮੀ ਤੌਰ ਤੇ ਚੱਲ ਰਹੀ ਹੈ।

ਸਾਡੀ ਗੁਪਤ ਸੰਸਥਾ ਕਦੇ ਕਦੇ ਮਿਲਣੀਆਂ ਵੀ ਕਰਦੀ ਹੈ। ਮੈਨੂੰ ਹੀ ਉਸਦਾ ਕਨਵੀਨਰ ਨਾਂਮਜ਼ਦ ਕੀਤਾ ਗਿਆ ਸੀ। ਪਰ ਮੈਂ ਵੀ ਹੋਰਾਂ ਵਾਂਗ ਤੇ ਸਾਰਿਆਂ ਵਾਂਗ ਸਥਾਪਤੀ ਦੇ ਮੋੜਿਆ ਗੈਰ-ਜ਼ਿੰਮੇਵਾਰ ਰਿਹਾ ਸਾਂ। ਸਾਡੀਆਂ ਮਿਲਣੀਆਂ ਐਵੇਂ ਰਸਮ ਬਣ ਕੇ ਰਹਿ ਗਈਆਂ।

ਅਲਮਾਈਟੀ ਗਾਡ ਦਾ, ਈਸਾ ਦਾ ਲੱਖ ਲੱਖ ਸ਼ੁਕਰ ਹੈ ਕਿ ਮਿਸਟਰ 'ਜਾਹਨ' ਸਾਨੂੰ ਮਿਲ ਗਏ। ਇਨ੍ਹਾਂ ਨੇ ਸਾਵਧਾਨ ਕੀਤਾ ਹੈ ਕਿ ਸੰਭਲੋ ਨਹੀਂ ਤਾਂ ਸਮੇਂ ਤੋਂ ਵੀ ਪਹਿਲਾਂ ਮਿਟ ਜਾਓਗੇ, ਬਰਬਾਦ ਹੋ ਜਾਓਗੇ ....। ਉਨ੍ਹਾਂ ਨੇ ਇਕ ਹੋਰ ਗੁਪਤ ਸੰਸਥਾ ਬਣਾ ਲਈ ਹੋਈ ਹੈ। ਫਰੀ ਮੇਸਨਰੀ ਦਾ ਉਸ ਵਿਚ ਵਿਲੈ ਹੋ ਗਿਆ ਹੋਇਆ ਹੈ। ਨਵੀਂ ਸੰਸਥਾ ਦਾ ਨਾਮ ਹੈ ਇਲੂਮੀਨਾਟੀ।

ਮਸਲਾ ਬੜਾ ਹੀ ਗੁਪਤ ਹੈ। ਗੁਪਤ ਤੌਰ ਤੇ ਮੌਤ ਸਾਡੇ ਸਾਹਮਣੇ ਖਲੋਤੀ ਹੈ। ਸੰਭਲੋ। ਮੈਂ ਬੇਨਤੀ ਕਰਦਾ ਹਾਂ ਕਿ ਨੌਕਰਾਂ ਚਾਕਰਾਂ ਟਹਿਲੂਆਂ ਤੇ ਵੀ ਐਨਾ ਨਿਰਭਰ ਨਾ ਕਰੋ। ਵੇਖੋ ਜਾਂਚੋ। ਇਨ੍ਹਾਂ ਤੋਂ ਵੀ ਸਾਵਧਾਨ ਹੋਣਾ ਪਵੇਗਾ। ਗੁਪਤ ਇਲੂਮੀਨਾਟੀ ਯਾਨੀ ਲੂਸੀਫਰ ਦਾ ਅਸਰ ਇਨ੍ਹਾਂ ਤੇ ਵੀ ਹੋਇਆ ਹੋ ਸਕਦਾ ਹੈ।....

ਮੈਂ ਜੋ ਕੁਝ ਆਖ ਰਿਹਾ ਹਾਂ, ਇਸ ਤੋਂ ਬਹੁਤੇ ਵੀ ਨਾ ਡਰ ਜਾਉ। ਮੈਂ ਤਾਂ ਅਸਲ ਸੱਚ ਸੁਣਨ ਤੇ ਸਮਝਣ ਲਈ ਬਸ ਤਿਆਰ ਕਰ ਰਿਹਾ ਹਾਂ। ਹੁਣ ਸਾਡੇ ਮਹਾਂ-ਦਾਰਸ਼ਨਿਕ ਮਿਸਟਰ ਜਾਨ੍ਹ ਤੁਹਾਨੂੰ ਸੰਬੋਧਤ ਕਰਨਗੇ। ਏਸ ਤੋਂ ਪਹਿਲਾਂ ਤੁਸੀਂ ਆਪਣੇ ਆਪਣੇ ਸੇਵਾਦਾਰਾਂ ਟਹਿਲੂਆਂ ਨੂੰ ਬਾਹਰ ਭੇਜ ਦਿਉ ਤੇ ਦਰਵਾਜੇ ਵੀ ਬੰਦ ਕਰਵਾ ਦਿਉ। ਹਿੰਮਤ ਤੋਂ ਕੰਮ ਲਵੋ ....।

(ਕੁਝ ਸਮਾਂ ਹਿਲ ਜੁਲ ਹੁੰਦੀ ਹੈ। ਸੇਵਾਦਾਰ ਬਾਹਰ ਜਾਂਦੇ ਹਨ।)

ਮਿਸਟਰ ਜਾਨ੍ਹ : ਤੁਸੀਂ ਪਹਿਲਾਂ ਵੀ ਕਦੇ ਕਦੇ ਮਿਲਦੇ ਰਹੇ ਹੋ। ਬਾਦਸ਼ਾਹਾਂ ਨੂੰ ਕਮਜ਼ੋਰ ਰੱਖਣ ਅਤੇ ਰੋਂ ਪਤੀਆਂ, ਨਵਾਬਾਂ, ਸਾਹਿਬਾਂ, ਵਾਰ ਲਾਰਡਜ਼ ਤੇ ਹੋਰ

ਨਿਰਭਰਤਾ ਵਧਾਉਣ ਦੀਆਂ ਯੋਜਨਾਵਾਂ ਬਣਾਉਂਦੇ ਰਹੇ ਹੋ। ਕੁਝ ਕਾਮਯਾਬੀਆਂ ਤੇ ਆਸ਼ਾਵਾਂ ਮਿਲਦੀਆ ਰਹੀਆਂ ਤੇ ਕੁਝ ਨਾ ਕਾਮਯਾਬੀਆਂ ਅਤੇ ਨਿਰਾਸ਼ਾਵਾਂ ਵੀ ....

ਲੋੜ ਅਨੁਸਾਰ ਕਦੇ ਕਦੇ ਬਾਦਸ਼ਾਹਾਂ ਅਤੇ ਸ਼ਹਿਜਾਦਿਆਂ ਨੂੰ ਵੀ ਬੁਲਾਉਂਦੇ ਰਹੇ ਹੋ। ਉਨ੍ਹਾਂ ਦਾ ਆਦਰ ਮਾਣ ਵੀ ਕਰਦੇ ਰਹੇ ਹੋ ਤੇ ਕੁਝ ਸਮਝਾਉਣੀਆ ਵੀ ਦਿੰਦੇ ਰਹੇ ਹੋ।

ਹੁਣ ਮੈਂ ਸਿੱਧਾ ਅਸਲ ਮੁੱਦੇ ਤੇ ਆਉਂਦਾ ਹਾਂ, ਦੋਸਤੋ, ਤੁਹਾਡੇ ਅਤੇ ਤੁਹਾਡੀ ਜਮਾਤ ਦੇ ਖਾਤਮੇ ਦੇ ਬੱਦਲ ਮੰਡਰਾਉਣ ਲੱਗ ਪਏ ਹਨ! ਹਾਲੇ ਬਾਦਸ਼ਾਹ ਤੁਹਾਡੇ ਹਨ, ਤੁਸੀਂ ਬਾਦਸ਼ਾਹਾਂ ਦੇ ਹੋ। ਇਕ ਦੂਜੇ ਦੀ ਨਿਰਭਰਤਾ 'ਚ ਬਦਲਾ ਆ ਰਿਹਾ ਹੈ। ਦੋਵਾਂ ਦੇ ਅਸਤਿਤਵ ਦੇ ਖਾਤਮੇ ਦੀਆਂ ਯੋਜਨਾਵਾ ਬਣ ਰਹੀਆਂ ਹਨ।

ਵੱਡੇ, ਬਹੁਤ ਵੱਡੇ, ਸ਼ਾਹੂਕਾਰਾਂ, ਧਨਾਢਾ ਨੇ ਗੁਪਤ, ਬਹੁਤ ਗੁਪਤ, ਦੋ ਸਭਾਵਾਂ ਬਣਾ ਲਈਆਂ ਹਨ। ਬਾਦਸ਼ਾਹਾਂ ਦੀ ਤੁਹਾਡੇ ਤੇ ਨਿਰਭਰਤਾ ਤੇ ਵੀ ਸੰਨ੍ਹ ਲਗਾ ਲਈ ਹੈ। ਇਕ ਤੇਰ੍ਹਾਂ ਮੈਂਬਰੀ ਸਭਾ ਨਿਰੋਲ ਸ਼ਾਹੂਕਾਰਾਂ ਧਨਾਢਾਂ ਦੀ ਹੈ ਅਤੇ ਦੂਸਰੀ ਛੇ ਧਨਾਢਾਂ ਅਤੇ ਸੱਤ ਬਾਦਸ਼ਾਹਾਂ ਦੀ ਸਮੂਲੀਅਤ ਵਾਲੀ ਹੈ। ਦੋਵਾਂ ਦਾ ਸੰਚਾਲਕ ਇਕੋ ਘਰਾਣਾ ਅਰਥਾਤ ਰੌਥਸਚਾਈਲਡ ਦਾ ਘਰਾਣਾ ਹੈ। ਪਹਿਲੀ ਅਜੇ ਵੀ ਗੁਪਤ ਹੈ। ਦੂਸਰੀ ਦਾ ਕੁਝ ਸੁਰਾਗ ਨਿਕਲਿਆ ਹੈ।

ਦੋਸਤੋ ਹੈਰਾਨ ਨਾ ਹੋਣਾ, ਪ੍ਰੇਸ਼ਾਨ ਨਾ ਹੋਣਾ। ਛੇ ਸ਼ਾਹੂਕਾਰਾਂ ਧਨਾਂਢਾਂ ਦੇ ਮੁਖੀ ਆਮਸ਼ੈਲ ਰੌਥਸਚਾਈਲਡ ਨੇ ਰਲ ਮਿਲ ਕੇ ਸੱਤ ਬਾਦਸ਼ਾਹੀਆ ਵਿਚ ਘੁਸਪੈਠ ਕੀਤੀ ਹੈ, ਉਨ੍ਹਾਂ ਨੂੰ ਨਾਲ ਰਲਾਇਆ ਹੈ। ਸ਼ਹਿਰ ਬਾਰਸੀਲੋਨਾਂ ਵਿਚ 1773 ਵਿਚ ਤੇਰਾਂ ਵਿਚੋਂ ਛੇ ਧਨਾਢਾਂ ਤੇ ਸੱਤ ਬਾਦਸ਼ਾਹੀਆ ਦੇ ਨੁਮਾਇੰਦਿਆਂ ਨੇ ਇਕ ਅਤਿ ਗੁਪਤ ਸੰਮੇਲਨ ਕੀਤਾ। ਚਾਰ ਮਤੇ ਪਾਸ ਹੋਏ।

1. If we pool our resources together, we shall rule the world forever. (ਜੇਕਰ ਅਸੀਂ ਆਪਣੇ ਸਾਧਨ ਇਕ ਜੁਟ ਕਰ ਲਈਏ ਤਾ ਸਦਾ ਰਾਜ ਕਰਾਂਗੇ)
2. ਬਾਦਸ਼ਾਹਾਂ ਨੂੰ ਪ੍ਰੇਰਿਆ ਗਿਆ ਕਿ ਨਵਾਬਾਂ ਸਾਮੰਤਾਂ ਤੇ ਕੁਲੀਨਾਂ ਉਪਰ ਨਿਰਭਰਤਾ ਤਿਆਗੋ। ਤੁਹਾਨੂੰ ਧਨ ਦੀ ਲੋੜ ਹੈ। ਉਹ ਧਨਾਂਢ ਦੇਣਗੇ। ਹੋ ਸਕਦਾ ਹੈ ਕਿ ਇਉਂ ਕਰਦਿਆਂ ਸਾਨੂੰ ਨਿਕੀ ਮੋਟੀ ਕੋਈ ਕੁਰਬਾਨੀ ਵੀ ਦੇਣੀ ਪਵੇ।

Scanned with OKEN Scanner

3. ਪਰਚੱਲਤ ਸਾਰੇ ਧਰਮ ਰਇਆ ਦੇ ਧਰਮ ਹਨ। ਇਹ ਬਾਦਸ਼ਾਹਾਂ ਦੇ ਧਰਮ ਨਹੀ ਹਨ। ਐਡਮ ਵਿਸੁਪਤ ਨਾਮ ਦਾ ਫਿਲਾਸੋਫਰ ਨਵਾ ਧਰਮ ਈਜਾਦ ਕਰੇਗਾ। ਜੋ ਸਾਡਾ ਸ਼ਾਹੂਕਾਰਾਂ, ਧਨਾਢਾਂ ਤੇ ਸ਼ਹਿਨਸ਼ਾਹਾਂ ਦਾ ਧਰਮ ਹੋਏਗਾ ....। ਇਸਲਾਮ, ਈਸਾਈ ਆਦਿ ਮੱਤਾਂ ਨੂੰ ਗਰੀਬ ਪਰਵਰ ਹੋਣ ਦੇ ਭੁਲੇਖੇ ਵਿਚ ਪਏ ਰਹਿਣ ਦਿਉ।

4. ਅਜੇ ਇਹ ਸਭ ਗੁਪਤ ਰੱਖਿਆ ਜਾਵੇਗਾ।

ਦੋਸਤੋ ਮੈ ਦੇਖ ਰਿਹਾਂ, ਮੇਰੇ ਰਾਹੀਂ ਇਹ ਭੇਤ ਖੁੱਲ੍ਹਣ ਨਾਲ ਤੁਸੀਂ ਬਹੁਤ ਪ੍ਰੇਸ਼ਾਨ ਹੋ ਰਹੇ ਹੋ, ਕ੍ਰੋਧ ਨਾਲ ਚਿਹਰੇ ਲਾਲ ਹੋ ਰਹੇ ਹਨ, ਤਰਲੋ ਮੱਛੀ ਹੋ ਰਹੇ ਹੋ!

(ਕ੍ਰੋਧ ਵਿਚ ਲਾਲ ਹੋਏ .... ਤਿੰਨ ਚਾਰ ਸਾਮੰਤ ਖੜੇ ਹੋ ਜਾਂਦੇ ਹਨ ਤੇ ਇਕੱਠੇ ਉੱਚੀ ਉੱਚੀ ਬੋਲਣ ਲੱਗ ਪੈਂਦੇ ਹਨ।)

ਲਾਰਡ ਫਰੈਂਕਫਰਟ: ਸਬਰ, ਦੋਸਤੋ ਸਬਰ .... ਮੇਰੇ ਦੋਸਤ ਨੇ ਅਜੇ ਸੁਰੂਆਤ ਹੀ ਕੀਤੀ ਹੈ। ਤੁਸੀ ਏਨੇ ਤੈਸ਼ ਵਿਚ ਆ ਗਏ ਹੋ, ਕਿਉਕਿ ਤੁਸੀਂ ਸਾਮੰਤ ਅਤੇ ਵਾਰ ਲਾਰਡਜ ਜੋ ਠਹਿਰੇ .... ਤੇ ਸਮਝਦੇ ਹੋ ਕਿ ਪੈਰਾਂ ਥੱਲਿਉ ਰੇਤ ਖਿਸਕ ਰਹੀ ਹੈ .... ਸਬਰ ਨਾਲ ਹੋਰ ਸੁਣੋ .... ਹਾਂ ਜੀ ਮਿਸਟਰ ਜਾਨ੍ਹ ....।

ਮਿਸਟਰ ਜਾਨ੍ਹ : ਦੋਸਤੋ, ਐਡਮ ਵਿਸੁਪਤ ਮੇਰਾ ਕੁਲੀਗ ਹੈ। ਅਸੀਂ ਦੋਵੇਂ ਇਕੋ ਯੂਨੀਵਰਸਿਟੀ ਦੇ ਪ੍ਰੋਫੈਸਰ ਹਾ। ਉਹ ਕੈਨਨ ਲਾਅ ਦਾ ਅਤੇ ਮੈਂ Physio Geography ਦਾ। ਉਹ ਈਸਾਈ ਸੀ ਪਰ ਹੁਣ ਨਹੀਂ। ਉਹ ਬਹੁਤ ਵੱਡਾ ਸਕਾਲਰ ਹੈ। ਉਸਨੂੰ ਹਾਇਰ (ਭਾੜੇ ਦਾ ਟੱਟੂ) ਕਰ ਲਿਆ ਗਿਆ ਹੈ। ਉਸਨੇ ਇਕ ਨਵਾ ਧਰਮ ਈਜਾਦ ਕਰ ਲਿਆ ਹੈ। ਮਈ, 1776 ਈ: ਵਿਚ ਨਾਮਕਰਨ ਵੀ ਕਰ ਦਿੱਤਾ। ਨਾਮ ਰੱਖਿਆ ਗਿਆ ਇਲੂਮੀਨਾਟੀ। ਚਾਰ ਸ਼ਿਸ਼ ਬਣਾ ਲਏ ਹਨ। ਉਨ੍ਹਾਂ ਨੂੰ ਗੁਪਤ ਨਾਮ ਦਿੱਤੇ ਗਏ ਹਨ। ਆਪਣਾ ਵੀ ਗੁਪਤ ਨਾਂਮ ਰੱਖਿਆ ਹੈ Spartacus (ਸਪਾਰਟੇਕਸ)। ਵੱਖਰੀ ਤਾਲੀਮ ਅਤੇ ਗੁਪਤ ਸਰੀਰਕ ਭਾਸ਼ਾ ਵੀ ਈਜਾਦ ਕੀਤੀ ਹੈ। ਫਰੀ ਮੇਸ਼ਨਰੀ ਦੀਆਂ ਗੁਪਤ ਬੁਨਿਆਦਾਂ ਤੇ ਮਹਿਲ ਉਸਰ ਰਿਹਾ ਹੈ।

ਫਰਾਂਸ ਦਾ ਇਕ ਲਾਰਡ : ਪਹਿਲਾਂ ਹੀ ਈਸਾਈ ਮੱਤ 'ਚ ਪ੍ਰੋਟੈਸਟੈਂਟਿਜਮ (Protestism) ਪੈਦਾ ਕਰ ਦਿੱਤਾ ਹੋਇਆ। ਕੀ ਨਵੇਂ ਧਰਮ ਦੀ ਕੋਈ ਕਿਤਾਬ ਲਿਖੀ? ਕਿਤਾਬ ਬਿਨਾਂ ਕੋਈ ਧਰਮ, ਸੰਪਰਦਾਅ ਜਾਂ ਮੱਤ ਬਹੁਤੀ ਦੇਰ ਕਾਇਮ ਨਹੀਂ ਰਹਿ ਸਕਦਾ। ਜੇਕਰ ਕਿਤਾਬ ਹੈ ਤਾਂ ਦੱਸੋ ਕਿਹੜੀ ? ਅਸੀਂ ਨਸ਼ਟ ਕਰਵਾ ਦਿਆਂਗੇ। ਜੇਕਰ ਨਹੀਂ ਤਾ ਆਪੇ ਮਰ ਮੁਕ ਜਾਏਗਾ। ਕਿਤਾਬ ਵਾਲਾ ਧਰਮ ਹੀ ਲੋਕਾ ਨੂੰ ਜੋੜ ਸਕਦਾ ਹੈ। ਵਰਨਾ ਆਪੇ ਟੁਟ

Scanned with OKEN Scanner

ਜਾਂਦਾ ਹੈ।

ਮਿਸਟਰ ਜਾਨ੍ਹ : ਹਾਲੇ ਏਸ ਨੂੰ ਗੁਪਤ ਰੱਖਿਆ ਗਿਆ ਹੈ। ਇਕ ਗੁਪਤ ਸਭਾ ਇਸ ਦੀ ਸੰਚਾਲਕ ਹੈ। ਸੱਤ ਧਨਾੱਢ ਏਸ ਦੇ ਸਰਪ੍ਰਸਤ ਹਨ ....

ਧਰਮ ਗੁਪਤ ਹੈ ਤਾਂ ਕਿਤਾਬ ਵੀ ਹਾਲੇ ਗੁਪਤ ਹੋਏਗੀ।

ਇੱਕ ਹੋਰ ਲਾਰਡ: ਤੁਸੀਂ ਬੜੇ ਅਚੰਭੇ ਵਾਲੀ ਗੱਲ ਦੱਸ ਰਹੇ ਹੋ .... ਧਰਮ ਗੁਪਤ ਰਹੇ, ਕਿਤਾਬ ਗੁਪਤ ਰਹੇ ....

ਲਾਰਡ ਫਰੈਂਕਫਰਟ : ਦੋਸਤੋ ਕਾਹਲੇ ਨਾ ਪਵੋ। ਸਭ ਤੋਂ ਵੱਧ ਅਚੰਭੇ ਵਾਲੀ ਗੱਲ ਤਾ ਅਜੇ ਮਿਸਟਰ ਜਾਨ੍ਹ ਨੇ ਦੱਸਣੀ ਹੈ। ਸੁਣੋ ਧਿਆਨ ਨਾਲ .... ਹਾਂ ਤੁਹਾਡਾ ਧੰਨਵਾਦ ਜੋ ਏਨਾ ਚਿਰ ਧਿਆਨ ਮਗਨ ਬੈਠੇ ਰਹੇ ਹੋ ....

ਇੱਕ ਹੋਰ ਸਾਮੰਤ: ਸਾਹਮਣੇ ਮੌਤ ਦਿਸੇ ਤਾਂ ਨਿਕੀਆਂ ਮੋਟੀਆਂ ਤਕਲੀਫਾਂ ਭੁਲ ਜਾਂਦੀਆਂ ਹਨ।

(ਸਾਰੇ ਹੱਸਦੇ ਹਨ .....)

ਮਿਸਟਰ ਜਾਨ੍ਹ : ਜੋ ਕੁਝ ਹੋਇਆ, ਇਕ ਹੋਰ ਗੁਪਤ ਦਸਤਾਵੇਜ ਦੇ ਐਨ ਅਨੁਕੂਲ ਹੋਇਆ। ਇਉਂ ਕਹਿ ਲਈਏ ਕਿ 1773 ਵਾਲੀ ਚੰਡਾਲ ਚੌਕੜੀ ਦਾ ਸੰਮੇਲਨ ਕੋਈ ਵਿਕੋਲਿਤਰੀ ਘਟਨਾ ਨਹੀਂ ਸੀ। ਦਹਾਂਕੇ, ਸ਼ਾਇਦ ਸਦੀ ਡੇਢ ਸਦੀ ਪਹਿਲਾਂ ਇੱਕ ਦਸਤਾਵੇਜ ਤਿਆਰ ਹੋਇਆ ਸੀ। ਉਹ ਵੀ ਗੁਪਤ ਹੀ ਰਿਹਾ। ਠੀਕ ਉਸਦੇ ਅਮਲ ਵਜੋ 1773 ਦੇ ਸੰਮੇਲਨ ਹੋਏ। ਉਸਦੇ ਅਮਲ ਵਜੋ ਮਈ, 1776 ਨੂੰ ਸ਼ੈਤਾਨੀ (Lucifarian) ਧਰਮ ਇਲੂਮੀਨਾਟੀ ਦੀ ਬੁਨਿਆਦ ਰੱਖ ਹੋਈ। ਉਸਦੇ ਅਮਲ ਵਜੋਂ ....

ਇੱਕ ਲਾਰਡ : ਤੁਸੀਂ ਦੱਸਦੇ ਹੋ ਕਿ ਸਦੀਆਂ ਪਹਿਲਾਂ ਇਕ ਅਚੰਭੇ ਵਾਲਾ ਦਸਤਾਵੇਜ਼ ਤਿਆਰ ਹੋਇਆ .... ਉਸੇ ਦੇ ਅਮਲ ਵਜੋਂ ਸੰਮੇਲਨ ਹੋਇਆ ਤੇ ਇਕ ਲੂਸੀਫੇਰੀਅਨ ਧਰਮ ਦੀ ਬੁਨਿਆਦ ਰੱਖ ਹੋਈ। ਕੀ ਇਹ ਦਸਤਾਵੇਜ਼ ਵੀ ਅਜੇ ਤੱਕ ਗੁਪਤ ਹੈ। ਏਨੀ ਭਿਆਨਕ ਅੱਗ ਪਰ ਧੂੰਆਂ ਨਿਕਲੇ ਈ ਨਾ ....

ਮਿਸਟਰ ਜਾਨ੍ਹ : ਦੇਖੋ, ਉਨ੍ਹਾਂ ਦੀ ਯੋਜਨਾਂ ਹੈ -- ਸਾਰੀ ਸ੍ਰਿਸ਼ਟੀ ਨੂੰ ਆਪਣੇ ਜੂਲੇ ਥੱਲੇ ਲਿਆਉਣਾ। ਇਹ ਕੰਮ ਢੋਲ ਵਜਾ ਕੇ ਨਹੀ ਹੋ ਸਕਦੇ। ਸੱਪ ਘਾਹ 'ਚ ਵਧੇਰੇ ਤੇਜ਼ ਰੀਂਗ ਸਕਦਾ ਹੈ। ਰੜੇ ਮਦਾਨ ਆਏ ਤਾ ਕੀ ਤੁਸੀਂ .... ਹਾਂ, ਏਸ ਦਸਤਾਵੇਜ਼ ਦਾ ਕੱਚਾ ਪੱਕਾ ਜਿਹਾ ਨਾਮ ਸਾਹਮਣੇ ਆਇਆ ਤਾਂ ਹੈ .... Einiege Original Seripten।

Scanned with OKEN Scanner

(ਨੋਟ :- ਏਸੇ ਨੂੰ ਹੀ ਬਾਅਦ ਵਿਚ 'Protocol of Zionism' ਕਿਹਾ ਗਿਆ)

ਲਾਰਡ ਫਰੈਂਕਫਰਟ: ਦੋਸਤੋ ਤੁਸੀ ਮਿਸਟਰ ਜਾਨ੍ਹ ਨੂੰ 73-76 ਈ: ਵਿੱਚ ਨਾ ਉਲਝਾਈ ਰੱਖੋ। ਅੱਗੋਂ ਹੋਰ ਕੰਬਾ ਦੇਣ ਵਾਲੇ ਤੱਥ ਸੱਚ ਹਨ। ਸੁਣੋ ....

ਮਿਸਟਰ ਜਾਨ੍ਹ : ਮੈਨੂੰ ਹਾਲੇ ਲੰਬੇ ਵੇਰਵੇ ਨੂੰ ਸੰਖੇਪ ਕਰਨਾ ਪੈਂਣਾ ਹੈ ....

ਸਾਲ ਹੈ 1785; ਇਕ ਘੋੜਾ ਸਰਪੱਟ ਦੌੜਿਆ ਜਾ ਰਿਹਾ ਹੈ। ਘੋੜੇ ਦਾ ਸਵਾਰ ਇਕ ਯੁਵਕ ਗੁਪਤ (Currior) ਹਰਕਾਰਾ ਹੈ। ਹਰਕਾਰੇ ਦੇ ਝੋਲੇ ਅਹਿਮ ਦਸਤਾਵੇਜ਼ਾਂ ਨਾਲ ਭਰੇ ਹੋਏ ਹਨ। ਯਸੂ ਦਾ ਕ੍ਰਿਸ਼ਮਾ ਦੇਖੋ। ਯਸੂ ਦੇ ਪਿਤਾ ਪ੍ਰਭੂ ਦਾ ਕ੍ਰਿਸ਼ਮਾ ਦੇਖੋ। ਘੋੜ ਸਵਾਰ ਸਹੀ ਸਲਾਮਤ ਰੈਟੀਸਬਨ (Ratisbon) ਵਿਖੇ ਪੁੱਜ ਜਾਂਦਾ ਹੈ। ਅਚਾਨਕ ਬਿਜਲੀ ਡਿੱਗਦੀ ਹੈ। ਹਰਕਾਰਾ ਤੇ ਘੋੜਾ ਦੋਵੇ, ਥਾਂਏ ਮਾਰੇ ਜਾਂਦੇ ਹਨ। ਪੁਲਿਸ ਪੁੱਜਦੀ ਹੈ। ਝੋਲਿਆ ਅਤੇ ਦਸਤਾਵੇਜਾਂ ਨੂੰ ਕੋਈ ਆਚ ਨਹੀ ਆਉਦੀ ....

(ਹਾਲ ਤਾਲੀਆ ਨਾਲ ਗੂੰਜ ਪੈਦਾ ਹੈ। ਧੰਨ ਧੰਨ ਲਾਰਡ ਯਸੂਹ ਮਸੀਹ, ਧੰਨ ਧੰਨ ਯਸੂਹ ਪਿਤਾ ਪ੍ਰਭੂ)

ਲਾਰਡ ਫਰੈਂਕਫਰਟ: ਦੋਸਤੋ ਏਨੇ ਖੁਸ਼ ਨਾ ਹੋਵੋ। ਕੁਦਰਤ ਨੇ, ਯਸੂ ਨੇ ਅਤੇ ਪ੍ਰਭੂ ਨੇ ਤਾ ਕ੍ਰਿਸ਼ਮਾ ਕਰ ਵਿਖਾਇਆ। ਪਰ ਅੱਗੋਂ ਕੀ ਹੋਇਆ ?

ਮਿਸਟਰ ਜਾਨ੍ਹ : ਕੁਝ ਵੀ ਨਾ ਹੋਇਆ। ਘੋੜਾ ਫਰੈਂਕਫਰਟ ਤੋ ਪੈਰਿਸ ਵੱਲ ਦੌੜ ਰਿਹਾ ਸੀ। ਇਲੂਮੀਨਾਟੀ ਦੇ ਇਕ ਹੈਡ-ਕੁਆਟਰ ਤੋਂ ਦੂਜੇ ਹੈਡ-ਕੁਆਟਰ ਵੱਲ। ਪੁਲਿਸ ਆਈ। ਝੋਲਿਆਂ ਦੀ ਫੋਲਾ ਫਾਲੀ ਹੋਈ। ਉਸ ਵਿਚਲੇ ਏਨੇ ਗੰਭੀਰ ਦਸਤਾਵੇਜ ਦੇਖ ਕੇ ਡਰ ਈ ਗਏ। ਵਿਚਾਰਿਆਂ ਨੂੰ ਸਮਝ ਨਾ ਆਏ ਕਿ ਉਹ ਕੀ ਕਰਨ। ਉਨ੍ਹਾਂ ਨੇ ਉਹ ਪੁਲੰਦਾ ਉਚ ਅਫਸਰਾਂ ਦੇ ਹਵਾਲੇ ਕੀਤਾ, ਅੱਗੋਂ ਅੱਗੇ ਪੁੱਜਦਾ 'ਵਾਬੇਰੀਆਂ' ਦੇ ਸਹਿਨਸ਼ਾਹ ਤੱਕ ਪੁੱਜਿਆ। ਉਸ ਵਿਚ ਦਸਤਾਵੇਜ ਸਨ। Protocol ਯਾਨੀ Einiege Original Scripten ਬਾਰੇ। ਹੋਰ ਸੀ ਇਲੂਮੀਨਾਟੀ ਦੇ ਸਿਧਾਂਤਾ ਬਾਰੇ ਅਤੇ ਹੋਰ ਅਨੇਕਾ ਦਸਤਾਵੇਜ ਤੇ ਨਕਸ਼ੇ ਸਨ, ਜਿਹਨਾ ਦਾ ਸਾਫ ਮਨੋਰਥ ਸੀ ਕਿ ਕਿਵੇਂ ਦਸਤਾਵੇਜ਼ਾਂ ਦੇ ਮਨੋਰਥ ਨੂੰ ਪਹਿਲੀ ਵਾਰ ਮਹਾਨ ਅਮਲ ਵਿਚ ਲਿਆਂਦਾ ਜਾਵੇ ਅਰਥਾਤ 1788-89 ਵਿਚ ਫਰਾਂਸੀਸੀ ਇਨਕਲਾਬ ਮਚਾਇਆ ਜਾਵੇ ....

ਕਈ ਆਵਾਜ਼ਾਂ : ਫ੍ਰਾਂਸੀਸੀ ਇਨਕਲਾਬ। ਫ੍ਰਾਂਸੀਸੀ ਇਨਕਲਾਬ ?

ਮਿਸਟਰ ਜਾਨ੍ਹ : ਬਾਵੇਰੀਅਨ ਸਰਕਾਰ ਨੇ ਸਖਤ ਐਕਸ਼ਨ ਲੈਣ ਦੀ ਥਾਂ ਐਵੇਂ ਗੌਗਲੂਆਂ ਨਾਲੋਂ ਮਿੱਟੀ ਝਾੜੀ। ਇਕ ਸਾਲ ਬਾਅਦ ਯਾਨੀ ਪਿਛਲੇ ਸਾਲ ਇਲੂਮੀਨਾਟੀ ਨੂੰ ਗੈਰ ਕਾਨੂੰਨੀ ਕਰਾਰ ਦਿਤਾ। ਉਦੋਂ ਤਕ ਵਿਸੂਪਤ ਤੇ

Scanned with OKEN Scanner

ਉਹਦੇ ਸਾਥੀ ਭੂਮੀਗਤ ਹੋ ਚੁੱਕੇ ਸਨ। ਐਵੇ ਮਹੀਨਾ ਕੁ ਪਹਿਲਾਂ ਉਨ੍ਹਾਂ ਨੇ ਇਕ ਕਿਤਾਬਚਾ ਜਿਹਾ ਛਾਪਿਆ ਹੈ, ਜਿਸਦਾ ਅੰਗਰੇਜੀ ਵਿਚ ਸਿਰਲੇਖ ਹੈ ....

(The Original Writings of the Order of the Sect and Illuminati ....

ਮੈਨੂੰ ਲਗਦੈ ਤੁਹਾਡੇ ਵਿਚੋਂ ਕਿਸੇ ਨੇ ਵੀ ਨਹੀਂ ਪੜ੍ਹਿਆ ਵਾਚਿਆ ਹੋਣਾ ....

ਇਕ ਆਵਾਜ : ਮੇਰੀ ਲਿਬਰੇਰੀ ਦੀ ਸ਼ੈਲਫ ਵਿਚ ਇਹ ਕਿਤਾਬ ਸ਼ਾਮਲ ਤਾ ਹੋਈ ਹੈ, ਪਰ ਅਜੇ ਪੜ੍ਹਨ ਵਾਚਣ ਦੀ ਏਸ ਦੀ ਵਾਰੀ ਨਹੀਂ ਆਈ ਹੈ।

ਦੂਜੀ ਆਵਾਜ : ਮੈ ਤਿੰਨ ਚਾਰ ਪ੍ਰੋਟੋਕੋਲ (ਚੈਪਟਰ) ਪੜ੍ਹੇ ਸਨ, ਅੱਗੇ ਪੜ੍ਹਨੀ ਜਰੂਰੀ ਨਹੀਂ ਸਮਝੀ ....

ਤੀਜੀ ਆਵਾਜ : ਮੈਨੂੰ ਲੱਗਾ ਇਹ ਅਲਿਫ ਲੈਲਾ ਦੇ ਕਿੱਸੇ ਹਨ .... ਹੁਣ ਪਤਾ ਲੱਗਦੈ ਪਈ ਇਹ ਤਾਂ ਭਵਿੱਖ ਦਾ ਰੋਡ ਮੈਪ ਹੈ।

ਮਿਸਟਰ ਜਾਨ੍ਹ : ਤੁਹਾਨੂੰ ਤਾਂ ਇਹ ਵੀ ਨਹੀਂ ਪਤਾ ਹੋਣਾ ਕਿ ਸਟੀਮ ਇੰਜਨ ਨੇ ਕੀ ਕਰਾਮਾਤਾਂ ਕਰਨੀਆਂ ਹਨ।

ਕਈ ਆਵਾਜਾਂ : ਹਾਂ, ਹਾਂ ਦੱਸੋ ਦੱਸੋ ....

ਇੱਕ ਆਵਾਜ : ਮੈਂ ਸਮਝਦਾਂ ਇਹ ਮਹਾਨ ਖੋਜ ਹੈ, ਸਾਨੂੰ ਕਿੰਨੀਆਂ ਸਹੂਲਤਾਂ ਦਿੱਤੀਆਂ ਏਸ ਨੇ।

ਮਿਸਟਰ ਜਾਨ੍ਹ : ਸਟੀਮ ਇੰਜਣ ਮਹਾਨ ਖੋਜ ਤਾਂ ਹੈ ਹੀ। ਖੋਜ ਅੱਗੋਂ ਵੀ ਚੱਲਦੀ ਰਹੇਗੀ। ਪਰ ਯਾਦ ਰੱਖੋ ਤੁਹਾਡੀ ਮੌਤ ਇਨ੍ਹਾਂ ਪਹੀਆਂ ਥੱਲੇ ਦਰੜੇ ਜਾ ਕੇ ਹੋਏਗੀ।

ਇਕ ਆਵਾਜ : ਅਸੀ ਨਗ਼ਰਅਤ (ਭੂਮੀਆ ਦੇ ਮਾਲਿਕ) ਹਾਂ ਕੀੜੇ ਮਕੌੜੇ ਨਹੀਂ।

ਮਿਸਟਰ ਜਾਨ੍ਹ : ਕੀ ਤੁਸੀ ਦੇਖ ਨਹੀ ਰਹੇ ਹੋ ਕਿ ਭੂਮੀ ਪਤੀ ਅਤੇ ਕਿਸਾਨਾਂ-ਮੁਜਾਰਿਆਂ ਦੇ ਨਾਲੋ ਨਾਲ ਬੜੀ ਹੀ ਤੇਜੀ ਨਾਲ ਦੋ ਜਮਾਤਾਂ ਹੋਰ ਪੈਦਾ ਹੋ ਰਹੀਆਂ ਹਨ। ਉਦਯੋਗਪਤੀ ਅਤੇ ਮਜਦੂਰ। ਉਦਯੋਗਪਤੀ ਬੜੀ ਤੇਜੀ ਨਾਲ ਸਾਧਨ ਸੰਪੰਨ ਹੋ ਰਿਹਾ ਹੈ ਤੇ ਤੁਹਾਡੇ ਮੁਜ਼ਾਰੇ, ਕਿਸਾਨ ਦਿਹਾੜੀਦਾਰ ਕਾਮੇ (ਮਜਦੂਰ) ਬਣ ਰਹੇ ਹਨ।

ਇੱਕ ਲਾਰਡ : ਸਾਨੂੰ ਕੀ ਫਰਕ ਪਏਗਾ। ਖੇਤੀ ਮਸ਼ੀਨਰੀ ਦੇ ਆਉਣ ਨਾਲ ਸਾਨੂੰ ਵੀ ਮੁਜਾਰਿਆਂ ਦੀ ਲੋੜ ਘਟੀ ਹੈ।

ਮਿਸਟਰ ਜਾਨ੍ਹ : ਤਰਕ ਸਮਝੋ। ਛੋਟੇ ਵੱਡੇ ਦਸਤਕਾਰ ਨੂੰ ਉਦਯੋਗ ਲਾਉਣ ਲਈ ਧਨ ਦੌਲਤ ਦੀ ਲੋੜ ਹੈ। ਬਾਦਸ਼ਾਹ ਜਾਂ ਨਗ਼ਰਅਤ ਨੇ ਉਹ ਧਨ ਦੇ ਨਹੀਂ

Scanned with OKEN Scanner

ਸਕਣਾ। ਧਨ ਦੇਣਾ ਹੈ, ਧਨਾਢ ਨੇ ਸ਼ਾਹੂਕਾਰ ਨੇ ਆਪਣੇ ਨਿੱਜੀ ਅਦਾਰਿਆਂ ਰਾਹੀਂ। ਧਨ ਦੇਣਾ ਹੈ ਮਨ ਮਰਜੀ ਦੇ ਸੂਦ ਤੇ। ਏਸ ਕਾਰਜ ਲਈ ਉਹ ਬੈਂਕਾ ਨੂੰ ਧਨ ਦਾ ਕੇਂਦਰ ਬਣਾ ਰਹੇ ਹਨ। ਮਿਹਨਤ ਕਰਨਗੇ ਮਜਦੂਰ ਅਤੇ ਉਦਯੋਗਪਤੀ ਪਰ ਸੂਦ ਦਰ ਸੂਦ ਰਾਹੀ ਅਸਲੀ ਕਮਾਈ ਕਰੇਗਾ ਸ਼ਾਹੂਕਾਰ, ਧਨਾਢ, ਬੈਂਕ ਮਾਲਕ। ਤੁਸੀ ਮੰਨੋ ਭਾਵੇਂ ਨਾ ਪਰ ਤੁਹਾਡੇ ਵਿਚੋ ਵੀ ਕਈ ਜਣੇ ਸ਼ਾਹੂਕਾਰਾਂ ਦੇ ਕਰਜ਼ਾਈ ਹੋਣਗੇ।

ਲਾਰਡ ਫਰੈਂਕਫਰਟ: ਹਾਂ, ਹਨ। ਮੈ ਵੀ ਹਾਂ। ਮੈ ਅਸਲ ਰਕਮ ਨਾਲੋਂ ਸੂਦ ਵਧੇਰੇ ਅਦਾ ਕਰ ਚੁੱਕਿਆਂ, ਪਰ ਅਸਲ ਅਜੇ ਉਵੇਂ ਦਾ-ਉਵੇਂ ਖੜ੍ਹਾ ਹੈ।

ਮਿਸਟਰ ਜਾਨ੍ਹ : ਏਸ ਸੂਦ ਦਰ ਸੂਦ ਨੇ ਰਾਜੇ, ਮਹਾਰਾਜੇ, ਬਾਦਸ਼ਾਹ, ਬਾਦਸ਼ਾਹਤਾਂ, ਨਵਾਬ, ਸਾਮੰਤ ਏਥੋ ਤੱਕ ਕਿ ਖੁਦ ਉਦਯੋਗਪਤੀ ਵੀ ਹੌਲੀ ਹੌਲੀ ਹੜੱਪ ਲੈਣੇ ਹਨ। ਨਿਗਲ ਲੈਣੇ ਹਨ। ਬਾਦਸ਼ਾਹਾਂ ਦੇ ਮਹਿਲ ਗਿਰਵੀ ਹੋ ਜਾਣਗੇ। ਉਹ ਕਰਜੇ ਤੋ ਕਦੇ ਵੀ ਮੁਕਤ ਨਹੀਂ ਹੋ ਸਕਣਗੇ।

ਇੱਕ ਆਵਾਜ : ਇਹ ਤਾ ਮਹਾਂ ਦੁਖਾਂਤ ਹੋਏਗਾ।

ਮਿਸਟਰ ਜਾਨ੍ਹ : ਉਨ੍ਹਾਂ ਸੂਦ ਖੋਰਾਂ ਨੇ ਵੱਡੇ ਵੱਡੇ ਵਿਦਵਾਨਾਂ, ਸਕਾਲਰਾਂ, ਬੁਧੀਜੀਵੀਆਂ ਨੂੰ ਖਰੀਦ ਸੁੱਟਣਾ। ਉਨ੍ਹਾਂ ਰਾਹੀਂ ਇਹ ਨਵੀਂ ਨਵੀਂ ਕਿਸਮ ਦੀਆਂ ਦਾਰਸ਼ਨਿਕਤਾਵਾ, ਨਾਅਰੇ, ਆਰਟ ਤੇ ਸਾਹਿਤ ਉਤਪੰਨ ਕਰਵਾਉਣਗੇ।

ਇੱਕ ਲਾਰਡ : ਲੱਗਦਾ ਕਿ ਤੁਹਾਡਾ ਇਕ ਇਕ ਸ਼ਬਦ ਠੀਕ ਹੈ। ਬੜੀ ਫਿਕਰਮੰਦੀ ਵਾਲਾ ਮਸਲਾ ਹੈ। ਇਹ ਤਾ ਇਤਿਹਾਸ ਦਾ ਰੇਪ ਹੈ। ਸਿਧ ਪੱਧਰਾ ਰੇਪ। ਰੇਪ ਦਰ ਰੇਪ।

ਲਾਰਡ ਫਰੈਂਕਫਰਟ: ਤਾਂ ਹੀ ਤਾਂ ਇਹ ਸੰਮੇਲਨ ਸੱਦਿਆ ਗਿਆ ਹੈ।

ਮਿਸਟਰ ਜਾਨ੍ਹ : ਜੋ ਕੁਝ ਉਹ ਕਰ ਰਹੇ ਹਨ। ਐਨ ਉਸ ਦੇ ਸਮਾਨਅੰਤਰ ਅਸੀ ਵੀ ਕੁਝ ਕਰੀਏ। ਉਨ੍ਹਾਂ ਦੀਆਂ ਸਾਰੀਆਂ ਗਤੀਵਿਧੀਆਂ ਦੇ ਪਿੱਛੇ ਜਾਇਅਨਵਾਦ ਦਾ ਮਜਬੂਤ ਹੱਥ ਹੈ। ਯਹੂਦੀ ਧਨਾਂਢਾਂ, ਬੈਂਕਰਾਂ, ਸੂਦ ਖੋਰਾਂ ਦਾ ਹੱਥ ਹੈ। ਹਾਂ ਇਸ ਦੇ ਪਿੱਛੇ ਆਮ ਯਹੂਦੀ ਨਹੀਂ, ਸਗੋਂ ਅਸ਼ਕਨਾਜੀ ਯਾਨੀ ਖਜਾਰੀਅਨ ਯਹੂਦੀ ਹਨ। ਇਸ ਵਿਚ ਵਿਚਾਰੇ ਆਮ ਯਹੂਦੀਆਂ ਦਾ ਹੋਰਾਂ ਵਾਂਗ ਹੀ ਘਾਣ ਹੋਏਗਾ। ਉਹ ਯਹੂਦ ਦੇ ਨਾਮ ਤੇ ਸੱਭੋ ਕੁਝ ਕਰ ਰਹੇ ਹਨ। ਆਪਣੇ ਆਪ ਨੂੰ ਰੱਬ ਦੇ ਚੁਨਿੰਦਾ ਵਿਅਕਤੀ ਪੇਸ਼ ਕਰਦੇ ਹਨ।

ਅਸੀਂ ਵੀ ਸੱਭਿਅਤਾ ਦੇ ਨਾਮ ਤੇ ਕੁਝ ਨਵਾਂ ਤੇ ਗੁਪਤ ਕਰੀਏ। ਜੋ ਕੁਝ

Scanned with OKEN Scanner

ਪਹਿਲਾਂ ਸਾਡੇ ਕੋਲ ਕੁਝ ਗੁਪਤ ਹੈ, ਉਹ ਗੁਪਤ ਨਹੀਂ ਰਿਹਾ ਹੈ। ਉਹ ਵੀ ਨਿਸਲ ਹੋ ਚੁਕਿਆ ਹੈ।

ਜਰਮਨ ਲਾਰਡ : ਨਿਗਰ ਕਿਸਮ ਦਾ ਕੁਝ ਕੀਤਾ ਜਾਵੇ। ਉਹ ਆਖਦੇ ਹਨ ਕਿ ਯਹੂਦੀ ਚੰਨਿੰਦਾ ਵਿਅਕਤੀ ਹਨ।

ਅਸੀਂ ਨਾਅਰਾ ਬੁਲੰਦ ਕਰਾਂਗੇ ਕਿ 'ਆਰੀਆ ਸਭਿਅਤਾ' ਸਭ ਤੋ ਸ੍ਰੇਸ਼ਟ ਹੈ। ਅਸੀਂ ਆਰੀਆ ਸਭਿਅਤਾ ਦੀ ਸ੍ਰੇਸ਼ਟਤਾ ਦੇ ਨਾਂਮ ਤੇ ਉਨ੍ਹਾਂ ਨਾਲ ਟੱਕਰ ਲਵਾਂਗੇ।

ਮਿਸਟਰ ਜਾਨੂ : ਤੁਸੀਂ ਬਿਲਕੁਲ ਠੀਕ ਆਖਿਆ ਹੈ। ਅਸੀਂ ਵੀ ਇਕ ਗੁਪਤ ਸਭਾ ਬਣਾਉਦੇ ਹਾਂ। ਇਉਂ ਆਖੋ ਕਿ ਬਣੀ ਹੋਈ ਨੂੰ ਮੁੜ ਨਵਿਆਉਦੇ ਹਾਂ। ਅਸੀਂ ਆਰੀਆ ਸੱਭਿਅਤਾ ਨਾਲ ਸੰਬੰਧਤ ਨਵਾਬਾਂ (ਮ੍ਰਗ :ਰਗਦਤ) ਦੀ ਆਪਣੀ ਗੁਪਤ ਸਭਾ ਬਣਾਉਦੇ ਹਾਂ। ਅਸੀ ਵੀ ਆਪਣੇ ਦਾਰਸ਼ਨਿਕ ਤੇ ਵਿਦਵਾਨ ਉਤਪੰਨ ਕਰਾਂਗੇ। ਪਹਿਲਾਂ ਹੀ ਬੇਅੰਤ ਸਾਹਿਤ ਤੇ ਕਲਾ ਰਚੇ ਜਾ ਚੁਕੇ ਹਨ। ਉਸਨੂੰ ਨਵੇਂ ਅਰਥ ਪਰਦਾਨ ਕਰਦੇ ਹਾਂ ....

ਲਾਰਡ ਫਰੈਂਕਫਰਟ: ਗਿਣਤੀ, ਮਿਣਤੀ, ਸਾਧਨ-ਸੰਪੰਨਤਾ ਵਿਚ ਅਸੀ ਦੁਸ਼ਮਣਾਂ ਨਾਂਲੋਂ ਅੱਗੇ ਹਾਂ। ਸਾਰੀ ਦੁਨੀਆਂ ਵਿਚ ਫੈਲੇ ਹੋਏ ਆਂ। ਸਦੀਆ ਤੋ ਰਾਜ ਕਰ ਰਹੇ ਹਾਂ। ਅਸੀ ਹੀ ਸਮੇਂ ਅਨੁਸਾਰ ਆਪਣੇ ਵਿਚੋਂ ਬਾਦਸ਼ਾਹ ਉਤਪੰਨ ਕੀਤੇ। ਉਨ੍ਹਾਂ ਦਾ ਅਸਤਿਤਵ ਸਾਡੀ ਸਪੋਰਟ ਤੇ ਹੀ ਨਿਰਭਰ ਹੈ। ਅੱਜ ਤੱਕ ਅਸੀਂ ਆਪਸ ਵਿਚ ਲੜਦੇ ਰਹੇ ਹਾ। ਹੁਣ ਦੁਸ਼ਮਣ ਸਾਹਮਣੇ ਆ ਗਿਆ ਹੈ।

ਅਸੀਂ ਐਸ਼ਪ੍ਰਸਤ ਹੋ ਗਏ ਹਾਂ। ਸਦੀਆਂ ਦੀ ਸਥਾਪਤੀ ਅਤੇ ਪਿਤਾ ਪੁਰਖੀ ਨੇ ਸਾਨੂੰ ਆਲਸੀ ਅਤੇ ਸੰਭੋਗੀ ਬਣਾ ਦਿੱਤਾ ਹੋਇਆ ਹੈ .... ਅਸੀ ਬਾਦਸ਼ਾਹਾਂ ਸ਼ਹਿਨਸ਼ਾਹਾਂ ਨੂੰ ਆਪਸ ਵਿਚ ਲੜਾਉਦੇ ਭਿੜਾਉਂਦੇ ਰਹੇ ਹਾਂ। ਤੇ ਜਿਤੀ ਹੋਈ ਧਿਰ ਨਾਲ ਵਫਾਦਾਰੀਆਂ ਬਦਲ ਲੈਂਦੇ ਰਹੇ ਹਾਂ।

ਮੇਰਾ ਕਿਹਾ ਬੁਰਾ ਲਗ ਸਕਦਾ ਹੈ ਕਿ ਇਤਿਹਾਸ ਦਾ ਰੇਪ ਅਰਥਾਤ ਬਲਾਤਕਾਰ ਬਦਸਤੂਰ ਚੱਲਣਾ ਹੈ, ਬਸ ਰੇਪਿਸਟਸ ਬਲਾਤਕਾਰੀਆਂ ਦੀ ਜਾਤ, ਜਮਾਤ ਅਤੇ ਹੁਲੀਆ ਬਦਲਨਾ ਹੈ।

ਮਿਸਟਰ ਜਾਨੂ : ਸਾਡੀ ਵਾਰਤਾ ਲੀਹੋ ਲੱਥ ਰਹੀ ਹੈ। ਅਸਲੀ ਮੁੱਦੇ ਤੇ ਆਈਏ। ਹਰਕਾਰੇ ਲੈਂਜ ਤੇ ਬਿਜਲੀ ਪੈਣੀ, ਉਸਦਾ ਮਰਨਾ ਤੇ ਮਹਾਨ ਸਾਜਸ਼ ਦਾ

Scanned with OKEN Scanner

ਬੇਨਕਾਬ ਹੋਣਾ, ਕੋਈ ਮਾਮੂਲੀ ਘਟਨਾ ਨਹੀ ਹੈ। ਉਨ੍ਹਾਂ ਨੇ ਇਤਿਹਾਸ ਨੂੰ ਕਿਸ ਮੁਹਾਣ ਵੱਲ ਤੋਰਨਾ ਹੈ, ਬੇਨਕਾਬ ਹੋ ਗਿਆ ਹੈ।

ਸਭ ਤੋ ਵੱਡੀ ਗੱਲ ਕਿ ਫਰਾਂਸ ਵਿਚ ਇਨਕਲਾਬ ਮੱਚਣਾ ਹੈ। ਯੋਜਨਾ ਦੇ ਨਕਸ਼ੇ ਸਾਹਮਣੇ ਆ ਗਏ ਹਨ। ਬਾਵੇਰੀਆ ਸਰਕਾਰ ਦੋ ਸਾਲ ਸੁਤੀ ਰਹੀ। ਸਾਡੇ ਵਰਗੇ ਕੁਝ ਵਿਅਕਤੀਆਂ ਦੇ ਦਬਾਅ ਕਰਕੇ ਉਸਨੇ ਸਾਜਸ਼ ਦੇ ਸਬੂਤ ਕੁਝ ਹੋਰ ਸਰਕਾਰਾਂ ਤੇ ਰੋਮ ਦੇ ਵੈਟੀਕਨ ਨੂੰ ਭੇਜੇ ਹਨ। ਪਰ ਰੇਪਿਸਟਾਂ ਦੀ ਸਾਜਿਸ਼ ਅਤੇ ਦਬਾਅ ਡੂਘੇਰਾ ਹੈ। ਉਨ੍ਹਾਂ ਨੇ ਚੋਰ ਮੋਰੀਆਂ ਵਿਚੀ ਛਣਦੇ ਚਾਨਣ ਨੂੰ ਅਜੇ ਰੋਕ ਲਿਆ ਲੱਗਦਾ ਹੈ।

ਲਾਰਡ ਫਰੈਂਕਫਰਟ: 1640 ਦਾ ਬਰਤਾਨੀਆ ਦਾ ਕਰਾਮਵੈਂਲ ਦਾ ਇਨਕਲਾਬ ਉਨ੍ਹਾਂ ਦਾ ਪਹਿਲਾ ਤਜਰਬਾ ਸੀ। ਡੇਢ ਸਦੀ ਬੀਤ ਗਈ ਹੈ, ਉਨ੍ਹਾਂ ਬੜਾ ਕੁਝ ਸਿੱਖਿਆ। ਪਰ ਅਸੀ ਕਬੂਤਰ ਵਾਂਗ ਖਤਰਾ ਦੇਖ ਦੇ ਅੱਖਾਂ ਮੀਟ ਲੈਂਦੇ ਹਾਂ। ਮੈ ਵੰਗਾਰ ਕੇ ਕਹਿੰਦਾ ਹਾਂ ਕਿ ਤੁਸੀਂ ਸੱਭੋ ਕੁਝ ਦੇਖ ਕੇ, ਸੁਣ ਕੇ ਅਤੇ ਮਹਿਸੂਸ ਕਰਕੇ ਵੀ ਘੋਗਲ ਕੰਨੇ ਬਣ ਜਾਂਦੇ ਹੋ। ਇਕ ਸਬੂਤ ਹੈ 'ਮੁਕਤੀ, ਬਰਾਬਰੀ, ਭਾਈਚਾਰਾ' ਨਾਅਰੇ ਦੀਆਂ ਤਰੰਗਾ ਹਵਾ ਵਿਚ ਗੂੰਜਣ ਲੱਗ ਪਈਆ ਹਨ। ਫਰਾਂਸ ਅਤੇ ਹੋਰ ਦੇਸ਼ਾਂ ਦੇ ਕਵੀਆਂ, ਸਾਹਿਤਕਾਰਾਂ, ਆਰਟਿਸਟਾਂ, ਦਾਰਸ਼ਿਨਕਾਂ ਨੇ ਏਸ ਦੇ ਸੋਮੇ (ਸੋਰਸ) ਤੇ ਪਰਕਾਰਜ ਤੇ ਮਕਸਦ ਨੂੰ ਸਮਝੇ ਬਿਨਾਂ ਕਿਰਤਾ ਰਚਣੀਆਂ ਸ਼ੁਰੂ ਕਰ ਦਿੱਤੀਆਂ ਹਨ। ਜੇ ਏਵੇਂ ਚੱਲਦਾ ਰਿਹਾ ਤਾਂ ਸਾਡਾ ਖਾਤਮਾ ਅਟੱਲ ਹੈ ਅਤੇ ਨੇੜੇ ਵੀ ਹੈ।

ਮਿਸਟਰ ਜਾਨ੍ਹ : ਸ਼ਾਂਤ, ਲਾਰਡ ਫਰੈਂਕਫਰਟ, ਸ਼ਾਂਤ। ਇਨ੍ਹਾਂ ਨੂੰ ਵਧੇਰੇ ਵੀ ਨਾਰਾਜ ਵੀ ਨਾ ਕਰ ਲਈਏ।

ਇੱਕ ਲਾਰਡ : ਜੇਕਰ ਸਾਡੇ ਖਾਤਮੇ ਨਾਲ ਕੋਈ ਬਹਿਸ਼ਤ ਉਸਰ ਜਾਣਾ ਹੋਵੇ ਤਾ ਮੈ ਕੁਰਬਾਨੀ ਲਈ ਤਿਆਗ ਹਾਂ।

ਮਿਸਟਰ ਜਾਨ੍ਹ : ਤੁਸੀਂ ਬਹੁਤ ਸਿਆਣੀ ਗੱਲ ਕੀਤੀ। ਮੈ ਇਨ੍ਹਾਂ ਦੇ Protocol ਅਤੇ ਇਲੂਮੀਨਾਟੀ ਨੂੰ ਗੌਰ ਨਾਲ ਪੜ੍ਹਿਆ ਵਾਚਿਆ ਹੈ। ਸਾਫ ਜ਼ਾਹਿਰ ਹੈ ਕਿ ਇਨਾਂ ਨੇ ਦੁਨੀਆਂ ਦੇ ਹਰ ਇਕ ਬਸ਼ਰ ਨੂੰ ਕਠਪੁਤਲੀ ਬਣਾ ਛੱਡਣਾ ਹੈ, ਔਰ ਹਰ ਇਕ ਦੀ ਡੌਰ ਇਕੋ ਹੱਥ ਹੋਣੀ ਹੈ .... ਇਕੋ ਨੇਮ, ਇਕੋ ਸਰਕਾਰ, ਇਕੋ ਧਰਮ, ਇਕੋ ਕਲਚਰ ....

ਇੱਕ ਲਾਰਡ : ਫੇਰ ਹੁਣ ਕੀ ਕੀਤਾ ਜਾਣਾ ਚਾਹੀਦਾ ਹੈ?

ਮਿਸਟਰ ਜਾਨ੍ਹ : ਅਸੀਂ ਪਹਿਲਾਂ ਹੀ ਪਛੜ ਗਏ ਹਾਂ। ਪਰ ਚਲੋ ਸੰਭਲੀਏ। ਮੇਰੀ ਸੂਚਨਾ

Scanned with OKEN Scanner
Scanned with OKEN Scanner

ਹੈ ਉਨ੍ਹਾਂ ਦੀ ਗੁਪਤ ਪ੍ਰੀਸ਼ਦ ਉਪਰ ਅਸ਼ਕਨਾਜੀ ਯਹੂਦੀਆਂ ਨੇ ਕਬਜਾ ਕਰ ਲਿਆ ਹੋਇਆ ਹੈ। ਇਹ ਅਸਲੀ ਯਹੂਦੀ ਨਹੀਂ, ਧਰਮ ਬਦਲੂਏ (ਕਨਵਰਟਡ) ਹਨ।

ਸਾਡੀ ਆਰੀਆ ਸਾਮੰਤਸ਼ਾਹੀ ਦੁਨੀਆਂ ਭਰ ਵਿਚ ਫੈਲੀ ਹੋਈ ਹੈ। ਭਾਰਤ ਦੇ ਸਾਮੰਤਾਂ ਨੇ ਜਾਤ ਪ੍ਰਥਾ ਪੈਦਾ ਕਰਕੇ ਆਪਣੇ ਪੈਰ ਮਜਬੂਤ ਕਰ ਲਏ ਹਨ। ਬਾਦਸ਼ਾਹ ਕੋਈ ਆਏ ਕੋਈ ਜਾਂਏ ਉਨ੍ਹਾਂ ਦੇ ਹਿੱਤ ਸੁਰੱਖਿਅਤ ਹਨ। ਹੁਣ ਉਹ ਬਰਤਾਨੀਆਂ ਦੇ ਬਾਦਸ਼ਾਹ ਵੱਲ ਵਫਾਦਾਰੀ ਵਧਾਂ ਰਹੇ ਹਨ। ਅਫਗਾਨਾਂ, ਅਰਬਾ, ਤੁਰਕੀਆਂ ਨੇ ਇਸਲਾਮ ਮੱਤ ਅਪਣਾ ਲਿਆ ਹੋਇਆ ਹੈ। ਜਾਇਅਨਵਾਦ ਦਾ ਫੌਰੀ ਨਿਸ਼ਾਨਾਂ ਅਸੀ ਹਾ, ਯਾਨੀ ਜਰਮਨੀ, ਆਸਟਰੀਆ, ਬਾਵੇਰੀਆ, ਇਟਲੀ, ਚੈਕ ਤੇ ਸਲੋਵਾਕ ਆਦਿ। ਬੜੀ ਸ੍ਰੇਸ਼ਟ ਸੱਭਿਅਤਾ ਹੈ ਸਾਡੀ।

ਅਸੀਂ ਵੀ ਕੋਈ ਗੁਪਤ ਪ੍ਰੀਸ਼ਦ ਬਣਾਈਏ। ਗੁਪਤ ਪ੍ਰੀਸ਼ਦ ਦਾ ਹੁਕਮ ਸਭ ਤੇ ਲਾਗੂ ਹੋਏ।

ਕਈ ਆਵਾਜਾਂ : ਠੀਕ ਹੈ, ਠੀਕ ਹੈ .... ਸਹਿਮਤ ਹਾਂ, ਸਹਿਮਤ ਹਾਂ।

ਲਾਰਡ ਫਰੈਂਕਫਰਟ: ਗੁਪਤ ਪ੍ਰੀਸ਼ਦ ਹੋਏ, ਮੈਂ ਸਹਿਮਤ ਹਾਂ, ਪਰ ਮੇਰੀ ਰਾਏ ਹੈ ਕਿ ਹੁਣ ਕਾਹਲ ਵੀ ਨਾ ਕਰੀਏ। ਬੜਾ ਮਹੱਤਵਪੂਰਨ ਮਸਲਾ ਹੈ। ਮਿਸਟਰ ਜਾਨ੍ਹ ਸਾਡੇ ਕਰਨਵੀਨਰ ਹੋਣਗੇ। ਇਨ੍ਹਾਂ ਦੇ ਅਧਿਆਨ, ਗਿਆਨ ਅਤੇ ਨਿਸ਼ਕਰਸ਼ ਕਮਾਲ ਦੇ ਹਨ। ਅੱਜ ਦਾ ਸੰਮੇਲਨ ਏਥੇ ਖਤਮ ਕਰੀਏ। ਮਿਸਟਰ ਜਾਨ੍ਹ ਏਸੇ ਸਾਲ ਦੇ ਅੰਦਰ ਅੰਦਰ ਮੁੜ ਸੰਮੇਲਨ ਸੱਦਣਗੇ। ਉਦੋਂ ਤਕ ਅਸੀਂ ਸੋਚਾਂ ਵਿਚਾਰਾਂ ਕਰਦੇ ਰਹੀਏ। ਮਿਸਟਰ ਜਾਨ੍ਹ ਹੋਰ ਅਧਿਅਨ ਕਰਨ, ਹੋਰ ਜਾਇਜੇ ਲੈਣ, ਪਰਖ ਕਰਨ- - - - -

ਅਗਲੇ ਸੰਮੇਲਨ ਵਿਚ ਗੁਪਤ ਪ੍ਰੀਸ਼ਦ ਬਣਾਈ ਜਾਵੇ .... ਸਾਰੇ ਸਹਿਮਤ ਹੋ ....?

ਇਕ ਲਾਰਡ : ਵਾਹ ਵਾ, ਮਜਾ ਆਇਆ। ਜੇਕਰ ਸਾਡੀ ਹੋਣੀ ਵਿਚ ਮਰਨਾ ਹੀ ਲਿਖਿਆ ਹੋਇਆ, ਤਾ ਉਸ ਕੱਛੂ ਕੁੰਮੇ ਵਾਂਗ ਤਾ ਮਰਾਂਗੇ।- - - - - -

ਕੁਝ ਆਵਾਜਾਂ : ਕਿਹੜੇ ਕੱਛੂ ਕੁੰਮੇ ..... ਕਿਵੇਂ ....

ਉਹੀ ਲਾਰਡ : ਤੁਸੀਂ ਸੁਣਿਆ ਹੈ ਨਾ ਕਿ ਇੱਕ ਕੱਛੂ ਕੁੰਮੇ ਨੂੰ ਬਘਿਆੜ ਨੇ ਇਕ ਰੜੇ ਪਥਰੀਲੇ ਮੈਦਾਨ ਵਿਚ ਘੇਰ ਲਿਆ। ਬਘਿਆੜ ਕਹਿੰਦਾ ਹੁਣ ਤੂੰ ਬਚ ਨਹੀਂ ਸਕਦਾ। ਤੇਰੀ ਕੋਈ ਆਖਿਰੀ ਇੱਛਾਂ ਹੈ ਤਾ ਦੱਸ। ਕੱਛੂ ਕਹਿੰਦਾ 'ਔਹ ਕੱਚੀ ਮਿਟੀ ਦੀ ਧੁਦਲ ਵਿਚ ਲੈ ਚੱਲ।' ਬਘਿਆੜ ਕਹਿੰਦਾ

Scanned with OKEN Scanner

'ਏਸ ਦਾ ਕੀ ਫਰਕ ਪਵੇਗਾ।' ਕੱਛੂ ਕਹਿੰਦਾ 'ਜਦੋਂ ਵੀ ਪੀੜ੍ਹੀ ਏਥੋਂ ਦੀ ਲੰਘੇਗਾ ਤਾਂ ਨਿਰਨਾ ਕਰੇਗਾ ਕਿ ਮਰਨ ਵਾਲੇ ਨੇ ਵੀ ਸੰਘਰਸ਼ ਕੀਤਾ ਸੀ ....'

(ਸੰਮੇਲਨ ਖਤਮ ਹੁੰਦਾ ਹੈ ਲਾਰਡ ਚੱਲੇ ਜਾਂਦੇ ਹਨ।)

ਲਾਰਡ ਫਰੈਂਕਫਰਟ: ਮਿਸਟਰ ਜਾਨ੍ਹ ਸੰਮੇਲਨ ਕਾਮਯਾਬ ਰਿਹਾ ਹੈ। ਪਰ ਤੁਹਾਡੀਆਂ ਅੱਖਾਂ ਵਿਚ ਅਥਰੂ ਛਲਕ ਰਹੇ ਹਨ।

ਮਿਸਟਰ ਜਾਨ੍ਹ : ਦੋ ਗੁਪਤ ਸ਼ਕਤੀਆਂ ਪਰਦੇ ਦੇ ਪਿੱਛੇ ਰਹਿਣਗੀਆਂ। ਭਿੜਕਨਗੇ, ਲੜਨ ਮਰਨਗੇ ਆਮ ਲੋਕ। ਕੋਈ ਜਿਤੇ ਕੋਈ ਹਾਰੇ, ਦੋਵਾਂ ਤਰਾਂ ਲਹੂ ਡੁਲ੍ਹੇਗਾ, ਆਮ ਬੇਕਸੂਰੇ ਭੋਲੇ ਭਾਲੇ ਲੋਕਾ ਦਾ।

ਦੂਸਰੇ ਜਦੋਂ ਤਕ ਅਸੀਂ ਜੀਉਂਦੇ ਹਾਂ, ਮੈ ਜੀਉਂਦਾ ਹਾਂ, ਅਸੀਂ ਟਾਕਰਾ ਕਰਾਂਗੇ। ਪਰ ਉਹ ਵਧੇਰੇ ਸਾਧਨ ਸੰਪੰਨ ਹਨ, ਵਧੇਰੇ ਧੰਨਵਾਨ ਹਨ। ਜਿਸ ਹਥ ਧਨ ਕਰ ਦੇਖੇ ਸੋਏ। ਉਹ ਸਾਡੇ ਦਾਰਸ਼ਨਿਕ ਵੀ ਖਰੀਦ ਲੈਣਗੇ, ਸਾਡੀ ਦਾਰਸ਼ਨਿਕਤਾ ਦੇ ਅਰਥ ਆਪਣੇ ਹਿੱਤ ਅਨੁਸਾਰ ਘੜ ਲੈਣਗੇ। ਆਪਣਾ ਆਪੇ ਵਿਰੋਧ ਕਰਕੇ ਸਾਨੂੰ ਨਕਾਰ ਦੇਣਗੇ ....।

ਲਾਰਡ ਫਰੈਂਕਫਰਟ: ਮਿਸਟਰ ਜਾਨ੍ਹ ਕਹਿੰਦੇ ਐ, ਅਨੇਕਾਂ ਯੁਗ ਆਏ ਤੇ ਗਏ ਪਰ ਜੀਵਨ ਦਾ ਬੀਜ ਨਾਸ਼ ਨਹੀ ਹੋਇਆ, ਕਿਉਂਕਿ 'ਹਰ ਇਕ ਰੰਜ ਮੇਂ ਰਾਹਤ ਹੈ ਆਦਮੀ ਕੇ ਲੀਏ'....?

(ਹਰ ਇਕ ਰੰਜ ਵਿਚ ਵੀ ਆਦਮੀ ਨੇ ਰਾਹਤ ਲੱਭ ਹੀ ਲਈ ਹੈ)

Scanned with OKEN Scanner

1788-89 (ਫ੍ਰਾਂਸੀਸੀ ਇਨਕਲਾਬ)

ਕਿਤਾਬੀ ਤੱਥ ਬਨਾਮ ਕੱਚ ਤਾ ਸੱਚ

1789 ਦੇ ਫਰਾਂਸੀਸੀ ਇਨਕਲਾਬ ਦੀ ਘਟਨਾ ਇੱਕ ਐਸੀ ਘਟਨਾ ਹੈ ਜਿਸ ਦੇ ਵਾਪਰਦਿਆਂ ਹੀ ਦੁਨੀਆ ਨੂੰ ਕੰਬਣੀ ਛਿੜ ਗਈ ਜੋ ਅੱਜ ਤੱਕ ਵੀ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਹੈ। ਇਸਦੇ ਆਧਾਰ ਤੇ ਕਈਆਂ 'ਲਿਖ ਲਿਖ ਮਾਰੇ ਵੈਣ' ਅਤੇ 'ਕਈਆ ਲਿਖ ਲਿਖ ਗਾਏ ਸੋਹਲੇ।' ਮੈਂ ਇਸ ਸਭ ਕੁਝ ਨੂੰ ਦੋ ਭਾਗਾਂ ਵਿਚ ਵੰਡਦਾ ਹਾਂ ਅਰਧ ਸੱਚ ਅਤੇ ਪੂਰਨ ਸੱਚ ਜੋ ਇਕ ਦੂਜੇ ਦੇ ਪੂਰਕ ਵੀ ਹਨ।

ਕਿਤਾਬੀ ਤੱਥ ਅੱਧਾ ਸੱਚ :- ਠੀਕ ਹੈ ਕਿ ਭਾਰਤ ਵਾਂਗ ਸਾਰੇ ਅਮਰੀਕਾ ਤੇ ਵੀ ਯੂਰਪੀ ਦੇਸ਼ਾਂ ਨੇ ਛੋਟੀਆ ਵੱਡੀਆਂ ਬਸਤੀਆ ਬਣਾ ਕੇ ਕਬਜ਼ਾ ਕੀਤਾ ਹੋਇਆ ਸੀ। ਲਾਰਡ ਵਸ਼ਿੰਗਟਨ ਨੇ ਅਮਰੀਕੀ ਆਜ਼ਾਦੀ ਦੀ ਫੈਸਲਾ ਕੁਨ ਲੜਾਈ ਵਿੱਡ ਦਿੱਤੀ। ਇੰਗਲੈਂਡ ਨੇ 1776 ਵਿਚ ਕਿਨਾਰਾ ਕਸ਼ੀ ਕਰ ਲਈ ਤੇ ਵਸ਼ਿੰਗਟਨ ਦੀ ਫਤਹਿ ਹੋਈ। ਪਰ ਫਰਾਂਸ ਨੇ ਏਦਾ ਨਾ ਕੀਤਾ ਤੇ ਲੜਾਈ ਜਾਰੀ ਰੱਖੀ ਤੇ ਸਾਰੇ ਵਸੀਲੇ ਲੜਾਈ ਵਿਚ ਝੋਕ ਦਿੱਤੇ।

ਹਥਿਆਰਬੰਦ ਜੰਗ ਬਹੁ ਪੱਖੀ ਸੰਕਟਾਂ ਤੇ ਵਿਸ਼ੇਸ਼ ਤੌਰ ਤੇ ਆਰਥਕ ਸੰਕਟ ਦੀ ਮਾਂ ਹੁੰਦੀ ਹੈ।

ਅੱਸੀਵਿਆਂ ਦੇ ਸ਼ੁਰੂ ਤੋਂ ਹੀ ਫਰਾਂਸ ਦਾ ਆਰਥਕ ਸੰਕਟ ਆਰੰਭ ਹੋ ਗਿਆ, ਜੋ ਵਧਦਾ ਹੀ ਗਿਆ।

ਬਾਦਸ਼ਾਹ ਲੂਈ ਸੋਲਵੇ ਨੇ ਮੰਤਰੀ ਮੰਡਲਾਂ ਵਿਚ ਫੇਰ ਬਦਲ ਕੀਤੇ ਪਰ ਕੋਈ 'ਹਾਂ ਪੱਖੀ' ਸਿੱਟਾ ਨਾਂ ਨਿਕਲਿਆਂ।

1780 ਵਿਚ ਫਰਾਂਸ ਦੀ ਆਬਾਦੀ ਦੋ ਕਰੋੜ 60 ਲੱਖ ਸੀ। ਇਸ ਵਿਚੋਂ ਦੋ ਕਰੋੜ ਦਸ ਲੱਖ ਲੋਕ ਖੇਤੀ ਤੇ ਨਿਰਭਰ ਸਨ। ਸੰਕਟ ਦੀ ਸ਼ੁਰੂਆਤ ਖੇਤੀ ਬਾੜੀ ਤੋਂ ਹੋਈ ਸੀ। ਕਿਸੇ ਨਾ ਕਿਸੇ ਕਾਰਨ ਕਰਕੇ ਫਸਲਾਂ ਤਬਾਹ ਹੁੰਦੀਆਂ ਰਹੀਆਂ ਅਤੇ ਅਨਾਜ ਮੰਡੀਆਂ ਵਿਚੋਂ ਘਟਦਾ ਗਿਆ। ਕੀਮਤਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਗਈਆਂ। ਭੁੱਖ ਇਨਕਲਾਬ ਨੂੰ ਜਨਮ ਦਿੰਦੀ ਹੀ ਹੈ।

ਦੂਸਰੇ ਪਾਸੇ ਉਦਯੋਗ ਇਨਕਲਾਬ ਨੇ ਦੋ ਵਿਰੋਧੀ ਜਮਾਤਾਂ ਬੁਰਜੁਆਜੀ ਅਤੇ ਪ੍ਰੋਲਤਾਰੀ ਉਪਜਾਂ ਦਿੱਤੀਆਂ ਸਨ। ਦੋਵਾਂ ਦੇ ਹਿੱਤਾਂ ਦਾ ਜਿੰਦਗੀ ਮੌਤ ਵਾਲਾ ਟਕਰਾ ਸੀ। ਪ੍ਰੋਲਤਾਰੀ ਵੀ ਜਥੇਬੰਦ ਹੋ ਚੁੱਕੀ ਸੀ। ਉਹ ਵੀ ਰਾਜ ਭਾਗ ਵਿਚ ਬਰਾਬਰ ਦੀ ਹਿੱਸੇਦਾਰੀ ਦੇ ਮੋਹਰੀ ਹੋਣ ਦਾ ਦਾਅਵਾ ਕਰਨ ਲੱਗੇ। ਉਦਯੋਗਾਂ ਨੂੰ ਤਾਲੇ ਲੱਗਣ ਲੱਗੇ, ਉਧਰ ਖੇਤੀ ਪਹਿਲਾਂ ਹੀ ਸੰਕਟ ਗ੍ਰਸਤ ਸੀ ਜਿਥੋਂ ਖੇਤ-ਮਜਦੂਰ ਕਿਸਾਨੀ ਦਾ ਕਿੱਤਾ ਛੱਡ ਕੇ ਲੋਕ ਉਦਯੋਗ ਵੱਲ ਗਏ ਸਨ। ਹੁਣ ਉਹ ਕਿੱਥੇ ਜਾਣ ? ਬਦ ਅਮਨੀ ਬੇਚੈਨੀ ਵੱਧਦੀ ਗਈ।

Scanned with OKEN Scanner

ਸਾਮੰਤਾਂ, ਕੁਲੀਨਾਂ ਅਤੇ ਵਾਰ-ਲਾਰਡਜ਼ ਜੋ ਬਾਦਸ਼ਾਹ ਦੀ ਮਜਬੂਤ ਧਿਰ ਹੁੰਦੀਆਂ ਸਨ ਨੇ ਵੀ ਬਾਦਸ਼ਾਹ ਦਾ ਸਾਥ ਛੱਡ ਦਿੱਤਾ। ਉਲਟੇ ਉਨ੍ਹਾਂ ਨੇ ਆਰਥਕ ਸੁਧਾਰਾਂ ਦੇ ਹਰ ਕਦਮ ਦਾ ਤਿੱਖਾ ਵਿਰੋਧ ਕੀਤਾ। ਆਪਣੇ ਵੀ ਪਰਾਏ ਹੋ ਜਾਣ ਤਾਂ ਪਰਾਇਆ ਨੂੰ ਜਾਨੀ ਦੁਸ਼ਮਣ ਬਣ ਜਾਣ ਦੀ ਹੱਲਾ ਸ਼ੇਰੀ ਮਿਲਦੀ ਹੀ ਹੈ।

ਸਰਕਾਰ ਚਲਾਉਣ ਅਤੇ ਫੌਜ ਦੇ ਖਰਚੇ ਵਧੇ ਤਾਂ ਟੈਕਸਾਂ ਦੀ ਦਰ ਵਧਣੀ ਕੁਦਰਤੀ ਗੱਲ ਸੀ।

ਬਾਦਸ਼ਾਹ ਨੇ ਆਪਣੇ ਵਲੋਂ ਬਹੁਤ ਸਿਆਣਪ ਕੀਤੀ ਕਿ ਟੈਕਸ ਉਗਰਾਹੀ ਦੀ ਜਿੰਮੇਵਾਰੀ ਚਰਚ ਨੂੰ ਸੌਂਪ ਦਿੱਤੀ। ਉਸਦਾ ਮਕਸਦ ਸੀ ਕਿ ਚਰਚ ਦੀ ਹੋਰ ਹਮਾਇਤ ਜਿੱਤ ਲਈ ਜਾਏ। ਪਰ ਇਹ ਸਿਆਣਪ ਵੀ ਉਲਟੀ ਪਈ। ਚਰਚ ਨੇ ਉਗਰਾਹੀ ਵਾਸਤੇ ਆਪਣਾ ਕਮਿਸ਼ਨ ਦਸ ਤੋਂ ਵੀਹ ਪ੍ਰਤੀਸ਼ਤ ਹੋਰ ਵਧਾ ਦਿੱਤਾ। ਲੋਕ ਚਰਚ ਤੋਂ ਵੀ ਬਾਗੀ ਹੋਣ ਲੱਗੇ।

ਇਹੋ ਜਿਹੇ ਮੌਕੇ ਆਰਟਿਸਟਾਂ, ਲੇਖਕਾਂ, ਕਵੀਆਂ, ਦਾਰਸ਼ਨਿਕਾਂ ਲਈ ਵਾਹਵਾਂ ਖੱਟਣ ਲਈ ਵਰਦਾਨ ਹੁੰਦੇ ਹਨ। ਵਾਲਟੇਅਰ, ਜੀਨ ਜਾਕਮ ਰੂਸੋ, ਡੈਨਿਮ ਡੀਡਰੋਟ ਆਦਿ ਫਰਾਂਸੀਸੀ ਬੁਧੀਜੀਵਿਆਂ ਨੇ ਮੁਕਤੀ, ਬਰਾਬਰੀ, ਭਾਈਚਾਰਾ, ਨਾਅਰੇ ਦੀਆਂ ਫਰਾਂਸੀਸੀ ਆਕਾਸ਼ ਵਿਚ ਗੂਜਾਂ ਉਭਾਰ ਦਿੱਤੀਆਂ। ਇੰਗਲੈਂਡ ਦੇ ਜਗਤ ਪ੍ਰਸਿੱਧ ਕਵੀਆਂ ਵਰਡਜ਼ ਵਰਥ, ਐਸ.ਟੀ. ਕਾਲਰੇਜ ਨੇ ਵੀ ਪਹਿਲਾਂ ਪਹਿਲਾਂ ਸਾਥ ਦਿੱਤਾ। ਲਗਭਗ ਸਾਰੇ ਯੂਰਪੀ ਬੁਧੀਜੀਵਿਆਂ ਨੇ ਪਹਿਲਾਂ ਪਹਿਲਾਂ ਸਾਥ ਦਿੱਤਾ। ਉਧਰ ਅਮਰੀਕਾ ਜੋ ਆਪਣੀ ਵੱਖਰੀ ਹਸਤੀ ਤੇ ਪਛਾਣ ਰੱਖਣ ਲੱਗ ਪਿਆ ਸੀ ਕਿਵੇਂ ਪਿੱਛੇ ਰਹਿੰਦਾ।

ਅਮਰੀਕੀ ਦਾਰਸ਼ਨਿਕ ਬੈਂਜੇਮਿਨ ਫ੍ਰੈਂਕਲਿਨ ਅਤੇ ਟੋਮਸ ਜੈਜਮਿਨ ਨੇ ਹਮਾਇਤ ਦੀ ਕਮੀ ਨਹੀਂ ਰੱਖੀ। ਉਨ੍ਹਾਂ ਵੀ ਹਰਮਨ ਪਿਆਰੇ ਪਰ ਉਕਸਾਊ ਨਾਅਰੇ ਬੁਲੰਦ ਕਰਨ ਵਿੱਚ ਸਾਥ ਦਿੱਤਾ।

ਹਰ ਤਬਕੇ ਦੇ ਲੋਕਾਂ ਵਿਚ ਆਪਸੀ ਤਾਲਮੇਲ ਅਤੇ ਵਿਸ਼ਵਾਸ ਬਿਠਾਉਣ ਲਈ ਬਾਦਸ਼ਾਹ ਲੂਈ ਸੋਲਵੇਂ ਨੇ ਅਹਿਮ ਫੈਸਲਾ ਲਿਆ। ਇਹ ਕਿ ਉਸਨੇ ਤਿਕੋਨੀ ਭਾਗਵੰਡ ਕੀਤੀ। ਪਹਿਲੀ, ਕੁਲੀਨ ਅਰਥਾਤ ਸਾਮੰਤ ਵਰਗ ਦੂਸਰੀ ਚਰਚ ਅਤੇ ਤੀਸਰੀ ਆਮ ਲੋਕ ਅਰਥਾਤ ਕੌਮਨਰਜ। ਨਾਮਕਰਨ ਕੀਤਾ ਕੁਲੀਨ ਐਸਟੇਟ, ਚਰਚ ਐਸਟੇਟ ਅਤੇ ਕੌਮਨਰਜ ਐਸਟੇਟ। ਤਿੰਨਾਂ ਦਾ ਸਾਂਝਾ ਨਾਮਕਰਨ ਕੀਤਾ ਐਸਟੇਟ ਜਨਰਲ।

17 ਜੂਨ, 1789 ਨੂੰ ਬਾਦਸ਼ਾਹ ਨੇ ਆਪਣੇ ਮਹਿਲ ਅੰਦਰ ਐਸਟੇਟ ਜਨਰਲ ਦਾ ਸੰਮੇਲਨ ਬੁਲਾ ਲਿਆ।

ਉਦੋਂ ਤੱਕ ਦੇਰ ਹੋ ਚੁੱਕੀ ਸੀ।

ਮਹਿਲ ਦੇ ਇਰਦ ਗਿਰਦ ਬੇਮਿਸਾਲ ਭੀੜਾਂ ਇਕੱਠੀਆਂ ਹੋ ਗਈਆਂ ਤੇ ਮਹਿਲ ਘੇਰ ਲਿਆ।

Scanned with OKEN Scanner

ਲੋਕ-ਭੀੜਾਂ ਦੀ ਅਗਵਾਈ ਐਸਟੇਟ ਕੌਮਨਰਜ਼ ਕਰ ਰਹੇ ਸਨ ਤੇ ਕੌਮਨਰਜ਼ ਦੀ ਅਗਵਾਈ ਇੱਕ ਮਹਾਨ ਵਿਅਕਤੀ ਮਾਰਕਿਊਇਸ ਆਫ਼ ਮੀਰਾਬਿਊ ਕਰ ਰਿਹਾ ਸੀ।

ਲੋਕਾਂ ਨੇ ਕਿਸੇ ਇੱਕ ਵੀ ਐਸਟੇਟ ਮੈਂਬਰ (ਡਿਪੁਟੀ) ਨੂੰ ਅੰਦਰ ਜਾਣ ਹੀ ਨਹੀਂ ਦਿੱਤਾ।

20 ਜੂਨ 1789 ਨੂੰ ਕੌਮਨਰਜ ਐਸਟੇਟ ਦੇ ਡਿਪੁਟੀ ਮੀਰਾਬਿਊ ਦੀ ਅਗਵਾਈ ਵਿਚ ਟੈਨਿਸ ਸਪੋਰਟਸ ਕਲੱਬ ਦੇ ਮੈਦਾਨ ਵਿਚ ਇਕੱਠੇ ਹੋਏ। ਉਨ੍ਹਾਂ ਆਪਣੇ ਏਕੇ ਦੀ ਅਤੇ ਹਥਿਆਰਬੰਦ ਇਨਕਲਾਬ ਮਚਾਉਣ ਦੀ ਸੌਂਹ ਖਾਧੀ।

ਉਦੋਂ ਰਾਜ ਸ਼ਕਤੀ ਦਾ ਇਕ ਥੰਮ ਮੰਨਿਆ ਜਾਂਦਾ ਸੀ, ਬਸਟ ਨਾਮ ਦਾ ਕੈਦਖਾਨਾ। ਕਿਸੇ ਵੀ ਬਾਗੀ ਨੂੰ ਇਸ ਕੈਦਖਾਨੇ ਵਿਚ ਡੱਕ ਦਿੱਤਾ ਜਾਂਦਾ ਸੀ। ਫੇਰ ਬਾਦਸ਼ਾਹ ਆਪਣੇ ਆਪ ਨੂੰ ਸੁਰੱਖਿਅਤ ਸਮਝਦਾ ਸੀ।

16 ਜੁਲਾਈ, 1789 ਨੂੰ ਕਾਮਨਰਜ਼ ਅਤੇ ਭੀੜ ਨੇ ਇਸ ਕੈਦਖਾਨੇ ਤੇ ਹਮਲਾ ਕਰ ਦਿੱਤਾ। ਕੈਦਖਾਨਾ ਤਹਿਸ ਨਹਿਸ ਕਰ ਦਿੱਤਾ। ਹਥਿਆਰ ਲੁੱਟ ਗਏ। ਬਾਗੀ ਕੈਦੀਆਂ ਨੂੰ ਰਿਹਾ ਕਰ ਦਿੱਤਾ।

ਸਮਝੋ ਕਿ ਬਗਾਵਤ ਹੋ ਗਈ। ਹਰ ਪਾਸੇ ਆਪਾ-ਧਾਪੀ, ਕਤਲੋ-ਗਾਰਤ ਮਚ ਗਈ।


ਔਰਤਾਂ ਦਾ ਖਾੜਕੂ ਜਲੂਸ

5-6 ਅਕਤੂਬਰ, 1789 ਨੂੰ ਫਰਾਂਸ ਦੀਆਂ ਔਰਤਾਂ ਨੇ ਐਸੀ ਵਿਕੋਲਿਤਰੀ ਉਦਾਹਰਨ ਪੇਸ਼ ਕੀਤੀ ਜਿਸ ਦਾ ਅੱਜ ਤੱਕ ਜੋੜ ਨਹੀਂ।

ਔਰਤਾਂ ਨੇ ਪੈਰਿਸ ਤੋਂ ਬਰਸੇਲਜ਼ ਤੱਕ ਪਰ ਜਬਤ ਵਿਚ ਰਹਿ ਕੇ ਦੋ ਦਿਨਾ ਲੰਬਾ ਮਾਰਚ ਕੀਤਾ। ਉਨ੍ਹਾਂ ਨੇ ਹੱਥਾਂ ਵਿਚ ਡਾਂਗਾਂ, ਸੋਟੇ ਅਤੇ ਘਰਾਂ ਦੀ ਰਸੋਈ ਦੇ ਔਜ਼ਾਰ ਪਕੜੇ ਹੋਏ ਸਨ। ਇਕੋ ਇਕ ਨਾਅਰਾ ਸੀ ''ਬ੍ਰੈਡ ਬ੍ਰੈਡ''। ਉਧਰ ਸ਼ਾਹੀ ਮਹਿਲ ਵਿਚ ਸ਼ਾਹੀ ਭੋਜ ਹੋ ਰਿਹਾ ਸੀ।

ਲਗਪਗ ਸਵਾ ਸਾਲ ਹੋਰ ਫਰਾਂਸੀਸੀ ਲੋਕਾਂ ਦੀਆਂ ਲਹਿਰਾਂ ਕਦੇ ਏਧਰ, ਕਦੇ ਉਧਰ ਲਹਿਰਾਉਂਦੀਆਂ ਰਹੀਆਂ।

20 ਜੂਨ, 1791 ਨੂੰ ਸ਼ਾਹੀ ਪ੍ਰੀਵਾਰ ਨੇ ਬਚ ਕੇ ਨਿਕਲਣ ਦੀ ਕੋਸ਼ਿਸ਼ ਕੀਤੀ, ਪਰ ਪਕੜੇ ਗਏ ਤੇ ਜੇਲ ਵਿਚ ਡੱਕ ਦਿੱਤੇ ਗਏ।

17 ਜੁਲਾਈ, 1791 ਨੂੰ ਲੋਕਾਂ ਨੇ ਦਰਬਾਰੀਆ ਦਾ ਖੂਬ ਕਤਲੇਆਮ ਕੀਤਾ।

Scanned with OKEN Scanner

20 ਜੂਨ, 1792 ਨੂੰ ਸ਼ਾਹੀ ਮਹਿਲ ਜਿਸ ਨੂੰ Twileries (ਟੂਲਰੀਜ਼) ਕਿਹਾ ਜਾਂਦਾ ਸੀ, ਨੂੰ ਤਬਾਹ ਕਰ ਦਿੱਤਾ।

10 ਅਗਸਤ, 1792 ਨੂੰ ਬਾਦਸ਼ਾਹ ਮੁਕੱਦਮਾ ਹਾਰ ਗਿਆ। ਉਸਨੂੰ ਰਸਮੀ ਤੌਰ ਤੇ ਗੱਦੀਉਂ ਲਾਹ ਦਿੱਤਾ।

21 ਜਨਵਰੀ, 1793 ਨੂੰ ਬਾਦਸ਼ਾਹ ਨੂੰ ਗਿਲੋਟੀਨ ਦੀ ਸਜਾ ਦਿੱਤੀ ਗਈ। (ਗਿਲੋਟੀਨ ਮੌਤ ਦੀ ਸਜਾ ਦਾ ਐਸਾ ਜੰਤਰ ਹੁੰਦਾ ਸੀ, ਜਿਸ ਵਿਚ ਧੌਣ ਅੜਾ ਕੇ ਬਕਾਇਦਾ ਇਕ ਟੋਕੇ ਨਾਲ ਵੱਢ ਕੇ ਸਿਰ ਨੂੰ ਧੜ ਨਾਲੋਂ ਅਲੱਗ ਕੀਤਾ ਜਾਂਦਾ ਸੀ।)

ਬਾਦਸ਼ਾਹ ਲੂਈ ਸੋਲਵਾਂ ਗਿਲੋਟੀਨ 'ਤੇ

ਇਹ ਕਾਰਜ ਪਟਰਾਣੀ ਦੀਆਂ ਅੱਖਾ ਦੇ ਸਾਹਮਣੇ ਕੀਤਾ ਗਿਆ।

ਫੇਰ 16 ਅਕਤੂਬਰ, 1793 ਨੂੰ ਪਟਰਾਣੀ Antionnette (ਐਂਟੀਨੋਇਟ) ਨੂੰ ਵੀ ਉਸੀ ਗਿਲੋਟੀਨ ਨਾਲ ਕਤਲ ਕੀਤਾ ਗਿਆ।

27 ਜੁਲਾਈ, 1794 ਨੂੰ ਬਾਦਸ਼ਾਹ ਦੇ ਸਭ ਤੋਂ ਨੇੜਲੇ ਦੋ ਭਰਾਵਾਂ ਅਤੇ ਵਕੀਲ ਨੂੰ ਵੀ ਵਿਦਰੋਹ ਦੇ ਇਲਜਾਮ ਵਿਚ ਗਿਲੋਟੀਨ ਦੀ ਸਜਾ ਹੋਈ।


ਪਟਰਾਣੀ ਐਂਟੀਨੋਇਟ ਦਾ ਗਿਲੋਟੀਨ ਚੜ੍ਹਨਾ

ਇਸ ਦੇ ਨਾਲ ਹੀ ਫਰਾਂਸੀਸੀ ਇਨਕਲਾਬ ਦਾ ਪਹਿਲਾਂ ਦੌਰ ਸਮਾਪਤ ਹੋਇਆ।

1795 ਤੋ ਨਵਾ ਸੰਵਿਧਾਨ ਲਾਗੂ ਹੋਇਆ। ਰਾਜ ਸੱਤਾ ਪੰਜ ਵਿਅਕਤੀਆਂ ਜਿਹਨਾਂ ਨੂੰ ਡਾਇਰੈਕਟਰੀ (Directory) ਕਿਹਾ ਜਾਂਦਾ ਸੀ, ਦੇ ਸਪੁਰਦ ਕਰ ਦਿੱਤੀ। ਉਹ ਵੀ ਆਰਥਕ ਸੰਕਟ ਦੇ ਹੱਲ ਨਾ ਕਰ ਸਕੇ ਤੇ ਬਦ ਇੰਤਜਾਮੀ ਤੇ ਭ੍ਰਿਸ਼ਟਾਚਾਰ ਦੇ ਇਲਜਾਮਾਂ ਦਾ ਸ਼ਿਕਾਰ ਹੋਏ।

ਅੰਤ 1799 ਵਿਚ ਇਕ ਫੌਜੀ ਯੋਧੇ ਨੈਪੋਲੀਅਨ ਬੋਨਾਪਾਰਟ ਨੇ ਡਾਇਰੈਕਟਰੀ ਰਾਜ ਦਾ ਵੀ ਭੋਗ ਪਾ ਦਿੱਤਾ। ਉਸ ਨੇ ਕੌਂਸਲੇਟ ਰਾਜ ਆਰੰਭ ਕੀਤਾ ਤੇ ਆਪ ਕੌਂਸਲ ਜਨਰਲ ਬਣ ਕੇ ਇਕ ਤਰਾਂ ਨਾਲ ਫੌਜੀ ਰਾਜ ਆਰੰਭ ਕੀਤਾ। ਇਸ ਨਾਲ ਇਨਕਲਾਬ ਦਾ ਯੁਗ ਸਮਾਪਤ ਹੋਇਆ ਤੇ ਨੈਪੋਲੀਅਨ ਯੁਗ ਸੁਰੂ ਹੋਇਆ ਜੋ ਵਾਟਰਲੂਅ ਦੀ ਲੜਾਈ (Battle of Waterloo)

Scanned with OKEN Scanner

ਤੱਕ ਜਾਰੀ ਰਿਹਾ।

ਇਹ ਸਭ ਕੁਝ ਅਰਧ ਸੱਚ ਹੈ, ਤੱਥਾਂ ਤੇ ਅਧਾਰਤ ਹੈ। ਪਰਦੇ ਪਿਛਲਾ ਅਸਲ ਸੱਚ ਹੋਰ ਹੈ।

ਪਰਦੇ ਪਿਛਲਾ ਸੱਚ

ਪਿਛੋਕੜ :- ਵਿਸ਼ਵ ਇਨਕਲਾਬੀ ਅੰਦੋਲਨ ਜਿਸ ਦੀ ਬੁਨਿਆਦ ਲਗ ਭਗ ਚਾਰ ਹਜਾਰ ਸਾਲ ਪਹਿਲਾਂ ਰੱਖੀ ਜਾ ਚੁੱਕੀ ਸੀ, ਹੀ ਸਾਰੀ ਦੁਨੀਆਂ ਦੇ ਸਾਰੇ ਇਨਕਲਾਬਾਂ ਦਾ ਨਿਰਮਾਤਾ ਹੈ। ਏਸੇ ਦੀਆਂ ਯੋਜਨਾਵਾਂ ਅਤੇ ਪਹਿਲ ਕਦਮੀਆਂ ਅਨੁਸਾਰ ਇੰਗਲਿਸ਼ ਇਨਕਲਾਬ (1640-48) ਵਾਪਰਿਆ। ਸਮਝੋ ਕਿ ਉਸ ਦੇ ਨਾਲ ਹੀ ਫਰਾਂਸੀਸੀ ਇਨਕਲਾਬ ਦੀ ਪਹਿਲੀ ਇੱਟ ਵੀ ਰੱਖ ਹੋ ਗਈ ਸੀ।

ਵਿਸ਼ਵ ਇਨਕਲਾਬੀ ਅੰਦੋਲਨ ਦੀ ਅਹਿਮ ਧੁਰੀ ਸੀ, ਸਾਮੀ ਦਾਰਸ਼ਨਿਕਤਾ ਜਿਸ ਦੀ ਪ੍ਰਤੱਖ ਹੋਂਦ ਯੂਰਪ ਵਿਚ ਅਠਾਰਵੀਂ ਸਦੀ ਵਿਚ ਰੜਕਣੀ ਸ਼ੁਰੂ ਹੋਈ। ਉਦੋਂ ਤੱਕ ਯੂਰਪ ਵਿਚ ਆਰੀਆ ਅਤੇ ਗੋਇਮ ਦਾਰਸ਼ਨਿਕਤਾਵਾਂ ਪੱਕੇ ਪੈਰੀਂ ਟਿਕੀਆਂ ਹੋਈਆਂ ਸਨ ਜਿਸ ਦੇ ਪ੍ਰਤੀਨਿਧ ਸਨ; ਬਾਦਸ਼ਾਹ, ਚਰਚ ਆਫ ਰੋਮ, ਅਹਿਲਕਾਰ, ਕੁਲੀਨ, ਸਾਮੰਤ, ਵਾਰ ਲਾਰਡਜ ਆਦਿ ....ਸਭ ਤੋਂ ਵੱਡੀ ਗੱਲ ਕਿ ਸਥਾਪਤੀ ਇਸ ਦੀ ਪੱਕੀ ਧਿਰ ਸੀ। ਸਦੀਆਂ ਦੀ ਸਥਾਪਤੀ ਇਸਦਾ ਸਥਾਪਿਤ ਬਲ ਸੀ।

ਬੁੱਧੀ-ਜੀਵੀਉ, ਜੇਕਰ ਤੁਸੀਂ ਆਪ ਬਚੱਣਾ ਹੈ, ਆਪਣੀਆਂ ਸੰਤਾਂਨਾਂ ਨੂੰ ਜੀਵਤ ਰੱਖਣਾਂ ਹੈ, ਦੁਨੀਆਂ ਨੂੰ ਬਚਾਉਣਾਂ ਹੈ, ਗੁਲਾਮ-ਪ੍ਰਥਾ ਨੂੰ ਮੁੜ ਸੁਰਜੀਤ ਹੋਣੋ ਰੋਕਣਾ ਹੈ, ਧਰਤੀ ਨੂੰ ਬਚਾਉਣਾ ਹੈ, ਤੀਸਰੇ ਮਹਾਂ-ਯੁੱਧ ਦੀ ਭਿਆਨਕਤਾ ਤੋਂ ਆਪਣੇ ਆਪ ਨੂੰ ਅਤੇ ਲੋਕਾਂ ਨੂੰ ਬਚਾਉਣਾਂ ਹੈ, ਮਾਨਵ ਜਾਤੀ ਅਤੇ ਜੋੜ ਨੂੰ ਚਲਦੀ ਰੱਖਣਾ ਹੈ ਤਾਂ ਪੁਰਾਣੀਆਂ ਲੋਹ-ਟੋਪੀਆਂ ਵਗਾਹ ਮਾਰੋ, ਬਦੀ ਦੀ ਜੜ੍ਹ ਨੂੰ ਪੁੱਟ ਕੇ ਵਗਾਹ ਮਾਰਨ ਦੀ ਵਿਚਾਰਧਾਰਾ ਦੀ ਲੋਹ ਟੋਪੀ ਪਹਿਨੋ ਤੇ ਇਸਨੂੰ ਪਰਦਰਸ਼ਿਤ ਕਰੋ। ਕੰਮ ਸੌਖਾ ਨਹੀਂ। ਇਲੂਮੀਨਾਟੀ-ਜਾਇਅਨਵਾਦ ਵੱਲੋ ਮੌਤ ਸਾਹਮਣੇ ਦਿਸਦੀ ਹੈ। ਪਰ ਆਪਣੇ ਤੇ ਸਰਬੱਤ ਦੇ ਭਲੇ ਲਈ ਏਦਾਂ ਕਰਨਾਂ ਹੀ ਪੈਣਾ ਹੈ।

ਛੱਪਦੇ-ਛੱਪਦੇ :- ਡੋਨਲਡ ਟ੍ਰੰਪ ਅਮਰੀਕਾ ਦਾ 45ਵਾਂ ਪ੍ਰਧਾਨ ਚੁਣਿਆ ਗਿਆ ਹੈ। ਲੱਗਦਾ ਹੈ

Scanned with OKEN Scanner

ਕਿ ਉਹ ਐਲਬਰਟ-ਪਾਈਕ ਦੇ ਰੋਡ-ਮੈਪ ਨੂੰ ਹੋਰ ਤੇਂ ਗਤੀ ਨਾਲ ਅੱਗੇ ਤੋਰੇਗਾ।.... ਦੂਸਰੇ ਇਹ ਕਿ ਪੰਜਾਬੀ ਜ਼ੁਬਾਨ-ਸਾਹਿਤ ਵਿਚ ਵੀ ਇਲੂਮੀਨਾਟੀ-ਜ਼ਾਇਅਨਵਾਦ ਨੇ ਘੁਸਪੈਠ ਆਰੰਭ ਕਰ ਲਈ ਹੈ। ਗੋਲਡਾ ਮਾਇਰ, ਥੀਉਡੋਰ ਹਰਜ਼ਲ, ਇਸਰਾਈਲ ਸਿਸਟਮ ਆਦਿ ਦੀਆਂ ਤਾਰੀਫਾਂ ਦੇ ਪੁਲ ਬੰਨਣੇ ਇਸੇ ਮੁਹਿੰਮ ਦਾ ਹਿੱਸਾ ਹਨ। ਹੋਰ ਸਾਵਧਾਨ ਹੋਈਏ।

ਹੋਰ ਸਾਵਧਾਨ ਹੋਈਏ ਕਿ ਕਸ਼ਮੀਰ ਮਸਲੇ ਦੀ ਉਕਸਾਹਟ ਦੇ ਬਹਾਨੇ ਭਾਰਤ-ਪਾਕਿ ਦਰਮਿਆਨ ਦਘਦੀ ਮਘਦੀ ਨਿਊਕਲੀ ਜੰਗ ਨਾ ਛਿੜ ਜਾਏ। ਜੇਕਰ ਇਉਂ ਹੁੰਦਾ ਹੈ ਤਾਂ ਤੀਸਰਾ ਵਿਸ਼ਵ ਯੁੱਧ ਸੰਭਾਵਨਾਵਾਂ ਤੋਂ ਦੂਰ ਨਹੀਂ। ਉਨ੍ਹਾਂ ਦਾ ਮਕਸਦ ਮੁਸਲਿਮ ਦੁਨੀਆਂ ਨੂੰ ਤਬਾਹ ਕਰਨਾ ਹੈ। ਨਾਲੋ ਨਾਲ ਭਾਰਤੀ-ਹਿੰਦੂ ਵੀ ਹੋ ਜਾਣ ਤਾਂ ਇਕੋ ਤੀਰ ਨਾਲ ਦੋ ਨਿਸ਼ਾਨੇ ਵਿੰਨਣ ਬਰਾਬਰ ਹਨ।

ਪਹਿਲੀ ਜ਼ਾਇਅਨਵਾਦੀ ਕਾਂਗਰਸ 1897

ਸਥਾਨ : ਬਸਲੇ (ਸਵਿਟਜ਼ਰਲੈਂਡ)

ਸਮਾਂ : 29-30-31 ਅਗਸਤ, 1897

ਚੇਅਰਮੈਨ ਪ੍ਰਧਾਨ-ਮੁਖੀ : ਥੀਉਡੋਰ ਹਰਜ਼ਲ।

ਬੁਨਿਆਦ ਰੱਖੀ ਗਈ : ਲੰਡਨ ਤੋਂ ਲਾਰਡ ਐਡਮੰਡ ਰੌਥਸਚਾਈਲਡ ਅਤੇ ਨਿਊਯਾਰਕ ਤੋਂ ਲਾਰਡ ਜੈਕਵ ਸਿਫ਼ ਰੌਥਸਚਾਈਲਡ ਦੇ ਸਹਿਯੋਗ ਅਤੇ ਹਦਾਇਤਾਂ ਅਨੁਸਾਰ।

ਥੀਉਡੋਰ ਹਰਜ਼ਲ

ਡੈਲੀਗੇਟਸ : ਲਗਭਗ 200 (197)

ਸਵਿਟਜ਼ਰਲੈਂਡ ਦੇ ਬਸਲੇ ਸ਼ਹਿਰ ਵਿਚ ਇੱਕ ਸ਼ਾਨਦਾਰ ਮਹਿਲ ਹੈ, ਜੋ ਰੌਥਸਚਾਈਲਡ ਪਰਿਵਾਰ ਦੀ ਨਿੱਜੀ ਮਲਕੀਅਤ ਹੈ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਸਾਰਾ ਦੇਸ਼ ਹੀ ਉਸਦੀ ਨਿੱਜੀ ਮਲਕੀਅਤ ਹੈ। ਨਾਂ-ਮਾਤਰ ਸਰਕਾਰ ਵੀ ਹੈ, ਜੋ ਰੌਥਸਚਾਈਲਡ ਪ੍ਰੀਵਾਰ ਦੇ ਹੱਥਾਂ ਦੀ ਕੱਠਪੁਤਲੀ ਮਾਤਰ ਹੈ। ਸਾਰੇ ਦੇਸ਼ ਦੇ ਸਾਰੇ ਸ਼ਹਿਰਾਂ ਵਾਂਗ ਬਸਲੇ ਵਿਚ ਵੀ ਬੈਂਕਾਂ ਦਾ ਜਾਲ ਵਿਸ਼ਿਆ ਹੋਇਆ ਹੈ। ਸਾਰੀ ਦੁਨੀਆਂ ਦੇ ਬੈਂਕਾ ਦੀਆਂ ਤਣੀਆਂ ਇਨ੍ਹਾਂ ਬੈਂਕ-ਮੁਖੀਆ ਦੇ ਹੱਥਾਂ ਵਿਚ ਹਨ।

ਬੈਕ ਧਨ ਦੀ ਮਾਤਰਾ, ਪਰਚਲਣ, ਫੈਲਣ, ਸੁਕੜਨ, ਮਨੀ-ਮਾਰਕਿਟਸ ਅਤੇ ਇਨ੍ਹਾ ਅਨੁਸਾਰ ਦੁਨੀਆਂ ਭਰ ਦੀ ਆਰਥਿਕ ਖੁਸ਼ਹਾਲੀ, ਫੈਲਾਅ ਜਾਂ ਮੰਦੀ ਤੇ ਘੋਰ-ਸੰਕਟ ਆਦਿ ਦੀਆ ਮੁਢਲੀਆਂ ਤਣਾਵਾਂ ਏਥੋਂ ਦੇ ਬੈਂਕ ਮਾਲਕਾਂ ਦੇ ਹੱਥਾਂ ਵਿਚ ਹਨ। ਦੁਨੀਆਂ ਭਰ ਦਾ ਚਿੱਟਾ ਤੇ ਕਾਲਾ ਧਨ ਏਥੇ ਹੀ ਉਪਜਦਾ ਅਤੇ ਖਪਦਾ ਹੈ ਪਰ ਕਾਨੂੰਨ ਏਨੇ ਸਖਤ ਹਨ ਕਿ ਭੜਾਸ ਤਕ ਬਾਹਰ ਨਹੀਂ ਨਿਕਲਦੀ ਹੈ।

ਅੱਜ ਮਿਤੀ 29 ਅਗਸਤ, 1897 ਨੂੰ ਇੱਕ ਬਹੁਤ ਵਿਸ਼ੇਸ਼ ਸੰਮੇਲਨ ਹੋ ਰਿਹਾ ਹੈ। ਥੀਉਡੋਰ ਹਰਜਲ ਸੰਮੇਲਨ ਦਾ ਮੁਖੀ ਥਾਪਿਆ ਗਿਆ ਹੋਇਆ ਹੈ।

197 ਡੈਲੀਗੇਟਸ ਆਪੋ ਆਪਣੀ ਮਿਥੀ ਥਾਂ ਤੇ ਵਿਰਾਜ ਗਏ ਹਨ। ਸੱਜੀ-ਧੱਜੀ ਸਟੇਜ ਉਪਰ ਥੀਉਡੋਰ ਹਰਜ਼ਲ ਪ੍ਰਵੇਸ਼ ਕਰਦਾ ਹੈ। ਹਰਜ਼ਲ ਦੇ ਆਉਣ ਕਾਰਨ ਹਾਲ ਤਾਲੀਆਂ ਨਾਲ ਗੂੰਜਣ ਲੱਗ ਪੈਂਦਾ ਹੈ। ਹਰਜ਼ਲ ਦੇ ਇਸ਼ਾਰੇ ਅਨੁਸਾਰ ਸ਼ਾਂਤੀ ਹੁੰਦੀ ਹੈ। ਉਹ ਇੱਕ ਇੱਕ ਕਰਕੇ ਛੇ ਹੋਰ ਸਾਥੀਆਂ (ਡੈਲੀਗੇਟਾਂ) ਦੇ ਨਾਮ ਲੈਂਦਾ ਹੈ। ਬਰਾਬਰ ਤਾਲੀਆਂ ਦੀ ਗੂੰਜ ਵਿੱਚ ਇਕ ਇਕ ਕਰਕੇ ਛੇਵੇਂ ਜਣੇਂ ਸਟੇਜ ਤੇ ਸਜੀਆਂ ਕੁਰਸੀਆਂ ਤੇ ਜਾ ਵਿਰਾਜਦੇ ਹਨ।

Scanned with OKEN Scanner

ਹਰਜ਼ਲ :- ਸਾਥੀਓ, ਤਿੰਨ ਦਿਨ ਅਤੇ ਤਿੰਨ ਰਾਤਾਂ ਚੱਲਣ ਵਾਲਾ, ਏਡੇ ਵੱਡੇ ਪਰੀਮਾਪ ਦਾ ਇਹ ਪਹਿਲਾ ਸੰਮੇਲਨ ਹੈ, ਜਿਸ ਵਿਚਲੇ ਵਿਸ਼ੇ ਅਤੇ ਉਸ ਵਿਸ਼ੇ ਉਪਰ ਚੱਲਣ ਵਾਲੇ ਵਿਚਾਰ ਵਟਾਂਦਰਿਆਂ ਅਤੇ ਕੱਢੇ ਸਿਟਿਆਂ ਨੇ ਆਉਣ ਵਾਲਾ ਸਮੁੱਚਾ ਸਮਾਂ ਬਦਲੇ ਕੇ ਰੱਖ ਦੇਣਾ ਹੈ। ਪੱਕਾ ਪਾਕ ਕਿ ਭਵਿੱਖ ਬਦਲ ਕੇ ਰੱਖ ਦੇਣਾ ਹੈ, ਪਰ ਪਰਦੇ ਪਿੱਛੇ ਰਹਿ ਕੇ ਅਤੇ ਗੁਪਤ ਰਹਿ ਕੇ। ਗੁਪਤਤਾ ਇਸ ਦੇਸ਼ ਦਾ ਵਰਦਾਨ ਹੈ।

ਤੁਸੀਂ ਜਾਣ ਸਕਦੇ ਹੋ ਕਿ ਜੇਕਰ ਏਨੀ ਪੀਡੀ ਗੁਪਤਤਾ ਰੱਖਣੀ ਸੀ ਤਾ ਏਡੇ ਵੱਡੇ ਸੰਮੇਲਨ ਨੂੰ ਏਨੇ ਲੰਮੇ ਸਮੇਂ ਲਈ, ਉਹ ਵੀ ਲਗਭਗ ਪਰਤੱਖ ਤੌਰ ਤੇ ਕਰਨ ਦੀ ਕੀ ਲੋੜ ਸੀ। ਸੰਮੇਲਨ ਦੀ ਕਾਰਵਾਈ ਚੱਲਦਿਆ ਪ੍ਰਤੱਖ ਸਮਝ ਆ ਜਾਏਗੀ। ਇੰਸ਼ਾਰਾ ਦੇ ਦੇਂਦਾ ਹਾ ਕਿ ਹੁਣ ਬਿੱਲੀ ਥੈਲਿਉਂ ਬਾਹਰ ਆ ਚੁੱਕੀ ਹੈ। ਏਸ ਲਈ ਏਨੀ ਕੁ ਪਰਤੱਖਤਾ ਦੀ ਵੀ ਲੋੜ ਹੈ ਅਤੇ ਬਾਕੀ ਸੱਭੋਂ ਕੁਠ ਹਾਲੇ ਵੀ ਗੁਪਤ ਰੱਖਣ ਦੀ ਵੀ ਲੋੜ ਹੈ।

ਮੈਨੂੰ ਸੰਮੇਲਨ ਦਾ ਮੁਖੀ ਥਾਪਿਆ ਗਿਆ ਹੈ। ਮੈਂ ਨਾਮ-ਜਿਹਾਦ ਮੁਖੀ ਹਾਂ। ਅਸਲ ਮੁਖੀ ਕੋਈ ਹੋਰ ਹੈ ਤੇ ਤੁਸੀਂ ਸਾਰੇ ਵੀ ਉਹਨਾਂ ਦੇ ਹੀ ਸਾਥੀ ਹੋ, ਸ਼ਰਧਾਲੂ ਹੋ, ਅਨੁਆਈ ਹੋ।

ਮੁੱਖੀ ਹਨ ਦੋ ਭਰਾ ਜਿਹਨਾਂ ਦਾ ਪ੍ਰੀਵਾਰ ਇੱਕੋ ਹੈ। ਨਾਮ ਹਨ, ਲਾਰਡ ਐਡਮੰਡ ਰੌਥਸਚਾਈਲਡ (ਲੰਡਨ) ਅਤੇ ਲਾਰਡ ਜੈਕਵ ਸਿਫ਼ (ਨਿਊਯਾਰਕ)। ਤੁਹਾਡੇ ਆਉਣ-ਜਾਣ-ਪ੍ਰਾਹੁਣਚਾਰੀ ਤੇ ਹੋਰ ਸਾਰੇ ਖਰੰਚੇ ਉਹੀ ਪ੍ਰੀਵਾਰਕ ਮੈਂਬਰ ਕਰ ਰਹੇ ਹਨ। ਤੁਸੀਂ ਸਾਰੇ ਆਪੋ-ਆਪਣੀ ਥਾਂ ਧਨਾਢ ਹੋ, ਸਕਾਲਰ ਹੋ, ਜਾਇਅਨਵਾਦੀ ਹੋ, ਇਲੂਮੀਨਾਟੀ ਤੇ ਇਕ ਵਿਸ਼ਵੀ ਨੇਮ ਦੇ ਕੱਟੜ ਹਾਮੀ ਵੀ ਹੋ। ਪਰ ਉਹ ਪ੍ਰੀਵਾਰ ਸਾਡਾ ਸਾਰਿਆਂ ਦਾ ਪ੍ਰਮੁਖ ਹੈ।

ਉਂਜ ਸਾਰੀ ਦੁਨੀਆਂ ਸਾਡੀ ਹੈ ਤੇ ਉਂਜ ਪ੍ਰਤੱਖ ਤੌਰ ਤੇ ਸਾਡਾ ਕੋਈ ਘਰ ਵੀ ਨਹੀਂ ਹੈ। 'ਰਹਿਨੇ ਕੋ ਘਰ ਨਹੀਂ ਹੈ, ਸਾਰਾ ਜਹਾਂ ਹਮਾਰਾ'। ਅਸੀਂ ਉਜਾੜੇ ਸਹਿ ਲਏ, ਅਨਾਦਰ ਸਹਿ ਲਏ। ਸਾਡੇ ਪੈਗੰਬਰ ਮੁੜ ਪੈਦਾ ਹੋ ਗਏ ਹਨ। ਯੇਹੋਵਾਹ ਫੇਰ ਦਿਆਲ ਹੋਇਆ ਹੈ। ਸਾਡਾ ਘਰ ਵੀ ਹੋਏਗਾ, ਸਾਡਾ ਦੇਸ਼ ਵੀ ਹੋਏਗਾ, ਸਾਰੀ ਦੁਨੀਆਂ ਸਾਡੀ ਹੋਏਗੀ।

ਦੋਸਤੋ, ਆਪਣੀ ਸੂਝ-ਬੂਝ ਅਨੁਸਾਰ ਮੈਂ ਏਸ ਸੰਮੇਲਨ ਦੇ ਮਹਾਨ ਵਿਸ਼ਾਲ ਵਿਸ਼ੇ ਨੂੰ ਕੁਲ ਸੱਤ ਭਾਗਾਂ ਵਿਚ ਵੰਡਿਆ ਹੈ। ਭਾਵੇਂ ਕਿ ਨਿਚੋੜ ਇਕੋ-ਇਕ ਹੈ, ਅਰਥਾਤ ਸਾਰੀ ਦੁਨੀਆਂ ਨੂੰ ਇਕੋ ਲੀਹੇ ਤੋਰਨਾ (One world order)। ਵਿਸ਼ੇ ਦੀ ਭਾਗ ਵੰਡ ਅਨੁਸਾਰ ਅਸੀਂ ਸੱਤੇ ਜਣੇ ਇੱਕ ਇੱਕ ਭਾਗ ਤੇ ਬੋਲਾਂਗੇ। ਦੋ ਦਿਨ ਵਿਚਾਰ ਵਟਾਂਦਰੇ ਕਰਾਂਗੇ ਤੇ ਅੰਤ ਸਿੱਟੇ ਕੱਢ ਕੇ ਅਮਲ 'ਚ ਲਿਆਉਣ ਲਈ ਅਹਿਦ ਕਰਾਂਗੇ।

ਵਿਸ਼ੇ ਹਨ :

1. ਸ਼ਰਧਾਂਜਲੀਆਂ।
2. ਆਪਣੇ ਘਰ-ਆਪਣੇ ਦੇਸ਼ ਦੀ ਵਾਪਸੀ।

Scanned with OKEN Scanner

3. ਸਾਡਾ ਬਾਦਸ਼ਾਹ, ਸਾਡਾ ਪੈਗੰਬਰ (ਰੌਥਸ)

4. ਸ਼ਕਤੀ ਦੇ ਤਿੰਨ ਸੋਮੇ।

5. ਦੋ-ਗੁਪਤ ਦਾਰਸ਼ਨਿਕ ਜੁਟ ਤੇ ਟਕਰਾਅ।

6. ਤਿੰਨ ਵਿਸ਼ਵ-ਜੰਗਾਂ ਦੀ ਦਾਰਸ਼ਨਿਕਤਾ।

7. ਸਿੱਟੇ।

ਸ਼ਰਧਾਂਜਲੀਆਂ :- ਸਾਡਾ ਜਾਇਅਨਵਾਦੀ ਯਹੂਦੀਆਂ ਦਾ ਕੁਰਬਾਨੀਆ ਭਰਿਆ ਇਤਿਹਾਸ ਪਿਛਲੇ ਪੰਜ ਹਜਾਰ ਸਾਲ ਤੱਕ ਫੈਲਿਆ ਹੋਇਆ ਹੈ। ਸੰਖੇਪ ਤਫਸੀਲ ਮਿਸਟਰ "ਬਰਗ" ਦੇਣਗੇ। ਸਭ ਤੋ ਪਹਿਲਾਂ ਮੈਂ ਰੌਥਸਚਾਈਲਡ ਪਰਿਵਾਰ ਦੀਆਂ ਉਹਨਾਂ ਮਹਾਨ ਹਸਤੀਆਂ ਨੂੰ ਸਰਧਾ ਦੇ ਫੁਲ ਭੇਂਟ ਕਰਦਾ ਹਾਂ ਜੋ ਸਾਡੇ ਤੋਂ ਵਿਛੜ ਗਈਆਂ ਹਨ ਜਿਵੇਂ ਕਿ ਮੋਜ਼ਜ਼ ਆਮਸ਼ੈਲ, ਮੇਅਰ ਆਮਸ਼ੈਲ ਉਸਦੇ ਪੰਜ ਪੁੱਤਰ ਜਿਵੇਂ ਕਿ

ਇਨਾਂ ਵਿਚੋਂ ਮੇਅਰ ਆਮਸ਼ੈਲ ਅਤੇ ਨਾਂਥਨ ਰੌਥਸਚਾਈਲਡ ਵਿਸ਼ੇਸ਼ ਤੇ ਵਿਲੱਖਣ ਸ਼ਰਧਾ ਦੇ ਪਾਤਰ ਹਨ। ਇਹ ਸਾਡੇ ਆਧੁਨਿਕ ਯੁਗ ਦੇ ਬਾਦਸ਼ਾਹ ਪੈਗੰਬਰ ਹਨ।

ਮੈਂ ਸ਼ਰਧਾਜਲੀ ਪੇਸ਼ ਕਰਦਾ ਹਾਂ ਜਾਇਅਨਵਾਦੀ ਐਡਮ ਵਿਸ਼ੂਪਤ ਨੂੰ ਜਿਸ ਨੇ ਤੇਰ੍ਹਾਂ ਮੈਂਬਰੀ ਸੁਪਰੀਮ ਕੋਸਲ ਦੇ ਪੈਗਾਮ ਅਨੁਸਾਰ 1776 ਵਿਚ ਗੁਪਤ ਇਲੂਮੀਨਾਟੀ ਸੰਪ੍ਰਦਾਅ ਦਾ ਮੁਢ ਬੰਨ੍ਹਿਆ ਜੋ ਇਕ ਵਿਸ਼ਵੀ 'ਨੇਮ' ਲਈ ਬੇਅੰਤ ਮਹੱਤਵ ਰੱਖਦੀ ਹੈ। ਭਰੋਸੇਯੋਗ ਹਰਕਾਰੇ ਰੈਟੀਸਬਨ ਨੂੰ ਸ਼ਰਧਾਜਲੀ ਪੇਸ਼ ਕਰਦਾ ਹਾਂ ਜੋ ਅਸਮਾਨੀ ਬਿਜਲੀ ਪੈਣ ਨਾਲ ਸ਼ਹੀਦ ਹੋਇਆ।

1789 ਦੇ ਫਰਾਸੀਸੀ ਇਨਕਲਾਬ ਦੇ ਮਹਾਨ ਯੋਧਿਆਂ ਨੂੰ ਸ਼ਰੱਧਾਜਲੀ ਜਿਨ੍ਹਾਂ ਗੁਪਤ ਰਹਿਕੇ ਇਲੂਮੀਨਾਟੀ ਦੀ ਮੁਖ ਸ਼ਾਖਾ .... ਵਿਚ ਗੁਪਤ ਕੰਮ ਕਰਕੇ ਹਦਾਇਤਾਂ ਅਨੁਸਾਰ ਰਾਜ ਘਰਾਣੇ ਦੀਆ ਹਸਤੀਆਂ ਮੀਰਾਂਬਿਊ ਅਤੇ ਡਕ.ਡੀ.ਉਰਲੀਨਜ (Duc. D. Orleans) ਰਾਹੀਂ ਇਨਕਲਾਬ ਸਫਲ ਕੀਤਾ ਤੇ ਬਾਦਸ਼ਾਹ ਤੇ ਪਟਰਾਣੀ ਨੂੰ ਗਿਲੋਟੀਨ ਤੇ ਚੜ੍ਹਵਾਇਆ।

ਬਹੁਤ ਵਿਸ਼ੇਸ਼ ਸ਼ਰਧਾਂਜਲੀ ਆਪਣੇ ਅੱਜ ਤੱਕ ਦੇ ਸਭ ਤੋਂ ਮਹਾਨ ਸਮਾਜਾਰਥਕ ਸਿਆਸੀ ਦਾਰਸ਼ਨਿਕ ਕਾਰਲ ਮਾਰਕਸ ਨੂੰ ਜਿਸਨੇ ਅਖੌਤੀ ਵਿਗਿਆਨਕ ਵਰਗ-ਵੰਡ ਦੀ ਦਾਰਸ਼ਨਿਕਤਾ ਨੂੰ ਪਹਿਲੀ ਵਾਰੀ ਸਮੱਗਰ ਰੂਪ ਵਿੱਚ ਦੁਨੀਆਂ ਦੇ ਸਾਹਮਣੇ ਲਿਆਂਦਾ। ਇਸ ਵੰਡ ਯਾਨੀ ਜੰਗ ਰਾਹੀਂ ਸਾਡਾ ਕੰਮ ਕਿੰਨਾ ਸੌਖਾ ਹੋ ਗਿਆ ਹੈ। ਇਹ ਵੱਖਰੀ ਗੱਲ ਹੈ ਕਿ ਜਾਇਅਨਵਾਦੀ ਸ਼ਕਤੀਆਂ ਨੇ ਮਾਰਕਸ ਨੂੰ ਆਪਣੇ ਦੱਲੇ ਮੀਡੀਆ ਰਾਹੀਂ ਏਨਾ ਪ੍ਰਚਾਰ ਦਿੱਤਾ ਅਤੇ ਧਨ ਨਾਲ ਦੁਨੀਆਂ ਦੇ ਕੋਨੇ ਕੋਨੇ ਵਿਚ ਉਸਦੇ ਨਾਮ ਤੇ ਸਿਆਸੀ ਸਮਾਜਕ-ਆਰਥਕ-ਰਾਜਨੀਤਿਕ ਪਾਰਟੀਆਂ ਉਸਾਰ ਕੇ ਸਮੁੱਚੇ ਸਮਾਜ ਦੇ ਦੁਆਲੇ ਦਾਰਸ਼ਨਿਕ ਕੰਧ

Scanned with OKEN Scanner

ਖੜੀ ਕਰ ਦਿੱਤੀ ਹੈ। ਰੌਥਸਚਾਈਲਡ ਪ੍ਰੀਵਾਰ ਦੇ ਨੌਲ-ਨਾਲ ਦੂਜਾ ਨੰਬਰ ਏਸ ਹਸਤੀ ਦਾ ਆਉਂਦਾ ਹੈ। ਇਸ ਰਾਹੀਂ ਅਸੀ ਪ੍ਰੋਲਤਾਰੀ ਤੇ ਵੀ ਅਜਾਰੇਦਾਰੀ ਪ੍ਰਾਪਤ ਕਰ ਲਈ ਹੈ।

ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਮਹਾਨ ਦਾਰਸ਼ਨਿਕ ਜਨਰਲ ਐਲਬਰਟ ਪਾਈਕ ਨੂੰ ਜਿਸਨੇ ਸਾਡੇ ਏਜੰਡੇ ਨੂੰ ਲਾਗੂ ਕਰਨ ਲਈ ਅਮਰੀਕਾ ਵਿਚ ਸਿਵਿਲ ਵਾਰ ਦਾ ਮੁੱਢ ਬੰਨਿਆਂ। ਵੱਡੀ ਗੱਲ ਕਿ ਜਾਇਅਨਵਾਦੀ ਏਜੰਡਾ ਲਾਗੂ ਕਰਨ ਲਈ ਤਿੰਨ ਵਿਸ਼ਵ ਜੰਗਾ ਦੀ ਦਾਰਸ਼ਨਿਕਤਾ ਦਾ ਆਤਮ-ਵਿਸ਼ਵਾਸ ਨਾਲ ਝੰਡਾ-ਬੁਲੰਦ ਕੀਤਾ।

ਉਸਦੇ ਹਜ਼ਾਰਾਂ ਸ਼ਿਸ਼ ਉਸਦੇ ਏਜੰਡੇ ਨੂੰ ਅੱਗੇ ਤੋਰ ਰਹੇ ਹਨ। ਦੁਨੀਆਂ ਭਰ ਦੇ ਧਰਮਾ ਦਾ ਅਤੇ ਵਿਸ਼ੇਸ਼ ਤੌਰ ਤੇ ਹਿੰਦੂ ਮਤ ਦਾ ਉਸਦਾ ਤੁਲਨਾਤਮਕ ਅਧਿਐਨ ਬਾ-ਕਮਾਲ ਹੈ। ਤਿੰਨ-ਯੁਦ ਥਿਊਰੀ ਸਾਡਾ ਦੂਜਾ ਰੋਡ ਮੈਪ ਹੈ।

(ਆਦੇਸ਼ ਅਨੁਸਾਰ ਸਾਰੇ ਜਾਣੇ ਦੋ ਮਿੰਟ ਖੜੇ ਹੋ ਕੇ ਮੌਨ ਰਹਿ ਕੇ ਫਿਰ ਬੈਠ ਜਾਂਦੇ ਹਨ।)

ਹਰਜ਼ਲ :- ਸਾਥਿਉ ਹੁਣ ਅਸੀਂ ਉਸ ਅਹਿਮ ਮੁੱਦੇ ਵੱਲ ਆਉਂਦੇ ਹਾਂ, ਜਿਸ ਕਰਕੇ ਏਨਾ ਧਨ ਖਰਚ ਕੇ ਤੁਹਾਨੂੰ ਸਾਰਿਆਂ ਨੂੰ ਇਥੇ ਸੱਦ ਬੁਲਾ ਕੇ ਇਕੱਤਰਤ ਕੀਤਾ ਗਿਆ ਹੈ। ਵਿਸ਼ੇ ਦਾ ਸ਼ੀਰਸੱਕ ਹੈ .... ਈਸ਼ਵਰ ਯੇਹੋਵਾਹ ਵਲੋਂ ਯਹੂਦੀਆ ਨੂੰ ਬਖਸ਼ਿਆ ਇਸਰਾਈਲ ਸਾਡਾ ਪਰਮ ਦੇਸ਼ ਅਤੇ ਘਰ।

ਮਿਸਟਰ 'ਬਰਗ' ਨੇ ਖੋਜ ਭਰਿਆ ਲੰਬਾ ਦਸਤਾਵੇਂ ਤਿਆਰ ਕੀਤਾ ਹੈ। ਉਸਦਾ ਇਕ ਕਿਤਾਬਚਾ ਵੀ ਛਪਵਾ ਲਿਆ ਗਿਆ ਹੈ। ਸਾਰਾ ਪੜ੍ਹਨਾਂ ਸੰਭਵ ਨਹੀਂ ਹੈ। ਰੀਸੈਸ ਸਮੇਂ ਹਰ ਇਕ ਨੂੰ ਪਰਦਾਨ ਕੀਤਾ ਜਾਵੇਗਾ। ਕੱਲ ਉਸ ਤੇ ਬਹਿਸ ਹੋਏਗੀ। ਹਾਲ ਦੀ ਘੜੀ ਮਿਸਟਰ 'ਬਰਗ' ਆਪਣੇ ਲਿਖੇ ਪੇਪਰ ਤੇ ਅੱਧਾ-ਪੌਣਾ ਘੰਟਾ ਭਾਸ਼ਣ ਦੇਣਗੇ।

(ਮਿਸਟਰ 'ਬਰਗ' ਹਰਜਾਲ ਦੀ ਥਾਂ ਲੈਂਦੇ ਹਨ।)

ਬਰਗ :- ਜੋ ਕੁਝ ਮੈ ਆਖਣਾ ਹੈ, ਬਹੁਤਾ ਕੁਝ ਨਵਾ ਜਾਂ ਵੱਖਰਾ ਨਹੀਂ ਸਗੋਂ ਆਪਣੇ ਮਹਾਨ ਪਵਿੱਤਰ ਗ੍ਰੰਥ "ਪਵਿੱਤਰ ਬਾਈਬਲ" ਤੇ ਅਧਾਰਤ ਹੈ, ਸਗੋਂ ਉਸੇ ਵਿਚ ਦਰਜ ਹੈ। ਇਸਨੂੰ ਪੁਰਾਤਨ ਨੇਮ ਵੀ ਆਖਿਆ ਜਾਣ ਲੱਗਾ ਹੈ।

ਤੁਸੀਂ ਜਾਣਦੇ ਹੋ ਕਿ 'ਪੁਰਾਤਨ ਨੇਮ' ਭਿੰਨ-ਭਿੰਨ ਲੇਖਕਾਂ ਵਲੋਂ 3500 ਤੋਂ 2500 ਵਰ੍ਹੇ ਪਹਿਲਾ ਤੱਕ ਲਿਖੀਆਂ ਗਈਆਂ 39 ਪੁਤਸਤਕਾਂ ਦਾ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ ਸ਼ਰ੍ਹਾਂ, ਇਤਿਹਾਸ, ਵਾਰਤਕ, ਗੀਤ, ਕਵਿਤਾਵਾਂ ਅਤੇ ਸਿਆਣੇ ਵਿਦਵਾਨਾਂ ਦੇ ਕਥਨ ਆਦਿ ਸ਼ਾਮਿਲ ਹਨ। ਤਿੰਨ ਮੁਖ ਭਾਗ ਹਨ -- ਸਰ੍ਹਾਂ, ਨੱਬੀਆਂ ਦਾ ਸਮਾਂ ਅਤੇ ਪਵਿੱਤਰ ਲਿਖਤਾਂ।

ਸ਼ਰ੍ਹਾਂ ਵਿਚ ਹਜ਼ਰਤ ਮੂਸਾ ਦੀਆਂ ਪੰਜ ਪਵਿੱਤਰ ਪੁਸਤਕਾਂ ਸ਼ਾਮਲ ਹਨ। ਪਹਿਲੀ ਪੁਸਤਕ ਦਾ ਸਿਰਲੇਖ 'ਉਤਪਤ' ਹੈ ਕਿ ਕਿਵੇਂ ਸੰਸਾਰ ਈਸ਼ਵਰ ਯੇਹੋਵਾਹ ਨੇ ਛੇ ਦਿਨਾਂ ਵਿਚ ਉਪਜਾਇਆ। ਪਹਿਲੇ ਮਰਦ ਅਤੇ ਔਰਤ ਨੇ ਪ੍ਰਮੇਸ਼ਵਰ ਦੇ ਹੁਕਮ ਵਿਰੁੱਧ ਅਵੱਗਿਆ

Scanned with OKEN Scanner

ਕੀਤੀ ਤੇ ਅੱਗੋਂ ਅਦਮ ਜਾਤ ਦੀ ਉਪਜ ਹੁੰਦੀ ਚਲੀ ਗਈ।

ਇੱਕ ਮਹਾਨ ਹੜ੍ਹ ਦੀ ਆਮਦ ਹੋਈ। ਰੁੜਦੀ ਜਾਂਦੀ ਆਦਮਜਾਤ ਵਿਚੋਂ ਯੇਹੋਵਾਹ ਨੇ ਆਪਣੇ ਇਕ ਵਿਸ਼ੇਸ਼ ਮਕਸਦ ਦੀ ਪੂਰਤੀ ਲਈ ਇਕ ਪ੍ਰੀਵਾਰ ਨੂੰ ਚੁਣਿਆ ਤੇ ਬਚਾਇਆ।

ਇਸ ਤੋਂ ਅੱਗੇ ਉਨ੍ਹਾਂ ਅਨੇਕਾਂ-ਅਨੇਕ ਕਰਾਰਾਂ (ਇਕਰਾਰਾਂ) ਦਾ ਵੇਰਵਾ ਹੈ ਜੋ ਪ੍ਰਭੂ ਨੇ ਮੂਸਾਂ ਅਤੇ ਨੱਬੀਆ ਰਾਹੀਂ ਇਸ ਚੁਣੇ ਹੋਏ ਪ੍ਰੀਵਾਰ (ਕੌਮ) ਨਾਲ ਕੀਤੇ।

ਯੇਹੋਵਾਹ (ਪਰਮੇਸ਼ਵਰ) ਨੇ ਇਕ ਨਿਹਚਾ ਵਾਲੇ ਮਹਾਨ ਮਨੁੱਖ ਅਬਰਾਹਮ ਨੂੰ ਚੁਣਿਆ ਅਤੇ ਉਸਨੂੰ ਇਕ ਮਹਾਨ ਕੌਮ ਦਾ ਪਿਤਾ ਬਣਾਉਂਣ ਅਤੇ ਉਸਨੂੰ ਅਤੇ ਉਸਦੀ ਸੰਤਾਨ ਨੂੰ ਕਨਾਨ ਦੀ ਧਰਤੀ (ਇਸਰਾਈਲ) ਦੇਣ, ਦੁਨੀਆਂ ਦਾ ਰਾਜ ਅਤੇ ਦੌਲਤ ਬਖਸ਼ਣ ਦਾ ਕਰਾਰ (ਇਕਰਾਰ) ਕੀਤਾ। ਅਬਰਾਹਮ ਨੇ 'ਕਰਾਰ' ਨਿਮਰਤਾ ਨਾਂਲ ਮੰਨ ਲਿਆ। ਨਿਸ਼ਾਨੀ ਵਜੋਂ ਅਬਰਾਹਮ ਦੀ ਸੁੰਨਤ ਕੀਤੀ ਗਈ।

ਮੈਂ ਚਾਹਾਂਗਾ ਕਿ ਏਸ ਲਮੇਰੀ ਵਾਰਤਾ ਨੂੰ ਬਹੁਤ ਸੰਖੇਪ ਵਿਚ ਪ੍ਰਮੇਸ਼ਵਰ ਯੇਹੋਵਾਹ ਦੀ ਆਪਣੀ ਜ਼ੁਬਾਨੀ ਸੁਣੋ। ਇਹ ਇਤਿਹਾਸਿਕ ਬਚਨ ਯੇਹੋਵਾ ਵਲੋਂ ਪੈਗੰਬਰ ਯਹੋਸ਼ੂਆ ਦੇ ਰਾਹੀਂ ਆਖੇ ਦਿਖਾਏ ਗਏ ਹਨ, ਜੋ ਪੁਸਤਕ 'ਯਹੋਸ਼ੂਆ' ਵਿਚ ਇਉਂ ਦਰਜ ਹਨ :-

ਯਹੋਸ਼ੂਆਂ ਨੇ ਇਸਰਾਈਲ ਦੇ ਸਾਰੇ ਪ੍ਰੀਵਾਰ-ਸਮੂਹਾਂ ਦੀ ਸ਼ਰਕ ਨਾਮੀ ਸਥਾਨ ਵਿਖੇ ਇਕੱਤਰਤਾ ਬੁਲਾਈ। ਫੇਰ ਯਹੋਸ਼ੂਆਂ ਨੇ ਬਜੁਰਗ ਆਗੂਆਂ, ਪਰਿਵਾਰਾਂ ਦੇ ਮੁਖੀਆਂ, ਜੱਜਾਂ ਅਤੇ ਇਸਰਾਈਲ ਦੇ ਅਧਿਕਾਰੀਆਂ ਅਤੇ ਹਾਕਮਾ ਅਤੇ ਜੱਜਾਂ ਨੂੰ ਬੁਲਾਇਆ। ਇਸ ਸਾਰੇ ਆਦਮੀ ਪ੍ਰਮੇਸ਼ਰ ਦੇ ਸਨਮੁੱਖ ਖਲੋ ਗਏ। ਫੇਰ ਯਹੋਸੂਆ ਨੇ ਸਾਰੇ ਲੋਕਾ ਨਾਲ ਗੱਲ ਕੀਤੀ ਅਤੇ ਆਖਿਆ, ''ਮੈਂ ਤੁਹਾਨੂੰ ਉਹੋ ਦੱਸ ਰਿਹਾ ਹਾਂ ਜੋ ਯਹੋਵਾਹ, ਇਸਰਾਈਲ ਦਾ ਪ੍ਰਮੇਸ਼ਰ, ਤੁਹਾਨੂੰ ਆਖਦਾ ਹੈ :-

ਬਹੁਤ ਸਮਾਂ ਪਹਿਲਾਂ, ਤੁਹਾਡੇ ਪੁਰਖੇ ਤੇਰਹ, ਅਬਰਾਹਮ ਅਤੇ ਨਾਹੋਰ ਦੇ ਪਿਤਾ ਸਮੇਤ ਫਰਾਤ ਨਦੀ ਦੇ ਪਰਲੇ ਕੰਢੇ ਰਹਿੰਦੇ ਸਨ। ਉਨਾਂ ਨੇ ਹੋਰਨਾ ਦੇਵਤਿਆ ਦੀ ਉਪਾਸਨਾਂ ਕੀਤੀ। ਪਰ ਮੈਂ, ਯਹੋਵਾਹ, ਨੇ ਤੁਹਡੇ ਪੁਰਖੇ ਅਬਰਾਹਮ ਨੂੰ ਨਦੀ ਦੇ ਪਰਲੇ ਕੰਢੇ ਦੀ ਧਰਤੀ ਤੋਂ ਕੱਢਿਆ। ਮੈਂ ਉਸਦੀ ਕਨਾਨ ਦੀ ਧਰਤੀ ਵਿਚ ਅਗਵਾਈ ਕੀਤੀ ਅਤੇ ਉਸਨੂੰ ਬਹੁਤ ਉਲਾਦ ਦਾ ਵਰ ਦਿੱਤਾ ਅਤੇ ਮੈਂ ਇਸਹਾਕ ਨੂੰ ਯਾਕੂਬ ਅਤੇ ਏਸਾਉ ਨਾਂ ਦੇ ਦੋ ਪੁੱਤਰ ਦਿੱਤੇ। ਏਸਾਉ ਨੂੰ ਮੈਂ ਸਈਰ 'ਸੀਉ" ਦੇ ਪਰਬਤਾਂ ਦੇ ਦੁਆਲੇ ਦੀ ਧਰਤੀ ਦਿੱਤੀ। ਯਾਕੂਬ ਅਤੇ ਉਸ ਦੇ ਪੁਤਰ ਉਥੇ ਨਹੀਂ ਰਹੇ। ਉਹ ਮਿਸਰ ਦੀ ਧਰਤੀ ਉਤੇ ਰਹਿਣ ਲਈ ਚਲੇ ਗਏ।

ਫੇਰ ਮੈਂ ਮੂਸਾ ਅਤੇ ਹਾਰੂਨ ਨੂੰ ਮਿਸਰ ਭੇਜਿਆ। ਮੈਂ ਚਾਹੁੰਦਾ ਸੀ ਕਿ ਉਹ ਮੇਰੇ ਬੰਦਿਆਂ ਨੂੰ ਮਿਸਰ ਵਿਚੋਂ ਬਾਹਰ ਲੈ ਆਉਣ। ਮੈਂ ਮਿਸਰ ਦੇ ਲੋਕਾ ਲਈ ਬਹੁਤ ਆਫ਼ਤਾਂ ਭੇਜੀਆਂ। ਫੇਰ ਮੈਂ ਤੁਹਾਡੇ ਪੁਰਖਿਆ ਨੂੰ ਮਿਸਰ ਤੋ ਲਿਆਂਦਾ। ਉਹ ਲਾਲ ਸਾਗਰ ਵੱਲ ਆ

Scanned with OKEN Scanner

Scanned with OKEN Scanner

ਗਏ, ਅਤੇ ਮਿਸਰ ਦੇ ਲੋਕ ਉਨ੍ਹਾਂ ਦਾ ਪਿੱਛਾ ਕਰ ਰਹੇ ਸਨ। ਉਥੇ ਰੱਥ ਅਤੇ ਘੋੜ ਸਵਾਰ ਸਨ। ਇਸ ਲਈ ਲੋਕਾਂ ਨੇ ਮੈਨੂੰ, ਯੂਹੋਵਾਹ ਨੂੰ, ਸਹਾਇਤਾ ਲਈ ਪੁਕਾਰਿਆ ਅਤੇ ਮੈਂ ਮਿਸਰ ਦੇ ਲੋਕਾ ਉੱਪਰ ਬਹੁਤ ਮੁਸੀਬਤਾਂ ਭੇਜੀਆ। ਮੈਂ, ਯਹੋਵਾਹ, ਨੇ ਸਮੁੰਦਰ ਦੇ ਪਾਣੀ ਨਾਲ ਉਨ੍ਹਾਂ ਨੂੰ ਢੱਕ ਦਿੱਤਾ। ਤੁਸੀਂ ਖੁਦ ਦੇਖਿਆ ਸੀ ਕਿ ਮੈਂ ਮਿਸਰ ਦੀ ਫੌਜ ਨਾਲ ਕੀ ਕੁਝ ਕੀਤਾ।

ਉਸ ਤੋਂ ਮਗਰੋਂ ਤੁਸੀਂ ਬਹੁਤ ਸਮੇਂ ਤੱਕ ਮਾਰੂਥਲ ਵਿਚ ਰਹੇ। ਫੇਰ ਮੈਂ ਤੁਹਾਨੂੰ ਅਮੋਰੀ ਲੋਕਾਂ ਦੀ ਧਰਤੀ ਉਤੇ ਲੈ ਆਂਦਾ। ਇਹ ਯਰਦਨ ਨਦੀ ਦੇ ਪੂਰਬ ਵੱਲ ਸੀ। ਉਹ ਲੋਕ ਤੁਹਾਡੇ ਖਿਲਾਫ ਲੜੇ, ਪਰ ਮੈਂ ਤੁਹਾਨੂੰ ਇਜਾਜਤ ਦਿੱਤੀ ਕਿ ਉਨ੍ਹਾਂ ਨੂੰ ਹਰਾ ਦਿਉ। ਮੈਂ ਤੁਹਾਨੂੰ ਉਨ੍ਹਾਂ ਲੋਕਾਂ ਨੂੰ ਤਬਾਹ ਕਰਨ ਦੀ ਤਾਕਤ ਦਿੱਤੀ। ਫੇਰ ਤੁਸੀਂ ਉਸ ਧਰਤੀ ਉੱਤੇ ਕਬਜ਼ਾ ਕਰ ਲਿਆ।

ਫੇਰ ਮੋਆਬ ਦੇ ਰਾਜ, ਸਿਫ਼ੋਹ ਦੇ ਪੁੱਤਰ, ਬਾਲਾਦ ਨੇ ਇਸਰਾਏਲ ਦੇ ਲੋਕਾਂ ਨਾਲ ਲੜਨ ਦੀ ਤਿਆਰੀ ਕੀਤੀ। ਰਾਜ਼ੇ ਨੇ ਬਓਰ ਦੇ ਪੁੱਤਰ, ਬਿਲਆਮ ਨੂੰ ਸੱਦਿਆ। ਉਸਨੇ ਬਿਲਆਮ ਨੂੰ ਆਖਿਆ ਕਿ ਤੁਹਾਨੂੰ ਸਰਾਪ ਦੇਵੇ। ਪਰ ਮੈਂ, ਯਹੋਵਾਹ ਨੇ, ਬਿਲਆਮ ਦੀ ਗੱਲ ਸੁਣਨ ਤੋਂ ਇਨਕਾਰ ਕਰ ਦਿੱਤਾ। ਇਸ ਲਈ ਬਿਲਆਮ ਨੇ ਤੁਹਾਨੂੰ ਵਰ ਦਿੱਤਾ। ਉਸਨੇ ਕਈ ਵਾਰੀ ਤੁਹਾਨੂੰ ਅਸੀਸ ਦਿੱਤੀ। ਮੈਂ ਤੁਹਾਨੂੰ ਬਚਾਇਆ ਅਤੇ ਮੁਸੀਬਤ ਵਿਚੋਂ ਬਾਹਰ ਕੱਢਿਆ।

ਫੇਰ ਤੁਸੀਂ ਯਰਦਨ ਨਦੀ ਪਾਰ ਕਰਕੇ ਯਰੀਹੋ ਸ਼ਹਿਰ ਨੂੰ ਚਲੇ ਗਏ। ਯਰੀਹੋ ਦੇ ਲੋਕਾਂ ਨੇ ਤੁਹਾਡੇ ਵਿਰੁੱਧ ਲੜਾਈ ਕੀਤੀ। ਅਮੋਰੀ, ਫ਼ਰਿੱਜ਼ੀ, ਕਨਾਨੀ, ਹਿੱਤੀ, ਗਿਰਗਾਸੀ, ਹਿੱਵੀ ਅਤੇ ਯਬੂਸੀ ਲੋਕ ਵੀ ਤੁਹਾਡੇ ਨਾਲ ਲੜੇ। ਪਰ ਮੈਂ ਤੁਹਾਨੂੰ ਇਜ਼ਾਜ਼ਤ ਦਿੱਤੀ ਕਿ ਉਨ੍ਹਾਂ ਸਾਰਿਆਂ ਨੂੰ ਹਰਾ ਦਿਓ। ਜਦੋਂ ਤੁਹਾਡੀ ਫ਼ੌਜ ਅੱਗੇ ਜਾ ਰਹੀ ਸੀ ਮੈਂ ਉਹਨਾਂ ਦੇ ਅੱਗੇ-ਅੱਗੇ ਹੋਰਨੇਟ (ਭ੍ਰਿੰਡਾਂ) ਨੂੰ ਭੇਜਿਆ। ਭ੍ਰਿੰਡਾਂ ਨੇ ਲੋਕਾਂ ਨੂੰ ਭਜਾ ਦਿੱਤਾ। ਇਸ ਲਈ ਤੁਸੀਂ ਆਪਣੀਆਂ ਤਲਵਾਰਾਂ ਅਤੇ ਤੀਰਕਮਾਨਾਂ ਦੀ ਵਰਤੋਂ ਕਰਨ ਤੋਂ ਬਗ਼ੈਰ ਹੀ ਧਰਤੀ ਉੱਤੇ ਕਬਜ਼ਾ ਕਰ ਲਿਆ।

ਮੈਂ, ਯੇਹੋਵਾਹ, ਨੇ ਤੁਹਾਨੂੰ ਉਹ ਧਰਤੀ ਦਿੱਤੀ। ਤੁਸੀਂ ਉਸ ਧਰਤੀ ਲਈ ਮਿਹਨਤ ਨਹੀਂ ਕੀਤੀ ਸੀ ਇਹ ਤੁਹਾਨੂੰ ਮੈ ਦਿੱਤੀ ਸੀ। ਤੁਸੀਂ ਉਨ੍ਹਾਂ ਸ਼ਹਿਰਾਂ ਨੂੰ ਨਹੀਂ ਸੀ ਉਸਾਰਿਆ। ਇਹ ਤੁਹਾਨੂੰ ਮੈਂ ਦਿੱਤੇ ਸਨ। ਅਤੇ ਹੁਣ ਤੁਸੀਂ ਉਸ ਧਰਤ਼ੀ ਅਤੇ ਉਨ੍ਹਾਂ ਸ਼ਹਿਰਾਂ ਵਿਚ ਰਹਿੰਦੇ ਹੋ। ਤੁਹਾਡੇ ਪਾਸ ਅੰਗੂਰਾਂ ਦੀਆ ਵੇਲਾਂ ਅਤੇ ਜੈਤੂਨ ਦੇ ਰੁੱਖਾਂ ਦੇ ਬਾਗ ਹਨ, ਪਰ ਉਨ੍ਹਾਂ ਬਾਗਾ ਨੂੰ ਤੁਸੀਂ ਨਹੀਂ ਸੀ ਲਗਾਇਆ। ਵੇਰਵਾ ਹੋਰ ਲੰਬਾ ਹੈ। ਤੁਸੀਂ ਆਪ ਅਧਿਅਨ ਕਰਨਾ।

ਯੇਹੋਵਾ ਦੀ ਖੁਸ਼ੀ ਰਾਹੀਂ ਅਸੀਂ ਇਸਰਾਈਲ ਦੀ ਧਰਤੀ ਤੇ ਲਗ ਭਗ ਛੇ ਸੌ ਵਰ੍ਹੇ ਸਫਲ ਰਾਜ ਕੀਤਾ। ਸੈਮੂਅਲ, ਡੇਵਿਡ, ਸੁਲੇਮਾਨ, ਉਮਰੀ, ਅਹਾਬ, ਐਲੀਜਾਹ ਸਾਡੇ ਮਹਾਨ ਬਾਦਸ਼ਾਹ ਅਤੇ ਬਰਾਬਰ ਮਹਾਨ ਪੈਗੰਬਰ ਹੋਏ।

Scanned with OKEN Scanner
Scanned with OKEN Scanner

587 ਵਰ੍ਹੇ ਪੂਰਵ ਈਸਵੀ ਵਿੱਚ ਫਲਸਤੀਨ ਦੇ ਅਸੀਰੀਅਨ ਬਾਦਸ਼ਾਹ ਨਬੂਚੈਦਨਜ਼ਾਰ ਦੂਜੇ ਨੇ ਐਸੀ ਭਾਂਜ ਦਿੱਤੀ ਜੋ ਸਾਡਾ ਤੀਸਰਾ ਉਜਾੜਾ ਸਾਬਤ ਹੋਈ। ਉਸ ਮਗਰੋਂ ਲਗ-ਪਗ ਦੋ ਹਜ਼ਾਰ ਸਾਲ ਅਸੀਂ ਅਥਾਹ ਦੁੱਖ ਸਹੇ। ਸਾਨੂੰ ਆਦਮ ਜ਼ਾਤ ਵਿਚੋਂ ਸ਼ੇਕ ਦਿੱਤਾ। ਸਾਨੂੰ ਫੇਰ ਗ਼ੁਲਾਮੀ ਦੇ ਦੌਰ ਵਿਚੋਂ ਲੰਘਣਾ ਪਿਆ। ਪਿੰਡਾਂ, ਸ਼ਹਿਰਾਂ ਵਿੱਚ ਰਹਿਣ ਦੇ ਹੱਕ ਖੋਹ ਲਏ। ਪਾਲਤੂ ਜਾਨਵਰਾਂ ਵਾਂਗ ਸਾਡੇ ਗਲਾਂ ਵਿੱਚ ਪਟੇ ਪਾਏ ਗਏ। ਸਾਨੂੰ ਸਾਡੀ ਗੁਪਤ ਕੇਂਦਰੀ, ਪ੍ਰੀਸ਼ਦ ਨੇ ਬਚਾਈ ਰੱਖਿਆ। ਜਿਸ ਨੇ ਸਮੇਂ-ਸਮੇਂ ਸਾਡੀ ਪਥ-ਪ੍ਰਦਰਸ਼ਨਾ ਕੀਤੀ।

ਹੁਣ ਐਸਾ ਦੌਰ ਆਇਆ ਹੈ ਕਿ ਅਸੀਂ ਮੁੜ ਆਪਣੀਆਂ ਜੜ੍ਹਾਂ ਫੜ ਰਹੇ ਹਾਂ। ਮੁੜ ਸਾਡੇ ਪੈਗੰਬਰ-ਬਾਦਸ਼ਾਹ ਉਪਜੇ ਹਨ। ਏਸ ਵਿਸ਼ੇ ਤੇ ਅੱਗਲਾ ਵਕਤਾ ਬੋਲੇਗਾ।

ਮੈਂ ਇਹੀ ਮਤਾ ਰੱਖਣਾ ਹੈ ਕਿ ਅਸੀਂ ਇਸਰਾਈਲ ਦੀ ਮਿੱਟੀ ਤੋਂ ਉਪਜੀ ਉਸ ਦੀ ਸਰਵ-ਸ੍ਰੇਸ਼ਟ ਸੰਤਾਨ ਹਾਂ।

ਮੈਂ ਇਹੀ ਐਲਾਨ ਕਰਨਾ ਹੈ ਕਿ ਅਸੀਂ ਹੁਣ ਅਸਹਾਏ (Helpless) ਨਹੀਂ ਰਹੇ। ਅਸੀਂ ਮੁੜ ਆਪਣੀ ਮਿੱਟੀ, ਆਪਣੀ ਜ਼ਮੀਨ, ਆਪਣੀਆਂ ਜੜ੍ਹਾਂ ਯਾਨੀ ਇਸਰਾਈਲ ਦੇਸ਼ ਪ੍ਰਾਪਤ ਕਰਨਾ ਹੈ। ਮੁੜ ਆਪਣਾ ਰਾਜ ਸਥਾਪਿਤ ਕਰਨਾ ਹੈ। ਸਾਡੇ ਈਸ਼ਵਰ ਯੋਹੋਵਾਹ ਦਾ ਅਸ਼ੀਰਵਾਦ ਹੈ। ਅਸੀਂ ਆਪਣੇ ਘਰ, ਆਪਣੀ ਧਰਤੀ, ਆਪਣੇ ਦੇਸ਼ ਨੂੰ ਮੁੜ ਪ੍ਰਾਪਤ ਕਰਨ ਲਈ ਹਰ ਕੁਰਬਾਨੀ ਦੇਣ ਲਈ ਅਤੇ ਹਰ ਕੁਰਬਾਨੀ ਲੈਣ ਲਈ ਵੀ ਤਿਆਰ ਹਾਂ।

(ਤਾਲੀਆਂ ਨਾਲ ਹਾਲ ਗੂੰਜਦ ਹੈ।) ..... (ਉਹ ਬੈਠ ਜਾਂਦਾ ਹੈ)

ਹਰਜ਼ਲ :- ਸਾਥੀਉ, ਹੁਣ ਪੇਸ਼ ਕਰਦਾ ਹਾਂ ਮਿਸਟਰ ਰੋਬਸਨ ਨੂੰ। ਉਹ ਸਾਡੇ ਅੱਜ ਦੇ ਪੈਗੰਬਰ-ਪੈਗੰਬਰਾਂ ਦੇ ਸੰਖੇਪ ਸਾਰ ਪੇਸ਼ ਕਰਨਗੇ। ਪ੍ਰਮੇਸ਼ਵਰ ਯੇਹੋਵਾਹ ਦੇ ਇਕਰਾਰਾਂ ਮੁਤਾਬਕ ਪੈਗੰਬਰ ਮੂਸਾ ਨੇ ਇਸਰਾਈਲੀਆਂ ਨੂੰ ਮਿਸਰ ਦੇ ਫ਼ਰਾਊਨ ਦੀ ਗੁਲਾਮੀ ਤੋਂ ਆਜ਼ਾਦ ਕਰਵਾਇਆ ਸੀ। ਸਾਨੂੰ ਇਸਰਾਈਆਂ ਦੀ ਧਰਤੀ ਮੁੜ ਬਖਸ਼ੀ ਭਾਵੇਂ ਕਿ ਇਸ ਕਾਰਜ ਲਈ ਉੱਥੇ ਪਹਿਲਾਂ ਹੀ ਕਾਬਜ਼ ਸੱਤ ਕੌਮਾਂ ਨਾਲ ਯੁੱਧ ਕਰਨੇ ਪਏ ਤੇ ਹਰਾਉਂਣਾ ਪਿਆ ਸੀ। ਸਾਨੂੰ ਸਦਾ ਹੀ ਯੇਹੋਵਾਹ ਦੀ ਬਖਸ਼ਿਸ਼-ਮੇਹਰ (ਇਕਰਾਰ) ਅਤੇ ਪੈਗੰਬਰ ਪੈਗੰਬਰਾਂ ਦੀ ਪਥ ਪਰਦਰਸ਼ਨਾਂ ਦੀ ਲੋੜ ਰਹੀ ਹੈ। ਸੁਣੋ ਸੰਖੇਪ ਵਿੱਚ ਰੌਬਸਨ ਦੇ ਵਿਚਾਰਾਂ ਨੂੰ।

ਰੌਬਸਨ :- ਸਾਥੀਉ, ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਅਸੀਂ ਹਜ਼ਾਰਾਂ ਸਾਲਾਂ ਦਾ ਲੰਬਾ ਪੈਂਡਾਂ ਤੈਅ ਕਰ ਲਿਆ ਹੈ। ਹੁਣ ਤੇ ਐਂਵੇ ਦੋ ਚਾਰ ਦਹਾਕਿਆਂ ਦਾ ਹੀ ਮਸਲਾ ਹੈ। ਇਸ ਸੱਚਾਈ ਦਾ ਸੱਭ ਤੋਂ ਵੱਡਾ ਸਬੂਤ ਇੱਹੀ ਹੈ ਕਿ ਅੱਜ ਦੁਨੀਆਂ ਭਰ ਚੋਂ ਲਗ ਭਗ ਦੋ ਸੌ ਡੈਲੀਗੇਟਸ (197) ਸਵਿਟਰਜਲੈਂਡ ਦੇਸ਼ ਦੀ ਧਰਤੀ ਤੇ ਬਸਲੇ ਸ਼ਹਿਰ ਵਿੱਚ ਯਕਮੁਸ਼ਤ ਇਕੱਠੇ ਹੋਏ ਹਾਂ। ਇਹ ਕੋਈ ਆਮ ਜਿਹਾ ਸਾਧਾਰਨ ਜਿਹਾ ਸੰਮੇਲਨ ਨਹੀਂ। ਇੱਕ ਮੰਜਿਲ, ਇੱਕ ਉਦੇਸ਼, ਇੱਕ ਨਿਸ਼ਾਨੇ ਨੂੰ ਤਨੋਂ, ਮਨੋਂ ਅਤੇ ਧਨੋਂ ਪਰਣਾਏ ਹੋਏ ਸਿਰਲੱਥ ਸਕਾਲਰ ਹਾਂ।

Scanned with OKEN Scanner

ਜਿਸ ਪਰਿਵਾਰ ਨੂੰ, ਤੇ ਉਸ ਪਰਿਵਾਰ ਦੇ ਜਿਨ੍ਹਾਂ ਜੀਵਤ ਵਿਅਕਤੀਆਂ ਨੂੰ, ਇਸ ਸੰਮੇਲਨ ਦੀ ਹੋਣੀ ਦਾ ਪਹਿਲਾਂ ਫੁਰਨਾ-ਫੁਰਿਆ ਤੇ ਅੱਜ ਦੇ ਦਿਹਾੜੇ, ਅਮਲ ਵਿੱਚ ਲਿਆਂਦਾ, ਹੀ ਸਾਡੇ ਪੀਰ-ਪੈਗ਼ੰਬਰ ਹਨ। ਯਾਨੀ ਅੱਜ ਦੇ ਜ਼ਮਾਨੇ ਦੇ ਆਧੁਨਿਕ ਪੈਗੰਬਰ।

(ਤਾਲੀਆਂ ਨਾਲ ਹਾਲ ਗੂੰਜਦਾ ਹੈ .....)

ਤੁਸੀਂ ਜਰੂਰ ਸਮਝ ਗਏ ਹੋਵੋਗੇ ਕਿ ਮੇਰਾ ਇਸ਼ਾਰਾ ਰੌਥਸਚਾਈਲਡ ਪ੍ਰੀਵਾਰ ਵੱਲ ਹੈ ਜਿਸ ਨੂੰ ਲਾਲ-ਨਿਸ਼ਾਨ ਪ੍ਰੀਵਾਰ ਕਰਕੇ ਵੀ ਜਾਣਿਆ ਜਾਂਦਾ ਹੈ।

ਇਸ ਪ੍ਰੀਵਾਰ ਦਾ ਇਤਿਹਾਸ ਖਜ਼ਾਰ ਦੇਸ਼ ਤੋਂ ਆਰੰਭ ਹੁੰਦਾ ਹੈ। ਉੱਥੇ ਗੌਗ-ਮਗੌਗ (Gog-Magog) ਨਾਂ ਦਾ ਸਦੀਆਂ ਪੁਰਾਣਾ ਕਬੀਲਾ ਜੋ ਇਸਰਾਈਲ ਤੋਂ ਤੁਰਦਾ-ਤੁਰਦਾ ਏਥੇ ਪਹੁੰਚਿਆਂ ਸੀ, ਵੱਸਦਾ ਸੀ। ਇਸ ਖੋਜ ਭਰਪੂਰ ਇਤਿਹਾਸ ਨੂੰ ਮੈਂ ਆਪਣੇ ਕਿਤਾਬਚੇ ਵਿੱਚ ਲਿਖ ਦਿੱਤਾ ਹੈ।

ਏਥੇ ਏਨਾ ਜਿਕਰ ਕਾਫ਼ੀ ਹੈ ਕਿ ਏਸ ਕਬੀਲੇ ਦਾ ਅੰਗ ਇੱਕ ਪ੍ਰੀਵਾਰ ਸੀ ਜਿਸ ਦਾ ਨਾਮ ਸੀ ਬੂਅਰ ਪ੍ਰੀਵਾਰ।

ਬੂਅਰ ਘਰਾਣੇ ਦੇ ਮੋਜ਼ਜ਼ ਆਮਸ਼ੈਲ ਪ੍ਰੀਵਾਰ ਵਿੱਚ 1740 ਵਿੱਚ ਇੱਕ ਬੱਚਾ ਪੈਦਾ ਹੋਇਆ। ਨਾਮ ਪਹਿਲਾਂ ਹੀ ਤੈਅ ਸੀ- ਮੇਅਰ ਆਮਸ਼ੈਲ।

ਮੌਜ਼ਜ਼ ਨੇ ਜਿਉਂ ਹੀ ਆਪਣੇ ਬੱਚੇ ਮੇਅਰ ਦਾ ਮੱਥਾ ਪਹਿਲੀ ਵਾਰ ਦੇਖਿਆ, ਜਿਥੇ ਇੱਕ ਕਾਗਜ਼ ਦਾ ਲਾਲ ਤਾਰਾ ਚਿੱਪਕਿਆ ਹੋਇਆ ਸੀ, ਮੌਜ਼ਜ਼ ਨੂੰ ਬਸ ਚਾਨਣ ਜਿਹ ਹੋਇਆ। ਉਸਨੂੰ ਅਹਿਸਾਸ ਜਿਹਾ ਹੋਇਆ ਕਿ ਉਸ ਦੇ ਘਰ ਅਸਲੀ ਆਧੁਨਿਕ ਮੂਸਾਂ ਪੈਦਾ ਹੋ ਗਿਆ ਹੈ, ਜਿਸਨੇ ਯਹੂਦੀਆਂ ਨੂੰ ਫੇਰ ਇਸਰਾਈਲ ਬਖ਼ਸ਼ਣਾ ਹੈ। ਇਸ ਵਾਰੀ ਨਿਰਾ ਇਸਰਾਈਲ ਈ ਨਹੀਂ, ਸਗੋਂ ਇਸਰਾਈਲ ਰਾਹੀਂ ਸਾਰੀ ਦੁਨੀਆਂ ਦਾ ਧਨ ਅਤੇ ਰਾਜ ਵੀ ਬਖ਼ਸ਼ਣਾ ਹੈ। ਜ਼ਾਇਅਨਵਾਦ ਦੀ ਅਸਲ ਪ੍ਰੀਭਾਸ਼ਾ ਹੈ ਵੀ ਇਹੋ ਕਿ ਇਸਰਾਈਲ ਤੋਂ ਆਰੰਭ ਕਰਕੇ ਸਾਰੀ ਦੁਨੀਆਂ ਦੇ ਰਾਜ ਦੀ ਬਖ਼ਸ਼ਿਸ਼ ਹੋਣੀ।

ਪਿਤਾ ਆਮਸ਼ੈਲ ਪਵਿੱਤਰ ਬਾਈਬਲ ਦੇ ਅਧਿਐਨ 'ਚੋ ਸਮਝ ਚੁੱਕਿਆ ਹੋਇਆ ਸੀ ਕਿ "ਜਿਸ ਹੱਥ ਜੋਰ ਕਰ ਦੇਖੇ ਸੋਇ"। ਉਹ ਇਹ ਵੀ ਸਮਝ ਚੁੱਕਿਆ ਹੋਇਆ ਸੀ ਕਿ ਜ਼ੋਰ ਦਾ ਆਧੁਨਿਕ ਰੂਪ ਧਨ ਹੈ ਤੇ ਧਨ ਦਾ ਕੇਂਦਰ ਬੈਂਕ ਬਣ ਰਹੇ ਹਨ। ਦੋਸਤੋਂ ਇਸ ਵਿਸ਼ੇ ਤੇ ਵਿਸਥਾਰ ਨਾਲ ਕਿਸੇ ਹੋਰ ਨੇ ਬੋਲਣਾ ਹੈ। ਏਥੇ ਏਨਾ ਕਹਿਣਾ ਕਾਫੀ ਹੈ ਕਿ ਪਿਤਾ ਨੇ ਕੁੱਲ 9-10 ਸਾਲ ਦੀ ਉਮਰ ਵਿੱਚ ਪੱਤਰ ਨੂੰ ਇੱਕ ਮਿੱਤਰ ਦੇ ਬੈਂਕ ਵਿੱਚ "ਕੰਮ" ਸਿੱਖਣ ਲਈ ਬਤੌਰ ਸੇਵਾਦਾਰ ਭੇਜ ਦਿੱਤਾ।

ਯੇਹੋਵਾ ਦੀ ਬਖਸ਼ਿਸ਼ ਅਤੇ ਮੇਅਰ ਦੀ ਬਾਕਮਾਲ ਸੂਝ-ਬੂਝ ਤੇ ਲਗਨ ਕਿ ਮਾਲਕ ਨੇ ਮੇਅਰ ਆਮਸ਼ੈਲ ਨੂੰ ਕੁਝ 6-7 ਸਾਲ ਦੇ ਸਮੇਂ ਵਿਚ ਆਪਣਾ ਭਾਈਵਲ ਬਣਾ ਲਿਆ।

Scanned with OKEN Scanner

Scanned with OKEN Scanner

ਈਸ਼ਵਰ ਯੇਹੋਵਾ ਨੂੰ ਜੋ ਮੰਜੂਰ ਸੀ। ਏਨੇ ਕੁ ਸਮੇਂ ਵਿੱਚ ਹੀ ਮੇਅਰ ਦੇ ਕਈ ਧਨਾਢ ਤੇ ਕਈ ਸ਼ਹਿਜਾਦੇ ਮਿੱਤਰ ਵੀ ਬਣ ਗਏ। ਪਰ ਪਿਤਾ ਦੀ ਮ੍ਰਿਤੂ ਹੋ ਗਈ। ਸਮਾਂ ਇਮਤਿਹਾਨ ਦਾ ਆਰੰਭ ਹੋਇਆ।

ਮੇਅਰ ਨੇ ਪਿਤਾ ਵਾਲਾ ਸੋਨੇ ਦਾ ਵਪਾਰ ਦਾ ਕੰਮ ਸਾਂਭ ਲਿਆ। ਪਿਤਾ ਨੂੰ ਲਾਲ ਨਿਸ਼ਾਨ ਬਹੁਤ ਪਸੰਦ ਹੁੰਦਾ ਸੀ। ਤਾਹੀਂਉਂ ਉਸ ਨੇ ਆਪਣੇ ਕਾਰੋਬਾਰ ਦੇ ਸਾਈਨ-ਬੋਰਡ ਤੇ ਲਾਲ ਤਾਰੇ ਦਾ ਨਿਸ਼ਾਨ ਉਕਰਵਾਇਆ ਹੋਇਆ ਸੀ। ਮੇਅਰ ਨੂੰ ਇਹ ਨਿਸ਼ਾਨ ਏਨਾ ਚੰਗਾ ਲੱਗਾ ਕਿ ਉਸ ਨੇ ਆਪਣੇ ਖਾਨਦਾਨ ਦਾ ਨਾਮ ਹੀ ਲਾਲ-ਨਿਸ਼ਾਨ ਅਰਥਾਤ ਰੌਥਸ-ਸ਼ੀਲਡ ਅਰਥਾਤ ਰੌਥਸਚਾਈਲਡ ਰੱਖ ਲਿਆ।

ਯੇਹੋਵਾ ਨੇ ਮੇਅਰ ਆਮਸ਼ੈਲ ਨੂੰ ਬਚਿੱਤਰ ਸੋਚ-ਸਮਝ ਦੀ ਬਖਸ਼ਿਸ਼ ਕੀਤੀ ਹੋਈ ਸੀ।

1773 ਵਿੱਚ ਉਸ ਨੇ ਦੁਨੀਆਂ ਭਰ ਦੇ ਧਨਾਢਾਂ ਦਾ ਸੰਮੇਲਨ ਕੀਤਾ ਤੇ ਵਿਸ਼ਵ ਸੁਪਰੀਮ ਕੌਂਸਲ ਹੋਂਦ ਵਿੱਚ ਆਈ ਜਿਸਦਾ ਉਹ ਪਹਿਲਾ ਸਰਪ੍ਰਸਤ ਥਾਪਿਆ ਗਿਆ। ਸ਼ਨੈਪਰ ਖ਼ਾਨਦਾਨ ਦੀ ਯੁਵਤੀ 'ਗਟਲੇ' ਨਾਲ ਉਸਦੀ ਸ਼ਾਦੀ ਹੋ ਗਈ।

ਉਸਦੇ ਪੰਜ ਪੁੱਤਰ ਹੋਏ। ਪੰਜਾਂ ਨੇ ਛੋਟੀਆਂ ਉਮਰਾਂ ਵਿੱਚ ਹੀ ਸਾਰੇ ਯੂਰਪ ਅਮਰੀਕਾ ਬਲਕਿ ਸਾਰੀ ਦੁਨੀਆਂ ਦੇ ਧਨ ਤੇ ਯਾਨੀ ਕਿ ਬੈਂਕਾ ਤੇ ਆਪਣਾ ਫੈਸਲਾ ਕੁਨ ਅਸਰ ਬਣਾ ਲਿਆ ਹੈ।

1773 ਦੇ ਸੰਮੇਲਨ ਵਿੱਚ ਜੋ ਖੋਜ, ਜੋ ਖੋਜ ਪੱਤਰ ਮੇਅਰ ਸਾਹਿਬ ਨੇ ਪੇਸ਼ ਕੀਤਾ, ਸਾਡੇ ਲਈ ਆਧੁਨਿਕ ਯੁਗ ਦੀ ਪਵਿੱਤਰ ਬਾਈਬਲ ਦਾ ਸਾਰਾਂਸ਼ ਹੈ। ਇਹ ਖੋਜ ਪੱਤਰ ਸਾਡਾ ਰੋਡ ਅੱਪ ਹੈ।

ਇਸ ਪ੍ਰੀਵਾਰ ਦਾ ਧਨ ਸਾਡਾ ਯਹੂਦੀਆਂ, ਜਾਇਅਨਵਾਦੀਆਂ ਦਾ ਧਨ ਹੈ

ਸਾਡੇ ਪੈਗੰਬਰ ਪਿਤਾ-ਪੁਰਖੀ ਹੁੰਦੇ ਹਨ। ਇਹ ਪ੍ਰੀਵਾਰ ਸਾਡਾ ਪੈਗੰਬਰੀ ਪਿਤਾ-ਪੁਰਖੀ ਪ੍ਰੀਵਾਰ ਹੈ।

ਧੰਨਵਾਦ !

ਤਿੰਨ ਸੋਮੇ

ਹਰਜ਼ਲ :- ਹੁਣ ਮੈਂ ਪੇਸ਼ ਕਰਦਾ ਹਾਂ ਮਿਸਟਰ ਐਰੀਬਿਟ ਨੂੰ। ਇਹ 'ਸ਼ਕਤੀ ਦੇ ਤਿੰਨ ਸੋਮਿਆਂ' ਤੇ ਵਿਚਾਰ ਕਰਨਗੇ, ਜਿਨ੍ਹਾਂ ਨੂੰ ਜਿੰਨੀ ਛੇਤੀ ਅਤੇ ਜਿਵੇਂ ਵੀ ਹੋ ਸਕੇ, ਅਸੀਂ ਆਪਣੇ ਅਧੀਨ ਕਰਨਾ ਹੈ। 'ਸ਼ਕਤੀ' ਵਿਸ਼ੇ ਤੇ ਬੜੀ ਖੋਜ ਹੋਈ ਹੈ। ਇਹਨਾਂ ਨੇ ਸਾਰੀ ਖੋਜ ਦਾ

Scanned with OKEN Scanner

ਸਾਰਾਂਸ਼ ਸਮਝਿਆ ਹੈ। ਅਜੇ ਇਹ ਸਾਰਾਂਸ਼ ਦਾ ਵੀ ਨਿਚੋੜ ਪੇਸ਼ ਕਰਨਗੇ। ਕੱਲ੍ਹ ਤੋਂ ਖੁਲ੍ਹੀ ਬਹਿਸ ਹੋਏਗੀ।

ਐਰੀਬਿਟ :- ਧਰਤੀ ਰੂਪੀ ਗ੍ਰਹਿ ਤੇ ਸਾਡੇ ਪ੍ਰਮੇਸ਼ਵਰ ਯੇਹੋਵਾਹ ਨੇ ਆਪਣੇ ਆਪ ਦੀ ਸ਼ਕਤੀ (ਜ਼ੋਰ) ਦੇ ਤਿੰਨ ਸੋਮੇ ਉਪਜਾਏ ਹਨ। ਪਹਿਲਾ, ਜ਼ਮੀਨ ਸਮੇਤ 'ਅਥਾਹ' ਸਾਗਰਾਂ ਦੇ। ਦੂਸਰਾ ਸੋਮਾ ਹੈ; ਜ਼ਮੀਨ ਦੇ ਅੰਦਰਲੀ ਅਤੇ ਬਾਹਰਲੀ ਉਪਜ ਜਿਸ ਵਿਚ ਹਵਾ ਵੀ ਸ਼ਾਮਿਲ ਹੈ। ਜ਼ਮੀਨ ਅੰਦਰਲੀ ਉਪਜ ਵਿਚ ਇਸ ਦੀਆਂ ਜ਼ਮੀਨ-ਦੋਜ਼ ਕਾਨਾਂ, ਤੇਲ ਅਤੇ ਸਮੁੰਦਰੀ ਜੀਵ ਸ਼ਾਮਿਲ ਹਨ। ਜ਼ਮੀਨ ਉਪਰਲੀ ਉਪਜ ਵਿੱਚ ਜੰਗਲ, ਬੇਲੇ, ਫ਼ਸਲਾਂ, ਸਮੁੱਚੀ ਬਨਸਪਤੀ ਆਦਿ ਸ਼ਾਮਲ ਹਨ।

ਤੀਸਰਾ ਸੋਮਾ ਹੈ--ਆਦਮਜਾਤ। ਆਦਮ ਅਤੇ ਹਵਾ ਦੀ ਕਹਾਣੀ ਅਨੁਸਾਰ ਇਹ ਸੋਮਾ ਯੇਹੋਵਾ ਨੇ ਆਪਣੇ ਰੂਪ ਵਿਚੋਂ ਹੀ ਰਚਿਆ ਅਤੇ ਆਪਣੇ ਆਪ ਦੇ ਬਹੁਤ ਸਾਰੇ ਗੁਣ ਵੀ ਇਸ ਨੂੰ ਬਖ਼ਸ਼ੇ ਅਤੇ ਧਰਤੀ ਤੇ ਰਹਿਣ ਵਿਗਸਣ ਲਈ ਭੇਜ ਦਿੱਤਾ। ਯੇਹੋਵਾਹ ਨੇ ਸਭ ਤੋਂ ਵੱਡਾ ਗੁਣ ਨੇਕੀ ਤੇ ਬਦੀ ਦੀ ਪਛਾਣ ਦਾ ਸ਼ਹੂਰ ਬਖਸ਼ਿਆ।

ਇਹ ਕੇਵਲ ਤੇ ਕੇਵਲ ਸਾਡਾ ਹੀ ਸ਼ਹੂਰ ਹੈ ਕਿ ਅਸੀਂ ਹੌਲੀ-ਹੌਲੀ ਸ਼ਕਤੀ ਦੇ ਤਿੰਨਾਂ ਸੋਮਿਆਂ ਚੋਂ ਇੱਕ ਨਵਾਂ ਸੋਮਾ ਉਪਜਾ ਲਿਆ ਜਿਸ ਦੀ ਬਦੌਲਤ ਅਸੀਂ ਸ਼ਕਤੀ ਦੇ ਤਿੰਨ ਸੋਮਿਆਂ ਤੇ ਅਧਿਕਾਰਤ ਹੋ ਸਕਦੇ ਹਾਂ। ਇਸ ਸੋਮੇ ਦਾ ਨਾਮ ਹੈ-''ਦੌਲਤ''।

ਇਸਦਾ ਆਧੁਨਿਕ ਮੁੱਢ ਅਸੀਂ ਵਪਾਰ ਤੋਂ ਬੰਨਿਆ ਤੇ ਹੌਲੀ ਹੌਲੀ ਨਕਦੀ-ਮੁਦਰਾ ਤਕ ਪੁਜ ਆਏ। ਅੱਜ ਅਸੀਂ ਇਸਦੇ ਕੇਂਦਰ ਯਾਨੀ ਬੈਂਕ ਉਪਜਾ ਲਏ ਹੋਏ ਹਨ। ਉਹ ਕਬਜ਼ੇ ਕਰਨ ਪਏ ਜ਼ਮੀਨ, ਉਪਜ ਅਤੇ ਆਦਮ ਸ਼ਕਤੀ ਤੇ। ਬੈਂਕ ਸਾਡੇ ਕੋਲ ਹੈ। ਨਕਦੀ-ਮੁਦਰਾ ਸਾਡੇ ਕੋਲ ਹੈ, ਮਨੀ ਮਾਰਕੀਟ ਸਾਡੇ ਕੋਲ ਹੈ ਤਾਂ ਅਸੀਂ ਜ਼ਮੀਨ, ਉਪਜ ਅਤੇ ਆਦਮ ਸ਼ਕਤੀ ਦੀ ਵੀ ਦੀ ਪਰਵਾਹ ਕਰਦੇ ਹਾਂ।

ਐਂਵੇ ਤੇ ਨਹੀਂ ਕਿ ਸਾਡੇ ਪੈਗੰਬਰ ਮੇਅਰ ਨਾਥਨ ਰੌਥਸਚਾਈਲਡ ਨੇ ਠੋਕਵਾਂ ਐਲਾਨ ਕੀਤਾ ਸੀ --- I care not what puppet is placed upon the throne of England to rule the empire on which the sun never sets. The man who controls Britain's money supply controls the British Empire and I control the British money supply. (ਮੈਂ ਕੀ ਪਰਵਾਹ ਕਰਦਾ ਹਾਂ ਕਿ ਬਰਤਾਨਵੀਂ ਸਾਮਰਾਜ, ਜਿਸ ਤੇ ਕਦੇ ਸੂਰਜ ਨਹੀਂ ਛਿਪਦਾ ਹੈ, ਦੇ ਤਖਤ ਤੇ ਕੌਣ ਕਠਪੁਤਲੀ ਵਿਰਾਜਮਾਨ ਹੈ। ਜੋ ਵਿਅਕਤੀ ਬਰਤਾਨੀਆ ਦੀ ਮੁਦਰਾ-ਮੰਡੀ ਤੇ ਕਾਬਜ ਹੈ, ਉਹੀ ਬਰਤਾਨਵੀ ਸਾਮਰਾਜ ਤੇ ਕਾਬਜ ਹੈ। ਉਹ ਵਿਅਕਤੀ ''ਮੈਂ'' ਹਾਂ।)

ਇਸ ਉਨੀਵੀਂ ਸਦੀ ਨੂੰ ਰੌਥਸਚਾਈਲਡ ਦੀ ਸਦੀ ਆਖਿਆ ਜਾਇਆ ਕਰੇਗਾ। ਭਾਵੇਂ ਕਿ ਇੱਕ-ਦੋ ਝਟਕੇ ਵੀ ਲੱਗੇ ਸਨ।

Scanned with OKEN Scanner
Scanned with OKEN Scanner

ਅਸੀਂ ਮਨੀ ਮਾਰਕੀਟ ਨੂੰ ਹੋਰ ਕੇਂਦਰਤ ਅਤੇ ਸੂਖਮ ਬਣਾਈ ਜਾ ਰਹੇ ਹਾਂ। ਯੇਹੋਵਾ ਦੇ ਬਖਸ਼ੇ ਸ਼ਹੂਰ ਨਾਲ ਅਸੀਂ ਜਾਦੂ ਦੀ ਉਹ ਸ਼ਕਤੀ ਪ੍ਰਾਪਤ ਕਰ ਲਈ ਹੈ ਕਿ ਦੌਲਤ ਅਸੀਂ ਪਤਲੀ ਹਵਾ ਵਿਚੋਂ ਐਵੇਂ ਡੰਡਾ ਘੁਮਾ ਕੇ ਪਰਦੇ ਪਿੱਛੋਂ ਪੈਦਾ ਕਰ ਸਕਦੇ ਹਾਂ। ਉਹ ਵੀ ਅਥਾਹ। ਏਨੀ ਕਿ ਸ਼ਕਤੀ ਦੇ ਤਿੰਨੇ ਸੋਮੇ ਸਾਡੇ ਵਸ ਵਿੱਚ ਆ ਜਾਣ। ਕੀ ਕਰਨਾ ਅਸੀਂ ਜ਼ਮੀਨ, ਉਪਜ ਅਤੇ ਬੇਅੰਤ ਆਦਮਜਾਤ ਨੂੰ। ਉਹ ਜ਼ਮੀਨ ਸੰਭਾਲਣ ਤੇ ਆਦਮ ਸ਼ਕਤੀ ਨਾਲ ਉਪਜ ਉਪਜਾਉਣ ..... ਬੜੀ ਚੰਗੀ ਗੱਲ ਹੈ। ਹੋਰ ਵਾਧਾ ਹੋਵੇ।

ਅਸੀਂ ਮਨੀ ਮਾਰਕੀਟ ਰਾਹੀਂ ਸੱਭੋਂ ਕੁਝ ਤੇ ਕਾਬਜ਼ ਹੋ ਜਾਈਏ।

ਹਾਲੇ ਸਾਨੂੰ ਨਕਦੀ ਦਾ ਕੁਝ ਪ੍ਰਤੀਸ਼ਤ ਸਟਾਕ ਦਿਖਾਉਣਾ ਪੈਂਦਾ ਹੈ। ਹੌਲੀ-ਹੌਲੀ ਉਹ ਸਾਡੀ ਮੁਦਰਾ ਦੀ ਮਾਲਕੀ ਦੇ ਏਨੇ ਮਤੀਹ ਹੋ ਜਾਣ ਗੇ ਕਿ ਅਸੀਂ ਸਟਾਕ ਦੀ ਲੋੜ ਵੀ ਖਤਮ ਕਰ ਦਿਆਂਗੇ। ਸਾਡੇ ਬੈਂਕਾ ਦੀਆਂ ਲੈਜਰਾਂ ਵਿਚ ਇੱਕ ਐਂਟਰੀ ਹੀ ਅਥਾਹ ਦੌਲਤ ਦਾ ਰੂਪ ਧਾਰ ਜਾਏਗੀ।

One World order (ਇੱਕ ਵਿਸ਼ਵੀ ਨੇਮ) ਸਾਡਾ ਅੰਤਲਾ ਏਜੰਡਾ ਹੈ। ਇੱਕ ਵਿਸ਼ਵ ਸਰਕਾਰ, ਇੱਕ ਵਿਸ਼ਵ-ਧਰਮ, ਇੱਕ ਵਿਸ਼ਵ ਸੱਭਿਆਚਾਰ ਉਸੇ ਵਿੱਚ ਸ਼ਾਮਿਲ ਹਨ। ਇਹ ਸਭ ਕੁਝ ਤਾਂ ਹੀ ਸੰਭਵ ਹੈ ਕਿ ਪਹਿਲਾਂ ਇੱਕ ਵਿਸ਼ਵ ਬੈਂਕ ਵੀ ਹੋਏ।

ਏਸ ਸਭ ਕੁਝ ਦੀ ਪੂਰਤੀ ਲਈ ਸਾਨੂੰ ਆਪਣੇ ਘਰ ਅਤੇ ਆਪਣੇ ਦੇਸ਼ ਦੀ ਮੁੜ ਸੁਰਜੀਤੀ ਦੀ ਵੀ ਲੋੜ ਹੈ, ਜਿਸ ਕਾਰਜ ਲਈ ਅਸੀਂ ਏਥੇ ਇਕੱਠੇ ਹੋਏ ਹਾਂ। ਫੇਰ ਅਸੀਂ ਸਾਰੀ ਦੁਨੀਆਂ ਨੂੰ ਆਪਣਾ ਦੇਸ਼, ਆਪਣਾ ਘਰ ਬਣਾ ਲਵਾਂਗੇ।

ਧੰਨਵਾਦ।

ਕਬਜੇ ਦੀ ਲੜਾਈ

ਹਰਜ਼ਲ :- ਦੋਸਤੋ ਲੜੀਵਾਰ ਵਿਚਾਰ-ਵਟਾਂਦਰੇ ਦੀ ਹੁਣ ਐਸੀ ਨੌਬਤ ਆ ਗਈ ਹੈ ਕਿ ਮੈਂ ਖੁਦ ਦੋ ਨਸਲਾਂ ਦੀ ਆਪਸੀ ਜਿੰਦਗੀ ਮੌਤ ਵਾਲੀ ਲੜਾਈ ਬਾਰੇ ਆਪਣੇ ਅਧਿਐਨ ਨੂੰ ਪੇਸ਼ ਕਰਨਾ ਚਾਹੁੰਦਾ ਹਾਂ। ਸ਼ੁਰੂ ਵਿੱਚ ਹੀ ਦੱਸ ਦਿਆਂ ਕਿ ਦੋ ਨਸਲਾਂ ਦਾ ਭਾਵ ਕਾਰਲ-ਮਾਰਕਸ ਦੀ ਵਰਗ ਵੰਡ ਅਤੇ ਵਰਗ ਜੰਗ ਤੋਂ ਨਾਂ ਲੈ ਲੈਣਾ। ਮਾਰਕਸ ਸਾਡਾ ਆਪਦਾ ਉਪਜਾਇਆ ਦਾਰਸ਼ਨਿਕ ਹੈ। ਅਸੀਂ ਹੀ ਅਥਾਹ ਪਰਚਾਰ ਨਾਲ ਉਸਨੂੰ ਜਮਾਤੀ ਜੰਗ ਦਾ ਪੈਗੰਬਰ ਬਣਾ ਧਰਿਆ ਹੈ ਤੇ ਪ੍ਰੋਲਤਾਰੀ ਵਿੱਚ ਖਾੜਕੂਵਾਦ (ਮਿਲੀਟੈਂਸੀ) ਭਰ ਦਿੱਤੀ ਹੈ। ਖੈਰ .... ਅੱਗੇ ਚਲ ਕੇ ਹੋਰ ਹਵਾਲਾ ਆਏਗਾ।

ਅਸੀਂ ਯੇਹੋਵਾ ਦੇ ਸ੍ਰੇਸ਼ਟ ਵਿਅਕਤੀ ਹਾਂ ਪਰ ਸ਼ੈਤਾਨ ਵੀ ਯੇਹੋਵਾ ਵਾਂਗ ਹੀ ਅਮਰ ਅਤੇ ਸ਼ਕਤੀਮਾਨ ਹੈ। ਉਸ ਨੇ ਵੀ ਸ਼ਕਤੀ ਦੇ ਤੀਸਰੇ ਸੋਮੇ ਯਾਨੀ ਆਦਮ ਜਾਤ ਤੇ ਆਪਣਾ

Scanned with OKEN Scanner

ਅਸਰ ਪਾਇਆ ਹੈ। ਉਹ ਧਰਤੀ ਨਾਲ ਅਰਥਾਤ ਮਿਹਨਤ ਨਾਲ ਜੁੜ ਗਏ ਅਤੇ ਅਸੀਂ ਧਰਤੀ ਦੀ ਉਪਜ ਅਰਥਾਤ ਉਨ੍ਹਾਂ ਦੀ ਮਿਹਨਤ ਦੇ ਫਲ ਨਾਲ ਜੁੜ ਗਏ ਹਾਂ।

ਵਿਗਿਆਨ ਦੀਆਂ ਲੱਭਤਾਂ ਦਾ ਆਪਣੀ ਥਾਂ ਮਹੱਤਵ ਹੈ। ਅਸੀਂ ਉਹੀ ਲੱਭਤਾਂ ਅੱਗੇ ਆਉਂਣ ਦਿਆਂ ਗੇ ਜੋ ਸਾਡੀਆਂ ਅਨੁਸਾਰੀ ਹੋਣਗੀਆਂ ਬਲਕਿ ਵਿਗਿਆਨ ਦੀ ਵਿਸ਼ਾਲਤਾਂ ਰਾਹੀਂ ਅਸੀਂ ਆਪਣੇ ਅਨੁਸਾਰ ਖੋਜਾਂ ਨੂੰ ਧਨ ਨਾਲ ਬਲ ਦਿਆਂਗੇ ਤੇ ਝੂਠ ਨੂੰ ਵੀ ਲੋਕਾਈ ਦੀ ਸੂਝ ਦਾ ਹਿੱਸਾ ਬਣਾ ਦਿਆਂਗੇ। ਝੂਠ ਨੂੰ ਸੱਚ ਅਤੇ ਸੱਚ ਨੂੰ ਝੂਠ ਬਣਾਉਣਾ ਸਾਨੂੰ ਪਹਿਲਾਂ ਹੀ ਖੂਬ ਆਉਂਦਾ ਹੈ।

ਜਿਵੇਂ ਧਰਤੀ ਅਤੇ ਧਰਤੀ ਦੀ ਉਪਜ ਦੋ ਮੁਖ ਰੂਪ ਹਨ। ਏਵੇ ਹੀ ਮਨੁੱਖ ਦੀਆਂ ਵੀ ਮੁਖ ਤੌਰ ਤੇ ਦੋ ਨਸਲਾਂ ਹਨ। ਬਾਕੀ ਸਭ ਦੋਵਾਂ ਦੀਆਂ ਸ਼ਾਖਾਵਾ ਤੇ ਉਪਸ਼ਾਖਾਵਾਂ ਹਨ। ਵਿਗਿਆਨਕ ਸੱਚ ਜੋ ਮਰਜ਼ੀ ਹੋਵੇ, ਪਰ ਅਸੀਂ ਵਿਗਿਆਨ ਨੂੰ ਵੀ ਆਪਣੇ ਅਨੁਸਾਰ ਢਾਲਣਾ ਜਾਣਦੇ ਹੀ ਹਾਂ।

ਇੱਕ ਹੈ ਸਾਮੀ (semitic) ਨਸਲ ਅਤੇ ਦੂਸਰੀ ਹੈ, ਆਰੀਆ ਨਸਲ (Aryans)। ਇਹ ਦੋਵੇਂ ਸਭ ਤੋਂ ਪਹਿਲੀਆਂ ਉਨਤ ਨਸਲਾਂ (Races) ਹਨ।

ਇਹਨਾਂ ਉਨਤ ਨਸਲਾਂ ਨੇ ਆਪਣੇ ਤੋਂ ਪੁਰਾਤਨ ਵਿਕਸਤ ਜਾਂ ਅਵਿਕਸਤ ਨਸਲਾਂ ਨੂੰ ਜ਼ਬਰ-ਜ਼ੁਲਮ ਜਾਂ ਕੁਟਲ ਨੀਤੀ ਨਾਲ ਬੁਰੀ ਤਰ੍ਹਾਂ ਦਬਾਅ ਲਿਆ ਹੈ ਤੇ ਲਾਚਾਰ ਕਰ ਲਿਆ ਹੋਇਆ ਹੈ। ਇਨ੍ਹਾਂ ਦੋਵਾਂ ਤੋਂ ਬਾਅਦ ਵਾਲੀਆਂ ਨਸਲਾਂ ਜੋ ਇਨ੍ਹਾਂ ਦੀਆਂ ਹੀ ਸ਼ਾਖਾਵਾਂ ਹਨ ਜਾਂ ਜੋ ਪਹਿਲੀਆਂ ਦੀ ਟੁੱਟ ਭੱਜ ਬਚੀ ਹੈ, ਨੂੰ ਅਸੀਂ ਆਪਣੇ ਅਥਾਹ ਧਨ ਦੇ ਸੋਮੇ ਨਾਲ ਸਾਹ-ਸਤ ਹੀਣ ਕਰ ਲੈਣਾ ਹੈ।

ਇਹ ਦੋਵੇਂ ਆਦਮ ਨਸਲਾਂ ਖੂਬ ਆਤਮ ਚੇਤੰਨ ਹਨ, ਬਾਕੀ ਸਭ ਕੀੜ ਮਾਇਆ ਹੀ ਹੈ। ਰਹਿੰਦੀ ਕਸਰ ਅਸਾਂ ਪੂਰੀ ਕਰ ਲੈਣੀ ਹੈ।

ਸਾਡੀ ਲੜਾਈ ਬੜੀ ਹੀ ਸੂਖਮ ਹੈ, ਕਿਉਕਿ ਆਪਣਿਆਂ ਨਾਲ ਵੀ ਅਤੇ ਦੁਸ਼ਮਣਾਂ ਨਾਲ ਵੀ ਬਰਾਬਰ ਲੜਨਾ ਪੈ ਰਿਹਾ ਹੈ।

ਨਿਰਨਾ ਇਉਂ ਕਰੀਏ ਕਿ ਮੁੱਖ ਲੜਾਈ ਹੈ; ਆਰੀਆ ਨਸਲ ਵਿਰੁੱਧ। ਆਰੀਆ ਨਸਲ ਅੱਗੋਂ ਦੋ ਮੁੱਖ ਭਾਗਾਂ ਵਿੱਚ ਵੰਡੀ ਹੋਈ ਹੈ। ਇੱਕ ਹੈ 'ਭਰਤੀ ਆਰੀਆ' ਅਤੇ ਦੂਸਰੀ ਹੈ 'ਯੂਰਪੀ ਆਰੀਆ'। ਭਾਰਤੀ ਆਰੀਆ ਹਾਲ ਦੀ ਘੜੀ ਸਾਡੇ ਵਿਰੋਧੀ ਸੰਘਰਸ਼ ਦੇ ਦਾਇਰੇ ਦੀ ਰੇਖਾ ਦੇ ਐਨ ਉਪਰ ਖਲੋਤੇ ਹਨ। ਕਾਰਨ ਇਹ ਹੈ ਕਿ ਉਨ੍ਹਾਂ ਨੇ ਆਪਣੇ-ਆਪ ਨੂੰ ਕੇਵਲ ਭਾਰਤ ਤਕ ਸੀਮਤ ਕਰ ਲਿਆ ਹੋਇਆ ਹੈ। ਉਨ੍ਹਾਂ ਲਈ ਸਮੁੰਦਰ ਦੀ ਸੀਮਾ ਪਾਰ ਕਰਨੀ ਪਾਪ ਹੈ। ਉਥੇ ਉਨ੍ਹਾਂ ਨੇ ਜਾਤੀ ਪ੍ਰਥਾ ਏਨੀ ਸਿਆਣਪ, ਚਤੁਰਤਾ ਅਤੇ ਦੂਰ-ਅੰਦੇਸ਼ੀ ਨਾਲ ਘੜੀ ਹੈ ਕਿ ਆਪਣੇ ਆਪ ਨੂੰ ਉਨ੍ਹਾਂ ਨੇ ਸਭ ਦੇ ਸਿਰਤਾਜ ਬਣਾ ਲਿਆ ਹੋਇਆ ਹੈ।

ਉਨ੍ਹਾਂ ਦਾ ਇਕ ਹਿੱਸਾ ਬ੍ਰਾਹਮਣ ਬਣ ਬੈਠਿਆ ਹੈ। ਆਪਣੀ ਰੱਖਿਆ ਲਈ ਦੂਜੇ

Scanned with OKEN Scanner

ਹਿੱਸੇ ਨੂੰ ਕਸ਼ੱਤਰੀ ਬਣਾ ਲਿਆ, ਤੀਜੇ ਨੂੰ ਜਿਮੀਂ ਦੇ ਕਿਸਾਨ ਅਤੇ ਬਹੁਤ ਵੱਡੀ ਗਿਣਤੀ ਨੂੰ ਤਿੰਨਾਂ ਜਾਤਾਂ ਦੇ ਸੇਵਕ ਬਣਾ ਲਿਆ ਹੋਇਆ ਹੈ, ਜਿਹਨਾਂ ਨੂੰ ਸੂਦਰ ਅਤੇ ਅਛੂਤ ਕਿਹਾ ਜਾਣ ਲਗ ਪਿਆ ਹੈ। ਡੰਡੇ ਅਤੇ ਸਥਾਪਤੀ ਦੀ ਸ਼ਕਤੀ ਨਾਲ ਵੰਡ ਏਨੀ ਪੀਡੀ ਬਣਾ ਦਿੱਤੀ ਹੋਈ ਹੈ ਕਿ ਸਾਰੇ ਆਪਣੇ ਆਪ ਨੂੰ ਪਿਤਾ-ਪੁਰਖੀ ਸਮਝ ਕੇ ਉਸੇ ਤਰ੍ਹਾਂ ਢਲ ਗਏ ਹੋਏ ਹਨ।

ਇਨ੍ਹਾ ਤੋ ਸਾਨੂੰ ਹਾਲੇ ਕੋਈ ਖਤਰਾ ਨਹੀਂ ਹੈ। ਦੂਸਰੇ ਉਥੋਂ ਦੀ ਜਾਤ ਪ੍ਰਥਾ ਵਿਚ ਏਨੀਆਂ ਵਿਰੋਧਤਾਈਆਂ ਅਤੇ ਅਕਰੋਸ਼ ਹਨ ਕਿ ਜਦੋਂ ਲੋੜ ਪਏ ਪਲੀਤੇ ਨੂੰ ਚੁਆਤੀ ਲਾ ਕੇ ਧਮਾਕਾ ਕਰਕੇ ਤਮਾਸ਼ਾ ਦੇਖ ਸਕਦੇ ਹਾਂ। ਉਹ ਆਪਸੀ ਅਤੇ ਬਦੇਸ਼ੀ ਗੁਲਾਮੀ ਦੇ ਆਦੀ ਹੋ ਗਏ ਹਨ। ਗੁਲਾਮੀ ਅੱਗੋਂ-ਦਰ-ਗੁਲਾਮੀ, ਉਨ੍ਹਾਂ ਦੇ ਲਹੂ ਵਿਚ ਰਚ ਗਈ ਹੋਈ ਹੈ। ਉਥੇ ਭਾਰਤੀ ਆਰੀਆ ਯਾਨੀ ਬ੍ਰਹਮਣ ਤੇ ਸਵਰਨ ਸਾਡੀ ਲੜਾਈ ਵੀ ਆਪੇ ਲੜੀ ਜਾ ਰਹੇ ਹਨ।

ਦੁਨੀਆਂ 'ਚ ਆਪਣੇ ਇੱਕ ਨੇਮ (One World order) ਦੀ ਸਦੀਵਤਾ ਲਈ ਸਾਡਾ ਮੁਖ ਦੁਸ਼ਮਣ ਹੈ, ਯੂਰਪੀ ਆਰੀਆ ਜੋ ਜਰਮਨੀ, ਇਟਲੀ, ਬਾਵੇਰੀਆ ਤੇ ਇਰਦ-ਗਿਰਦ ਦੇ ਹੋਰ ਰਾਜਾਂ ਵਿਚ ਪ੍ਰੀਵਾਰਾਂ, ਕੁਨਬਿਆਂ, ਕਬੀਲਿਆਂ, ਰਿਆਸਤਾਂ, ਬਾਦਸ਼ਾਹਤਾਂ ਕੁਲੀਨ ਵਰਗਾਂ ਆਦਿ ਦੇ ਰੂਪ ਵਿਚ ਰਹਿ ਰਹੇ ਹਨ। ਇਸ ਮਸਲੇ ਤੇ ਮੈਂ ਬਾਅਦ ਵਿੱਚ ਹੋਰ ਵਿਚਾਰ ਵਟਾਂਦਰਾ ਕਰਾਂਗਾ।

ਸਾਡੇ ਆਪਣੇ ਘਰ ਯਾਨੀ ਸਾਮੀ ਸੱਭਿਅਤਾ ਵਿਚ ਵੀ ਸੱਭੋ ਕੁਝ ਠੀਕ-ਠਾਕ ਨਹੀਂ ਹੈ। ਸਾਡੇ ਵਿਚੋਂ ਦੋ ਧਰਮ ਹੋਰ ਪੈਦਾ ਹੋ ਚੁਕੇ ਹਨ। ਨਾਮ ਹਨ ਈਸਾਈ ਮਤ ਅਤੇ ਇਸਲਾਮ ਮੱਤ। ਉਹ ਦੋਵੇਂ ਵੀ ਸਾਮੀ ਧਰਮ ਹਨ। ਅਸੀਂ ਉਹਨਾਂ ਨੂੰ ਸ਼ੈਤਾਨੀ ਮੱਤ ਗਰਦਾਨਦੇ ਹਾਂ। ਉਂਜ ਉਹਨਾਂ ਨਾਲ ਨਜਿੱਠਣ ਲਈ ਅਸੀਂ ਇਕ ਹੋਰ ਸੰਪਰਦਾਅ ਉਤਪੰਨ ਕਰ ਲਈ ਹੈ-ਜਿਸ ਦਾ ਨਾਂਮ ਹੈ 'ਇਲੂਮੀਨਾਟੀ' ਜਿਸਨੂੰ ਹਾਲੇ ਅਸੀਂ ਗੁਪਤ ਰੱਖਿਆ ਹੈ ਜੋ ਹੌਲੀ-ਹੌਲੀ ਇਨ੍ਹਾਂ ਦੇ ਢਿਡ ਵਿੱਚ ਪਰਵੇਸ਼ ਕਰਕੇ ਢਿੱਡ ਹੀ ਪਾੜ ਦੇਵੇਗੀ।

ਸਾਡਾ ਸੰਘਰਸ਼ ਕਿੰਨਾ ਜਟਿਲ ਹੈ। ਅਸੀਂ ਘਰ ਵਿੱਚ ਵੀ ਲੜਨਾ ਹੈ ਅਤੇ ਬਾਹਰਲੇ ਮੁੱਖ ਦੁਸ਼ਮਦ ਵਿਰੁੱਧ ਵੀ ਲੜਨਾਂ ਹੈ। ਬੜੇ ਹੀ ਤਹੱਮਲ, ਸਹਿਜ, ਸੁਹਜ ਅਤੇ ਕੂਟਲਨੀਤੀ ਦਾ ਸੰਘਰਸ਼ ਹੈ। ਵੱਡੀ ਗੱਲ ਕਿ ਲੜਾਈ ਹਰ ਖੇਤਰ ਅਤੇ ਹਰ ਪੱਧਰ ਉਪਰ ਹੈ। ਯਾਨੀ ਸਮਾਜਕ, ਧਾਰਮਿਕ, ਰਾਜਨੀਤਿਕ, ਸੱਭਿਆਚਾਰਕ, ਆਰਥਕ, ਜਮਾਤ, ਰੰਗ, ਨਸਲ, ਹਰ ਪਲ ਅਤੇ ਹਰ ਲਮ੍ਹੇ 'ਚ ਹੈ।

ਹਾਲ ਦੀ ਘੜੀ ਅਸੀਂ ਸਾਮੀ ਮੱਤਾਂ ਨੂੰ ਵੱਖ-ਵੱਖ ਤਰ੍ਹਾਂ ਦੇ ਚੋਗੇ ਪਾ ਕੇ ਜਾਲ ਵਿੱਚ ਫਸਾ ਲਿਆ ਹੋਇਆ ਹੈ। ਹਾਂ, ਯੂਰਪੀ ਆਰੀਆ ਜੋ ਆਪਣੇ ਆਪ ਨੂੰ ਧਰਤੀ ਪੁੱਤਰ ਅਤੇ ਜਨਮ ਸਿੱਧ ਬਾਦਸ਼ਾਹ-ਸ਼ਹਿਨਸ਼ਾਹ, ਰਾਜ-ਤੰਤਰੀ ਆਦਿ ਸਮਝਦੇ ਵੀ ਹਨ ਤੇ ਇਨ੍ਹਾ ਪਦਵੀਆ ਦਾ ਆਨੰਦ ਵੀ ਮਾਣ ਰਹੇ ਹਨ, ਵਿਰੁੱਧ ਸੰਘਰਸ਼ ਬਹੁਤ ਹੀ ਜੋਖਮ ਭਰਿਆ ਹੈ।

ਇਹ ਤਾਂ ਹੈ ਇਤਿਹਾਸ ਦਾ ਅਸਲ ਸੱਚ। ਪਰ ਜੋ ਇਤਿਹਾਸ ਅਸੀਂ ਆਪਣੇ

Scanned with OKEN Scanner

Scanned with OKEN Scanner

ਦਾਰਸ਼ਨਿਕਾਂ ਰਾਹੀਂ ਪੜ੍ਹਨ-ਪੜ੍ਹਾਉਣ ਤੇ ਚਰਚਾ ਕਰਨ ਲਈ ਪ੍ਰੋਸਦੇ ਹਾਂ ਉਸਦਾ ਸਾਡੇ ਰਾਹੀਂ ਪਹਿਲਾਂ ਹੀ ਬਲਤਾਕਾਰ ਹੋ ਚੁਕਿਆ ਹੋਇਆ ਹੁੰਦਾ ਹੈ। ਇਹ ਲੀਹ ਅੱਗੋਂ ਵੀ ਚੱਲਦੀ ਰਹੇਗੀ।

ਹੁਣ ਅਸੀਂ ਵਰਤਮਾਨ ਦੌਰ ਦੀ ਜਟਿਲਤਾ ਤੇ ਵਿਚਾਰ ਕਰੀਏ।

ਤੁਸੀਂ ਜਾਣਦੇ ਹੋ ਕਿ ਧਰਮਾਂ, ਧੜਿਆਂ, ਨਸਲਾਂ, ਰੰਗ-ਭੇਦਾਂ, ਜਾਤਾਂ ਆਦਿ ਦੇ ਆਧਾਰ ਤੇ ਅਣਗਿਣਤ ਖੂਨੀ ਸੰਘਰਸ਼ ਹੋ ਚੁਕੇ ਹਨ। ਵਰਤਮਾਨ ਸੰਘਰਸ਼ ਸਭ ਨਾਲੋਂ ਸਿਖਰ ਅਤੇ ਜਟਿਲ ਏਸ ਵਾਸਤੇ ਹੈ ਕਿ ਦੋ ਮੁੱਖ ਨਸਲਾਂ ਨੇ ਆਪੋ-ਆਪਣੇ ਅਕਦਿਆਂ ਤੇ ਆਧਾਰਤ ਦੋ ਦਾਰਸ਼ਨਿਕਤਾਵਾਂ ਵੀ ਉਤਪੰਨ ਕਰ ਲਈਆਂ ਹਨ। ਦਾਰਸ਼ਨਿਕਤਾ ਤੇ ਅਧਾਰਤ ਸੰਘਰਸ਼ ਸਭ ਨਾਲੋਂ ਵੱਧ ਭਿਆਨਕ ਹੁੰਦਾ ਹੈ ਜੋ ਕਿ ਇੱਕ ਦਾਸ਼ਨਿਕਤਾ ਦੇ ਢਹਿ ਢੇਰੀ ਹੋਣ ਨਾਲ ਹੀ ਖਤਮ ਹੁੰਦਾ ਹੈ। ਵਕਤੀ ਈਨ ਮੰਨਣਾ ਵੀ ਕਾਫ਼ੀ ਨਹੀਂ ਹੁੰਦਾ।

ਏਥੇ ਇਹ ਜਾਨਣਾ ਵੀ ਜਰੂਰੀ ਹੈ ਕਿ ਸਾਡੀ ਵਿਸ਼ਵ ਸੁਪਰੀਮ ਕੌਂਸਲ ਵਾਂਗ ਉਨ੍ਹਾਂ ਨੇ ਵੀ ਆਪਣੀ ਗੁਪਤ ਸੁਪਰੀਮ ਕੌਂਸਲ ਬਣਾ ਲਈ ਹੋਈ ਹੈ। ਜੇਕਰ ਅਸੀਂ ਦਾਰਸ਼ਨਿਕ ਉਪਜਾ ਰਹੇ ਹਾਂ ਤਾ ਉਹ ਵੀ ਬਰਾਬਰ ਆਪਣੇ ਦਾਰਸ਼ਨਿਕ ਉਪਜਾ ਕੇ ਉਭਾਰ ਰਹੇ ਹਨ।

ਏਸੇ ਸਦੀ ਦੇ ਦੂਸਰੇ ਅੱਧ ਦੇ ਤੀਸਰੇ ਦਹਾਂਕੇ ਤੋਂ ਦੋ ਦਾਰਸ਼ਨਿਕਤਾਵਾਂ ਨੰਗੇ ਚਿੱਟੇ ਰੂਪ ਵਿੱਚ ਸਾਹਮਣੇ ਆ ਗਈਆ ਹਨ-ਸਾਮੀ ਦਾਰਸ਼ਨਿਕਤਾ ਅਤੇ ਯੂਰਪੀ ਆਰੀਆ ਦਾਰਸ਼ਨਿਕਤਾ।

ਰੌਥਸਚਾਈਲਡ ਪ੍ਰੀਵਾਰ ਦਾ ਪਹਿਲਾਂ ਮਹਾਨ ਦਾਰਸ਼ਨਿਕ ਮੇਅਰ ਆਮਸ਼ੈਲ ਰੌਥਸਚਾਈਲਡ ਹੈ, ਜਿਸਨੇ ਮਹਾਨ ਐਲਾਨਨਾਮੇ ਦੀ ਬਖਸ਼ਿਸ਼ ਕੀਤੀ ਹੈ। ਅਸੀਂ ਏਸ ਐਲਾਨਨਾਮੇ ਨੂੰ ਏਸ ਸੰਮੇਲਨ 'ਚ ਬਕਾਇਦਾ ਗ੍ਰਹਿਣ (adopt) ਕਰਨਾਂ ਹੈ।

ਉਸੇ ਦੇ ਬਹੁ-ਪੱਖੀ ਪੁਰਸ਼ਾਰਥ ਦੁਆਰਾ ਮਹਾਨ ਐਡਮ ਵਿਸ਼ੂਪਤ, ਮਹਾਨ ਕਾਰਲ-ਮਾਰਕਸ, ਮਹਾਨ ਜਨਰਲ ਐਲਬਰਟ ਪਾਈਕ, ਨਿਖਰ ਕੇ ਸਾਹਮਣੇ ਆਏ ਹਨ। ਇਹਨਾਂ ਨੇ ਮਹਾਨ ਗ੍ਰੰਥ ਲਿਖੇ ਹਨ, ਜਿਨ੍ਹਾਂ ਦੇ ਪਰਚਾਰ ਲਈ ਅਨੇਕਾ ਵਿਦਵਾਨ ਅਤੇ ਇਨਲਾਬੀ ਜਿਵੇਂ ਕਿ ਅਡੋਲਫ ਫਰੀਹਰ ਨਿੱਘੇ, ਮੌਜੀਨੀ, ਲੈਮੀ ਆਦਿ ਪ੍ਰਤੱਖ ਰੂਪ ਵਿੱਚ ਸਾਹਮਣੇ ਆ ਚੁੱਕੇ ਹਨ। ਅਸੀਂ ਆਪਣੇ ਮੀਡੀਆ ਤੇ ਹੋਰ ਸਾਧਨਾਂ ਰਾਹੀਂ ਇਨ੍ਹਾਂ ਨੂੰ ਸਮਾਜ ਵਿੱਚ ਮਹਾਨ ਤੇ ਚੁੰਧਿਆਉ ਸ਼ਖਸੀਅਤਾਂ ਹੋਣ ਦਾ ਦਰਜ਼ਾ ਦਵਾ ਦਿੱਤਾ ਹੈ। ਅੱਗੋਂ ਇਨ੍ਹਾਂ ਦੇ ਹੋਰ ਮਹਾਨ ਸ਼ਿਸ਼, ਮਹਾਨ ਇਨਕਲਾਬੀ ਉਤਪੰਨ ਹੁੰਦੇ ਰਹਿਣਗੇ।

ਦੂਜੇ ਪਾਸੇ ਯੂਰਪੀ ਆਰੀਆ ਵੱਲੋਂ ਵੀ ਕਾਰਲ ਰਿਟਰ, ਫਰੈਂਡਰਿਕ ਰੈਟੱਜ਼ੈਲ, ਫਰੈਂਡਰਿਕ ਵਿਲਹੈਲਮ ਨੀਟਸ਼ੇ, ਐਲਿਜ਼ਬੈਥ, ਫੋਸਟਰ ਨੀਟਸ਼ੇ ਆਦਿ-ਆਦਿ ਦਾਰਸ਼ਨਿਕਾਂ ਨੇ ਖੁਲ੍ਹ ਕੇ ਵਿਰੋਧੀ ਦਾਰਸ਼ਨਿਕਤਾ ਉਪਜਾ ਦਿੱਤੀ ਹੈ। ਸਥਾਪਤੀ ਉਨ੍ਹਾਂ ਦੇ ਨਾਲ ਹੈ। ਕਈ ਬਾਦਸ਼ਾਹੀਆਂ ਉਨ੍ਹਾਂ ਦੇ ਨਾਲ ਹਨ। ਜ਼ਮੀਨ ਜਾਏ ਉਨ੍ਹਾ ਦੇ ਨਾਲ ਹਨ। ਸਾਡੇ ਕੋਲ ਕੀ ਹੈ ?

Scanned with OKEN Scanner

Scanned with OKEN Scanner

ਧਨ (ਬੈਂਕ) ਅਤੇ ਕੂਟਨੀਤੀ। ਧਨ ਅਤੇ ਕੂਟਨੀਤੀ ਨਾਲ ਅਸੀਂ ਮਹਾਨ ਜਨਰਲ ਪਾਈਕ ਦੀ ਤਿੰਨ ਯੁਧਾਂ ਦੀ ਦਾਰਸ਼ਨਿਕਤਾ ਨੂੰ ਅਮਲ ਵਿਚ ਲਿਆ ਕੇ ਘਰ ਵਿਚਲੇ ਵੀ ਅਤੇ ਵਿਰੋਧ ਵਿਚਲੇ ਦੁਸ਼ਮਣ ਵੀ ਫ਼ਤਹ ਕਰ ਲਵਾਂਗੇ।

ਦੋਵੇਂ ਦਾਰਸ਼ਨਿਕਤਾਵਾਂ ਆਪਣੇ ਆਪ ਵਿੱਚ ਸਿੱਕੇਬੰਦ, ਪ੍ਰਤੀਨਿਧ ਤੇ ਕੱਟੜ-ਵਿਰੋਧੀ ਹਨ। ਹੁਣ ਬਿੱਲੀ ਥੈਲਿਉਂ ਬਾਹਰ ਆ ਗਈ ਹੈ। ਸਦੀਆਂ ਪੁਰਾਣਾ, ਲੁਕਵਾਂ ਸੰਘਰਸ਼ ਨਿਤਰ ਕੇ ਸਾਹਮਣੇ ਆ ਗਿਆ ਹੈ। ਸਾਡੀ ਦਾਰਸ਼ਨਿਕਤਾ ਸਰਮਾਏ ਤੇ ਕਬਜੇ ਦੀ ਹੈ। ਉਨ੍ਹਾਂ ਦੀ ਦਾਰਸ਼ਨਿਕਤਾ ਜਮੀਨ ਤੇ ਕਬਜੇ ਦੀ ਹੈ। ਉਨ੍ਹਾਂ ਦੀ ਦਾਰਸ਼ਨਿਕਤਾ ਦੀ ਧਾਰਾ ਪੁਰਾਤਨ ਹੈ, ਸਾਡੀ ਨਵੀਨ ਨਵੀਨਤਮ ਹੈ। ਬਾਦਸ਼ਾਹੀਆਂ ਅਤੇ ਵਿਸ਼ੇਸ਼ ਤੌਰ ਤੇ ਰੂਸੀ ਜ਼ਾਰ ਦੀ ਬਾਦਸ਼ਾਹੀ ਸਾਡੀ ਮੁਖ ਦੁਸ਼ਮਣ ਹੈ। ਅਸੀਂ ਸਰਮਾਏ ਨਾਲ ਧਰਤੀ ਹੀ ਖਰੀਦ ਸੁੱਟਾਂਗੇ।

ਇਸ ਸੰਬੰਧ ਵਿਚ ਮਹਾਨ ਕਾਰਲ ਮਾਰਕਸ ਦੇ ਅਸੀਂ ਸਭ ਨਾਲੋਂ ਵੱਧ ਰਿਣੀ ਹਾਂ। ਉਸਨੇ ਯੁੱਧ ਦਾ ਮੁਹਾਣ ਹੀ ਬਦਲ ਕੇ ਰੱਖ ਦਿੱਤਾ ਹੈ। ਸਾਨੂੰ ਅਸਲ ਸਰਮਾਏਦਾਰਾਂ, ਬੈਂਕਰਾਂ, ਸ਼ਾਹੂਕਾਰਾਂ, ਦੌਲਤਮੰਦਾਂ ਅਤੇ ਸਭ ਤੋਂ ਵੱਡਾ ਤੱਥ ਕਿ ਫਾਈਨਾਂਨਸਰਾਂ (ਵਿਸ਼ਵ-ਵਿੱਤੀ ਸ਼ਕਤੀਆਂ) ਨੂੰ ਉਕਾਂ ਲੁਕਾਅ ਹੀ ਦਿੱਤਾ ਹੈ। ਜਮਾਤੀ ਜੰਗ ਜਿੰਨੀ ਤੇਜ਼ ਹੋਏਗੀ, ਸੰਕਟ ਉਨੇ ਵੱਧਣਗੇ ਤੇ ਸਾਡਾ ਸਰਮਾਇਆ (ਫਾਈਨਾਂਨਸ-ਵਿੱਤ) ਹੋਰ ਵਧੇਗਾ, ਹੋਰ ਸੁਰੱਖਿਅਤ ਰਹੇਗਾ।

ਅਸੀਂ ਪਤਲੀ ਹਵਾ ਚੋਂ ਮੁਦਰਾ (ਧਨ) ਪੈਦਾ ਕਰਾਂਗੇ ਜੋ ਪ੍ਰੋਲਤਾਰੀ ਅਤੇ ਬੁਰਜੁਆਜੀ, ਦੋਵਾਂ ਦੇ ਲਹੂ ਚੋ ਰੰਗ ਹੋ ਕੇ ਸਾਡੀਆਂ ਤਿਊਰੀਆਂ (ਬੈਂਕਾਂ) ਵਿੱਚ ਵਾਪਸ ਆਉਂਦੀ ਜਾਏਗੀ .....

ਦੋਸਤੋ, ਭਾਵੇਂ ਉਂਜ ਵੀ ਫਰਕ ਤਾਂ ਕੋਈ ਨਹੀਂ ਕਿਉਂਕਿ ਸਾਰੀ ਦੁਨੀਆਂ ਹੀ ਸਾਡਾ ਘਰ ਹੋਣੀ ਹੈ, ਪਰ ਫੇਰ ਵੀ ਆਪਣੇ ਲੋਕਾਂ, ਯਹੂਦੀਆਂ, ਜ਼ਾਇਅਨਵਾਦੀਆਂ, ਇਲੂਮੀਨਾਟੀਆਂ ਦਾ ਕੋਈ ਨਾ ਕੋਈ ਆਪਣਾ ਘਰ, ਆਪਣਾ ਦੇਸ਼ ਵੀ ਹੋਣਾ ਚਾਹੀਦਾ ਹੈ। ਇਸਰਾਈਲ ਸਾਡੇ ਲਹੂ ਵਿੱਚ ਵੱਸਿਆ ਹੋਇਆ ਹੈ। ਉਸ ਤੋਂ ਚੰਗੇਰਾ ਕੋਈ ਹੋਰ ਥਾਂ ਕੋਈ ਹੋਰ ਖਿੱਤਾ, ਕੋਈ ਹੋਰ ਦੇਸ਼ ਹੋ ਹੀ ਨਹੀਂ ਸਕਦਾ। ਪ੍ਰਭੂ ਯਹੋਵਾਹ ਨੇ ਵੀ ਸਾਨੂੰ ਉਸੇ ਦੀ ਬਖਸ਼ਿਸ਼ ਹਜ਼ਾਰਾਂ ਸਾਲ ਪਹਿਲਾਂ ਕਰ ਦਿੱਤੀ ਸੀ। ਤਾਂ ਹੀ ਤਾਂ ਇਹ ਇਤਿਹਾਸਕ ਇਕੱਠ ਹੋ ਰਿਹਾ ਹੈ।

(ਹਾਲ ਤਾਲੀਆਂ ਨਾਲ ਗੂੰਜਦਾ ਹੈ।)

Darwin's Survival of the Fittest (ਜਿਸ ਦੀ ਲਾਠੀ ਉਸਦੀ ਭੈਂਸ। ਤਕੜੇ ਦਾ ਸੱਤੀਂ ਵੀਹੀਂ ਸੌ)

ਇੱਕ ਡੈਲੀਗੇਟ :- ਸਰ ਹਰਜ਼ਲ, ਤੁਸੀਂ ਕਾਰਲ ਮਾਰਕਸ ਨੂੰ ਖ਼ੂਬ

Scanned with OKEN Scanner

ਉਘੇੜ ਦਿੱਤਾ ਹੈ। ਏਸ ਮੌਕੇ ਤੇ ਲੱਗਦੇ ਹੱਥ ਇਹ ਵੀ ਸਾਫ ਕਰ ਦਿਉ ਕਿ ਡਾਰਵਿਨ ਦੇ ਖੋਜ ਪੱਤਰ 'ਆਦਮ ਨਸਲ ਦਾ ਆਦਿ (Origin of Human Spicies) ਦੇ ਪਿਛੋਕੜ ਵਿੱਚ ਜਾਇਿਅਨਵਾਦ ਵੱਲੋਂ ਯਹੂਦੀਆਂ ਦੀ 'ਇੱਕ ਸ੍ਰੇਸ਼ਟ ਕੌਮ' ਹੋਣ ਦਾ ਕੀ ਆਧਾਰ ਬਣਦਾ ਹੈ ?

ਹਰਜ਼ਲ :- ਦੋਸਤੋ, ਏਸ ਸੰਬੰਧ ਵਿਚ ਵੀ ਵਿਸਥਾਰ ਪੂਰਵਕ ਵਿਚਾਰ ਵਟਾਂਦਰਾ ਕੱਲ ਨੂੰ ਹੋਣਾ ਹੀ ਹੈ, ਪਰ ਹੁਣ ਮਸਲਾ ਛੋਹਿਆ ਗਿਆ ਹੈ ਤਾਂ ਸੰਖੇਪ ਵਿੱਚ ਮੈਂ ਆਪਣੀ ਸੂਝ-ਬੂਝ ਮੁਤਾਬਕ ਕੁਝ ਹਵਾਲੇ ਦੇ ਦਿੰਦਾ ਹਾਂ।

ਅਗਸਤ, 1897 ਚਲ ਰਿਹਾ ਹੈ। 19ਵੀਂ ਸਦੀ ਲਗ-ਭਗ ਖਤਮ ਹੋਣ ਵਾਲੀ ਹੈ। ਸਕਾਲਰਾਂ ਨੇ ਏਸ ਨੂੰ 'ਰੌਥਸਚਾਈਲਡ ਦੀ ਸਦੀ' ਮੁਲਾਂਕਣਾਂ ਸ਼ੁਰੂ ਕਰ ਦਿੱਤਾ ਹੋਇਆ ਹੈ। ਮਤਲਬ ਕਿ ਇਸ ਸਦੀ ਵਿੱਚ ਜੋ ਕੁਝ ਵੀ ਵਾਪਰਿਆ ਹੈ, ਉਸਦੀ ਅਰਥਾਤ ਰੌਥਸਚਾਈਲਡ ਦੀ ਰਜ਼ਾ ਅਨੁਸਾਰ ਵਾਪਰਿਆ ਹੈ।

ਮਾਰਕਸ ਅਤੇ ਡਾਰਵਿਨ ਇੱਕ-ਦੂਜੇ ਦੇ ਪੂਰਕ ਹਨ। ਮਾਰਕਸ ਵਾਂਗ ਡਾਰਵਿਨ ਨੇ ਵੀ ਨਾਸਤਿਕਤਾ ਦੀ ਹੋਰ ਪ੍ਰੋੜਤਾ ਕੀਤੀ ਹੈ।

ਇਸ ਸਮੇਂ ਸਾਡੇ ਵਾਸਤੇ ਸਫਲਤਾ ਦੀ ਮੰਜਲ ਵੱਲ ਅੱਗੇ ਵਧਣ ਲਈ 'ਨਾਸਤਿਕਤਾ' ਬਹੁਤ ਵੱਡਾ ਹਥਿਆਰ ਹੈ। ਸ਼ਾਇਦ ਸਭ ਤੋਂ ਵੱਡਾ। ਇਸ ਸੰਬੰਧ ਵਿਚ ਮਾਰਕਸ ਅਤੇ ਡਾਰਵਿਨ ਇਕ ਦੂਜੇ ਦੇ ਪੂਰਕ ਹਨ, ਸਹਾਇਕ ਹਨ, ਇੱਕ ਹਨ।

ਤੁਸੀਂ ਜਾਣਦੇ ਹੋ ਕਿ ਲਗਪਗ ਸਾਰੀ ਦੁਨੀਆਂ ਕੱਟੜ ਧਰਮਾ, ਮਜ਼ਹਬਾਂ, ਅਕੀਦਿਆਂ, ਵਿਸ਼ਵਾਸਾਂ, ਸੰਪਰਦਾਆਂ ਵਿੱਚ ਵੰਡ ਹੋ ਚੁੱਕੀ ਹੋਈ ਹੈ। ਸਾਡਾ ਪਰਮ ਮਨੋਰਥ ਹੈ-- One World Order ਅਰਥਾਤ 'ਇੱਕ ਵਿਸ਼ਵੀ ਨੇਮ'। ਸਾਡੇ ਵਲੋਂ ਇੱਕ ਵਿਸ਼ਵੀ ਨੇਮ ਦੀ ਪਹਿਲੀ ਮੱਦ ਹੈ, One World Religion ਅਰਥਾਤ 'ਇੱਕ ਵਿਸ਼ਵੀ ਧਰਮ' ਉਹ ਧਰਮ ਵੀ ਪੈਦਾ ਕਰ ਲਿਆ ਗਿਆ ਹੋਇਆ ਹੈ-ਜਿਸ ਦਾ ਨਾਮ ਹੈ 'ਇਲੂਮੀਨਾਟੀ'। ਅਸਾਂ ਏਸੇ ਨੂੰ ਇੱਕ ਵਿਸ਼ਵੀ ਧਰਮ ਬਣਾਉਂਣਾ ਹੈ।

ਕੱਟੜ ਪੰਥੀਆਂ ਨੂੰ ਇਸੇ ਦੇ ਘੇਰੇ ਵਿੱਚ ਕਿਵੇਂ ਲਿਆਂਦਾ ਜਾ ਸਕਦਾ ਹੈ? ਇੱਕੋ-ਇੱਕ ਸਾਧਨ ਹੈ-ਨਾਸਤਿਕਤਾਵਾਦ। ਕੱਟੜਪੰਥੀਆ ਨੂੰ ਪਹਿਲਾ Neutral ਅਰਥਾਤ ਨਿਰਪੇਖ ਅਰਥਾਤ ਧਰਮ-ਨਿਰਪੇਖ ਅਰਥਾਤ ਨਾਸਤਿਕ ਬਣਾਉਣਾ ਪਵੇਗਾ। ਇਹ ਮੰਜ਼ਿਲ ਨਹੀਂ, ਮੰਜ਼ਿਲ ਦਾ ਅਹਿਮ ਪੜ੍ਹਾ ਹੈ।

ਕਿਆਸ ਕਰੋ ਕਿ ਨਿਰਪੇਖ ਵਿਅਕਤੀ ਦੀ ਪਿੱਠ ਵਿੱਚ ਜਾਂ ਛਾਤੀ ਵਿੱਚ ਦੋਹੱਥੜ ਮਾਰ ਕੇ ਆਪਣੀ ਹੱਦ, ਆਪਣੇ ਘੇਰੇ (ਆਪਣੀ D) ਵਿੱਚ ਸੁੱਟਣਾ ਕਿੰਨਾ ਸੌਖਾ ਹੈ। ਉਹ ਵਿਰੋਧ ਕਰੇਗਾ ਹੀ ਨਹੀਂ ਜਾਂ ਮਾੜੇ ਮੋਟੇ ਹੱਥ ਪੈਰ ਮਾਰ ਕੇ ਨਿੱਸਲ ਹੋ ਜਾਏਗਾ।

ਦੂਜੇ ਪਾਸੇ ਕੱਟੜਪੰਥੀ ਦਾ ਮੁਤਾਲਿਆ ਕਰੋ। ਉਹ ਕੁਰਬਾਨ ਹੋ ਜਾਏਗਾ, ਮਰਨੀ ਮਰ ਜਾਏਗਾ ਪਰ 'ਕਬਹੂੰ ਨਾ ਛਾਡੈ ਖੇਤ'।

Scanned with OKEN Scanner
Scanned with OKEN Scanner

ਸਾਡੇ ਵਰਤਮਾਨ 'ਰਾਹਗੀਰਾਂ' ਨੇ ਆਪਣਾ ਧਨ ਖਰਚ ਕੇ ਐਵੇਂ ਤਾਂ ਨਹੀਂ ਡਾਰਵਿਨ ਨੂੰ ਘਰ ਘਰ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ। ਏਸੇ ਆਧਾਰ ਤੇ ਧਰਮ-ਨਿਰਪੇਖਤਾ ਦੀਆਂ ਲਹਿਰਾਂ ਚਲਾ ਕੇ ਲੋਕਾਂ (people) ਨੂੰ ਭੀੜ (crowd) ਬਣਾ ਦਿਆਂਗੇ। ਅੱਗੇ ਤੁਸੀਂ ਸਮਝਦੇ ਹੀ ਹੋ ..... ਕਿ ਕਿਸ ਮਕਸਦ ਵਾਸਤੇ ਇਹ ਸੰਮੇਲਨ ਬੁਲਾਇਆ ਗਿਆ ਹੈ।

ਡਾਰਵਿਨ ਦੀ ਇੱਕ ਹੋਰ ਬੜੀ ਵੱਡੀ ਦੇਣ ਹੈ। ਉਸਨੇ ਕੁਦਰਤ ਦੇ ਹੋਰ ਬਹੁਤ ਸਾਰੇ ਨੇਮਾਂ ਨੂੰ ਤਿਆਗ ਕੇ ਇੱਕ ਨੇਮ ਤੇ ਪੂਰੀ ਤਾਕਤ ਲਾ ਦਿੱਤੀ ਹੈ। ਉਹ ਨੇਮ ਹੈ 'ਤੱਕੜੇ ਦਾ ਸੱਤੀ ਵੀਹੀਂ ਸੌ' ਆਰਥਾਤ ਸ਼ਕਤੀ ਦੀ ਸਦਾ ਜੈ ਜੈ ਕਾਰ ਅਰਥਾਤ 'ਜਿਸ ਦੀ ਲਾਠੀ ਉਸ ਦੀ ਭੈਂਸ' ਅਰਥਾਤ Survival of the fittest , ਅਰਥਾਤ ਸ਼ਕਤੀਸ਼ਾਲੀ ਹੀ ਵਿਰੋਧਤਾਵਾਂ ਤੇ ਫਤਹ ਪਾ ਸਕਦਾ ਹੈ ਅਰਥਾਤ ਸ਼ਕਤੀਸ਼ਾਲੀ ਸਦਾ ਸਹੀ ਹੈ।

ਇਸ ਨਾਲ ਸਾਡੇ ਮਕਸਦ ਦੀ ਫਤਹ ਕਿੰਨੀ ਸੌਖੀ ਹੋ ਗਈ ਹੈ। ਸਾਡਾ ਤੀਸਰਾ ਉਜਾੜਾ ਢਾਈ ਹਜਾਰ ਸਾਲ ਪਹਿਲਾਂ ਹੋਇਆ ਸੀ। ਅਸੀਂ ਦੁਨੀਆਂ ਭਰ ਵਿਚ ਦੁਰਕਾਰੇ ਗਏ ਸਾਂ। ਆਖਰ ਸਾਡੇ ਵਿਚ ਕੁਝ ਤਾਂ ਹੈ ਕਿ ਅੱਜ ਅਸੀਂ ਦੁਨੀਆਂ ਦੇ ਸਭ ਤੋਂ ਵਡੇਰੇ ਧਨਾਢ ਹਾਂ। ਫੇਰ ਧਨ ਨੂੰ ਏਡੀ ਵੱਡੀ ਸ਼ਕਤੀ ਬਣਾ ਦਿੱਤਾ ਹੈ ਕਿ "ਜਿਸ ਹੱਥ ਧਨ ਕਰ ਵੇਖੇ ਸੋਇ ।''.... ਤੇ ਧਨ ਸਾਡੇ ਹੱਥਾਂ ਦੀ ਮੈਲ਼ ਹੈ।

ਇੱਕ ਹੋਰ ਇਸ਼ਾਰਾ ਦੇ ਦਿਆਂ। ਡਾਰਵਿਨ ਦੇ ਖੋਜ ਪੱਤਰ ਵਿੱਚ ਇੱਕ ਚਲੰਤ ਜਿਹੀ ਧਾਰਨਾ ਹੈ ਕਿ ਬਾਂਦਰ ਜਾਤੀ ਵਿੱਚ ਇੱਕ ਵਿਸ਼ੇਸ਼ ਕਿਸਮ ਦੀ ਮਦੀਨ ਬਾਂਦਰੀ (Female Monkey) ਹੋਈ ਹੋਵੇਗੀ। ਜਿਸਦੀ ਔਲਾਦ ਨੇ ਬਾਂਦਰ ਜਾਤੀ ਤੋਂ ਆਦਮ ਜਾਤੀ ਵੱਲ ਇੱਕ ਛੜੱਪਾ ਮਾਰਿਆ ਹੋਵੇਗਾ। ਇਸੇ ਨੂੰ ਮਿਕਦਾਰੀ ਤਬਦੀਲੀ (Qantitative change) ਤੋਂ ਸਿਫਤੀ ਤਬਦੀਲੀ (Qalitative change) ਕਿਹਾ ਜਾਂਦਾ ਹੈ। ਕੁਦਰਤ ਦੇ ਵਿਕਾਸ-ਨੇਮਾਂ ਵਿੱਚ ਇਉਂ ਵਾਪਰਦਾ ਹੀ ਹੈ।

ਉਸ ਵਿਸ਼ੇਸ਼ ਮਦੀਨ (ਮਾਦਾ) ਦਾ ਨਾਮ ਕਰਨ ਕੀਤਾ ਗਿਆ 'ਲੂਸੀ' (Lucy)। ਸਾਡੇ ਸਕਾਲਰਾਂ ਨੇ ਸਾਬਤ ਕਰ ਦੇਣਾ ਹੈ ਕਿ ਲੂਸੀ ਤੋਂ ਪੈਦਾ ਹੋਣ ਵਾਲੀ ਸੰਤਾਨ ਅਸੀਂ (ਯਹੂਦੀ) ਹੀ ਹਾਂ। ਲੋੜ ਪੈਣ ਤੇ ਅਸੀਂ ਇਹ ਵੀ ਸਾਬਿਤ ਕਰ ਸਕਾਂਗੇ ਕਿ ਅਸੀਂ (ਯਹੂਦੀ)। ਇਸ ਧਰਤੀ ਦੇ ਵਾਸੀ ਹੀ ਨਹੀਂ ਹਾਂ। ਅਸੀਂ ਐਲੀਅਨਜ਼ ਜਾਤੀ ਵਿੱਚੋਂ ਹਾਂ। ਹਾਲੇ ਏਨਾ ਹੀ .... ਸ਼ਾਇਦ ਮੈਂ ਵਾਧੂ ਬੋਲ ਗਿਆ ਹੋਵਾਂ।

ਅੰਤ 'ਚ ਇੱਕ ਹੋਰ ਇਸ਼ਾਰਾ ਦੇ ਦਿਆਂ। ਇਹ ਕਿ ਪੈਗੰਬਰਾਂ ਦੇ ਚੋਜ ਨਿਰਾਲੇ ਹੁੰਦੇ ਹਨ। ਕਈ ਕਥਨੀਆਂ ਅਤੇ ਕਰਨੀਆਂ ਦੇ ਸਿੱਟੇ ਦਹਾਂਕਿਆ ਤੇ ਸਦੀਆਂ ਬਾਅਦ ਸਾਹਮਣੇ ਆਉਦੇ ਹਨ।

ਸਾਡਾ ਪੈਗੰਬਰੀ ਪ੍ਰੀਵਾਰ ਅਰਥਾਤ ਰੌਥਸਚਾਈਲਡ ਪ੍ਰੀਵਾਰ ਵੀ ਨਿਰਾਲਾ ਹੀ ਹੈ।

Scanned with OKEN Scanner

ਮੈਂ ਕਹਿ ਚੁੱਕਿਆਂ ਕਿ ਅੱਜ ਦਾਰਸ਼ਨਿਕਾਂ ਦੇ ਦੋ ਕੱਟੜ ਵਿਰੋਧੀ ਧੜ੍ਹੇ ਸਾਹਮਣੇ ਆ ਚੁੱਕੇ ਹਨ। ਇੱਕ ਵਿਸੂਪਤ, ਮਾਰਕਸ, ਪਾਈਕ- - - ਆਦਿ ਦਾ ਤੇ ਦੂਸਰਾ ਕਾਰਲ ਰਿਟਰ, ਰੱਟਜ਼ੈੱਲ, ਨੀਤਸ਼ੇ- - - - -ਆਦਿ ਦਾ।

ਹੋ ਸਕਦਾ ਹੈ ਕਿ ਪੁਤਲੀਆਂ ਦੇ ਇਨ੍ਹਾਂ ਦੋਵਾਂ ਧੜ੍ਹਿਆਂ ਪਿੱਛੇ ਇੱਕੋ ਪੁਤਲੀਗਰ (Puppeteer) ਦਾ ਹੱਥ ਹੋਵੇ। ਹੋ ਸਕਦਾ ਹੈ ਕਿ ਸਾਡੇ ਕੱਟੜ ਦੁਸ਼ਮਣ ਵੀ ਸਾਡੇ ਵਧੀਆ ਮਿੱਤਰ (Best Friend) ਸਾਬਤ ਹੋਣ। ਸਮੇਂ ਦੀ ਲੋੜ ਹੈ ਕਿ ਹੋਰ ਕਿੰਤੂ ਪ੍ਰੰਤੂ ਨਹੀਂ .... ਪੈਗੰਬਰਾਂ ਤੇ ਵਿਸ਼ਵਾਸ ਦਾ ਵੀ ਆਪਣਾ ਮਹੱਤਵ ਹੁੰਦਾ ਹੈ।

ਸੰਮੇਲਨ ਦੇ ਏਸ ਸ਼ੈਸ਼ਨ ਨੂੰ ਸਮਾਪਤ ਕਰਨ ਤੋਂ ਪਹਿਲਾਂ ਮੈਂ ਕੇਵਲ ਤਿੰਨ ਨੁਕਤੇ ਸੰਖੇਪ ਵਿੱਚ ਰੱਖਣੇ ਚਾਹੁੰਦਾ ਹਾਂ।

ਪਹਿਲਾ, ਵਰਤਮਾਨ ਸਮੇਂ ਦੇ ਵਿਸ਼ਲੇਸ਼ਣ (analysis) ਅਨੁਸਾਰ ਮੇਰਾ ਨਜ਼ਰੀਆ ਬਣਿਆ ਹੈ ਕਿ When we sink, we become a revolutionary proletariat, ... the subordinate officers of all revolutionary parties. At the same time. When we rise, there rises also our terrible power of the purse. (ਜਦੋਂ ਅਸੀਂ ਹਾਰਦੇ ਹਾਂ (ਡੁਬਦੇ ਹਾ) ਤਾਂ ਅਸੀਂ ਇਨਕਲਾਬੀ ਪ੍ਰੋਲਤਾਰੀ ਦਾ ਰੂਪ ਹੁੰਦੇ ਹਾਂ ਜੋ ਇਨਕਲਾਬੀ ਪਾਰਟੀਆਂ ਦੇ ਛੋਟੇ ਅਫਸਰ ਹੁੰਦੇ ਹਨ। ਜਦੋਂ ਅਸੀਂ ਉਛਾਲਾ (ਜਿੱਤ) ਮਾਰਦੇ ਹਾਂ ਤਾਂ ਨਾਲ ਹੀ ਸਾਡੇ ਧਨ (ਵਟੂਏ) ਦੀ ਸ਼ਕਤੀ ਉਛਾਲਾ ਮਾਰਦੀ ਹੈ।)

ਦੂਸਰਾ, ਮੇਅਰ ਆਮਸ਼ੈਲ ਦਾ ਡਾਕੂਮੈਂਟ ਸਾਡਾ ਰੋਡਮੈਪ ਹੈ। ਇਨ-ਬਿਨ ਅਪਣਾਇਆ ਜਾਂਦਾ ਹੈ। ਇਸਦੇ ਕਈ ਸਿਰਲੇਖ ਰੱਖੇ ਗਏ ਹਨ। ਇਸ ਸੰਮੇਲਨ ਵਿੱਚ ਅੰਤਲਾ ਸਿਰਲੇਖ ਰੱਖਦੇ ਹਾਂ -- The Protocol of the Meetings of the Learned Elders of Zion. (ਜਾਇਅਨਵਾਦੀ ਵਿਦਵਾਨ, ਸਿਆਣਿਆਂ ਦੇ ਲਮੇਰੇ ਵਿਆਖਿਆਨਾਂ ਦਾ ਅੰਤ ਸੰਖਿਤ ਨਿਚੋੜ)

ਨੋਟ :- ਪ੍ਰੋਟੋਕੋਲ ਦਾ ਅਰਥ ਹੈ .... ਲਮੇਰੇ ਵਿਆਖਿਆਨਾਂ ਦਾ ਅਤਿ ਸੰਖੇਪ ਨਿਚੋੜ। ਜਾਇਅਨ ਦਾ ਅਰਥ ਹੈ ਇਸਰਾਈਲ ਸਮੇਤ ਸਾਰੀ ਦੁਨੀਆਂ ਦਾ ਰਾਜ ਭਾਗ ਹਥਿਆਉਂਣਾ।

ਤੀਸਰਾ, ਇੱਕ ਮਤਾ ਹੈ ਕਿ 'The Zionist Jews will use all their influence and power to prevent the rise and prosperity of other nations.' (ਜਾਇਅਨਵਾਦੀ ਯਹੂਦੀ ਦੂਸਰੀਆਂ ਸਾਰੀਆਂ ਕੌਮਾਂ ਦੀ ਉਨਤੀ ਤੇ ਖੁਸ਼ਹਾਲੀ ਨੂੰ ਬੰਧ ਲਾਉਣ ਲਈ ਆਪਣੇ ਸਾਰੇ ਅਸਰ ਰਸੂਖ ਤੇ ਸ਼ਕਤੀ ਦੀ ਵਰਤੋਂ ਕਰਨਗੇ।)

ਮੁਕਦੀ ਗੱਲ ਕਿ 'ਜਾਇਅਨਵਾਦੀ ਫੈਡਰੇਸ਼ਨ' ਪੱਕੇ ਤੌਰ ਤੇ ਸਥਾਪਿਤ ਹੋ ਗਈ ਹੈ। ਮਨੋਰਥ ਹੈ ਦੁਨੀਆਂ ਦੇ ਨਕਸ਼ੇ ਨੂੰ ਛਿਲ-ਤਰਾਸ਼ ਦੇ, ਇੱਕ ਹੋਰ ਮੁਲਕ ਉਪਜਾ ਕੇ ਯਹੂਦੀ

Scanned with OKEN Scanner

ਰਾਜ ਦੀ ਮੁੜ ਸੁਰਜੀਤੀ ਕਰਨੀ। ਅਸਲ ਮਨੋਰਥ ਹੈ ਤਾਕਤਾਂ ਦੇ ਤੀਸਰੇ ਕੇਂਦਰ ਵਿੱਚ ਪਹੁੰਚ ਬਣਾਉਣੀ। ਦੋ ਕੇਂਦਰ ਯਾਨੀ ਯੂਰਪ ਅਤੇ ਅਮਰੀਕਾ ਤਾਂ ਪਹਿਲਾਂ ਹੀ ਹਥਿਆ ਲਏ ਹੋਏ ਸਨ।

ਹੁਣ ਇਹ ਸੈਸ਼ਨ ਸਮਾਪਤ ਹੁੰਦਾ ਹੈ। ਖਾਣੇ-ਪੀਣੇ ਤੋਂ ਬਾਅਦ ਫਿਰ ਇਕੱਤਰ ਹੋਆਂ ਗੇ।

31 ਅਗਸਤ, 1897 ਰਾਤ ਤੱਕ ਸੈਸ਼ਨ ਚੱਲਦੇ ਰਹਿੰਦੇ ਹਨ।

*****

ਨੋਟ :- ਇਹ ਜਾਇਅਨਵਾਦੀ ਕਾਂਗਰਸ 1897 ਦਾ ਪਹਿਲਾ ਸੰਮੇਲਨ ਸੀ। ਅਗਲਾ ਬਹੁਤ ਸੰਖੇਪ ਇਤਿਹਾਸ ਮੇਰੀ ਪੁਸਤਕ 'ਸੱਚ ਸੁਣੋ ਸੱਚ ਦਾ ਵੇਲਾ' ਵਿਚੋਂ ਲਿਆ ਗਿਆ ਹੈ, ਜੋ ਇਸ ਪ੍ਰਕਾਰ ਹੈ ....

Scanned with OKEN Scanner

ਬੇਸਲ ਸੰਮਲਨ ਤੋਂ ਮਗਰੋਂ

1897 ਵਿੱਚ ਹੀ Zionist Organization of America ਸਥਾਪਿਤ ਹੋ ਗਈ। ਕੋਲੰਬੀਆ ਯੂਨੀਵਰਸਿਟੀ ਦਾ ਰਿਚਰਡ ਗੋਟਲ ਪਹਿਲਾ ਪ੍ਰਧਾਨ ਸੀ। ਦੂਜੀ ਅਤੇ ਤੀਜੀ ਕਾਂਗਰਸ 1898, 1899 ਵਿੱਚ ਬੇਸਲ ਵਿਖੇ ਹੀ ਹੋਈਆਂ। ਪਹਿਲੀ ਵਿੱਚ Jewish Colonial Trust ਦੀ ਸਥਾਪਨਾ ਵੀ ਕੀਤੀ ਗਈ।

ਚੌਥੀ ਕਾਂਗਰਸ (ਇੰਗਲੈਂਡ) ਵਿਖੇ 1900 ਵਿੱਚ ਹੋਈ। ਪੰਜਵੀਂ ਕਾਂਗਰਸ ਬਸਲੇ ਵਿਖੇ 1901 'ਚ ਹੋਈ, ਜਿਸ 'ਚ ਹਰਜ਼ਲ ਨੇ ਰਿਪੋਰਟ ਦਿੱਤੀ ਕਿ ਤੁਰਕੀ ਦੇ ਸੁਲਤਾਨ 'ਅਬਦੁਲ ਹਮੀਦ ਦੂਜੇ' ਨੇ ਜ਼ਮੀਨ ਮੁਲ ਦੇਣ ਤੋਂ ਇਨਕਾਰ ਕਰ ਦਿੱਤਾ ਹੈ। "ਜੀਊਇਸ ਨੈਸ਼ਨਲ ਫੰਡ" ਦੀ ਸਥਾਪਨਾ ਕੀਤੀ।

ਛੇਵੀਂ ਫਿਰ ਬਸਲੇ ਵਿਖੇ 1903 ਵਿੱਚ ਹੋਈ। ਮਸ਼ਵਰਾ ਆਇਆ ਕਿ ਯੁਗਾਂਡਾ ਵਿਖੇ ਯਹੂਦੀ ਹੋਮਲੈਂਡ ਦੀ ਸਥਾਪਨਾ ਹੋਵੇ ਪਰ ਮਤਾ ਪ੍ਰਵਾਨ ਨਾ ਹੋਇਆ ।

ਸੱਤਵੀਂ ਆਲਮੀ ਜ਼ਾਇਅਨਵਾਦੀ ਕਾਨਫਰੰਸ ਫਿਰ ਬਸਲੇ (ਸਵਿਟਜਰਲੈਂਡ) ਵਿਖੇ 1905 ਵਿੱਚ ਹੋਈ। ਹਰਜ਼ਲ ਦੀ ਥਾਂ ਡੇਵਿਡ ਵੁਲਫਸੋਨ ਨੂੰ ਪ੍ਰਧਾਨ ਥਾਪਿਆ ਗਿਆ। ਮੁੱਖ ਦਫ਼ਤਰ ਵੀਨਾ ਤੋਂ ਕਲੋਨ ਬਦਲਿਆ ਗਿਆ। ਇਸਰਾਈਲ ਦੇ ਯਹੂਦੀ ਬਸ਼ਿੰਦਿਆਂ ਨੂੰ ਲੋੜੋਂ ਵੱਧ ਧਨ ਦੇਣ ਦਾ ਮਤਾ ਪਕਿਆ ਕਿ ਉਹ ਜ਼ਮੀਨਾਂ ਤੇ ਉਦਯੋਗ ਖਰੀਦ ਲੈਣ। ਵਧੇਰੇ ਕਰਕੇ ਬੇਨਾਮੀ ਯਾਨੀ ਕਲਪਿਤ ਜਾਨੀ ਗਲਤ ਨਾਮਾਂ ਤੇ ਖਰੀਦਣ ਤਾਂ ਕਿ ਉਨ੍ਹਾਂ ਨਾਮਾਂ ਵਾਲੇ ਲੋਕਾਂ ਨੂੰ ਕਦੇ ਵੀ ਉਥੇ ਭੇਜ ਕੇ ਮਾਲਕ ਬਣਾਇਆ ਜਾ ਸਕੇ।

ਅੱਠਵੀਂ ਕਾਂਗਰਸ ਹੇਗ, ਨੀਦਰਲੈਂਡ, 1907 ਨੂੰ ਹੋਈ। ਪਾਸ ਹੋਇਆ ਕਿ ਬੇਨਾਮੀ ਜ਼ਮੀਨਾਂ ਤੇ ਉਦਯੋਗ ਖ਼ਰੀਦਣ 'ਚ ਵਾਧਾ ਹੋਈ ਜਾਵੇ। ਧਨਾਢ ਧਨ ਦੇਣਗੇ।

ਦੱਸਵੀਂ ਕਾਂਗਰਸ ਫਿਰ ਬਸਲੇ, ਸਵਿਟਜਰਲੈਂਡ ਵਿਖੇ ਹੋਈ। ਉਦੋਂ 'ਵਾਰਬਰਗ' ਨਵਾਂ ਪ੍ਰਧਾਨ ਨੀਅਤ ਹੋਇਆ। ਮੁਖ ਦਫ਼ਤਰ ਬਰਲਿਨ (ਜਰਮਨੀ) ਵਿਖੇ ਤਬਦੀਲ ਕੀਤਾ।

ਗਿਆਰਵੀਂ ਕਾਂਗਰਸ ਵੀਆਨਾ (ਆਸਟਰੀਆ) ਵਿਖੇ 1913 ਵਿੱਚ ਹੋਈ। ਮਤਾ ਪਾਸ ਹੋਇਆ ਕਿ ਜ਼ੇਰੂਸ਼ਲਮ ਵਿਖੇ ਹੈਬਰੀਊ ਯੂਨੀਵਰਸਿਟੀ ਸਥਾਪਤ ਕੀਤੀ ਜਾਏ। ਪਰ ਇਸ ਕੰਮ ਲਈ ਬਾਰਾ ਸਾਲ ਹੋਰ ਲਗ ਗਏ ਕਿਉਂਕਿ ਅਗਲੇ ਸਾਲ ਪਹਿਲੀ ਆਲਮੀ ਜੰਗ ਛਿੜ ਗਈ ਸੀ।

ਫਰੀ ਮੇਸ਼ਨਰੀ ਬਨਾਮ ਇਲੂਮੀਨਾਟੀ ਬਨਾਮ ਨਵਾਂ ਆਲਮੀ ਨੇਮ ਬਨਾਮ ਜਾਇਅਨਵਾਦ ਬਨਾਮ ਰੌਥਸਚਾਈਲਡ (ਇਹ ਸਾਰੇ ਇੱਕੋ ਰਾਵਣ ਦੇ ਵੱਖ-ਵੱਖ ਸਿਰ ਹਨ) ਵਾਸਤੇ ਆਪਣੀਆਂ ਸ਼ਰਤਾਂ ਲਾਗੂ ਕਰਨ ਅਤੇ ਸਰਮਾਇਆ ਵਧਾਉਣ ਦਾ ਸੁਨਹਿਰੀ ਮੌਕਾ ਸੀ।

Scanned with OKEN Scanner

ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਿਆ ਹੈ ਕਿ ਲੰਡਨ ਦੇ ਰੌਥਸਚਾਈਲਡ ਬੈਂਕ ਨੇ ਇੰਗਲੈਂਡ ਨੂੰ ਧਨ ਦਿੱਤਾ। ਫ੍ਰਾਂਸੀਸੀ ਨੇ ਫਰਾਂਸ ਨੂੰ ਅਤੇ ਜਰਮਨੀ ਦੇ ਬੈਂਕ ਨੇ ਜਰਮਨ ਨੂੰ। ਪਹਿਲਾ ਵਿਸ਼ਵ ਯੁੱਧ 1914 ਵਿਚ ਸ਼ੁਰੂ ਕਰਵਾ ਦਿੱਤਾ।

1917 ਤੱਕ ਵਿਸ਼ਵ ਜੰਗ ਸਿਖਰਾਂ ਤੇ ਸੀ। ਹੋਵੇ ਪਈ। ਲਹੂ ਵਹਿੰਦਾ ਤਾਂ ਹੋਰ ਵਹੇ। ਅੱਗਾਂ ਵਰ੍ਹਦੀਆਂ, ਹੋਰ ਵਰਨ, ਕਤਲਾਮ ਹੁੰਦੇ, ਹੋਰ ਹੋਣ। ਦੇਸ਼ਾਂ ਕੌਮਾਂ ਦੀਆਂ ਹੱਦਾਂ ਹਦੂਦਾਂ ਟੁੱਟਦੀਆਂ ਭੱਜਦੀਆਂ, ਚੁੱਲ੍ਹੇ 'ਚ ਪੈਣ ਦੇਸ਼ ਕੌਮਾਂ। ਜੰਗਕਾਰਾਂ ਨੇ ਆਪਣੇ ਹਿੱਤਾਂ ਨੂੰ ਪਹਿਲ ਦੇਣੀ ਸੀ।

(ਇਹ ਕੁਝ ਟਿੱਪਣੀਆਂ ਦੇਣ ਦਾ ਮਹਿਜ ਇਹੀ ਪਰਜੋਜਨ ਹੈ ਕਿ ਅਹਿਸਾਸ ਕਰ ਸਕੀਏ ਕਿ ਪਰਦੇ ਪਿਛਲਾ ਹੱਥ ਕਿੰਨਾ ਮਜ਼ਬੂਤ ਅਤੇ ਖੂੰਖਾਰ ਸੀ। ਆਲਮੀ ਪੱਧਰ ਦੇ ਦਾਰਸ਼ਨਿਕ, ਨੀਤੀਵੇਤਾ, ਬੁਧੀਜੀਵੀ, ਘਾਗ ..... ਕੁਝ ਵੀ ਨਾ ਸਮਝ ਸਕੇ। ਜੋ ਸਮਝਦੇ ਹੋਣਗੇ ਮੌਤ ਸਾਹਮਣੇ ਦਿਸਦੀ ਹੋਏਗੀ। ਹਾਲੇ ਵੀ ਇਹੀ ਹਾਲ ਹੈ। ਇੱਕ ਤੋਂ ਮਗਰੋਂ ਇੱਕ ਹੋਰ ਅਤੇ ਹੁਣ ਹੋਰ ਵਿਸ਼ਵ ਜੰਗ ਦੀਆਂ ਤਿਆਰੀਆਂ ਹਨ ਪਰ ਸਿਆਣੇ ਲੋਕ ਦੇਖ ਕੇ ਅਣਜਾਣ ਹਨ।)

ਬਹਰਹਾਲ, 'ਜਿਸ ਹੱਥ ਧਨ, ਕਰ ਦੇਖੇ ਸੋਇ।'

ਹਾਲਾਤ ਐਸੇ ਪੈਦਾ ਕੀਤੇ ਗਏ ਕਿ ਦੋ ਨਵੰਬਰ 1917 ਨੂੰ ਬਰਤਾਨੀਆਂ ਦੇ ਬਦੇਸ਼ ਸਕੱਤਰ ਆਰਥਰ ਜੇਮਸ਼ ਬਾਲਫਰ ਨੂੰ ਇੱਕ ਫੁਰਮਾਨ ਜਾਰੀ ਕਰਨਾ ਪਿਆ ਜਿਸ ਦਾ ਨਾਮ ਹੀ 'ਬਾਲਫਰ ਫਰਮਾਨ' ਪੈ ਗਿਆ। ਇਹ ਫਰਮਾਨ ਏਨਾ ਮਹੱਤਵਪੂਰਨ ਸੀ ਕਿ ਇਸਨੇ ਤੀਸਰੀ ਵਿਸ਼ਵ ਜੰਗ ਦੀ ਬੁਨਿਆਦ ਦੀ ਪਹਿਲੀ ਇੱਟ ਰੱਖਣ ਵਿੱਚ ਸਹਿਯੋਗ ਦਿੱਤਾ ਸੀ।

ਇਸਦੇ ਮਹੱਤਵ ਨੂੰ ਸਮਝਦਿਆਂ ਇਸ ਨੂੰ ਅੰਗ੍ਰੇਜੀ ਭਾਸ਼ਾ ਵਿਚ ਇਨ-ਬਿਨ ਲਿਖ ਰਿਹਾ ਹਾਂ। (ਇਹ ਪੱਤਰ ਉਸਨੇ ਸਰਕਾਰੀ ਪੈਡ ਉੱਪਰ ਲਿਖਿਆ ਹੈ ਤੇ ਸਰਕਾਰੀ ਸੀਲ ਬੰਦ ਕੀਤਾ ਹੈ)

I have pleasure in coneveying to you, on behalf of His Majisty's Government the following Declaration of sympathy with Jewish Zionist aspirations which has been submitted to and approved by, the Cabinet.

His Majisty's Government view with favour the establishment in Palestine of a National Home for the Jewish people and will use their best endeavors to facilitate the achievement of this object, it being clearly understood that nothing shall be done which may prejudice the civil and religious

Scanned with OKEN Scanner

rights and political status enjoyed by Jews in any other Country.

I should be greatful if you would bring this declaration to the knowledge of the Zionist Federation.

Your's sincerely,
Arthur James Balfour
Secretary, Foreign Affair,
Govt. of G.B.
02-11-1917

ਬਾਰਵੀਂ ਕਾਨਫਰੰਸ ਕਾਰਲਸਬਾਦ (ਚੈਕੋਸਲੋਵਾਕੀਆ) ਵਿਖੇ 1921 ਵਿੱਚ ਹੋਈ। ਆਲਮੀ ਜੰਗ ਕਰਕੇ ਲੜੀ ਟੁੱਟ ਗਈ ਸੀ। ਇਸ ਕਾਂਗਰਸ ਵਿੱਚ 'ਬੈਲਫਰ ਐਲਾਨ' ਲਈ ਇੰਗਲੈਂਡ, ਅਮਰੀਕਾ ਤੇ ਅਲਾਈਡ ਦਾ ਧੰਨਵਾਦ ਕੀਤਾ ਗਿਆ। ਕੁਝ ਕਾਗਜ਼ੀ ਕਾਰਵਾਈਆਂ ਹੋਈਆਂ ਕਿ ਅਰਬਾਂ ਤੇ ਫਲਸਤੀਨੀਆਂ ਨੂੰ ਸਮਝਾਇਆ ਜਾਏ .... ਆਦਿ ਆਦਿ ....।

ਹੁਣ ਵੱਡੀ ਸਮੱਸਿਆ ਸੀ ਕਿ ਕਿਹੜਾ ਯਹੂਦੀ ਯੂਰਪ ਅਤੇ ਅਮਰੀਕਾ ਵਿਖੇ ਆਪਣੇ ਵਸਦੇ ਘਰ, ਕਾਰੋਬਾਰ ਦੇ ਖੂਬਸੂਰਤ ਇਲਾਕੇ ਛੱਡ ਦੇ ਅਰਬ ਦੇ ਮਾਰੂਥਲ ਵਿੱਚ ਜਾਏ। ਕਿਸਾਨਾਂ, ਮਜਦੂਰਾਂ, ਛੋਟੇ ਕਾਰੋਬਾਰੀਆਂ ਨੂੰ ਬੜੇ ਲਾਲਚ ਦਿੱਤੇ ਗਏ ਪਰ ਸਿੱਟਾ ਕੋਈ ਖਾਸ ਨਿਕਲੇ ਨਾ।

ਦੂਜੀ ਆਲਮੀ ਜੰਗ ਸੁਰੂ ਹੋ ਗਈ। ਵਿੱਤੀ ਸਮੀਕਰਨ ਬਿਲਕੁਲ ਪਹਿਲੀ ਆਲਮੀ ਜੰਗ ਵਾਲੇ ਹੀ ਸਨ। ਹਾਂ, ਸਿਆਸੀ ਤੌਰ ਤੇ ਨੀਤਸ਼ੇਵਾਦ ਦੇ ਆਖਰਾਂ ਦੇ ਪ੍ਰਚਾਰ ਸਦਕਾ ਫਾਸੀਵਾਦ ਅਤੇ ਨਾਜ਼ੀਵਾਦ ਨਵੀਆਂ ਪਾਰਟੀਆਂ ਪਰਚੰਡ ਰੂਪ ਵਿੱਚ ਸਾਹਮਣੇ ਆ ਗਈਆਂ ਸਨ।(ਫਾਸ਼ੀਵਾਦ, ਨਾਜ਼ੀਵਾਦ---ਆਰੀਆ ਦਾਰਸ਼ਨਿਕਤਾ ਤੇ ਅਧਾਰਤ ਕੱਟੜ ਰਾਸ਼ਟਰੀਵਾਦੀ ਸੰਘ)

ਰਾਕਫੈਲਰ ਅਤੇ ਮਾਰਗਨ ਘਰਾਣੇ, ਜੋ ਅਸਲ ਵਿੱਚ ਰੌਥਸਚਾਈਲਡਾਂ ਦੇ ਭਣੋਈਏ ਸਨ, ਅਮਰੀਕੀ ਸਿਆਸਤ ਵਿੱਚ ਅਨਿਖੜਵੀਂ ਤਾਕਤ ਬਣ ਗਏ ਸਨ। ਉਨ੍ਹਾ ਨੇ ਜਰਮਨ ਦੇ ਹਿਟਲਰ ਨਾਲ ਨਿੱਤ ਨਵੀਆਂ ਚਾਲਾਂ ਚੱਲ ਕੇ ਯਹੂਦੀਆਂ ਦਾ 'ਹੋਲੋਕਾਸਟ' ਕਤਲੇਆਮ ਕਰਨ ਲਈ ਮਜਬੂਰ ਕੀਤਾ। ਯਹੂਦੀਆਂ ਦੀ ਡਿਕਸ਼ਨਰੀ ਵਿੱਚ ਸੱਠ ਲੱਖ ਦ਼ਾ ਅੰਕੜਾ ਬਹੁਤ ਮਹੱਤਵ ਰੱਖਦਾ ਹੈ। ਪ੍ਰਚਾਰ ਹੋਇਆ ਕਿ ਹਿਟਲਰ ਨੇ ਸੱਠ ਲੱਖ ਯਹੂਦੀ ਗੈਸ ਚੈਂਬਰਾਂ ਵਿੱਚ ਕਤਲ ਕੀਤੇ। ਤੱਥਾਂ ਨੂੰ ਗਲਪ ਵਿੱਚ ਬਦਲ ਹੋਇਆ - - --

ਕੁਝ ਵੀ ਹੋਵੇ ਡਰ-ਖੌਫ ਅਤੇ ਬਚਾਅ ਦਾ ਮਸਲਾ ਖੜਾ ਕਰਕੇ ਯਹੂਦੀਆਂ ਨੂੰ 'ਘਰ

Scanned with OKEN Scanner

ਵਾਪਸੀ' ਲਈ ਮਜਬੂਰ ਹੋਣਾ ਪਿਆ। ਉਂਜ ਰਾਕਫੈਲਰ, ਮਾਰਗਨ ਅਤ ਰੌਥਸਚਾਈਲਡ ਅਨੇਕਾਂ ਵਾਰੀ ਆਖ ਚੁਕੇ ਹਨ ਕਿ ,"Nazis are our best friends,"

ਇਉਂ 1948 ਵਿੱਚ ਅਰਬਾਂ ਦੀ ਧਰਤੀ ਤੇ ਜਾਇਅਨਵਾਦੀ ਇਸਰਾਈਲ ਦੀ ਸਥਾਪਨਾ ਹੋਈ।

*****

ਨੋਟ : ਪਿਆਰੇ ਵਿਲਿਅਮ ਪ੍ਰੇਮ, ਏਥੋਂ ਤੱਕ ਮੈਂ ਜ਼ਾਇਅਨਵਾਦੀਆਂ ਦੇ ਵਿਚਾਰਧਾਰਕ ਪੱਖ ਦੇ ਪ੍ਰਗਟਾਵੇ ਤੇ ਵਧੇਰੇ ਜ਼ੋਰ ਦਿੱਤਾ ਹੈ।

ਅੱਗੇ ਸ਼ੁਰੂ ਹੁੰਦਾ ਹੈ 'ਅਮਲ', ਜਿਸ ਦਾ ਪ੍ਰਤੱਖ ਰੂਪ ਹੈ ਵਿਸ਼ਵਯੁੱਧ ਪਹਿਲਾ, ਵਿਸ਼ਵ ਯੁੱਧ ਦੂਜਾ ਅਤੇ ਅਗੇਰੇ ......।

'ਸਕਰਿਪਟ' ਰੂਪ ਵਿੱਚ ਪੇਸ਼ ਕਰਨ ਲਈ ਵੀ ਇਤਿਹਾਸਕ ਸਖਸ਼ੀਅਤਾਂ (ਪਾਤਰਾਂ) ਨੂੰ ਹੀ ਆਧਾਰ ਬਣਾਇਆ ਹੈ। ਦੱਸਣਾਂ ਕਿ ਤੇਰੇ ਚੁਣੇ ਹੋਏ ਐਕਟਰਾਂ ਦਾ ਇਸ ਬਾਰੇ ਕੀ ਕਰਮ ਤੇ ਪ੍ਰਤੀਕਰਮ ਹੈ।

ਅਗਲੇ ਕਾਂਡਾ ਵਿੱਚ ਉਨ੍ਹਾਂ ਦੇ ਭਾਵਾਂ-ਪ੍ਰਭਾਵਾਂ ਦੀ ਵੀ ਕਦਰ ਕੀਤੀ ਜਾਵੇਗੀ ....

.... ਲੇਖਕ

Scanned with OKEN Scanner

ਰੂਸੀ ਇਨਕਲਾਬ ਦਾ ਸੱਚ

ਉਰਗੇਵਸਕੀ, ਗਲਿੰਕਾ, ਸਰਜੀਅਸ, ਸੁਖੋਟਿਨ (1925-26)

ਸਟਾਲਿਨ ਦੇ ਰੂਸ ਦੇ ਸਾਏਬੇਰੀਅਨ ਇਲਾਕੇ ਦਾ ਬਦਨਾਮ ਲੈਬਰ ਕੈਂਪ 'ਕਰਕਾਟੋਵ' ਹੈ। ਜੇਲ੍ਹ ਦੇ ਤੀਹ ਨਿੱਕੇ-ਨਿੱਕੇ ਸੈੱਲ ਹਨ। ਇਨ੍ਹਾਂ ਵਿਚ ਰਹਿਣ ਵਾਲੇ ਕੈਦੀਆਂ ਨੂੰ ਵਧੇਰੇ 'ਖਤਰਨਾਕ' ਸਮਝਿਆ ਜਾਂਦਾ ਹੈ। ਜਦੋਂ ਇਹ ਸੈੱਲ ਚੋਂ ਬਾਹਰ ਵੀ ਕੱਢੇ ਜਾਂਦੇ ਹਨ ਤਾਂ ਆਪਸ ਵਿੱਚ ਗੱਲਬਾਤ ਕਰਨ ਦੀ ਆਗਿਆ ਨਹੀਂ ਹੁੰਦੀ। ਇਨ੍ਹਾਂ ਦੇ ਪਹਿਰੇ ਤੇ ਤਾਇਨਾਤ ਸਿਪਾਹੀ (ਕਰਮਚਾਰੀ) ਨੂੰ ਬੜਾ ਹੀ ਚੌਕਸ ਰਹਿਣਾ ਪੈਂਦਾ ਹੈ। ਕੁਲ ਚਾਰ ਮਹੀਨੇ ਪਹਿਲਾਂ ਕੁਝ ਐਸੀਆਂ ਘਟਨਾਵਾਂ ਜਾਨੀ ਕਿ ਕੈਂਪ ਦੇ ਸੈੱਲਾਂ ਚੋਂ ਫਰਾਰੀਆਂ ਹੋ ਚੁੱਕੀਆਂ ਹਨ, ਜਿਨ੍ਹਾਂ ਕਰਕੇ ਸਖਤੀ ਪਹਿਲੇ ਨਾਲੋਂ ਵੱਧ ਗਈ ਹੋਈ ਹੈ।

ਆਖਰ ਹੈ ਤਾਂ ਇਹ ਲੇਬਰ ਕੈਂਪ ਹੀ। ਲੇਬਰ ਕਰਵਾਉਣੀ ਵੀ ਜ਼ਰੂਰੀ ਹੈ। ਇਹੀ ਇਨ੍ਹਾਂ ਦੀ ਸਜ਼ਾ ਦਾ ਹਿੱਸਾ ਵੀ ਹੈ।

'ਲੇਬਰ' ਹੀ ਇੱਕੋ ਇੱਕ ਐਸਾ ਤਰੀਕਾ ਹੈ ਜਿਸ ਦੁਆਰਾ ਕੁਲੀਨ ਜਮਾਤ ਨੂੰ ਵੀ ਅਤੇ ਕੁਰਾਹੇ ਪਏ 'ਕਾਮਰੇਡਾਂ' ਨੂੰ ਵੀ 'ਡੀ-ਕਲਾਸ' ਕੀਤਾ ਜਾ ਸਕਦਾ ਹੈ, ਸਮਾਜ ਦੇ ਹਰ ਵਰਤਾਰੇ ਵਿੱਚ Purge (ਸਾਫ-ਸਫਾਈ) ਕੀਤੀ ਜਾ ਸਕਦੀ ਹੈ। 'ਲੇਬਰ' ਹੀ ਸਾਰੀਆਂ, ਸਮਾਜਿਕ, ਨਿੱਜੀ ਅਤੇ ਸੰਘੀ ਪਿਛਾਂਹ-ਖਿਚੂ ਰੁਚੀਆਂ ਦਾ ਇਕ ਮਾਤਰ 'ਹੱਲ' ਹੈ।

ਇਸ ਬੈਰਕ ਤੋਂ ਕੁਝ ਦੂਰੀ ਤੇ ਇੱਕ ਪਥਰੀਲਾ ਵਿਸ਼ਾਲ ਮੈਦਾਨ ਹੈ। ਉਸ ਵਿੱਚ ਕੁਝ ਖੰਦਕਾਂ ਪੁੱਟਣ ਦੀ ਯੋਜਨਾ ਬਣੀ ਹੈ। ਬੈਰਕ ਦੇ ਬਸ਼ਿੰਦਿਆਂ ਵਿੱਚ ਯੁਵਕ, ਅਧਖੜ ਅਤੇ ਬੁਢੀ ਉਮਰ ਦੇ 'ਕੈਦੀ' ਸ਼ਾਮਲ ਹਨ। ਇਸ ਹਫਤੇ ਦੇ ਸ਼ੁਰੂ ਦਿਨ ਦੀ ਸਵੇਰੇ ਤੋਂ ਹੀ ਇਨ੍ਹਾਂ ਦੇ ਹੱਥਾਂ ਵਿੱਚ ਗੈਂਤੀਆਂ ਥਮ੍ਹਾਈਆਂ ਜਾਂਦੀਆਂ ਰਹੀਆਂ ਹਨ ਤੇ ਪਥਰੀਲੇ ਮੈਦਾਨ ਵਿੱਚ ਖੰਦਕਾਂ ਪੁੱਟਣ ਦਾ ਕੰਮ ਸੌਂਪਿਆਂ ਜਾਂਦਾ ਰਿਹਾ ਹੈ।

ਅੱਜ ਇਸ ਚਲ ਰਹੇ ਹਫਤੇ ਦਾ ਆਖਰੀ ਦਿਨ ਹੈ। ਸੂਰਜ ਅਸਤ ਹੋਣ ਤੱਕ ਇਨ੍ਹਾਂ ਦੇ ਸਪਤਾਹਿਕ ਕੰਮ ਦਾ ਲੇਖਾ ਜੋਖਾ ਹੋਣਾ ਹੈ।

ਅੱਜ ਹੀ ਇੱਕ ਨਵੇਂ ਪਹਿਰੇਦਾਰ ਸਿਪਾਹੀ ਨੇ ਡੀਊਟੀ 'ਜਾਇਨ' ਕੀਤੀ ਹੈ। ਪਹਿਲਾ ਦਿਨ ਹੋਣ ਕਰਕੇ ਹੀ ਇਸ ਨਵੇਂ ਸਿਪਾਹੀ (ਅਫ਼ਸਰ) ਨੇ ਕਿਸੇ ਦੀ ਝਿੜਕ-ਝੰਬ ਨਹੀਂ ਕੀਤੀ ਹੈ। ਬਹੁਤਾ ਸਮਾਂ ਉਹ ਆਪਣੇ ਜਰਾ ਉਚੇਰੇ ਚਬੂਤਰੇ ਉਪਰ ਖਲੋਤਾ ਸਭ ਕੁਝ ਦੇਖਦਾ ਭਾਲਦਾ ਰਿਹਾ ਹੈ। ਉਸ ਕੋਲ ਨਿੱਕੀ ਜਿਹੀ ਦੂਰਬੀਨ ਵੀ ਹੈ ਜਿਸ ਨਾਲ ਬਹੁਤਾ ਸਮਾਂ ਉਹ ਆਸੇ-ਪਾਸੇ ਨੀਝ ਟਿਕਾਈ ਦੇਖਦਾ ਭਾਲਦਾ ਰਿਹਾ ਹੈ। ਜੇਕਰ ਪੁਟੀਆਂ ਜਾ ਰਹੀਆਂ ਖੰਦਕਾਂ ਵਲ ਚੱਕਰ ਮਾਰਦਾ ਵੀ ਹੈ ਤਾਂ 'ਲੇਖਕ' ਨਾਲ ਬੜੀ ਨਿਮਰਤਾ ਤੇ ਹਲੀਮੀ ਨਾਲ ਪੇਸ਼

Scanned with OKEN Scanner
Scanned with OKEN Scanner

ਆਉਂਦਾ ਹੈ।

ਕੈਦੀਆਂ ਵਿੱਚ ਇੱਕ ਬਜੁਰਗ ਆਦਮੀ ਵੀ ਹੈ।

ਕਦੇ-ਕਦੇ ਅੱਖ ਬਚਾਆ ਕੇ ਉਸ ਦੇ ਸਾਥੀ ਉਸ ਦੇ ਕੰਮ ਵਿੱਚ ਉਸ ਦੀ ਕੁਝ ਸਹਾਇਤਾ ਕਰ ਦਿੰਦੇ ਹਨ।

ਸ਼ਾਮ ਪੈ ਜਾਂਦੀ ਹੈ।

ਕੈਦੀ ਇੱਕ-ਇੱਕ, ਦੋ-ਦੋ, ਤਿੰਨ-ਤਿੰਨ ਕਰਕੇ ਸਿਪਾਹੀ ਦੀ ਦੇਖ ਰੇਖ ਹੇਠ ਬੈਰਕ ਵੱਲ ਜਾਂਦੇ ਹਨ। ਸਾਰੇ ਚਲੇ ਜਾਂਦੇ ਹਨ। ਉਹ ਬਜੁਰਗ ਹਾਲੇ ਵੀ ਗੈਂਤੀ ਤੇ ਗੈਂਤੀ ਚਲਾਈ ਜਾਂਦਾ ਹੈ।

ਸਿਪਾਹੀ ਨੇੜੇ ਜਾਂਦਾ ਹੈ।

ਸਿਪਾਹੀ - ਬਾਬਾ ਜੀ, ਬਸ ਕਰੋ, ਸੂਰਜ ਅਸਤ ਹੋਣ ਨੂੰ ਐ।

ਬਜ਼ੁਰਗ - ਬੱਸ ਕਿਵੇਂ ਕਰਾਂ? ਅਜੇ ਕੱਲ੍ਹ ਵਾਲਾ ਈ ਪੂਰਾ ਨਹੀਂ ਹੋਇਆ। ਲੇਖਾ ਜੋਖਾ ਹੋਣਾਂ। ਮੇਰਾ ਕੰਮ ਘੱਟ ਨਿਕਲਿਆ ਤਾਂ ਸਜ਼ਾ ਵਜੋਂ ਹੋਰ ਵਾਧੂ ਕੰਮ ਕਰਨਾ ਪਊ ....

ਸਿਪਾਹੀ - (ਹੋਰ ਨੇੜੇ ਹੁੰਦਾ ਹੈ।) ਬਾਬਾ ਜੀ, ਤੁਸੀਂ ਤੇ ਪਸੀਨੇ ਨਾਲ ਤਰੋ ਤਰ ਹੋ।
ਉਪਰੋਂ ਏਨੀ ਠੰਡ ਤੇ ਤੁਸੀ ਪਸੀਨੇ 'ਚ ਗੜ੍ਹਚ .... ਏਨੀ
ਠੰਡ ਤੇ ਏਨਾ ਪਸੀਨਾ-ਉ ਮੇਰਿਆ ਰੱਬਾ ....

ਬਜੁਰਗ - ਏਹੀ ਤਾਂ ਜਿੰਦਗੀ ਦਾ ਇਸ਼ਕ ਹੁੰਦਾ, ਸਾਹਾਂ-ਪ੍ਰਾਣਾ ਦਾ ਇਸ਼ਕ ਹੁੰਦਾ। ਇਹ ਇਸ਼ਕ ਈ ਐ ਕਿ ਏਨੀ ਠੰਡ 'ਚ ਏਨਾ ਪਸੀਨਾ ....।

ਸਿਪਾਹੀ- ਤੁਸੀਂ ਠੀਕ ਕਿਹਾ। ਪਰ ਇਸ਼ਕ ਦੀ ਅੱਗ ਦੋਵਾਂ ਪਾਸੇ ਬਰਾਬਰ ਮਘ ਰਹੀ ਹੈ। ਏਸ ਅੱਗ 'ਚ ਮਘਣ ਵਾਲੇ ਹੋਰ ਵੀ ਬੜੇ ਨੇ। ਤਾਹੀਓਂ ਹਾਲੇ ਵੀ ਸੰਸਾਰ ਚੱਲੀ ਜਾ ਰਿਹਾ। ਅੱਗ ਮਘਦੀ ਰਹਿਣੀ ਐ, ਸੰਸਾਰ ਚਲਦਾ ਰਹਿਣਾ। ਕਿਉਂ ਜੀ ਉਰਗੇਵਸਕੀ ਜੀ, ਠੀਕ ਕਿਹਾ? ਠੀਕ ਕਿਹਾ ਤੁਹਾਡੇ ਸ਼ਿਸ਼-ਪੁੱਤਰ ਐਟਲੋਵ ਨੇ .... ?

(ਬਜ਼ੁਰਗ ਉਰਗੇਵਸਕੀ ਗੈਂਤੀ ਸੁੱਟ ਦਿੰਦਾ ਹੈ। ਉਸਨੂੰ ਆਪਣੇ ਕੰਨਾਂ ਤੇ ਜਕੀਨ ਨਹੀਂ ਹੁੰਦਾ ਹੈ। ਉਹ ਧਾ ਕੇ ਯੁਵਕ ਨੂੰ ਗਲਵੱਕੜੀ ਵਿੱਚ ਲੈ ਕੇ ਖੁਸ਼ੀ ਵਿੱਚ ਉੱਚੀ-ਉੱਚੀ ਢਾਅਾਂ ਮਾਰਨੀਆਂ ਚਾਹੁੰਦਾ ਹੈ ....)

ਉਰਗੇਵਸਕੀ - (ਬਾਹਾਂ ਫੈਲਾਉਂਦਾ ਹੋਇਆ) ਓ ਐਟਲੋਵ .... ਓਹ ਮੇਰੇ ਸ਼ਿਸ਼ .... ਮੇਰੇ ਪੁੱਤਰ ....।

Scanned with OKEN Scanner

Scanned with OKEN Scanner

ਐਟਲੋਵ - ਪਾਪਾ, ਜ਼ਬਤ .... ਜ਼ਬਤ .... ਹੋ ਸਕਦਾ ਕਿ ਅਸੀਂ ਦੇਖੇ ਜਾ ਰਹੇ ਹੋਈਏ। ਮੈਂ ਤੁਹਾਨੂੰ ਆਜ਼ਾਦ ਕਰਵਾਉਣ ਆਇਆਂ। ਤੁਸੀਂ ਆਜ਼ਾਦੀ ਦੀ 'ਸਮ੍ਹਾਂ' ਹੋ। ਸਮ੍ਹਾਂ ਆਪਣਾ ਚਾਨਣ ਵੰਡੇ। ਤੁਹਾਨੂੰ ਆਜ਼ਾਦ ਕਰਾਉਣ ਲਈ ਉਨ੍ਹਾਂ ਮੇਰੀ ਤਾਇਨਾਤੀ ਦਾ ਪ੍ਰਬੰਧ ਕੀਤਾ। ਮੈਂ ਹਸ਼ਰ ਭੁਗਤ ਲਵਾਂਗਾ।

ਉਰਗੇਵਸਕੀ- ਸੱਚ, ਕਿਤੇ ਐਨ ਉਲਟ ਨਾ ਹੋਵੇ। ਆਜ਼ਾਦ ਹੋਣ ਤੇ ਆਜ਼ਾਦ ਕਰਾਉਣ ਦੇ ਬਹਾਨੇ ਸਿਧੀ ਗੋਲੀ .... ਏਦਾ ਹੁੰਦੈ ....

ਐੱਟਲੋਵ - ਸ਼ਾਬਾਸ਼ ਮੇਰੇ ਪਾਪਾ .... ਏਨੀ ਭਾਵੁਕਤਾਂ ਵਿਚ ਵੀ ਏਨਾ ਜ਼ਬਤ, ਏਨਾ ਸਹਿਜ, ਏਨੀ ਤਰਕ-ਸੰਗਤਾ ...... ਬਲਿਹਾਰੇ ......

ਉਰਗੇਵਸਕੀ- ਮੇਰੇ ਤੇ ਏਡਾ ਵੱਡਾ ਅਹਿਸਾਨ .... ਕੋਈ ਤਾਂ ਕਾਰਨ ਹੋਏਗਾ ....

ਐੱਟਲੋਵ - ਕਾਰਨ ਹੈ ....'ਸ਼ਮ੍ਹਾਂ ਦੀ ਲੋਅ'।

ਅੱਧੀ ਸਦੀ ਦੇ ਸੱਚ ਦੀ ਸ਼ਮ੍ਹਾਂ ਨੂੰ ਤੁਸੀਂ ਲਹੂ ਬਾਲ ਕੇ ਟਿੱਮ-ਟਿੱਮਾਉਂਦੀ ਰੱਖਿਆ। ਤੁਸੀਂ ਸਭ ਨਾਲੋਂ ਵੱਧ ਜਾਣਦੇ ਹੋ ਕਿ ਪਰਦਿਆਂ ਪਿੱਛੇ ਕੌਣ, ਕੀ ਕਰ ਰਿਹੈ? ਚੰਗੇ ਭਲੇ ਰੂਸੀ ਲੋਕਾਂ ਨੂੰ ਉਨ੍ਹਾਂ ਪਹਿਲਾਂ ਭੀੜ ਬਣਾਇਆ। ਅੱਜ ਉਨ੍ਹਾਂ ਰੂਸੀਆਂ ਨੂੰ ਸਿਰ ਦੇ ਵਾਲਾਂ ਤੋਂ ਫੜ ਕੇ ਜਮੀਨ ਵਿਚ ਗੱਡਿਆ ਹੋਇਆ ......

ਉਰਗੇਵਸਕੀ- ਐੱਟਲੋਵ...........ਮੇਰੇ ਸ਼ਿਸ਼ ....ਮੇਰੇ ਪੁੱਤਰ ....ਤੂੰ ਜੋ ਕਹਿਨੈ, ਸੱਚੋ ਸੱਚ ਹੈ। ਹੁਣ ਮੈਂ ਇਨ੍ਹਾਂ ਉਜੜੇ ਖੇਤਾਂ 'ਚ ਕੀ ਕਰਾਂਗਾ ?

ਐੱਟਲੋਵ - ਤੁਸੀਂ ਉਜੜੇ ਖੇਤਾਂ 'ਚ ਬਚੇ-ਖੁਚੇ ਸਿੱਟੇ ਲੱਭੋਗੇ, ਸਿੱਟੇ ਚੁਗੋਗੇ, ਬੋਹਲ਼ ਬਣਾਉਂਗੇ, ਅੱਗੋਂ ਬਿਜਾਈ ਕਰੋਂਗੇ। ਤੁਸੀਂ ਮੇਰੀ ਦੀਦੀ ਤੇ ਆਪਣੀ ਪੁੱਤਰੀ ਜਸਟਿਨ ਗਲਿੰਕਾ ਨੂੰ ਲੱਭੋਗੇ, ਪ੍ਰੋ: ਸਰਜੀਅਸ ਨਾਈਲਸ ਨੂੰ ਲੱਭੋਗੇ। ਅਲੈਕਸੀ ਸੁਖੋਟਿਨ ਨੂੰ ਲੱਭੋਗੇ .... ਪਾਪਾ, ਤੁਸੀਂ ਫੇਰ ਅੱਥਰੂ ਵਹਾਉਣ ਲਗ ਪਏ ਹੋ। ਮੈਨੂੰ ਪਤਾ ਸੀ ਕਿ ਇਹ ਨਾਮ ਸੁਣ ਕੇ ਤੁਸੀਂ ਜਜਬਾਤੀ ਹੋ ਜਾਓਗੇ। ਵਿਛੜੇ, ਪਰਮ ਸੱਜਣਾ ਦੇ ਵਿਛੋੜੇ ਦੀ ਕਸਕ ਹੁੰਦੀ ਹੀ ਏਦਾਂ ਦੀ ਹੈ ....

ਉਰਗੇਵਸਕੀ- ਬੇਟੇ, ਤੇਰੀ ਗੱਲ ਵੀ ਠੀਕ ਹੈ। ਪਰ ਮੇਰੇ ਮਨ ਵਿੱਚ ਵੀ ਆਤਮ ਪੀੜ (Guilty conscience) ਰਹੀ ਹੈ। ਮੈਂ ਉਨ੍ਹਾਂ ਨੂੰ ਬਹੁਤ ਦੁਖਾਂ ਵਿਚ ਪਾਇਆ। ਉਹ ਜੀਊਂਦੇ ਹੋਣਗੇ ਵੀ ?

ਐੱਟਲੋਵ- ਦੁੱਖ ਝੱਲਣ ਦੀ ਮਨਾਪਲੀ ਇੱਕਲੇ ਮੇਰੇ ਪਾਪਾ ਉਰਗੇਵਸਕੀ ਕੋਲ ਹੀ ਨਹੀਂ.........।

Scanned with OKEN Scanner

ਉਰਗੇਵਸਕੀ- ਉ ਐਂਟਲੋਵ ਤੂੰ ਬੰਦਾ ਏ ਕਿ ਜਿਨ੍ਹ ....

ਐਂਟਲੋਵ - ਜਿਨ੍ਹ ਜ਼ੋ ਬੰਦੇ ਦੇ ਸਿਰ ਚੜ੍ਹ ਬੋਲਦਾ ਹੈ .... ਤੁਸੀਂ ਉਨ੍ਹਾਂ ਨੂੰ ਲੱਭੋਗੇ। ਲੱਭ ਪਏ ਤਾਂ ਜਾਣੋਗੇ ਕਿ ਉਹ ਤੁਹਾਡਾ ਹੀ ਇੰਤਜਾਰ ਕਰ ਰਹੇ ਹੋਣਗੇ। ਤੁਸੀਂ ਰੂਸ ਦੀ ਅੱਧੀ ਸਦੀ ਦਾ ਸੱਚ ਹੱਡੀ ਹੰਢਾਇਆ। ਉਨ੍ਹਾਂ ਨੇ ਵੀ। ਤੁਸੀਂ ਕਲਮ ਦੇ ਵੀ ਧਨੀ ਹੋ। ਸਭ ਕੁਝ ਨੂੰ ਕਲਮ-ਬੰਦ ਕਰੋਗੇ। ਇਤਿਹਾਸ ਦੇ ਬਲਾਤਕਾਰੀ ....

(ਦੋਵੇਂ ਖਿੜ-ਖਿੜਾ ਕੇ ਹੱਸਦੇ ਹਨ। ਉਰਗੇਵਸਕੀ ਐਂਟਲੋਵ ਨੂੰ ਗਲਵੱਕੜੀ ਵਿੱਚ ਲੈਣਾ ਚਾਹੁੰਦਾ ਹੈ .... ਪਰ ਜ਼ਬਤ ਰੱਖਦਾ ਹੈ ....)

ਉਰਗੇਵਸਕੀ- ਸ਼ਾਬਾਸ਼ ਮੇਰੇ ਜਿਨ੍ਹ ਬੇਟੇ। ਪਰ ਮੈਂ ਕਿੰਨਾ ਸੁਆਰਥੀ ਹਾਂ। ਤੇਰੇ ਬਾਰੇ ਕੁਝ ਵੀ ਨਹੀਂ ਪੁੱਛਿਆ। ਤੂੰ ਉੱਥੇ ਏਥੇ ਕਿਵੇਂ ਪੁੱਜਿਆ ?

ਐਂਟਲੋਵ - ਸਮਾਂ ਨਹੀਂ ਹੈ। ਉਹੀ ਸੱਜਣ ਦੱਸਣਗੇ। ਹਾਲ ਦੀ ਘੜੀ ਤੁਸੀਂ ਮੇਰੇ ਮਗਰ-ਮਗਰ ਆਉ। ਸਾਰਾ ਪ੍ਰਬੰਧ ਹੋ ਚੁੱਕਿਆ। ਔਹ ਝੌਂਪੜੀਆਂ ਦੇ ਨੇੜੇ ਇੱਕ ਨਿੱਕੀ ਜਿਹੀ ਗਠੜੀ ਬੱਝੀ ਪਈ ਹੈ। ਕੁਝ ਨਕਦੀ ਤੇ ਹੋਰ ਲੋੜੀਂਦਾ ਸਾਮਾਨ ਉਸ ਵਿੱਚ ਪਿਐ .... ਤੁਸੀਂ ਰੂਸ ਦੇ ਚੱਪੇ-ਚੱਪੇ ਦੇ ਵਾਕਿਫ ਹੋ। ਰਸਤੇ ਤੁਸੀਂ ਆਪੇ ਲੱਭ ਲੈਣੇ .... ਬਣਾ ਲੈਣੇ ...... ਤੁਸੀਂ ਫਰਾਰ ਹੋ ਜਾਉ ......। ਚੰਗਾ ਬਈ ਇਤਿਹਾਸ ਦੇ ਸਿਰਜਕੋ, ਤੁਹਾਡੀ ਜੈ ....ਰੱਬ ਰਾਖਾ।

ਉਰਗੇਵਸਕੀ- ਤੇਰਾ ਵੀ ਰੱਬ ਰਾਖਾ, ਪਰ .... ਪਰ ਇਤਿਹਾਸ ਦੇ ਬਲਾਤਕਾਰੀਆਂ ਦੀ ਖੈ ਹੋਏਗੀ, ਇਕ ਦਿਨ।

ਉਰਗੇਵਸਕੀ 'ਫਰਾਰ' ਹੋ ਜਾਂਦਾ ਹੈ।

Scanned with OKEN Scanner

ਉਰਗੇਵਸਕੀ ਦੀ ਡਗਰ

(ਜੰਗਲ ਦੀ ਡਗਰ ਹੈ)

ਉਰਗੇਵਸਕੀ ਮਿੰਨੀ ਜਿਹੀ ਰੋਸ਼ਨੀ ਦੀ ਸਹਾਇਤਾ ਨਾਲ ਝਾੜੀਆਂ ਚੋਂ ਬਚਦਾ ਬਚਾਉਂਦਾ, ਰਸਤਾ ਬਣਾਉਂਦਾ ਤੁਰਿਆ ਜਾ ਰਿਹਾ ਹੈ। ਘਣੇ ਜੰਗਲ ਚੋਂ ਲੰਘਦਾ ਲੰਘਦਾ ਉਹ ਪੇਤਲੇ ਜੰਗਲ ਵਿੱਚ ਪੁੱਜ ਜਾਂਦਾ ਹੈ। ਇੱਕ ਪੱਧਰੀ ਜਿਹੀ ਥਾਂ, ਤੇ ਉਹ ਅਟਕ ਜਾਂਦਾ ਹੈ। ਉੱਪਰ ਵੱਲ ਦੇਖਦਾ ਹੈ ਤੇ ਆਪਣੇ ਆਪ ਨਾਲ ਗੱਲਾਂ ਕਰਦਾ ਹੈ -

'ਤਾਰਿਆਂ ਦੀ ਸਥਿਤੀ ਤੋਂ ਪਤਾ ਲੱਗਦਾ ਹੈ ਕਿ ਰਾਤ ਅੱਧੀਉ ਟੱਪ ਗਈ ਹੈ। ਬਲਿਹਾਰੇ ਐਂਟਲੋਵ ਦੇ। ਉਸ ਦੇ ਵਾਰਤਾਲਾਪਾਂ ਨੇ ਨਸ਼ਾ ਈ ਚੜ੍ਹਾਈ ਰੱਖਿਆ ਹੈ। ਮੇਰੀਆ ਆਸ-ਕਿਰਨਾਂ ਦੀ ਲੋਅ ਘੱਟਦੀ ਜਾ ਰਹੀ ਸੀ। ਪਰ ਉਹ ਤਾਂ ਇਕ ਲਾਟ ਦੀ ਤਰ੍ਹਾਂ ਐਨ ਸਮੇਂ ਤੇ ਆਇਆ। ਹਾਲ ਦੀ ਘੜੀ ਮੇਰੇ ਸਾਰੇ ਸਰੀਰਕ ਤੇ ਮਾਨਸਿਕ ਦੁੱਖ-ਕਸ਼ਟ ਮੁਢੋਂ ਈ ਪੁੱਟੇ ਗਏ ਲੱਗਣ ਲਗ ਪਏ ਹਨ। ਪਹਿਲੇ ਦਿਨ ਦੀ ਮਿਲਣੀ ਤੋਂ ਬਾਅਦ ਅੱਜ ਤਕ ਦੀ ਇਸ ਮਿਲਣੀ ਤੱਕ ਉਹਦੇ ਵਿੱਚ ਕੋਈ ਅੰਤਰ ਨਹੀਂ ਆਇਆ ਹੈ। ਉਵੇਂ ਦਾ ਉਵੇਂ, ਬਰਾਬਰ .... ਪਿਆਰ, ਸਤਿਕਾਰ, ਦੁਲਾਰ ਦਾ ਪੁੰਜ।

ਮੇਰੇ ਤਕ ਪੁਜਣਾ ਤੇ ਫੇਰ ਪਹਿਲੇ ਈ ਦਿਨ ਆਜ਼ਾਦ ਕਰਾਉਣਾ, ਬੜੀ ਬਿਖੜੀ ਕਹਾਣੀ ਹੋਏਗੀ। ਲੱਭਾਂਗਾ। ਹਨੇਰੇ ਕਿਨੇ ਵੀ ਸੰਘਣੇ ਹੋਣ ਚਾਨਣ ਦੀ ਲੀਕ ਤੇ ਸਦਾ ਹਾਵੀ ਨਹੀਂ ਹੋ ਸਕਦੇ।

ਉਹ ਦਿਨ? ਹਾਂ, ਉਸ ਦਿਨ ਦੀ ਸਵੇਰ, ਦੁਪਹਿਰ, ਸ਼ਾਮ ਤੇ ... ਉਹ ਰਾਤ, ਕਿਆ ਬਾਤ ਸੀ। ਨਿੱਜੀ ਤੇ ਪ੍ਰੀਵਾਰਕ ਜਿੰਦਗੀ ਈ ਬਦਲ ਗਈ। ਐਉਂ ਜਿਵੇਂ ਅੱਜ ਦੀ ਹੀ ਘਟਨਾ ਹੋਏ। ਉਸ ਦਿਨ ਸਵੇਰੇ ਮੈਂ 'ਜਾਇਨ' ਕੀਤਾ, ਚੀਫ ਨਾਲ ਵਿਚਾਰ-ਵਟਾਂਦਰਾ ਹੋਇਆ ਤੇ ਝੱਟ ਮਗਰੋਂ ਬਾਦਸ਼ਾਹ ਜ਼ਾਰ ਨਿਕੋਲਸ ਦੂਜੇ ਨਾਲ ਪਹਿਲੀ ਮੁਲਾਕਾਤ ਹੋਈ। ਦੁਪਹਿਰੇ ਐਟੱਲੋਵ ਨੇ 'ਜਾਇਨ' ਕੀਤਾ, ਮੇਰਾ ਮੂੰਹ-ਬੋਲਿਆ ਪੁਤਰ ਬਣਿਆ। ਰਾਤੀਂ ਗਲਿੰਕਾ ਨੇ ਅਹਿਮ ਫੈਸਲਾ ਲੈ ਲਿਆ ....

ਮੈਨੂੰ ਤੇ ਸਭੋ ਕੁਝ ਭੁਲਦਾ ਜਾ ਰਿਹਾ ਸੀ। ਇਉ ਲੱਗਦਾ ਸੀ ਕਿ ਜਿਵੇ ਦਹਾਕੇ ਲੰਘ ਗਏ ਹੋਣ ...... ਹੁਣ ਲਗਦਾ ਪਿਆ ਇਹ ਤਾ ਅੱਜ ਦੀ ਈ ਤਾਜੀ ਘਟਨਾ ਹੈ, ਜਿਵੇਂ .....

ਲਉ, ਕੁੱਤਿਆਂ ਦੀ ਇਕ ਹੋਰ 'ਟੋਲੀ' ਮੈਨੂੰ ਲੱਭਦੀ ਲਭਦੀ ਧੋਖਾ ਖਾ ਗਈ ..... ਔਹ ਲੰਘ ਗਈ। ਮੈਨੂੰ ਲੱਭ ਸਕਣਾ ਏਨਾ ਸੌਖਾ ਨਹੀਂ।

ਆਹਾ, ਚੰਦਰਮਾ ਪੂਰੇ ਵੇਗ ਚ ਚਮਕ ਰਿਹਾ ਅੱਜ ਦੀ ਰਾਤ। ਜ਼ਰਾ ਏਸ ਪੱਧਰ ਤੇ ਬੈਠਾਂ, ਬੀਤਿਆ ਸਮਾ ਯਾਦ ਕਰਾਂ। ਬੀਤੇ ਨੂੰ ਯਾਦ ਕਰਕੇ ਹੀ ਤਾਂ ਵਰਤਮਾਨ ਰਾਹੀਂ ਭਵਿੱਖ ਨਾਲ ਕੜੀ ਸਹੀ ਤਰਾਂ ਜੁੜੇਗੀ। ਹੁਣ ਚਿੰਤਾ ਵੀ ਕਾਹਦੀ, ਆਜ਼ਾਦ ਹਾਂ। ਗੁਪਤ ਰਹਿਣਾ ਮੈਨੂੰ

Scanned with OKEN Scanner

Scanned with OKEN Scanner

ਖੂਬ ਆਉਂਦਾ। ਸਾਰੀ ਉਮਰ ਗੁਪਤ ਤੇ ਭੂਮੀਗਤ ਰਹਿ ਕੇ ਈ ਬਿਤਾਈ। ਰੁਜ਼ਗਾਰ ਮਿਲਿਆ ਤਾਂ ਚੇਕਾ ਵਿੱਚ। ਸਫਲਤਾ ਏਨੇ ਤਿੱਖੇ ਵੇਗ ਨਾਲ ਮਿਲੀ ਕਿ 10-12 ਸਾਲਾ ਵਿੱਚ ਜ਼ਾਰ ਦੇ ਮਹਿਲ ਦੇ ਸ਼ਾਹੀ ਚੀਫ ਗੁਪਤਚਰ ਦਾ ਡਿਪਟੀ ਨਿਯੁਕਤ ਹੋ ਗਿਆ। ਚੀਫ ਥੋੜੇ ਦਿਨਾ ਬਾਅਦ ਰਿਟਾਇਰ ਹੋਣ ਵਾਲਾ ਸੀ। ਏਸ ਦਾ ਮਤਲਬ ਸੀ ਕਿ ਮੈ ਹੀ ਚੀਫ ਬਣਨਾ ਸੀ।

ਜਿਵੇ ਕੱਲ ਦੀ ਘਟਨਾ ਹੋਵੇ।

(ਪਿਛਲ ਝਾਤ)

ਉਰਗੇਵਸਕੀ ਦਾ ਪਹਿਲਾ ਦਿਨ (ਸਮਾ ਸਵੇਰ ਦਾ)

ਜਾਸੂਸੀ ਵਿਭਾਗ ਦੇ ਚੀਫ ਦਾ ਸੱਜਿਆ ਧੱਜਿਆ ਦਫਤਰੀ ਕਮਰਾ ਹੈ।

ਚੀਫ ਉੱਚੀ ਕੁਰਸੀ ਤੇ ਸੱਜਿਆ ਬੈਠਿਆ ਹੈ। ਉਰਗੇਵਸਕੀ ਆਗਿਆ ਲੈਕੇ ਅੰਦਰ ਵੜਦਾ ਹੈ।

ਚੀਫ ਖੜਾ ਹੋ ਕੇ ਓਰਗੇਵਸਕੀ ਦੇ ਦੋਵੇਂ ਹੱਥ ਆਪਣੇ ਹੱਥਾਂ ਵਿੱਚ ਘੁੱਟਦਾ ਹੈ।

(ਦੋਵੇਂ ਬੈਠ ਜਾਂਦੇ ਹਨ)

ਚੀਫ - ਮਿਸਟਰ ਉਰਗੇਵਸਕੀ ਮੈਨੂੰ ਖੁਸ਼ੀ ਹੈ ਕਿ ਬਾਦਸ਼ਾਹ ਜ਼ਾਰ ਨੇ ਮੇਰੀ ਸਿਫਾਰਿਸ਼ ਸਵੀਕਾਰ ਕੀਤੀ ਤੇ ਤੁਹਾਨੂੰ ਏਥੇ ਮੇਰਾ ਸਹਾਇਕ ਅਫਸਰ ਨਿਯੁਕਤ ਕੀਤਾ ਹੈ।

ਉਰਗੇਵਸਕੀ - ਤੁਹਾਡਾ ਬਹੁਤ-ਬਹੁਤ ਧੰਨਵਾਦ, ਸਰ।

ਚੀਫ- ਮੈਂ ਦਸ ਫਾਈਲਾਂ ਮੰਗਵਾਈਆਂ ਸਨ। ਤੁਹਾਡੀ ਫਾਈਲ ਪੜ੍ਹ ਕੇ ਬਸ ਮਜ਼ਾ ਆ ਗਿਆ ਤੇ ਸਿਫਾਰਿਸ਼ ਕਰ ਦਿੱਤੀ।

ਉਰਗੇਵਸ਼ਕੀ - ਫੇਰ ਧੰਨਵਾਦ।

ਚੀਫ - ਤੁਸੀਂ ਜ਼ਾਰ ਖਾਨਦਾਨ ਦੇ ਸੱਚੇ ਸਪੂਤ ਹੋ।

ਉਰਗੇਵਸਕੀ - ਜ਼ਾਰ ਖਾਨਦਾਨ ਦੇ ?

ਚੀਫ - ਮੇਰਾ ਮਤਲਬ ਹੈ, ਰੂਸੀ ਲੋਕਾਂ ਦੇ, ਰੂਸੀ ਕੌਮ ਦੇ, ਬਲਕਿ ਸਮੁੱਚੀ ਇਨਸਾਨੀਅਤ ਦੀਆਂ ਸੁੱਚੀਆਂ ਕਦਰਾਂ-ਕੀਮਤਾਂ ਦੇ।

ਉਰਗੇਵਸ਼ਕੀ - ਧੰਨਵਾਦ ! ਸ਼ਰਮਿੰਦਾ ਨਾ ਕਰੋ ਸਰ।

ਚੀਫ - ਮੇਰਾ ਯਕੀਨ ਹੈ ਕਿ ਤੁਸੀਂ ਰੂਸ ਦੇ ਭੂਗੋਲ, ਰੂਸ ਦੇ ਇਤਿਹਾਸ ਔਰ ਰੂਸੀ

Scanned with OKEN Scanner

ਜ਼ਾਰ ਖਾਨਦਾਨ ਦੇ ਇਤਿਹਾਸ ਬਾਰੇ ਖੂਬ ਅਧਿਐਨ ਕੀਤਾ ਹੋਇਆ।

ਉਰਗੇਵਸਕੀ - ਹਾਂ, ਆਪਣੇ ਵੱਲੋਂ ਪੂਰੀ-ਪੂਰੀ ਕੋਸ਼ਿਸ਼ ਕੀਤੀ ਹੈ। ਮੈਂ ਸਾਮੀ-ਫੀਲੋਸੋਫੀ ਅਤੇ ਆਰੀਆ ਫੀਲੋਸੋਫੀ ਦਾ ਵੀ ਪਹੁੰਚ ਮੁਤਾਬਕ ਅਧਿਅਨ ਕੀਤਾ ਹੈ। ਹਾਂ, ਕਮੀ ਰਹੀ ਹੋਏਗੀ ਤਾਂ ਤੁਹਾਨੂੰ ਉਸਤਾਦ ਧਾਰ ਕੇ ਪੂਰੀ ਕਰਾਂਗਾ।

ਚੀਫ - ਹਾਂ, ਸਾਨੂੰ ਯਾਦ ਰੱਖਣਾ ਹੋਵੇਗਾ ਕਿ ਸਮੁੱਚੇ ਤੌਰ 'ਤੇ ਜੀਵਨ ਦੇ ਇਤਿਹਾਸ ਵਿੱਚ, ਯੂਰਪ ਦੇ ਇਤਿਹਾਸ ਵਿੱਚ ਅਤੇ ਖਾਸ ਕਰਕੇ ਰੂਸ ਦੇ ਇਤਿਹਾਸ ਵਿੱਚ ਜ਼ਾਰ ਖਾਨਦਾਨ ਦਾ ਕੀ ਰੋਲ ਹੈ।

ਉਰਗੇਵਸਕੀ - ਸਰ, ਮੈਂ ਸਮਝਣਾ ਕਿ ਥੋਹੜੇ ਬਹੁਤ ਫਰਕ ਨਾਲ ਸਾਰੀ ਦੁਨੀਆਂ ਦੇ ਸਾਰੇ ਸ਼ਾਹੀ ਖਾਨਦਾਨ ਲੱਗ-ਭਗ ਇਕੋ ਜਿਹੇ ਹੀ ਹੁੰਦੇ ਸਨ। ਯੂਰਪ ਦੇ ਬਾਦਸ਼ਾਹਾਂ ਤੇ ਪਟਰਾਣੀਆਂ ਦੀ ਇੱਕ ਸਾਂਝ ਇਹ ਵੀ ਹੈ ਕਿ ਇਨ੍ਹਾਂ ਦੀਆਂ ਆਪਸ ਵਿੱਚ ਬਹੁਤ ਨੇੜਲੀਆਂ ਰਿਸ਼ਤੇਦਾਰੀਆਂ ਵੀ ਹਨ। ਇਹੋ ਤੱਥ ਅਰਬਿਸਤਾਨ ਦੇ ਦੇਸ਼ਾਂ ਦੇ ਬਾਦਸ਼ਾਹਾਂ ਤੇ ਵੀ ਬਰਾਬਰ ਢੁੱਕਵਾਂ ਹੈ।

ਚੀਫ - ਫੇਰ ਮਜੇਦਾਰ ਤੱਥ ਇਹ ਵੀ ਕਿ ਲੰਬੇ ਧਰਮ ਯੁੱਧ ਵੀ ਲੜਦੇ ਹਨ ਤੇ ਊਚਾ-ਨੀਚਾ ਦਿਖਾਉਣ ਲਈ ਆਪਸ ਵਿੱਚ ਵੀ ਸੌ-ਸੌ ਸਾਲ ਲੰਬੀਆਂ ਲੜਾਈਆਂ ਲੜਦੇ ਹਨ। ਹੋਰ ਮਜ਼ੇਦਾਰ ਤੱਥ ਇਹ ਕਿ ਮਰਦੇ ਆਮ ਲੋਕ ਹਨ ਤੇ ਇਹ ਅੰਤ ਆਪਸ ਵਿੱਚ ਸਮਝੌਤੇ ਕਰ ਲੈਂਦੇ ਹਨ। ਸਾਂਝੇ ਹਿੱਤਾਂ ਦੀ ਸਾਂਝ ਜੁ ਹੋਈ।

ਉਰਗੇਵਸਕੀ - ਸਰ, ਮੈਂ ਸਮਝਦਾ ਹਾਂ ਕਿ ਇਸ ਸਾਰੇ ਸਿਲਸਿਲੇ ਵਿਚ ਸਾਡਾ ਯਸੂਸਾਂ ਦਾ ਵੀ ਅਹਿਮ ਰੋਲ ਹੁੰਦਾ ਹੈ। ਅਮਨ ਤੇ ਜੰਗ ਵਿੱਚ ਅਸੀਂ ਵੀ ਹਿੱਸੇਦਾਰ ਹੁੰਦੇ ਹਾਂ।

ਸਮੁੱਚੇ ਤੌਰ ਤੇ ਅਸੀਂ ਸਰਕਾਰਾਂ ਦੇ ਹੱਥ- ਠੋਕੇ ਹੁੰਦੇ ਹਾਂ। ਫੇਰ ਵੀ ਸਾਡੀ ਆਪਣੀ ਜਾਤੀ ਤੇ ਸੰਘੀ ਦ੍ਰਿਸ਼ਟੀ ਦਾ ਵੀ ਕੁਝ ਨਾ ਕੁਝ ਮਹੱਤਵ ਹੁੰਦਾ ਹੈ। ਮੇਰਾ ਮਤਲਬ ਇਨਸਾਨੀਅਤ (Humanism) ਦੇ ਨਜ਼ਰੀਏ ਤੋਂ ਹੈ ਤੇ ਇਸ ਨਜ਼ਰੀਏ ਦੀ ਰੂਪ ਰੇਖਾ ਬਣਦੀ ਹੈ ਦਾਰਸ਼ਨਿਕਤਾਵਾਂ ਦੇ ਡੂੰਘੇ ਅਧਿਅਨ ਦੁਆਰਾ।

ਚੀਫ - ਯੁਗ ਯੁਗ ਜੀਓ ਮਿਸਟਰ ਉਰਗੇਵਸਕੀ। ਇਹ ਦਾਰਸ਼ਨਿਕਤਾ ਯਾਨੀ ਵਿਚਾਰਧਾਰਾਈ ਮਸਲੇ ਨੂੰ ਥੋੜਾ ਹੋਰ ਅੱਗੇ ਤੋਰੋ ....

ਉਰਗੇਵਸਕੀ - ਇਹ ਐਲਾਨਣਾ ਕਿ ਸ੍ਰਿਸ਼ਟੀ ਵਿਚ ਦੋ ਹੀ ਨਜਰੀਏ ਹਨ - ਇੱਕ ਯਹੂਦੀ ਅਤੇ ਦੂਸਰਾ ਗੋਇਮ (ਯਾਨੀ ਕਿ ਗੈਰ-ਗ਼ਹੂਦੀ) ਜਾਂ ਇਹ ਕਹਿਣਾ ਕਿ ਦੋ ਹੀ ਵਰਗੀ ਦ੍ਰਿਸ਼ਟੀਕੋਣ ਹਨ- ਇਕ ਪ੍ਰੋਲਤਾਰੀ ਅਤੇ ਦੂਜਾ ਬੁਰਜੁਆਜ਼ੀ। ਇਹ ਦੋਵੇਂ ਕਥਨ ਝੂਠ, ਫਰੇਬ ਅਤੇ ਅਸਲ ਸੱਚ ਤੇ ਪਰਦਾ ਪਾਉਣ ਵਾਲੇ ਕਥਨ

Scanned with OKEN Scanner

ਹਨ। ਦੋਵਾਂ ਨੇ ਇਤਿਹਾਸ ਦਾ ਬਲਾਤਕਾਰ ਕੀਤਾ ਹੈ ਅਤੇ ਅੱਗੋ ਵੀ ਕਰਨਾ ਹੈ। ਅਸਲ ਸੱਚ ਇਹ ਹੈ ਕਿ ਸ੍ਰਿਸ਼ਟੀ ਵਿਚ ਦੋ ਹੀ ਦਾਰਸ਼ਨਿਕਤਾਵਾਂ ਹਨ। ਪਹਿਲੀ ਹੈ ਆਰੀਆਂ (Aryan) ਦਾਰਸ਼ਨਿਕਤਾ ਅਤੇ ਦੂਜੀ ਕਿਤੇ ਬਾਅਦ ਵਿੱਚ ਪੈਦਾ ਹੋਈ, ਸਾਮੀ (Semitic) ਦਾਰਸ਼ਨਿਕਤਾ। ਆਰੀਆ ਦਾਰਸ਼ਨਿਕਤਾ ਜ਼ਮੀਨ ਦੀ ਅਜਾਰੇਦਾਰੀ ਵਾਲੀ ਦਾਰਸ਼ਨਿਕਤਾ ਹੈ ਅਤੇ ਦੂਸਰੀ ਜਮੀਨ ਦੀ ਉਪਜ ਤੋਂ ਉਪਜੇ ਧਨ-ਦੌਲਤ ਵਾਲੀ ਦਾਰਸ਼ਨਿਕਤਾ ਹੈ। ਪਹਿਲੀ ਨੇ ਧਰਤੀ ਨੂੰ ਛੋਟੇ ਵੱਡੇ ਪ੍ਰੀਵਾਰਾਂ ਤੋਂ ਸ਼ੁਰੂ ਕਰਕੇ ਕਬੀਲਿਆਂ, ਰਿਆਸਤਾਂ, ਸਮੰਤਾਂ, ਰਾਜਾਂ, ਸਲਤਨਤਾਂ ਅਤੇ ਦੇਸ਼ਾਂ-ਦੇਸ਼ਾਂਤਰਾਂ ਦੀ ਹੱਦ ਬੰਦੀ ਵਿਚ ਵੰਡਿਆ ਹੈ। ਦੂਸਰੀ ਦੀ ਵੀ ਸ਼ੁਰੂਆਤ ਤਾਂ ਨਾਲੋ ਨਾਲ ਹੋ ਗਈ ਸੀ ਪਰ ਪਰਤੱਖ ਪਛਾਣ ਬਣਾਵੁਣ ਵਿਚ ਦਹ-ਸਦੀਆਂ ਲਗ ਗਈਆਂ। ਸ਼ੁਰੂਆਤ ਵਪਾਰ ਤੋਂ ਹੋਈ। ਵਪਾਰ ਵਧਦਾ ਗਿਆ ਇਸ ਦਾ ਮੂੰਹ ਮੁਹਾਂਦਰਾ ਬਣਦਾ ਗਿਆ। ਪਿਛਲੇ ਚਾਰ ਪੰਜ ਸੌ ਸਾਲਾਂ ਵਿਚ ਜਮੀਨ ਦੇ ਅਜ਼ਾਰੇਦਾਰਾਂ ਦੀਆਂ ਬੁਨਿਆਦਾਂ ਵਿਚ ਘੁੱਸਪੈਠ ਕਰ ਲਈ ਗਈ ਹੈ। ਦੋਵਾਂ ਦਾਰਸ਼ਨਿਕਤਾਵਾਂ ਵਿਚ ਪਰਜਾ, ਜਨਤਾ, ਲੋਕਾਂ ਦਾ ਕਲਿਆਣ ਨਹੀਂ। ਕਲਿਆਣ ਦੋਵਾਂ ਤੋਂ ਛੁਟਕਾਰੇ ਵਿਚ ਹੈ ....।

ਚੀਫ - ਤੁਹਾਡਾ ਮਤਲਬ ਮਾਰਕਸਵਾਦ ਤੋਂ ਹੈ?

ਉਰਗੇਵਸਕੀ - ਨਹੀਂ, ਉਕਾ ਹੀ ਨਹੀਂ। ਉਸ ਦੀ ਦਾਰਸ਼ਨਿਕਤਾ ਸੈਮੇਟਿਕ ਅਧਾਰਤ ਹੈ। ਇਲੂਮੀਨਾਟੀ ਅਧਾਰਤ ਹੈ। ਮਾਰਕਸ ਨੇ ਬੜੀ ਹੀ ਚਲਾਕੀ ਪਰ ਅਤਿ ਪ੍ਰਭਾਵਪੂਰਨ ਢੰਗ ਨਾਲ ਅਸਲੀ ਸਰਮਾਏਦਾਰ ਪ੍ਰੀਵਾਰ ਯਾਨੀ ਰੋਚਸਚਾਈਲਡ ਪ੍ਰੀਵਾਰ ਨੂੰ ਅਤਿ ਗੁਪਤ ਰੱਖ ਲਿਆ ਹੈ। ਉਦਯੋਗਿਕ ਉਤਪਾਦਨ ਦੇ ਜੁੜਵੇਂ ਭਰਾਵਾਂ ਅਰਥਾਤ ਬੁਰਜੁਆਜ਼ੀ ਤੇ ਪ੍ਰੋਲਤਾਰੀ ਵਿਚਕਾਰ ਜਿੰਦਗੀ ਮੌਤ ਦੀ ਜੰਗ ਛੇੜ ਦਿਤੀ ਹੈ .... ਦੋਵੇਂ ਤਬਾਹ ਹੋਣਗੇ।

ਚੀਫ - ਫੇਰ ਅਸਲੀ ਮੁਕਤੀ ਕਿੱਥੇ ਹੈ?

ਉਰਗੇਵਸਕੀ - ਸਰ ਪਹਿਲੀ ਗੱਲ ਕਿ ਜੇਕਰ ਏਵੇਂ ਹੀ ਚਲਦਾ ਰਿਹਾ ਤਾਂ ਸਾਰੀ ਸ਼ਕਤੀ ਦੇ ਤਿੰਨ ਸੋਮਿਆਂ- ਧਰਤੀ, ਉਤਪਾਦਨ ਅਤੇ ਆਦਮ-ਸ਼ਕਤੀ ਤੇ ਸੈਮੇਟਿਕ ਏਕਾਧਿਕਾਰ ਹੋ ਜਾਏਗਾ। ਮੁਕਤੀ ਏਸੇ ਵਿਚ ਹੈ ਕਿ ਸਰਮਾਏ ਦੇ ਏਕਾਧਿਕਾਰ (Monopoly) ਯਾਨੀ ਵਿਸ਼ਵੀ ਬੈਂਕਰਾਂ ਦੀ ਪ੍ਰੀਭਾਸ਼ਾ ਨੂੰ ਹੀ ਖਤਮ ਕਰ ਦਿੱਤਾ ਜਾਵੇ। ਸਰ, ਇਹ ਕਾਰਜ ਸਮਝਣ ਅਤੇ ਅਮਲ ਵਿੱਚ ਲਿਆਉਣਾ ਸੌਖਾ ਵੀ ਨਹੀਂ। ਸਰਮਾਏ ਯਾਨੀ ਮੁਦਰਾ ਦੇ ਅਸਲੀ ਮਾਲਕ

Scanned with OKEN Scanner

ਵਿਸ਼ਵੀ ਬੈਂਕਰ ਗੁਪਤ ਰਹਿ ਕੇ ਪਰਦਿਆਂ ਪਿਛਿਊਂ ਪੁਤਲੀ-ਨਾਚ ਕਰਵਾਉਂਦੇ ਹਨ ....।

ਚੀਫ - ਉਰਗੇਵਸਕੀ, ਬਈ ਤੁਸੀਂ ਬਹੁਤ ਡੂੰਘੇ ਵਿਅੱਕਤੀ ਹੋ। ਮੇਰੀ ਸਮਝ ਤੋਂ ਵੀ ਬਾਹਰ। ਸ਼ਾਬਾਸ਼ ....

ਉਰਗੇਵਸਕੀ- ਧੰਨਵਾਦ, ਸਰ।

ਚੀਫ - ਮੈਨੂੰ ਤਾਂ ਅਜੇ ਚਲੰਤ ਮਸਲਿਆਂ ਦੇ ਉਤਰ ਚਾਹੀਦੇ ਹਨ ......



ਪੁਤਲੀ-ਨਾਚ

ਉਰਗੇਵਸਕੀ - ਹਾਜ਼ਰ ਹਾਂ, ਸਰ।

ਚੀਫ - ਉਰਗੇਵਸਕੀ, ਸਾਡੇ ਇਨ੍ਹਾਂ ਸਮਿਆਂ ਵਿਚ ਜ਼ਾਰ ਦੀ ਰੂਸੀ ਸਲਤਨਤ ਸਭ ਨਾਲੋਂ ਵਿਸ਼ਾਲ ਤੇ ਤਾਕਤਵਰ ਸਲਤਨਤ ਹੈ। ਹੈ ਨਾਂ ?

ਉਰਗੇਵਸਕੀ - ਹਾਂ ਹੈ।

ਚੀਫ - ਇਨਸਾਨੀ, ਕਦਰਾਂ-ਕੀਮਤਾਂ, ਯਾਨੀ ਇਨਸਾਨੀਅਤ ਦੇ ਨਜਰੀਏ ਤੋਂ ਇਤਿਹਾਸ ਵਿਚ ਇਸ ਦਾ ਕੀ ਨਿਰਨਾ ਕਰੀਏ?

ਉਰਗੇਵਸਕੀ- ਦੋ ਇਤਿਹਾਸਕ ਘਟਨਾਵਾਂ ਕਰਕੇ ਜ਼ਾਰ ਖਾਨਦਾਨ ਇਨਸਾਨੀ ਨਜ਼ਰੀਏ ਤੋਂ ਇਤਿਹਾਸ ਵਿੱਚ ਸਦਾ ਸਤਿਕਾਰ ਦਾ ਪਾਤਰ ਬਣਿਆ ਰਹੇਗਾ। ਹਾਂ, ਦਬਾਇਆ ਵੀ ਜਾਂਦਾ ਰਹੇਗਾ ਅਤੇ ਬੁਧੀਜੀਵੀ ਮੁੜ ਮੁੜ ਖੋਜ਼ ਵੀ ਕਰਦੇ ਰਹਿਣਗੇ ......

ਚੀਫ - ਦੋ ਇਤਿਹਾਸਕ ਘਟਨਾਵਾਂ, ਜਿਵੇਂ ਕਿ ......

ਉਰਗੇਵਸਕੀ- ਪਹਿਲੀ, 1814 ਵਿੱਚ ਵਿਸ਼ਵ-ਪੱਧਰ ਦੇ ਸ਼ਾਹੂਕਾਰਾਂ 'ਤੇ ਬਾਦਸ਼ਾਹਾਂ ਦੀ ਸੁਪਰੀਮ ਕੌਂਸਲ ਚੋਂ ਵਾਕ ਆਊਟ ਕਰਨਾ ਤੇ ਬਾਕੀਆਂ ਨੂੰ ਲਾਹਨਤਾਂ ਪਾਉਣੀਆਂ। ਉਦੋਂ ਬਾਦਸ਼ਾਹ ਜਾਰ ਨੇ ਇਹ ਕਦਮ ਨਾ ਚੁਕਿਆ ਹੁੰਦਾ ਤਾਂ ਦੁਨੀਆਂ ਦਾ ਔਰ ਇਨਸਾਨ ਦਾ ਇਤਿਹਾਸ ਹੋਰ ਹੋਣਾ ਸੀ। ਦੂਸਰੀ ਇਹ ਕਿ ਅਮਰੀਕਾ ਦੀ ਸਿਵਿਲ ਵਾਰ ਚਲ ਰਹੀ ਸੀ। ਪ੍ਰਧਾਨ ਅਬਰਾਹਮ ਨੂੰ ਵਿਸ਼ਵੀ ਸ਼ਾਹੂਕਾਰ ਤੇ ਬੈਂਕਰ ਧਨ ਨਹੀਂ ਦੇ ਰਹੇ ਸਨ। ਯੁੱਧ ਗੁਲਾਮਾਂ ਦੀ ਅਜ਼ਾਦੀ ਦੇ ਅਧਾਰ ਤੇ ਲੜਿਆ ਜਾ ਰਿਹਾ ਸੀ। ਏਸੇ ਅਧਾਰ ਤੇ ਯੂਰਪ ਤੇ ਦੁਨੀਆਂ ਦੀ ਪਾਲਬੰਦੀ ਹੋ ਰਹੀ ਸੀ। ਬਾਦਸ਼ਾਹ ਜ਼ਾਰ ਨੇ ਅਬਰਾਹਮ ਨੂੰ ਸਲਾਹ ਦਿੱਤੀ ਕਿ ਉਹ ਆਪਣੀ ਸਰਕਾਰੀ ਕਰੰਸੀ ਛਾਪੇ ਤੇ ਸ਼ਾਹੂਕਾਰਾਂ

Scanned with OKEN Scanner
Scanned with OKEN Scanner

(ਬੈਂਕਰਾ) ਤੇ ਉਕਾ ਹੀ ਨਿਰਭਰ ਨਾ ਕਰੇ। ਬਾਦਸ਼ਾਹ ਜ਼ਾਰ ਤੇ ਉਸ ਦੇ ਜ਼ੋਟੀਦਾਰ ਮਾਨਤਾ ਦੇਣਗੇ। ਨਾਲ ਹੀ ਜ਼ਾਰ ਨੇ ਸਮੁੰਦਰੀ ਸੈਨਾ ਦਾ ਵਧੀਆ ਬੇੜਾ ਉਸ ਦੀ ਸਹਾਇਤਾ ਲਈ ਰਵਾਨਾ ਕਰ ਦਿੱਤਾ, ਜਿਵੇਂ ਇਹ ਯੁੱਧ ਅਮਰੀਕਾ ਦੀ ਸਿਵਿਲ-ਵਾਰ ਨਾ ਹੋ ਕੇ ਰੂਸ ਦੀ ਆਪਣੀ ਸਿਵਿਲ ਵਾਰ ਹੋਵੇ। ਜੇਕਰ ਇਉਂ ਨਾ ਹੁੰਦਾ ਤਾਂ ਦੁਨੀਆਂ ਦਾ ਤੇ ਇਨਸਾਨ ਦਾ ਇਤਿਹਾਸ ਹੋਰ ਹੋਣਾ ਸੀ। ਹਾਂ, ਭਵਿੱਖ ਵਾਸਤੇ ਕੋਈ ਗਰੰਟੀ ਨਹੀਂ ਕਰ ਸਕਦਾ।

ਚੀਫ - ਸ਼ਾਬਾਸ਼ ਬਹੁਤ ਗਹਿਰਾ ਨਿਰਨਾ ਹੈ ਆਪ ਦਾ। ਤੇਰੇ ਵਰਗੇ ਅਫਸਰ ਰੂਸ ਨੂੰ ਮਿਲਣ ਤਾਂ ਭਵਿੱਖ ਵੀ ਸੁਰੱਖਿਅਤ ਰਹਿ ਸਕਦਾ।

ਉਰਗੇਵਸਕੀ- ਸਰ, ਉਨ੍ਹਾਂ ਕੋਲ, ਮੇਰਾ ਮਤਲਬ ਹੈ ਵਿਸ਼ਵੀ-ਸ਼ਾਹੂਕਾਰਾਂ, ਵਿਸ਼ਵੀ ਬੈਂਕਰਾਂ ਦੇ ਕੋਲ ਪੈਸਾ ਤਾਂ ਹੈ ਹੀ। ਸੁਣਿਆ ਕਿ ਦਾਰਸ਼ਨਿਕਤਾਂ ਦਾ ਵੀ ਉਨਾਂ ਨੇ ਮੂੰਹ ਮੁਹਾਂਦਰਾ ਬਣਾ ਲਿਐ .... ਉਨ੍ਹਾਂ ਦੀ ਸ਼ਾਹੀ ਮਹਿਲਾਂ ਵਿੱਚ ਘੁਸਪੈਠ ਮਜਬੂਤ ਹੋ ਰਹੀ ਹੈ। ਇੰਗਲੈਂਡ ਤੇ ਫਰਾਂਸ ਤਾਂ ਉਕਾ ਹੀ ਉਨ੍ਹਾਂ ਦੀਆਂ ਕਠਪੁਤਲੀਆਂ ਬਣੀਆਂ ਪਈਆਂ। ਜਿੱਤ ਹਾਰ ਪੈਸੇ ਦੇ ਹੱਥ ਐ। ਪੈਸਾ ਬੈਂਕਰਾਂ ਦੇ ਹੱਥ ਐ।

ਸਰ, ਰੂਸ ਦਾ ਭਵਿੱਖ ਬੜਾ ਹੀ ਜ਼ੋਖਮ ਭਰਿਆ ਹੈ। ਦੇਖੋ ਨਾ, ਜ਼ਾਇਆਨਵਾਦ ਯਾਨੀ ਵਿਸ਼ਵ ਬੈਂਕਰਾਂ ਦੇ ਤਿੰਨ ਸੰਮੇਲਨ ਹੋ ਚੁੱਕੇ ਐਂ। ਆਪਾਂ ਉਨ੍ਹਾਂ ਦੀਆਂ ਕਾਰਵਾਈਆਂ ਦੇ ਗੁਪਤ ਮੁੱਦਿਆਂ ਨੂੰ ਹਾਲੇ ਤਾਈਂ ਨਹੀਂ ਲੱਭ ਸਕੇ। ਉਨ੍ਹਾਂ ਦੇ ਮਤਿਆਂ ਦਾ ਤੱਥਸਾਰ ਨਹੀਂ ਲੱਭ ਸਕੇ। ਸਿਰਫ ਏਨਾ ਲਭ ਸਕੇ ਹਾਂ ਕਿ ਉਨ੍ਹਾਂ ਦੇ ਮਤਿਆ ਦਾ ਆਧਾਰ ਹੈ ਕਿ ਜਿੱਥੇ-ਜਿੱਥੇ ਵੀ ਜ਼ਾਇਅਨਵਾਦੀ (ਯਹੂਦੀ ਵੀ ਆਖ ਸਕਦੇ ਹਾਂ) ਅਨਸਰ ਹੈ, ਉਹ ਉੱਥੇ-ਉੱਥੇ ਬਦਅਮਨੀ, ਬੇਚੈਨੀ ਬਣਾਈ ਰੱਖਣ ਗੇ।

ਚੀਫ - ਉਰਗੇਵਸਕੀ ਅੱਜ ਤੋਂ ਤੂੰ ਮੇਰਾ ਸਹਾਇਕ ਨਹੀਂ - ਮੇਰਾ ਉਸਤਾਦ ਏਂ।

ਮੇਰਾ ਉਸਤਾਦ ਏਂ। ਤੁਸੀਂ ਛੇਤੀ ਚੀਫ ਹੋਵੋਗੇ।

ਤੁਹਾਡੇ ਵਿਸ਼ਵਾਸਾਂ, ਨਿਰਨਿਆਂ ਤੇ ਕਿੱਤਾ- ਮੁਖੀ ਭਗਤੀ ਨੂੰ ਪ੍ਰਣਾਮ ਕਰਦਾ ਹਾਂ ....

(ਏਨੇ ਨੂੰ ਬਾਦਸ਼ਾਹ ਦਾ ਸੰਦੇਸ਼ ਵਾਹਕ ਆ ਜਾਂਦਾ ਹੈ। ਉਹ ਇੱਕ ਲਿਫਾਫਾ ਚੀਫ ਨੂੰ ਦੇਂਦਾ ਹੈ।)

ਚੀਫ - ਲਗਦੈ ਬਾਦਸ਼ਾਹ ਸਲਾਮਤ ਵਲੋਂ ਮਿਲਣ ਦਾ ਸਮਾਂ ਮਿਲ ਗਿਆ।

(ਕਾਗਜ ਪੜ੍ਹਦਾ ਹੈ ....)

Scanned with OKEN Scanner

ਚੀਫ - ਹਾਂ ਜੀ ਉਰਗੇਵਸਕੀ ਸਾਹਿਬ ਤੁਹਾਡੇ 'ਜਾਇਨ' ਕਰਨ ਦੀ ਬਾਦਸ਼ਾਹ ਸਲਾਮਤ ਨੂੰ ਖਬਰ ਪੁਜ਼ ਗਈ ਹੈ। ਹੁਣੇ ਬੁਲਾਇਆ, ਚਲੋ ਚਲੀਏ ....

ਉਰਗੇਵਸਕੀ - ਬਾਦਸ਼ਾਹ ਸਲਾਮਤ ਨਾਲ ਮੁਲਾਕਾਤ ?
ਪਹਿਲੇ ਹੀ ਦਿਨ .... ਹੁਣੇ ...... ਚਲੋ ਮੈਂ ਤੁਹਾਡਾ ਆਗਿਆਕਾਰ ਹਾਂ ....।

(ਦੋਵੇਂ ਸ਼ਾਹੀ ਬੱਘੀ ਦੀ ਸਵਾਰੀ ਕਰਦੇ ਹਨ ਤੇ ਬਾਦਸ਼ਾਹ ਜ਼ਾਰ ਦੇ ਸ਼ਾਹੀ ਦਫਤਰ ਵਿਖੇ ਪੁੱਜ ਜਾਂਦੇ ਹਨ।)

ਬਾਦਸ਼ਾਹ ਜ਼ਾਰ, ਚੀਫ਼ ਤੇ ਉਰਗੇਸਵਕੀ

ਬਾਦਸ਼ਾਹ ਜ਼ਾਰ ਨਿਕੋਲਸ II :- ਚੀਫ਼, ਆਪਣੀ ਪਿਛਲੀ ਮੀਟਿੰਗ ਦੇ ਅਨੁਸਾਰ ਮੈਂ ਸ਼ਾਹੀ ਰੀਕਾਰਡ ਫੋਲਿਆ। ਆਪਣੇ ਪੜਦਾਦੇ ਦੇ ਸਮੇਂ ਦੀਆਂ ਲਿਖਤਾਂ ਫੋਲੀਆਂ। ਰੌਥਸਚਾਈਲਡ ਸ਼ੈਤਾਨਾਂ ਦਾ ਸ਼ੈਤਾਨ ਹੈ। ਉਸ ਨੇ ਬਾਦਸ਼ਾਹਾਂ ਦੀਆਂ ਕਮਜ਼ੋਰੀਆਂ ਨੂੰ ਹੋਰ ਪੱਠੇ ਪਾਏ। ਲਾਲਚ ਦਿੱਤਾ ਕਿ ਜੇਕਰ ਉਹਦੀਆਂ ਯੋਜਨਾਵਾਂ ਅਨੁਸਾਰ ਚੱਲੋਗੇ ਅਤੇ ਧਨ ਦਾ ਪਰਚਲਣ ਉਸਦੇ ਸਪੁਰਦ ਕਰ ਦਿਓਗੇ ਤਾਂ ਰਹਿੰਦੀ ਦੁਨੀਆਂ ਤੱਕ ਸ਼ਾਹੀ ਖਾਨਦਾਨਾਂ ਦਾ ਰਾਜ ਰਹੇਗਾ। ਬਾਦਸ਼ਾਹਾਂ ਨੂੰ ਹੋਰ ਕੀ ਚਾਹੀਦਾ ਸੀ। ਉਨ੍ਹਾਂ ਉਸੇ ਨੂੰ ਕਨਵੀਨਰ ਚੁਣ ਲਿਆ। ਦੂਸਰੇ ਸੰਮੇਲਨ ਤੱਕ ਦਾਦੇ ਜ਼ਾਰ ਨੂੰ ਸਮਝ ਆ ਚੁੱਕੀ ਸੀ। ਉਹਨੇ ਵਾਕਆਊਟ ਕਰ ਦਿੱਤਾ। 85-86 ਸਾਲ ਹੋ ਗਏ ਹਨ। ਉਨ੍ਹਾਂ ਦੀਆਂ ਗੁਪਤ ਯੋਜਨਾਵਾਂ ਦਾ ਕੋਈ ਪਤਾ ਨਹੀਂ ਲੱਗ ਰਿਹਾ ਹੈ ....।

ਚੀਫ਼ - ਬਾਦਸ਼ਾਹ ਸਲਾਮਤ, ਰੂਸ ਨੂੰ ਉਰਗੇਵਸਕੀ ਮਿਲ ਗਿਆ ਹੈ। ਇਨ੍ਹਾਂ ਦਾ ਪੱਕਾ ਵਿਸ਼ਵਾਸ ਹੈ ਕਿ ਜਾਇਅਨਵਾਦ ਨਿਰੇ ਰੂਸ ਜਾਂ ਦੁਨੀਆਂ ਦਾ ਹੀ ਨਹੀਂ, ਇਨਸਾਨੀ ਕਦਰਾਂ-ਕੀਮਤਾਂ ਯਾਨੀ ਇਨਸਾਨੀਅਤ ਦਾ ਵੀ ਦੁਸ਼ਮਣ ਹੈ, ਵੈਰੀ ਹੈ। ਇਨ੍ਹਾਂ ਦੀ ਸਮਰਪਣਾਂ ਨੂੰ ਮੈਂ ਲੱਖ-ਲੱਖ ਵਾਰ ਪਰਨਾਮ ਕਰਦਾ ਹਾਂ।

ਬਾਦਸ਼ਾਹ ਜ਼ਾਰ (ਨਿਕੋਲਸ-II) – ਉਰਗੇਵਸਕੀ, ਪਿਆਰੇ, ਤੁਹਾਡਾ ਰਿਕਾਰਡ ਕ਼ਮਾਲ ਦਾ ਹੈ।

ਚੀਫ - ਬਾਦਸ਼ਾਹ ਸਲਾਮਤ ਤੁਸੀਂ ਮੇਰੇ ਜ਼ਿੰਮੇ ਕੰਮ ਲਗਾਇਆ ਸੀ ਕਿ ਉਨ੍ਹਾਂ ਦੀ ਦਾਰਸ਼ਨਿਕਤਾ ਦੇ ਦਸਤਾਵੇਜ਼ ਦੀ ਪੂਰੀ ਦੀ ਪੂਰੀ ਕਾਪੀ ਜਿਵੇਂ ਕਿਵੇਂ ਪ੍ਰਾਪਤ ਕਰਾਂ। ਬਾਦਸ਼ਾਹ ਸਲਾਮਤ ਉਨ੍ਹਾਂ ਦੀ ਗੁਪਤਤਾ ਕਮਾਲ ਦੀ ਹੈ। ਕੁੱਝ ਅੰਸ਼ ਮਿਲੇ ਪਰ ਪੂਰਾ ਦਸਤਾਵੇਜ਼ ਮੈਂ ਅਜੇ ਤੱਕ ਪ੍ਰਾਪਤ ਨਹੀਂ ਕਰ ਸਕਿਆ ਹਾਂ।

Scanned with OKEN Scanner

ਮੈਨੂੰ ਯਕੀਨ ਹੈ ਕਿ ਮੇਰਾ ਉਸਤਾਦਾਂ ਵਰਗਾ ਅਸਿਸਟੈਂਟ, ਉਰਗੇਵਸਕੀ, ਪੂਰੇ ਦਾ ਪੂਰਾ ਦਸਤਾਵੇਜ਼ ਪ੍ਰਾਪਤ ਕਰ ਸਕੇਗਾ।

ਬਾਦਸ਼ਾਹ ਜਾਰ - ਉਰਗੇਵਸਕੀ, ਮੇਰੇ ਵੱਲੋਂ ਵੀ ਇਲਤਜਾ ਹੈ ....

ਉਰਗੇਵਸਕੀ - ਬਾਦਸ਼ਾਹ ਸਲਾਮਤ, ਤੁਸੀਂ ਮੈਨੂੰ ਹੁਕਮ ਕਰੋ। ਤੁਹਾਡੀ ਆਗਿਆ ਦੀ ਹੀ ਲੋੜ ਸੀ। ਇਹ ਫਰਜ ਸੌਂਪ ਕੇ ਤੁਸੀਂ ਇਨਸਾਨੀਅਤ ਦੀ ਸੇਵਾ ਦਾ ਮੌਕਾ ਬਖਸ਼ ਰਹੇ ਹੋ। ਇੱਕਾ, ਦੁਕਾ ਜੋ ਅੰਸ਼ ਸਾਹਮਣੇ ਆਏ ਐਂ, ਦੇ ਆਧਾਰ ਤੇ ਨਤੀਜਾ ਨਿਕਲਦਾ ਹੈ ਕਿ ਇਹ ਦਸਤਾਵੇਜ਼ ....

ਬਾਦਸ਼ਾਹ ਜਾਰ - (ਕਾਹਲਾ ਪੈ ਕੇ, ਗਲ ਟੁਕਦਾ ਹੋਇਆ) ਮੇਰੇ ਵੱਲੋਂ ਆਗਿਆ ਹੈ। ਜਿਨਾਂ ਧਨ ਖਰਚ ਹੋਵੇ, ਚੀਫ ਸਰਕਾਰੀ ਖਜਾਨੇ 'ਚੋਂ ਲਵੇਗਾ। ਜ਼ੋ ਆਦ੍ਰਸ਼ ਸਾਡੇ ਬਜੁਰਗਾਂ ਨੇ ਤੋਰਿਆ ਸੀ, ਮੈਂ ਵੀ ਉਸੇ ਤੇ ਚੱਲਾਂਗਾ। ਉਂਜ ਮੈਨੂੰ ਪਤਾ ਹੈ ਕਿ ਇਹ ਕਾਰਜ ਪਹਾੜ ਨਾਲ ਮੱਥਾ ਮਾਰਨ ਵਾਲਾ ਮਸਲਾ ਹੈ। ਅਸੀਂ ਚੱਲਦੇ ਆਂ..................

(ਬਾਦਸ਼ਾਹ ਜ਼ਾਰ ਜਾਂਦਾ ਹੈ .... ਚੀਫ ਅਤੇ ਉਰਗੇਵਸਕੀ ਵੀ ਆਪੋ ਵਿੱਚ ਗੱਲਾ ਕਰਦੇ ਤੁਰ ਪੈਂਦੇ ਹਨ ....)

ਚੀਫ :- ਉਰਗੇਵਸਕੀ ਮੈਨੂੰ ਮਾਣ ਵੀ ਹੈ ਤੇ ਯਕੀਨ ਵੀ ਕਿ ਤੁਸੀਂ ਦਸਤਾਵੇਜ਼ ਕੱਢ ਲਿਆਉਣੈ।

ਉਰਗੇਵਸਕੀ - ਮੈਂ ਜਿੰਦਗੀ ਘੋਲ ਘੁਮਾਵਾਂਗਾ।

ਚੀਫ - ਉਰਗੇਵਸਕੀ ਇੱਕ ਹੋਰ ਗੱਲ ਦੱਸਾਂ। ਦਰਬਾਰ ਦੇ ਹਾਲਾਤ ਤੇਜੀ ਨਾਲ ਬਦਲ ਰਹੇ ਹਨ। ਪੂਰੇ ਤਿੰਨ ਮਹੀਨੇ ਬਾਅਦ ਬਾਦਸ਼ਾਹ ਨਾਲ ਮੇਰੀ ਸਿੱਧੀ ਮੁਲਾਕਾਤ ਹੋ ਸਕੀ ਹੈ। ਮੁੜ ਕਦੋਂ ਹੋਏ ਕਹਿ ਨਹੀਂ ਸਕਦਾ। ਪਹਿਲਾਂ ਬਾਦਸ਼ਾਹ ਤੇ ਚੀਫ ਜ਼ਸੂਸ ਦਰਮਿਆਨ ਮੁਲਾਕਾਤਾਂ ਹਰ ਹਫਤੇ ਹੋਇਆ ਕਰਦੀਆਂ ਸਨ। ਲਗਦੈ ਦੁਸ਼ਮਣ ਸੁਖਮਤਾ ਨਾਲ ਘੁਸਪੈਠ ਕਰ ਰਿਹਾ ....

ਉਰਗੇਵਸਕੀ- ਸਰ ਸਾਨੂੰ ਨੇਕ ਕਰਮ ਦ੍ਰਿੜਤਾ ਨਾਲ ਕਰਦੇ ਰਹਿਣਾ ਚਾਹੀਦਾ ਹੈ। ਦੇਰ-ਸਵੇਰ ਸਿੱਟੇ ਵੀ ਨਿਕਲਨਗੇ।

ਚੀਫ :- ਉਰਗੇਵਸਕੀ ਤੇਰੀ ਗੱਲ ਪੱਥਰ ਤੇ ਲੀਕ ਹੈ। ਹਾਂ ਯਾਦ ਆਇਆ ...... ਅੱਜ ਦੁਪਹਿਰ ਤਕ ਇਕ ਹੋਰ ਤੁਹਾਡੇ ਨਿੱਜੀ ਸਹਾਇਕ ਮਿਸਟਰ ਐੱਟਲੋਵ ਨੇ ਵੀ ਤੁਹਾਡੇ ਕੋਲ 'ਜਾਇਨ' ਕਰਨਾ। ਬੜਾ ਹੀ ਕਾਮਯਾਬ ਜਾਸੂਸ ਹੈ। 1897 ਦੇ ਜਾਇਅਨਵਾਦੀ ਸੰਮੇਲਨ ਦੀ ਜਾਸੂਸੀ ਵਿੱਚ ਉਹ ਵੀ ਸ਼ਾਮਿਲ

Scanned with OKEN Scanner

ਸੀ। ਲਓ, ਹੁਣ ਆਪਾਂ ਆਪਣੇ ਦਫਤਰ ਪੁੱਜਣ ਹੀ ਵਾਲੇ ਹਾਂ।

(ਕੁੱਝ ਬੱਘੀ ਰਾਹੀਂ ਤੇ ਕੁੱਝ ਪੈਦਲ ਚਲ ਕੇ ਉਹ ਫੇਰ ਆਪਣੇ ਦਫਤਰ ਪੁੱਜ ਜਾਂਦੇ ਹਨ)

(ਦੁਪਹਿਰ)

ਉਰਗੇਵਸਕੀ - ਐਂਟਲੋਵ

ਉਰਗੇਵਸਕੀ ਆਪਣੇ ਦਫਤਰ ਆ ਗਿਆ ਹੈ। ਸੋਚੀ ਜਾ ਰਿਹਾ ਹੈ ਕਿ ਏਡਾ ਗੁਪਤ ਕੰਮ ਕਿਵੇਂ ਸਿਰੇ ਚੜ੍ਹੇਗਾ....... ਆਪਣੀ ਸਰਵਿਸ ਦੇ ਸਾਰੇ ਤਜ਼ਰਬੇ ਹੰਘਾਲਦਾ ਹੈ ਕਿ ਕਿਤਿਉਂ ਕੋਈ ਲੜੀ ਦਾ ਸਿਰਾ ਹੱਥ ਲੱਗ ਜਾਏ।

(ਕਲਰਕ ਇੱਕ ਕਾਗਜ ਹੱਥ 'ਚ ਫੜੀ ਅੰਦਰ ਆਉਂਦਾ ਹੈ)

ਕਲਰਕ - ਸਰ, ਐਂਟਲੋਵ ਨਾਮ ਦਾ ਵਿਅਕਤੀ ਜਾਇਨ ਕਰਨ ਲਈ ਪੁੱਜ ਗਿਆ। ਇਹ ਹਾਜ਼ਰੀ ਪੱਤਰ (Joining Report) (ਉਰਗੇਵਸਕੀ ਸਰਸਰੀ ਰਿਪੋਰਟ ਦੇਖਦਾ ਹੈ। ਦਸਤਖਤ ਕਰ ਦੇਂਦਾ ਹੈ)

ਕਲਰਕ - ਸਰ, ਜਵਾਨ ਹਾਜ਼ਰ ਹੈ। ਹੁਕਮ ਹੋਵੇ ਤਾਂ ਸਹਿਚਾਰ ਲਈ ਅੰਦਰ ਭੇਜਾਂ ....

(ਸਹਿਚਾਰਕ ਰਸਮ ਨੂੰ ਮੁੱਖ ਰੱਖਦਿਆਂ ਉਰਗੇਵਸਕੀ 'ਹਾਂ' ਵਿੱਚ ਸਿਰ ਹਿਲਾ ਦਿੰਦਾ ਹੈ। ਭਾਵੇਂ ਉਹ ਗੰਭੀਰ ਸੋਚਾਂ ਦੇ ਜਵਾਰਭਾਟੇ ਵਿੱਚ ਅਜੇ ਵੀ ਗੋਤੇ ਖਾ ਰਿਹਾ ਹੁੰਦਾ ਹੈ।

ਇਕ ਦਰਸ਼ਨੀ ਯੁਵਕ ਅੰਦਰ ਆਉਂਦਾ ਹੈ। ਉਰਗੇਵਸਕੀ ਨੂੰ ਦੇਖਦਿਆਂ ਹੀ ਜਿਵੇਂ ਅਵਾਕ ਰਹਿ ਜਾਂਦਾ ਹੈ। ਉਸਦਾ ਚਿਹਰਾ ਜਿਵੇਂ ਭੱਖਣ ਹੀ ਲੱਗ ਪੈਂਦਾ ਹੈ। ਸਾਰਾ ਸਰੀਰ ਭੱਖਣ ਲੱਗ ਪੈਂਦਾ ਹੈ। ਕੋਈ ਜਜ਼ਬਾਤੀ ਜਿਹਾ ਯੁਵਕ ਹੈ, ਸੋਹਲ ਜਿਹਾ ਵੀ। ਉਰਗੇਵਸਕੀ ਅਨੁਭਵ ਕਰਦਾ ਹੈ ਕਿ ਉਸ ਦੀਆਂ ਨਿਗਾਹਾਂ ਉਸਦੇ ਚਿਹਰੇ ਤੇ ਗੱਡੀਆਂ ਹੀ ਗਈਆਂ ਹਨ। ਖੁਦ ਅਹਿਲ ਖਲੋਤਾ ਹੈ। ਨਿਗਾਹਾਂ ਵੀ ਅਹਿਲ ਹਨ। ਜਿਵੇਂ ਉਰਗੇਵਸਕੀ ਦੇ ਵਜੂਦ ਵਿਚੋਂ ਕੁਝ ਲੱਭ ਰਿਹਾ ਹੋਵੇ। ਪਹਿਲੀ ਮਿਲਣੀ ਤੇ ਹੀ ਏਨਾ ਜਜਬਾਤੀ ਹੋਈ ਜਾ ਰਿਹਾ ਹੈ।

ਉਰਗੇਵਸਕੀ ਜ਼ਰਾ ਗਹੁ ਨਾਲ ਉਸ ਦੇ ਚਿਹਰੇ ਵੱਲ ਦੇਖਦਾ ਹੈ ....

ਉਰਗੇਵਸਕੀ- ਬਈ ਐਂਟਲੋਵ ਕੀ ਗੱਲ ਐ ਬਈ? ਲੱਗਦਾ ਪਈ Love at First Sight (ਪਹਿਲੀ ਨਜ਼ਰੇ ਪਿਆਰ) ਹੋ ਗਿਆ। ਉਏ, ਤੇਰੀਆਂ ਤਾਂ ਅੱਖਾਂ ਛਲਕ ਰਹੀਆਂ। ਕੋਈ ਖਾਸ ਪ੍ਰਾਬਲਮ ਐ। ਉਏ ਅੱਥਰੂ ਪਰਲ-ਪਰਲ ਵਹਿਣ ਲੱਗ ਪਏ।

Scanned with OKEN Scanner

(ਉਰਗੇਵਸਕੀ ਖੜਾ ਹੋ ਜਾਂਦਾ ਹੈ। ਆਪਣਾ ਹੱਥ ਉਸ ਦੇ ਮੋਢੇ ਤੇ ਰੱਖਦਾ ਹੈ। ਪਰ ਐੱਟਲੋਵ ਉਰਗੇਵਸਕੀ ਦੀ ਛਾਤੀ ਤੇ ਸਿਰ ਟਿਕਾ ਲੈਂਦਾ ਹੈ, ਬਾਂਹਾ ਨਾਲ ਉਸ ਨੂੰ ਘੁੱਟ ਲੈਂਦਾ ਹੈ?)

ਐੱਟਲੋਵ - ਤੁਸੀਂ ਮੇਰੇ ਪਾਪਾ ਅਰਨੋਵ ਹੋ। ਪਾਪਾ, ਦੋ ਸਾਲ ਪਹਿਲਾਂ ਤੁਸੀਂ ਬਸਲੇ ਗਏ ਕਿਸੇ ਸੰਮੇਲਨ ਨੂੰ 'ਕਵਰ' ਕਰਨ। ਤੁਸੀਂ ਮੁੜ ਨਹੀਂ ਆਏ। ਅੱਜ ਆਏ ਤਾਂ ਮੇਰੇ ਅਫਸਰ ਬਣ ਕੇ ....

(ਉਰਗੇਵਸਕੀ ਸਮਝ ਜਾਂਦਾ ਹੈ ਕਿ ਉਸ ਦਾ ਬਾਪ ਵੀ ਇੰਟਲੀਜੈਂਸ ਵਿੱਚ ਹੋਏ ਗਾ। ਉਸ ਨੂੰ ਬਸਲੇ ਵਿਖੇ ਜਾਇਅਨਵਾਦੀ ਸੰਮੇਲਨ ਕੀ ਜਸੂਸੀ ਲਈ ਭੇਜਿਆ ਗਿਆ ਹੋਏਗਾ। ਉੱਥੇ ਉਹ ਮਾਰਿਆ ਗਿਆ ਹੋਵੇਗਾ। ਉਸ ਦੀ ਸ਼ਕਲ ਉਰਗੇਵਸਕੀ ਨਾਲ ਮਿਲਦੀ ਜੁਲਦੀ ਹੋਏਗੀ। ਉਰਗੇਵਸਕੀ ਨੇ ਪਹਿਲਾਂ ਵੀ ਸੁਣ ਰੱਖਿਆ ਸੀ ਕਿ ਇੱਕ ਵਿਅਕਤੀ ਰਮਾਨੋਵ ਦੀ ਸ਼ਕਲ ਇਨ ਬਿਨ ਉਹਦੇ ਨਾਲ ਮਿਲਦੀ ਜੁਲਦੀ ਹੈ। ਏਦਾਂ ਵੀ ਵਿਚਾਰਾਂ ਹੋਈਆਂ ਸਨ ਕਿ ਦੋਵਾਂ ਨੂੰ ਇੱਕ ਦੂਜੇ ਦੀ ਥਾਂ ਵਰਤਿਆਂ ਜਾਵੇ ਪਰ ਏਦਾਂ ਦਾ ਮੌਕਾ ਨਾ ਆਇਆ ਸੀ।

(ਉਰਗੇਵਸਕੀ, ਦਫਤਰੀ ਸਹਿਚਾਰਾਂ ਨੂੰ ਛਿਕੇ ਟੰਗ ਕੇ ਉਸਨੂੰ ਕੁਰਸੀ ਤੇ ਬਿਠਾਲਦਾ ਹੈ। ਨਾਲ ਪਈ ਇੱਕ ਹੋਰ ਕੁਰਸੀ ਤੇ ਆਪ ਬੈਠ ਜਾਂਦਾ ਹੈ।)

ਉਰਗੇਵਸਕੀ- ਐੱਟਲੋਵ ਸ਼ਕਲਾਂ ਮਿਲਦੀਆਂ ਜੁਲਦੀਆਂ ਹੋ ਸਕਦੀਆਂ ....ਏਨੇ ਜਜ਼ਬਾਤੀ ਨਾ ਹੋਵੋ...........

ਐਟਲੋਵ - ਮੈਨੂੰ ਪਤਾ ਸੀ ਕਿ ਤੁਸੀਂ ਰਮਾਨੋਵ ਨਹੀਂ ਹੋ। ਪਰ ਮੈਂ ਉਨ੍ਹਾਂ ਦੀ ਯਾਦ ਵਿਚ ਤੜਪਦਾ ਰਿਹਾ ਹਾਂ। ਉਹ ਮੈਨੂੰ ਬਹੁਤ ਪਿਆਰ ਕਰਦੇ ਸਨ। ਉਨਾਂ ਦੇ ਮਰਨ ਦੀ ਖ਼ਬਰ ਆਈ ਸੀ ਪਰ ਲਾਸ਼ ਨਹੀਂ ਮਿਲੀ ਸੀ। ਮੇਰਾ ਮਨ ਸਦਾ ਸ਼ਾਹਦੀ ਭਰਦਾ ਰਿਹਾ ਕਿ ਇਕ ਦਿਨ ਉਹ ਮਿਲਣ ਗੇ............ਜਰੂਰ ਮਿਲਣਗੇ।

(ਐਟਲੋਵ ਆਪਣੇ ਅੱਥਰੂਆਂ ਤੇ ਕਾਬੂ ਪਾ ਲੈਂਦਾਂ ਹੈ।)

ਉਰਗੇਵਸਕੀ- ਤੇ ਤੂੰ ਸਮਝਣਾ ਕਿ ਅਚਾਨਕ ਤੇਰਾ ਬਾਪ ਮਿਲ ਗਿਆ ਹੈ। ਠੀਕ ਹੈ ਐੱਟਲੋਵ ਤੇਰਾ ਵਿਸ਼ਵਾਸ਼ ਬਣਿਆ ਰਹੇਗਾ। ਮੈਂ ਤੈਨੂੰ ਆਪਣਾ ਪੁੱਤਰ ਈ ਸਮਝਾਂਗਾ ਹੁਣ ਤੂੰ ਆਪਣੇ ਕਮਰੇ ਵਿੱਚ ਚੱਲ। ਚਲੋ, ਮੈਨੂੰ ਵੀ ਪਲਿਆ ਪਲਾਇਆ ਇੱਕ ਪੁੱਤਰ ਮਿਲ ਗਿਆ ....

ਐਟਲੋਵ - ਇਕ ਵਾਰੀ ਆਖ ਦਿਓ ਪੁੱਤਰ ਐੱਟਲੋਵ ....।

ਉਰਗੇਵਸਕੀ- (Intelligence) ਇੰਨਟੈਲੀਜੈਂਸ ਵਾਲੇ ਏਨੇ ਜਜ਼ਬਾਤੀ ਨਹੀਂ ਹੋਇਆ ਕਰਦੇ। ਚਲੋ, ਆਪਣੇ ਕਮਰੇ ਵਿੱਚ ....

(ਦੋਵੇਂ ਉੱਠਦੇ ਹਨ। ਐਟਲੋਫ਼ ਦਰਵਾਜੇ ਵੱਲ ਵੱਧਦਾ ਹੈ ਤੇ ਉਰਗੇਵਸਕੀ ਆਪਣੀ ਕੁਰਸੀ ਵੱਲ।)

Scanned with OKEN Scanner

ਉਰਗੇਵਸਕੀ- ਐੱਟਲੋਵ ਯਾਦ ਰੱਖੀ ਮੇਰੇ ਘਰ ਤੇਰੀ ਇੱਕ ਭੈਣ ਵੀ ਹੈ, ਗਲਿੰਕਾ-ਮੇਰੀ ਪੁੱਤਰੀ।

ਐੱਟਲੋਵ - ਗਲਿੰਕਾ, ਮੇਰੀ ਦੀਦੀ। ਗਲਿੰਕਾ, ਯਾਦ ਰੱਖਣ ਵਾਲੀ ਕਿਹੜੀ ਗੱਲ। ਉਹ ਹੈ ਹੀ ਮੇਰੀ ਦੀਦੀ, ਦੀਦੀ ਗਲਿੰਕਾ .... (ਉਹ ਚਲਿਆ ਜਾਂਦਾ ਹੈ) ...... ਉਰਗੇਵਸਕੀ ਦੀ ਡੂੰਘੀ ਸੋਚ ਦੀ ਲੜੀ ਟੁੱਟ ਜਾਂਦੀ ਹੈ। ਉਹ ਦਫਤਰ ਦੇ ਵਿਵਹਾਰਿਕ ਕੰਮਾਂ ਵਿੱਚ ਰੁਝ ਕੇ ਸਮਾਂ ਬਤੀਤ ਕਰਦਾ ਹੈ।

ਸੂਰਜ ਮਿਟਦੇ ਤੱਕ ਉਹ ਆਪਣੀ ਸਰਕਾਰੀ ਰਿਹਾਇਸ਼ ਤੇ ਪੁੱਜ ਜ਼ਾਂਦਾ ਹੈ। ਉਸ ਦੀ ਪੁੱਤਰੀ ਜਸਟਿਨ ਗਲਿੰਕਾ ਰੋਜ ਵਾਂਗ ਉਸ ਦਾ ਸੁਆਗਤ ਕਰਦੀ ਹੈ।

ਖਾਣ ਦੇ ਸਮੇਂ ਉਰਗੇਵਸਕੀ ਦਾ ਮਨ-ਪਸੰਦ ਖਾਣਾ ਪ੍ਰੋਸਿਆ ਜਾਂਦਾ ਹੈ। ਗਲਿੰਕਾ ਨੋਟ ਕਰਦੀ ਹੈ ਕਿ ਉਰਗੇਵਸਕੀ ਕੁਝ ਵਧੇਰੇ ਗੰਭੀਰ ਹੈ। ਉਹ ਸਮਝਦੀ ਹੈ ਕਿ ਉਸਦਾ ਕਿੱਤਾ ਹੀ ਕੁੱਝ ਇਕੋ ਜਿਹਾ ਹੈ। .... ਉਹ ਅਜੇ 5-6 ਸਾਲ ਦੀ ਸੀ। ਉਸ ਦੀ ਪਿਆਰੀ ਅੰਮਾਂ ਅਚਾਨਕ ਮਰ ਗਈ ਸੀ। ਉਰਗੇਵਸਕੀ ਨੇ ਮਾਂ ਅਤੇ ਬਾਪ ਦੋਵਾਂ ਦਾ ਪਿਆਰ-ਦੁਲਾਰ ਅਤੇ ਚੰਗੀ ਪਾਲਣਾ ਪੋਸਣਾਂ ਦੇ ਫਰਜ਼ ਨਿਭਾਏ ਸਨ। ਉਸ ਦੀ ਮਨ ਪਸੰਦ ਤਾਲੀਮ ਦਾ ਪ੍ਰਬੰਧ ਕੀਤਾ ਸੀ।)

****

(ਅੱਧੀ ਰਾਤ)

ਉਰਗੇਵਸਕੀ - ਜਸਟਿਨ ਗਲਿੰਕਾ

ਅੱਧੀ ਰਾਤ ਦਾ ਸਮਾਂ ਹੋ ਚੁੱਕਿਆ ਹੈ। ਉਰਗੇਵਸਕੀ ਨੂੰ ਨੀਂਦ ਨਹੀਂ ਆ ਰਹੀ ਹੈ। ਉਹ ਆਪਣੇ ਕਮਰੇ ਵਿੱਚ ਜਾਂ ਵਿਹੜੇ ਵਿੱਚ ਜਾਂ ਉੱਪਰ ਪਹਿਲੀ ਮੰਜਿਲ ਤੇ ਟਹਿਲੀ ਜਾ ਰਿਹਾ ਹੈ। ਸ਼ਾਇਦ ਉਹ ਐੱਟਲੋਵ ਬਾਰੇ ਜਾਂ ਉਸ ਦੇ ਬਾਪ ਅਰਨੋਵ ਬਾਰੇ ਜਾਂ ਚੀਫ ਅਤੇ ਬਾਦਸ਼ਾਹ ਬਾਰੇ ਸੋਚ ਰਿਹਾ ਹੋਵੇ। ਕੁਝ ਵੀ ਸੋਚ ਰਿਹਾ ਹੋਵੇ, ਕੇਂਦਰੀ ਬਿੰਦੂ ਦਸਤਾਵੇਜ ਦੀ ਪ੍ਰਾਪਤੀ ਹੈ।

ਉੱਧਰ ਜਸਟਿਨ ਗਲਿੰਕਾ ਅਨੁਭਵ ਕਰਦੀ ਹੈ ਕਿ ਉਸਦਾ ਪਿਆਰਾ ਪਿਤਾ ਬੜਾ ਬੇਚੈਨ ਹੈ। ਸ਼ਾਇਦ ਇੱਕ ਜਾਂ ਹੱਦ ਦੋ ਐਸੇ ਮੌਕੇ ਆਏ ਹੋਣਗੇ, ਜਦੋਂ ਪਾਪਾ ਏਨੇ ਬੇਚੈਨ ਰਹੇ ਹੋਣ। ਫੇਰ ਪਦ-ਉੱਨਤ ਹੋਣ ਤੋਂ ਬਾਅਦ ਅੱਜ ਸਵੇਰੇ ਹੀ ਇਨ੍ਹਾਂ ਸ਼ਾਹੀ ਮਹਿਲ ਵਿਚ ਸਮੂਲੀਅਤ ਕੀਤੀ ਹੈ।

Scanned with OKEN Scanner

"ਮੇਰੇ ਪਾਪਾ ਮੇਰੀ ਜਾਨ ਹਨ। ਇਹਨਾਂ ਦੋ ਹੀ ਤਾਂ ਕੰਮ ਕੀਤੇ ਤੇ ਕਰ ਰਹੇ ਹਨ। ਪਹਿਲਾ, ਆਪਣੀ ਨੌਕਰੀ ਤੇ ਦੂਸਰਾ ਮੇਰੀ ਪਾਲਣਾ-ਪੋਸ਼ਣਾ। ਕੋਈ ਐਸਾ ਅਹਿਮ ਕੰਮ ਮਿਲਿਆ ਹੋਣਾ ਜਿਸ ਦਾ ਸੰਬੰਧ ਨਿਰੇ ਜ਼ਾਰ ਖਾਨਦਾਨ ਜਾਂ ਰੂਸ ਨਾਲ ਈ ਨਹੀਂ, ਸਮੁੱਚੀ ਇਨਸਾਨੀਅਤ ਨਾਲ ਹੋਣਾ। 'ਮਾਨਵਤਾ ਦੇ ਪੁੰਜ ਹਨ, ਮੇਰੇ ਪਾਪਾ, ਗਲਿੰਕਾ ਸੋਚੀ ਜਾਂਦੀ ਹੈ।

'ਗਲਿੰਕਾ, ਤੇਰਾ ਜੀਣਾ ਵੀ ਕੀ ਜੀਣਾ। ਜਾਨ ਵਾਰ ਦੇਹ। ਪਾਪਾ ਨੂੰ ਚਿੰਤਾ ਮੁਕਤ ਕਰ। ਐਸ ਵੇਲੇ ਉਪਰ ਘੁੰਮ ਰਹੇ ਹਨ। ਮੈਂ ਵੀ ਉਪਰ ਈ ਚੱਲਦੀ ਆਂ" .... (ਗਲਿੰਕਾ ਉੱਪਰ ਜਾਂਦੀ ਹੈ।)

ਉਰਗੇਵਸਕੀ- ਗਲਿੰਕਾ ਬੇਟੇ, ਤੂੰ ਹਾਲੇ ਤੱਕ ਜਾਗ ਰਹੀ ਏਂ ?

ਗਲਿੰਕਾ - ਹਾਂ ਪਾਪਾ, ਕਿਉਂਕਿ ਮੇਰੇ ਪਿਆਰੇ ਪਾਪਾ ਜਾਗ ਰਹੇ ਹਨ। ਮੈਂ ਕਦੇ ਵੀ ਤੁਹਾਥੋਂ ਪਹਿਲਾਂ ਨਹੀਂ ਸੁੱਤੀ।

ਉਰਗੇਵਸਕੀ - ਮੈਂ ਸਮਝਦਾ ਰਿਹਾ ਕਿ ਤੇਰੀ ਤਾਲੀਮ ਦਾ ਖੋਜ ਕਾਰਜ ਈ ਕੁਝ ਇਹੋ ਜਿਹਾ ਕਿ ਤੈਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ .... ਤਾਹੀਉਂ ਜਾਗ ਰਹੀ ਏਂ ....

ਗਲਿੰਕਾ - ਲਗਦੈ ਮੇਰੇ ਪਾਪਾ ਨੂੰ ਵੀ ਕੋਈ ਜਟਿਲ ਖੋਜ-ਕਾਰਜ ਮਿਲਿਆ ....

ਪਾਪਾ ਮੇਰੇ ਕਾਰਜ ਵਿੱਚ ਤੁਸੀਂ ਕਿੰਨੇ ਸਹਾਇਕ ਰਹੇ ਹੋ। ਮੇਰੇ ਪਾਪਾ, ਮੁਨਾਸਿਬ ਸਮਝਣ ਤਾਂ ਆਪਣਾ ਖੋਜ-ਕਾਰਜ ਮੇਰੇ ਨਾਲ ਸਾਂਝਾ ਕਰਨ। ਮੈਨੂੰ ਯਕੀਨ ਹੈ ਕਿ ਮੇਰੇ ਪਾਪਾ ਦਾ ਫਿਕਰ ਸਮੁੱਚੀ ਮਾਨਵਤਾ ਦੀ ਹੋਣੀ ਨਾਲ ਸਬੰਧਿਤ ਹੋਏਗਾ। ਤੁਹਾਡੀ ਵੱਲੋਂ ਮੇਰੀ ਪਾਲਣਾ-ਪੋਸ਼ਣਾ ਸਫਲ ਹੋਏਗੀ ਜੇਕਰ ਆਪਣੀ ਬੇਟੀ ਨੂੰ ਵੀ ਆਪਣੀ ਚਿੰਤਾ ਵਿੱਚ ਭਾਗੀਦਾਰ ਬਣਾਓ ......

ਉਰਗੇਵਸਕੀ - ਬੜਾ ਜਟਿਲ ਕਾਰਜ ਹੈ ਬੇਟੇ।

ਗਲਿੰਕਾ - ਪਾਪਾ ਜਟਿਲ ਤੋਂ ਜਟਿਲ ਕਾਰਜ ਵੀ ਆਖਰ ਕੀਤਿਆਂ ਹੀ ਹੋਣੈ .... ਦੁਨੀਆਂ ਦੇ ਅੱਜ ਤੱਕ ਦੇ ਜਟਿਲ ਤੋਂ ਜਟਿਲ ਕਾਰਜ ਵੀ ਕਿਸੇ ਨਾ ਕਿਸੇ ਨੇ ਕੀਤੇ ਹੀ ਐਂ। ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਸੰਸਾਰ ਚੱਲਦਾ। ਤੁਹਾਡੀ ਪਿਆਰੀ ਧੀ ਦਾ ਵੀ ਅਤੇ ਤੁਹਾਡਾ ਵੀ ਇਹ ਜਨਮ ਸਫਲ ਹੋਵੇਗਾ ਜੇਕਰ ਅਸੀਂ ਇਹ ਜਟਿਲ ਕਾਰਜ ਕਰਨ 'ਚ ਸਫਲ ਹੋਈਏ। ਯਕੀਨਨ ਅਸੀਂ ਸਫਲ ਹੋਆਂ ਗੇ। ਹੁਣ ਸਰਲ ਮਸਲੇ ਤੇ ਆਈਏ। ਦੱਸੋ ਕਾਰਜ ਕੀ ਹੈ?

ਉਰਗੇਵਸਕੀ - ਬੇਟੇ ਇੱਕ ਦਸਤਾਵੇਜ਼ ਹੈ। ਪਿਛਲੇ 100-150 ਸਾਲ ਤੋਂ ਸ੍ਰਿਸ਼ਟੀ ਉਸੇ ਅਨੁਸਾਰ ਚਲ ਰਹੀ ਹੈ। ਦੁਨੀਆਂ 'ਬਦੀ' ਵੱਲ ਵੱਧ ਰਹੀ ਹੈ। ਵੱਧਦੀ ਜਾ

Scanned with OKEN Scanner
Scanned with OKEN Scanner

ਰਹੀ ਹੈ। ਉਹ ਦਸਤਾਵੇਜ਼ ਬਦੀ ਦੀ ਜੜ੍ਹ ਹੈ। ਇਨਕਲਾਬ ਮਚ ਰਹੇ ਹਨ .... ਮੈਂ ਇਨਕਲਾਬਾਂ ਦੇ ਵਿਰੋਧ ਵਿੱਚ ਨਹੀਂ ਜੇਕਰ ਮਾਨਵੀ ਨਜ਼ਰੀਏ ਤੋਂ ਉਸਾਰੂ ਹੋਣ। ਬਰਤਾਨੀਆਂ, ਫਰਾਂਸ, ਸਪੇਨ 'ਚ ਇਨਕਲਾਬ ਵਾਪਰੇ। ਕੀ ਸਿੱਟਾ ਨਿਕਲਿਆ? ਧਨ ਕੇਂਦਰਤ ਹੋਇਆ। ਸਾਰਾ ਯੂਰਪ, ਅਮਰੀਕਾ ਬੇਬੱਸ ਹੋਏ ਪਏ ਐ। ਅਮਰੀਕਾ ਦੇ ਤਿੰਨ ਪ੍ਰਧਾਨ ਕਤਲ ਵੀ ਹੋ ਚੁੱਕੇ ਹਨ ... ਏਦਾ ਈ ਚੱਲਦਾ ਰਿਹਾ ਤਾਂ ਸਾਰੀ ਦੁਨੀਆਂ ਦਾ ਧਨ ਇੱਕ ਪ੍ਰੀਵਾਰ ਦੀ ਮਲਕੀਅਤ ਹੋਏ ਗਾ। ਮੇਰਾ ਬੇਟਾ ਚੰਗੀ ਤਰ੍ਹਾਂ ਜਾਣਦਾ ਹੈ ਕਿ 'ਜਿਸ ਹੱਥ ਧੰਨ ਕਰ ਦੇਖੈ ਸੋਇ।'

ਗਲਿੰਕਾ - ਕਮਾਲ ਹੈ, ਪਾਪਾ ਕਮਾਲ ਹੈ। ਏਸੇ ਵਿਸ਼ੇ ਤੇ ਮੈਂ ਪਹਿਲਾਂ ਈ ਖੋਜ ਕਰ ਰਹੀ ਆਂ। ਮੈਂ ਨਾਵਲ ਲੜੀ 'ਬਿਆਰਿਜ਼' ਪੜ੍ਹੇ। ਮੈਂ ਪੁਸਤਕ .... ਪੜ੍ਹੀ। ਮੈਂ ਬੜੀ ਕੋਸ਼ਿਸ਼ ਕੀਤੀ ਕਿ ਜਾਨ ਰੋਬੀਸਨ (John Robinson) ਦੀ ਲਿਖੀ ਖੋਜ ਪੁਸਤਕ Proofs of Conspiracy to Distroy Govts and Religions of the World ਵੀ ਪੜ੍ਹਾਂ, ਪਰ ਪੁਸਤਕ ਨਹੀਂ ਮਿਲੀ। ਮੈਂ ਮਾਰਕਸ, ਨੀਤਸ਼ੇ, ਵਾਲਟੇਅਰ, ਜਾਕਸ ਰੂਸੋ, ਪੜ੍ਹ ਚੁੱਕੀ ਹਾਂ। ਲੱਗਦਾ ਹੈ ਕਿ ਕੋਈ ਐਸਾ ਦਸਤਾਵੇਜ਼ ਹੈ ਜੋ ਇਸ ਸਭ ਕੁਝ ਦਾ ਆਧਾਰ ਹੈ। ਪਾਪਾ, ਮੈਨੂੰ ਅਸ਼ੀਰਵਾਦ ਦਿਉ ਮੈਂ ਉਹ ਦਸਤਾਵੇਜ਼ ਲੱਭ ਸਕਾਂ, ਸਮਝ ਸਕਾਂ ਤੇ ਪਹਿਲਾਂ ਈ ਚਲਦੇ ਖੋਜ ਕਾਰਜ ਨੂੰ ਅਗਲਾ ਮੁਕਾਮ ਮਿਲੇ ....

('ਉਰਗੇਵਸਕੀ ਪਹਿਲਾਂ ਝਿਜਕਦਾ ਹੈ। ਗਲਿੰਕਾ ਵੱਲੋਂ ਜੋਰ ਪਾਉਣ ਤੇ ਮੰਨ ਜਾਂਦਾ ਹੈ।)

ਉਰਗੇਵਸਕੀ - ਠੀਕ ਹੈ ਬੇਟੇ, ਮੈਨੂੰ ਆਪਣੇ ਖੂਨ ਤੇ ਮਾਣ ਹੈ। ਤੈਨੂੰ ਦੱਸਿਆ ਸੀ ਨਾ ਬੇਟੇ ਕਿ ਅੱਜ ਈ ਮਿਸਟਰ ਐਂਟਲੋਵ ਨੇ ਜਾਇਨ ਕੀਤੈ ....

ਗਲਿੰਕਾ - ਤੁਸੀਂ ਦੱਸਿਆ ਸੀ। ਇਹ ਵੀ ਕਿ ਉਹ ਮੇਰਾ ਵੀਰ ਬਣ ਗਿਆ ....।

ਉਰਗੇਵਸਕੀ- ਹਾਂ, ਉਸ ਕੋਲ ਪਹਿਲਾਂ ਹੀ ਕੁਝ ਸੁਰਾਗ ਹੈਗੇ ਵੀ ਐਂ। ਉਹ ਵੀ ਤੇਰੇ ਨਾਲ ਜਾਏਗਾ। ਤੁਸੀਂ ਪੈਰਿਸ ਜਾਓਗੇ। ਮੈਂ ਤੁਹਾਡਾ ਪੈਰਿਸ ਜਾਣ ਦਾ ਪ੍ਰਬੰਧ ਕਰ ਦਿਆਂਗਾ। ਬਸ-ਇਕ ਦੋ ਦਿਨ ਹੋਰ ਲੱਗਣ ਗੇ।

(ਦੋਵਾਂ ਨੇ ਇੱਕ-ਦੂਜੇ ਨੂੰ ਘੁੱਟ ਕੇ ਗਲਵੱਕੜੀ ਪਾਈ ਹੈ)

ਗਲਿੰਕਾ - 'ਹੁਣ ਖੁਸ਼ ਹੋਵੋ, ਪਾਪਾ ਹੱਸ ਕੇ ਦਿਖਾਉ- ਹਾਂ, ਹਾਂ .... ਉੱਚੀ ਹੱਸੋ ......

(ਉਰਗੇਵਸਕੀ ਉੱਚੀ ਹੱਸਦਾ ਹੈ .... ਕਿਨਾ ਚਿਰ ਹਸਦਾ ਰਹਿੰਦਾ ਹੈ ......)

******

(Flash Back ਸਮਾਪਤ)

Scanned with OKEN Scanner

Scanned with OKEN Scanner

ਉਰਗੇਵਸਕੀ ਨੂੰ ਆਪਣੇ ਹਾਸੇ ਦੀ ਆਵਾਜ ਆਉਂਦੀ ਹੈ। ਉਹ ਸਾਵਧਾਨ ਹੁੰਦਾ ਹੈ।

ਉਰਗੇਵਸਕੀ- ਲਗਦਾ ਕਿ ਝਪਕੀ ਲੱਗ ਗਈ ਸੀ। ਗਲਿੰਕਾ ਮੈਨੂੰ ਹਸਾ ਰਹੀ ਸੀ। ਆਪਣੇ ਹਾਸੇ ਦੀ ਆਵਾਜ ਨਾਲ ਮੁੜ ਜਾਗ ਪੈਂਦਾ ਹਾਂ। ਜਰਾਂ ਥਕਾਵਟ ਅਤੇ ਨੀਂਦ ਨੇ ਸ਼ੋਰ ਪਾ ਲਿਆ ਸੀ।

(ਸੋਚ ਲੜੀ ਮੁੜ ਜੁੜਦੀ ਹੈ)

ਚਲੋ, ਸੋਚ ਦੀ ਲੜੀ ਨੂੰ ਅੱਗੇ ਤੋਰਦਾ ਹਾਂ। ਮੈਂ ਗਲਿੰਕਾ ਨੂੰ ਵੀ ਆਪਣੇ ਵਿਭਾਗ ਵਿੱਚ ਭਰਤੀ ਕਰ ਲਿਆ। ਇਹ ਕੰਮ ਮੇਰੇ ਲਈ ਮੁਸ਼ਕਿਲ ਨਹੀਂ ਸੀ। ਇਹ ਮੇਰੇ ਅਧਿਕਾਰ ਵਿੱਚ ਸੀ।

ਮੈਂ ਦੋਵਾਂ ਨੂੰ ਪੈਰਿਸ ਭੇਜਣ ਦਾ ਇੰਤਜ਼ਾਮ ਕਰਦਾ ਹਾਂ। ਭੈਣ ਤੇ ਵੀਰ ਨੂੰ ਪੈਰਿਸ ਭੇਜਣ ਮਗਰੋਂ ਮੈਂ ਇਕ ਦਮ ਬਹੁਤ 'ਇੱਕਲਾ' ਹੋ ਜਾਂਦਾ ਹਾਂ। ਨਾ ਦਿਨੇ, ਨਾ ਰਾਤ ਚੈਨ ਆਉਂਦੀ ਹੈ। ਕਦੇ-ਕਦੇ 'ਕਨਸੋਅ' ਆਉਂਦੀ ਹੈ ਕਿ ਭੈਣ ਤੇ ਵੀਰ ਆਪਣੀ ਮੰਜ਼ਿਲ ਵੱਲ ਵੱਧ ਰਹੇ ਹਨ। ਫੇਰ ਪਤਾ ਲਗਦਾ ਹੈ ਕਿ ਮੰਜਿਲ ਦੀ ਪ੍ਰਾਪਤੀ ਲਈ 'ਗਲਿੰਕਾ' ਨੇ ਕੋਈ ਗੁਪਤ ਸੰਸਥਾ 'ਚ ਸ਼ਮੂਲੀਅਤ ਕਰ ਲਈ ਹੈ। ਫੇਰ ਕਨਸੋਅ ਆਉਂਦੀ ਹੈ ਕਿ ਗਲਿੰਕਾ ਦਘਦੇ ਮਘਦੇ ਭਾਂਬੜਾਂ ਵਿੱਚੋਂ ਨਿਰਲੇਪ ਲੰਘੀ ਜਾ ਰਹੀ ਹੈ। ਮੈਂ ਉਦਾਸ ਹੋ ਜਾਂਦਾ·ਹਾਂ .... ਕੋਈ ਕਿੰਨਾਂ ਵੀ ਬਜਰ ਬਲ ਹੋਵੇ ...... ਭਾਂਬੜਾਂ ਚੋ ਲੰਘਦਿਆਂ ਕੁਝ ਨਾ ਕੁੰਝ 'ਸਾੜ' ਅਸਰ ਕਰਦੇ ਹੀ ਹਨ ਤੇ ਉਨ੍ਹਾਂ ਦੇ ਦਾਗ ਵੀ ਪੈ ਹੀ ਜਾਂਦੇ ਹਨ। ਮੇਰਾ ਚੀਫ ਵੀ ਕਦੇ ਖੁਸ਼ ਹੋ ਜਾਂਦਾ ਹੈ ਕਦੇ ਉਦਾਸ ਹੋ ਜਾਂਦਾ ਹੈ। ਕਦੇ-ਕਦੇ ਇਕਲਾ ਰੋਅ ਰਿਹਾ ਹੁੰਦਾ ਹੈ। ਮੇਰੇ ਪੁੱਛਣ ਤੇ ਕਾਰਨ ਨਹੀਂ ਦਸਦਾ ਹੈ। ਆਖ ਦੇਂਦਾ ਹੈ - ਕੁਝ ਘਰੇਲੂ ਤੇ ਮਾਨਸਿਕ ਪ੍ਰਾਬਲਮਜ ਹਨ। ਜਦੋਂ ਕਿ ਇਹ ਬਹਾਨਾ ਹੀ ਹੁੰਦਾ ਹੈ।

ਮਹੀਨਾ, ਦੋ ਮਹੀਨੇ ..... ਤਿੰਨ ਮਹੀਨੇ ..... ਅੱਠ ਮਹੀਨੇ ਬੀਤ ਜਾਂਦੇ ਹਨ।

****

ਐਟਲੋਵ ਦੀ ਵਾਪਸੀ

8 ਮਹੀਂਨੇ ਬੀਤ ਜਾਂਦੇ ਹਨ। ਫੇਰ ਇੱਕ ਦਿਨ ....

ਬਾਹਰਵਾਲੇ ਗੇਟ ਤੇ ਦਸਤਕ ਹੁੰਦੀ ਹੈ। ਉਰਗੇਵਸਕੀ ਆਪਣੇ ਕਮਰੇ ਵਿਚ ਬੈਠਾ ਬੈਠਾ ਹੀ ਇੱਕ ਸਵਿੱਚ ਦੱਬਦਾ ਹੈ, ਜਿਸ ਦੇ ਦੱਬਣ ਨਾਲ ਗੇਟ ਖੁੱਲ ਕੇ ਫਿਰ ਬੰਦ ਹੋ ਜਾਂਦਾ

Scanned with OKEN Scanner

ਹੈ।

ਉਰਗੇਵਸਕੀ - ਦਸਤਕ ਐਂਟਲੋਵ ਦੀ ਲੱਗਦੀ ਹੈ। ਕੌਣ ਜਾਣੇ ਇਹ ਅੱਠ ਮਹੀਨੇ ਮੈਂ ਕਿਵੇਂ ਬੇਚੈਨੀ 'ਚ ਬਿਤਾਏ। ਕੰਮ ਬੜਾ ਜਟਿਲ ਸੀ। ਰੋਜ਼ ਮਰਦਾ ਜੀਉਂਦਾ ਰਿਹਾ ਹਾਂ।

(ਏਨੇ ਨੂੰ ਐਂਟਲੋਵ ਅੰਦਰ ਆਉਂਦਾ ਹੈ। ਉਸ ਦੇ ਹੱਥ ਵਿਚ ਇਕ ਪੈਕੇਟ ਹੈ। ਉਹ ਕ੍ਰੋਧ ਵਿੱਚ ਹੈ। ਪੈਕੇਟ ਨੂੰ ਉਹ ਮੇਜ ਉੱਪਰ ਵਗਾਹਤਾ ਸੁੱਟ ਦੇਂਦਾ ਹੈ।)

ਐਂਟਲੋਵ - ਆਹ ਲਓ ਆਪਣਾ ਦਸਤਾਵੇਜ਼। ਇਹੀ ਸੀ ਨਾ ਜਿਸ ਦੀ ਖਾਤਰ ਤੁਸੀਂ ਮੇਰੀ ਦੀਦੀ ਨੂੰ ਵੇਸਵਾ ਬਣਾਇਆ ਤੇ ਮੈਨੂੰ ਉਸਦਾ ਮੁੰਡੂ (ਏਜੰਟ) ......

ਉਰਗੇਵਸਕੀ- ਉਫ, ਮੇਰੇ ਬੇਟੇ, ਨੌਬਤ ਇਹ ਆ ਗਈ ਸੀ, ਮੇਰੀ ਬੱਚੀ ਨੂੰ ਵੇਸਵਾ ਬਣਨਾ ਪਿਆ?

ਐਂਟਲੋਵ - ਏਹੀ ਸੀ ਨਾ ਤੋਹਫਾ ਜਿਸ ਦੀ ਖਾਤਰ ਹੁਣ ਤੁਸੀਂ ਬਾਦਸ਼ਾਹ ਕੋਲ ਸਫਲਤਾ ਦੀਆਂ ਡੀਗਾਂ ਮਾਰੋਗੇ। ਬਦਲੇ 'ਚ ਇਨਾਮ ਪਾਉਗੇ, ਪਦ-ਉੱਨਤੀ ਕਰਾਂਉਂਗੇ ....

ਇਸ ਖਾਤਰ ਮੇਰੀ ਦੀਦੀ ਨੂੰ ਆਪਣੇ ਜਿਸਮ ਨੂੰ ਤਾਰ-ਤਾਰ ਕਰਨਾ ਪਿਆ। ਮਨ ਨੂੰ ਮਜ਼ਬੂਰ ਕਰਨਾ ਪਿਆ

ਲਓ ਸਾਂਭੋ ਆਪਣੀ ਅਮਾਨਤ ....

(ਐਂਟਲੋਵ ਜ਼ਾਰ ਜ਼ਾਰ ਰੋਣ ਲੱਗ ਪੈਂਦਾ ਹੈ।)

ਐਂਟਲੋਵ - ਮੇਰੇ ਮੂੰਹ ਬੋਲੇ ਬਾਪ, ਮੈਂ ਆਪਣੀ ਦੀਦੀ ਦੇ ਤਨ ਨੂੰ ਵੀ ਅਤੇ ਮੰਨ ਨੂੰ ਵੀ ਮੁਸਾਮ-ਮੁਸਾਮ ਨੋਚ ਹੁੰਦੇ ਵੇਖਿਆ ਹੈ। ਦੇਖਣ ਨਾਲੋਂ ਅਨੁਭਵ ਕਰਨਾ ਹੋਰ ਵੀ ਦੁਖਦਾਈ ਸੀ। ਅਕਸਰ ਹੀ ਉਹ ਲਹੂ ਲੁਹਾਣ ਹੋ ਜਾਂਦੀ ਸੀ।

(ਦੋਵੇਂ ਇੱਕ-ਦੂਜੇ ਦੇ ਗਲ ਲਗ ਕਿੰਨਾ ਚਿਰ ਰੋਂਦੇ ਰਹਿੰਦੇ ਹਨ। ਕੋਈ ਵਰਚਾਉਣ ਵਾਲਾ ਨਹੀਂ)

ਉਰਗੇਵਸਕੀ- ਇਹੋ ਜਿਹੀ ਮਾਨਵ-ਸੇਵਾ ਨਾਲੋਂ ਇਕ ਬਾਪ ਨੂੰ ਆਤਮ ਹੱਤਿਆ ਕਰ ਲੈਣੀ ਚਾਹੀਦੀ ਹੈ।

ਐਂਟਲੋਵ - ਗਲਿੰਕਾ ਰੋਜ ਆਤਮ- ਹੱਤਿਆ ਕਰਦੀ ਤੇ ਰੋਜ ਮੁੜ ਸੁਰਜੀਤ ਹੁੰਦੀ ਸੀ। ਮੈਨੂੰ ਅਨੁਭਵ ਹੋਇਆ ਕਰਦਾ ਸੀ ਕਿ ਕਿਵੇਂ ਉਹ ਆਪਣੀਆਂ ਕਸੀਸਾਂ ਨੂੰ, ਕਸਕਾਂ ਨੂੰ ਦਬਾ ਕੇ ਰੱਖਦੀ ਸੀ, ਕਾਬੂ ਪਾਉਂਦੀ ਸੀ।

ਇੱਕ ਦਿਨ ਤਾਂ ਮੈਂ ਖੁਦ ਆਤਮਕ ਹੱਤਿਆ ਦਾ ਮਨ ਬਣਾ ਲਿਆ ਸੀ। ਇਹ

Scanned with OKEN Scanner

ਗਲਿੰਕਾ ਹੀ ਸੀ ਜੋ ਮੇਰੀ ਪੀੜ ਨੂੰ ਵੀ ਸਮਝਦੀ ਸੀ। ਕਹਿੰਦੀ-ਵੀਰੇ ਮਾਨਵਤਾ ਦੀ ਪੀੜ ਸਾਡੀਆਂ ਨਿੱਜੀ ਪੀੜਾਂ ਤੋਂ ਕਿਤੇ ਵਡੇਰੀ ਹੈ। ਏਸ ਖ਼ਾਤਰ ਈਸਾ ਕਰੂਸੀਫਾਈ ਹੋਇਆ ਸੀ।" ਮੈਂ ਕਿਹਾ- "ਉਹ ਸਿਰਫ ਇਕ ਵਾਰੀ ਕਰੂਸੀਫਾਈ ਹੋਇਆ ਤੇ ਛੁਟਕਾਰਾ ਹੋ ਗਿਆ। ਤੂੰ ਹਰ ਰੋਜ਼ ਹੁੰਦੀ ਐਂ.........

(ਉਰਗੇਵਸਕੀ ਹੱਥਾਂ ਨਾਲ ਚਿਹਰਾ ਢੱਕ ਕੇ ਮੱਥਾਂ ਮੇਜ ਤੇ ਟਿਕਾ ਲੈਂਦਾ ਹੈ।)

ਐਂਟਲੋਵ - ਪਾਪਾ ਮੁਆਫ਼ ਕਰ ਦਿਉ। ਮੈਂ ਕ੍ਰੋਧ ਵਿੱਚ ਕਈ ਕੁਝ ਬੋਲ ਗਿਆਂ।

ਉਰਗੇਵਸਕੀ- ਐਂਟਲੋਵ ਤੂੰ ਸੱਚ ਮੁੱਚ ਗਲਿੰਕਾ ਦਾ ਵੀਰ ਹੈ, ਮੇਰਾ ਬੇਟਾ ਏ। ਤੇਰੀ ਅਨੁਭਵਤਾ ਏਸ ਦਾ ਸਬੂਤ ਹੈ। ਜਰਾ ਸੰਖੇਪ ਸਾਰ ਦੱਸ................

ਐਂਟਲੋਵ - ਜਾਇਅਨਵਾਦ ਦੀ, ਪੈਰਿਸ ਵਿਚਲੀ ਸ਼ਾਖਾ 'ਮਿਜ਼ਰੇਮ ਲਾਜ' (Mizoram Lodge) ਦਾ ਖੁਰਾਖੋਜ ਕਢਦਿਆਂ ਤੇ ਉਸ ਤਕ ਰਸਾਈ ਬਣਾਉਂਦਿਆਂ ਤਿੰਨ ਮਹੀਨੇ ਬੀਤ ਗਏ। ਉਸ ਲਾਜ ਦਾ ਮੁੱਖੀਆ ਜ਼ੋਜ਼ਫ ਕੋਰਸਟ (Joseph Schorst) ਸੀ। ਉਹ ਐਸ਼ਪ੍ਰਸਤ ਵੀ ਸੀ, ਸਾਹੂਕਾਰ ਵੀ ਤੇ ਅਤਿ ਦਰਜੇ ਦਾ ਕਾਮੀ ਵੀ ਸੀ। ਵੱਡੀ ਗੱਲ ਕਿ ਆਪਣੇ ਵਿਸ਼ਵਾਸ਼ ਦਾ ਪੱਕਾ ਵੀ ਸੀ। ਆਪਣੇ ਧਨ ਦੇ ਸਿਰ ਤੇ ਐਸ਼ ਤਾਂ ਕਰਦਾ ਸੀ ਪਰ ਮਿਜ਼ਰੇਮ ਲਾਜ ਦਾ ਕੋਈ ਭੇਤ ਨਹੀਂ ਕਢਦਾ ਸੀ।

ਗਲਿੰਕਾ ਉਸ ਦੀ ਰਖੇਲ ਬਣ ਗਈ। ਉਹ ਗਲਿੰਕਾ ਨੂੰ ਆਪਣੇ ਦੋਸਤਾਂ ਮਿੱਤਰਾਂ ਨੂੰ ਵੀ ਗੁਪਤ ਰੂਪ ਵਿੱਚ ਭੇਂਟ ਕਰਦਾ। ਗਲਿੰਕਾ ਨੇ ਬੜੀਆਂ ਪੀੜਾਂ ਸਹੀਆਂ। ਉਹ ਲਾਜ ਦੀ ਮੈਂਬਰ ਬਣਨ 'ਚ ਸਫਲ ਹੋਈ। ਉਹ ਗਲਿੰਕਾ ਕੋਲੋਂ ਮਿਜ਼ਰੇਮ ਲਾਜ ਦੇ ਹਿੱਤ ਵਾਲੀ ਜਾਸੂਸੀ ਕਰਵਾਉਣ ਲੱਗ ਪਿਆ। ਵਿਸਥਾਰ ਨਾਲ ਦੱਸਾਂਗਾ ਕਿ ਕਿਵੇਂ ਗਲਿੰਕਾ ਨੂੰ ਬਹੁਤ ਵੱਡੇ-ਵੱਡੇ ਲੋਕਾਂ ਦੀ ਅੱਗੋਂ ਫੇਰ ਰਖੇਲ ਬਣਨਾ ਪਿਆ।

ਗਲਿੰਕਾ ਨੂੰ ਪਤਾ ਸੀ ਕਿ ਕੋਰਸਟ ਅੱਯਾਸ਼ ਵੀ ਸੀ, ਖਰਚੀਲਾ ਵੀ ਸੀ ਤੇ ਸ਼ਾਹੂਕਾਰਾ ਵੀ ਕਰਦਾ ਸੀ।

ਇਕ ਵੈਰੀ ਉਹ ਆਰਥਕ ਸੰਕਟ ਵਿੱਚ ਫਸ ਗਿਆ। ਗਲਿੰਕਾ ਨੇ ਵੇਸਵਾ ਵਾਲਾ ਵੱਖਰਾ ਕਿੱਤਾ ਵੀ ਅਪਣਾਇਆ। ਘੋਰ ਸੰਕਟ ਦੇ ਸਮੇਂ ਗਲਿੰਕਾ ਨੇ ਆਪਣਾ ਜਿਸਮ ਤੁੜਾਉਣ ਦੇ ਇਵਜ਼ ਵਿੱਚ ਕਮਾਏ ਤਿੰਨ ਹਜ਼ਾਰ ਫਰੈਂਕ ਦੀ ਰਕਮ ਉਸ ਦੇ ਹੱਥ ਤੇ ਰੱਖੀ।

ਉਸ ਰਾਤ ਕੋਰਸਟ ਖੁਲ੍ਹਿਆ। ਕਹਿੰਦਾ-ਗੁਪਤ ਰੂਪ ਵਿੱਚ ਮੈਂ ਇਕ ਉੱਚ-ਪਦਵੀਂ ਤੇ ਹਾਂ। ਮੇਰੇ ਕੋਲ ਇੱਕ ਅਤਿ ਗੁਪਤ ਦਸਤਾਵੇਜ਼ ਹੈ। ਉਸ ਦੀਆਂ ਕੁਝ ਕਾਪੀਆਂ ਕਰਨੀਆਂ। ਇਹ ਫਰਾਂਸੀਸੀ ਭਾਸ਼ਾ ਵਿੱਚ ਹੈ। ਤੂੰ ਇਸ ਭਾਸ਼ਾ ਵਿਚ ਵੀ ਮਾਹਿਰ ਹੈਂ। ਇਸ ਦੀਆਂ ਦੋ ਨਕਲਾਂ ਉਤਾਰ ਦੇਹ। ਤੇਰੀ ਲਿਖਾਈ ਵੀ ਬਹੁਤ ਸੁੰਦਰ ਹੈ। ਏਥੇ ਬੈਠ ਕੇ ਦੋ

Scanned with OKEN Scanner

ਕਾਪੀਆਂ ਬਣਾ। ਮੈਂ ਸੌਣ ਜਾਂਦਾ ਹਾਂ।'

ਏਸੇ ਦਸਤਾਵੇਜ਼ ਦੇ ਇੰਤਜ਼ਾਰ ਵਿੱਚ ਗਲਿੰਕਾ ਨੇ ਏਨੇ ਦੁਖ ਸਹੇ ਸਨ। ਉਸ ਨੇ ਇੱਕ ਨਕਲ ਵਾਧੂ ਬਣਾ ਲਈ ਤੇ ਆਪਣੇ ਅੰਦਰਲੇ ਕੱਪੜਿਆ ਵਿਚ ਛੁਪਾ ਲਈ। ਸਵੇਰੇ ਉਹ ਆਪਣੀ ਰਿਹਾਇਸ਼ ਤੇ ਵਾਪਸ ਆ ਗਈ।

ਉਰਗੋਵਸਕੀ- ਮੇਰੀ ਬੱਚੀ ਨੇ ਵੱਡਾ ਮਾਹਰਕਾ ਮਾਰਿਆ। ਫਿਰ ਕੀ ਹੋਇਆ ?

ਐਂਟਲੋਵ - ਪਰ ਗਲਿੰਕਾ ਏਨੀ ਖੁਸ਼ ਸੀ ਕਿ ਦੱਸਿਆ ਨਹੀਂ ਜਾ ਸਕਦਾ। ਕਹਿੰਦੀ- ਏਸ ਦੀ ਪ੍ਰਾਪਤੀ ਲਈ ਮੇਰੀ ਕੁਰਬਾਨੀ ਤੁਛ ਜਿਹੀ ਹੈ। ਗਲਿੰਕਾ ਨੇ ਸਖਤ ਮਿਹਨਤ ਕੀਤੀ। ਮੇਰੀ ਵੀ ਸਹਾਇਤਾ ਲਈ। ਦਸਤਾਵੇਜ਼ ਦਾ ਰੂਸੀ ਭਾਸ਼ਾ ਵਿਚ ਉਲਥਾ ਕੀਤਾ। ਪੈਕੇਟ ਵਿੱਚ ਇੱਕ ਫਰਾਂਸੀਸੀ ਭਾਸ਼ਾ ਵਿੱਚ ਅਤੇ ਦੋ ਰੂਸੀ ਭਾਸ਼ਾ ਦੇ ਉਲਥੇ ਦੇ ਦਸਤਾਵੇਜ਼ ਹਨ।

ਪਾਪਾ, ਗਲਿੰਕਾ ਕਹਿੰਦੀ ਸੀ - ਇੱਕ ਆਪ ਰੱਖ ਲੈਣ।

ਉਰਗੋਵਸਕੀ- ਮੈਨੂੰ ਸਮਝ ਨਹੀਂ ਲੱਗਦੀ ਮੈਂ ਕਿਲਕਾਰੀਆਂ ਮਾਰ-ਮਾਰ ਹੱਸਾਂ ਜਾਂ ਕੂਕਾਂ ਮਾਰ-ਮਾਰ ਰੋਵਾਂ। ਕੁਝ ਜ਼ਾਰ ਖੱਟੂ, ਕੁੱਝ ਰੂਸ ਖੱਟੂ, ਮਾਨਵ ਜੀਵਨ ਖੱਟੂ, ਪਰ ਬਦਲ ਵਿੱਚ ਪਿਉ, ਧੀ ਤੇ ਮੂੰਹ-ਬੋਲੇ ਪੁੱਤਰ ਨੇ ਜੋ ਗੁਆਇਆ ਦਾ ਲੇਖਾ ਕੌਣ ਕਰੂ ....?

(ਉਸ ਦੀਆਂ ਅੱਖਾਂ ਵਿਚੋਂ ਫੇਰ ਅੱਥਰੂ ਪਰਲ-ਪਰਲ ਡਿੱਗਦੇ ਹਨ।)

ਐਂਟਲੋਵ - ਪਾਪਾ, ਜੋ ਗੁਆਇਆ, ਉਸ ਦੀ ਭਰਪਾਈ ਤਾਂ ਹੁਣ ਹੋ ਨਹੀਂ ਸਕਦੀ। ਬਦਲੇ ਵਿੱਚ ਜੋ ਪ੍ਰਾਪਤੀ ਕੀਤੀ ਹੈ ਉਸ ਦਾ ਸਹੀ ਇਸਤੇਮਾਲ ਹੋ ਜਾਏ। ਮੈਂ ਵੀ ਇਹੋ ਆਖਨਾਂ ਤੇ ਗਲਿੰਕਾ ਦੀ ਵੀ ਇਹੋ ਖਾਹਿਸ਼ ਸੀ। ਦੱਸਦੀ ਹੁੰਦੀ ਸੀ ਕਿ ਮਿਜ਼ਰੇਮ ਲਾਜ ਤਾਂ ਬਹੁਤ ਵੱਡੀ ਗੁਪਤ ਸੰਸਥਾ ਦੀ ਨਿੱਕੀ ਜਿਹੀ ਸ਼ਾਖਾ ਹੈ। ਇਹ ਸਮਾਜ ਦੇ ਹਰ ਖੇਤਰ ਵਿੱਚ ਘੁਸਪੈਠ ਕਰਦੇ ਹਨ। ਅੰਤਲਾ ਮਨੋਰਥ ਸਾਡੀ ਧਰਤੀ ਦੀ ਮਾਇਆ ਤੇ ਮਨੁੱਖ ਤੇ ਵਿਸ਼ਵ ਰਾਜ ਦੀ ਪ੍ਰਾਪਤੀ ਹੈ। ਔਰਤ ਜਾਤੀ ਨੂੰ ਉਹ ਇੱਕ ਸੰਦ (ਟੂਲ) ਵਜੋਂ ਵਰਤਦੇ ਹਨ। ਵੇਸਵਾਵਾਂ, ਸੁਸਾਇਟੀ ਔਰਤਾਂ ਤੇ ਏਥੋਂ ਤੱਕ ਕਿ ਆਪਣੀਆਂ ਸੁੰਦਰ ਔਰਤਾਂ ਦਾ ਵੀ ਏਸ ਕਾਰਜ ਲਈ ਇਸਤੇਮਾਲ ਕਰਦੇ ਹਨ। ਇਹ ਗੁਪਤ ਸੰਸਥਾ ਪਿਤਾ-ਪੁਰਖੀ ਹੈ। ਵਿਰਾਸਤੀ ਮਾਵਾਂ ਖੁਸ਼ੀ-ਖੁਸ਼ੀ ਚਾਰ-ਚਾਰ ਪੰਜ-ਪੰਜ ਸਾਲ ਦੀਆਂ ਬੱਚੀਆਂ ਦਾ ਬੇਰਹਿਮੀ ਨਾਲ ਆਪਣੇ ਮਿਤਰਾਂ ਦੁਆਰਾ ਬਲਾਤਕਾਰ ਕਰਵਾਉਂਦੀਆਂ ਹਨ।

ਗਲਿੰਕਾ ਦੀਆਂ ਅੱਖੀ ਦੇਖੀਆਂ ਅਤੇ ਹੱਡੀ ਬੀਤੀਆਂ ਸੁਣੋਗੇ ਤਾਂ ਸੁੰਨ ਹੋ ਜਾਵੋਗੇ।......... ਚਲੋ ਅਗਲਾ ਕਦਮ ਸੋਚੋ ....

Scanned with OKEN Scanner

ਉਸ ਨੇ ਤੁਹਾਡੇ ਨਾਮੇ ਵੀ ਇੱਕ ਪੱਤਰ ਮੇਰੇ ਸਪੁਰਦ ਕੀਤਾ ਹੈ। ਆਹ ਲਉ। ਇਸ ਨੂੰ ਕਿਤੇ ਫੇਰ ਗਹੁ ਨਾਲ ਪੜ੍ਹਨਾ ..... ਹੁਣ ਚੱਲੋ ਅਗਲਾ ਕਦਮ ਚੁੱਕੋ।

ਉਰਗੇਵਸਕੀ - ਮੈਂ ਬੜਾ ਅਭਾਗਾਂ ਬਾਪ ਹਾਂ, ਬਹੁਤ ਨਿਰਾਸ਼ ਹਾਂ।

ਐੱਟਲੋਵ - ਪਰ ਹੁਣ ਅਗਲਾ ਕਦਮ ਚੁੱਕਣ ਵਾਰੇ ਸੋਚੋ। ਪਹਿਲਾਂ ਹੀ ਬਹੁਤ ਦੇਰ ਹੋ ਗਈ ਹੈ।

ਉਰਗੇਵਸਕੀ - ਸਭ ਤੋਂ ਪਹਿਲਾਂ ਤੇਰੀ ਵਾਪਸੀ ਦੀ ਸੂਚਨਾ ਦੇਣੀ ਬਣਦੀ ਹੈ। ਦੂਸਰਾ ਮੈਂ ਕੱਲ ਸਭ ਤੋਂ ਪਹਿਲਾਂ ਇਹ ਕਰਾਂਗਾ ਕਿ ਇਸ ਦਸਤਾਵੇਜ਼ ਦੀ ਇੱਕ ਕਾਪੀ ਆਪਣੇ ਸੀਨੀਅਰ ਨੂੰ ਸੌਂਪਾਂਗਾ ਜੋ ਅੱਗੇ ਬਾਦਸ਼ਾਹ ਜ਼ਾਰ ਤੱਕ ਪੁੱਜਦਾ ਕਰੇਗਾ। ਤੂੰ ਵੀ ਤੇ ਮੈਂ ਵੀ ਫਰਾਂਸੀਸੀ ਭਾਸ਼ਾ ਗੁਜਾਰੇ ਜੋਗੀ ਜਾਣਦੇ ਹਾਂ, ਆਪਾ ਫਰਾਂਸੀਸੀ-ਭਾਸ਼ਾਈ ਦਸਤਾਵੇਜ਼ ਦੀ ਵੀ ਘੱਟੋ ਘੱਟ ਇੱਕ ਕਾਪੀ ਹੋਰ ਕਰ ਲਈਏ। ਛੇਤੀ ਤੋਂ ਛੇਤੀ ਦਿਨ ਚੜ੍ਹਨ ਤੋਂ ਪਹਿਲਾਂ-ਪਹਿਲਾਂ। ਬੇਟੇ ਮੈਂ ਤੈਨੂੰ ਕੁਝ ਖਾਣ-ਪੀਣ ਬਾਰੇ ਵੀ ਨਹੀਂ ਪੁੱਛਿਆ, ਤੇਰੇ ਨਿੱਜੀ ਹਾਲਾਤ ਬਾਰੇ ਕੁਝ ਨਹੀਂ ਪੁੱਛਿਆ, ਤੇਰੇ ਨਾਲ ਕੀ-ਕੀ ਬੀਤੀਆਂ ਇਹ ਵੀ ਨਹੀਂ ਪੁਛਿਆ......।

ਐੱਟਲੋਵ- ਮੈਂ ਸੱਭੋਂ ਕੁਝ ਲਿਖਾਂਗਾ। ਵਿਸਥਾਰ ਨਾਲ ਲਿਖਾਂਗਾ ਕਿ ਕਿਵੇਂ ਗਲਿੰਕਾ ਨੇ ਅਤੇ ਮੈਂ ਬਦੀ ਦੀ ਅਸਲੀ ਜੜ੍ਹ ਲੱਭ ਲਈ ਹੈ। ਲਿਖਾਂਗਾ ਕਿ ਏਸ ਦੀ ਜਾਣਕਾਰੀ ਤੇ ਏਸ ਨੂੰ ਜੜ੍ਹੋਂ ਪੁੱਟਣ ਦੇ ਉਪਰਾਲੇ ਹੀ ਅੱਜ ਦਾ ਬ੍ਰਹਮ-ਗਿਆਨ ਹੈ। ਪਾਪਾ ਤੁਸੀ ਕਾਫੀ ਦੇ ਦੋ ਪਿਆਲੇ ਤਿਆਰ ਕਰੋ, ਮੈਂ ਉਤਾਰਾ ਸ਼ੁਰੂ ਕਰਦਾ ਹਾਂ ....।

(ਉਰਗੇਵਸਕੀ ਕਾਫੀ ਦੇ ਦੋ ਪਿਆਲੇ ਤਿਆਰ ਕਰ ਲਿਆਉਂਦਾ ਹੈ। ਉਹ ਵੀ ਦਸਤਾਵੇਜ਼ ਦਾ ਉਤਾਰਾ ਕਰਨ ਦੀ ਤਿਆਰੀ ਕਰਦਾ ਹੈ ....)

ਉਰਗੇਵਸਕੀ - ਹਾਏ, ਮੇਰੀ ਧੀ ਦੀ ਲਿਖਾਈ ....ਮੋਤੀ ਪ੍ਰੋਏ ਹੋਏ ....ਹੁਣ ਕਿਸ ਹਾਲਤ 'ਚ ਹੋਏਗੀ।

ਐੱਟਲੋਵ - ਪਾਪਾ, ਤੁਸੀਂ ਇਸ ਦਾ ਅਧਿਐਨ ਕਰੋ। ਮਹਾਤਮਾ ਬੁੱਧ ਵਾਲਾ ਚਾਨਣ ਹੋਏਗਾ। ਪਰ ਆਪਣੀ ਕਿਸਮ ਦਾ, ਮੈਂ ਵੀ ਉਤਾਰਾ ਕਰ ਲੈਂਦਾ ਹਾਂ।

(ਦੋਵੇਂ ਆਪੋ ਆਪਣੇ ਆਹਰੇ ਲਗ ਜਾਂਦੇ ਹਨ। ਉਰਗੇਵਸਕੀ ਦੀ ਸਰੀਰਕ ਭਾਸ਼ਾ ਦੱਸਦੀ ਹੈ ਕਿ ਪੜ੍ਹਦਾ-ਪੜ੍ਹਦਾ ਉਹ ਅਚੰਭਤ ਦਰ ਅਚੰਭਤ ਹੋਈ ਜਾਂਦਾ ਹੈ। ..... ਮਗਰੋਂ ਐੱਟਲੋਵ ਕੁਝ ਅਰਾਮ ਕਰਨ ਲਈ ਲੇਟ ਜਾਂਦਾ ਹੈ। ਪਰ ਉਰਗੇਵਸਕੀ ਆਪਣੀ ਧੀ ਗਲਿੰਕਾ ਵੱਲੋਂ ਪਿਤਾ ਦੇ ਨਾਮ ਲਿਖੀ ਚਿੱਠੀ ਪੜ੍ਹਨ ਲਗ ਜਾਂਦਾ ਹੈ ਪਹਿਲਾਂ ਉਹ ਵਿਚੋਂ ਵਿਚੋਂ ਪੜ੍ਹਦਾ ਹੈ ...।

******

Scanned with OKEN Scanner

Scanned with OKEN Scanner

(ਗਲਿੰਕਾ ਦਾ ਪਿਤਾ ਵੱਲ ਪੱਤਰ)

ਪਾਪਾ, ਇਹ ਕੋਈ ਕਰਾਮਾਤ ਹੀ ਹੈ ਕਿ ਜਿਸ ਨੂੰ ਤੁਸੀਂ ਪਾਲਿਆ, ਪਿਆਰਿਆ, ਦੁਲਾਰਿਆਂ, ਲਡਿਆਇਆ, ਪੜ੍ਹਾਇਆ, ਸਿਖਾਇਆ ਤੇ ਏਸ ਯੋਗ ਬਣਾਇਆ ਕਿ ਮੈਂ ਕਈ ਕਿਸਮਾਂ ਦੇ ਭਾਂਬੜਾਂ ਵਿੱਚੀਂ ਲੰਘ ਕੇ ਵੀ ਮਾਨਸਿਕ ਅਤੇ ਆਤਮਿਕ ਤੌਰ ਤੇ ਉਹੀ ਗਲਿੰਕਾ ਹਾਂ ਜ਼ੋ ਤੁਸੀਂ ਬਣਾਇਆ ਢਾਲਿਆ ਸੀ ......

ਆਦੂਸ਼ ਦੀ ਪ੍ਰਾਪਤੀ ਲਈ ਮੈਨੂੰ ਉਨ੍ਹਾਂ ਦੀ ਇਕ ਅਹਿਮ ਤੇ ਗੁਪਤ ਸੰਸਥਾ 'ਇਲੂਮੀਨਾਟੀ' ਵਿੱਚ ਸ਼ਾਮਿਲ ਹੋਣਾ ਪਿਆ। ਇਲੂਮੀਨਾਟੀ ਦੇ ਕਈ ਸਾਰੇ ਉਪਨਾਮ ਹਨ ਜਿਵੇਂ: ਫਰੀਮੇਸਨਰੀ, ਮਿਜਰੇਮ ਮੇਸਨਜ, ਸਕਾਟਿਸ ਰਾਈਟ (Scottish Rite), ਗ੍ਰੈਂਡ ਲਾਜ Skull and Bones, Bohimian Grove ਆਦਿ ...... ਅਨੇਕਾਂ ਸਮਾਜਕ ਤੇ ਧਾਰਮਕ, ਗੁਪਤ ਉਪ ਸੰਸਥਾਵਾਂ ਹਨ। ਬੁਧੀਜੀਵੀਆਂ ਨੂੰ ਖਰੀਦਣ ਲਈ ਕੋਈ ਵੀ ਮੁੱਲ ਤਾਰ ਦਿੰਦੇ ਹਨ। ਹਰ ਇੱਕ ਪ੍ਰਸਿੱਧ ਵਿਅਕਤੀ ਇਨ੍ਹਾਂ ਦੀ ਕਿਸੇ ਨਾ ਕਿਸੇ ਗੁਪਤ ਸੰਸਥਾਂ ਦਾ ਮੈਂਬਰ ਹੈ। ਉਸ ਨੂੰ 'ਹੁਕਮ' ਪਾਲਣੇ ਪੈਂਦੇ ਹਨ ....

ਇਲੂਮੀਨਾਟੀ ਦੇ ਮੁੱਖ ਛੇ ਭਾਗ ਹਨ ...... ਵਿਗਿਆਨ, ਸਰਕਾਰ, ਲੀਡਰਸ਼ਿਪ, ਵਿਦਵਤਾਂ, ਆਤਮਿਕਤਾ, ਸੈਨਾ। (ਦੁਨੀਆਂ ਵਿੱਚ ਹੋਰ ਰਹਿ ਵੀ ਕੀ ਜਾਂਦਾ ਹੈ, ਸਭੋ ਕੁਝ ਇਨ੍ਹਾਂ ਵਿਚ ਸਮਾਇਆ ਹੋਇਆ)

.... ਪ੍ਰਚੱਲਿਤ ਰਾਜ, ਧਰਮ, ਸੱਭਿਆਚਾਰ, ਉਲਟਾ ਕੇ ਨਵੇਂ-ਵਿਸ਼ਵੀ ਨੇਮ (New World Order) ਰਾਹੀਂ ਆਪਣੀ ਇਕ ਸਰਕਾਰ (One World Govt.) ਸਥਾਪਿਤ ਕਰਨੀ ਜਿਸ ਵਿੱਚ ਹਰ ਇੱਕ ਵਿਅੱਕਤੀ ਕਠਪੁੱਤਲੀ ਹੋਏਗੀ .... ਉਨ੍ਹਾਂ ਦਾ ਮਤ ਹੈ- ਆਤਮਿਕ ਤੌਰ ਤੇ ਨੇਕ ਬਣਨ ਲਈ ਪਹਿਲਾਂ ਇਨਸਾਨ ਨੂੰ ਪਾਪ ਦੇ ਨੀਵੇਂ ਤੋਂ ਨੀਵੇਂ ਪੱਧਰ ਤਕ ਗਰਕਣਾ ਪਵੇਗਾ। ਮਨੁੱਖੀ ਮਨ ਦੀ ਢਲਾਈ (Moulding) ਲਈ ਉਹ ਨੀਵੇਂ ਤੋਂ ਨੀਵਾਂ ਕੋਈ ਵੀ ਹਰਵਾ ਵਰਤ ਸਕਦੇ ਹਨ। ਮਰਦ ਕੇਂਦਰਤ ਹੋਣ ਕਰਕੇ ਔਰਤ ਨੂੰ ਜਾਨਵਾਨ ਮਸ਼ੀਨੀ ਪੁਰਜੇ ਵਾਂਗ ਵਰਤਦੇ ਤੇ ਤਜਰਬੇ ਕਰਦੇ ਹਨ। ਦਾਦੀਆਂ, ਨਾਨੀਆਂ, ਮਾਵਾਂ, ਆਟੀਆਂ ਆਪ ਤਿੰਨ-ਚਾਰ ਸਾਲ ਦੀਆਂ ਬੱਚੀਆਂ ਦਾ ਆਪਣੇ ਪ੍ਰੇਮੀਆਂ ਤੋਂ ਰੇਪ ਕਰਵਾਉਂਦੀਆਂ ਹਨ। ਬੱਚੀਆਂ ਵੱਡੀਆਂ ਹੁੰਦੀਆਂ ਹਨ ਤਾਂ ਘੋੜਿਆਂ, ਖੋਤਿਆਂ, ਕੁੱਤਿਆਂ, ਰਿੱਛਾਂ, ਝੋਟਿਆਂ, ਸਾਂਡਾਂ ਨਾਲ ਸੈਕਸ ਪ੍ਰੇਡ ਕਰਵਾਈ ਜਾਂਦੀ ਹੈ। ਇਹ ਉਨ੍ਹਾਂ ਦੀਆਂ ਰਹੁ-ਰੀਤਾਂ (Rituals) ਵਿੱਚ ਸ਼ਾਮਲ ਹੈ ....

ਉਨ੍ਹਾਂ ਦਾ ਕੋਈ ਲੁਕਵਾਂ ਸਿਆਸੀ ਅਤੇ ਆਰਥਕ ਮਨੋਰਥ ਹੈ ਜਿਸ ਵੱਲ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੈ।

.... ਪਾਪਾ ਤੁਹਾਨੂੰ ਹੈਰਾਨੀ ਭਰੀ ਖੁਸ਼ੀ ਹੋਵੇਗੀ ਕਿ ਤੁਹਾਡੀ ਬੇਟੀ ਇਨ੍ਹਾਂ

Scanned with OKEN Scanner

ਸਾਰੀਆਂ ਗਿਰਾਵਟਾਂ ਵਿਚੋਂ ਲੰਘ ਕੇ ਆਤਮਿਕ ਤੌਰ ਤੇ ਨਿਰਲੇਪ ਰਹੀ ਹੈ .... ਤੁਹਾਡੀ ਬੇਟੀ, ਗਲਿੰਕਾ।

*****

ਅਗਲੇ ਦਿਨ ਉਰਗੇਵਸਕੀ ਸੰਖੇਪ ਵਿੱਚ ਆਪਣੇ ਵੱਲੋਂ ਇਕ ਨੋਟ ਲਿਖਦਾ ਹੈ। ਸਭ ਤੋਂ ਪਹਿਲਾਂ ਉਸ ਨੇ ਗਲਿੰਕਾ ਦੀ ਸਫਲਤਾ ਬਾਰੇ ਸੂਚਨਾ ਦਿੱਤੀ। ਦੂਸਰੇ ਨੰਬਰ ਤੇ ਉਸ ਨੇ ਸੰਖੇਪ ਵਿਚ ਲਿਖਿਆ ਕਿ ਕਿਵੇਂ ਗਲਿੰਕਾ ਨੂੰ ਆਪਣੀ ਮੰਜਿਲ ਤੱਕ ਪੁੱਜਣ ਲਈ ਜਿਸਮਾਨੀ ਤੇ ਮਾਨਸਿਕ ਪੀੜਾਂ ਸਹਿਣੀਆਂ ਪਈਆਂ। ਅੰਤ ਵਿੱਚ ਉਹ ਲਿਖਦਾ ਹੈ - "ਇਹ ਦਸਤਾਵੇਜ਼ ਇੱਕ ਰੋਡ ਮੈਪ ਹੈ ਕਿ ਕਿਵੇਂ ਗੁਪਤ ਰਹਿ ਕੇ ਵਸਦੀ ਰਸਦੀ ਇਸ ਦੁਨੀਆਂ ਨੂੰ ਪਹਿਲਾਂ ਮੁਢੋਂ ਸੁਢੋਂ ਜੜ੍ਹਾਂ ਤੋਂ ਉਖੇੜਨਾ ਹੈ, ਗਰਕਾਉਣਾ ਤੇ ਫੇਰ ਜਾਇਆਨਵਾਦੀ ਤਾਕਤਾਂ ਦੀ ਰਹਿਨੁਮਾਈ ਤੇ ਹਿੱਤ ਅਨੁਸਾਰ ਮੁੱਢੋਂ ਸੁਢੋਂ ਤੇ ਨਾਲ ਨਾਲ ਮੁੜ ਉਸਾਰੀ ਕਰਨੀ ਹੈ। ਗਰਕਾਉਣ ਤੇ ਮੁੜ ਉਸਾਰੀ ਦੀ ਸਾਰੀ ਦੀ ਸਾਰੀ ਪ੍ਰਕਿਰਿਆ ਵਿੱਚ ਇਕ ਸਭ ਤੋਂ ਵੱਡੇ ਸ਼ਾਹੂਕਾਰ ਪ੍ਰੀਵਾਰ ਰੌਥਸਚਾਈਲਡ ਦਾ ਅਹਿਮ ਰੋਲ ਹੋਏਗਾ ਜੋ ਸਾਮੀ (Semitic) ਦਾਰਸ਼ਨਿਕਤਾ ਦਾ ਪਰਮ ਧਾਰਨੀ ਹੈ। ਉਸ ਨੇ ਆਰੀਆ (Aryan) ਦਾਰਸ਼ਨਿਕਤਾ ਵਿਰੁੱਧ ਮਹਾਨ ਭੇੜ ਕਰਵਾਉਣਾ ਹੈ।

ਹੋਰ ਸੰਖੇਪ ਇਹ ਕਿ ਇਹ ਦਸਤਾਵੇਜ਼ ਇੱਕ ਸਾਜਸ਼ ਦਾ ਸਬੂਤ ਹੈ ਕਿ ਕਿਵੇਂ ਦੁਨੀਆਂ ਦੇ ਸਾਰੇ ਧਰਮਾਂ ਅਤੇ ਸਰਕਾਰਾਂ ਨੂੰ ਇੱਕ ਵਾਰੀ ਤਬਾਹ ਕਰਕੇ ਜਾਇਅਨਵਾਦ ਦੇ ਹਿੱਤ ਅਨੁਸਾਰ ਹੋਰ ਧਰਮਾਂ ਅਕੀਦਿਆਂ ਦੀ ਮੁੜ ਸੁਰਜੀਤੀ ਕਰਨੀ ਹੈ।"

****

ਰੇਲ ਸਫਰ

ਦਿਨ ਦੇ ਚੜ੍ਹਾ ਨਾਲ ਉਹ ਇਕ ਕਸਬੇ ਨੇੜੇ ਪੁਜ਼ ਜਾਂਦਾ ਹੈ। ਉਸ ਨੂੰ ਪਤਾ ਹੈ ਕਿ ਏਥੇ ਦਾ ਰੇਲਵੇ ਸਟੇਸ਼ਨ ਕਿੱਥੇ ਹੈ। ਉਧਰ ਜਾਂਦਿਆਂ ਉਹ ਅਹਿਸਾਸ ਕਰ ਲੈਂਦਾ ਹੈ ਕਿ ਉਸ ਦੀ ਭਾਲ ਹੋ ਰਹੀ ਹੈ। ਉਸ ਨੂੰ ਬਚਣਾ ਖੂਬ ਆਉਂਦਾ ਹੈ। ਸਾਰੀ ਉਮਰ ਇਹੋ ਕੁਝ ਕਰਦਿਆਂ ਹੀ ਬੀਤ ਗਈ ਹੈ ......।

ਉਰਗੇਵਸਕੀ ਦੀ ਸੋਚ ਲੜੀ ਫਿਰ ਜੁੜਦੀ ਹੈ।

ਦਸਤਾਵੇਜ਼ ਪਹਿਲਾਂ ਚੀਫ ਦੇ ਸਪੁਰਦ ਅਤੇ ਫੇਰ ਬਾਦਸ਼ਾਹ ਨਿਕੋਲਸ ਦੂਜੇ ਦੇ ਸ਼ਾਹੀ-ਦਰਬਾਰ ਦੇ ਸੰਬੰਧਤ ਦਫਤਰ ਤਕ ਪੁਜੇਦਾ ਕੀਤਾ ਜਾਂਦਾ ਹੈ।

ਉਰਗੇਵਸਕੀ ਅਤੇ ਉਸਦੇ ਚੀਫ ਨੂੰ ਆਸ ਹੈ ਕਿ ਬੜੀ ਛੇਤੀ ਕੁਝ ਉਥਲ-ਪੁਥਲ

Scanned with OKEN Scanner

ਹੋਏਗੀ, ਕੁਝ ਧਮਾਕਾਖੇਜ਼ ਹਾਲਾਤ ਵਾਪਰਨਗੇ।

ਬਾਦਸ਼ਾਹ ਨਿਕੋਲਸ ਨੂੰ ਸਚ ਦਾ ਪਤਾ ਲੱਗ ਜਾਏਗਾ ਕਿ ਦੇਸ਼ ਦੇ ਵਿਗੜਦੇ ਹਾਲਾਤ ਤੇ ਵੱਧਦੀ ਉਦਯੋਗਿਕ ਬੇਚੈਨੀ ਦੇ ਪਿੱਛੇ ਕਿਨ੍ਹਾਂ ਤਾਕਤਾਂ ਦਾ ਹੱਥ ਹੈ। ਇਨਕਲਾਬੀ ਲਹਿਰਾਂ ਪਿੱਛੇ ਕਿਸ ਦਾ ਲੁਕਵਾਂ ਹੱਥ ਹੈ? ਇਨਕਲਾਬੀ ਲਹਿਰਾਂ ਦੇ ਚੋਟੀ ਦੇ ਲੀਡਰਾਂ ਅਰਥਾਤ ਲੈਨਿਨ, ਟਾਟਸਕੀ, ਮਾਰਟੋਵ, ਜ਼ਿਨੋਵੀਵ, ਕਾਮੇਨੇਵ .... ਦੇ ਪਿੱਛੇ ਰੋਥਸਚਾਈਲਡ ਦੇ ਵਿਸ਼ਵ ਬੈਂਕਰਾਂ, ਕੂਹਨ ਲੀਓਬ ਕੰਪਨੀ ਦਾ ਹੱਥ ਹੈ, ਜੋ ਇਨਕਲਾਬੀਆਂ ਦੇ ਧਨ ਦਾ ਸੋਮਾਂ ਹਨ। ਦੇਸ਼ ਦੇ ਗੁਪਤ ਭੇਦ ਦੁਸ਼ਮਣ ਗੁਆਂਢੀ ਮੁਲਕਾਂ ਖਾਸ ਕਰਕੇ ਜਪਾਨ ਤੱਕ ਕੌਣ ਪੁਜਦਾ ਕਰੀ ਜਾ ਰਿਹਾ ਹੈ? ਦੇਸ਼ਾਂ, ਪਰਦੇਸ਼ਾਂ ਵਿੱਚ ਵੱਸਦੇ ਨੇੜਲੇ ਰਿਸ਼ਤੇਦਾਰ ਸ਼ਾਹੀ ਘਰਾਣੇ ਕਿਉਂ ਜ਼ਾਰ ਦਾ ਸਾਥ ਛੱਡੀ ਜਾਂਦੇ ਹਨ? ਸਾਰੇ ਯੂਰਪ ਵਿੱਚ ਫੈਲਿਆ ਸ਼ਾਹੀ ਰਿਸ਼ਤੇਦਾਰੀਆਂ ਦਾ ਜਾਲ ਕਿਵੇਂ ਖੇਰੂੰ-ਖੇਰੂੰ ਹੋ ਰਿਹਾ ਹੈ? ਖਾਸ ਕਰਕੇ ਜ਼ਾਰ ਪਟਰਾਣੀ ਅਲੈਗਜ਼ਾਂਦਰਾ ਦੀ ਮਾਂ ਜ਼ੋ ਗੁਆਂਢੀ ਦੇਸ਼ ਆਸਟਰੀਆ ਦੀ ਪਟਰਾਣੀ ਹੈ ਅਤੇ ਬ੍ਰਿਟੇਨ ਦੀ ਮਹਾਂਰਾਣੀ ਵਿਕਟੋਰੀਆਂ ਜ਼ੋ ਰੂਸੀ ਰਾਣੀ ਜਰੀਨਾ ਦੀ ਸਕੀ ਨਾਨੀ ਹੈ, ਇਸ ਸਮੇਂ ਕਿਉਂ ਕੋਈ ਸਹਾਇਤਾ ਨਹੀਂ ਕਰ ਰਹੀਆਂ ਹਨ, ਸਗੋਂ ਪਿੱਛੇ-ਪਿੱਛੇ ਹਟ ਰਹੀਆਂ ਹਨ ?

ਦਿਨ, ਹਫਤੇ ਮਹੀਨੇ ਬੀਤੀ ਜਾ ਰਹੇ ਹਨ। ਦਸਤਾਵੇਜ਼ ਜਿਸ ਵਿੱਚ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਮੌਜੂਦ ਹਨ, ਉਪਰ ਕੋਈ ਕਾਰਵਾਈ ਨਹੀਂ ਹੋ ਰਹੀ ਹੈ।

ਦਸਤਾਵੇਜ਼ ਵਿੱਚ ਸਾਫ ਇਸ਼ਾਰਾ ਹੈ ਕਿ ਜ਼ਾਇਅਨਵਾਦੀ ਤਾਕਤਾਂ ਇਨ੍ਹਾਂ ਬਾਦਸ਼ਾਹਾਂ ਦੀ ਤਬਾਹੀ ਲਈ ਚੀਨ ਅਤੇ ਜਾਪਾਨ ਦੀਆਂ ਬੰਦੂਕਾਂ ਵਰਤਣਗੇ।

ਫੇਰ ਅਚਾਨਕ ਚੀਫ ਨੂੰ ਸ਼ਾਹੀ ਹੁਕਮ ਆਉਂਦਾ ਹੈ ਕਿ ਉਰਗੇਵਸਕੀ ਨੂੰ ਜਗੀਰਦਾਰ ਸੁਖੋਟਿਨ ਦੀ ਜਾਸੂਸੀ ਲਈ ਭੇਜਿਆ ਜਾਵੇ।

ਜਾਗੀਰਦਾਰ ਸੁਖੋਟਿਨ ਬਾਦਸ਼ਾਹ ਦਾ ਭਰੋਸੇਯੋਗ ਤੇ ਹਿਤੈਸ਼ੀ ਹੋਇਆ ਕਰਦਾ ਸੀ। ਉਸ ਨੂੰ ਬਾਦਸ਼ਾਹ ਦਾ ਸੱਜਾ ਹੱਥ ਸਮਝਿਆ ਜਾਂਦਾ ਹੁੰਦਾ ਸੀ।

ਹੁਕਮ ਅਚੰਭਜਨਕ ਹੈ। ਆਖਰ ਸ਼ਾਹੀ ਹੁਕਮ ਹੈ, ਤਾਮੀਲ ਤਾਂ ਹੋਣੀ ਹੀ ਹੈ।

ਉਰਗੇਵਸਕੀ ਅਤੇ ਉਸ ਦੇ ਚੀਫ ਦੀ ਦੇਰ ਤੋਂ ਉਸ ਜਗੀਰਦਾਰ ਨਾਲ ਜਾਣ ਪਛਾਣ ਹੈ।

ਉਹ ਸਿੱਟਾ ਕੱਢਦੇ ਹਨ ਕਿ ਇਹ ਵੀ ਜਾਇਅਨਵਾਦ ਅਤੇ ਇਲੂਮੀਨਾਟੀ ਵੱਲੋਂ ਸਾਜਸ਼ ਦਾ ਹੀ ਸਿੱਟਾ ਹੈ। ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਗਲਤ- ਫਹਿਮੀ ਦੂਰ ਕੀਤੀ ਜਾਵੇ। ਏਸੇ ਵਿੱਚ ਰਾਜੇ ਅਤੇ ਪਰਜਾ ਦੀ ਵੀ ਭਲਾਈ ਹੈ।

ਫੈਸਲਾ ਹੁੰਦਾ ਹੈ ਕਿ ਉਰਗੇਵਸਕੀ ਸਿੱਧਾ ਉਸ ਦੀ ਜਗੀਰ, ਉਸ ਦੀ ਰਿਹਾਇਸ਼ ਤੇ ਚਲਿਆ ਜਾਵੇ।

****

Scanned with OKEN Scanner

Scanned with OKEN Scanner

ਉਰਗੇਵਸਕੀ, ਸੁਖੋਟਿਨ ਤੇ ਸਰਜੀਅਸ ਨਾਈਲਸ

ਉਰਗੇਵਸਕੀ ਸਿੱਧਾ ਉਸ ਦੀ ਰਿਹਾਇਸ਼ ਤੇ ਪੁੱਜ ਜਾਂਦਾ ਹੈ। ਉਹ ਆਪਣੇ ਅਧਿਅਨ ਲਈ ਦਸਤਾਵੇਜ਼ ਦੀ ਇੱਕ ਕਾਪੀ ਵੀ ਆਪਣੇ ਨਾਲ ਲੈ ਜਾਂਦਾ ਹੈ।

ਜਗੀਰਦਾਰ ਸੁਖੋਟਿਨ ਦੀ ਰਹਾਇਸ਼ ਤੇ ਪੁਜਦਿਆਂ ਸਾਰ ਸਭ ਤੋਂ ਵੱਡੀ ਹੈਰਾਨੀ ਵਾਲੀ ਘਟਨਾ ਇਹ ਵਾਪਰਦੀ ਹੈ ਕਿ ਉਥੇ ਪ੍ਰੋ: ਸਰਜੀਅਸ ਨਾਂਈਲਸ ਪਹਿਲਾਂ ਹੀ ਮੌਜੂਦ ਹੈ। ਜਗੀਰਦਾਰ ਦੀ ਹਾਜ਼ਰੀ ਵਿੱਚ ਦੋਵੇਂ ਇੱਕ-ਦੂਜੇ ਨੂੰ ਮਿਲ ਕੇ ਬਹੁਤ ਖੁਸ਼ੀ ਮਹਿਸੂਸ ਕਰਦੇ ਹਨ।

ਉਰਗੇਵਸਕੀ ਜਾਣਦਾ ਹੈ ਕਿ ਪ੍ਰੋ: ਸਰਜੀਅਸ ਧਰਮ-ਅਰਥ-ਸਮਾਜ ਦਾ ਡੂੰਘਾ ਗਿਆਤਾ ਹੈ। ਆਪਣੇ ਗਿਆਨ ਨੂੰ ਉਹ ਦਾਰਸ਼ਨਿਕਤਾ ਵਿਚ ਪ੍ਰੋਣ ਦਾ ਮਾਹਿਰ ਹੈ। ਕਈ ਲੋਕ ਉਸ ਨੂੰ ਬ੍ਰਹਮ-ਗਿਆਨੀ ਅਤੇ ਕਰਾਮਾਤਾਂ ਕਰਨ ਵਾਲਾ ਵੀ ਸਮਝਦੇ ਹਨ।

ਉਰਗੇਵਸਕੀ ਮਨ ਹੀ ਮਨ ਉਸ ਦਾ ਬਹੁਤ ਆਦਰ ਕਰਦਾ ਹੈ। ਉਹ ਇਰਾਦਾ ਬਣਾ ਲੈਂਦਾ ਹੈ ਕਿ ਗਲਿੰਕਾ ਦੇ ਲੱਭੇ ਦਸਤਾਵੇਜ਼ ਬਾਰੇ ਉਸ ਨਾਲ ਮਸ਼ਵਰਾਂ ਵੀ ਕਰੇਗਾ। ਮਸ਼ਵਰਾ ਤਾਂ ਹੀ ਕਰੇਗਾ ਜੇਕਰ ਮੁਨਾਸਿਬ ਸਮਝਿਆ ਜਾਏਗਾ।ਬਹੁਤ ਸਾਰੀਆਂ ਏਧਰ-ਉੱਧਰ ਦੀਆਂ ਹਾਸੇ ਠੱਠੇ ਵਾਲੀਆਂ ਗੱਲਾਂ-ਬਾਤਾਂ ਹੁੰਦੀਆਂ ਹਨ। ਹੌਲੀ ਹੌਲੀ ਗੱਲਾਂ ਬਾਤਾਂ ਦਾ ਮੁਹਾਣ ਗੰਭੀਰਤਾਂ ਵੱਲ ਮੁੜਦਾ ਹੈ ....

ਸਰਜੀਅਸ - ਅੱਜ ਕੱਲ ਮੈਂ ਇੱਕ ਦਸਤਾਵੇਜ਼ ਦੀ ਭਾਲ ਵਿੱਚ ਹਾਂ, ਜ਼ੋ ਦੁਨੀਆ ਦੇ ਧਰਮਾਂ ਅਤੇ ਸਰਕਾਰਾਂ ਦੀ ਤਬਾਹੀ ਦਾ ਰੋਡ ਮੈਪ ਹੈ। ਏਨਾ ਕੁ ਸੁਰਾਗ ਨਿਕਲ ਸਕਿਆ ਹੈ ਕਿ ਦਸਤਾਵੇਜ਼ ਰੂਸ ਪੁੱਜ ਚੁੱਕਿਆ ਹੈ, ਪਰ ਹਾਲੇ ਤੱਕ ਮੇਰੇ ਹੱਥ ਨਹੀਂ ਲੱਗਿਆ ਹੈ। ਰਾਤ ਦਿਨ ਯਤਨ ਕਰ ਰਿਹਾ ਹਾਂ। ਆਪਣੇ ਸਾਰੇ ਸ਼ਿਸ਼ ਤੇ ਹੋਰ ਸਾਧਨ ਏਸੇ ਆਹਰੇ ਲਾਏ ਹੋਏ ਹਨ।

ਕੁਝ ਸਮਾਂ ਚੁਪ ਛਾ ਜਾਂਦੀ ਹੈ। ਉਰਗੇਵਸਕੀ ਮਨ ਬਣਾ ਲੈਂਦਾ ਹੈ ਕਿ ਭੇਤ ਖੋਲ੍ਹ ਦਿੱਤਾ ਜਾਵੇ। ਉਰਗੇਵਸਕੀ ਆਪਣੇ ਬੈਗ ਵਿਚੋਂ ਇੱਕ ਫਾਈਲ ਕੱਢਦਾ ਹੈ ------

ਉਰਗੇਵਸਕੀ- ਪ੍ਰੋ: ਸਰਜੀਅਸ, ਆਹ ਲਉ ਉਹ ਦਸਤਾਵੇਜ। ਮੇਰੀ ਧੀ ਗਲਿੰਕਾ ਨੇ ਬੜੇ ਸਰੀਰਕ ਤੇ ਮਾਨਸਿਕ ਤਸੀਹੇ ਸਹਿ ਕੇ ਇਸ ਨੂੰ ਪ੍ਰਾਪਤ ਕੀਤਾ ਹੈ।

ਆਪਣੇ ਚੀਫ ਰਾਹੀਂ ਬਾਦਸ਼ਾਹ ਦੇ ਸ਼ਾਹੀ ਮਹਿਲ ਤੱਕ ਪੁੱਜਦਾ ਕੀਤਾ ਹੈ, ਪਰ ਅਸਰ ਕੋਈ ਨਹੀਂ ਹੋਇਆ ਲਗਦਾ ਹੈ।

ਸਰਜੀਅਸ - ਪਿਆਰੇ ਮਿੱਤਰ, ਇਹ ਆਪਣੀ ਅਸਲੀ ਮੰਜਿਲੇ ਪੁਜਿਆ ਹੀ ਨਹੀਂ ਹੈ। ਰਾਹ ਵਿੱਚ ਅਟਕ ਗਿਆ ਹੈ।

Scanned with OKEN Scanner

Scanned with OKEN Scanner

ਉਰਗੇਵਸਕੀ- ਪ੍ਰੋ: ਸਾਹਿਬ ਜਿਵੇਂ-ਕਿਵੇਂ ਮੇਰਾ ਯਕੀਨ ਹੈ ਕਿ ਇਹ ਆਪਣੀ ਅਸਲੀ ਮੰਜਿਲ ਯਾਨੀ ਪ੍ਰੋ: ਸਰਜੀਅਸ ਨੀਲਸ ਦੇ ਹੱਥਾਂ ਵਿੱਚ ਹੁਣ ਪੁੱਜ ਗਿਆ ਹੈ।

ਜਗੀਰਦਾਰ ਅਲੈਕਸੀ ਸੁਖੋਟਿਨ - ਓ ਰੱਬਾ ਏਡਾਂ ਵੱਡਾ ਵਿਸ਼ਵਾਸ਼ ...... ਪ੍ਰੋ: ਸਾਹਿਬ ਇਹ ਵਿਸ਼ਵਾਸ ਬਣਿਆ ਰਹੇ। ਅੱਗੇ ਈ ਦੇਖੋ ਕੀ ਸਜ਼ਾ ਭੁਗਤ ਰਹੇ ਹਾਂ।

ਪ੍ਰੋ: ਨਾਈਲਸ- ਇਕ ਮਸਲਾ ਸਾਫ ਕਰ ਦਿਉ ਕਿ ਕੀ ਇਹ ਰੂਸੀ ਬੁੱਧੀਜੀਵੀਆਂ ਅਤੇ ਪਬਲਿਕ ਵਿਚ ਜਾਏ ਜਾਂ ਆਪਣੇ ਵਿਚਕਾਰ ਈ ਰਹੇ ਜਾਂ ਕੁੱਝ ਧਾਰਮਿਕ ਅਦਾਰਿਆਂ ਤੱਕ ਸੀਮਤ ਰਹੇ ....

ਉਰਗੇਵਸਕੀ- ਏਸ ਨੂੰ ਲੱਭਣ ਵਿੱਚ ਮੇਰੀ ਧੀ ਨੇ ਅਸਹਿ ਤਸੀਹੇ ਝੱਲੇ ਨੇ। ਮੋੜ ਤਾਂ ਹੀ ਮੁੜਦਾ ਹੈ ਜੇਕਰ ਛਾਇਆ ਹੋਵੇ ਤੇ ਲੋਕਾਂ ਵਿੱਚ ਜਾਏ .... ਏਸ ਕਾਰਜ ਨੂੰ ਕਰਨ ਦਾ ਆਪਣਾ ਖਮਿਆਜਾ ਮੈਂ ਤਾਂ ਭੁਗਤ ਲਵਾਂਗਾ।

ਨਾਈਲਸ - ਮੈਂ ਛਾਇਆ ਕਰਾਂਗਾ .... ਤੇ ਆਪਣਾ ਖਮਿਆਜਾ ਮੈਂ ਵੀ ਭੁਗਤ ਲਵਾਂਗਾ। ਮੈਂ ਹੁਣੇ ਹੀ ਇਸ ਦੇ ਅਧਿਅਨ ਵਿੱਚ ਜੁਟ ਜਾਂਦਾ ਹਾਂ।

(ਸਰਜੀਅਸ ਆਪਣੇ ਕਾਗਜ-ਪੱਤਰ ਸਾਂਭਦਾ ਹੈ ਅਤੇ ਆਪਣੇ ਕਮਰੇ ਵਿੱਚ ਚਲਿਆ ਜਾਂਦਾ ਹੈਂ। ਉਰਗੇਵਸਕੀ ਅਤੇ ਸੁਖੋਟਿਨ ਆਪਣੇ ਵਿਚਾਰ ਵਟਾਂਦਰੇ ਵਿੱਚ ਰੁਝ ਜਾਂਦੇ ਹਨ।)

ਸੁਖੋਟਿਨ - ਉਰਗੇਵਸਕੀ ਸਾਹਿਬ, ਲੱਗਦਾ ਹੈ ਕਿ ਤੁਸੀਂ ਆਪਣੀ ਮਰਜੀ ਨਾਲ ਮੈਨੂੰ ਮਿਲਣ ਨਹੀਂ ਆਏ ਹੋ। ਤੁਹਾਨੂੰ ਮੇਰੀ ਜਸੂਸੀ ਲਈ ਭੇਜਿਆ ਗਿਆ ਲੱਗਦਾ ਹੈ।

ਉਰਗੇਵਸਕੀ- ਤੁਸੀਂ ਬਿਲਕੁਲ ਠੀਕ ਬੁਝ ਲਿਆ ਹੈ। ਪਰ ਇਸ ਦਸਤਾਵੇਜ ਦੇ ਲੱਭਣ ਮਗਰੋਂ ਅਤੇ ਡੂੰਘਾ ਮੁਤਾਲਿਆ ਕਰਨ ਮਗਰੋਂ ਉਰਗੇਵਸਕੀ ਦੀ ਮਾਨਸਿਕਤਾ ਵਿਚ ਕਈ ਪਹਿਲੂ ਹੋਰ ਉਗਮ ਪਏ ਹਨ। ਉਰਗੇਵਸਕੀ ਇੱਕ ਜਸੂਸ ਤਾਂ ਹੈ ਹੀ, ਉਹ ਇੱਕ ਧੀ ਦਾ ਬਾਪ ਵੀ ਹੈ, ਉਹ ਰੂਸੀ ਵੀ ਹੈ, ਖੋਜੀ ਵੀ ਹੈ, ਵੱਡੀ ਗਲ ਕਿ ਮਾਨਵੀ ਸੋਚ ਰੱਖਣ ਵਾਲਾ ਨਿੱਜੀ ਵਿਅਕਤੀ ਵੀ ਹੈ। ਹਾਂ, ਤੇ ਮੈਂ ਤੁਹਾਡੀ ਜਸੂਸੀ ਕਰਨ ਦੀ ਖਾਨਾਪੁਰੀ ਤਾਂ ਕਰਨੀ ਹੀ ਹੈ। ਪਰ ਤੁਹਾਡੇ ਕੋਲੋਂ ਬਹੁਤ ਕੁਝ ਸਿਖਣਾ ਵੀ ਹੈ। ਖਾਸ ਕਰਕੇ ਇਹ ਕਿ ਰੂਸ ਦਾ ਇਤਿਹਾਸ ਹੁਣ ਕਿਧਰ ਵਲ ਤੁਰ ਪਿਆ ਹੈ। ਦਿਨ-ਪ੍ਰਤੀ ਦਿਨ ਅਣ ਆਸ਼ਰਿਤ ਵਾਪਰ ਰਿਹਾ ਹੈ।

ਸੁਖੋਟਿਨ ਜੀ, ਤੁਸੀਂ ਬਾਦਸ਼ਾਹ ਦੇ ਸ਼ਾਹੀ ਆਮ-ਦਰਬਾਰ ਦੀ ਵੀ ਅਤੇ ਖਾਸ-ਦਰਬਾਰ ਦੀ ਵੀ ਅਹਿਮ ਹਸਤੀ ਰਹੇ ਹੋ .... ਤੇ ਅੱਜ ਕੱਲ ਦੋਵਾਂ ਦਰਬਾਰਾਂ ਵਿੱਚੋ ਛੇਕੇ ਹੋਣ ਦਾ ਸੰਤਾਪ ਵੀ ਭੋਗ ਰਹੇ ਹੋ। ਇਕ ਪਾਸੇ ਸ਼ਾਹੀ

Scanned with OKEN Scanner

ਅਹਿਮੀਅਤ ਅਤੇ ਦੂਜੇ ਪਾਸੇ ਇਕਾਂਤਵਾਸ ਦੀ ਇਹ ਸਜਾ ....

ਸੁਖੋਟਿਨ - ਮੁਢਲਾ ਸੱਚ ਇਹ ਹੈ ਕਿ ਜ਼ਾਰ ਬਾਦਸ਼ਾਹ ਵਿੱਚ ਸਿਰੇ ਦੀ ਸ਼ਾਹੀ ਆਕੜ ਅਤੇ ਸ਼ਾਹੀ ਜ਼ਾਲਮੀਅਤ ਤਾਂ ਹੈ ਹੀ ਪਰ ਕਿਸੇ ਨਾ ਕਿਸੇ ਸਾਧਨ ਵੱਲੋਂ ਇਨਸਾਨੀਅਤ ਉਭਾਰ ਦਿੱਤੀ ਜਾਵੇ ਤਾਂ ਇਹ ਸਖੀ ਦਿਲ ਵੀ ਬਹੁਤ ਹਨ ...... ਇਨ੍ਹਾਂ ਨੇ ਲੱਖਾਂ ਬਲਕਿ ਕ੍ਰੌੜਾਂ ਬਗਾਰੀਆਂ ਨੂੰ ਮੁਕਤੀ ਵੀ ਦਿਵਾਈ ਹੈ ....

ਉਰਗੇਵਸਕੀ- ਹਾਂ, ਆਪਾਂ ਕੇਂਦਰੀ ਬਿੰਦੂ ਤੇ ਆਈਏ।

ਸੁਖੋਟਿਨ - ਉਰਗੇਵਸਕੀ, ਦੇਖੋ 1789 ਦੇ ਫ੍ਰਾਂਸੀਸੀ ਇਨਕਲਾਬ ਦੀ ਸਫਲਤਾ ਨੇ ਦੁਨੀਆਂ ਦੀ ਤੋਰ ਦੇ ਮੁਹਾਣ ਵਿੱਚ ਅਹਿਮ ਮੋੜਾ ਲਿਆਂਦਾ ਹੈ। ਇਹ ਕਿ ਰੌਥਸਚਾਈਲਡ ਸ਼ਾਹੂਕਾਰ ਵਿਸ਼ਵੀ ਬੈਂਕਰ ਤੇ ਉਨ੍ਹਾਂ ਦੀਆਂ ਲੁਕਵੀਆਂ ਸੰਸਥਾਵਾਂ ਵੱਖਰੇ -ਵੱਖਰੇ ਨਾਂਵਾਂ ਥੱਲੇ ਕਿਤੇ ਵੱਧ ਮਜਬੂਤ ਹੋ ਕੇ ਦੁਨੀਆਂ ਵਿਚ ਛਾਉਣ ਲਗ ਪਏ ਹਨ। ਘੁਸਪੈਠ ਰੂਸ ਵਿੱਚ ਮੁਕਾਬਲਤਨ ਵਧੇਰੇ ਹੋਈ ਹੈ।

ਤੁਸੀਂ ਜਾਣਦੇ ਹੋ ਕਿ 1814 ਵਿੱਚ ਤੇਰਾ ਮੈਂਬਰੀ ਸ਼ਾਹੀ ਤੇ ਵਿਸ਼ਵੀ ਬੈਂਕਰਾਂ ਦਾ ਦੂਸਰਾ ਸੰਮੇਲਨ ਹੋਇਆ ਸੀ। ਬਤੌਰ ਸਲਾਹਕਾਰ ਜ਼ਾਰ ਅਲੈਗਜਾਂਦਰ ਪਹਿਲੇ ਦੇ ਨਾਲ ਮੇਰਾ ਬਾਪ ਵੀ ਗਿਆ ਸੀ।

ਇਹ ਮੇਰੇ ਬਾਪ ਦੀ ਰਾਏ ਦਾ ਹੀ ਅਸਰ ਸੀ ਕਿ ਜਦੋਂ ਮੌਜ਼ਜ਼ ਰੌਥਸ ਦੇ ਪੁੱਤਰ ਨਾਥਨ ਨੇ ਸਾਰੇ ਪੱਛਮੀ ਤੇ ਪੂਰਬੀ ਯੂਰਪ ਦੇ ਧਨ-ਪ੍ਰਚਲਣ (Circulation of Currency) ਦੀ ਨਿਰੋਲ ਆਪਣੀ ਜਿੰਮੇਵਾਰੀ ਦਾ ਪ੍ਰਸਤਾਵ ਰੱਖਿਆ ਤਾਂ ਜ਼ਾਰ ਅਲੈਗਡਾਂਕਰ ਪਹਿਲਾ ਬਾਗੀ ਹੋ ਗਿਆ ਸੀ ਤੇ ਉਸ ਚੌਕੜੀ ਦੀ ਭਾਈਵਾਲੀ ਸਦਾ ਲਈ ਤਿਆਗ ਦਿੱਤੀ ਸੀ।

ਉਦੋਂ ਕੁਝ ਆਪਸੀ ਤੁਰਸ-ਕਲਾਮੀਆਂ ਤੇ ਧਮਕੀ ਧਾੜੇ ਵੀ ਸਾਂਝੇ ਹੋਏ ਸਨ ......

ਉਰਗੇਵਸਕੀ - ਏਸ ਮੌਕੇ ਯੂਰਪ ਦੇ ਬਾਕੀ ਸ਼ਾਹਾਂ, ਬਾਦਸ਼ਾਹਾਂ, ਸ਼ਹਿਨਸ਼ਾਹਾਂ ਆਦਿ ਨੇ ਕੋਈ ਪ੍ਰਤੀਕਰਮ ਨਾ ਕੀਤਾ ਜਿਵੇਂ ਕਿ ਤਤਕਾਲੀ ਬਾਦਸ਼ਾਹ ਜ਼ਾਰ ਨੂੰ ਆਸ ਸੀ .....?

ਸੁਖੋਟਿਨ - ਕਰਦੇ ਕਿਵੇਂ? ਸਾਰੇ ਇੱਕ ਦੂਸਰੇ ਵਿਰੁੱਧ ਜੰਗਾਂ ਲੜ ਰਹੇ ਸਨ। ਰੌਥਸਚਾਈਲਡ ਲੁਕਵੇਂ ਤੌਰ ਤੇ ਸਾਰਿਆਂ ਨੂੰ ਇੱਕ-ਦੂਜੇ ਦੇ ਵਿਰੁੱਧ ਧਨ ਦੇਈ ਜਾਂਦਾ ਸੀ। ਸਾਰਿਆਂ ਨੂੰ ਧਨ ਦਾ ਸੰਕਟ ਸੀ। ਸਿਰਫ ਰੂਸ ਬਾਦਸ਼ਾਹ ਹੀ ਅਜੇ ਏਸ ਸੰਕਟ ਤੋਂ ਮੁਕਤ ਸੀ, ਤਾਂ ਹੀ ਉਹ ਬਾਗੀ ਹੋਣ ਦੀ ਜ਼ੁਅੱਰਤ

Scanned with OKEN Scanner

ਕਰ ਸਕਿਆ।

ਉਰਗੇਵਸਕੀ- ਬੜੇ ਹੀ ਦਿਲਚਸਪ ਹਾਲਾਤ ਸਨ ਉਹ ! ਫੇਰ ਕੀ ਹੋਇਆ ?

ਸੁਖੋਟਿਨ - ਬਾਦਸ਼ਾਹ ਅਲੈਗਜਾਂਦਰ ਵੀ ਚਿੰਤਤ ਹੋਇਆ ਕਿ ਵਿਸ਼ਵ ਪੱਧਰ ਦੀ ਏਸ ਚੰਡਾਲ ਚੌਕੜੀ ਤੋਂ ਬਾਗੀ ਹੋਣਾ ਤਾਂ ਔਖਾ ਨਹੀਂ ਪਰ ਨਿਭਾਉਣਾ ਉਕਾ ਹੀ ਸੌਖਾ ਵੀ ਨਹੀਂ। ਸ਼ਾਹੀ ਸਲਾਹਕਾਰਾਂ ਨੇ ਸਲਾਹ ਦਿੱਤੀ ਕਿ ਆਪਣੇ ਦੇਸ਼ ਦੇ ਕੁਲ ਚਾਰ ਫੀਸਦੀ ਵਾਲੇ ਯਾਹੂਦੀਆਂ ਦਾ ਆਦਰ-ਪਿਆਰ ਜਿੱਤਿਆ ਜਾਵੇ ਤਾਂ ਕਿ ਉਹ ਦੂਜੇ ਧੜੇ ਯਾਨੀ ਅਸ਼ਕਨਾਜ਼ੀ ਯਹੂਦੀਆਂ ਨਾਲ ਨਾ ਰਲ ਜਾਣ ਤੇ ਰੂਸ ਦੀ ਮੁੱਖ ਧਾਰਾ ਅੰਦਰ ਰਹਿਣ।

ਉਰਗੇਵਸਕੀ- ਸਿਆਣੀ ਰਾਏ ਤਾਂ ਏਹੋ ਬਣਦੀ ਸੀ।

ਸੁਖੋਟਿਨ - ਉਹੋ ਹੋਇਆ। ਬਾਦਸ਼ਾਹ ਨੇ ਕੁਲ ਚਾਰ ਫੀਸਦੀ ਯਹੂਦੀ ਵਸੋਂ ਲਈ ਰਿਆਇਤਾਂ-ਸਹੂਲਤਾਂ ਦਾ ਹੜ੍ਹ ਵਗਾ ਦਿੱਤਾ। ਯਹੂਦੀਆਂ ਨੂੰ ਮੁੱਢਲੀ ਅਤੇ ਉਚ ਸਿੱਖਿਆ ਲਾਜ਼ਮੀ ਤੇ ਮੁਫਤ ਕੀਤੀ ਗਈ। ਕਿਤਾ ਮੁਖੀ ਸਿੱਖਿਆ ਮੁਫਤ ਵਪਾਰ, ਦਸਤਕਾਰੀ, ਉਦਯੋਗ ਵਿਚ ਰਿਆਇਤਾਂ; ਬਿਨਾਂ ਸੂਦ ਤੋਂ ਖੁੱਲ੍ਹਾ ਕਰਜਾ। 40-50 ਸਾਲਾਂ ਵਿੱਚ ਯਹੂਦੀ ਹਰ ਖੇਤਰ ਵਿਚ ਛਾ ਗਏ। ਵਪਾਰ ਸ਼ਾਹੂਕਾਰਾ ਅਤੇ ਡਾਕਟਰੀ ਵਿੱਚ ਉਹ ਮਨਾਪਲਿਸਟ (ਏਕਾਧਿਕਾਰੀ) ਬਣਦੇ ਗਏ।

ਉਰਗੇਵਸਕੀ - ਬਾਦਸ਼ਾਹ ਬਦਲਦੇ ਰਹੇ ਤੇ ਪਾਲਿਸੀ ਬਦਸਤੂਰ ਚੱਲਦੀ ਰਹੀ? ਕੁਝ ਚਾਨਣਾ ਪਾਉ ......

ਸੁਖੋਟਿਨ - ਬਾਦਸ਼ਾਹ ਅਲੈਂਗਜਾਂਦਰ ਪਹਿਲਾ ਦੀ ਮੌਤ ਤੋਂ ਮਗਰੋਂ 1825 ਵਿਚ ਬਾਦਸ਼ਾਹ ਜ਼ਾਰ ਨਿਕੋਲਸ ਪਹਿਲਾ ਸ਼ਹਿਨਸ਼ਾਹ ਬਣਿਆਂ ਤਾਂ ਵੀ ਇਹ ਪਾਲਿਸੀ, ਚੱਲਦੀ ਰਹੀ। 1855 ਈ. ਵਿੱਚ ਜ਼ਾਰ ਨਿਕੋਲਸ ਪਹਿਲੇ ਮਗਰੋਂ ਬਾਦਸ਼ਾਹ ਜ਼ਾਰ ਅਲੈਗਜੈਂਦਰ ਦੂਜਾ ਗੱਦੀਦਾਰ ਹੋਇਆ। ਏਸ ਬਾਦਸ਼ਾਹ ਦੀ ਦਰਿਆ ਦਿੱਲੀ, ਰਹਿਮ ਦਿੱਲੀ ਤੇ ਗਰੀਬ ਪਰਵਰੀ ਦੀ ਭਾਵਨਾ ਨੇ ਪਿਛਲੇ ਮਿਆਰ ਮਾਤ ਪਾ ਦਿੱਤੇ। ਉਦੋਂ ਤੱਕ ਮੈਂ ਆਪਣੇ ਬਾਪ ਦੇ ਮਗਰੋਂ ਉਸ ਦੀ ਥਾਂ ਸ਼ਾਹੀ ਸਲਾਹਕਾਰਾਂ ਦੀ ਪਦਵੀਂ ਤੱਕ ਪੁਜ ਗਿਆ ਸੀ। ਬਹੁਤੇ ਸਲਾਹਕਾਰ ਚਾਪਲੂਸ ਸਨ।

ਬਾਦਸ਼ਾਹ ਅਲੈਗਜਾਂਦਰ ਦੂਜੇ ਨੇ ਆਪਣੇ ਬਾਪ-ਦਾਦਿਆਂ ਦੀ ਪਾਲਿਸੀ ਨੂੰ ਹੋਰ ਵਧੇਰੇ ਉਤਸ਼ਾਹ ਨਾਲ ਅਗਾਂਹ ਤੋਰਿਆ। ਉਸ ਨੇ ਲੱਖਾਂ ਰੂਸੀਆਂ ਨੂੰ ਵੀ ਬਗਾਰ ਤੋਂ ਮੁਕਤ ਕਰਵਾਇਆ।

ਤਾਹੀਉਂ ਡਿਜਰੇਲੀ ਵਰਗਾ ਬ੍ਰਿਟੇਨ ਦਾ ਪ੍ਰਧਾਨ ਮੰਤਰੀ ਅਕਸਰ ਕਹਿਣ

Scanned with OKEN Scanner

ਲੱਗਾ – Alexander II is the most benevolent (ਰੂਸ ਦੇ ਸਾਰੇ ਸ਼ਹਿਜਾਦਿਆਂ ਵਿਚੋਂ ਅਲਗਜਾਦਰ ਦੋ ਸਭ ਨਾਲੋਂ ਵੱਧ ਮਾਨਵ ਹਿਤੈਸ਼ੀ ਹੈ) ਪਰ ਮੈਂ ਵੱਖਰੀ ਤਰ੍ਹਾਂ ਸੋਚਦਾ ਸਾਂ। ਮੌਕਾ ਪਾ ਕੇ ਇਕ ਰਾਤ ਮੈਂ ਬਾਦਸ਼ਾਹ ਅਲੈਗਜਾਦਰ-2 ਦੇ ਕੰਨ ਵਿੱਚ ਕਿਹਾ- ਲੱਖਾਂ ਰੂਸੀ ਮਜ਼ਾਰਾ ਪ੍ਰੀਵਾਰਾਂ ਨੂੰ ਤੁਸੀਂ ਬਗਾਰ ਤੋਂ ਮੁਕਤ ਕਰਵਾਇਆ। ਉਹ ਅਸੀਸਾਂ ਦਿੰਦੇ ਹਨ। ਪਰ ...."ਪਰ ਕੀ ?" ਬਾਦਸ਼ਾਹ ਪੁੱਛਦਾ ਹੈ।

ਮੈਂ - ਪਰ ਸੱਪੀਂ ਦੁੱਧ ਪਿਲਾਈਐ, ਮੁੜ ਡੱਸਣ ਆਏ....... ਮੇਰਾ ਇਸ਼ਾਰਾ ਯਹੂਦੀਆਂ ਵੱਲ ਹੈ, ਰੂਸੀ ਮੁਜਾਰਿਆਂ ਵਲ ਨਹੀਂ।

ਬਾਦਸ਼ਾਹ - 'ਮੈਂ ਸਮਝਦਾ ਹਾਂ ਪਰ ਹਾਲੇ ਵਿਸ਼ਵੀ ਹਾਲਾਤ ਤੇਜੀ ਨਾਲ ਬਦਲ ਰਹੇ ਹਨ ....।'

ਉਰਗੇਵਸਕੀ - ਬਾਦਸ਼ਾਹ ਅਲੈਂਗਜਾਰ-2 ਬਿਲਕੁਲ ਠੀਕ ਕਹਿ ਰਿਹਾ ਸੀ। ਸਾਰਾ ਯੂਰਪ ਅਮਰੀਕਾ ਆਪਸੀ ਖਿਚੋਤਾਣ ਵਿੱਚ ਫਸਿਆ ਹੋਇਆ ਸੀ। ਭਾਰਤ ਵਿੱਚ ਗਦਰ ਮੱਚਿਆ ਹੋਇਆ ਸੀ। ਉਧਰ ਅਮਰੀਕਾ ਵਿੱਚ ਸਿਵਿਲ ਵਾਰ ਚਲ ਰਹੀ ਸੀ ਤੇ ਬਾਦਸ਼ਾਹ ਅਮਰੀਕੀ ਪ੍ਰਧਾਨ ਅਬਰਾਹਮ ਲਿੰਕਨ ਦਾ ਸਾਥ ਦੇ ਰਿਹਾ ਸੀ। ਅਬਰਾਹਮ ਆਪਣੀ ਥਾਂ ਘੋਰ ਸੰਕਟ ਵਿੱਚ ਸੀ ਜੋ ਵਿਸ਼ਵੀ ਬੈਂਕਰਾਂ ਨੇ ਪਾਇਆ ਹੋਇਆ ਸੀ, ਜੋ ਉਸ ਨੂੰ ਧਨ ਨਹੀਂ ਦੇ ਰਹੇ ਸਨ......

ਏਸ ਹਾਲਾਤ ਵਿੱਚ ਬਾਦਸ਼ਾਹ ਨੇ ਵਿਸ਼ਵ ਨਾਇਕ ਦਾ ਰੋਲ ਨਿਭਾਇਆ। ਉਸ ਨੇ ਲਿੰਕਨ ਨੂੰ ਸਲਾਹ ਦਿੱਤੀ ਕਿ ਉਹ ਬੈਂਕਰਾ ਤੋਂ ਕਰਜਾ ਲੈਣ ਦੀ ਥਾਂ ਆਪਣੀ ਸਰਕਾਰੀ ਕਰੰਸੀ ਛਾਪੇ। ਰੂਸ ਤੇ ਉਸ ਦੇ ਅਲਾਈਜ ਮੰਜ਼ੂਰੀ ਦੇਣਗੇ। ਨਾਲ ਹੀ ਬਾਦਸ਼ਾਹ ਨੇ ਆਪਣਾ ਸਭ ਤੋਂ ਵਧੀਆ ਸਮੁੰਦਰੀ ਬੇੜਾ ਅਬਰਾਹਮ ਦੀ ਮਦਦ ਲਈ ਭੇਜ ਦਿੱਤਾ। ਬਾਦਸ਼ਾਹ ਦਾ ਇਹ ਕਦਮ ਮਾਨਵੀ ਨਜਰੀਏ ਤੋਂ ਵੀ ਸਰਾਹਨਾਂ ਯੋਗ ਸੀ।

ਸੁਖੋਟਿਨ - ਤੁਹਾਡਾ ਵਿਚਾਰ ਬਿਲਕੁਲ ਠੀਕ ਹੈ।ਪਰ ਮੁੱਢਲੀ ਸਫਲਤਾ ਦੇ ਝਟ ਮਗਰੋਂ ਹੀ ਕੀ ਵਾਪਰਦਾ ਹੈ। ਜਿੱਤ ਦੀਆਂ ਖੁਸ਼ੀਆਂ ਅਜੇ ਪੂਰੀਆਂ ਵੀ ਨਹੀਂ ਹੋਈਆਂ ਹੁੰਦੀਆਂ ਕਿ ਅਬਰਾਹਮ ਦਾ ਕਤਲ ਹੋ ਜਾਂਦਾ ਹੈ।

ਰੋਥਸਚਾਈਲਡ ਨੇ ਏਧਰ ਰੂਸ ਵਿੱਚ ਅੱਤਵਾਦੀ ਇਨਕਲਾਬੀ ਗਰੁੱਪਾਂ ਦੀ ਮਦਦ ਲਈ ਤਿਉਰੀਆਂ ਖੋਲ੍ਹ ਦਿੱਤੀਆਂ। ਵਿਸ਼ਵੀ ਬੈਂਕਰਾਂ ਦੀ ਸਹਾਇਤਾ ਨਾਲ ਉਹ ਏਨੇ ਮਜਬੂਤ ਹੋ ਗਏ ਕਿ 1866 ਵਿੱਚ ਉਨ੍ਹਾਂ ਬਾਦਸ਼ਾਹ ਅਲੈਗਜਾਂਦਰ -2 ਤੇ ਪਹਿਲਾ ਕਾਤਲਾਨਾ ਹਮਲਾ ਕੀਤਾ। ਪਰ ਸਫਲ ਨਾ ਹੋਇਆ। ਫੇਰ 1879 ਵਿੱਚ ਦੂਸਰੀ ਵਾਰੀ ਕਾਤਲਾਨਾ ਹਮਲਾ ਕਰਵਾਇਆ ......।

Scanned with OKEN Scanner

ਜ਼ਾਰ ਅਲੈਗਜ਼ਾਂਦਰ-II ਦਾ ਕਤਲ

ਅੰਤ 1881 ਵਿਚ ਜਦੋਂ ਬਾਦਸ਼ਾਹ ਇੱਕ ਯਹੂਦਣ (Hesia Helfman) ਹੇਸੀਆ ਐਫਮੇ ਦੇ ਘਰ ਕੋਲ ਸੀ ਤਾਂ ਤੀਸਰਾ ਹਮਲਾ ਹੋਇਆ, ਜਿਸ ਵਿੱਚ ਉਸ ਦੀ ਜਾਨ ਚਲੀ ਗਈ। ਜ਼ਾਰ ਖਾਨਦਾਨ ਦਾ ਬੀਜ ਨਸ਼ ਕਰਨ ਦੀ ਧਮਕੀ ਦਾ ਇਹ ਪਹਿਲਾ ਵੱਡਾ ਅਮਲ ਸੀ।

ਹਾਂ ਇਸ ਖ਼ੂਨੀ ਵਾਰਦਾਤ ਮਗਰੋਂ ਰੂਸੀਆਂ ਕੋਲੋਂ ਵੀ ਯਹੂਦੀਆਂ ਦਾ ਕਤਲਾਮ ਹੋਇਆ। 'ਉਹ' ਆਪਣੇ ਯਹੂਦੀਆਂ ਨੂੰ ਵੀ ਮਰਵਾਉਂਦੇ ਹਨ ਤਾਂ ਕਿ 'ਤਰਸ' ਦੀ ਭਾਵਨਾ ਤਹਿਤ ਬਦਲੇ ਵਿਚ ਕਤਲਾਂ ਦੀ ਲੜੀ ਤੁਰੀ ਰਹੇ। ਮੇਰਾ ਸਿੱਟਾ ਹੈ "Few Jews sinned and a large number punished world wide." (ਥੋੜੇ ਜਿਹੇ ਯਹੂਦੀ ਪਾਪ ਕਰਦੇ ਹਨ ਤੇ ਖਮਿਆਜਾ ਸਾਰੀ ਦੁਨੀਆਂ ਦੇ ਯਹੂਦੀਆਂ ਨੂੰ ਭੁਗਤਣਾ ਪੈਂਦਾ ਹੈ।) ਬਾਦਸ਼ਾਹ ਦੇ ਕਾਫਲੇ ਨਾਲ ਮੈਂ ਵੀ ਸ਼ਾਮਲ ਸਾਂ, ਪਰ ਹਮਲਾ ਏਨਾ ਅਚਾਨਕ ਅਤੇ ਅਣਕਿਆਸਿਆ ਤੇ ਕੇਂਦਰਤ ਸੀ ਕਿ ਕੋਈ ਵੀ ਕੁਝ ਨਾ ਕਰ ਸਕਿਆ। ਮੈਂ ਵੀ ਘਾਇਲ ਹੋਇਆ ਸਾਂ।

ਉਰਗੇਵਸਕੀ - ਉਦੋਂ ਮੈਂ ਅਜੇ ਨਵਾਂ-ਨਵਾਂ ਨੌਕਰੀ ਵਿੱਚ ਸ਼ਾਮਲ ਹੋਇਆ ਸੀ। ਪੜਤਾਲੀਆਂ ਕਮੇਟੀ ਵਿੱਚ ਮੈਂ ਵੀ ਸਹਾਇਕ ਨਿਯੁਕਤ ਹੋਇਆ ਸਾਂ। ਮੇਰਾ ਕੋਈ ਬਹੁਤਾ ਮਹੱਤਵ ਨਹੀਂ ਸੀ - ਮੈਂ ਵੀ ਚਸ਼ਮਦੀਦ ਵੀ ਸਾਂ।

ਸੁਖੋਟਿਨ - ਬਾਦਸ਼ਾਹ ਜ਼ਾਰ ਅਲੈਗਜਾਂਦਰ ਤੀਜੇ ਦੇ ਗੱਦੀ - ਨਸ਼ੀਨ ਹੁੰਦਿਆਂ ਹੀ May Law 1881 ਪਾਸ ਹੋਇਆ।

ਯਹੂਦੀਆਂ ਦੀਆਂ ਬਹੁਤ ਸਾਰੀਆਂ ਸਹੂਲਤਾਂ ਵਾਪਸ ਲੈ ਲਈਆਂ ਗਈਆਂ।

ਉਰਗੇਵਸਕੀ - ਮੈਨੂੰ ਤਾਂ ਇਉਂ ਲਗਦੈ ਪਈ ਯਹੂਦੀ ਬੈਂਕਰ ਇਹੀ ਚਾਹੁੰਦੇ ਸਨ ਕਿ ਯਹੂਦੀ ਮੁੱਖ-ਰੂਸੀ-ਧਾਰਾ ਚੋਂ ਕੱਢ ਦਿੱਤੇ ਜਾਣ, ਬਾਹਰ ਕਰ ਦਿੱਤੇ ਜਾਣ, ਜਦੋਂ ਕਿ ਉਹ ਰੂਸੀ ਸਮਾਜ ਦੇ ਹਰ ਪਹਿਲੂ ਵਿਚ ਰੀੜ੍ਹ ਦੀ ਹੱਡੀ ਵਾਲਾ ਮਹੱਤਵ ਪ੍ਰਾਪਤ ਕਰ ਚੁੱਕੇ ਸਨ।

ਸੁਖੋਟਿਨ - ਇਹੋ ਜਿਹੇ ਸਮਿਆਂ ਤੇ ਉਨ੍ਹਾਂ ਦਾ ਇੱਕ ਹੋਰ ਮੁਹਾਵਰਾ ਲਾਗੂ ਹੋ ਜਾਂਦਾ ਹੈ ਕਿ When we fall, we are the unior officers of communism and when we rise our purse rises with it (ਜਦੋਂ ਅਸੀਂ ਹਾਰਦੇ ਹਾਂ, (ਢਹਿੰਦੇ ਹਾਂ) ਤਾ ਅਸੀਂ ਸਮਾਜਵਾਦੀਆਂ - ਸਾਮਵਾਦੀਆਂ ਦੇ ਨੇੜਲੇ ਅਫਸਰ (ਸਲਾਹਕਾਰ) ਹੁੰਦੇ ਹਾਂ ਤੇ ਜਦੋਂ ਅਸੀਂ ਜਿੱਤਦੇ ਹਾਂ ਤਾਂ ਸਾਡੇ ਵਟੂਏ ਦੇ ਧਨ ਦੀ ਸ਼ਕਤੀ ਵੀ ਵਧਦੀ ਹੈ।

Scanned with OKEN Scanner

ਹਾਂ ਤਾਂ, May Law 1881 (ਮਈ ਕਾਨੂੰਨ 1981) ਅਨੁਸਾਰ ਐਨ ਇਹੋ ਕੁਝ ਵਾਪਰਿਆ। ਜ਼ਾਰ ਅਲੈਗਜਾਦਰ ਪਹਿਲੇ ਅਤੇ ਦੂਜੇ ਨੇ ਇਨ੍ਹਾਂ ਨੂੰ ਮੁਫਤ ਪੜ੍ਹਾ ਲਿਖਾ ਕੇ ਸ੍ਰੇਸਟ ਬਣਾ ਹੀ ਦਿੱਤਾ ਹੋਇਆ ਸੀ। ਅਲੈਗਜਾਦਰ ਦੂਜੇ ਦੇ ਕਤਲ ਦੇ ਤੁਰੰਤ ਬਾਅਦ May Law-1881 (ਮਈ ਕਾਨੂੰਨ - 1881) ਦੇ ਲਾਗੂ ਹੁੰਦਿਆਂ ਅਤੇ ਜ਼ਰਾ ਜਿਨੀ ਸਖਤੀ ਹੋਣ ਅਤੇ ਬਚਾਅ ਵਾਲੀ ਸਥਿਤੀ (Defensive) ਦੇ ਆਉਂਦਿਆਂ ਹੀ ਇਹ ਸਾਰੇ ਸਮਾਜਵਾਦੀ ਬਣ ਗਏ, ਕੌਮੂਨਿਸਟ ਬਣ ਗਏ। ਅਣਗੌਲੇ ਜਿਹੇ ਸਮਾਜਵਾਦੀ ਰਹਿਨੁਮਾਵਾਂ ਨੂੰ ਆਪਣੀ ਪ੍ਰੈਸ ਰਾਹੀਂ ਅੰਤਰ ਰਾਸ਼ਟਰੀ ਪੱਧਰ ਤੇ ਨੇਤਾ ਤੇ ਅਗਵਾਈਕਾਰ ਬਣਾ ਦਿੱਤਾ ....

ਉਰਗੇਵਸਕੀ - ਸਮਾਜਵਾਦੀ ਨਾਅਰਾ 'ਮੁਕਤੀ-ਬਰਾਬਰੀ-ਭਾਈਚਾਰਾ' ਇੱਕ ਐਸਾ ਲਾਲੀਪਾਪ ਹੈ - ਇਕ ਐਸਾ Will of the wisp (ਛੂਮੰਤਰ) ਹੈ, ਇੱਕ ਐਸਾ ਮਰਿਗ ਤ੍ਰਿਸ਼ਨਾਤਮਕ ਝਾਉਲਾ ਹੈ, ਜੋ ਸਦਾ ਤੋਂ ਹਰ ਇੱਕ ਸਧਾਰਨ ਤੇ ਸੋਚਵਾਨ ਵਿਅਕਤੀ ਦਾ ਆਪੋ ਆਪਣਾ ਸੁਪਨਾ ਤੇ ਆਦਰਸ਼ ਮਾਡਲ ਰਿਹਾ ਹੈ। ਇਸ ਨਾਅਰੇ ਦੇ ਅਮਲ ਲਈ ਸ੍ਰਿਸ਼ਟੀ ਦਾ ਹਰ ਇੱਕ ਭਲਾ ਵਿਅਕਤੀ ਤਨ, ਮਨ ਅਤੇ ਧਨ ਦੀ ਕੋਈ ਵੀ ਕੁਰਬਾਨੀ ਕਰਨ ਲਈ ਸਦਾ ਤਿਆਰ ਰਿਹਾ ਹੈ। ਇਸ ਦਾ ਦੂਜਾ ਪਾਸਾ ਵੀ ਹੈ ਕਿ ਜ਼ਰਾ ਜਿਨਾਂ ਵੀ ਸੂਝਵਾਨ ਤੇ ਅਕਾਂਕਸ਼ਈ ਵਿਅਕਤੀ ਇਸ ਨਾਅਰੇ ਦਾ ਆਸਰਾ ਲਵੇ, ਤਾਂ ਉੱਚ ਨੇਤਾ ਬਣ ਸਕਦਾ ਹੈ। ਫੇਰ ਹੋਰ ਅੱਗੇ ਵੱਧਣ ਲਈ ਧਨ ਦੀ ਲੋੜ ਪੈਣੀ ਹੈ ਤੇ ਧਨ ਬੈਂਕਰਾਂ ਤੋਂ ਹੀ ਮਿਲ ਸਕਦਾ ਹੈ ਤੇ ਆਪਣੀ ਸੂਝ-ਬੂਝ ਤੇ ਹੁਸ਼ਿਆਰੀ ਤੇ ਚਲਾਕੀ ਰਾਹੀਂ ਵਿਸ਼ਵ ਭਰ 'ਚ ਬੈਂਕ ਇਨ੍ਹਾਂ ਨੇ, ਜ਼ਾਇਨਵਾਦੀਆਂ ਨੇ ਆਪਣੇ ਨਿੱਜੀ ਬਣਾ ਲਏ ਹੋਏ ਹਨ। ਧਨ ਲਉ, ਉਨ੍ਹਾਂ ਦੇ ਹਿੱਤ ਪਾਲੋ ਤੇ ਉੱਚ ਨੇਤਾ ਬਣੋ। ਇਉਂ ਚੱਲਦੀ ਮਹਾਨ ਸਮਾਜਵਾਦੀਆਂ ਦੀ ਵੀ ਸਿਆਸਤ।

ਸੁਖੋਟਿਨ - ਉਰਗੇਵਸਕੀ, ਤੁਸੀਂ ਮਹਾਨ ਸੱਚਾ ਕਥਨ ਬੋਲਿਆ ਹੈ। ਲਉ May Law (ਮਈ ਕਾਨੂੰਨ) ਦੀ ਸਖਤੀ ਦੇ ਤੁਰੰਤ ਬਾਅਦ ਸਮਾਜਵਾਦ ਦੇ ਸਧਾਰਨ ਨੇਤਾ ਜਿਵੇਂ ਕਿ ਪਲੈਖਾਨੋਵ, ਮਾਰਟੋਵ, ਲੈਨਿਨ, ਕਾਮਾਨੇਵ, ਜੋਰੇਵਸਕੀ, ਜਿਨੋਵੀਵ, ਟ੍ਰਾਟਸਕੀ (ਅਮਰੀਕਾ) ਆਦਿ ਆਦਿ ਵਿਸ਼ਵੀ ਪੱਧਰ ਦੇ ਫਿਲਾਸਫਰ ਤੇ ਉਚ ਨੇਤਾ ਉਗਮਾ ਲਏ ਗਏ ਹਨ ....

ਹੁਣ ਰੂਸੀ ਮੁਜਾਰੇ ਤੇ ਰੂਸੀ ਪ੍ਰੋਲਤਾਰੀ ਵੀ ਇਨ੍ਹਾਂ ਨੂੰ ਸਮਾਜਕ ਬੰਦ-ਖਲਾਸੀ ਦੇ ਰਹਿਬਰ ਸਵੀਕਾਰ ਕਰਨ ਦੇ ਰਸਤੇ ਤੁਰ ਪਏ ਹਨ। ਵਿਸ਼ਵ ਬੈਂਕਰਾਂ ਦੇ ਧਨ ਨਾਲ ਇਹ

Scanned with OKEN Scanner

ਉਨ੍ਹਾਂ ਦੇ ਦਬੇਲ ਮੁਲਕਾਂ ਖਾਸ ਕਰਕੇ ਸਵਿਟਰਜਰਲੈਂਡ ਤੇ ਇੰਗਲੈਂਡ ਵਿਚ ਲੰਬੇ-ਲੰਬੇ ਗੁਪਤ ਸੰਮੇਲਨ ਕਰਨਗੇ ਤੇ ਵਿਸ਼ਵ- ਸਮਾਜ ਦੇ ਪੂਜਣ ਯੋਗ ਰਹਿਨੁਮਾ ਬਣਨਗੇ।

ਉਰਗੇਵਸਕੀ - ਤੇ ਸੁਖੋਟਿਨ ਸਾਹਿਬ ਮੇਰੀ ਧੀ ਦਾ ਲੱਭਿਆ ਗੁਪਤ ਦਸਤਾਵੇਜ ਇਨ੍ਹਾਂ ਦਾ ਮੁੱਖ ਅਗਵਾਈਕਾਰ ਹੈ। ਇਲੂਮੀਨਾਟੀ ਦੀਆਂ ਅਨੇਕਾਂ ਵੱਖ-ਵੱਖ ਨਾਵਾਂ ਹੇਠ ਖੁਲ੍ਹੀਆਂ ਗੁਪਤ ਸ਼ਾਖਾਵਾਂ ਇਨ੍ਹਾਂ ਦੀਆਂ ਨਰਸਰੀਆਂ ਹਨ। ਇਨ੍ਹਾਂ ਰਾਹੀਂ ਆਪਣਾ ਗੁਪਤ ਪੱਤਰ-ਵਿਵਹਾਰ ਤੇ ਗੁਪਤ ਪੱਤਰਕਾਵਾਂ ਦਾ ਸਰਕੂਲੇਸ਼ਨ ਹੁੰਦਾ ਹੈ। ਹੋਰ ਤਾਂ ਹੋਰ ਅੱਤਵਾਦੀ ਸਰਗਰਮੀਆਂ ਕਤਲ, ਅੱਗ-ਜ਼ਨੀਆਂ, ਹੜਤਾਲਾਂ, ਬੈਂਕ-ਡਕੈਤੀਆਂ, ਬਦਅਮਨੀ, ਬੈਚੇਨੀ, ਬਦਮਾਸ਼ੀ ਆਦਿ-ਆਦਿ ਇਹਨਾਂ ਦੇ ਕਾਡਰ ਦੀ ਸਾਹਸਤਾ, ਬਹਾਦਰੀ, ਵਫਾਦਾਰੀ, ਨਿਡਰਤਾ ਆਦਿ-ਆਦਿ ਦੇ ਟੈਸਟ ਹਨ।

ਟੈਸਟਾਂ ਤੋਂ ਪਾਸ ਹੋਣ ਨਾਲ ਕਾਡਰ ਦੀ ਹੋਰ ਪਦ- ਉਤਨੀ ਹੁੰਦੀ ਹੈ, ਪਰ ਆਮ ਸਮਾਜ ਹੋਰ ਨਿੱਘਰਦਾ ਹੈ।

ਸੋਖੋਟਿਨ - ਪਰ ਯਾਰਾ ਉਰਗੇਵਸਕੀ ਸਾਰੇ ਯਹੂਦੀ ਇੱਕੋ ਜਿਹੇ ਵੀ ਨਹੀਂ ਹਨ। ਮੈਂ ਦੇਖਦਾ ਹਾਂ ਕਿ ਇਨ੍ਹਾਂ ਦੀਆਂ ਸ਼ਾਜਿਸ਼ਾਂ ਦਾ ਸਭ ਤੋ ਵੱਧ ਵਿਰੋਧ ਯਹੂਦੀ ਹੀ ਕਰਦੇ ਹਨ। ਕਈ ਤਾਂ ਕਤਲ ਵੀ ਹੋਏ ਹਨ। ਤੁਸੀਂ ਕਿਵੇਂ ਸੋਚਦੇ ਹੋ?

ਉਰਗੇਵਸਕੀ - ਦੇਖੋ ਸੁਖੋਟਿਨ ਸਾਹਿਬ, ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਅਸਲੀ ਯਾਨੀ ਆਰਥੋਡੋਕਸ ਯਹੂਦੀ ਹਜ਼ਾਰਾਂ ਸਾਲਾਂ ਤੋਂ ਵੀ ਪਹਿਲਾਂ ਤੋਂ ਸਾਮੀ ਦੇਸ਼ ਇਸਰਾਈਲ ਦੀ ਪੈਦਾਇਸ਼ ਹਨ। ਅੱਠਵੀਂ ਨੌਵੀਂ ਸਦੀ ਵਿੱਚ ਖਜਾਰ ਦੇਸ਼ ਜੋ ਇਸਰਾਈਲ ਤੋਂ ਨੌ ਸੋ ਮੀਲ ਦੂਰ ਸੀ ਦੇ ਬਾਦਸ਼ਾਹਾਂ ਅਤੇ ਪਰਜਾ ਨੇ ਇਹ ਮੱਤ ਅਪਣਾਇਆ। ਉਹ ਅਸ਼ਕਨਾਜ਼ੀ ਯਹੂਦੀ ਅਖਵਾਏ। ਇਹ ਅਸ਼ਕਨਾਜ਼ੀ ਯਹੂਦੀ ਹੀ ਹਨ, ਜਿਨ੍ਹਾਂ ਦੁਨੀਆਂ ਨੂੰ ਵਖਤ ਪਾਇਆ ਹੋਇਆ ਹੈ। ਹੋਰ ਦੇਸੀਆਂ ਬਦੇਸ਼ੀਆਂ ਨੂੰ ਧਨ ਦੇ ਸਹਾਰੇ ਨਾਲ ਆਪਣੇ ਨਾਲ ਰਲਾ ਲੈਂਦੇ ਹਨ। ਆਰਥੋਡਾਕਸ ਯਹੂਦੀ ਇਨ੍ਹਾਂ ਦੇ ਕਾਰਨਾਮਿਆਂ ਕਰਕੇ ਹਰ ਦੇਸ਼ ਵਿੱਚ ਦੁੱਖ ਝਲਦੇ ਹਨ। ਅਸ਼ਕਨਾਜੀਆਂ ਨੂੰ ਇਸ ਵਿਰੋਧ ਦਾ ਚੰਗੀ ਤਰ੍ਹਾਂ ਪਤਾ ਹੈ। ਉਨ੍ਹਾਂ ਇਸ ਦਾ ਹੱਲ ਲੱਭ ਲਿਆ ਹੈ। 1897 ਵਿਚ ਹਰਜਲ ਨੇ ਬਸਲੇ ਵਿੱਚ ਜ਼ਾਇਅਨਵਾਦੀ ਪਹਿਲੀ ਕਾਂਗਰਸ ਕਰਕੇ ਨਾਅਰਾ ਬੁਲੰਦ ਕਰ ਦਿੱਤਾ 'ਇਸਰਾਈਲ ਨੂੰ ਮੁੜ ਚੱਲੋ' (Back to Israel).

ਸੁਖੋਟਿਨ - ਉਸੇ ਕਾਂਗਰਸ ਵਿੱਚ ਅਡਾਪਟ ਕੀਤਾ ਹੋਇਆ ਦਸਤਾਵੇਜ ਤੁਹਾਡੀ ਧੀ ਲੱਭ ਲਿਆਈ। ਕਿਨਾ ਮਹਾਨ ਕਾਰਨਾਮਾ ਹੈ ਇਹ।

ਉਂਜ ਤੁਹਾਡੇ ਅਨੁਸਾਰ ਏਸ ਹਨੇਰਗਰਦੀ (Chaos) ਦਾ ਮੁੱਢ ਕਿੱਥੇ, ਕਦੋਂ

Scanned with OKEN Scanner

ਤੇ ਕਿਵੇਂ ਬੱਝਾ ....?

ਉਰਗੇਵਸਕੀ - ਤੁਸੀਂ ਜਾਣਦੇ ਹੋ ਕਿ ਸ੍ਰਿਸ਼ਟੀ ਵਿੱਚ ਮਿਕਦਾਰੀ ਤਬਦੀਲੀ ਤਾਂ ਸਦਾ ਵਾਪਰਦੀ ਰਹਿੰਦੀ ਹੈ, ਪਰ ਸਿਫਤੀ ਤਬਦੀਲੀ ਦਾ ਵਰਤਮਾਨ ਮੁਢ 1789 ਤੋਂ ਫ੍ਰਾਂਸੀਸੀ ਇਨਕਲਾਬ ਤੋਂ ਆਰੰਭ ਹੋਇਆ ਲੱਗਦਾ ਹੈ। ਲੂਈ ਸੋਲਵੇ ਅਤੇ ਪਟਰਾਣੀ ਦੇ ਕਤਲ ਦਾ ਅਸਲ ਮਕਸਦ ਸੀ ਮਹਾਨ ਫ੍ਰਾਂਸ ਦੇ ਅਰਥਚਾਰੇ ਅਰਥਾਤ ਅਰਥਚਾਰੇ ਦੇ ਕੇਂਦਰ, ਬੈਂਕ- ਪ੍ਰਣਾਲੀ ਤੇ ਕਬਜਾ ਕਰਨਾ। ਸੋ ਹੋ ਗਿਆ। ਵਾਟਰਲੂ ਦੀ ਜੰਗ (ਭਓਟਟਲਣੰਡ ਂਓਟਣਰਲੋ) ਦੁਆਰਾ ਬੜੇ ਹੀ ਡਰਾਮਈ 'ਤੇ ਸ਼ਾਂਤਮਈ ਢੰਗ ਨਾਲ ਮਹਾਨ ਬਰਤਾਨੀਆਂ, ਜਿਸ ਦੇ ਰਾਜ ਚੋਂ ਕਦੇ ਸੂਰਜ ਨਹੀਂ ਡੁੱਬਦਾ ਸੀ, ਦੇ ਬੈਂਕ ਤੇ ਕਬਜਾ ਕਰ ਲਿਆ। ਤੁਸੀਂ ਜਾਣਦੇ ਹੋ ਕਿ ਦੁਪਹਿਰ ਤੱਕ ਬਰਤਾਨੀਆਂ ਹਾਰ ਰਿਹਾ ਸੀ। ਫੇਰ ਚਾਲੀ ਹਜ਼ਾਰ ਸਲੈਵ ਫੋਜਾਂ ਜੋ ਦੁਪਹਿਰ ਤੱਕ ਨਿਰਪੇਖ ਸਨ, ਨੇ ...... ਰੌਥਸਚਾਈਲਡ ਦੇ ਹੁਕਮ ਅਨੁਸਾਰ ਇੰਗਲੈਂਡ ਦਾ ਪੱਖ ਲੈ ਲਿਆ। ਪਾਸਾ ਉਲਟ ਗਿਆ। ਇੱਧਰ ਇੰਗਲੈਂਡ ਵਿਚ ਪਹਿਲਾਂ 'ਹਾਰ' ਦੀ ਅਫਵਾਹ ਉਡਾਈ ਗਈ। ਰੌਥਸਚਾਈਲਡ ਦੇ ਹੁਕਮ ਅਨੁਸਾਰ ਉਸ ਦੇ ਇੱਕ ਏਜੰਟ ਨੇ ਸਟਾਕ ਐਕਸਚੇਂਜ ਦੇ ਹਿੱਸੇ ਵੇਚਣੇ ਸ਼ੁਰੂ ਕਰ ਦਿੱਤੇ। ਦੇਖਾ ਦੇਖੀ ਸਾਰੇ ਸ਼ੇਅਰ ਦਾਤਿਆਂ ਨੇ ਵੀ ਸਸਤੇ ਦਰ ਸਸਤੇ ਦਰਾਂ ਤੇ ਸ਼ੇਅਰ ਵੇਚਣੇ ਸ਼ੁਰੂ ਕਰ ਦਿੱਤੇ।

ਰੋਥਸ ਦਾ ਦੂਜਾ ਏਜੰਟ ਮਿੱਟੀ ਦੇ ਭਾਅ ਖਰੀਦੀ ਗਿਆ। ਅਸਲ ਜਿੱਤ ਦੀ ਖਬਰ ਪਹੁੰਚਣ ਤਕ ਸਾਰਾ ਸਟਾਕ ਖਰੀਦਿਆਂ ਜਾ ਚੁੱਕਾ ਸੀ। ਇਹੀ ਸਰਮਾਏ ਦੀ ਮਾਂ ਹੁੰਦੀ ਹੈ। ਬੈਂਕ ਵੀ ਫੇਲ ਹੋ ਗਿਆ, ਜੋ ਨਾਥਨ ਰੋਥਸਚਾਈਲਡ ਨੇ ਸ਼ੇਅਰਾਂ ਦੇ ਬਲ ਨਾਲ ਆਪਣੇ ਕਬਜੇ ਵਿੱਚ ਲੈ ਕੇ ਮੁੜ ਮੁੱਢੋ ਆਰੰਭ ਕੀਤਾ।

ਨਾਥਨ ਰੌਥਸਚਾਈਲਡ ਗੱਜ ਵੱਜ ਕੇ ਆਖਦਾ ਹੈ :-

I care not what puppet is placed upon the throne of England to rule the Empire on which the sun never sets. The man who controls Britain's money supply controls the British Empire and I control the British money supply.

ਸੁਖੋਟਿਨ - ਏਧਰ ਦੋਹਾਂ ਦੇਸ਼ਾਂ ਦੇ ਸ਼ਾਹੀ ਖਾਨਦਾਨਾਂ ਦੀਆਂ ਨਜ਼ਦੀਕੀ ਰਿਸ਼ਤੇਦਾਰੀਆਂ ਵੀ ਹਨ। ਸ਼ਾਇਦ ਏਸੇ ਕਰਕੇ ਸਿੱਧੀ ਟੱਕਰ ਬਚੀ ਰਹੀ ਹੈ। ਵਰਨਾ ਆਪਸੀ ਜੰਗ ਦੀਆਂ ਅਫਵਾਹਾਂ ਤਾਂ ਕਈ ਵਾਰੀ ਉੱਡ ਚੁੱਕੀਆਂ ਹਨ।

ਉਰਗੇਵਸਕੀ - ਮੇਰੀ ਸੂਚਨਾ ਹੈ ਕਿ ਰੂਸ ਦੀ ਕ੍ਰਾਂਤੀ ਦਾ ਕੇਂਦਰ ਲੰਡਨ ਯਾਨੀ ਇੰਗਲੈਂਡ

Scanned with OKEN Scanner

ਬਣੇਗਾ। ਉਥੋਂ ਦੀ ਪਟਰਾਣੀ ਵਿਕਟੋਰੀਆ, ਜਿਸ ਦੀ ਸਕੀ ਦੋਹਤਰੀ ਹੈ, ਰੂਸ ਦੀ ਵਰਤਮਾਨ ਜ਼ਰੀਨਾ, ਐਂਵੇ ਨਾਮ ਧਰੀਕ ਪਟਰਾਣੀ ਹੈ। ਅਸਲ ਰਾਜ ਬੈਂਕਰ ਪ੍ਰੀਵਾਰ ਦਾ ਹੈ। 1857 ਦੇ ਗਦਰ ਦੇ ਬਹਾਨੇ ਇੰਡੀਆਂ ਦਾ ਸਿੱਧਾ ਰਾਜ ਵਪਾਰਕ ਕੰਪਨੀ ਕੋਲੋਂ ਖੋਹ ਕੇ ਆਪਣੇ ਅਧੀਨ ਕਰ ਲਿਆ। ਨਾਮ ਰੱਖ ਦਿੱਤਾ 'ਕਰਾਉਨ' ਦਾ ਰਾਜ। ਕੌਣ ਸਮਝਦਾ ਹੈ ਕਿ ਕਰਾਉਨ ਦਾ ਰੌਥਸਚਾਈਲਡ ਦੇ ਅੰਤਰਰਾਸ਼ਟਰੀ ਬਿਜਨੈਸ ਦਾ ਚਿਨ੍ਹ ਹੈ ....

(ਏਨੇ ਨੂੰ ਪ੍ਰੋ: ਸਰਜੀਅਸ ਨੀਲਸ ਪ੍ਰਵੇਸ਼ ਕਰਦਾ ਹੈ)

ਸਰਜੀਅਸ ਨੀਲਸ - ਤੁਸੀਂ ਅਜੇ ਤੱਕ ਜਾਗ ਰਹੇ ਹੋ? ਕਮਾਲ ਹੈ। ਉਰਗੇਵਸਕੀ ਬਈ ਮੇਰੇ ਤਾਂ ਕਪਾਟ ਖੁੱਲ੍ਹ ਗਏ ਦਸਤਾਵੇਜ ਪੜ੍ਹ ਕੇ। ਮੈਂ ਨਸ਼ਰ ਕਰਾਂਗਾ।.......

ਸੁਖੋਟਿਨ - ਬਦਲੇ ਵਿੱਚ ਕਤਲ ਵੀ ਹੋਣਾ ਪੈ ਸਕਦਾ।

ਸਰਜੀਅਸ - ਮੈਂ ਤਿਆਰ ਹਾਂ। ਕੋਈ ਮਹਿੰਗਾ ਸੌਦਾ ਨਹੀਂ .... ਚੱਲੋ ਹੁਣ ਆਰਾਮ ਕਰੀਏ।

ਉਰਗੇਵਸਕੀ - ਇੱਕ ਆਖਰੀ ਨਿੱਕੀ ਜਿਹੀ ਘਟਨਾ ਦਾ ਹਵਾਲਾ ਦੇਂਦਾ ਹਾਂ। ਘਟਨਾ ਹੈ ਨਵੰਬਰ 1894 ਦੇ ਪਹਿਲੇ ਹਫਤੇ ਦੇ ਦੂਜੇ ਤੀਜੇ ਦਿਨ ਦੀ। ਬਾਦਸ਼ਾਹ ਅਲੈਗਜਾਂਦਰ ਤੀਸਰੇ ਦੀ ਗੁਰਦਿਆਂ ਦੀ ਬੀਮਾਰੀ ਕਾਰਨ ਕਰੀਮੀਆਂ ਵਿਖੇ ਮੌਤ ਹੋ ਚੁੱਕੀ ਸੀ। ਹਾਂ, ਉਸ ਨੂੰ ਇਸ ਬੀਮਾਰੀ ਦੇ ਲੱਗਣ ਬਾਰੇ ਵੀ ਕੁਝ ਅੰਦਰੂਨੀ ਅਫਵਾਹਾਂ ਹਨ ਕਿ ਉਸ ਦੇ ਖਾਣੇ ਵਿੱਚ ਕੁਝ ਦਿੱਤਾ ਜਾਂਦਾ ਰਿਹਾ। ਸ਼ਾਹੀ ਤਾਬੂਤ ਸ਼ਾਹੀਂ ਮਹਿਲ ਵੱਲ ਲਿਜਾਇਆ ਜਾ ਰਿਹਾ ਸੀ। ਸੋਗ ਮਨਾਉਣ ਲਈ ਤੇ ਆਖਰੀ ਦਰਸ਼ਨਾਂ ਲਈ ਸਾਰਾ ਸ਼ਹਿਰ ਮੁੱਖ ਸੜਕ ਤੇ ਉਮੜਿਆ ਹੋਇਆ ਸੀ। ਲੰਬੇ ਉੱਚੇ ਕੱਦ ਵਾਲੀ ਰੂਸ ਦੀ ਹੋਣ ਵਾਲੀ ਜ਼ਰੀਨਾ ਜੋ ਪਟਰਾਣੀ ਵਿਕਟੋਰੀਆ ਦੀ ਸਕੀ ਦੋਹਤਰੀ ਹੈ, ਨੂੰ ਇੰਗਲੈਂਡ ਤੋਂ ਮੰਗਵਾਇਆ ਗਿਆ ਸੀ। ਉਹ ਵੀ ਸੋਗ ਵਸ ਸਿਰ ਢੱਕ ਕੇ ਤਾਬੂਤ ਦੇ ਪਿੱਛੇ ਸਭ ਤੋਂ ਅਖੀਰ ਤੁਰ ਰਹੀ ਸੀ। ਕਿਸੇ ਅਣਸੁਖਾਵੀਂ ਘਟਨਾਂ ਤੋਂ ਸਾਵਧਾਨੀ ਲਈ ਮੇਰਾ ਭੀੜ ਵਿਚ ਸ਼ਾਮਿਲ ਹੋਣਾ ਮੇਰੀ ਸਰਕਾਰੀ ਡੀਊਟੀ ਸੀ। ਅੱਥਰੂਆਂ ਭਰੀ ਚੁੱਪ ਪਸਰੀ ਹੋਈ ਸੀ। ਮੇਰੇ ਐਨ ਦੋ ਕਦਮਾਂ ਦੀ ਦੂਰੀ ਤੋਂ ਇਕ ਸਾਧਾਰਨ ਵਿਅਕਤੀ ਹੋਣ ਵਾਲੀ ਜ਼ਰੀਨਾ ਵੱਲ ਇਸ਼ਾਰਾ ਕਰਕੇ ਉੱਚੀ ਚੀਕਿਆ - "ਉਹ ਔਰਤ 'ਨੈਅਸ਼' ਉਏ ਏ .... ਏ......।' ਮੈਂ ਤੁਰੰਤ ਉਸ ਨੂੰ ਧੋਣ ਤੋਂ ਦਬੋਚ ਲਿਆ ਤੇ ਭੀੜ ਤੋਂ ਬਾਹਰ ਲੈ ਆਇਆ। ਮੈਂ ਪੁੱਛਿਆ - 'ਤੂੰ ਇਹ ਬਕਵਾਸ ਕਿਉਂ ਕੀਤੀ?'

ਅੱਗੋਂ ਕਹਿੰਦਾ - "ਮੈਂ ਆਪ ਨਹੀਂ ਆਖਿਆ, ਮੇਰੇ ਕੋਲੋਂ ਅਖਵਾਇਆ

Scanned with OKEN Scanner

ਗਿਆ। ਮੇਰੇ ਐਨ ਨਾਲ ਖਲੋਤੇ ਅਜਨਬੀ ਨੇ ਮੇਰੇ ਹੱਥਾਂ 'ਚ ਆਹ ਪੰਜਾਹ ਰੂਬਲ ਦਾ ਨੋਟ ਥਮਾਇਆ ਤੇ ਕੰਨ 'ਚ ਕਹਿੰਦਾ ਕਿ ਉੱਚੀ ਚੀਕ 'ਔਹ ਔਰਤ ਨੈਸ਼ ਹੈ ਉਏ' ....।'

ਸੋ ਮੈਂ ਲਾਲਚ ਵਿੱਚ ਆ ਕੇ ਚੀਕ ਪਿਆ। 'ਕੌਣ ਸੀ ਉਹ ?' - ਮੈਂ ਪੁੱਛਿਆ।

"ਮੈਂ ਬਿਲਕੁਲ ਨਹੀਂ ਜਾਣਦਾ ਸੀ, ਕੋਈ ਯਹੂਦੀ ਲੱਗਦਾ ਸੀ ...., ਤੁਸੀਂ ਮੈਨੂੰ ਪਕੜਿਆ, ਉਹ ਉਥੋਂ ਖਿਸਕ ਗਿਆ ....।"

ਮੈਂ ਉਸਨੂੰ ਗੁੱਟ ਤੋਂ ਘੁੱਟ ਕੇ ਪਕੜ ਲਿਆ ਕਿ ਕਿਧਰੇ ਭੱਜ ਨਾ ਜਾਵੇ, ਤਲਾਸ਼ ਕਰਨ ਲਈ ਅਸੀਂ ਏਧਰ-ਉਧਰ ਦੇਖਣ ਲੱਗੇ। ਪਰ ਉਦੋਂ ਤੱਕ ਸਾਰੀ ਭੀੜ ਵਿੱਚ ਆਵਾਜਾਂ ਕੱਸੀਆਂ ਜਾ ਰਹੀਆਂ ਸਨ 'ਔਹ ਔਰਤ ਨੈਸ਼ ਹੈ ਉਏ ....।"

ਸੁਖੋਟਿਨ - ਉਹ ਔਰਤ ਰੂਸ ਦੀ ਜ਼ਰੀਨਾ ਅਲੈਗਜਾਂਡਰਾ ਬਣੀ। ਹੁਣ ਇਹ ਅਫਵਾਹ ਸਾਰੇ ਰੂਸ ਵਿੱਚ ਫੈਲੀ ਹੋਈ ਹੈ ...... ਹੋਰ ਕਈ ਅਫਵਾਹਾਂ ਦਾ ਬਾਜ਼ਾਰ ਵੀ ਗਰਮ ਹੈ।

ਉਰਗੇਵਸਕੀ - ਚੱਲੋ ਹੁਣ ਕੁਝ ਆਰਾਮ ਕਰ ਲਈਏ। ਮੈਂ ਆਪਣੀ ਰੀਪੋਰਟ ਭੇਜ ਦਿਆਂਗਾ। ਮੇਰੀ ਕੋਸ਼ਿਸ਼ ਹੋਏਗੀ ਕਿ ਦਰਬਾਰ ਵਿਚ ਤੁਹਾਡੀ ਮੁੜ ਬਹਾਲੀ ਹੋ ਜਾਏ ....

ਸੁਖੋਟਿਨ - ਪਰ ਆਸ ਨਹੀਂ। ਉਲਟਾ ਜੇਲ੍ਹ ਵਿੱਚ ਤੁਨਿਆ ਜਾ ਸਕਦਾ, ਕਤਲ ਹੋ ਸਕਦਾ ....। ਉਦਯੋਗ, ਖੇਤੀ, ਵਪਾਰ........... ਹਰ ਪਾਸੇ ਸੰਕਟ ਹੈ, ਬੇਚੈਨੀ ਹੈ, ਹੜਤਾਲਾਂ ਹਨ। ਖਾੜਕੂਵਾਦ ਵਧੀ ਜਾਂਦਾ ਤੇ 'ਉਹ' ਸ਼ਾਹੀ ਮਹਿਲ ਵਿੱਚ ਹੋਰ ਡੂੰਘੇ ਘੁਸੀ ਜਾ ਰਹੇ ਹਨ ....।

****

ਉਰਗੇਵਸਕੀ ਅਗਲੇ ਪੜ੍ਹਾ ਵੱਲ

ਸਵੇਰੇ ਮੂੰਹ ਹਨੇਰੇ ਨਾਲ ਉਰਗੇਵਸਕੀ ਰੇਲਵੇ ਸਟੇਸ਼ਨ ਆ ਜਾਂਦਾ ਹੈ।

ਉਰਗੇਵਸਕੀ ਨੇ ਉਥੋਂ ਵਾਹਨ ਬਦਲਨਾ ਹੈ। ਉਸਦਾ ਅਗਲਾ ਟਿਕਾਣਾ ਏਥੋਂ ਲਗਭਗ ਵੀਹ ਮੀਲ ਹੈ। ਇਹ ਸਫਰ ਉਸ ਨੇ ਕਿਸੇ ਘੋੜਾ ਬੱਘੀ ਵਿਚ ਕਰਨਾ ਹੈ। ਅਗਲੇ ਸ਼ਹਿਰ ਮੁੜ ਕੇ ਉਸ ਨੇ ਇਕ ਹੋਰ ਟ੍ਰੇਨ ਦੀ ਸਵਾਰੀ ਕਰਨੀ ਹੈ। ਉਹ ਸਟੇਸ਼ਨ ਤੇ ਹੱਥ ਮੂੰਹ ਧੋਂਦਾ ਤੇ ਕੁਝ ਪੇਟ ਪੂਜਾ ਕਰਦਾ ਹੈ।

Scanned with OKEN Scanner

ਭਾਵੇਂ ਕੁਝ ਤਬਦੀਲੀਆਂ ਆਈਆਂ ਤੇ ਆਈ ਜਾ ਰਹੀਆਂ ਹਨ, ਪਰ ਉਸਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਕਿੱਥੋਂ ਘੋੜਾ ਬੱਘੀ ਦੀ ਸਵਾਰੀ ਕਰਨੀ ਹੈ।

ਸੂਰਜ ਦੇ ਉਦੇ ਹੁੰਦਿਆਂ ਕਰਦਿਆਂ ਉਹ ਘੋੜਾ ਗੱਡੀ (ਬੱਘੀ) ਵਿਚ ਸਵਾਰ ਹੋ ਜਾਂਦਾ ਹੈ। ਆਲੇ ਦੁਆਲੇ ਤੋਂ ਅਭਿਜ ਉਹ ਸੋਚ ਲੜੀ ਜੋੜਦਾ ਹੈ ....

...... ਸੁਖੋਟਿਨ ਠੀਕ ਆਖਦਾ ਸੀ ਕਿ ਮਹਿਲ ਦੇ ਅੰਦਰ ਸ਼ਾਜਿਸ਼ਾਂ ਅਤੇ ਮਹਿਲ ਦੇ ਬਾਹਰ ਇਨਕਲਾਬੀ ਖਾੜਕੂਵਾਦ ਵੱਧ ਰਿਹਾ ਸੀ। ਛੋਟੇ ਮੋਟੇ ਵਿਅਕਤੀਆਂ ਤੋਂ ਬਾਅਦ ਹੁਣ ਮਹੱਤਵ ਪੂਰਨ ਵਿਅਕਤੀਆਂ ਦੇ ਕਤਲਾਂ ਦੀ ਲੜੀ ਤੁਰ ਪਈ ਸੀ।

1901 ਵਿਚ ਬਗੋਲੇਪੋਵ (Bagolepov) ਜੋ ਕਿ ਰੂਸ ਦਾ ਸਿੱਖਿਆ ਮੰਤਰੀ ਸੀ ਤੇ ਜੋ May Laws (ਮਈ ਕਾਨੂੰਨ) ਨੂੰ ਸਖਤੀ ਨਾਲ ਲਾਗੂ ਕਰ ਰਿਹਾ ਸੀ, ਦਾ ਕਤਲ ਹੋ ਗਿਆ।

1902 ਵਿੱਚ ਸਿਪੀਜਿੰਨ (Sypyagin) ਜੋ ਕਿ ਹੋਮ ਮਨਿਸਟਰ (Interior Minister) ਸੀ ਦਾ ਕਤਲ ਹੋ ਗਿਆ।

1903 ਵਿੱਚ ਊਫਾ ਦੇ ਗਵਰਨਰ ਬੋਡੋਨੋਵਿਚ (Bogdanovich) ਦਾ ਕਤਲ ਹੋ ਗਿਆ।

1904 ਵਿਚ ਰੂਸੀ ਪ੍ਰਧਾਨ ਮੰਤਰੀ ਵਿਸਵੇਵਨ ਪਲੈਵ (Vischelevon Pleve) ਦਾ ਕਤਲ ਹੋ ਗਿਆ।

1905 ਬਹੁਪੱਖੀ ਕਹਿਰ ਲੈ ਕੇ ਆਇਆ। ਫਰਵਰੀ ਵਿੱਚ ਗ੍ਰੈਂਡ ਡੀਊਕ ਸਰਜੀਅਸ (Grand Duke Sergius) ਜੋ ਬਾਦਸ਼ਾਹ ਜ਼ਾਰ ਨਿਕੋਲਸ ਦੂਜੇ ਦਾ ਅੰਕਲ ਸੀ, ਦਾ ਕਤਲ ਹੋ ਗਿਆ।

ਨਾਲ ਹੀ ਦੇਸੀ ਅਤੇ ਬਦੇਸ਼ੀ ਦੋਵਾਂ ਮੁਹਾਜਾਂ ਤੇ ਖੂੰਖਾਰ ਯੁੱਧ ਛਿੜ ਪਏ। ਜਾਪਾਨ ਵਿਰੁੱਧ ਪਿਛਲੇ ਸਾਲ ਤੋਂ ਯੁੱਧ ਦੀ ਧੁਖਦੀ ਚਿੰਗਾੜੀ ਵਿਰਾਟ ਰੂਪ ਧਾਰ ਗਈ। ਪੂਰਾ ਯੁੱਧ ਛਿੜ ਪਿਆ। ਨਿਕਚੂ ਜਾਪਾਨ ਹਰ ਮੁਹਾਜ਼ ਤੇ ਚੜ੍ਹਦੀ ਕਲਾ ਵਿੱਚ ਸੀ। ਵਿਸ਼ਵੀ ਬੈਂਕਰਾਂ (ਕੂਹਨ ਲੀਉਬ ਐਂਡ ਕੰਪਨੀ) ਵੱਲੋਂ ਖੁੱਲ੍ਹਾ ਧਨ ਮਿਲ ਰਿਹਾ ਸੀ। ਏਧਰ ਰੂਸ ਨਾਲ ਰੋਥਸਚਾਈਲਡ ਬੈਂਕਰਾਂ ਨੇ ਧਨ ਦੇਣ ਦਾ ਇਕਰਾਰ ਤਾਂ ਕੀਤਾ ਪਰ ਮੁਕਰ ਗਏ। ਜੰਗ ਮਨਚੂਰੀਆ ਅਤੇ ਕੋਰੀਆਂ ਦੇ ਪੀਲੇ ਸਾਗਰਾਂ ਵਿਚ ਚਲ ਰਹੀ ਸੀ। ਬੈਂਕਰਾਂ ਰਾਹੀਂ ਜਿੱਤ ਦੇ ਜਕੀਨ ਨਾਲ ਹੀ ਜਾਪਾਨ ਨੇ ਜੰਗ ਐਲਾਨੀ ਸੀ। ਉਸ ਕੋਲ ਰੂਸੀ ਮਹਿਲਾਂ ਅਤੇ ਫੌਜੀ ਯੋਜਨਾਵਾਂ ਦੇ ਭੇਤ ਮੌਜੂਦ ਸਨ ਜੋ ਨਾਲੋ ਨਾਲ ਵਧੀ ਜਾ ਰਹੇ ਸਨ। ਰੂਸ ਵਿੱਚ ਹੜਤਾਲਾਂ ਦਾ ਦੌਰ ਪੂਰੇ ਜ਼ੋਰ ਤੇ ਸੀ। ਯੁੱਧ ਦੇ ਮੁਹਾਜ ਦੀਆਂ ਸਪਲਾਈ ਲਾਈਨਾਂ ਕੱਟੀਆਂ ਗਈਆਂ। ਗੁਪਤ ਇਨਕਲਾਬੀ ਪੁਤਲੀਆਂ ਦੀਆਂ ਪੁਤਲੀਗਰਾਂ ਵਲੋਂ ਖਿੱਚ ਹੁੰਦੀਆਂ ਡੋਰਾਂ ਦਾ ਆਪਣੀ ਕਿਸਮ ਦਾ ਅਹਿਮ ਮਹੱਤਵ ਵੀ ਸੀ।

Scanned with OKEN Scanner

Scanned with OKEN Scanner

ਰੂਸ ਦਾ ਸ਼ਕਤੀ ਬਿੰਬ, ਰੂਸ ਦਾ ਸਮੁੰਦਰੀ ਬੇੜਾ, ਜੋ ਪੀਲੇ ਸਮੁੰਦਰਾਂ ਵਿੱਚ ਰੂਸ ਨਾਲੋਂ ਟੁੱਟ ਕੇ ਹੋਂਦ ਦੀ ਅਤੇ ਬਚਾਅ ਦੀ ਲੜਾਈ ਲੜ ਰਿਹਾ ਸੀ ਜਾਪਾਨ ਦੀਆਂ ਸਮੁੰਦਰੀ ਫੌਜਾਂ ਵੱਲੋਂ ਡੋਬ ਦਿੱਤਾ ਗਿਆ।

ਰੂਸ ਦੀ ਸ਼ਰਮਨਾਕ ਹਾਰ ਹੋਈ। ਮੈਨਸ਼ਵਿਕ ਇਨਕਲਾਬੀਆਂ ਲਈ ਸੁਨਹਿਰਾ ਮੌਕਾ ਸੀ। ਇਸ ਦੇ ਮਹਾਨ ਨੇਤਾ ਮਾਰਟੋਵ (Martov) ਅਸਲੀ ਨਾਮ ਜੂਲੀਅਸ ਤਸੇਦਰਬਾਮ (Julius Tsederbaum) ਨੇ ਰੂਸੀ ਇਨਕਲਾਬ 1905 (Russian Revolution 1905) ਦਾ ਐਲਾਨ ਕਰ ਦਿੱਤਾ।

ਰੂਸੀ ਇਨਕਲਾਬ 1905

ਰੱਬ ਅਰਥਾਤ ਵਿਸ਼ਵੀ ਬੈਂਕਰਾਂ ਦੇ ਆਪਣੇ ਰੰਗ ਨਿਆਰੇ ਹੁੰਦੇ ਹਨ। ਉਨ੍ਹਾਂ ਨੇ ਆਗਾਮੀ ਅਤੇ ਪਰਗਾਮੀ ਸਿੱਟੇ ਕੱਢਣੇ ਹੁੰਦੇ ਹਨ। ਉਨ੍ਹਾਂ ਦੀ ਹਦਾਇਤ ਅਨੁਸਾਰ ਲੈਨਿਨ ਅਤੇ ਉਸਦੇ ਬਾਲਸਵਿਕਾਂ ਨੇ ਇਸ ਇਨਕਲਾਬ ਦੀ ਪਿੱਠ ਵਿੱਚ ਛੁਰਾ ਘੋਪਿਆ। ਏਸ ਦਾ ਅਸਲ ਅਰਥ ਇਹ ਵੀ ਸੀ ਕਿ ਰੱਬ (ਵਿਸ਼ਵ ਬੈਂਕਰਾਂ) ਨੇ ਸ਼ੁਰੂ ਤੋਂ ਹੀ ਇਨਕਲਾਬੀਆਂ ਵਿੱਚ ਵੀ ਆਪਸੀ ਪਾਟੋਧਾੜ ਪਾਈ ਹੋਈ ਸੀ। ਉਨ੍ਹਾਂ ਦੇ ਨਿਰੀਖਣ (Analysis) ਅਨੁਸਾਰ ਮਾਰਟੋਵ ਨਾਲੋਂ ਲੈਨਿਨ ਵਧੇਰੇ ਹਿੱਤਕਾਰੀ ਸੀ। ਘੱਟੋ-ਘੱਟ ਤਤਕਾਲੀ ਹਾਲਾਤ ਵਿਚ ਇਹੋ ਸਿੱਟਾ ਨਿਕਲਦਾ ਸੀ।

ਲੈਨਿਨ ਦੇ ਬਾਲਸ਼ਵਿਕਾਂ ਨੇ ਮਾਰਟੋਵ ਦੇ ਮੈਨਸ਼ਵਿਕਾਂ ਦਾ ਸਾਥ ਨਾ ਦਿੱਤਾ।

ਬੈਂਕਰਾਂ ਦੀ ਨੀਤੀ ਸਦਕਾ, ਇਨਕਲਾਬੀ ਧੜਿਆਂ ਦੀ ਆਪਸੀ ਧੜੇ-ਬੰਦੀ ਅਤੇ ਤਿੱਖੇ ਵਿਰੋਧ ਕਾਰਨ ਬਾਦਸ਼ਾਹ ਨਿਕੋਲਸ ਦੂਜੇ ਨੂੰ ਹਾਲ ਦੀ ਘੜੀ ਸੁਨਹਿਰਾ ਮੌਕਾ ਮਿਲ ਗਿਆ।

ਜਨਰਲ ਦਬਰਾਸਵ (General Debrassov) ਨੇ ਹਾਲ ਦੀ ਘੜੀ ਇਨਕਲਾਬ ਨੂੰ ਬੁਰੀ ਤਰ੍ਹਾਂ ਉਖੇੜ ਕੇ ਜਿਵੇਂ ਕੁੱਚਲ ਹੀ ਦਿੱਤਾ। ਸਾਰੇ ਇਨਕਲਾਬੀ ਤੱਤਾਂ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ। ਬਹੁਤੇ ਮਾਰੇ ਗਏ ਅਤੇ ਬਚਦਿਆਂ ਚੋਂ ਬਹੁਤੀ ਲੀਡਰਸ਼ਿਪ ਭੂਮੀਗਤ ਹੋ ਗਈ। ਜਨਰਲ ਦਾ ਵੀ ਅਗਲੇ ਸਾਲ 1906 ਵਿਚ ਕਤਲ ਹੋ ਗਿਆ।

ਸਭ ਤੋਂ ਅਹਿਮ ਮਸਲਾ ਇਹ ਸੀ ਕਿ ਇਹੋ ਜਿਹੇ ਛੋਟੇ ਮੋਟੇ ਅਣ ਅਯੋਜਤ ਇਨਕਲਾਬਾਂ ਚੋਂ ਉਨ੍ਹਾਂ ਕੀ ਖੱਟਣਾ ਸੀ? ਉਨ੍ਹਾਂ ਦੇ ਸਾਹਮਣੇ ਜਨਰਲ ਐਲਬਰਟ ਧਾਈਕ ਵਲੋਂ 1871 ਵਿੱਚ ਉਲੀਕਿਆਂ ਤਿੰਨ-ਵਿਸ਼ਵ-ਯੁੱਧਾਂ ਦੀ ਥੀਊਰੀ ਦਾ ਫਲਸਫਾ ਸੀ। ਇਸ ਫਲਸਫੇ ਅਨੁਸਾਰ ਯੋਗ ਸਮੇਂ ਤੇ ਪਹਿਲਾ ਵਿਸ਼ਵ-ਯੁੱਧ ਲੱਗਣਾ ਸੀ। ਇਸ ਰਾਹੀਂ ਜ਼ਾਰ ਖਾਨਦਾਨ ਦਾ ਰਹਿੰਦਾ ਬੀਜ ਵੀ ਨਾਸ ਹੋਣਾ ਸੀ ਤੇ ਸਮਾਜਵਾਦੀਆਂ ਦਾ ਇਨਕਲਾਬ ਵਾਪਰਨਾ ਸੀ। ਇਸ

Scanned with OKEN Scanner

ਦੇ ਨਤੀਜੇ ਵਜੋਂ ਸਾਰੀ ਦੁਨੀਆਂ ਨੇ ਹੋਰ ਸੰਕਟ ਗ੍ਰਸਤ ਹੋਣਾ ਸੀ ਤੇ ਪ੍ਰੋਲਤਾਰੀ ਤੇ ਬੁਰਜੂਆਂ ਦੇ ਟਕਰਾ ਦਾ ਨਵਾਂ ਦੌਰ ਸ਼ੁਰੂ ਹੋਣਾ ਸੀ। ਏਸ ਟਕਰਾ ਵਿਚ ਅਸਲ ਦੁਸ਼ਮਣਾਂ ਵਿਸ਼ਵੀ ਬੈਂਕਰਾਂ ਨੇ ਲੁਕੇ ਰਹਿਣਾ ਸੀ।

****

ਰਾਸਪਤਿਨ

ਰਾਸਪੁਤਿਨ

1905 ਵਿੱਚ ਹੀ ਇਕ ਹੋਰ ਵਿਕੋਲਿਤਰੀ ਅਤੇ ਅਹਿਮ ਘਟਨਾ ਵੀ ਜ਼ਾਰ ਨਿਕੋਲਸ ਦੂਜੇ ਦੇ ਖਾਨਦਾਨੀ ਮਹਿਲਾਂ ਵਿਚ ਵਪਾਰ ਗਈ। ਮਹਾਂਰਾਣੀ ਜ਼ਰੀਨਾ ਅਲੈਂਗਜੈਂਡਰਾ ਨੇ ਚਾਰ ਲੜਕੀਆਂ ਅਰਥਾਤ ਸਹਿਜ਼ਾਦੀਆਂ ਜਿਵੇਂ ਕਿ ਉਲਗਾ, ਤਾਤਿਆਨਾ, ਮੇਰੀਆ, ਅਨਸਤਾਸਿਆ ਤੋਂ ਪਿੱਛੋਂ ਪੰਜਵੀਂ ਵਾਰੀ ਇੱਕ ਲੜਕੇ ਨੂੰ ਅਰਥਾਤ ਯੁਵਰਾਜ ਅਰਥਾਤ ਜ਼ਾਰ ਦੀ ਗੱਦੀ ਦੇ ਵਾਰਿਸ ਨੂੰ ਜਨਮ ਦਿੱਤਾ। ਨਾਮ ਰੱਖਿਆ ਗਿਆ ਅਲੈਕਸੀ ਰੋਮਨੋਵ। ਮੇਰੀ ਯਾਨੀ ਉਰਗੇਵਸਕੀ ਦੀ ਜਾਬ ਐਸੀ ਸੀ ਕਿ ਦਿਨ ਵੀ ਅਤੇ ਰਾਤ ਵੀ ਮੈਨੂੰ ਮਹਿਲ ਦੇ ਅੰਦਰ ਦੀ ਵੀ ਅਤੇ ਬਾਹਰ ਦੀ ਵੀ ਚੌਕਸੀ ਰੱਖਣੀ ਪੈਂਦੀ ਸੀ। ਜਪਾਨ ਹੱਥੋਂ ਹਾਰ ਦੀ ਨਮੋਸ਼ੀ, ਮੈਨਸ਼ਵਿਕ ਇਨਕਲਾਬ ਦਾ ਵਾਪਰਨਾ, ਖ਼ੂਨੀ-ਸੰਡੇ ਦੀ ਘਟਨਾ ਅਤੇ ਬਾਲਸ਼ਵਿਕਾਂ, ਮੈਨਸ਼ਵਿਕਾਂ ਤੇ ਨਰੋਡਨਿਕਾਂ ਵੱਲੋਂ ਜਖਮੀ ਹਮਲਾਵਰ ਭੇੜੀਆਂ ਵਰਗੀਆਂ ਵਰਦਾਤਾਂ ਜਾਰੀ ਰੱਖਣੀਆਂ ...... ਮੇਰੇ ਲਈ ਸਰੀਰਕ ਅਤੇ ਮਾਨਸਿਕ ਬੇਚੈਨੀ ਦਾ ਕਾਰਨ ਸਨ। ਇਹ ਵੀ ਕਿ ਮੇਰੀ ਧੀ ਗਲਿੰਕਾ ਨੂੰ ਅਜੇ ਤੱਕ ਵੀ ਵਾਪਸ ਰੂਸ ਆਉਣ ਦੀ ਆਗਿਆ ਨਹੀਂ ਸੀ। ਇਹ ਸੰਤਾਪ ਮੈਂ ਕਿਸੇ ਨਾਲ ਵੰਡਾਂ ਵੀ ਨਹੀਂ ਸਕਦਾ ਸਾਂ। ਮੈਨੂੰ ਲੱਗਾ ਕਿ ਇਹੋ ਜਿਹੇ ਹਾਲਾਤ ਵਿਚ ਯੁਵਰਾਜ ਦਾ ਜਨਮਣਾ ਕਿਸੇ ਤਰਲ ਦੇ ਉਬਲਦੇ ਕੜਾਹੇ ਵਿਚ ਠੰਡੇ ਪਾਣੀ ਦਾ ਛੱਟਾ ਸੀ। ਜਿਵੇਂ ਕਿਵੇਂ ਮਹਿਲ ਦੇ ਅੰਦਰ ਵੀ ਅਤੇ ਲੋਕਾਂ ਵਿਚਕਾਰ ਵੀ ਜਸ਼ਨ ਮਨਾਏ ਜਾਣ ਲੱਗੇ।

ਪੰਦਰਾਂ ਦਿਨ ਬੀਤ ਗਏ। ਸੰਕਟ ਦੇ ਦਿਨਾਂ ਦੇ ਦੁੱਖਾਂ ਨੂੰ ਭੁਲਣ ਲਈ ਵੀ ਅਤੇ ਕੁਝ ਦੇਖਾ ਦੇਖੀ ਵੀ ਪਰਜਾ ਵਿਚ ਜਸ਼ਨ ਚੱਲੀ ਜਾ ਰਹੇ ਸਨ। ਪਰ ਮਹਿਲਾਂ ਅੰਦਰ ਅਚਾਨਕ ਵਿਰਾਮ ਲਗ ਗਿਆ।

ਮੈਂ ਖੋਜ ਕੀਤੀ, ਕੁਝ ਸਮਝ ਨਾ ਆਏ। ਅੰਦਰ ਤੱਕ ਖੋਜ ਕੀਤੀ ਤਾਂ ਪਤਾ ਲੱਗਾ ਕਿ ਯੁਵਰਾਜ ਨੂੰ ਗਰਭ ਵਿਚੋਂ ਹੀ ਇਕ ਭਿਆਨਕ ਬੀਮਾਰੀ ਹੈਮੋਫੀਲੀਆ ਲੱਗ ਗਈ ਸੀ।

ਹੈਮੋਫੀਲੀਆ ਦੀ ਖੋਜ ਕੀਤੀ ਤਾਂ ਪਤਾ ਲੱਗਾ ਕਿ ਇਹ ਬੜੀ ਨਾਮੁਰਾਦ ਬੀਮਾਰੀ

Scanned with OKEN Scanner

ਹੁੰਦੀ ਹੈ। ਇਸ ਵਿੱਚ ਮਾੜੀ ਮੋਟੀ ਸੱਟ ਲੱਗਣ ਨਾਲ ਵੀ ਖੂਨ ਦਾ ਵਗਣਾ ਬੰਦ ਨਹੀਂ ਹੁੰਦਾ। ਸਰੀਰ ਦੇ ਅੰਦਰੋ ਅੰਦਰ ਰਿਸਾਵ ਸ਼ੁਰੂ ਹੋ ਜਾਵੇ ਤਾਂ ਹੋਰ ਵੀ ਭਿਆਨਕ ਹੁੰਦਾ ਹੈ। ਖੂਨ ਵਿਚ ਖੂਨ-ਜੰਮਣ ਵਾਲੇ ਅੰਸ਼ ਘੱਟ ਜਾਂਦੇ ਹਨ ਜਾਂ ਹੌਲੀ-ਹੌਲੀ ਖਤਮ ਹੋ ਜਾਂਦੇ ਹਨ।

ਹੋਰ ਖੋਜ ਕੀਤੀ ਤਾਂ ਪਤਾ ਲੱਗਾ ਕਿ ਇਹ ਬੀਮਾਰੀ ਯੁਵਰਾਜ ਨੂੰ ਆਪਣੀ ਮਾਤਾ ਰਾਣੀ ਅਲੈਗਜਾਂਦਰਾ ਤੋਂ ਲੱਗੀ ਸੀ। ਹੋਰ ਖੋਜ ਕੀਤੀ ਤਾਂ ਪਤਾ ਲੱਗਾ ਕਿ ਉਸ ਦੀ ਮਾਤਾ ਜੋ ਗੁਆਂਢੀ ਦੇਸ਼ ਦੀ ਮਹਾਂਰਾਣੀ ਸੀ, ਨੂੰ ਵੀ ਇਹ ਬੀਮਾਰੀ ਸੀ। ਹੋਰ ਖੋਜ ਕੀਤੀ ਤਾ ਪਤਾ ਲੱਗਾ ਕਿ ਇਹ ਉਸ ਦੀ ਮਾਤਾ ਬ੍ਰਿਟੇਨ ਦੀ ਮਹਾਂਰਾਣੀ ਵਿਕਟੋਰੀਆ ਨੂੰ ਵੀ ਸੀ। ਉਸ ਨੇ ਚੌਦਾਂ ਸਾਲਾਂ ਵਿੱਚ ਨੌ ਬੱਚੇ ਪੈਦਾ ਕੀਤੇ ਸਨ। ਉਨ੍ਹਾਂ ਦੇ ਵਿਆਹਾਂ ਸ਼ਾਦੀਆਂ ਰਾਹੀਂ ਇਹ ਬੀਮਾਰੀ ਸਾਰੇ ਯੂਰਪ ਦੇ ਸ਼ਾਹੀ ਪ੍ਰੀਵਾਰਾਂ ਤੱਕ ਪੁਜ ਚੁੱਕੀ ਹੋਈ ਸੀ। ਇਹ ਬੀਮਾਰੀ ਕਿਤੇ ਘੱਟ ਸੀ ਕਿਤੇ ਵੱਧ ਸੀ। ਪਰ ਯੁਵਰਾਜ ਨੂੰ ਕੁਝ ਵਧੇਰੇ ਸੀ। ਮੈਂ ਖੋਜਣਾ ਚਾਹੁੰਦਾ ਸਾਂ ਕਿ ਰਾਣੀ ਵਿਕਟੋਰੀਆਂ ਦੀ ਏਸ ਬਿਮਾਰੀ ਦਾ ਸੋਮਾ ਕੀ ਸੀ। ਮੈਂ ਏਥੋਂ ਤੱਕ ਪੁੱਜ ਗਿਆ ਕਿ ਰਾਣੀ ਨੂੰ ਇਹ ਬਿਮਾਰੀ ਲਾਈ ਗਈ ਸੀ। ਉਸਨੂੰ ਅਫੀਮਣ ਬਣਾਇਆ ਗਿਆ ਸੀ। ਰੌਥਸਚਾਈਲਡ ਪ੍ਰੀਵਾਰ ਨਾਲ ਘਿਉ-ਖਿਚੜੀ ਹੋ ਗਈ। ਉਸ ਦੇ 14 ਬੱਚਿਆਂ ਵਿਚੋਂ 2-3 ਬੱਚੇ ਰੌਥਸ ਪ੍ਰੀਵਾਰ ਦੇ ਵੀ ਸਨ। ਵਿਕਟੋਰੀਆ ਤੋਂ ਇਸ ਬੀਮਾਰੀ ਦੀ ਸ਼ੁਰੂਆਤ ਹੋਈ ਸੀ। ਉਸ ਨੂੰ ਇਹ ਘੱਟ ਮਾਤਰਾ ਵਿੱਚ ਸੀ ਪਰ ਯੁਵਰਾਜ ਵਿੱਚ ਪ੍ਰਚੰਡ ਹੋ ਗਈ ਸੀ। ਮੈਂ ਖੋਜ ਅਧੂਰੀ ਛੱਡ ਦਿੱਤੀ।

....

ਯੁਵਰਾਜ ਵੱਡਾ ਹੋ ਰਿਹਾ ਸੀ। ਪਰ ਉਸਨੂੰ ਖੇਡਣ ਦੀ ਆਗਿਆ ਨਹੀਂ ਸੀ। ਮੇਰੀ ਸਿਫਾਰਿਸ਼ ਤੇ ਹਰ ਵੇਲੇ ਨੇਵੀ ਦੇ ਦੋ ਅਫਸਰ ਉਸ ਦੀ ਚੌਕਸੀ ਲਈ ਤਾਇਨਾਤ ਸਨ।

ਜਿਵੇਂ ਕਿਵੇਂ ਚਾਰ ਸਾਲ ਬੀਤੇ। ਇਸ ਸਬੰਧ ਵਿੱਚ ਮੈਂ ਖੁਦ ਚਿੰਤਤ ਰਹਿੰਦਾ ਸਾਂ। ਮੈਨੂੰ ਵੀ ਆਪਣੀ ਧੀ ਗਲਿੰਕਾ ਤੋਂ ਵਿਛੜੇ ਰਹਿਣ ਦਾ ਸੰਤਾਪ ਸੀ।

ਇੱਕ ਦਿਨ, ਮੈਨੂੰ ਮਹਿਲਾਂ ਵਿਚ ਸੱਦਿਆ ਗਿਆ। ਹੁਕਮ ਹੋਇਆ ਕਿ ਮੈਂ ਸਾਇਬੇਰੀਆਂ ਜਾਵਾਂ। ਉਥੋਂ ਇਕ ਕਰਾਮਾਤੀ ਪਾਦਰੀ ਗਰੈਗਰੀ ਰਾਸਪੁਤਿਨ ਨੂੰ ਲੱਭ ਕੇ ਲਿਆਵਾਂ। ਜ਼ਰੀਨਾ ਦੀ ਇਕ ਵਿਧਵਾ ਸਹੇਲੀ ਨੇ ਕੋਈ ਇਹੋ ਜਿਹੀ ਸਲਾਹ ਦਿੱਤੀ ਸੀ।

ਮੈਂ ਸਾਇਬੇਰੀਆ ਪੁੱਜਿਆ। ਮੈਨੂੰ ਖੋਜ ਕਰਨੀ ਪਈ। ਪਤਾ ਲੱਗਾ ਕਿ ਅਤਿ ਪਛੜੇ ਹੋਏ ਨੀਮ ਜੰਗਲੀ ਪਿੰਡ ਵਿੱਚ ਗਰੀਬ ਕਿਸਾਨਾਂ ਮੁਜ਼ਾਰਿਆਂ ਦਾ ਏਸ ਨਾਮ ਦਾ ਇਕ ਪਾਦਰੀ ਸੀ ਜੋ ਪਾਦਰੀ ਘੱਟ ਤੇ ਹੋਰ ਬੜਾ ਕੁੱਝ ਵਧੇਰੇ ਸੀ।

ਹੋਰ ਖੋਜ਼ ਕੀਤੀ ਤਾਂ ਪਤਾ ਲੱਗਾ ਕਿ ਉਸ ਦੀ ਆਪਣੀ ਵੱਖਰੀ ਕਿਸਮ ਦੀ ਵਿਚਾਰ ਲੜੀ ਸੀ। ਉਸ ਦਾ ਕਹਿਣਾ ਸੀ ਕਿ ਹਰ ਔਰਤ ਤੇ ਮਰਦ ਪਾਪੀ ਹੁੰਦੇ ਹਨ। ਉਸ ਨੇ ਉਨ੍ਹਾਂ ਨੂੰ ਨੇਕ ਬਣਾਉਣਾ ਹੈ। ਨੇਕ ਤਾਂ ਹੀ ਬਣਿਆ ਜਾ ਸਕਦਾ ਹੈ, ਜੇਕਰ ਪਹਿਲਾਂ ਪਾਪਾਂ ਦੀ ਅਤਿਅੰਤ ਡੂੰਘਾਈ ਤਕ ਗਰਕਿਆ ਜਾਵੇ। ਖੂਬ ਪਾਪ ਕੀਤੇ ਜਾਣ। ਹੱਦ ਤੱਕ ਪੁਜਿਆ

Scanned with OKEN Scanner

ਜਾਵੇ। ਅੰਤ ਪਾਪ ਈ ਮੁਕ ਜਾਣਗੇ ਤੇ ਆਤਮਾ ਪਾਪਾਂ ਤੋਂ ਤੋਬਾ ਕਰੇਗੀ। ਹੋਰ ਕਹਿਣਾ ਸੀ ਕਿ ਮਰਦ ਨਾਲੋਂ ਔਰਤ ਵਧੇਰੇ ਪਾਪਣ ਹੈ। ਹਵਾ (ਈਵ) ਨੇ ਹੀ ਮਰਦ ਨੂੰ ਪਾਪ ਕਰਨ ਲਈ ਉਸਕਾਇਆ ਸੀ।

ਰਾਸਪੂਤਿਨ ਨੂੰ ਖੁੱਲ੍ਹ ਸੀ ਕਿ ਉਹ ਜਦੋਂ ਚਾਹੇ ਜਿੱਥੇ ਚਾਹੇ ਜਿਵੇਂ ਚਾਹੇ ਕਿਸੇ ਵੀ ਲੜਕੀ, ਮੁਟਿਆਰ ਜਾਂ ਔਰਤ ਨਾਲ ਸੰਭੋਗ ਕਰ ਸਕਦਾ ਸੀ। ਦੂਰ-ਦੂਰ ਤੱਕ ਉਸ ਦੇ ਅਨੁਆਈ ਸਨ। ਅਜੀਬ ਬੁਝਾਰਤ ਸੀ।

ਮੈਨੂੰ ਪਤਾ ਲੱਗਾ ਕਿ ਇੱਕ ਦੂਜਾ ਪਾਸਾ ਵੀ ਸੀ। ਉਹ ਕਰਾਮਤੀ ਵੀ ਸੀ। ਉਹ ਹਰ ਬੀਮਾਰੀ ਦਾ ਇਲਾਜ ਅੱਖਾਂ ਦੀ ਤੱਕਣੀ ਨਾਲ, ਹੱਥ ਦੀ ਛੋਹ ਨਾਲ ਜਾਂ ਅਰਦਾਸ ਕਰਨ ਨਾਲ ਕਰਦਾ ਸੀ। ਜਾਨਲੇਵਾ ਜਖਮ ਵੀ ਉਹਦੀ ਤੱਕਣੀ, ਸਪਰਸ਼ ਤੇ ਅਰਦਾਸ ਨਾਲ ਤੁਰੰਤ ਠੀਕ ਹੋ ਜਾਂਦੇ ਸਨ। ਅਸਹਿ ਪੀੜਾਂ ਤੋਂ ਨਿਜਾਤ ਮਿਲਦੀ ਸੀ, ਹਰ ਕਿਸਮ ਦੀਆਂ ਬੀਮਾਰੀਆਂ ਤੋਂ ਰਾਹਤ ਮਿਲਦੀ ਸੀ। ਉਹ ਖੂੰਖਾਰ ਜਾਨਵਰਾਂ ਨੂੰ ਵੀ ਵਸ ਕਰ ਸਕਦਾ ਸੀ। ਅੰਤਲਾ ਨੁਸਖਾ ਉਸ ਦਾ ਅੰਗ ਸੀ ਜਿਸ ਦੀ ਛੋਹ ਨਾਲ ਸਾਰੇ ਦੁੱਖ ਦੂਰ ਹੋ ਜਾਂਦੇ ਸਨ। ਉਸ ਦੇ ਸੰਭੋਗ ਵਿੱਚ ਤਾਂ ਅਦੁੱਤੀ ਅਨੰਦ ਸੀ।ਉਸ ਦੇ ਚਰਚ ਵਿੱਚ ਔਰਤਾਂ ਦੀ ਭੀੜ ਰਹਿੰਦੀ ਸੀ। ਉਹ ਉਸ ਦੇ ਅੰਗ ਨਾਲ ਖਰਮਸਤੀ ਕਰਦੀਆਂ ਤੇ ਸ਼ਾਂਤ ਚਿਤ ਵਾਪਸ ਤੁਰ ਜਾਂਦੀਆਂ।

ਵਿਸ਼ਵ-ਯੁੱਧ ਪਹਿਲੇ ਮਗਰੋਂ ਮਾਰਗਨ ਦਾ ਹਿੱਸੇਦਾਰ ਟਾਮਸ ਡਵਲਯੂ ਲੇਮੰਟ ਬੜੀ ਹੀ ਖੁਸ਼ੀ ਅਤੇ ਤਸੱਲੀ ਨਾਲ ਟਿੱਪਣੀ ਦਿੰਦਾ ਹੈ ਕਿ ਚਾਰ ਸਾਲਾਂ ਦੇ (ਵਿਸ਼ਵ) ਯੁੱਧ ਰਾਹੀਂ ਦੁਨੀਆਂ ਭਰ ਦੇ ਮੁਲਕਾਂ ਸਿਰ 210 ਕਰੋੜ ਡਾਲਰ ਯਾਨੀ 475 ਪ੍ਰਤੀਸ਼ਤ ਕਰਜਾ ਵਧਿਆ ਹੈ। ਨਤੀਜਾ ਇਹ ਹੋਇਆ ਕਿ ਦੁਨੀਆ ਭਰ ਵਿਚ ਅਤੇ ਵਿਸ਼ੇਸ਼ ਤੌਰ ਤੇ ਅਮਰੀਕੀ ਸਰਕਾਰੀ ਬਾਂਡਾਂ ਅਤੇ ਵਪਾਰ ਦੀ ਦਰ ਵਿੱਚ ਸਾਡਾ ਚੌਖਾ ਵਾਧਾ ਹੋਇਆ ਹੈ।

ਤੱਥ ਇਹ ਹੈ ਕਿ ਹਰ ਇੱਕ ਸਿਪਾਹੀ ਦੀ ਮੌਤ ਪਿੱਛੇ ਸਾਨੂੰ ਘੱਟੋ ਘੱਟ ਦਸ ਹਜ਼ਾਰਜ ਡਾਲਰ ਦਾ ਲਾਭ ਹੁੰਦਾ ਹੈ। ਉਦੋਂ ਡਾਲਰ ਜਦਾ ਮੁੱਲ ਅੱਜ (1920) ਨਾਲੋਂ ਕਈ ਗੁਣਾਂ ਵੱਧ ਸੀ। (ਅੰਦਾਜ਼ਾ ਲਗਾਉ ਕਿ ਸੌ ਸਾਲ ਬਾਅਦ 2019 ਵਿੱਚ ਲਾਭ ਦੀ ਦਰ ਕਿੰਨੀ ਬਣਦੀ ਹੈ) ਇਹ ਵਿਸ਼ਵੀ ਬੈਂਕ ਹੀ ਸਨ ਜਿਨ੍ਹਾਂ ਨੇ ਭਿਆਨਕ ਵਿਸ਼ਵ ਯੁਧ ਦਾ ਪ੍ਰਬੰਧ ਕੀਤਾ ਅਰਥਾਤ ਸਾਜਿਸ਼ ਰਚੀ। ਲਹੂ ਦੀਆਂ ਨਦੀਆਂ ਵਹਾਉਣ ਦਾ ਇਕੋ-ਇੱਕ ਮਕਸਦ ਇਹ ਸੀ ਕਿ ਦੁਨੀਆ ਭਰ ਦੇ ਦੇਸਾਂ ਨੂੰ ਸਾਹ ਸਤ ਹੀਣ ਕੀਤਾ ਜਾਵੇ ਸਖਤ ਘਾਇਲ ਕੀਤਾ ਜਾਵੇ ਤਾਂ ਕਿ ਉਨ੍ਹਾਂ ਉੱਪਰ ਵਿਸ਼ਵੀ ਬੈਂਕਰਾਂ ਦਾ ਕਬਜ਼ਾ ਵਧੇ ਅਤੇ ਨਵੇ ਵਿਸ਼ਵੀ ਨੇਮ (New World Order) ਨੂੰ ਅਮਲ ਵਿੱਚ ਲਿਆਂਦਾ ਜਾ ਸਕੇ।

ਰੌਥਸਚਾਈਲਡ ਦੀ ਅਗਵਾਈ ਵਾਲੀ ਇੱਕ ਵਿਸ਼ਵੀ ਬੈਂਕਰਾਂ ਦੀ ਚੰਡਾਲ ਚੌਕੜੀ ਜਿਨ੍ਹਾਂ ਵਿੱਚ ਵਾਰਬਰਗ, ਸਿਫ, ਰਾਕਫੈਲਰ, ਮਾਰਗਨ ਆਦਿ ਸ਼ਾਮਿਲ ਹਨ, ਬੜੇ ਹੀ ਸਿਆਣੇ ਪਰ ਚਵ੍ਹਲ ਕਿਸਮ ਦੇ ਲੋਕ ਹਨ। ਉਹ ਦੁਨੀਆ ਨਾਲ ਧੋਖਾ ਕਮਾਉਣ ਦੇ ਅਤੇ ਵਿੱਤ ਦੇ ਨਿਪੁੰਨ ਪ੍ਰੀਵਾਰ ਹਨ।

Scanned with OKEN Scanner

ਉਨ੍ਹਾਂ ਦੀ ਏਨੀ ਵਿਕਰਾਲਤਾ ਦਾ ਰਾਜ਼ ਇਹੋ ਹੈ ਕਿ ਉਹ ਇੱਕ-ਮੁਠ ਹਨ, ਚਤੁਰ ਚਾਲਾਕ ਹਨ, ਭਾਵੁਕ ਹੀਣ ਹਨ, ਵੱਡੀ ਗੱਲ ਕਿ ਗੁਪਤ ਹਨ। ਉਹ ਦੂਰ-ਅੰਦੇਸ਼ੀ ਯੋਜਨਾਂਵਾਂ ਦੇ ਮਾਹਿਰ ਹਨ। ਉਹ ਕਿਸੇ ਵਿਅਕਤੀ ਸਮੂਹ ਜਾਂ ਦੇਸ਼ ਦੇ ਵਫਾਦਾਰ ਨਹੀਂ ਹਨ।

ਉਨ੍ਹਾਂ ਦੀ ਦਾਨਾਈ ਹੈ ਕਿ ਉਨ੍ਹਾਂ ਨੇ ਯੂਰਪ ਨੂੰ ਆਪੋ ਵਿਚ ਪਾੜ ਕੇ ਰੱਖਿਆ ਹੋਇਆ ਹੈ।

ਇੱਕ ਬਚਿਤਰ ਉਦਾਹਰਣ ਇਹ ਹੈ ਕਿ ਇਕ ਡਰੈਫਸ ਨਾਮ ਦੇ ਵਿਅਕਤੀ, ਜੋ ਕਿ ਫਰਾਂਸ ਦਾ ਇੱਕ ਮਿਲਟਰੀ ਅਫਸਰ ਸੀ, ਉਪਰ ਇਹ ਇਲਜਾਮ ਲੱਗਾ ਕਿ ਉਸ ਨੇ ਜਰਮਨ ਵਾਸਤੇ ਜਾਸੂਸੀ ਕੀਤੀ ਹੈ ਤੇ ਇਹ ਮਾਮਲਾ ਉਨ੍ਹਾਂ ਦੇ ਆਪਣੇ ਪ੍ਰੈਸ ਵਿਚ ਏਨਾ ਛਾਇਆ ਹੋਇਆ ਕਿ ਦੋਵਾਂ ਦੇਸ਼ਾਂ ਦੇ ਚੰਗੇ ਸੰਬੰਧ 'ਤੜਕ' ਕਰਕੇ ਟੁਟ ਗਏ। ਭਾਵੇਂ ਬਾਅਦ ਵਿਚ ਡਰੇਫਸ ਸਾਜਸ ਉਕਾਂ ਹੀ ਝੂਠੀ ਸਾਬਤ ਹੋਈ ਪਰ ਸੰਬੰਧਾ ਵਿੱਚ ਐਸੀ ਦ੍ਰਾੜ ਆਈ ਕਿ ਜਿਸ ਦੀ ਮੁੜ ਕਦੇ ਵੀ ਭਰਪਾਈ ਨਾ ਹੋਈ। ਬਾਅਦ ਵਿਚ ਤਾਂ ਇਹ ਵੀ ਸਾਬਤ ਹੋ ਗਿਆ ਕਿ ਉਹ ਸਖਸ਼ ਜਿਸ ਦਾ ਨਾਮ ਸੀ ਕਾਉਂਟ ਫਰਦੀਨੰਦ ਵਾਲਸਿਨ ਤੇ ਜਿਸ ਨੇ ਡ੍ਰੇਫਸ ਵਿਰੁੱਧ ਸਾਰੀ ਝੂਠੀ ਸੂਚਨਾ ਘੜੀ ਸੀ, ਅਸਲ ਵਿਚ ਰੋਥਸਚਾਈਲਡ ਬੈਂਕਰਾਂ ਦਾ ਬਾਕਾਇਦਾ ਤਨਖਾਹਦਾਰ ਕਰਮਚਾਰੀ ਸੀ। (ਭੇਤ ਨੂੰ ਭੇਤ ਬਣਾਈ ਰੱਖਣ ਲਈ ਉਸੇ ਦਾ ਕਤਲ ਕਰਵਾਇਆ ਤੇ ਵਿਸ਼ਵ ਯੁਧ ਦੀ ਬੁਨਿਆਦ ਦਾ ਪਹਿਲਾ ਪੱਥਰ ਚਿਣਿਆ)

1908 ਤੱਕ ਲੋਕਾਂ ਵਿਚ ਵਿਸ਼ਵ ਯੁਧ ਦੀ ਕੋਈ ਕਨਸੋਅ ਤਕ ਨਹੀਂ ਸੀ ਪਰ ਅਮਰੀਕਾ ਨੂੰ ਵਿੱਚੋ ਵਿੱਚ ਇਸ ਯੋਜਨਾਬੱਧ ਯੁਧ ਲਈ ਤਿਆਰ ਕੀਤਾ ਜਾ ਰਿਹਾ ਸੀ। ਅਮਰੀਕੀ ਜਨਰਲ ਇਲੂਮੀਨਾਟੀ ਐਲਬਰਟ ਪਾਈਕ ਨੇ ਤਾਂ 1871 ਵਿਚ ਹੀ ਤਿੱਨ ਵਿਸ਼ਵ-ਯੁੱਧਾਂ ਦੀ ਦਾਰਸ਼ਨਿਕਤਾ ਦਾ ਲੁਕਵਾਂ ਐਲਾਨ ਕਰ ਦਿੱਤਾ ਹੋਇਆ ਸੀ।

1913 ਵਿੱਚ ਤਾ ਕਮਾਲ ਹੀ ਹੋ ਗਈ। ਵਿਸ਼ਵ ਬੈਕਰਾਂ ਨੇ ਐਸੀ ਚਾਲ ਚੱਲੀ ਕਿ (ਵੁਡਰੂ ਵਿਲਸਨ ਦੀ ਪ੍ਰਧਾਨਗੀ ਤਹਿਤ) ਅਮਰੀਕੀ ਸੈਨੇਟ ਤੋਂ ਵਾਕਾਇਦਾ ਇਕ ਕਾਨੂੰਨ ਪਾਸ ਕਰਵਾ ਲਿਆ। ਇਸ ਤਹਿਤ ਅਮਰੀਕੀ ਕੇਂਦਰੀ ਬੈਂਕ 'ਫੈਡਰਲ ਰੀਜ਼ਰਵ ਆਫ ਅਮਰੀਕਾ' ਨੂੰ ਇਨ੍ਹਾਂ ਵਿਸ਼ਵੀ ਬੈਂਕਰਾਂ ਦੀ ਨਿੱਜੀ ਮਲਕੀਅਤ ਬਣਾ ਦਿੱਤਾ।

ਰੌਥਸ਼ਚਾਈਲਡ (ਅਤੇ ਉਸ ਦੇ ਨਜਦੀਕੀ ਰਿਸ਼ਤੇਦਾਰ) ਜਿਵੇਂ ਕਿ ਰੌਕਫੈਲਰ, ਮਾਰਗਨ, ਵਾਰਬਰਗ ਆਦਿ ਇਸ ਦੇ ਮਾਲਕ ਬਣ ਗਏ। ਇਸ ਦਾ ਸਿਧਾ ਅਰਥ ਇਹ ਸੀ ਕਿ ਅਮਰੀਕੀ ਅਰਥ (ਯਾਨੀ ਧਨ) ਤੇ ਇਨ੍ਹਾਂ ਪ੍ਰੀਵਾਰਾਂ ਦਾ ਸਿਧਾ ਨਿਜੀ ਕਬਜ਼ਾ ਹੋ ਗਿਆ।

ਇੱਕ ਅੰਦੋਲਨ ਛੇੜ ਦਿੱਤਾ ਗਿਆ। ਉਹ ਇਹ ਕਿ 1913 ਵਿਚ ਹੀ ਇਕ ਛੋਟੇ ਜਿਹੇ ਗ੍ਰੋਹ ਨੂੰ ਇਹ ਜਿੰਮੇਵਾਰੀ ਸੌਂਪ ਦਿੱਤੀ ਗਈ ਕਿ ਉਹ ਬਰਤਾਨੀਆ ਦੇ ਲੋਕ-ਮਨਾ ਦੀ ਐਸੀ ਢਲਾਈ (moulding) ਕਰੇ ਕਿ ਉਹ ਜਰਮਨੀ ਵਿਰੱਧ ਯੁੱਧ ਦਾ ਪੱਖ ਪੂਰਨ ਲੱਗ ਪੈਣ। ਇਸ ਗ੍ਰੋਹ ਲਈ ਧਨ ਲਾਰਡ ਰੌਥਸਚਾਈਲਡ ਅਤੇ ਰੌਕਫੈਲਰਾਂ ਵਲੋਂ ਲਗਾਇਆ

Scanned with OKEN Scanner

ਗਿਆ (ਦਿਤਾ ਗਿਆ)। ਇਸ ਛੋਟੇ ਗ੍ਰੋਹ ਵਿੱਚ ਆਰਨਲਡ ਟੌਇਨਬੀ, ਵ੍ਹਾਲਟਰ ਲਿਪਮਨ ਅਤੇ ਐਡਮੰਡ ਫਰਾਇਡ ਦਾ ਪਤੀਜਾ ਐਡਵਰਡ ਬਰਨੇਜ ਆਦਿ ਸ਼ਾਮਾਨ ਸਨ। ਇਸ ਮਕਸਦ ਦੀ ਪੂਰਤੀ ਲੋਕ-ਸਹਿਮਤੀ ਯਾਨੀ ਲੋਕ-ਦਿਮਾਗਾਂ ਦੀ ਧੁਲਾਈ ਦੀ ਤਕਨੀਕ ਰਾਹੀਂ ਕੀਤੀ ਗਈ।

ਸਭ ਤੋਂ ਵੱਡੇ ਗੁਪਤ ਭੇਤ ਦਾ ਤੱਥ ਇਹ ਸੀ ਕਿ ਜਦੋਂ ਬਰਤਾਨੀਆ ਸਲਤਨਤ ਨੇ ਤੀਜੀ ਰੀਚ (ਜਰਮਨੀ) ਵਿਰੁੱਧ ਯੁਧ ਦਾ ਐਲਾਨ ਕੀਤਾ ਤਾਂ ਉਸ ਵੇਲੇ ਉਸ ਦਾ ਆਪਣਾ (ਅੰਦਰੋਂ-ਅੰਦਰ) ਆਰਥਿਕ ਦੀਵਾਲਾ ਵੀ ਨਿਕਲ ਚੁੱਕਿਆ ਹੋਇਆ ਸੀ। ਬੈਂਕ-ਮਾਲਿਕ ਧਨ ਦੇ ਨਿੱਜੀ ਮਾਲਕ ਸਨ ਅਤੇ ਬਰਤਾਨੀਆ ਨੂੰ ਆਪਣੇ ਅਨੁਸਾਰ ਚੱਲਣ ਲਈ ਮਜਬੂਰ ਕਰ ਸਕਦੇ ਸਨ। ਦੁਨੀਆਂ ਨੂੰ ਅੱਜ ਤੱਕ ਕਦੇ ਵੀ ਇਹ ਸੱਚ ਨਹੀਂ ਪੜ੍ਹਾਇਆ ਗਿਆ ਕਿ ਆਸਟਰੀਆ ਦੇ ਆਰਕਡੀਊਕ ਫਰਡੀਨੰਦ (ਜਿਸ ਦਾ ਕਤਲ ਯੁੱਧ ਦਾ ਫੌਰੀ ਕਾਰਨ ਬਣਿਆ) ਦੇ ਅਸਲ ਕਾਤਲ ਆਜ਼ਾਦ ਉਸਰੱਈਏ (ਯਾਨੀ ਇਲੂਮੀਨਾਟੀ ਦਾ ਇੱਕ ਵਿੰਗ) ਹੀ ਸਨ। (ਇੱਕ ਗੁਪਤ ਸਭਾ ਇਲੂਮਿਨਾਟੀ 1776 ਵਿੱਚ ਰੌਥਸਚਾਈਲਡ ਵਲੋਂ ਐਡਮ ਵਿਸ਼ੁਪਤ ਰਾਹੀਂ ਉਪਜਾਈ ਗਈ ਸੀ) ਕਤਲ ਦੇ ਤੁਰੰਤ ਬਾਅਦ ਆਸਟਰੋ-ਹੰਗਰੀ ਤਾਕਤਾਂ ਨੇ ਸਰਵੀਆ ਸਾਹਮਣੇ ਤੀਹ ਸ਼ਰਤਾਂ ਰਖੀਆਂ ਸਨ, ਜਿਨ੍ਹਾਂ ਵਿੱਚੋਂ ਉੱਨਤੀ ਉਸੇ ਦਿਨ ਪ੍ਰਵਾਣ ਕਰ ਲਈਆਂ ਗਈਆਂ ਸਨ (ਤਾਂ ਕਿ ਯੁਧ ਨੂੰ ਟਾਲਿਆ ਜਾ ਸਕੇ) ਪਰ ਤਾਂ ਵੀ ਯੁੱਧ ਉਸੇ ਦਿਨ ਆਰੰਭ ਹੋ ਗਿਆ। ਮਤਲਬ ਕਿ ਬੈਂਕ ਧਨਾਢਾਂ ਨੇ ਯੁੱਧ ਲੁਆਉਣਾ ਹੀ ਲੁਆਉਣਾ ਸੀ।

ਯੁੱਧ ਦਾ ਪਹਿਲਾ ਗੋਲਾ ਦਾਗ ਹੋਣ ਤੋਂ ਪਹਿਲਾਂ-ਪਹਿਲਾਂ ਰੌਥਸਚਾਈਲਡ ਦੇ ਫ਼ਰਾਂਸੀਸੀ ਵਪਾਰਕ ਅਦਾਰੇ 'ਫਰੀਅਰ' ਵਲੋਂ ਅਮਰੀਕਾ ਦੇ ਮਾਰਗਨ ਦੀ ਕੰਪਨੀ ਨੂੰ ਤਾਰ ਰਾਹੀਂ ਕਿਹਾ ਗਿਆ ਸੀ ਕਿ ਉਹ ਫਰਾਂਸੀਸੀਆਂ ਲਈ ਇੱਕ ਸੌ ਮਿਲਿਅਨ ਡਾਲਰ ਦੇ ਉਧਾਰ ਦੀ ਮਨਜ਼ੂਰੀ ਦੇ ਦੇਵੇ ਜਦੋਂ ਕਿ ਬਹੁਤੀ ਰਕਮ ਤਾਂ ਫਰਾਂਸ ਵਲੋਂ ਅਮਰੀਕੀ ਮਾਲ ਖਰੀਦਣ ਵਿੱਚ ਹੀ ਖਰਚ ਹੋ ਜਾਣੀ ਹੈ। (ਮਲਲਬ ਕਿ ਸੂਦ ਤੇ ਉਧਾਰ ਦਿੱਤੀ ਰਕਮ ਦਾ ਬਹੁਤਾ ਹਿੱਸਾ ਆਪਣਾ ਮਾਲ ਵੇਚ ਕੇ ਆਪਣੇ ਕੋਲ ਹੀ ਰੱਖ ਲੈਣਾ ਹੈ) ਹੋਰ ਇਹ ਕਿ ਬਰਤਾਨੀਆਂ ਵਲੋਂ ਵੀ ਆਪਣੇ ਵਾਸਤੇ ਮਾਲ ਖਰੀਦਣ ਦੀ ਜ਼ਿੰਮੇਵਾਰੀ ਬਤੌਰ ਏਜੰਟ ਮਾਰਗਨ ਨੂੰ ਹੀ ਸੌਂਪੀ ਗਈ। (ਯਾਨੀ ਫਰਾਂਸ ਅਤੇ ਇੰਗਲੈਂਡ ਦੇ ਧਨ ਦੇ ਖਜ਼ਾਨੇ ਦੀਆਂ ਚਾਬੀਆਂ ਇਕ ਮਾਤਰ ਰੌਥਸਚਾਈਲਡ ਅਤੇ ਉਸ ਦੇ ਜੁਆਈ ਮਾਰਗਨ ਕੋਲ ਸੌਂਪ ਹੋ ਗਈਆਂ।)

1917 ਦੀ ਅਮਰੀਕੀ ਕਾਂਗਰਸ ਦੇ ਰਿਕਾਰਡ ਦਾ ਕਹਿਣਾ ਹੈ- 1915 ਵਿਚ ਹੀ ਮਾਰਗਨ ਦੇ ਹਿੱਤਾਂ ਦੀ ਪੂਰਤੀ ਲਈ ਉਸਨੇ ਬਾਰਾਂ ਐਸੇ ਆਦਮੀ ਚੁਣੇ ਜੋ ਅਮਰੀਕਾ ਅਤੇ ਦੁਨੀਆਂ ਤੇ ਅਖਬਾਰਾਂ ਰਾਹੀ (ਮੀਡੀਆ ਰਾਹੀਂ) ਆਪਣੇ ਹਿੱਤ ਦੀ ਯੁਧ ਨੀਤੀ ਦਾ ਪ੍ਰਭਾਵ ਪਾ ਸਕਣ। ਉਨ੍ਹਾਂ ਨੇ ਜਾਣ ਲਿਆ ਸੀ ਕਿ ਸੱਭ ਤੋਂ ਵਡੇ ਅੱਖਬਾਰਾਂ ਵਿੱਚੋਂ 25 ਅਖਬਾਰਾਂ ਨੂੰ ਖਰੀਦ ਸੁਟਣਾ ਬਹੁਤ ਜਰੂਰੀ ਹੈ।(ਜਿਨ੍ਹਾਂ ਰਾਹੀਂ ਆਪਣੀ ਪਾਲਿਸੀ ਲੋਕ ਮਨਾ ਵਿੱਚ ਵਾੜ

Scanned with OKEN Scanner

ਸਕਣ)।

ਅਮਰੀਕਨ (ਅਤੇ ਹੋਰ ਵੀ) ਮੀਡੀਆ ਨੂੰ ਖਰੀਦ ਸੁਟਣ ਦਾ ਵੱਡਾ ਕਾਰਣ ਸੀ ਕਿ ਅਮਰੀਕਾ ਨੂੰ ਵੀ (ਯੂਰਪ ਵਾਂਗ) ਪਹਿਲੇ ਵਿਸ਼ਵ -ਯੁਧ ਵਿੱਚ ਧਕੇਲਿਆ ਜਾ ਸਕੇ। ਇਹ ਵੀ ਕਿ ਜੇਕਰ ਕਿਸੇ ਕਾਰਣ ਜਰਮਨ ਜਿੱਤ ਜਾਂਦਾ ਹੈ ਤਾਂ ਵਿਸ਼ਵ ਬੈਕਰਾਂ ਦਾ ਹੋਰ ਦੇਸ਼ਾਂ ਸਿਰ ਚੜ੍ਹਿਆ ਕਰਜਾ ਉਗਰਾਹ ਨਹੀਂ ਹੋ ਸਕਣਾ। ਹੋਰ ਮਜ਼ੇਦਾਰ ਮਸਲਾ ਇਹ ਕਿ ਵੁਡਰੂ ਵਿਲਸਨ ਨੇ 1916 ਵਿੱਚ ਕੌਮੀ ਪ੍ਰਧਾਨਗੀ ਚੋਣਾ ਜਿੱਤਿਆਂ ਹੀ ਏਸ ਨਾਰੇ ਤੇ ਸਨ ਕਿ ਅਮਰੀਕਾ ਵਿਸ਼ਵ ਯੁਧ ਵਿੱਚ ਸ਼ਾਮਲ ਨਹੀਂ ਹੋਵੇਗਾ। (ਚੇਤੇ ਕਰਾਉਣਾ ਬਣਦਾ ਹੈ ਕਿ 1912 ਦੀਆਂ ਪ੍ਰਧਾਨਗੀ ਚੋਣਾ ਏਸ ਨਾਰੇ ਤੇ ਜਿੱਤੀਆਂ ਸਨ – I and no banks)

(ਮੈਂ ਜਿੱਤਿਆ ਤਾਂ ਵਿਸ਼ਵੀ ਬੈਕਾਂ ਦੀ ਮਨਾਪਲੀ ਨਹੀਂ ਹੋਵੇਗੀ। ਪਰ 1913 ਵਿੱਚ ਹੋਇਆ ਉਲਟ ਕਿ ਫੈਡਰਲ ਰੀਜਰਵ ਬੈਂਕ ਰੋਥਸ ਦੀ ਅਗਵਾਈ ਵਾਲੇ ਵਿਸ਼ਵ ਬੈਂਕਰਾਂ ਦੀ ਜੁੰਡਲੀ ਨੂੰ ਕਾਨੂੰਨਨ ਸੌਂਪ ਦਿੱਤਾ ਸੀ ਜੋ ਸ੍ਰਿਸ਼ਟੀ ਦੀ ਸੱਭ ਨਾਲੋਂ ਵੱਡੀ ਪ੍ਰਤੱਖ ਧੋਖਾਧੜੀ ਸੀ।) ਨਾਅਰਾ ਝੂਠ ਸਾਬਤ ਹੋਇਆ। ਕੁਫਰ ਇਹ ਕਿ ਚੋਣਾ ਤੋਂ ਅੱਠ ਮਹੀਨੇ ਪਹਿਲਾਂ ਹੀ ਗੁਪਤ ਤੋਰ ਤੇ ਉਸਨੇ ਕਰਨਲ ਹਾਉਸ ਨੂੰ ਅਧਿਕਾਰਤ ਕੀਤਾ ਸੀ ਕਿ ਉਹ ਉਸ ਸਮਝੌਤੇ ਤੇ ਤਸਦੀਕ ਕਰੇ ਕਿ ਅਮਰੀਕਾ ਯੁੱਧ ਵਿੱਚ ਅਲਾਈਡ ਦੇਸ਼ਾਂ (ਇੰਗਲੈਂਡ, ਫਰਾਂਸ, ਰੂਸ ਆਦਿ) ਦੀ ਜੁੰਡਲੀ ਵਿਚ ਸ਼ਾਮਲ ਹੋਵੇਗਾ। ਇਹ ਗੁਪਤ ਸਮਝੌਤਾ ਯੁੱਧ ਤੋਂ ਮਗਰੋਂ ਇਨ ਬਿਨ ਸਾਹਮਣੇ ਆ ਗਿਆ ਸੀ ਪਰ ਉਦੋਂ ਜਿੱਤ ਦੀ ਖੁਸ਼ੀ ਵਿੱਚ ਅਮਰੀਕਨ ਲੋਕਾਂ ਨੇ ਇਸ ਗੁਪਤਤਾ ਦੇ ਉਜਾਗਰ ਹੋਣ ਨੂੰ ਇੱਕ ਬੰਬ ਧਮਾਕੇ ਦੀ ਤਰਾਂ ਨਾ ਲਿਆ।

ਸੱਚ ਇਹ ਸੀ ਕਿ ਅਮਰੀਕਾ ਦਾ ਪਹਿਲੇ ਵਿਸ਼ਵ ਯੁਧ ਵਿੱਚ ਸ਼ਾਮਲ ਹੋਣਾ ਕੌਮਾਂਤਰੀ ਬੈਂਕਾਂ ਵਲੋਂ ਪੂਰਵ ਨਿਰਧਾਰਤ ਸੀ। ਵਿਲਸਨ ਉਨ੍ਹਾਂ ਦੇ ਹੁਕਮ ਦੀ ਪਾਲਣਾ ਲਈ ਬਚਨਵੱਧ ਸੀ। ਹਾਂ, ਉਪਚਾਰਿਕਤਾ ਲਈ ਇੱਕ ਡੈਲੀਗੇਸ਼ਨ ਉਸ ਵੱਲ ਭੇਜਿਆ ਗਿਆ ਸੀ। ਇਹ ਵਿਸ਼ਵਾਸ ਦੁਆਉਣ ਲਈ ਕਿ ਜੇਕਰ ਅਮਰੀਕਾ ਯੁਧ ਵਿੱਚ ਸ਼ਾਮਲ ਨਾ ਹੋਇਆ ਤਾਂ ਮੋਰਗਨ ਬੈਂਕ (ਰੋਥਸ ਦਾ ਨੇੜਲਾ ਰਿਸ਼ਤੇਦਾਰ) ਦਾ ਬਰਤਾਨੀਆਂ ਤੇ ਫਰਾਂਸ ਨੂੰ ਦਿੱਤਾ ਹੋਇਆ ਕਰਜਾ ਉਗਰਾਹ ਨਹੀਂ ਹੋ ਸਕੇਗਾ। (ਇੱਥੇ ਇਹ ਦੱਸਣਾ ਬਣਦਾ ਹੈ ਕਿ ਲਾਰਡ ਵਸ਼ਿੰਗਟਨ ਤੋਂ ਲੈ ਕੇ ਵੁਡਰੂ ਵਿਲਸਨ ਤਕ ਕੇਵਲ ਤਿੰਨ ਪ੍ਰਧਾਨਾਂ ਜਿਵੇਂ ਕਿ ਅਬਰਾਹਮ ਲਿੰਕਨ, ਗੈਰੀਬਾਲਡੀ ਅਤੇ ਮੈਕਨਲੀ ਤੋਂ ਬਿਨਾਂ ਹੋਰ ਕਿਸੇ ਵੀ ਅਮਰੀਕਨ ਪ੍ਰਧਾਨ ਨੇ ਅੰਤਰ-ਰਾਸ਼ਟਰੀ ਬੈਂਕਰਾਂ ਦੀ ਹੁਕਮ ਅਦੂਲੀ ਨਹੀਂ ਕੀਤੀ ਹੈ। ਹਾਂ, ਬਾਅਦ ਵਿੱਚ 1963 ਵਿੱਚ ਪ੍ਰਧਾਨ ਜੇ.ਐਫ. ਕੈਨੇਡੀ ਨੇ ਹੁਕਮ ਆਦੂਲੀ ਕਰ ਦਿੱਤੀ ਸੀ ਤੇ ਸਿੱਟੇ ਵਜੋਂ ਉਸ ਦਾ ਵੀ ਕਤਲ ਹੋ ਗਿਆ ਸੀ। ਉਸ ਕਤਲ ਦੀ ਪੜਤਾਲ ਦੀ ਰਿਪੋਰਟ 2019 ਤਕ ਵੀ ਗੁਪਤ ਰੱਖੀ ਹੋਈ ਹੈ। ਇਥੇ ਇਹ ਵੀ ਦੱਸਣਾ ਵਾਜਿਵ ਹੈ ਕਿ ਅੱਜ ਕੱਲ ਵੈਨਜ਼ੁਵੇਲਾ ਦੇ ਵਰਤਮਾਨ ਪ੍ਰਧਾਨ ਨੂੰ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ ਜਦੋਂ ਕਿ ਉਸ ਤੋਂ ਪਹਿਲਾਂ ਪ੍ਰਧਾਨ ਸ਼ਵੇਜ਼ ਦਾ

Scanned with OKEN Scanner

ਗੁਪਤ ਕਤਲ ਹੋ ਚੁਕਿਆ ਹੈ। ਵੈਨਜੁਏਲਾ ਤੇਲ ਅਤੇ ਸੋਨੇ ਦਾ ਘਰ ਹੈ ਤੇ ਸਵੇਜ ਨੇ ਅੰਤਰ-ਰਾਸ਼ਟਰੀ ਬੈਂਕਰਾਂ ਦੇ ਹੁਕਮ ਤੇ ਕਿੰਤੂ ਪਰੰਤੂ ਕੀਤਾ ਸੀ।)

ਬੈਂਕਾਂ ਦੇ ਪ੍ਰਭੂ-ਪ੍ਰੀਵਾਰ ਵਿਸ਼ਵੀ ਕੌਮਾ ਦੇ ਰਾਜ-ਤੰਤਰਾਂ ਵਿੱਚ ਕਿੰਨੇ ਧਸ ਗਏ ਹੋਏ ਹਨ ਦਾ ਅੰਦਾਜਾ ਇਸ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਪਹਿਲੇ ਵਿਸ਼ਵ- ਯੁੱਧ ਵੇਲੇ ਜਰਮਨੀ ਦੇ ਜਾਸੂਸੀ ਵਿਭਾਗ ਦਾ ਪਰਮ-ਪ੍ਰਮੁੱਖ ਇਕ ਬੈਂਕਰ ਹੀ ਸੀ ਜਿਸ ਦਾ ਨਾਂ ਮੈਕਸ ਵਾਰਬਰਗ ਸੀ ਤੇ ਇਹ ਅਮਰੀਕਨ ਬੈਂਕਰ ਪਾਲ ਵਾਰਬਰਗ ਦਾ ਸਕਾ ਭਰਾ ਸੀ। ਇਹ ਪਾਲ ਵਾਰ ਬਰਗ ਹੀ ਸੀ ਜੋ ਫੈਡਰਲ ਰੀਜ਼ਰਵ ਦੇ ਨਿੱਜੀਕਰਨ ਦਾ ਸੂਤਰਧਾਰ ਸੀ। ਵਾਰ ਬਰਗ ਅਮਰੀਕਨ ਬੈਂਕ ਦੇ ਮਾਲਕਾਂ ਵਿੱਚੋਂ ਹੀ ਸਨ। ਹੋਰ ਅਚੰਭੇ ਵਾਲਾ ਸੱਚ ਇਹ ਕਿ ਇਹ ਦੋਵੇਂ ਸਕੇ ਭਰਾ ਵਰਸੇਲਜ ਦੀ ਸੰਧੀ ਵੇਲੇ ਆਪੋ ਆਪਣੇ ਮੁਲਕਾਂ ਦੇ ਪ੍ਰਤਿਨਿਧਾਂ ਵਿੱਚ ਸ਼ਾਮਲ ਸਨ ਯਾਨੀ ਇੱਕ ਸਕਾ ਭਰਾ ਜਰਮਨੀ ਵਲੋਂ ਅਤੇ ਦੂਸਰਾ ਸਕਾ ਭਰਾ ਅਮਰੀਕਾ ਵਲੋਂ। (ਏਸੇ ਸੰਧੀ ਨੇ ਜਰਮਨੀ ਨੂੰ ਉਕਾ ਤਬਾਹ ਕਰਕੇ ਰੱਖ ਦਿੱਤਾ ਸੀ।)

ਗਜਬ ਇਹ ਕਿ 1915 ਵਿੱਚ ਜਦੋਂ ਖਾਧ ਪਦਾਰਥਾਂ ਦੀ ਕਮੀ ਕਰਕੇ ਜਰਮਨੀ ਸਮਝੌਤੇ ਲਈ ਤਿਆਰ ਸੀ ਤਾਂ ਵਿਸ਼ਵੀ ਬੈਂਕਰਾਂ ਨੇ ਯੁੱਧ ਨੂੰ ਹੋਰ ਲਮਕਾਇਆ ਸੀ, ਤਾਂ ਵਿਸ਼ਵੀ ਬੈਂਕਰਾਂ ਨੇ ਬੈਲਜਿਅਨ ਸਹਾਇਤਾ ਕਮਿਸ਼ਨ ਦੇ ਝੂਠੇ ਪਰਦੇ ਥੱਲੇ ਜਰਮਨ ਫੌਜਾਂ ਨੂੰ ਖਾਧ ਪਦਾਰਥ ਮਿਲਣੇ ਯਕੀਨੀ ਬਣਾਏ ਸਨ। ਇੱਕ ਬਰਤਾਨਵੀ ਨਰਸ ਐਡਿਥ ਕਾਵੇਲ ਨੇ ਭੰਡਾ ਫੋੜ ਕਰ ਦਿੱਤਾ ਸੀ। ਉਸ ਨੇ ਇੱਕ ਚਿੱਠੀ ਲਿਖ ਮਾਰੀ ਕਿ "ਬੈਲਜਿਅਨ ਸਹਾਇਤਾ ਸੰਸਥਾ" ਦੇ ਨਾਮ ਥੱਲੇ ਸਾਰੀ ਸਹਾਇਤਾ ਜਰਮਨੀ ਨੂੰ ਭੇਜੀ ਜਾਂਦੀ ਹੈ ਤੇ ਇਹ ਚਿੱਠੀ ਨਰਸਿੰਗ ਮਿਰਰ ਦੇ ਪੰਦਰਾ ਅਪ੍ਰੈਲ 1915 ਦੇ ਅੰਕ ਵਿੱਚ ਛੱਪ ਗਈ।

ਵਿਲੀਅਮ ਵਾਈਜ਼ਮੈਨ ਜੋ ਕਿ ਬਰਤਾਨਿਆਂ ਦੇ ਗੁਪਤਚਰ ਵਿਭਾਗ ਦਾ ਮੁਖੀ ਸੀ ਅਤੇ ਕੁਹਨ ਐਂਡ ਲੋਇਬ (ਬੈਂਕਰਾਂ ਦੀ ਮਾਲਕੀ ਵਾਲੀ ਕੰਪਨੀ) ਦਾ ਹਿੱਸੇਦਾਰ ਵੀ ਸੀ ਨੂੰ ਡਰ ਪੈ ਗਿਆ ਕਿ ਯੁਧ ਦਾ ਜਾਰੀ ਰਹਿਣਾ ਖਤਰੇ ਵਿੱਚ ਪੈ ਸਕਦਾ ਹੈ। ਉਸ ਨੇ ਗੁਪਤ ਤੌਰ ਤੇ ਜਰਮਨ ਦੇ ਗੁਪਤਚਰ ਵਿਭਾਗ ਦੇ ਮੁਖੀਏ ਜੋ ਇਕ ਖੁਦ ਬੈਂਕਰ ਵੀ ਸੀ ਨੂੰ ਗੁਪਤ ਤੌਰ 'ਤੇ ਲਿਖਿਆ ਕੇ ਮਿਸ ਕਵੈਲ ਨੂੰ ਮੌਤ ਨਸੀਬ ਹੋਣੀ ਚਾਹੀਦੀ ਹੈ। (ਨੋਟ ਕੀਤਾ ਜਾਵੇ ਕਿ ਯੁੱਧ ਵਿਚ ਸ਼ਾਮਲ ਮੁਲਕਾਂ ਦੇ ਮਹੱਤਵਪੂਰਨ ਵਿਭਾਗਾਂ ਦੇ ਮੁਖੀਏ ਖੁਦ ਵਿਸ਼ਵ ਬੈਂਕਰ ਸਨ, ਜੋ ਆਪੋ ਵਿਚ ਨੇੜਲੇ ਰਿਸ਼ਤੇਦਾਰ ਵੀ ਸਨ।)

ਮਿਸ ਕਾਵੈਲ ਨੂੰ ਹਿਰਾਸਤ ਵਿੱਚ ਲਿਆ ਗਿਆ। ਉਸ ਤੇ ਦੂਸ਼ਣ ਸੀ ਕਿ ਉਹ ਸਿਪਾਹੀਆਂ ਨੂੰ ਕੈਦ ਵਿੱਚੋਂ ਭੱਜਣ ਵਿੱਚ ਸਹਾਇਤਾ ਕਰਦੀ ਹੈ। ਇਸ ਦੂਸ਼ਣ ਦੀ ਸਜਾ ਕੇਵਲ ਤਿੰਨ ਮਹੀਨੇ ਦੀ ਕੈਦ ਹੈ। ਪਰ ਉਸ ਵਿਚਾਰੀ ਨੂੰ ਬੈਂਕਰਾਂ ਦੇ ਹੁਕਮ ਅਨੁਸਾਰ ਮੌਤ ਦੇ ਘਾਟ ਉਤਾਰਿਆ ਗਿਆ। ਇਹੋ ਜਿਹੀਆਂ ਕਾਰ ਕਰਦਗੀਆਂ ਨਾਲ ਯੁੱਧ ਹੋਰ ਤਿੰਨ ਸਾਲ ਲਮੇਰਾ ਹੋ ਗਿਆ।

Scanned with OKEN Scanner

ਇਸ ਵਿਸ਼ਵ ਯੁੱਧ ਪਹਿਲੇ ਵਿਚ ਇੱਕੀ ਦੇਸ਼ਾਂ ਦੇ ਲਗਭਗ ਛੇ ਕਰੋੜ ਸੱਠ ਲੱਖ ਫੌਜੀਆਂ ਨੇ ਭਾਗ ਲਿਆ। ਇਨ੍ਹਾਂ ਵਿਚੋਂ ਸੱਤਰ ਲੱਖ ਫੌਜੀ ਮਾਰੇ ਗਏ ਅਤੇ ਤਿੰਨ ਕਰੋੜ ਸੱਤਰ ਲੱਖ ਜਖਮੀ ਹੋਏ। (ਗੈਰ - ਫੌਜੀਆਂ ਦੇ ਮਾਰੇ ਜਾਣ ਜਖਮੀ ਹੋਣ ਅਤੇ ਨੁਕਸਾਨ ਦੀ ਅਸਲ ਗਿਣਤੀ ਮਿਣਤੀ ਕਦੇ ਵੀ ਨਹੀਂ ਹੋ ਸਕੀ ਹੈ। ਇਹ ਕੰਮ ਉਂਦੇ ਹੀ ਸਿਰੇ ਚੜ੍ਹ ਸਕਦਾ ਹੈ ਜਦੋਂ ਦੇਸ਼, ਸਰਕਾਰਾਂ ਅਤੇ ਲੋਕ ਵਿਸ਼ਵ ਬੈਂਕਰਾਂ ਦੀ ਗੁਲਮੀ ਤੋਂ ਆਜਾਦ ਹੋਣਗੇ।)

ਇਸ ਵਿਸ਼ਵ ਯੁੱਧ ਚੋਂ ਕਿਸ ਨੇ ਖੱਟਿਆ ? ਬੈਂਕਾਂ ਦੀ ਮਾਲਕੀ ਵਾਲੇ ਪ੍ਰੀਵਾਰ ਇਸ ਖੂਨ-ਖਰਾਬੇ ਵਿੱਚ ਅਨੰਤ ਵਧੇ ਫੁਲੇ। ਕਿਹਾ ਜਾਂਦਾ ਹੈ ਨਾ - ਜਿਨਾਂ ਵੱਧ ਲਹੂ ਵਹੇਗਾ, ਉਸ ਦੇ ਅਨੁਪਾਤ ਨਾਲ ਹੀ ਆਰਥਿਕ ਤੇ ਰਾਜਸੀ ਲਾਭ ਹੋਏਗਾ । ਉਨ੍ਹਾਂ ਦਾ ਅੰਤਲਾ ਮਨੋਰਥ ਹੈ ਵਿਸ਼ਵੀ ਡਿਕਟੇਟਰਸ਼ਿਪ (ਤਾਨਾਸ਼ਾਹੀ) ਰਾਹੀ ਨਵਾਂ-ਵਿਸ਼ਵੀ-ਨੇਮ ਲਾਗੂ ਕਰਨਾ।

ਆਖਰੀ ਪੜਾਅ

ਉਰਗੇਵਸਕੀ ਦੇ ਸਫਰ ਦਾ ਆਖਰੀ ਪੜ੍ਹਾ ਆਰੰਭ ਹੁੰਦਾ ਹੈ। ਟਰੇਨ ਦੇ ਪਲੈਟਫਾਰਮ ਤੇ ਲੱਗਣ'ਚ ਅਜੇ ਘੱਟੋ ਘੱਟ ਇੱਕ ਘੰਟਾ ਬਾਕੀ ਹੈ। ਉਹ ਵਿਕੋਲਿਤਰੇ ਜਿਹੇ ਇੱਕ ਬੈਂਚ ਤੇ ਬੈਠ ਜਾਂਦਾ ਹੈ। ਮਾਸਕੋ ਦੇ, ਵੱਡੇ ਸਟੇਸ਼ਨ ਦੇ ਨਾਲ ਲਾਗਵਾਂ ਇਹ ਸਹਾਇਕ ਸਟੇਸ਼ਨ ਹੈ। ਉਹ ਮਾਸਕੋ ਦੇ ਮੇਨ ਸ਼ਟੇਸ਼ਨ ਤੇ ਵੀ ਇੱਕ ਘੰਟੇ ਤੋਂ ਵਧ ਰੁਕਿਆ ਸੀ । ਇਸ ਤੋਂ ਪਹਿਲਾਂ ਉਸ ਨੇ ਸ਼ਹਿਰ ਵਿੱਚ ਵੀ ਚੱਕਰ ਲਾਇਆ ਸੀ । ਸੜਕਾਂ, ਚੌਂਕਾਂ, ਸਰਕਾਰੀ ਇਮਾਰਤਾਂ ਦੇ ਨਾਮ ਬਦਲੇ ਹੋਏ ਸਨ।ਨਿੱਜੀ ਵਪਾਰਕ ਅਦਾਰਿਆਂ ਦੀ ਲਗ-ਭਗ ਅਣਹੋਂਦ ਸੀ

ਸਾਫ ਦਿਸਦਾ ਸੀ ਕਿ ਲੋਕ ਪਹਿਲਾਂ ਨਾਲੋਂ ਖੁਸ਼ਹਾਲ ਸਨ। ਖਾਣ-ਪੀਣ ਦੀਆਂ ਲਹਿਰਾਂ-ਬਹਿਰਾਂ ਸਨ। ਵਿਸ਼ਾਲ ਸੜਕਾਂ ਦੇ ਆਸਿਆਂ ਪਾਸਿਆਂ ਤੇ ਉੱਠਣ ਬੈੱਠਣ ਅਤੇ ਖਾਣ ਪੀਣ ਦੇ ਮੇਜ਼ ਕੁਰਸੀਆਂ ਲੱਗੇ ਹੋਏ ਸਨ।

ਲੋਕ ਇੱਕਲੇ- ਇੱਕਲੇ ਜਾਂ ਜੋੜਿਆਂ ਦੇ ਰੂਪ ਵਿੱਚ ਜਾਂ ਵੱਧੋ-ਵੱਧ ਦੋ ਜਾਂ ਤਿੰਨ ਬੱਚਿਆਂ ਦੇ ਪਰਿਵਾਰਾਂ ਦੇ ਰੂਪ ਵਿੱਚ ਆਵਾਜਾਈ ਜਾਂ ਖਾਣ-ਪੀਣ ਵਾਲੀਆਂ ਥਾਂਵਾਂ ਵਿੱਚ ਸ਼ਾਮਲ ਸਨ। ਵਾਹਨ ਬੜੇ ਹੀ ਸ਼ਾਸਨ ਅਨੁਸਾਰ ਆ ਜਾ ਰਹੇ ਹਨ।

ਉਰਗੇਵਸਕੀ ਅਪਣੇ ਆਪ ਨਾਲ ਬੁੜਬੁੜ ਕਰਦਾ ਹੈ-'ਲੋਕ ਖੁਸ਼ ਹਨ, ਖੁਸ਼ਹਾਲ ਹਨ'।

ਖੇਤੀ ਤੇ ਉਦਯੋਗਿਕ ਉਤਪਾਦਨ ਵਧਿਆ ਹੈ- ਪਰ ਇੱਕ ਅਦਿੱਖ ਸਹਿਮ ਵੀ ਛਾਇਆ ਹੋਇਆ ਹੈ। ਲੋਕ ਸੋਚ ਸੋਚ ਕੇ ਬੋਲਦੇ ਹਨ ਜਿਵੇਂ ਡਰ ਹੋਵੇ ਕਿ ਉਹ ਕੋਈ

Scanned with OKEN Scanner

ਇਤਰਾਜ ਯੋਗ ਬੋਲ ਨਾ ਬੋਲ ਬੈਠਣ। ਇਹੋ ਨਿਸ਼ਾਨੀ ਹੈ ਤਾਨਾਸ਼ਾਹੀ ਦੀ। ਤਾਨਾਸ਼ਾਹੀ ਭਾਵੇਂ ਬਾਦਸ਼ਾਹਾਂ ਦੀ ਹੋਵੇ ਜਾਂ ਇਨਕਲਾਬੀਆਂ ਦੀ। ਫੇਰ ਲੈਨਿਨ ਨੇ ਖੁਦ ਹੀ ਸਾਫ-ਸਾਫ ਐਲਾਨ ਕਰ ਦਿੱਤਾ ਸੀ ਕਿ ਪ੍ਰੋਲਤਾਰੀ ਦੀ ਤਾਨਾਸ਼ਾਹੀ ਰਾਹੀਂ ਇੰਨਕਲਾਬ ਪੂਰਨ ਕਰਨਾ ਹੈ।

ਉਰਗੇਵਸਕੀ ਨੂੰ ਆਪਣੇ ਪਕੜੇ ਜਾਣ ਦਾ ਡਰ ਤਾਂ ਨਾਲੋਂ-ਨਾਲ ਹੈ ਹੀ ਪਰ, ਲਾਲ ਚੌਂਕ ਵੱਲ ਜਾਣ ਦੀ ਖਾਹਸ਼ ਵੀ ਬਹੁਤ ਪ੍ਰਬਲ ਹੈ। ਉਥੇ ਉਹ ਲੈਨਿਨ ਦੀ ਸਾਂਭ ਰੱਖੀ ਲਾਸ਼ ਦੇ ਦਰਸ਼ਨ ਕਰਨੇ ਚਾਹੁੰਦਾ ਹੈ।

ਕੁਝ ਤੁਰ ਕੇ, ਕੁਝ ਗੱਡੀਆਂ ਵਾਹਨਾਂ ਰਾਹੀਂ ਉਹ ਲਾਲ ਚੌਂਕ ਵਿਖੇ ਪੁੱਜ ਜਾਂਦਾ ਹੈ। ਪਾਸ ਦਾ ਪ੍ਰਬੰਧ ਕਰਕੇ ਉਹ ਪਾਲ ਵਿੱਚ ਲੱਗ ਜਾਂਦਾ ਹੈ ਤਾਂ ਕਿ ਲੈਨਿਨ ਦੀ ਦੇਹ ਦੇ ਦਰਸ਼ਨ ਕਰ ਸਕੇ।

ਉਹ ਇਕ ਖੂੰਜੇ ਜਿਹੇ ਵਿੱਚ ਖੜ੍ਹਕੇ ਲੈਨਿਨ ਦੀ ਦੇਹ ਨੂੰ ਇੱਕ ਟਕ ਤੱਕਣ ਲੱਗ ਜਾਂਦਾ ਹੈ।

ਉਸ ਨੂੰ ਯਾਦ ਆਉਦਾ ਹੈ 1919 ਦਾ ਇੰਨਕਲਾਬ ਦੀ ਵਰ੍ਹੇ ਗੰਢ ਵਾਲਾ ਜਸ਼ਨਾ ਭਰਿਆ ਦਿਨ। ਲੋਕਾਂ ਵਿੱਚ ਖੁਸ਼ੀਆਂ ਦੀਆਂ ਲਹਿਰਾਂ ਦੀਆਂ ਲਹਿਰਾਂ ਉਭਰ ਰਹੀਆਂ ਹਨ। ਲੈਨਿਨ ਝੰਡਾ ਲਹਿਰਾਉਂਦਾ ਹੈ। ਲੋਕਾਂ ਵਿੱਚ ਅਥਾਹ ਜੋਸ਼ ਹੈ। ਲੈਨਿਨ ਸਲਾਮੀਆਂ ਲੈਣ ਦੇਣ ਦੇ ਸਰਕਾਰੀ ਜਸ਼ਨਾਂ ਤੋਂ ਵਿਹਲਾ ਹੁੰਦਾ ਹੈ। ਉਹ ਲੋਕਾਂ ਦੀ ਵਹੀਰ ਵੱਲ ਚੱਲ ਪੈਂਦਾ ਹੈ। ਲੋਕ ਹੁੱਲਾਸ ਵਿੱਚ ਮੁੱਕੇ ਵੱਟ -ਵੱਟ 'ਜਿੰਦਾਬਾਦ-ਜਿੰਦਾਬਾਦ' ਦੇ ਨਾਅਰੇ ਲਗਾਉਂਦੇ ਹਨ। ਮੈਂ ਪਹਿਲਾਂ ਹੀ ਪੂਰੇ ਦੇ ਪੂਰੇ ਵਿਸ਼ਵ-ਯੁੱਧ ਨੂੰ ਆਪਣੇ ਵਿਭਾਗ ਵਲੋਂ ਆਪਣੇ ਢੰਗ ਨਾਲ 'ਕਵਰ' ਕੀਤਾ ਹੁੰਦਾ ਹੈ। ਮੈਂ ਯੁੱਧ ਦੀਆਂ ਐਨ ਅੰਦਰਲੀਆਂ ਲੁਕਵੀਆਂ ਗਲਾਂ ਤੋਂ ਸੁਚੇਤ ਹਾਂ।

ਲੈਨਿਨ ਦੇ ਭਾਸ਼ਣ ਤੋਂ ਸ਼ਾਇਦ ਮੈਂ ਹੀ ਸਮਝ ਸਕਿਆ ਹਾਂ ਕਿ ਲੈਨਿਨ ਖੂਬ ਸਮਝਦਾ ਹੈ ਕਿ ਵਿਸ਼ਵ-ਯੁੱਧ ਵਿੱਚ ਰੌਥਸਚਾਈਲਡਾਂ, ਵਾਰਬਰਗਾਂ, ਮੋਰਗਨਾਂ, ਰਾਕਫੈਲਰਾਂ, ਸੌਦੀ ਅਰਬਾਂ, ਬ੍ਰਿਟੇਨ ਆਦਿ ਦੇ ਬਾਦਸ਼ਾਹਾਂ ਦਾ ਕੀ ਮਹੱਤਵ ਰਿਹਾ ਹੈ। ਉਸ ਦੇ ਬੋਲਾਂ ਵਿੱਚ ਆਪਣੇ ਆਪ ਨੂੰ ਵੀ ਅਤੇ ਲੋਕਾਂ ਨੂੰ ਵੀ ਗੁਪਤ ਚਿਤਾਵਨੀ ਹੈ ਕਿ ਅਸਲ ਜੰਗ ਤਾਂ ਜੰਗ ਤੋਂ ਬਾਅਦ ਸ਼ੁਰੂ ਹੋਈ ਹੈ।

ਲੈਨਿਨ ਲੋਕਾਂ ਨਾਲ ਹੱਥ ਮਿਲਾਉਂਦਾ-ਮਿਲਾਉਂਦਾ ਤੇ ਹੱਥ ਹਿਲਾਉਂਦਾ-ਹਿਲਾਉਂਦਾ ਉਸ ਥਾਂ ਤੇ ਪੁੱਜ ਜਾਂਦਾ ਹੈ ਜਿੱਥੇ ਮੈਂ ਵੀ ਇਸ ਭੀੜ ਵਿੱਚ ਹਾਜ਼ਰ ਹਾਂ। ਮੈਂ ਵਿਭਾਗ ਵਲੋਂ ਫਰਜ਼ ਨਿਭਾ ਰਿਹਾ ਹਾਂ।

ਖਬਰੇ ਲੈਨਿਨ ਮੈਨੂੰ ਪਛਾਣ ਲੈਂਦਾ ਹੈ। ਸਾਡੀਆਂ ਦੋਵਾਂ ਦੀਆਂ ਅੱਖਾਂ ਚਾਰ ਹੁੰਦੀਆਂ ਹਨ। ਮੇਰੀਆਂ ਅੱਖਾਂ ਭਰ ਆਉਂਦੀਆਂ ਹਨ।

Scanned with OKEN Scanner

ਲੈਨਿਨ ਰੁਕ ਜਾਂਦਾ ਹੈ । ਦੋਵਾਂ ਹੱਥਾਂ ਨਾਲ ਮੇਰਾ ਸਿਰ ਪਲੋਸ ਕੇ ਕੰਨ ਵਿੱਚ ਆਖਦਾ ਹੈ – 'ਉਰਗੇਵਸਕੀ ...... ?'

ਮੈਂ ਆਪਣਾ ਮੂੰਹ ਉਸ ਦੇ ਸੱਜੇ ਕੰਨ ਨਾਲ ਲਾ ਕੇ ਆਖਦਾ ਹਾਂ – 'ਲੈਨਿਨ, ਕਾਮਰੇਡ, 'ਉਹ' ਤੁਹਾਨੂੰ ਮਾਰ ਦੇਣਗੇ ...'

ਉਹ ਸਮਝ ਗਿਆ ਕਿ 'ਉਹ' ਦਾ ਕੀ ਮਤਲਬ ਹੈ ...... ?

ਲੈਨਿਨ ਮੇਰੇ ਕੰਨ ਵਿੱਚ ਆਖਦਾ ਹੈ – "ਉਰਗੇਵਸਕੀ ...... 'ਉਨ੍ਹਾਂ' ਤੋਂ ਆਜ਼ਾਦ ਹੋਣ ਲਈ ਰੂਸ ਨੂੰ ਅਜੇ ਹੋਰ ਵੱਡੀਆਂ ਕੁਰਬਾਨੀਆਂ ਦੇਣੀਆਂ ਪੈਣਗੀਆਂ, ਮੈਨੂੰ ਵੀ।" ਅੱਗੋਂ ਉਹ ਕੀ ਕਹਿੰਦਾ ਹੈ ਮੈਂ ਸੁਣ ਨਹੀਂ ਸਕਦਾ ਹਾਂ ...... ਉਹ ਅੱਗੇ ਲੰਘ ਜਾਂਦਾ ਹੈ।

ਅੱਜ ਲਾਲ ਚੌਂਕ ਵਿੱਚ ਉਸ ਦੀ ਲਾਸ਼ ਦੇ ਐਨ ਸਾਹਮਣੇ ਖਲੋਤਿਆਂ ਮੈਨੂੰ ਉਹ ਦਿਨ ਵੀ ਯਾਦ ਆਉਂਦਾ ਹੈ ਜਦੋਂ ਮਿਪਲਸਨ ਫੈਕਟਰੀ ਚੌਂਕ ਵਿੱਚ ਉਹ ਜੋਸ਼ੀਲਾ ਭਾਸ਼ਣ ਦੇ ਕੇ ਹਟਿਆ ਹੀ ਹੈ।

ਹਾਂ, ਘਟਨਾ ਹੈ 30 ਅਗਸਤ 1918 ਦੀ। ਲੈਨਿਨ ਭਾਸ਼ਣ ਮੁਕਾ ਕੇ ਆਦਤਨ ਇਰਦ ਗਿਰਦ ਖੜੀ ਭੀੜ ਵੱਲ ਵੱਧਦਾ ਹੈ। 'ਫੇਨਿਆਂ ਕਪਲਨ' ਸਧਾਰਨ ਦਰਸ਼ਕ ਵਾਂਗ ਸਾਹਮਣੇ ਆਉਂਦੀ ਹੈ ਤੇ ਤਿੰਨ ਗੋਲੀਆਂ ਦਾਗ ਦਿੰਦੀ ਹੈ। ਇਕ ਮੋਢੇ ਤੇ ਲੱਗਦੀ ਹੈ, ਦੂਸਰੀ ਜਬਾੜੇ ਅਤੇ ਗਰਦਨ ਦੇ ਪਾਸਿਉ ਲੰਘਦੀ ਹੈ। ਤੀਸਰੀ ਕੋਟ ਵਿਚੋਂ ਲੰਘ ਜਾਂਦੀ ਹੈ। ਮੈਂ ਪੁਕਾਰ ਉਠਿਆ ਸੀ "ਉਨ੍ਹਾਂ ਨੇ ਲੈਨਿਨ ਦਾ ਕਤਲ ਕਰ ਦਿੱਤਾ ਹੈ।"

ਉਸੇ ਦਿਨ ਸਵੇਰੇ ਪੀਟਰੋਗਰੇਡ ਦੇ 'ਚੇਕਾ' ਮੁਖੀ ਮੋਲਮੀ ਉਰਿਟਸਕੀ ਦਾ ਕਤਲ ਵੀ ਹੋ ਗਿਆ ਹੁੰਦਾ ਹੈ। ਲੈਨਿਨ ਡਿੱਗ ਪੈਂਦਾ ਹੈ। ...... ਉਸ ਦਾ ਅੰਗ ਰੱਖਿਅਕ ਉਸ ਦੇ ਉਪਰ ਲੇਟ ਜਾਂਦਾ ਹੈ। ਇਰਦ ਗਿਰਦ ਆਪਣਾ ਰੀਵਾਲਵਰ ਘੁਮਾਉਂਦਾ ਹੈ।

ਉਹ ਚਿਲਾਉਂਦਾ ਹੈ। "ਕੋਈ ਹੋਵੇ, ਜਿਹੜਾ ਨੇੜੇ ਆਇਆ ਮੈਂ ਭੁਨ ਦਿਆਂਗਾ, ਪਿਛੇ ਹਟੋ।"

...... ਮੈਂ ਵੀ ਪੂਰਾ ਤਾਣ ਲਾ ਕੇ ਉਹਦੇ ਨੇੜਲੇ ਸਾਥੀਆਂ ਨੂੰ ਨੇੜੇ ਆਉਣੋਂ ਰੋਕਦਾ ਹਾਂ ......

ਲਾਲ ਚੌਂਕ ਵਾਲਾ ਉਹ ਦਿਨ, ਗੋਲੀ ਲੱਗਣ ਵਾਲਾ ਉਹ ਦਿਨ, ਅਤੇ ਅੱਜ ਦਾ ਲਾਲ ਚੋਨਕ ਵਾਲਾ ਇਹ ਦਿਨ ਜਿਵੇਂ ਇੱਕ-ਮਿੱਕ ਹੋ ਜਾਂਦੇ ਹਨ।

ਮੇਰੀਆਂ ਅਹਿਲ ਅੱਖਾਂ ਚੋਂ ਅੱਥਰੂ ਵੱਗ ਤੁਰਦੇ ਹਨ। ਕੋਈ ਮੇਰੇ ਮੋਢੇ ਤੇ ਹੱਥ ਰੱਖਦਾ ਹੈ, ਲਾਲ ਗਾਰਡ ਆਖਦਾ ਹੈ –'...... ਕਾਮਰੇਡ ਸਬਰ, ਸਾਵਧਾਨ ......'

ਮੈਂ ਸਾਵਧਾਨ ਹੁੰਦਾ ਹਾਂ। ਅੱਥਰੂਆਂ ਦੀ ਝਿਲਮਿਲਾਹਟ ਚੋਂ ਐਉਂ ਲਗਦਾ ਹੈ ਜਿਵੇਂ ਲੈਨਿਨ ਆਖ ਰਿਹਾ ਹੁੰਦਾ ਹੈ-"ਉਰਗੇਵਸਕੀ ...... ਰੂਸ ਨੂੰ ਅਜੇ ......।"

Scanned with OKEN Scanner

ਲਾਲ ਗਾਰਡ ਮੇਰਾ ਮੋਢਾ ਥਪਥਪਾਉਂਦਾ ਹੋਇਆ ਮੈਨੂੰ ਅੱਗੇ ਤੋਰ ਦਿੰਦਾ ਹੈ।

ਮੈਂ ਹੌਲੀ-ਹੌਲੀ ਲਾਲ ਚੌਕ ਤੋਂ ਬਾਹਰ ਆਉਂਦਾ ਹਾਂ। ਮਾਸਕੋ ਦੇ ਨਾਲ ਲਾਗਵੇਂ ਸਟੇਸਨ ਤੱਕ ਪੁਜਣ ਲਈ ਮੈਂ ਬਸ ਸਟੈਂਡ ਵਲ ਜਾਂਦਾ ਹਾਂ ......।

ਮੈਨੂੰ ਯਾਦ ਆਉਂਦਾ ਹੈ ਕਿ ਚੀਫ ਨੇ ਮੈਨੂੰ ਦੱਸਿਆ ਸੀ ਕਿ ਯੁਧ ਵਾਰੇ ਜੋ ਰੀਪੋਰਟ ਮੈਂ ਭੇਜੀ ਸੀ ਲੈਨਿਨ ਨੇ ਖੁਦ ਪੜ੍ਹੀ ਸੀ । ਉਹ ਰੀਪੋਰਟ ਜਿਸ ਵਿੱਚ ਮੈਂ ਵਿਸ਼ਵ ਯੁੱਧ ਵਿਸ ਵਿਸ਼ਵੀ ਬੈਂਕਰਾਂ ਦੇ ਰੋਲ ਵਾਰੇ ਕੁਝ ਬੇਬਾਕ ਹੋ ਕੇ ਲਿਖ ਦਿੱਤਾ ਸੀ।

ਮੇਰਾ ਯਕੀਨ ਹੈ ਕਿ ਲੈਨਿਨ ਖੁਦ ਇਹ ਸਭ ਕੁਝ ਜਾਣਦਾ ਸੀ। ਦੁਸ਼ਮਣ ਤਾਂ ਦੁਸ਼ਮਣ ਹੁੰਦਾ ਹੀ ਹੈ, ਪਰ ਸੰਗੀ ਸਾਥੀ ਵਿਸ਼ਵਾਸ ਘਾਤ ਕਰਨ ਤਾਂ ਮਸਲਾ ਹੋਰ ਪੇਚੀਦਾ ਬਣ ਜਾਂਦਾ ਹੈ।

ਲੈਨਿਨ ਬਾਲਸ਼ਵਿਕਾਂ ਅਤੇ ਮੈਨਸ਼ਵਿਕਾਂ ਵਿਚ ਪਏ ਜਿੰਦਗੀ-ਮੌਤ ਵਰਗੇ ਵਿਰੋਧ ਦੇ ਬੀਜ ਰੂਪ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਉਹ ਸਮਝਦਾ ਸੀ ਕਿ 'ਵਿਤੀ ਸਰਮਾਏ' ਦੇ ਸਿਆਣੇ ਤੇ ਚਤੁਰ ਲੋਕ ਕਦੇ ਏਕਤਾ-ਇੱਕਠ ਨਹੀਂ ਰਹਿਣ ਦਿੰਦੇ। ਉਹ ਹਰ ਇਕ ਵਿਅਕਤੀ ਅਤੇ ਧੜੇ ਨੂੰ ਪਹਿਲਾਂ ਆਪਣੇ ਹਿੱਤ ਵਿੱਚ ਵਰਤਦੇ ਹਨ ਤੇ ਫੇਰ ਸੁਟ ਦੇਂਦੇ ਹਨ।

ਮੈਂ (ਉਰਗੇਵਸਕੀ) ਇਕ ਲੋਕਲ ਬਸ ਵਿੱਚ ਸਵਾਰ ਹੋ ਜਾਂਦਾ ਹਾਂ ਜਿਸਨੇ ਲਾਗਵੇਂ ਸਟੇਸ਼ਨ ਤਕ ਜਾਣਾ ਹੈ।

ਬਸ ਚੱਲਦੀ ਹੈ ਅੱਗੇ ਵਧਦੀ ਹੈ, ਨਵੀਂ ਮੰਜ਼ਿਲ ਤੇ ਪੁਜਦੀ ਹੈ। ਮੈਨੂੰ ਲੱਗਦਾ ਹੈ ਧਰਤੀ ਤੇ ਧਰਤੀ ਉਪਰਲਾ ਸੱਭੋ ਕੁਝ ਸਮੇਤ ਮਨੁਖੀ ਸਮਾਜ ਦੇ ਤੁਰਦਾ ਹੈ, ਅੱਗੇ ਵਧਦਾ ਹੈ ਤੇ ਯੁਗ ਬਦਲਦੇ ਹਨ।

ਮੈਨੂੰ ਖਿਆਲ ਆਉਂਦਾ ਹੈ ਕਿ ਕਾਸ਼ ਮੇਰੀ ਧੀ ਗਲਿੰਕਾ ਵੀ ਏਥੇ ਕਿਤੇ ਘੁੰਮਦੀ ਮੈਨੂੰ ਮਿਲ ਜਾਂਦੀ। ਉਸ ਦੇ ਜਰਮਨ ਭੇਜਣ ਤੋਂ ਬਾਅਦ ਮੈਨੂੰ ਕੋਈ ਖਬਰ ਨਹੀਂ ਪੁਜਣ ਦਿੱਤੀ ਗਈ ਹੈ।

'ਲਾਗਵਾਂ ਸਟੇਸ਼ਨ' ਆ ਗਿਆ ਹੈ ਮੈਂ ਇਕ ਬੈਂਚ ਤੇ ਬੈਠ ਜਾਂਦਾ ਹਾਂ।



ਲਾਲ ਚੌਕ ਵਿਖੇ ਲੈਨਿਨ ਦੀ ਦੇਹ

ਗਲਿੰਕਾ ਦੀ ਯਾਦ ਲਗਾਤਾਰ ਆਈ ਜਾ ਰਹੀ ਹੈ। ਉਹ ਦ੍ਰਿਸ਼ ਯਾਦ ਦੇ ਚਿਤਰਪਟ ਤੇ ਸਾਕਾਰ ਹੋ ਜਾਂਦਾ ਹੈ ਜਿਵੇ ਅਜੇ ਕੱਲ ਦੀ ਘਟਨਾ ਹੋਵੇ ...... ਅਜਬ ਦ੍ਰਿਸ਼ ਹੈ ......

...... ਯੁਧ ਆਪਣੇ ਪੂਰੇ ਖੂੰਖਾਰ ਵੇਗ ਵਿੱਚ ਜਾਰੀ ਹੈ।

ਮੈਂ ਤੁਰਿਆ ਜਾ ਰਿਹਾ ਹਾਂ। ਮੈਂ ਕਿਥੇ ਪੁਜਣਾ ਹੈ, ਕੁਝ ਪਤਾ ਨਹੀਂ। ਬਾਰੂਦ ਦੇ ਧਮਾਕੇ ਹਰ ਪਾਸੇ ਹੋਈ ਜਾ ਰਹੇ

ਹਨ, ਕੋਈ ਕਿਸੇ ਦਾ ਲਗਾਤਾਰ ਕਤਲ ਕਰੀ ਜਾ ਰਿਹਾ ਹੈ, ਦੋਵੇਂ ਪਾਸੇ ਆਪੋ ਵਿਚ ਇਕ-ਦੂਜੇ ਦਾ ਕਤਲ ਕਰੀ ਜਾ ਰਹੇ ਹਨ। ਮੈਂ ਇੱਕਲਾ ਈ ਡਿਗਦਾ ਢਹਿੰਦਾ ਅਣਜਾਣ ਪਾਸੇ ਵਲ ਵੱਧਦਾ ਜਾ ਰਿਹਾ ਹਾਂ। ਹਰ ਪਾਸਿਉਂ ਵਿਰਲਾਪ ਵਧੀ ਜਾ ਰਿਹਾ ਹੈ।

ਉੱਪਰ ਬੱਦਲ ਵਾਈ ਵਧ ਰਹੀ ਹੈ। ਹਨੇਰਾ ਵਧ ਰਿਹਾ ਹੈ।

ਇੱਕ ਥਾਂਵੇ ਮੈਂ ਠਿਠਕ ਦੇ ਰੁਕ ਜਾਂਦਾ ਹਾਂ। ਮੈਨੂੰ ਝਾਉਲਾ ਝਾਉਲਾ ਦਿਸਦਾ ਹੈ। ਇੱਕ ਭਰ ਜੁਆਨ ਯੁਵਤੀ ਲਹੂ ਵਿਚ ਗੜੁੱਚ ਹੈ। ਉਹਦੀ ਯੋਨੀ ਵਿਚੋਂ ਬਾਹਰ ਆਇਆ ਇੱਕ ਜੰਮਦੇ ਬੱਚੇ ਦਾ ਸਿਰ ਦਿਸਦਾ ਹੈ। ਮੈਂ ਝਾਉਲਾ-ਝਾਉਲਾ ਸੋਚਦਾ ਹਾਂ ਕਿ ਦਿਨੇ ਗਹਿ-ਗੱਚ ਹੋਈ ਲੜਾਈ ਸਮੇਂ ਉਹਦੇ ਬੱਚਾ ਜੰਮਣ ਦੀ ਕਿਰਿਆ ਆਰੰਭ ਹੋਈ ਹੋਏਗੀ। ਅਜੇ ਸਿਰ ਬਾਹਰ ਆਇਆ ਹੋਵੇਗਾ ਕਿ ਗੋਲੀ ਉਹਦੇ ਸੀਨੇ ਵਿਚ ਆ ਲੱਗੀ ਹੋਏਗੀ।

ਅਚਾਨਕ ਬਿਜਲੀ ਚਮਕਦੀ ਹੈ। ਪਲ ਦੀ ਪਲ ਲੋ ਚਮਕਦੀ ਹੈ, ਇਹ ਕੀ? "ਇਹ ਤਾਂ ਮੇਰੀ ਧੀ ਗਲਿੰਕਾ ਹੈ?" ਮੈਂ ਸੁਧ-ਬੁਧ ਖੋ ਬੈਠਦਾ ਹਾਂ।

ਮੈਂ ਵਾਅਾਂ ਮਾਰਨ ਲਗ ਪੈਂਦਾ ਹਾਂ। ਮੈਂ ਛਾਤੀ ਪਿਟਣ ਲਗ ਪੈਂਦਾ ਹਾਂ – "ਹਾਏ ਨੀ ਧੀਏ ਮੇਰੀਏ, ਤੇਰਾ ਇਹ ਹਸ਼ਰ, ਹਾਏ ਓ ਦੁਨੀਆਂ ...... ਹਾਏ ਓ ਜ਼ਿੰਦਗੀਏ ...... ਹਾਏ ਓ ਸਮਿਆਂ ......।"

ਅਚਾਨਕ ਮੇਰੇ ਤੋਂ ਕੁਝ ਕਦਮਾਂ ਦੀ ਦੂਰੀ ਤੇ 'ਧਾਅਂ' ਇੱਕ ਹਵਾਈ ਫਾਇਰ ਹੁੰਦਾ ਹੈ। ਮੈਂ ਪਿੱਟੀ ਜਾ ਰਿਹਾ ਹਾਂ।

ਕੜਕਵੀਂ ਆਵਾਜ ਆਉਂਦੀ ਹੈ- "ਹੱਥ ਉਪਰ ਕਰ," ਮੈਂ ਪਿੱਟੀ ਜਾਂਦਾ ਹਾਂ ਤੇ ਕੀਰਨੇ ਪਾਈ ਜਾਂਦਾ ਹਾਂ।

ਆਵਾਜ਼ ਫਿਰ ਆਉਂਦੀ ਹੈ- "ਮੈਂ ਕਿਹਾ ਹੱਥ ਉਪਰ ਕਰਕੇ ਖੜ ਜਾ, ਨਹੀਂ ਤਾਂ ਗੋਲੀ ਲੰਘਾ ਦਿਆਂਗਾ -----"

"ਮਾਰ ਦੇ ਗੋਲੀ, ਕਰ ਦੇ ਕੰਮ ਤਮਾਮ। ਰਹਿ ਵੀ ਕੀ ਗਿਆ ...... ਮਾਰਦੇ ਗੋਲੀ ...... ਮਾਰ ਦੇ ......।"

ਇੱਕ ਆਕਾਰ ਜਿਹਾ ਮੇਰੇ ਨੇੜੇ ਆਉਂਦਾ ਹੈ। ਮੈਂ ਪੁਕਾਰੀ ਜਾ ਰਿਹਾਂ ...... "ਹਾਏ ਓ ਮੇਰੀਏ ਗਲਿੰਕਾ ...... ਦੁਨੀਆਂ, ਜ਼ਿੰਦਗੀ, ਸਮੇਂ ......।

ਉਹ ਮੇਰੇ ਹੱਥ ਪਕੜਦਾ ਹੈ। ਮੈਂ ਛੁੜਾ ਲੈਂਦਾ ਹਾਂ। ਉਹ ਮੈਨੂੰ ਜੱਫੀ ਵਿਚ ਘੁਟ ਲੈਂਦਾ ਹੈ। ਅਸੀ ਦੋਵੇਂ ਡਿੱਗ ਪੈਂਦੇ ਹਾਂ।

"ਉਏ, ਉਏ, ਰੂਸੀ ਬੱਚੇ ਝੱਲਾ ਹੋ ਗਿਆਂ ?"

"ਜਰਮਨ ਬੱਚੇ ਗੋਲੀ ਮਾਰ ਦੇ। ਭਿਆਨਕ ਦਰ ਭਿਆਨਕ ਦ੍ਰਿਸ਼ ਦੇਖਣ ਤੋਂ ਛੁਟਕਾਰਾ ਮਿਲੇ। ਮੈਂ ਲਾਸ਼ਾ ਮਿੱਧ-ਮਿੱਧ ਥੱਕ ਗਿਆਂ। ਮੈਂ ਲਹੂ ਦੀਆਂ ਛੱਪੜੀਆਂ ਤਰ-ਤਰ

ਹੰਭ ਗਿਆਂ। ਮੈਂ ਇਨਸਾਨਾਂ ਨਾਲ ਭਰੇ ਜਹਾਜ਼ ਡੁਬਦੇ ਵੇਖੇ। ਕਾਫਲਿਆਂ ਦੇ ਹੂੰਬੇ ਉਡਦੇ ਦੇਖੇ, ਬੰਦਰਗਾਹਾਂ ਤੇ ਫੌਜੀਆਂ ਅਤੇ ਸਿਵੀਲੀਅਨਾਂ ਦੇ ਸਮੂਹਕ ਕਤਲ ਹੁੰਦੇ ਦੇਖੇ ...... ਪਰ ਮੈਂ ਸਾਹਾਂ ਦੀ ਤੌਰ ਦਾ ਪੱਲਾ ਨਾ ਛੱਡਿਆ ...... ਇਕੋ ਆਸ ਤੇ ਸਹਿੰਦਾ ਰਿਹਾ ਕਿ ਕਦੇ ਤਾਂ ਗਲਿੰਕਾ ਮਿਲੇਗੀ। ਉਹ ਆਸ ਵੀ ਟੁਟ ਗਈ। ਆਹ ਦੇਖ ਮੇਰੀ ਧੀ। ਇਹ ਮੇਰੀ ਧੀ ਗਲਿੰਕਾ ਹੈ। ਉਹ ਬੱਚਾ ਜੰਮ ਰਹੀ ਸੀ। ਬੱਚੇ ਦਾ ਅਜੇ ਸਿਰ ਈ ...... ਤੇ ਉਹ ਮਰ ਗਈ ...... ਤੂੰ ਮੈਨੂੰ ਵੀ ਮਾਰ ਦੇਹ ......।"

"ਕਿਹੜੀ ਤੇਰੀ ਧੀ ਗਲਿੰਕਾ ......?"

"ਆਹ ਜਿਸ ਦਾ ਲਹੂ ਨਿਕਲ ਚੁਕਿਆ, ਆਹ ਜੋ ਮਨੁਖ ਜੰਮ ਰਹੀ ਸੀ ...... ਕੋਈ ਔਰਤ ਜਾ ਮਰਦ ਜਮ ਰਹੀ ਸੀ। ਤੈਨੂੰ ਜਾਂ ਮੈਨੂੰ ਜੰਮ ਰਹੀ ਸੀ, ਰੂਸੀ ਜਾਂ ਜਰਮਨ ਜੰਮ ਰਹੀ ਸੀ। ਤੂੰ ਮੈਨੂੰ ਵੀ ਮਾਰ ਦੇਹ ਜਿਵੇਂ ਰੂਸੀਆਂ ਅਤੇ ਜਰਮਨਾਂ ਨੇ ......"।

"ਓ ਰੂਸੀਆ, ਮੂਰਖ ਨਾ ਬਣ। ਇਹ ਤੇਰੀ ਧੀ ਨਹੀਂ ਮੇਰੀ ਧੀ ਹੈ। ਗਰੀਸ਼ਾ, ਮੇਰੀ ਧੀ ......।"

"ਨਹੀਂ ਇਹ ਗਲਿੰਕਾ ਮੇਰੀ ਧੀ ......।"

"ਆਹ ਚਾਨਣ ਕਰ ਦਿੱਤਾ, ਪਛਾਣ ਲੈ ......।"

"ਪਛਾਣ ਲਿਆ – ਮੇਰੀ ਧੀ ਗਲਿੰਕਾ ......।"

"ਇਹ ਜਰਮਨਾਂ ਦਾ ਕ਼ਾਫਲਾ ਸੀ, ਟਿਕਾਣਾ ਬਦਲ ਰਿਹਾ ਸੀ। ਇਸ ਵਿੱਚ ਮੇਰੀ ਧੀ ਵੀ ਸ਼ਾਮਿਲ ਸੀ, ਮੈਂ ਕਾਫਲੇ ਦੇ ਬਚਾਅ ਲਈ ਤਾਇਨਾਤ ਸਾਂ। ਮੇਰੀ ਗਰੀਸ਼ਾ ਨੂੰ ਪੀੜਾਂ ਸ਼ੁਰੂ ਹੋ ਗਈਆਂ। ਜਦੋਂ ਮੇਰੀ ਧੀ ਗਰੀਸ਼ਾ ਬੱਚਾ ਜੰਮ ਰਹੀ ਸੀ ਤਾਂ ਬੰਬਾਂ ਦੀ ਵਾਛੜ ਹੋਈ ...... ਤੂੰ ਮੇਰੀ ਧੀ ਗਰੀਸ਼ਾ ਦੀ ਮੌਤ ਤੇ ਕੀਰਨੇ ਪਾਏ। ਵਿਰਲਾਪ ਕੀਤਾ। ਇਹ ਮੇਰੀ ਧੀ ਸੀ, ਤੇਰੀ ਧੀ ਵੀ ਸੀ। ਕਹਿ ਦੇ ਮੈਂ ਠੀਕ ਕਹਿਨਾ ......। ਆਹ ਲੈ ਮੇਰੀ ਬੰਦੂਕ ਮੈਨੂੰ ਗੋਲੀ ਮਾਰ ਦੇ ......। ਕੀ ਥੁੜਿਆ ਏਹੋ ਜਿਹੀ ਜ਼ਿੰਦਗੀ ਤੋਂ ......। ਗਰੀਸ਼ਾ ਬਿਨਾਂ ਕੀ ਜੀਣਾ ......।"

ਅਸੀਂ ਦੋਵੇਂ ਇੱਕ ਦੂਜੇ ਦੇ ਗਲ ਲਗ ਵਿਰਲਾਪ ਕਰਨ ਲਗ ਪੈਂਦੇ ਹਾਂ।

"ਓ ਗਰੀਸ਼ਾ ਮੇਰੀਏ ਧੀਏ।"

"ਓ ਗਲਿੰਕਾ ਮੇਰੀਏ ਧੀਏ ......।"

...... ਅੰਤ ਅਸੀ ਇੱਕ ਦੂਜੇ ਦੇ ਸਹਾਰੇ ਨਾਲ ਉਠਦੇ ਹਾਂ।

"ਤੂੰ ਏਥੇ ਕੀ ਕਰ ਰਿਹਾ ਸੀ ?" ਜਰਮਨ ਪੁੱਛਦਾ ਹੈ।

"ਮੈਂ ਆਪਣੇ ਦੇਸ ਰੂਸ ਦੀ ਸਰਹੱਦ ਦੀ ਇੰਟੈਲੀਜੈਂਸ ਕਰ ਰਿਹਾ ਸੀ" ਰੂਸੀ ਉਤਰ ਦਿੰਦਾ ਹੈ।

Scanned with OKEN Scanner

"ਪਰ ਇਹ ਤਾਂ ਜਰਮਨ ਦੇਸ਼ ਹੈ। ਹਾਂ, ਕੱਲ ਇਹ ਰੂਸ ਦੇਸ਼ ਸੀ ਪਰ ਅੱਜ ਜਰਮਨ ਦੇਸ਼ ਹੈ। ਸਾਡੀਆਂ ਫ਼ੌਜਾਂ ਨੇ ਫਤਹਿ ਕੀਤਾ ਹੈ ......।

ਮੇਰੇ ਕੋਲੋਂ ਆਖੇ ਹੋ ਜਾਂਦਾ ਹੈ, "ਕੱਲ ਇਹ ਫੇਰ ਰੂਸ ਹੋ ਸਕਦਾ ਹੈ ...... ਮੇਰੀਆਂ ਫੌਜਾਂ ......।"

"ਹਾਂ, ਹੋ ਸਕਦਾ, ਹਾਂ ਹੋ ਸਕਦਾ......" ਜਰਮਨ ਆਖਦਾ ਹੈ। ਕਿਨਾਂ ਚਿਰ ਅਸੀਂ ਚੁੱਪ ਰਹਿੰਦੇ ਹਾਂ।

ਜਰਮਨ ਆਪਣਾ ਝੋਲਾ - ਫੋਲਦਾ ਹੈ ।

"ਮੇਰੇ ਕੋਲ ਬ੍ਰੇਡ ਦੇ ਚਾਰ ਪੀਸ ਹਨ" ਜਰਮਨ ਆਖਦਾ ਹੈ।

"ਮੇਰੇ ਕੋਲ ਪਨੀਰ ਦੇ ਦੋ ਪੀਸ ਹਨ" ਰੂਸੀ ਆਖਦਾ ਹੈ।

ਅਸੀਂ ਬ੍ਰੈਡ ਤੇ ਪਨੀਰ ਬਦਲਦੇ ਹਾਂ। ਖਾਂਦੇ ਹਾਂ। ਚੁੱਪ ਰਹਿੰਦੇ ਹਾਂ।

ਜਰਮਨ ਚੁੱਪ ਤੋੜਦਾ ਹੈ।

"ਰੂਸੀਆ ਹੁਣ ਤੂੰ ਜਾਹ। ਮੈਂ ਆਪਣੀ ਗਰੀਸ਼ਾ ਨੂੰ ਚੁਕ ਕੇ ਲੈ ਜਾਣਾ ਹੈ। ਤਾਹੀਉ ਹਨੇਰੇ ਦਾ ਇੰਤਜ਼ਾਰ ਕਰ ਰਿਹਾ ਸਾਂ"।

"ਠੀਕ ਹੈ, ਮੈਨੂੰ ਗਰੀਸ਼ਾ ਦਾ ਉਵੇਂ ਸਿਰ ਪਲੋਸ ਲੈਣ ਦੇਹ, ਜਿਵੇਂ ਗਲਿੰਕਾ ਦਾ ਪਲੋਸਦਾ ਹੁੰਦਾ ਸਾਂ। ਉਵੇਂ ਮੱਥਾ ਚੁੰਮਣ ਦੇਹ, ਜਿਵੇਂ ਗਲਿੰਕਾ ਦਾ ਚੁੱਮਦਾ ਸਾਂ"।

ਮੈਂ ਰੁਮਾਲ ਕੱਢਦਾ ਹਾਂ, ਮਰੀ ਹੋਈ ਗਰੀਸ਼ਾ ਦਾ ਨੰਗ ਅਤੇ ਉਸ ਦੇ ਮਰੇ ਬੱਚੇ ਦਾ ਸਿਰ ਢੱਕ ਦਿੰਦਾ ਹਾਂ ।

ਉਹ ਆਪਣੀ ਧੀ ਗਰੀਸ਼ਾ ਨੂੰ ਇਵੇਂ ਚੁਕ ਕੇ ਮੋਢੇ ਤੇ ਸਿਰ ਟਿਕਾ ਲੈਂਦਾ ਹੈ ਜਿਵੇਂ ਮੈਂ ਗਲਿੰਕਾ ਨੂੰ ਚੁਕ ਕੇ ਮੋਢੇ ਲਾ ਕੇ ਲੋਰੀਆਂ ਦੇ ਕੇ ਸੁਆਉਂਦਾ ਹੁੰਦਾ ਸਾਂ। ਸੁੱਤ-ਅਨੀਂਦਰਿਆਂ ਉਹਦੀਆਂ ਬਾਹਾਂ ਮੇਰੇ ਮੋਢੇ ਦੇ ਉਪਰੋਂ ਦੀ ਥੱਲੇ ਲਟਕ ਜਾਇਆ ਕਰਦੀਆਂ ਸਨ।

ਉਹ ਦੋ ਕੁ ਕਦਮ ਪੁਟਦਾ ਹੈ। ਗਰੀਸ਼ਾਂ ਦੀਆਂ ਬਾਹਾਂ ਉਹਦੇ ਮੋਢੇ ਦੇ ਉਪਰੋਂ ਦੀ ਲਟਕ ਜਾਂਦੀਆਂ ਹਨ। ਮੈਨੂੰ ਲਗਦਾ ਹੈ ਕਿ ਗਲਿੰਕਾ ਹੱਥ ਹਿਲਾ ਕੇ ਮੈਨੂੰ ਅਲਵਿਦਾ ਕਹਿ ਰਹੀ ਹੈ। ਲਗਦਾ ਹੈ ਕਿ 'ਗਲਿੰਕਾ' ਦਾ ਏਦਾਂ ਵਿਛੜਨਾ ਸਹਿ ਨਹੀਂ ਹੋਣਾ। ਮੇਰੀ ਉਚੀ 'ਭੁਬ' ਨਿਕਲ ਜਾਂਦੀ ਹੈ ਤੇ ਚੀਕ ਹੋ ਜਾਂਦਾ ਹੈ—"ਗਲਿੰਕਾ ਮੇਰੀਏ, ਜਾ ਰਹੀ ਏਂ ......।"

ਜਰਮਨ ਰੁਕ ਜਾਂਦਾ ਹੈ। ਵਾਪਸ ਮੁੜਦਾ ਹੈ। ਮੇਰੇ ਸਿਰ ਨੂੰ ਆਪਣੇ ਦੂਜੇ ਮੋਢੇ ਤੇ ਪਲੋਸਦਾ ਹੈ। ਜਰਮਨ ਆਖਦਾ ਹੈ - ਰੂਸੀਆ ਏਹੋ ਜਿਹਾ ਹਸ਼ਰ ਨਾ ਮੈਂ ਚਾਹੁੰਦਾ ਹਾਂ - ਨਾ ਤੂੰ ਚਾਹੁੰਦਾ ਹੈ ਫਿਰ ਵੀ ......।"

ਰੂਸੀ ਉਸ ਦੀ ਗੱਲ ਟੁਕਦਾ ਹੈ- "ਨਾ ਮੈਂ ਚਾਹੁੰਦਾ ਹਾਂ, ਨਾ ਤੂੰ ਚਾਹੁੰਦਾ ਏ ਪਰ

'ਉਹ' ਚਾਹੰਦਾ ਹੈ ......।"

"ਤੂੰ ਦੱਸ 'ਉਹ' ਕਿੱਥੇ ਰਹਿੰਦਾ? ਕੌਣ ਹੈ? ਗਰੀਸ਼ਾ ਦੀ ਸਹੁੰ ਹੋਲੀ ਲੰਘਾ ਦਊਂ ......।"

"ਉਹ ਹਰ ਥਾਵੇ ਹੈ, ਪਰ ਪਰਤੱਖ ਨਹੀਂ। ਉਹ ਸੱਤ ਪਰਦਿਆਂ ਦੇ ਪਿੱਛੇ ਰਹਿੰਦਾ, ਪੁਤਲੀਆਂ ਨਚਾਉਣ ਵਾਲਿਆ ਵਾਂਗੂੰ। ਸੁਣ, ਜਰਮਨ ਦਾ ਖਜਾਨਾ ਮੰਤਰੀ (ਇਕ ਬੈਂਕਰ), ਜਰਮਨ ਦੇ ਖੁਫੀਆ ਵਿਭਾਗ ਦਾ ਮੁਖੀਆ (ਇਕ ਬੈਂਕਰ) ਉਸੇ ਦੀਆਂ ਪੁਤਲੀਆ ਹਨ"।

ਜਰਮਨ ਪੁਛਦਾ ਹੈ, "ਤੇਰਾ ਲੈਨਿਨ?"

ਰੂਸੀ ਦਸਦਾ ਹੈ, "ਉਹ ਵੀ, ਤੇਰਾ ਕੈਸਰ ਵੀ ......। ਦੋਵਾਂ ਧਿਰਾਂ ਨੇ ਉਸ ਪੁਤਲੀਗਰ ਕੋਲੋਂ ਅਥਾਹ ਧਨ ਲਿਆ ਹੋਇਆ। ਦੋਵੇ ਦੀਵਾਲੀਏ ਹੋਏ ਪਏ ਹਨ। ਦੋਵੇਂ ਦੀਵਾਲੀਏ। ਉਂਜ ਸਾਰਾ ਯੂਰਪ (ਪੂਰਬੀ ਤੇ ਪੱਛਮੀ) ਉਸਦਾ ਦੀਵਾਲੀਆ ਹੈ। ਸਾਰਿਆਂ ਨੂੰ ਸੰਕਟ ਤੋਂ ਨਿਕਲਣ ਲਈ ਜੰਗ ਵਿਚ ਝੋਕ ਦਿੱਤਾ। ਸਾਰੇ ਸਮਝਦੇ ਹਨ ਕਿ ਜੰਗ ਜਿਤ ਕੇ ਉਹ ਸੰਕਟ ਮੁਕਤ ਹੋ ਜਾਣਗੇ ...... ਪਰ ਇਉਂ ਹੋਣਾ ਨਹੀਂ - ਕੋਈ ਜਿਤੇ ਕੋਈ ਹਾਰੇ। ਤੇਰਾ ਜਰਮਨੀ ਵਿਕ ਜਾਣਾ, ਮੇਰਾ ਰੂਸ ਵਿਚ ਜਾਣਾ। ਸਾਰਾ ਯੂਰਪ ਵਿਕ ਜਾਣਾ। ਦੁਨੀਆਂ ਵਿਕ ਜਾਣੀ। ਫੇਰ ਹੋਰ ਜੰਗ ਲੱਗੇਗੀ, ਫੇਰ ਹੋਰ ...... ਹੋਰ ......।"

ਸਾਥੋਂ ਬਚਾਅ ਵਾਲੀ ਵਿਥ ਤੇ ਇਕ ਗੋਲਾ ਫਟਦਾ ਹੈ। ਜਰਮਨ ਕਹਿੰਦਾ ਹੈ- "ਰੂਸੀਆ ਤੈਨੂੰ ਛੱਡ ਕੇ ਜਾਣ ਨੂੰ ਦਿਲ ਨਹੀ ਕਰਦਾ। ਤੂੰ ਰੂਸ ਨਾ ਜਾ। ਮੈਂ ਜਰਮਨ ਨਹੀਂ ਜਾਂਦਾ। ਚਲ ਕਿਸੇ ਹੋਰ ਥਾਂ ਚਲਦੇ ਹਾਂ।"

ਰੂਸੀ ਆਖਦਾ ਹੈ - "ਜਰਮਨਾਂ, ਉਹ ਹਰ ਥਾਂਵੇ ਹਾਜ਼ਰ ਨਾਜ਼ਰ ਹੈ, ਧਨ ਦੇ ਬੋਰੇ ਨਾਲ ਹਰ ਥਾਂਵੇ ਖਲੋਤਾ।"

ਜਰਮਨ - "ਤੈਨੂੰ ਦਿਸ ਦੈ?"

ਰੂਸੀ - "ਹਾਂ, ਮੈਨੂੰ ਦਿਸਦਾ। ਵੱਡੇ-ਵੱਡੇ ਅਖੋਤੀ ਆਕਲਾਂ ਨੂੰ ਨਹੀਂ ਦਿਸਦਾ, ਵੱਡੇ-ਵੱਡੇ ਅਖੌਤੀ ਬੁੱਧੀਜੀਵੀਆਂ ਨੂੰ ਨਹੀਂ ਦਿਸਦਾ।"

ਜਰਮਨ - "ਕੀ ਸਾਡੇ ਕੈਸਰ ਨੂੰ ਦਿਸਦਾ ? ਕੀ ਲੈਨਿਨ ਨੂੰ ਦਿਸਦਾ?"

ਰੂਸੀ - "ਹਾਂ, ਲੈਨਿਨ, ਕੈਸਰ, ਡੇਵਿਡ ਲੋਇਡ ਜਾਰਜ (ਬ੍ਰਿਟੇਨ) ਜਾਰਜ ਬੈਂਜਮਿਨ ਕਲੇਸਿੰਕ (ਫਰਾਂਸ), ਵੁਡਰੂ ਵਿਲਸਨ (ਅਮਰੀਕਾ) ਆਦਿ-ਆਦਿ ਨੂੰ ਚੰਗੀ ਤਰ੍ਹਾਂ ਦਿਸਦੈ। ਸਾਰੇ ਉਸੇ ਦੇ ਏਜੰਟ ਹਨ ......।"

ਜਰਮਨ, "ਹਾਂ ਸਮਝ ਗਿਆ।"

ਏਨੇ ਨੂੰ ਇਕ ਗੋਲਾ ਹੋਰ ਪਹਿਲੇ ਵਾਲੀ ਥਾਂ ਤੇ ਡਿੱਗਦਾ ਹੈ।

ਜਰਮਨ ਆਖਦਾ ਹੈ- "ਚੰਗਾ ਰੂਸੀਆ ਤੂੰ ਚਲ। ਤੂੰ ਮੇਰੇ ਵਿਚ ਨਵੀਂ ਰੂਹ ਭਰ

Scanned with OKEN Scanner

ਦਿੱਤੀ ਹੈ। ਮੈਂ ਤੇਰੀ ਮਸ਼ਾਲ ਬਣ ਕੇ ਥਾਂ-ਥਾਂ ਲੋਅ ਪਹੁੰਚਾਵਾਂਗਾ"

ਦੋਵੇਂ ਉਲਟ ਦਿਸ਼ਾਵਾਂ ਵੱਲ ਚੱਲ ਪੈਂਦੇ ਹਨ।

******

ਉਰਗੇਵਸਕੀ ਦੇ ਸਫਰ ਦਾ ਆਖਰੀ ਪੜਾ ਵੀ ਅੱਧੇ ਨਾਲੋਂ ਵਧ ਮੁਕ ਜਾਂਦਾ ਹੈ। ਉਸ ਨੂੰ ਕੁਝ ਵਿਕੋਲਿਤਰੀਆ ਘਟਨਾਵਾਂ ਯਾਦ ਆਉਂਦੀਆਂ ਹਨ ......

...... 25 ਅਕਤੂਬਰ, 1917 ਦਾ ਦਿਨ ਹੈ। ਉਹ ਇੱਕ ਲੋਕਲ ਟ੍ਰੇਨ ਵਿਚ ਸਵਾਰ ਹੈ। ਇੱਕ ਸਟੇਸ਼ਨ ਤੇ ਗੱਡੀ ਰੁਕਦੀ ਹੈ। ਕੁਝ ਸਵਾਰੀਆਂ ਚੜ੍ਹਦੀਆਂ ਹਨ, ਕੁਝ ਉਤਰਦੀਆਂ ਹਨ। ਸਾਰਿਆਂ ਵਿਚ ਇਕ ਉਤਸ਼ਾਹ ਹੈ, ਹੁੱਲਾਸ ਹੈ। ਮੇਰੇ ਤੋਂ ਲਗ ਭਗ ਚਾਰ ਸਵਾਰੀਆਂ ਦੀ ਵਿਥ ਤੇ ਇੱਕ ਭੱਧਰ ਪੁਰਸ਼ ਬੈਠ ਜਾਂਦਾ ਹੈ। ਮੈਂ ਝੱਟ ਪਛਾਣ ਜਾਂਦਾ ਹਾਂ। ਇਹ ਲੈਨਿਨ ਹੈ। ਅਸੀਂ ਦੋਵੇਂ ਇੱਕ ਦੂਜੇ ਨੂੰ ਪਛਾਣ ਲੈਂਦੇ ਹਾਂ। ਸਾਡੀਆਂ ਅੱਖਾਂ ਮਿਲਦੀਆਂ ਹਨ। ਅਸੀਂ ਮੁਸਕਰਾਉਦੇ ਹਾਂ। ਗੁਪਤ ਰਹਿਣ ਦੇ ਇਸ਼ਾਰੇ ਕਰਦੇ ਹਾਂ। ਲੈਨਿਨ ਬੇਚੈਨ ਜਿਹਾ ਹੈ। ਮੈਂ ਸਮਝਦਾ ਹਾਂ ਕਿ ਉਹ ਬੇਚੇਨ ਕਿਉਂ ਹੈ?

ਅਚਾਨਕ ਇਕ ਜਣੇ ਨੂੰ ਪੁੱਛਦਾ ਹੈ- "ਭਲਾ ਕੀ ਸਮਾਂ ਹੋ ਗਿਆ ਹੋਵੇਗਾ?"

ਉਹ ਉੱਤਰ ਦਿੰਦਾ ਹੈ- "ਅਸੀਂ ਇੰਨਕਲਾਬ ਕਰਨ ਜਾ ਰਹੇ ਹਾਂ, ਤੇ ਇਹ ਭਾਈ ਪੁਛਦਾ ਕਿ ਕੀ ਸਮਾਂ ਹੋ ਗਿਆ?" ਲੈਨਿਨ ਖਿੜ ਜਾਂਦਾ ਹੈ। ਬੇਚੇਨੀ ਦੂਰ ਹੋ ਜਾਂਦੀ ਹੈ। ਅਗਲੇ ਸਟੇਸ਼ਨ ਤੇ ਉਹ ਉਤਰ ਜਾਂਦਾ ਹੈ।

ਹੁਣ ਲੈਨਿਨ ਪੱਬ ਚੁਕ ਕੇ ਤੁਰਦਾ ਹੈ। ਲੋਕਾਂ ਵਰਗਾ ਹੁਲਾਸ ਵੀ ਅੰਗ ਅੰਗ ਵਿਚੋਂ ਝਰਨ ਲਗ ਜਾਂਦਾ ਹੈ।

ਇਨਕਲਾਬ ਸਿਰੇ ਚੜ੍ਹ ਜਾਂਦਾ ਹੈ। ਪਰ ਹਰ ਪਾਸੇ ਅਨਿਸਚਤਤਾ ਹੈ। ਹਰ ਬੀਤਦੇ ਪਲ ਵਿਚ ਅਨਿਸਚਤਤਾ ਹੈ। ਅਫਸਰਸ਼ਾਹੀ ਦਾ ਵੀ ਇਹੀ ਹਾਲ ਹੈ ......।

ਅੱਜ ਵੱਡੀ ਅਫਸਰਸ਼ਾਹੀ ਦਾ ਸੰਮੇਲਨ ਹੈ। ਲੈਨਿਨ ਨੇ ਏਸ ਨੂੰ ਸੰਬੋਧਨ ਕਰਨਾ ਹੈ।ਮੈਨੂੰ ਯਕੀਨ ਹੈ ਕਿ ਇਕ ਹਫਤਾ ਪਹਿਲਾਂ ਛਪੇ ਉਸ ਦੇ ਬਿਆਨ ਦੀ ਹੀ ਵਿਆਖਿਆ ਹੋਵੇਗੀ। ਬਿਆਨ ਸੀ ਕਿ ਇਨਕਲਾਬ ਅਜੇ ਐਨ ਮੁਢਲੇ ਪੜ੍ਹਾ ਵਿਚ ਹੈ। ਨਵੇ ਪ੍ਰਬੰਧ ਦੀ ਸੇਵਾ ਅਤੇ ਸੰਚਾਲਨਾ ਵਿਚ ਅਫਸਰਸ਼ਾਹੀ ਦਾ ਵੀ ਰੋਲ ਹੁੰਦਾ ਹੈ। ਹਾਲੇ ਅਸੀਂ ਪੁਰਾਣੀ ਅਤੇ ਪ੍ਰਚੱਲਤ ਅਫਸਰਸ਼ਾਹੀ ਨਾਲ ਸਮਾਜ ਚਲਾਵਾਂਗੇ। ਅਫਸਰਸ਼ਾਹੀ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਮਾਜ ਦੀ ਮੁਖ ਸੰਚਾਲਨਾ ਪਾਰਟੀ ਦੇ ਹੱਥ ਵੱਸ ਹੈ ਜੋ ਸਮਾਜ ਦੀ ਸੰਚਾਲਨਾ ਦੀ 'ਵੈਂਨ-ਗਾਰਡ' ਵੀ ਹੈ।

ਮੈਂ ਵੀ ਸੰਮੇਲਨ 'ਕਵਰ ਕਰਨਾ' ਹੈ। ਮੈਨੂੰ ਪਤਾ ਸੀ ਕਿ ਹਾਲ ਵਿਚ ਪ੍ਰਵੇਸ਼ ਕਰਨ

Scanned with OKEN Scanner

ਤੋਂ ਪਹਿਲਾਂ ਲੈਨਿਨ ਮੇਰੇ ਨਾਲ ਕੋਈ ਮਸਲਾ ਸਾਂਝਾ ਕਰੇਗਾ। ਏਵੇ ਹੀ ਹੁੰਦਾ ਹੈ। ਲੈਨਿਨ ਪੁਛਦਾ ਹੈ – "ਉਰਗੇਵਸਕੀ, ਕੀ ਕਰਨਾ ਲੋੜੀਏ?"

ਮੈਂ ਉਹਦੇ ਕੰਨ ਵਿਚ ਆਖਦਾ ਹਾਂ – "ਲੈਨਿਨ, 'ਉਨ੍ਹਾਂ' ਨੇ ਆਪਣੇ ਧਨ ਦੇ ਜ਼ੋਰ ਨਾਲ ਅਣਗਿਣਤ ਰੁਝਾਨ ਪੈਦਾ ਕਰ ਦਿੱਤੇ ਹਨ। ਖੱਬਿਆਂ, ਸੱਜਿਆਂ ਅਤੇ ਕੇਂਦਰਲਿਆਂ ਵਿੱਚ, ਆਪੋ ਵਿੱਚ ਵੀ ਅਤੇ ਵਿਰੋਧ ਵਿੱਚ ਵੀ ਰੁਝਾਨ ਦਰ-ਰੁਝਾਨ ਹਨ। ਤੂੰ ਚੰਗੀ ਤਰ੍ਹਾਂ ਸਮਝਨਾ ਏਂ ਕਿ 'ਉਨ੍ਹਾਂ' ਤੋਂ ਕੀ ਭਾਵ ਹੈ"।

"ਹਾਂ ਮੈਂ ਸਮਝਨਾ ......।"

"ਹੁਣ ਨਿਰੀਆਂ ਕੂਟਨੀਤੀਆਂ ਦੀ ਲੋੜ ਨਹੀਂ। ਤੇਰੀ ਤਾਨਾਸ਼ਾਹੀ ਦੀ ਲੋੜ ਹੈ। ਇਹੋ ਜਿਹੀ, ਜਿਹੋ ਜਿਹੀ ਪਹਿਲਾਂ ਇਤਿਹਾਸ ਨੇ ਕਦੇ ਦੇਖੀ ਨਾ ਹੋਏ, ਵਰਨਾ ਰੂਸ ਖੱਖੜੀਆ ਹੋ ਜਾਏਗਾ। ਨਿਰਾ ਰੂਸ ਈ ਨਹੀਂ ਵਿਸ਼ਵ ਖੱਖੜੀਆਂ ਹੋ ਜਾਵੇਗਾ ਤੇ ਉਨ੍ਹਾਂ ਦੇ 'ਪ੍ਰੋਟੋਕੋਲ' ਅਨੁਸਾਰ ਉਨ੍ਹਾਂ ਦੀ ਤਾਨਾਸ਼ਾਹੀ ਹੁਣੇ ਲਾਗੂ ਹੋ ਜਾਏਗੀ ...... ਯਾਦ ਰੱਖੀਂ ਲੈਨਿਨ ਤੂੰ ਦੁਨਿਆਂ ਦੇ ਸੁਪਨਿਆਂ ਦੀ ਸਾਕਾਰਤਾ ਦਾ ਬਿੰਬ ਬਣ ਗਿਐਂ ...... ਮੀਡੀਆ ਦੀ ਅਸਲੀ ਵਰਤੋਂ ਕਰ, ਦੁਨੀਆਂ ਭਰ ਵਿੱਚ ਸਮਾਜਵਾਦੀ ਬ੍ਰਾਂਚਾਂ ਬਣਾ"।

"ਮੈਂ ਯਾਦ ਰੱਖਾਂਗਾ ......" ਲੈਨਿਨ ਸੰਮੇਲਨ ਵਲ ਚਲਿਆ ਜਾਂਦਾ ਹੈ।

ਮੈਂ ਨੋਟ ਕਰਦਾ ਹਾਂ ਕਿ ਲੈਨਿਨ ਸਖਤ ਹੱਥਾਂ ਨਾਲ ਹਾਲਾਤ ਨੂੰ ਕਾਬੂ ਕਰ ਲੈਂਦਾ ਹੈ। ਭਰਪੂਰ ਫਸਲਾਂ ਹੁੰਦੀਆਂ ਹਨ। ਭਰਪੂਰ ਉਤਪਾਦ ਹੁੰਦੇ ਹੈ। ਦੁਨੀਆਂ ਦੰਗ ਰਹਿ ਜਾਂਦੀ ਹੈ ਕਿ ਸਮਾਜਵਾਦ ਦੀਆਂ ਏਨੀਆ ਭਰਪੂਰ ਬਰਕਤਾਂ ਹਨ। ਉਂਜ ਇਸ ਪਿੱਛੇ ਵੀ 'ਉਸ' ਦਾ ਹੱਥ ਹੈ।

ਮੈਂ ਸਮਝਦਾ ਹਾਂ ਕਿ ਹਾਲਾਤ ਤੇ ਕਾਬੂ ਪਾ ਸਕਣਾ ਹੀ ਵੱਡਾ ਕਾਰਨ ਹੈ ਕਿ ਲੈਨਿਨ ਤੇ ਗੋਲੀ ਦਾਗੀ ਜਾਂਦੀ ਹੈ। ਉਹ ਸਖਤ ਘਾਇਲ ਹੁੰਦਾ ਹੈ ਪਰ ਬਚ ਜਾਂਦਾ ਹੈ। 'ਪੁਤਲੀਗਰਾਂ' ਨੇ ਹੀ ਹਮਲਾ ਕਰਵਾਇਆ ਸੀ ਤਾਕਿ ਅਨਿਸਚਤਤਾ ਬਣੀ ਰਹੇ ......।

ਮਗਰੋਂ ਦੋ ਸਾਲ ਹੋਰ ਜੀਉਂਦਾ ਤਾਂ ਰਹਿੰਦਾ ਹੈ, ਪਰ ਸਿਹਤ ਪੂਰਾ ਸਾਥ ਨਹੀਂ ਦਿੰਦੀ ਹੈ। ਸਾਰੀ ਦੁਨੀਆਂ ਵਿਚੋਂ ਉਸ ਦੀ ਚੰਗੀ ਸਿਹਤ ਲਈ ਸ਼ੁਭ ਇੱਛਾਂਵਾਂ ਭੇਜੀਆਂ ਜਾਂਦੀਆਂ ਹਨ ਅਤੇ ਅਰਦਾਸਾਂ ਹੁੰਦੀਆਂ ਰਹਿੰਦੀਆਂ ਹਨ। ਗੋਲੀ ਕਾਂਡ ਮਗਰੋਂ ਲੈਨਿਨ ਪਹਿਲੇ ਵਾਂਗ ਤੰਦਰੁਸਤ ਨਹੀਂ ਰਹਿੰਦਾ ਹੈ।

ਸਾਲ 1924 ਦਾ ਜਨਵਰੀ ਮਹੀਨਾ ਹੈ। ਪਿਛੜੇ ਪਿੰਡਾਂ ਦੇ ਕਿਸਾਨਾਂ-ਮਜ਼ਦੂਰਾਂ, ਛੋਟੇ ਦਸਤਕਾਰਾਂ, ਲੋਹ ਕੁਟਾਂ, ਕਾਰੀਗਰਾਂ ਆਦਿ ਦੇ ਇਕ ਡੈਲੀਗੇਸ਼ਨ ਨੂੰ ਲੈਨਿਨ ਨਾਲ ਭੇਂਟ ਕਰਨ ਦੀ ਆਗਿਆ ਮਿਲ ਜਾਂਦੀ ਹੈ।

Scanned with OKEN Scanner

ਸਾਰੇ ਮੈਂਬਰ ਬਾਗੋ ਬਾਗ ਹਨ ਕਿ ਉਹ ਦੁਨੀਆਂ ਭਰ ਦੇ ਲੋਕਾਂ ਦੇ ਸੁਪਨਿਆਂ ਦੇ ਬਿੰਬ ਨੂੰ ਪ੍ਰਤਖ ਮਿਲ ਰਹੇ ਹਨ। ਉਨ੍ਹਾਂ ਦੀਆਂ ਸਾਧਾਰਨ ਸ਼ਬਦਾਂ ਵਿਚ ਤਾਰੀਫਾਂ ਸੁਣ ਕੇ ਲੈਨਿਨ ਵੀ ਪਹਿਲੀ ਵਾਰੀ ਏਨਾ ਖੁਸ਼ ਦੇਖਿਆ ਗਿਆ ਹੈ।

ਮਿਲਣ ਦਾ ਸਮਾਂ ਸਮਾਪਤ ਹੁੰਦਾ ਹੈ। ਡੈਲੀਗੇਸ਼ਨ ਦੇ ਮੈਂਬਰ ਉਠ ਖੜੇ ਹੁੰਦੇ ਹਨ। ਇੱਕ ਬਜੁਰਗ ਲੈਨਿਨ ਨੂੰ ਜੱਫੀ ਵਿੱਚ ਲੈਂਦਾ ਹੈ ਤੇ ਆਖਦਾ ਹੈ- "ਲੈਨਿਨ ਤੇਰੇ ਵਿਚਾਰਾਂ ਦੀ ਦਾਤਰੀ ਅਤੇ ਮਰੇ ਬੁਢੇ ਡੌਲਿਆਂ ਦੀ ਤਾਕਤ ਦਾ ਹਥੌੜਾ, ਅਸੀਂ ਸਾਰੀ ਦੁਨੀਆਂ ਨੂੰ ਸਮਾਜਵਾਦ ਵਿੱਚ ਢਾਲ ਦਿਆਂਗੇ।" ਖੁਸ਼ੀ ਵਿੱਚ ਲੈਨਿਨ ਦੀਆਂ ਅੱਖਾਂ ਭਰ ਆਉਂਦੀਆਂ ਹਨ। ਉਹ ਨਿਹਾਲ ਹੋ ਜਾਂਦਾ ਹੈ।

ਡੈਲੀਗੇਸ਼ਨ ਦੇ ਮੈਂਬਰ ਪੌੜੀਆਂ ਉਤਰ ਹੀ ਰਹੇ ਹੁੰਦੇ ਹਨ ਕਿ ਲੈਨਿਨ ਬੇਹੋਸ਼ ਹੋ ਕੇ ਡਿਗ ਪੈਂਦਾ ਹੈ। ਬੁਢੇ ਕਾਰੀਗਰ ਦੇ ਕਹੇ ਸ਼ਬਦਾਂ ਦੀ ਖੁਸ਼ੀ ਦਾ ਹੁਲਾਸ ਹੀ ਕੁਝ ਇਹੋ ਜਿਹਾ ਸੀ।

ਖਬਰਾਂ ਛਪਦੀਆਂ ਹਨ ਕਿ ਲੈਨਿਨ ਦੇ ਦਿਮਾਗ ਦੀ ਨਾਲੀ ਫਟ ਜਾਂਦੀ ਹੈ।

ਲੈਨਿਨ ਪੂਰਾ ਹੋ ਜਾਂਦਾ ਹੈ ......।

ਸਟਾਲਿਨ ਦਾ ਯੁੱਗ ਸ਼ੁਰੂ ਹੁੰਦਾ ਹੈ। ਮੈਨੂੰ ਖੁਸ਼ੀ ਹੁੰਦੀ ਹੈ ਕਿ ਸਟਾਲਿਨ ਹਾਲਾਤ ਤੇ ਕਾਬੂ ਪਾਉਣ ਵਿੱਚ ਲੈਨਿਨ ਨਾਲੋਂ ਅੱਗੇ ਲੰਘ ਰਿਹਾ ਹੈ।

ਮੇਰੀ ਸਮਝ ਮੁਤਾਬਿਕ ਉਸਦਾ ਭਰਪੂਰ ਯਤਨ ਹੈ ਕਿ ਵਿਸ਼ਵੀ ਬੈਂਕਰਾਂ ਦੇ ਪੰਜੇ ਦੀ ਪਕੜ ਢਿੱਲੀ ਕੀਤੀ ਜਾਵੇ। ਖਬਰੇ ਹੌਲੀ ਹੌਲੀ ਇਸ ਤੋਂ ਨਿਜਾਤ ਹੀ ਪਾ ਲਈ ਜਾਏ।

ਪਰ ਮੈਨੂੰ ਇਹ ਸਮਝ ਨਹੀਂ ਆਉਂਦੀ ਹੈ ਕਿ ਮੈਨੂੰ ਹੌਲੀ-ਹੌਲੀ ਅਹਿਮ ਜਿੰਮੇਵਾਰੀਆਂ ਤੋਂ ਕਿਉਂ ਮੁਕਤ ਕੀਤਾ ਜਾ ਰਿਹਾ ਹੈ? ਉਵੇਂ ਹੀ ਜਿਵੇਂ ਅਨੇਕਾਂ ਉੱਚ ਪੱਧਰ ਦੇ 'ਕਾਮਰੇਡਾਂ' ਤੋਂ ਮੁਕਤੀ ਪਾਈ ਗਈ ਹੈ। ਜਾਣੇ -ਪਛਾਣੇ ਨਾਮ ਗਾਇਬ ਹੋ ਰਹੇ ਹਨ। ਲੋਕ ਭਰਪੂਰ ਕਿਰਤ ਕਰਦੇ ਹਨ ਪਰ ਮੂਹਾਂ ਤੇ ਜਿਵੇਂ ਛਿਕਲੀ ਲਾਈ ਰਖਦੇ ਹਨ। "ਪਾਰਟੀ ਅੰਦਰ ਸਫਾਈ" ਦੇ ਨਾਮ ਤੇ ਅਜੀਬੋ ਗਰੀਬ ਘਟਨਾਵਾਂ ਵਾਪਰ ਰਹੀਆਂ ਹਨ।

ਇਕ ਦਿਨ ਮੈਨੂੰ ਵੀ ਹਿਰਾਸਤ ਵਿੱਚ ਲੈ ਲਿਆ ਜਾਂਦਾ ਹੈ। ਮੈਂ ਅਫਸਰ ਨੂੰ ਹਲੀਮੀ ਨਾਲ ਪੁਛਦਾ ਹਾਂ -"ਬਈ ਕਿਸ ਕਸੂਰ ਤਹਿਤ ......।"

ਉਹ ਆਖਦਾ ਹੈ, "ਮੈਨੂੰ ਪਤਾ ਨਹੀਂ ਪਰ ਕਨਸੋਅ ਆਈ ਹੈ ਕਿ ਉਰਗੇਵਸਕੀ ਬਹੁਤ ਜ਼ਿਆਦਾ ਕੁਝ ਜਾਣਦਾ ਹੈ। ਏਡੀਆਂ ਜਾਣਕਾਰੀਆਂ ਰੱਖਣ ਵਾਲੇ ਨੂੰ ਖੁੱਲ੍ਹਾ ਨਹੀਂ ਛੱਡਿਆ ਜਾ ਸਕਦਾ ......।"

ਫੇਰ ਉਹ ਹੋਲੀ ਜੇਹੇ ਦਸਦਾ ਹੈ, "ਤੇਰੀ ਧੀ ਗਲਿੰਕਾ ਨੂੰ ਰੂਸ ਪਰਤਣ ਦੀ

Scanned with OKEN Scanner

ਆਗਿਆ ਮਿਲ ਗਈ ਹੈ ......।"

ਮੈਂ ਕਹਿੰਦਾ ਹਾਂ - "ਅਜੀਬ ਮੌਕਾ ਮੇਲ ਹੈ ......।" ਉਹ ਅਪਣੇ ਬੁਲ੍ਹਾਂ ਤੇ ਉਂਗਲ ਰੱਖ ਕੇ ਅੱਗੋਂ ਮੈਨੂੰ ਕੁਝ ਕਹਿਣੋ ਰੋਕ ਦਿੰਦਾ ਹੈ।

ਮੈਂ ਸਾਈਬੇਰੀਆ ਦੇ ਕੈਂਪਾਂ ਵਿੱਚ ਪੁੱਜ ਜਾਂਦਾ ਹਾਂ। ਉਥੋਂ ਮੇਰਾ ਮੂੰਹ ਬੋਲਿਆ ਪੁੱਤਰ ਫਰਾਰ ਹੋਣ ਵਿੱਚ ਸਹਾਇਤਾ ਕਰਦਾ ਹੈ।

ਮੈਂ ਵਾਪਸ ਸੁਖੋਟਿਨ ਦੀ ਜਗੀਰ ਤੇ ਪੁਜਦਾ ਹਾਂ। ਜਗੀਰ ਉਜੜੀ ਪਈ ਹੈ । ਇਕ ਬੁੱਢਾ ਕਰਮਚਾਰੀ ਦੇਖਭਾਲ ਕਰ ਰਿਹਾ ਹੈ ......।

ਮੈਂ ਉਸ ਨੂੰ ਮਿਲਦਾ ਹਾਂ । ਉਹ ਦੱਸਦਾ ਹੈ- "ਸੁਖੋਟਿਨ ਦੀ ਜਗੀਰ ਇਕ ਵਾਰੀ ਫੇਰ ਵੱਸੀ ਸੀ, ਪਰ ਫੇਰ ਉਜਾੜ ਦਿੱਤੀ ਗਈ। ਸੁਖੋਟਿਨ ਕਿੱਥੇ ਹੈ, ਕੁਝ ਪਤਾ ਨਹੀਂ। ਸਰਜੀਅਸ ਨੇ ਗਲਿੰਕਾ ਦਾ ਭੇਜਿਆ 'ਦਸਤਾਵੇਜ' ਛਾਪਿਆ ਸੀ, ਪਰ ਜਬਤ ਕਰ ਲਿਆ ਗਿਆ। ਸਰਜੀਅਸ ਜੇਲ੍ਹਾਂ ਵਿੱਚ ਤਸੀਹੇ ਝੱਲ ਰਿਹਾ ਹੈ। ਗਲਿੰਕਾ ਜਰਮਨ ਤੋਂ ਫਰਾਂਸ ਹੁੰਦੀ ਹੋਈ ਲੁਕਦੀ ਛਿਪਦੀ ਇੱਥੇ ਪੁੱਜੀ ਸੀ। ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਸਾਲ ਬਾਅਦ ਉਹ ਫਰਾਰ ਹੋ ਗਈ। ਫੇਰ ਇਥੇ ਆਈ, ਸ਼ਾਇਦ ਲੁਕ ਛੁਪ ਕੇ ਪਨਾਹ ਲੈਣ ਲਈ। ਤੀਜੇ ਦਿਨ ਉਹ ਵੀ ਲੁਕਦੇ ਛਿਪਦੇ ਆਏ। ਗੋਲੀ ਮਾਰ ਕੇ ਕਤਲ ਕਰ ਗਏ। ਮੈਂ ਬੜੇ ਅਦਬ ਨਾਲ ਉਸਦੀ ਕਬਰ ਖੋਦੀ ਤੇ ਉਸ ਨੂੰ ਦਫਨਾ ਦਿੱਤਾ......।"

"ਕਿਥੇ?" ਮੈਂ ਪੁੱਛਦਾ ਹਾਂ। ਉਹ ਇਸ਼ਾਰਾ ਕਰਕੇ ਉਹ ਥਾਂ ਦਿਖਾ ਦਿੰਦਾ ਹੈ।

ਮੈਂ ਡਿਗਦਾ ਢਹਿੰਦਾ ਉਥੇ ਪਹੁੰਚਦਾ ਹਾਂ।

ਮੈਂ ਕਬਰ ਦੇ ਐਨ ਕੋਲ ਬੈਠ ਜਾਂਦਾ ਹਾਂ। ਕੀਰਨੇ ਪਾਉਂਦਾ ਹਾਂ, ਵਿਲਾਪ ਕਰਦਾ ਹਾਂ ...... ਮੇਰੀ ਆਵਾਜ ਬੈਠ ਜਾਂਦੀ ਹੈ। ਮੈਨੂੰ ਊਂਘ ਆਉਣ ਲੱਗ ਪੈਂਦੀ ਹੈ। ਮੈਂ ਕਬਰ ਦੇ ਇੱਕ ਪੌਡੇ ਤੇ ਸਿਰ ਰੱਖ ਲੈਂਦਾ ਹਾਂ । ਮੁੜ ਮੁੜ੍ਹੋਂ ਕੁਝ ਸੋਚਣ ਲੱਗ ਪੈਂਦਾ ਹਾਂ।

ਮੈਨੂੰ ਲੱਗਦਾ ਹੈ, ਮੈਂ ਘੇਰੇ ਵਿੱਚ ਆ ਗਿਆ ਹਾਂ। ਅਚਾਨਕ ਗੋਲੀ ਚਲਦੀ ਹੈ। ਮੇਰੇ ਮੌਡੇ ਵਿੱਚੋਂ ਆਰ ਪਾਰ ਹੋ ਜਾਂਦੀ ਹੈ।

ਕੋਈ ਆਖਦਾ ਹੈ, "ਉਨ੍ਹਾਂ ਨੂੰ ਪਤਾ ਸੀ ਕਿ ਫਰਾਰ ਹੋ ਕੇ ਤੂੰ ਇਥੇ ਆਏਂਗਾ। ਸਾਨੂੰ ਗੋਲੀ ਮਾਰ ਦੇਣ ਦਾ ਹੁਕਮ ਹੈ"।

"ਮਾਰ ਦਿਓ, ਮਾਰ ਦਿਓ, ਮੈਨੂੰ ਵੀ ਪਤਾ ਸੀ ਕਿ ਏਵੇਂ ਹੋਣਾ। ਸੁਖੋਟਿਨ ਦੇ ਕਰਿੰਦੇ, ਬਈ ਆਖਰੀ ਇੱਛਾ ਪੂਰੀ ਕਰੀਂ। ਮੇਰੀ ਕਬਰ ਵੀ ਮੇਰੀ ਧੀ ਗਲਿੰਕਾ ਦੀ ਕਬਰ ਕੋਲ ਬਣਾ ਦੇਈਂ ......।"

"ਮੇਰੇ ਹੱਥ ਵੱਸ ਹੋਇਆ ਤਾਂ ਏਵੇਂ ਹੀ ਹੋਵੇਗਾ" ਕਰਿੰਦਾ ਆਖਦਾ ਹੈ।

Scanned with OKEN Scanner

ਇੱਕ ਮਗਰੋਂ ਇੱਕ ਹੋਰ ... ਹੋਰ ... ਗੋਲੀਆਂ ਚਲਦੀਆਂ ਮੈਂ ਸੁਣਦਾ ਹਾਂ । ਮੈਨੂੰ ਲੱਗਦਾ ਹੈ ਕਿ ਮੇਰੇ ਵੱਖ ਵੱਖ ਅੰਗ ਛਲਨੀ ਹੋ ਰਹੇ ਹਨ। ਮੈਨੂੰ ਪੀੜ ਉਕਾ ਹੀ ਨਹੀ ਹੋ ਰਹੀ ਹੈ। ਮੈਂ ਚੇਤੰਨ ਹਾਂ ਕਿ ਮੈਂ ਮਰ ਰਿਹਾ ਹਾਂ। ਖੁਸ਼ ਹਾਂ ਕਿ ਆਖਰੀ ਇੱਛਾ ......।"

ਮੇਰੇ ਇਰਦ ਗਿਰਦ ਹਨੇਰਾ ਛਾਉਣ ਲੱਗ ਜਾਂਦਾ ਹੈ। ਹਨੇਰੇ ਵਿੱਚ ਮਹੀਨ ਮਹੀਨ ਟਿਮਕਣੇ ਟਿਮਕਣ ਲੱਗ ਜਾਂਦੇ ਹਨ। ਮੈਂ ਟਿਮਕਣਿਆਂ ਤੇ ਸੁਰਤੀ ਕੇਂਦਰਤ ਕਰਦਾ ਹਾਂ। ਇਹ ਟਿਮਕਣੇ ਪ੍ਰਸ਼ਨ ਚਿੰਨ੍ਹ ਹਨ। ਲੱਗਦਾ ਹੈ ਕਿ ਮੇਰੇ ਇਰਦ ਗਿਰਦ ਪ੍ਰਸ਼ਨ ਚਿੰਨ੍ਹ (???) ਲਰਜ਼ਾਉਣ ਲੱਗ ਪਏ ਹਨ, ਲਰਜ਼ਾਈ ਜਾਂਦੇ ਹਨ ......।

ਮਨੁੱਖੀ ਬੇਚਾਰਗੀ ਦੇ ...... ਮਨੁੱਖੀ ਲਹੂ ਦੇ ਦਰਿਆ ਵਹਾ ਦਿੱਤੇ ਗਏ ਨੇ ...... ਕੀ ਇਹ ਸਭ ਕੇਵਲ ਦੌਲਤ ਹੜੱਪਣ ਲਈ ਸੀ ? ਕੀ ਇਹ ਸਭ ਪੁਰਾਣੇ ਢਾਂਚੇ ਉਖਾੜਣ ਅਤੇ ਨਵੇਂ ਉਸਾਰਨ ਲਈ ਸੀ ...... ਯਾਰੋ ਕਿਤੇ ਇਹ ਸਭ ਕਿਸੇ ਰੱਬ ਨੂੰ ਮਨੁੱਖੀ ਬਲੀ (Human Scrifice) ਦੇਣ ਲਈ ਤਾਂ ਨਹੀਂ ਹੋਇਆ ਹੈ ...... ਰੱਬ ਵੀ ਤਾਂ ਅਨੇਕਾਂ ਹਨ ...... ਕੋਈ ਰੱਬ ਮਨੁੱਖੀ ਬਲੀ, ਮਨੁੱਖੀ ਲਹੂ ਦਾ ਵੀ ਤਾਂ ਪਿਆਸਾ ਹੋ ਸਕਦਾ ਹੈ ..... ਉਹ ਇਕਰਾਰਾਂ ਦਾ ਰੱਬ ਵੀ ਤਾਂ ਹੋ ਸਕਦਾ ..... ਏਨੇ ਲਹੂ ਦੀ ਬਲੀ ਕੋਈ 'ਕਰਾਰ' ਪੂਰਾ ਕਰਨ ਵਾਸਤੇ ਵੀ ਤਾਂ ਹੋ ਸਕਦੀ ਹੈ ..... ਖਬਰੇ ਅੱਧ ਪਚੱਧ 'ਇਕਰਾਰ' ਪੂਰਾ ਹੋ ਵੀ ਗਿਆ ਹੋਵੇ ...... 'ਬੈਲਫਰ ਸਮਝੋਤਾ' ਵੀ ਤਾਂ ਕਿਸੇ 'ਕਰਾਰ' ਦਾ ਹਿੱਸਾ ਹੋ ਸਕਦਾ ...... ਖਬਰੇ ਇਹ 'ਕਰਾਰ' ਪੂਰਾ ਹੋਣ 'ਚ ਅਜੇ ਹੋਰ ਕੀ-ਕੀ ਵਾਪਰਨਾ ..... ਖਬਰੇ ਅਜੇ ਲੜੀ ਹੋਰ ਅੱਗੇ ਤੁਰਨੀ ..... ਕਾਸ਼ ਮੇਰੀ ਖੋਜ ਅਧੂਰੀ ਰਹਿ ਗਈ ...... ਯਕੀਨਨ ਕੋਈ ਏਸ ਨੂੰ ਪੂਰਿਆਂ ਕਰੇਗਾ ...... ਹਾਲੇ ਮੈਨੂੰ ਦਿਸਣੋਂ ਹੱਟ ਚੱਲਿਆ ਹੈ ...... ਖਬਰੇ ਕੋਈ ਅੱਖਾਂ ਨਾਲ ਆ ਜੁੜਨ।

Scanned with OKEN Scanner

ਟਿੱਪਣੀਆਂ

ਉਰਗੇਸਵਕੀ ਦੀ ਜੇਬ ਵਿੱਚੋਂ ਜੋ ਕਾਗਜ਼ ਮਿਲਦਾ ਹੈ, ਤੇ ਕੁਝ ਇਹੋ ਜਿਹੀਆਂ ਟਿੱਪਣੀਆਂ ਲਿਖੀਆਂ ਮਿਲਦੀਆਂ ਹਨ :-

Silence is Betrayal (ਬਦੀ ਦੀ ਅਸਲੀ ਜੜ੍ਹ ਦੀ) ਜਾਣਕਾਰੀ ਹੋਣ ਦੇ ਬਾਵਜੂਦ ਚੁਪ ਵੱਟਣੀ ਵੱਡਾ ਧੋਖਾ (ਪਾਪ) ਹੈ

1773 ਵਿੱਚ ਰੋਥਸਚਾਈਲਡ ਦੀ ਅਗਵਾਈ ਵਾਲੀ ਤੇਰਾਂ ਮੈਂਬਰੀ ਆਲਮੀ ਬੈਂਕਰਾਂ ਦੇ ਸੰਮੇਲਨ ਦੇ ਪਾਸ ਹੋਏ ਮਤੇ ਅਨੁਸਾਰ 1776 ਵਿੱਚ ਇੱਕ ਮਹਾਨ ਵਿਦਵਾਨ, ਐਡਮ ਵਿਸ਼ੂਪਤ, ਵੱਲੋਂ ਇੱਕ ਗੁਪਤ ਧਰਮ-ਅਕੀਦਾ, ਮਤ-ਸੰਸਥਾ ਦੀ ਬੁਨਿਆਦ ਰੱਖੀ ਗਈ ਜਿਸ ਦਾ ਇੱਕ ਮਾਤਰ ਟੀਚਾ ਨਵੇਂ ਆਲਮੀ ਨੇਮ ਦੀ ਸਥਾਪਤੀ ਅਤੇ ਪ੍ਰਫੁਲਤਾ ਵਿੱਚ ਅਹਿਮ ਯੋਗਦਾਨ ਪਾਉਣਾ ਸੀ। ਇਸ ਗੁਪਤ ਸੰਸਥਾ ਦਾ ਮੁਢਲਾ ਨਾਮ ਇਲੂਮੀਨਾਟੀ (ਚਾਨਣ ਬਰਦਾਰ) ਰੱਖਿਆ ਗਿਆ। ਪ੍ਰਚੱਲਤ ਇੱਕ ਹੋਰ ਗੁਪਤ ਸੰਸਥਾ 'ਫਰੀ ਮੇਸਨਰੀ' ਨੂੰ ਇਸ ਨੇ ਆਪਣੇ ਵਿੱਚ ਸਮੋਅ ਲਿਆ ਅਤੇ ਨਾਲੋ ਨਾਲ ਅੱਗੋ ਅਨੇਕਾਂ ਹੋਰ ਗੁਪਤ ਸੰਸਥਾਵਾਂ (ਸਭਾਵਾਂ) ਦੀ ਸਥਾਪਤੀ ਕੀਤੀ। ਐਡਮ ਵਿਸ਼ੂਪਤ ਨੇ ਸਮੁਚੇ ਸਮਾਜ ਦੀ ਸੰਚਲਨਾ ਨੂੰ ਛੇ ਭਾਗਾਂ ਵਿੱਚ ਵੰਡਿਆ ਜਿਨਾਂ ਦੀ ਵਾਗਡੋਰ ਇਲੂਮੀਨਿਟੀ ਹੱਥ ਹੋਣੀ ਸੀ । ਛੇ ਭਾਗ ਹਨ- (Science, Govt., Leadership, Scholarship, Spirituality, Military) ਵਿਗਿਆਨ, ਸਰਕਾਰ, ਲੀਡਰਸ਼ਿਪ, ਵਿਦਵਤਾ ਆਤਮਿਕਤਾ ਅਤੇ ਸੈਨਾ।

.... ਜ਼ਰਾ ਜਿੰਨੀ ਡੂੰਘਾਈ ਨਾਲ ਪਰਖਿਆ ਜਾਵੇ ਤਾ ਸਿੱਟਾ ਨਿਕਲਦਾ ਹੈ ਕਿ ਸ੍ਰਿਸਟੀ ਦਾ ਹਰ ਇੱਕ ਖੇਤਰ ਇਨਾਂ ਛੇ ਭਾਗਾਂ ਵਿੱਚੋ ਕਿਸੇ ਇੱਕ ਜਾਂ ਇੱਕ ਤੋ ਵੱਧ ਖੇਤਰਾਂ ਵਿੱਚ ਸਮੋਅ ਲਿਆ ਜਾਂਦਾ ਹੈ। ਵਿਸ਼ੂਪਤ ਦੀ ਇਹ ਇੱਕ ਵਿਕਰਾਲ ਖੋਜ ਹੈ। ਇਸ ਦੇ ਆਪਣੇ ਪਰਿਮਾਪ, ਵਿਦਿਆਲੇ, ਵਿਸ਼ਵ ਵਿਦਿਆਲੇ, ਸੰਵਿਧਾਨ, ਪ੍ਰਵੇਸ਼ -ਨਿਯਮਾਵਲੀ, ਇਮਤਿਹਾਨ, ਸਰਟੀਫਿਕੇਟ ਅਤੇ ਡਿਗਰੀਆ ਹਨ ......।

.... ਸਭ ਤੋ ਵੱਡਾ ਅਚੰਭਾ ਇਹ ਕਿ ਸੱਭੋ ਕੁਝ ਗੁਪਤ ਹੈ, ਤੇ ਗੁਪਤ ਰੱਖਿਆ ਜਾਣਾ ਹੈ। ਪਾਰਦਰਸ਼ਤਾ ਦੀ ਸਜਾ ਕਿਆਸ ਅਰਾਈਆਂ ਤੋ ਵੀ ਉੱਪਰ ਦੁਖਦਾਈ ਹੈ। ਮੇਰੀ ਇੰਨੀ ਯੋਗਤਾ ਨਹੀਂ ਕਿ ਮੈ ਇਲੂਮੀਨਾਟੀ ਦੇ ਸਾਰੇ ਜਾ ਕਿਸੇ ਇੱਕ ਭਾਗ ਤੇ ਵੀ ਕੋਈ ਮਾਹਿਰ ਟਿੱਪਣੀ ਦੇ ਸਕਾਂ (ਭਾਵੇਂ ਕਿ ਮੇਰਾ ਅਟੱਲ ਵਿਸ਼ਵਾਸ ਬਣ ਚੁਕਿਆ ਹੈ ਕਿ ਮਾਨਵੀ ਨੇਕ ਪਰਵਿਰਤੀਆਂ ਵੀ ਸਮੇਂ ਅਨੁਸਾਰ ਇਨ੍ਹਾਂ ਤੋਂ ਵੀ ਵੱਧ ਮਜਬੂਤ ਅਦਾਰੇ ਉਪਜਾ ਲੈਣਗੀਆਂ)।

ਏਥੇ ਮੈ ਇਲੂਮੀਨਾਟੀ ਦੇ ਚੋਥੇ ਯੁਜ਼, ਵਿਦਵਤਾ, ਤੇ ਸੰਖੇਪ ਟਿੱਪਣੀ ਦਿੰਦਾ ਹਾਂ।

Scanned with OKEN Scanner

Scanned with OKEN Scanner

ਇਲੂਮੀਨਾਟੀ ਨੇ ਵਿਦਵਤਾ ਦੇ ਯੁਜ਼ ਅਧੀਨ ਵੀ ਅਨੇਕਾਂ ਸਭਾਵਾਂ, ਸੁਸਾਇਟੀਆਂ, ਜਥੇਬੰਦੀਆਂ ਆਦਿ ਉਸਾਰ ਲਈਆਂ ਹਨ ਜੋ ਅੱਗੋਂ ਵੀ ਵੱਧਦੀਆ ਰਹਿਣਗੀਆਂ। ਇਹ ਇੱਕਸਾਰ ਵੀ ਹਨ, ਸਵੈ ਵਿਰੋਧੀ ਵੀ ਤੇ ਇੱਕ ਦੂਜੇ ਦੀਆ ਵਿਰੋਧੀ ਵੀ।

ਸੈਮੇਟਿਕ ਅਤੇ ਆਰੀਆ ਦੋ ਵਿਰੋਧੀ ਵਿਚਾਰਧਰਾਵਾਂ ਹਨ ਪਰ ਇਲੂਮੀਨਾਟੀ ਦੋਵਾਂ ਦੀ ਪਥ ਪਰਦਰਸ਼ਨਾ, ਸੰਚਾਲਨਾ ਅਤੇ ਸਰਪ੍ਰਸਤੀ ਕਰਦੀ ਹੈ ।

ਇੱਕ ਚੋਂ ਕਾਰਲ ਮਾਰਕਸ, ਏਂਗਲਸ ਮੌਜ਼ੀਨੀ ਤੇ ਹੋਰ ਚੇਲੇ ਉਭਾਰੇ ਜਾਦੇ ਹਨ ਅਤੇ ਦੂਜੀ ਵਿੱਚੋਂ ਕਾਰਲ ਰਿਟਰ, ਨੀਤਸ਼ੇ ਅਤੇ ਉਨ੍ਹਾ ਦੇ ਚੇਲੇ ਉਭਾਰੇ ਜਾਦੇ ਹਨ।

ਇੱਕ ਨੂੰ ਸਮਾਜ ਦੀਆਂ ਥੱਲੇ ਤੋ ਥੱਲੇ ਵਾਲੀਆ ਤਹਿਆਂ ਜਿਨਾਂ ਵਿੱਚ ਕਿਸਾਨ, ਮਜਦੂਰ, ਮੁਜਾਰੇ, ਗਰੀਬ, ਦਲਿਤ, ਪਛੜੇ ਹੋਏ ਕਾਲੇ ਆਦਿ ਸ਼ਾਮਿਲ ਹਨ, ਨੂੰ ਉਭਾਰ ਕੇ ਉੱਥਲ ਪੁੱਥਲ ਤੇ ਇਨਕਲਾਬ ਮਚਾਉਣ ਲਈ ਪ੍ਰੇਰਿਆ ਜਾਦਾ ਹੈ ਤਾਂ ਕਿ ਦੁਨੀਆ ਵਿੱਚ ਮੁਢੋਂ-ਸੁਢੋਂ ਨਵਾ ਨੇਮ ਲਾਗੂ ਕੀਤਾ ਜਾ ਸਕੇ। ਦੂਜੇ ਨੂੰ ਆਰੀਆ ਜਾਤੀ ਦੀ ਸਰਵਸ੍ਰੇਸ਼ਟਤਾ ਨੂੰ ਉਭਾਰ ਕੇ ਇਨਕਲਾਬ ਮਚਾਉਣ ਦੀ ਦਾਰਸ਼ਨਿਕਤਾ ਨੂੰ ਕਲਮਬੱਧ ਕਰਨ ਲਈ ਪ੍ਰੇਰਿਆ ਜਾਦਾ ਹੈ। ਇੱਕ ਰਾਹੀਂ ਪੈਰਾਂ ਤੋ ਉਖੇੜਿਆ ਜਾਂਦਾ ਹੈ ਅਤੇ ਦੂਸਰੇ ਰਾਹੀਂ ਸਿਰ ਤੇ ਸੱਟ ਮਾਰੀ ਜਾਂਦੀ ਹੈ।ਦੋਵਾਂ ਦੀਆ ਤਣੀਆ ਇਲੂਮੀਨਿਟੀ ਹੱਥ ਰੱਖੀਆ ਜਾਣੀਆਂ ਹਨ। ਇੱਕ ਦਾ ਵਧੇਰਾ ਸਾਰਾ ਇਸਤੇਮਾਲ ਹੋ ਚੁਕਿਆ ਹੈ ਅਤੇ ਦੂਸਰੇ ਦਾ ਵੀ ਆਰੰਭ ਕਰ ਦਿੱਤਾ ਹੈ। ਦਹਾਕੇ ਦੇ ਅੰਦਰ ਅੰਦਰ ਹੋਰ ਬੜਾ ਕੁਝ ਹੋਣ ਵਾਲਾ ਹੈ। ਉਨ੍ਹਾਂ ਅਨੁਸਾਰ ਇਹ ਕਰਮ ਪ੍ਰਤੀ-ਕਰਮ ਉਦੋ ਤੱਕ ਚੱਲਦਾ ਰਹਿਣਾ ਹੈ ਜਦੋਂ ਤੱਕ ਐਸਾ ਨਿਜਾਮ ਨਹੀਂ ਉਸਰ ਜਾਦਾ ਜਿਸ ਵਿੱਚ ਉਨਾ ਦੀ ਨਿਰੰਕੁਸ਼ ਬਾਦਸ਼ਾਹਤ ਹੋਵੇ ਅਤੇ ਬਾਕੀ ਦੀ ਕੁਲ ਲੋਕਾਈ ਉਨ੍ਹਾਂ ਦੀ ਗੁਲਾਮ ਹੋਵੇ ....

ਕਾਰਲ ਮਾਰਕਸ ਦਾ ਪੂਰਾ ਨਾਮ ਹੈ ਮੋਜ਼ਜ਼ ਮੋਰਡੇਕੀ ਮਾਰਕਸ ਲੈਵੀ। ਲੈਵੀ ਉਸ ਦੇ ਖਾਨਦਾਨ ਦਾ ਨਾਮ ਵੀ ਹੈ ਤੇ ਪਹਿਲੇ ਬਜ਼ੁਰਗ ਦਾ ਨਾਮ ਵੀ। ਲੈਵੀ ਯਾਕੂਬ ਦਾ ਪੁੱਤਰ ਸੀ। ਯਾਕੂਬ ਅਬਰਾਹਮ ਦਾ ਪੁੱਤਰ ਸੀ। ਅਬਰਾਹਮ ਦੁਨੀਆਂ ਦਾ ਪਹਿਲਾਂ ਪੈਗੰਬਰ ਮੰਨਿਆ ਜਾਂਦਾ ਹੈ ਸੀ। ਇਨਾਂ ਨੇ ਆਪਣੇ ਪ੍ਰਭੂ, ਰੱਬ, ਪਰਮੇਸ਼ਰ ਦਾ ਨਾਮਕਰਨ ਕੀਤਾ ਹੈ ਯੇਹਵੇਹ (ਯੇਹੋਵਾ)।

.... ਯਹੋਵਾ ਨੇ ਕਿਰਪਾ ਦ੍ਰਿਸ਼ਟੀ ਦੁਆਰਾ ਆਪਣੇ ਬਿੰਬ ਵਜੋਂ ਸੈਨਾਈ ਘਾਟੀ ਤੇ ਇੱਕ ਪਵਿੱਤਰ ਤੰਬੂ, ਇੱਕ ਸੰਦੂਕ ਅਤੇ ਇੱਕ ਮੇਜ਼ (ਪੱਥਰ) ਧਰਤੀ ਤੇ ਉਤਾਰੇ। ਰਾਜੇ ਤੋਂ ਰੰਕ ਤੱਕ ਹਰ ਯਹੂਦੀ ਲਈ ਉਪਜ ਦਾ ਨਿਅਤ ਭਾਗ ਅਤੇ ਕਿਰਤੀ ਪਸ਼ੂਆਂ ਦੇ ਲਹੂ ਦੀ ਕੁਰਬਾਨੀ (ਬਲੀ) ਪਹਿਲੀ ਸ਼ਰਤ ਹੈ। ਪੁਜਾਰੀ ਲੈਵੀ ਦਾ ਫਰਜ ਹੈ ਕਿ ਉਪਜ ਅਤੇ ਲਹੂ ਦਾ ਪਹਿਲਾ ਭੋਗ ਤੰਬੂ ਅੰਦਰ ਸੱਜੇ ਪਵਿੱਤਰ ਸੰਦੂਕ ਨੂੰ ਲੁਆਵੇ (ਜੋ ਪ੍ਰਭੂ ਯਹੋਵਾ ਦਾ ਬਿੰਬ ਹੈ) ਤੇ ਸਾਰੇ ਮਾਲ ਦੀ ਸਾਂਭ-ਸੰਭਾਲ ਕਰੇ। ਇਹ ਕਿੱਤਾ ਵਿਰਾਸਤੀ ਹੈ, ਜੋ ਸ੍ਰੇਸ਼ਟਤਾ ਵਿੱਚ ਪ੍ਰਭੂ ਤੋਂ

Scanned with OKEN Scanner

ਦੂਜੇ ਨੰਬਰ ਤੇ ਹੈ ਜਿਵੇ ਕਿ ਲਗਪਗ ਹਰ ਧਰਮ ਵਿੱਚ ਹੁੰਦਾ ਹੀ ਹੈ। ਲੈਵੀ ਖਾਨਦਾਨ ਚਾਰ ਹਜਾਰ ਸਾਲ ਪੁਰਾਣਾ ਹੈ ...... (ਹੋਰ ਵੇਰਵਾ ਅਗਲੇ ਸਫਿਆਂ ਵਿਚ)।

ਕਿਸੇ ਕਾਰਨ ਕਾਰਲ ਮਾਰਕਸ ਦੇ ਬਾਪ ਤੋਂ ਧਰਮ ਤਬਦੀਲੀ ਕਾਰਵਾਈ ਗਈ। ਇਹ ਇੱਕ ਪੁਰਾਤਨ ਗਸ਼ਤੀ ਪੱਤਰ ਅਨੁਸਾਰ ਹੋਇਆ। ਗੁਪਤ ਗਸ਼ਤੀ ਪੱਤਰ ਦੀਆ ਦੋ ਮਦਾਂ ਇਹ ਵੀ ਹਨ:-

(1) ਜਿੱਥੋਂ ਤੱਕ ਸਵਾਲ ਹੈ ਕਿ ਫਰਾਂਸ ਦਾ ਬਾਦਸ਼ਾਹ (ਜਾਂ ਕੋਈ ਹੋਰ ਤਾਕਤ), ਤਹਾਨੂੰ ਈਸਾਈ ਬਣਨ ਲਈ ਮਜਬੂਰ ਕਰਦਾ ਹੈ। ਇਉਂ ਜਰੂਰ ਕਰ ਲਓ ਕਿਉਂਕਿ ਹੋਰ ਕੋਈ ਚਾਰਾ ਨਹੀਂ ਹੈ। ਪਰ ਹਜ਼ਰਤ ਮੂਸਾ ਦੇ ਹੁਕਮਾਂ ਨੂੰ ਮਨ ਦੀਆ ਤਹਿਆਂ ਅੰਦਰ ਵਸਾਈ ਰੱਖਣਾ।

(2) ਤੁਸੀ ਕਹਿੰਦੇ ਹੋ, ਉਹ ਤੁਹਾਡੇ ਯਹੂਦੀ ਮੰਦਰਾਂ ਨੂੰ ਨਸ਼ਟ ਕਰ ਰਹੇ ਹਨ - ਤੁਸੀਂ ਆਪਣੇ ਪੁਤਰਾਂ ਨੂੰ ਪਾਦਰੀ ਤੇ ਉਨ੍ਹਾਂ ਦੀਆਂ ਉੱਚ ਸਭਾਵਾਂ ਦੇ ਸਦਸ ਬਣਾ ਦਿਉ ਤਾਂ ਕਿ ਉਹ ਉਨ੍ਹਾਂ ਦੇ ਚਰਚਾਂ ਨੂੰ ਨਸ਼ਟ ਕਰ ਦੇਣ।

.... ਕਾਰਲ ਮਾਰਕਸ ਬੇਹੱਦ ਜ਼ਹੀਨ ਵਿਅਕਤੀ ਸੀ। ਉਸ ਨੇ 'ਇਨਸਾਫ ਮੁਸਾਇਟੀ' (Society for the just) ਵਿੱਚ ਸ਼ਮੂਲੀਅਤ ਕੀਤੀ। ਉਸ ਦੇ ਦੋ ਕਥਨ ਝੱਟ ਪ੍ਰਸਿੱਧ ਹੋ ਗਏ। (Marlx wrote he wanted to avenge himself against the One Who rules above) ਮੈਂ ਉਪਰੋਂ ਰਾਜ ਕਰਨ ਵਾਲੇ (ਈਸ਼ਵਰ) ਤੋਂ ਬਦਲਾ ਲਵਾਗਾਂ। (Marx calls the Charistian religion one of the most immoral of religions) ਈਸਾਈ ਧਰਮ ਸਭ ਤੋ ਵੱਧ ਅਨੈਤਿਕ ਧਰਮਾਂ ਵਿੱਚੋਂ ਇੱਕ ਹੈ।

ਇਨਕਲਾਬੀ ਵਿਚਾਰਾਂ ਕਾਰਨ ਓਹ ਜਰਮਨ, ਬਰਸੱਲਜ, ਫਰਾਸ, ਵਿੱਚੋ ਕੱਢਿਆ ਗਿਆ ਤੇ ਅੰਤ ਬਰਤਾਨੀਆ ਵਿਖੇ ਪਨਾਹ ਲਈ ਜਿੱਥੇ ਉਹ ਅੰਤਲੇ ਸਮੇ ਤੱਕ ਰਿਹਾ।

1848 ਵਿੱਚ ਉਸਨੇ ਏਂਗਲਜ ਨਾਲ ਮਿਲ ਕੇ 'ਕੋਮੂਨਿਸਟ ਮੈਨੀਫੈਲਟੋ' ਲਿਖਿਆ। ਕੋਮੂਨਿਸਟ ਮੈਨੀਫੈਲਟੋ ਦੀਆਂ ਮੁਖ ਧਰਾਵਾ ਵਿਸ਼ੁਪਤ ਦੀ ਉਪਜਾਈ ਇਲੂਮੀਨਾਟੀ ਨਾਲ ਮੇਲ ਖਾਂਦੀਆ ਹਨ। ਜਿਵੇ ਕਿ:- ਹਰ ਪ੍ਰਕਾਰ ਦੀ ਨਿਜੀ ਜਾਇਦਾਦ ਦੀ ਪ੍ਰਥਾ ਦਾ ਖਾਤਮਾ ਅਤੇ ਉਸ ਤੇ ਸਰਕਾਰ ਦਾ ਕਬਜ਼ਾ। ਪਿਤਾ-ਪੁਰਖੀ ਦੀ ਪ੍ਰਥਾ ਦਾ ਖਾਤਮਾ। ਬਦੇਸ਼ੀ ਜਾਇਦਾਦ ਦੀ ਮਾਲਕੀ ਦਾ ਖਾਤਮਾ, ਬੱਚਿਆ ਦੀ ਪਾਲਣਾ ਪੋਸ਼ਣਾ ਦੀ ਜਿੰਮੇਵਾਰੀ ਸਰਕਾਰ ਦੀ। ਉਦਯੋਗ ਅਤੇ ਜ਼ਮੀਨੀ ਉਪਜ ਤੇ ਸਟੇਟ ਦਾ ਅਧਿਕਾਰ। ਸਮਾਜ ਦੇ ਲਗਪਗ ਹਰ ਖੇਤਰ ਦੀ ਸੰਚਾਲਨਾ ਉੱਪਰ ਸਟੇਟ ਦਾ ਅਧਿਕਾਰ। ਸਭ ਤੋ ਵੱਡੀ ਗੱਲ ਕਿ ਸੰਚਾਲਨਾ ਸ਼ਕਤੀ ਮੁਦਰਾ ਅਤੇ ਕੇਂਦਰੀ ਬੈਂਕ ਸਟੇਟ ਦੇ ਅਧਿਕਾਰ ਖੇਤਰ ਵਿੱਚ। ਕਿਸਾਨ, ਕਿਰਤੀਕਾਰੀ, ਕਾਮੇ ਇਕਨਲਾਬ ਮਚਾ ਕੇ ਸਟੇਟ ਦੇ ਅਧਿਕਾਰੀ ਬਣਨ।

Scanned with OKEN Scanner

ਸਟੇਟ ਦੀ ਸੰਚਾਲਕ ਤਾਕਤ ਹੈ ਮੁਦਰਾ, ਮੁਦਰਾ ਦੀ ਉਪਜ ਬੈਂਕ ਅਤੇ ਬੈਂਕ ਦੀ ਮਾਲਕੀ ਤੇਰਾਂ ਮੈਂਬਰੀ ਅੰਤਰਰਾਸ਼ਟਰੀ ਸੁਪਰੀਮ ਕੌਂਸਲ ਦੇ ਹੱਥ। 13 ਮੈਂਬਰੀ ਕੌਂਸਲ ਦੀ ਵਾਗਡੋਰ ਰੌਥਸਚਾਈਲਡ ਪ੍ਰੀਵਾਰ ਦੇ ਹੱਥ .....।

ਸਟੇਟ ਤੇ ਕਿਸ ਦੀ ਮਾਲਕੀ ਹੋਣੀ ਹੈ? ਲੱਭੇ ਦਸਤਾਵੇਜ਼ ਵਿੱਚ ਸਾਫ ਸਾਫ ਲਿਖ ਦਿੱਤਾ ਗਿਆ ਹੋਇਆ ਹੈ। "ਸਾਡਾ ਸ਼ਹਿਨਸ਼ਾਹ ਨਿਸ਼ਕਲੰਕਤਾ ਦੀ ਅਦੁਤੀ ਮਿਸਾਲ ਹੋਵੇਗਾ। ਇਸ ਦੇ ਤਿੰਨ, ਪੰਜ ਜਾ ਸੱਤ ਸਰਪ੍ਰਸਤ ਹੋਣਗੇ। ਸਾਰੀ ਦੁਨੀਆ ਦਾ ਧਨ ਇਨਾਂ ਦੀ ਨਿੱਜੀ ਮਲਕੀਅਤ ਹੋਵੇਗੀ।"

"ਡੇਵਿਡ ਦੀ ਬੀਜ ਰੂਪੀ ਕੁਲ, ਦੇ ਚੁਨਿੰਦਾ ਵਿਅਕਤੀ ਬਾਦਸ਼ਾਹਾਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਤਿਆਰ ਕਰਨਗੇ। ਰਾਜ ਦਿਸੇਗਾ ਪਰ ਉਸ ਪਿੱਛੇ ਗੁਪਤ ਰਾਜ -ਸ਼ਕਤੀ ਦਾ ਅਸਲੀ ਹੱਥ ਨਹੀਂ ਦਿਸੇਗਾ। ਲੋਕਾਂ ਦੇ ਮਨਾ ਵਿੱਚ ਰਾਜ ਅਤੇ ਰਾਜ ਮੱਤਾ ਦਾ ਭੈਅ ਪਾਇਆ ਜਾਵੇਗਾ, ਜਿਵੇਂ ਕਿ ਰੱਬ ਦਾ ਹੁੰਦਾ ਹੈ।

ਇਲੂਮੀਨਾਟੀ ਦੇ ਇੱਕ ਹੋਰ ਵਿੰਗ ਵਲੋਂ ਪ੍ਰੋ: ਕਾਰਲ ਰਿਟਰ (1779) ਜੋ ਭੂਗੋਲ ਵਿਗਿਆਨ (Geographical Science) ਦਾ ਪ੍ਰੋਫੈਸਰ ਸੀ ਕੋਲੋਂ ਮਾਰਕਸ ਦੇ ਐਨ ਉਲਟ ਦਸਤਾਵੇਜ ਲਿਖਵਾਇਆ ਜਾ ਰਿਹਾ ਸੀ। ਇਸ ਅਨੁਸਾਰ ਭੂ-ਗਰਭ ਤੋ ਉਪਜੀ ਇੱਕ ਜਾਤੀ ਆਰੀਆ (ਧਰਤੀ ਪੁੱਤਰ) ਜਿਸ ਦੀ ਆਪਣੀ ਵਿੱਲਖਣ ਭਾਸ਼ਾ ਹੈ, ਸ੍ਰੇਸ਼ਠ ਜਾਤੀ ਹੈ, ਜਿਸ ਦਾ ਸਟੇਟ ਤੇ ਅਧਿਕਾਰ ਕੁਦਰਤੀ ਨੇਮਾਂ ਦੇ ਅਨੁਸਾਰ ਹੈ। ਇਸ ਦੇ ਸ਼ਿਸ਼ ਨੀਤਸ਼ੇ ਨੇ ਦਸਤਾਵੇਜ਼ ਪੂਰਾ ਕਰ ਲਿਆ ਹੈ।

ਇਸ ਵਿਸ਼ਵੀ ਜੰਗ ਦਾ ਮੁਖ ਮਕਸਦ ਸੀ, ਪ੍ਰਚਲਿਤ ਬਾਦਸ਼ਾਹਤਾਂ ਦਾ ਭੋਗ ਪਾਉਣਾ, ਤਾਂ ਹੀ ਇਨਾਂ ਦੀ ਆਪਣੀ ਨਿਰੰਕੁਸ਼ ਬਾਦਸ਼ਾਹਤ ਹੋਂਦ ਵਿੱਚ ਆ ਸਕੇਗੀ । ਫਰਾਂਸ ਦਾ ਬਾਦਸ਼ਾਹ (ਲੂਈ ਖਾਨਦਾਨ) ਫ੍ਰਾਂਸੀਸੀ ਇਨਕਲਾਬ ਸਮੇਂ ਖਤਮ ਕਰ ਦਿੱਤਾ ਸੀ। ਇਸ ਵਿਸ਼ਵ ਯੁੱਧ ਵਿੱਚ ਜਰਮਨੀ ਦਾ ਕੈਸਰ ਭੱਜ ਗਿਆ ਰੂਸੀ ਦਾ ਕਤਲ ਹੋਇਆ। ਇਟਲੀ ਦੇ ਬਾਦਸ਼ਾਹ ਦੇ ਪਰ ਕੱਟ ਦਿੱਤੇ, ਬਾਵੇਰੀਆ ਦੀ ਬਾਦਸ਼ਾਹਤ ਸਮਾਪਤ ਕਰ ਦਿੱਤੀ ਗਈ।

ਦੂਜੀ ਵਿਸ਼ਵ ਯੁੱਧ ਵਿੱਚ ਰਹਿੰਦੀਆ ਬਾਦਸ਼ਾਹਤਾਂ ਦਾ ਭੋਗ ਪਾਇਆ ਜਾਵੇਗਾ, ਲੋਕਤੰਤਰਾ ਯਾਨੀ ਡੈਮੋਕ੍ਰੇਸੀਆਂ ਦਾ ਭਰਮ ਜਾਲ (ਫਰਜ਼ੀਵਾੜਾ) ਕੁਝ ਸਮੇ ਲਈ ਚੱਲੇਗਾ ਤੇ ਅੰਤ ਜ਼ਾਇਆਵਾਦੀ ਬੈਕਰਾਂ ਦੀ ਨਿਰੰਕੁਸ਼ ਬਾਦਸ਼ਾਹਤ ਲਿਆਂਦੀ ਜਾਵੇਗੀ .... ਇਹ ਉਹਨਾਂ ਦੀ ਯੋਜਨਾ ਹੈ ....

Scanned with OKEN Scanner

Scanned with OKEN Scanner

ਸੂਤਰਧਾਰ

ਦੋਸਤੋ,

ਮੈ ਸੂਤਰਧਾਰ ਹਾਂ

ਮੈ ਖੋਜੀ ਹਾਂ

ਮੇਰੀ ਖੋਜ ਦਾ ਮੁਖ ਵਿਸ਼ਾ ਹੈ ;-

ਮਾਨਵਤਾ ਦੇ ਪੱਖ ਵਿੱਚ ਕੀ ਕੀ ਵਾਪਰਦਾ ਹੈ, ਕਦੋਂ-ਕਦੋਂ, ਕਿਸ ਕਿਸ ਰਾਹੀਂ ਵਾਪਰਦਾ ਹੈ। ਆਖਰਕਾਰ ਐਸੀਆਂ ਪ੍ਰਤੱਖ ਜਾਂ ਅਪਰਤੱਖ ਸ਼ਕਤੀਆ ਹਨ ਹੀ ਕਿ ਦਹ ਸਦੀਆਂ ਤੋਂ ਲਗਾਤਾਰ ਮਾਨਵਤਾ ਜਿਵੇ ਕਿਵੇਂ ਤੁਰੀ ਜਾ ਰਹੀ ਏ। ਇਸ ਸਭ ਕਾਸੇ ਨੂੰ ਨੇਕ ਸ਼ਕਤੀਆਂ ਆਖ ਸਕਦੇ ਹਾਂ। ਮਾਨਵਤਾ ਦੇ ਵਿਰੋਧ ਵਿੱਚ ਕੀ ਕੀ, ਕਦੋਂ ਕਦੋਂ, ਕਿਵੇਂ-ਕਿਵੇਂ, ਕਿਸ-ਕਿਸ ਰਾਹੀਂ ਵਾਪਰਦਾ ਹੈ, ਸ੍ਰਿਸ਼ਟੀ ਵਿੱਚ ਏਨੇ ਦੁਖ, ਭੁਖ, ਨੰਗ, ਗਰੀਬੀ, ਜ਼ਹਾਲਤ, ਬੇਵਸੀ ਹੈ। ਆਖਰ ਏਨੇ ਸਭ ਕੁਝ ਦਾ ਕੋਈ ਨਾ ਕੋਈ ਸੋਮਾ ਹੈ, ਸੋਮੇ ਦਾ ਅਮਲ ਹੈ। ਇਨ੍ਹਾਂ ਨੂੰ ਸਮੁਚੇ ਤੌਰ ਤੇ ਅਸੀਂ ਬਦੀ ਦੀਆ ਸ਼ਕਤੀਆਂ ਆਖ ਸਕਦੇ ਹਾਂ।

ਉਰਗੇਵਸਕੀ ਉਸ ਦੀ ਧੀ ਗਲਿੰਕਾ, ਉਸ ਦੇ ਮੂੰਹ ਬੋਲੇ ਪੁਤਰ ਐਟੋਵਸਕੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਨੇਕੀ ਦਾ ਪੱਖ ਲਿਆ।

ਉਹ ਸਾਰੇ ਦੇ ਸਾਰੇ ਮਾਰੇ ਗਏ ਹਨ।

ਉਰਗੇਸਵਕੀ ਮਾਰਿਆ ਗਿਆ ਹੈ। ਉਂਜ ਵੀ ਓਹ ਬਜੁਰਗ ਸੀ। ......

ਉਹ ਆਪਣੇ ਸੰਘਰਸ਼ ਦੀ ਕਹਾਣੀ ਕਹਿ ਕੇ ਇੱਕ ਦਘਦੀ ਮਘਦੀ ਲਾਟ ਛੱਡ ਗਿਆ ਹੈ।

ਮੈਂ ਵੀ ਅਤੇ ਆਉਣ ਵਾਲੇ ਸਮਿਆਂ ਵਿੱਚ ਹੋਰ ਖੋਜੀਆਂ ਨੇ ਵੀ ਦਘਦੀ-ਮਘਦੀ ਲਾਟ ਤੋਂ ਰੋਸ਼ਨੀ ਲੈ ਕੇ ਆਪਣੀ ਖੋਜ ਅੱਗੇ ਤੋਰਨੀ ਹੈ।

ਵਰਤਮਾਨ ਸਮੇ ਨੇ ਕੁਝ ਏਹੋ ਜਿਹੇ ਮੁਹਾਣ ਅਪਣਾਏ ਹੋਏ ਹਨ ਕਿ ਬਦੀ ਦੀਆ ਸ਼ਕਤੀਆ ਕਦੇ ਵੀ ਪ੍ਰਤੱਖ ਸਾਹਮਣੇ ਆ ਕੇ ਆਪਣੇ ਕਾਲੇ ਕਾਰਜ ਨਹੀ ਕਰਦੀਆਂ।

ਉਂਜ ਤਾਂ ਸਦਾ ਤੋ ਹੀ ਪਰ ਜਦੋਂ ਕੁ ਤੋਂ ਵਿੱਤ ਦੇ ਸਰਮਾਏ ਦੀ ਮਹੱਤਤਾ ਵਧੀ ਹੈ, ਲੋੜ ਵਧੀ ਹੈ, ਇਸ ਦੇ ਕੇਂਦਰ ਬੈਂਕ ਵਧੇ ਹਨ, ਇਨ੍ਹਾਂ ਨੇ ਆਪਣੀ ਕਾਰਜ ਵਿਧੀ ਗੁਪਤ ਕਰ ਲਈ ਹੋਈ ਹੈ। ਪ੍ਰਤੱਖ ਹੋਣ ਤਾ ਇਨ੍ਹਾਂ ਦਾ ਭੋਗ ਪਾਉਣਾ ਬੜਾ ਹੀ ਸੌਖਾ ਹੈ।

ਤੁਸੀਂ ਉਰਗੇਵਸਕੀ ਦੀ ਜੀਵਨੀ ਪੜ੍ਹੀ ਹੈ, ਮੈ ਵੀ ਪੜ੍ਹੀ ਹੈ। ਬਲਕਿ ਇਉਂ ਕਹੀਏ ਕਿ ਉਹ ਜਿਸ ਜਿਸ ਹਾਲਤ ਵਿੱਚੋ ਲੰਘਿਆ ਹੈ, ਮੈ ਕਿਤੇ ਨਾ ਕਿਤੇ ਐਨ ਨੇੜੇ ਤੇੜੇ ਹੀ ਸਭ ਕੁਝ ਦੇਖਦਾ ਤੇ ਭਾਲਦਾ ਰਿਹਾ ਹਾਂ।

ਵਿਸ਼ੇਸ਼ ਕਰਕੇ ਜਦੋਂ ਉਰਗੇਵਸਕੀ ਰੂਸੀ ਅਤੇ ਇੱਕ ਜਰਮਨ ਆਪਸ ਵਿੱਚ ਮਿਲੇ

Scanned with OKEN Scanner

ਸਨ ਤਾ ਮੈ ਵੀ ਦੋਵਾਂ ਦੇ ਐਨ ਨੇੜੇ ਤੇੜੇ ਹੀ ਵਿਚਰ ਰਿਹਾ ਸਾਂ। ਸੱਭੋ ਕੁਝ ਦੇਖ ਸੁਣ ਤੇ ਅਨੁਭਵ ਕਰ ਰਿਹਾ ਸਾਂ। ਜਰਮਨ ਕਹਿੰਦਾ ਹੈ, "ਰੂਸੀਆ ਤੂੰ ਵੀ ਰੂਸ ਨਾ ਜਾ, ਮੈ ਵੀ ਜਰਮਨ ਨਹੀਂ ਜਾਂਦਾ ਕਿਧਰੇ ਹੋਰ ਚੱਲਦੇ ਹਾਂ।"

ਉਰਗੇਵਸਕੀ ਆਖਦਾ ਹੈ- "ਜਿੱਥੇ ਜਾਵਾਂਗੇ ਉਹ ਧਨ ਦਾ ਬੋਰਾ ਲੈ ਕੇ ਪਹਿਲਾਂ ਹੀ ਉੱਥੇ ਖਲੋਤਾ ਹੋਏਗਾ। ਇਸ ਵੇਲੇ 'ਬੋਧ' ਇਨਸਾਨ ਦਾ ਸਭ ਤੋਂ ਵੱਡਾ ਕਾਰਜ ਹੈ ਉਸ ਨੂੰ ਲੱਭਣਾ ਤੇ ਪ੍ਰਤੱਖ ਦਿਖਾਉਣਾ, ਅਖੌਤੀ ਮਹਾਨ ਤੇ ਹਰਮਨ ਪਿਆਰੇ ਨੇਤਾਵਾਂ ਦੇ ਅਸਲ ਸੱਚ ਨੂੰ ਵੀ ਸਾਹਮਣੇ ਲਿਆਉਣਾ ਉਰਗੇਵਸਕੀ ਕੁਝ ਕਹਿ ਸਕਿਆ, ਪਰ ਬਹੁਤ ਕੁਝ ਅਣਕਿਹਾ ਰਹਿ ਗਿਆ। ਜੋ ਅਣ ਕਿਹਾ ਰਹਿ ਗਿਆ ਵੀ ਮੈ ਸਾਹਮਣੇ ਲਿਆਉਣ ਦਾ ਪੂਰਾ ਯਤਨ ਕਰਾਗਾਂ।

ਅਣਕਹੇ ਦੀ ਸੀਮਾ ਏਨੀ ਵਿਸ਼ਾਲ ਹੈ ਕਿ ਸਾਰੇ ਨੂੰ ਕਹਿ ਸਕਣਾ ਕਿਸੇ ਇੱਕਾ-ਦੁੱਕਾ ਵਿਅੱਕਤੀ, ਵਿਅਕਤੀਆਂ ਦੀ ਪੁੱਜਤ ਵਿੱਚ ਨਹੀਂ ਹੈ। ਰਲ ਮਿਲ ਸਾਰਿਆਂ ਨੂੰ ਹੰਭਲਾ ਮਾਰਨਾ ਪਵੇਗਾ ਵਿਸ਼ੇਸ਼ ਤੋਰ ਤੇ ਬੁੱਧੀਜੀਵੀਆਂ ਦੇ ਮੋਢਿਆਂ ਤੇ ਵਧੇਰੇ ਜਿੰਮੇਵਾਰੀ ਆਣ ਪੈਂਦੀ ਹੈ।

ਬੁੱਧੀਜੀਵੀਆਂ ਨੂੰ ਵੀ ਇਹ ਮੰਨਕੇ ਚੱਲਣਾ ਪਵੇਗਾ ਕਿ ਕਿਸੇ ਵੀ ਖੇਤਰ ਦਾ ਸੱਚ ਪ੍ਰਤੱਖ ਸਾਹਮਣੇ ਬਣਿਆ ਬਣਾਇਆ ਨਹੀਂ ਲੱਭੇਗਾ। ਤਹਿ-ਦਰ-ਤਹਿ ਖੋਜਣਾ ਪਵੇਗਾ। ਦੌਲੇ ਸ਼ਾਹ ਦੀਆਂ ਲੋਹ ਟੋਪੀਆਂ ਨੂੰ ਕੱਸ ਕੱਸ ਕੇ ਪਹਿਨਣ ਤੋਂ ਬਚਣਾ ਪਵੇਗਾ।

ਸੋਚ-ਸੋਚ ਕੇ, ਵਿਚਾਰ-ਵਿਚਾਰ ਕੇ ਮੇਰੀ ਪਹੁੰਚ ਇਹ ਬਣੀ ਹੈ ਕਿ ਮੈ ਆਪਣੀ ਖੋਜ ਨੂੰ ਦੋ ਭਾਗਾਂ ਵਿੱਚ ਵੰਡ ਲਵਾਂ। ਪਹਿਲਾ ਕਿ ਉਸ ਕੁਝ ਦਾ ਵਰਣਨ ਕਰਾਂ ਜੋ ਪ੍ਰਤੱਖ ਸਾਹਮਣੇ ਦਿਸਦਾ ਹੈ ਅਤੇ ਜੋ ਸਾਡੇ ਵਿਦਿਅੱਕ-ਅਦਾਰਿਆਂ ਵਿੱਚ ਪੜ੍ਹਿਆ ਪੜ੍ਹਾਇਆ, ਪਰਚਾਰਿਆ ਤੇ ਵਿਦਿਅਕ ਪ੍ਰਣਾਲੀ ਦਾ ਹਿੱਸਾ ਬਣਾਇਆ ਜਾਂਦਾ ਹੈ, ਜਿਸ ਅਨੁਸਾਰ ਕਕਸ਼ਾਵਾਂ ਲੱਗਦੀਆਂ, ਇਮਤਿਹਾਨ ਹੁੰਦੇ ਤੇ ਡਿਗਰੀਆਂ ਮਿਲਦੀਆਂ ਹਨ। ਇਹ ਪ੍ਰਤੱਖ ਸੱਚ ਹੈ, ਫੋਟੋਗ੍ਰਾਫਿਕ ਸੱਚ ਹੈ। ਦੂਸਰਾ ਅਸਲ ਸੱਚ ਜੋ ਕਿ ਪੜ੍ਹਿਆ ਪੜ੍ਹਾਇਆ ਨਹੀਂ ਜਾਂਦਾ ਹੈ। ਉਂਜ ਉਸਦੇ ਵੀ ਗੁਪਤ ਸਕੂਲ, ਸੰਸਥਾਵਾਂ, ਯੂਨੀਵਰਸਿਟੀਆਂ, ਇਮਤਿਹਾਨ ਤੇ ਡਿਗਰੀਆਂ ਹੁੰਦੀਆਂ ਹਨ। ਇਹ ਪਰਦਿਆਂ ਪਿਛਲਾ ਅਸਲ ਸੱਚ ਹੁੰਦਾ ਹੈ। ਇਹ ਉਨਾਂ ਤਾਕਤਾਂ ਦਾ ਸੱਚ ਹੈ ਜੋ ਪਰਦੇ ਪਿੱਛੇ ਰਹਿ ਕੇ ਧਰਤੀ ਦੀ ਉੱਪਜ ਅਤੇ ਜਨਸੰਖਿਆ ਤੇ ਕਾਬਜ਼ ਹੋਣਾ ਲੋਚਦੇ ਹਨ। ਇਹ ਅਸਲੀ ਤਾਲੀਮ ਹੈ, ਮਨੁਖ ਦੀ ਅਸਲੀ (ਅਖੌਤੀ ਨਹੀਂ) ਮੁਕਤੀ ਬਰਾਬਰੀ ਅਤੇ ਭਾਈਚਾਰੇ ਦੀ ਤਾਲੀਮ ਹੈ।

ਮੈਂ ਜੋ ਲਿਖਣ ਜਾ ਰਿਹਾ ਹਾਂ, ਇਸ ਵਿੱਚ ਦੋਵੇ ਪੱਖ ਰੱਖਣ ਦੀ ਕੋਸ਼ਿਸ਼ ਕਰਾਗਾਂ। ਇੱਕ ਜੋ ਪੜ੍ਹਿਆ ਪੜ੍ਹਾਇਆ ਜਾਦਾ ਹੈ ਅਤੇ ਦੂਸਰਾ ਜੋ ਪੜ੍ਹੇ ਪੜ੍ਹਾਏ ਦੇ ਪਿਛਲਾ ਅਸਲ ਸੱਚ ਹੈ।

Scanned with OKEN Scanner

ਮੈਂ ਦਾਅਵਾ ਨਹੀ ਕਰਦਾ ਹਾ ਕਿ ਮੈ ਜੋ ਕਹਾਗਾਂ, ਲਿਖਾਗਾਂ, ਉਹ ਪੱਥਰ ਤੇ ਲੀਕ ਹੋਵੇਗੀ। ਸਮਾਂ ਤੁਰਦਾ ਰਹਿੰਦਾ ਹੈ, ਖੋਜ ਤੇ ਸੱਚ ਦੀ ਭਾਲ ਵੀ ਤੁਰੀ ਰਹਿੰਦੀ ਹੈ। ਆਪਾਂ ਰਲ ਮਿਲ ਤੁਰਦੇ ਰਹੀਏ ਤੇ 'ਫਤਬੇ' ਨਾ ਦੇਈਏ, ਈਰਖਾ ਕਰੀਏ ਨਾ ਕੀਨਾ, ਆਪਣੀ ਖੋਜ ਦਾ ਕੋਈ ਹਿੱਸਾ ਸ਼ੱਕੀ ਅਰਧ-ਸੱਚ ਵੀ ਸਾਬਤ ਹੋ ਜਾਏ ਤਾਂ ਉਸ ਉੱਪਰ ਅੜੀਏ ਨਾ।

ਪਹਿਲੇ ਯੁੱਧ 1914-19 ਦਾ ਪ੍ਰਤੱਖ ਤੇ ਪਰਦਿਆਂ ਪਿਛਲੇ ਸੱਚ ਦਾ ਵਰਣਨ ਓਰਗੇਵਸਕੀ ਨੇ ਕੀਤਾ ਹੈ ਭਾਵੇ ਇਹ ਸਭ ਕੁਝ ਉਸ ਦੇ ਨਿੱਜੀ ਜੀਵਨ ਵਿੱਚ ਵਾਪਰਿਆ ਹੈ ਏਸ ਤੋ ਬਾਅਦ ਵਾਲੇ ਸਮੇ ਦਾ ਮੈ ਕਰਦਾ ਹਾਂ।

ਹਾਂ, ਤਾਂ, ਪਹਿਲਾ ਯੁੱਧ 1914-19 ਵਿਚਕਾਰ ਲੜਿਆ ਗਿਆ। 1917 ਵਿੱਚ ਰੂਸ ਦਾ ਬਾਦਸ਼ਾਹ ਪਰਿਵਾਰ ਸਮੇਤ ਕਤਲ ਕੀਤਾ ਗਿਆ। 1918 ਵਿੱਚ ਜਰਮਨ ਦਾ ਬਾਦਸ਼ਾਹ ਕੈਸਰ ਭੱਜ ਗਿਆ। ਛੇਤੀ ਮਗਰੋਂ ਯੁੱਧ ਬੰਦੀ ਦਾ ਐਲਾਨ ਹੋ ਗਿਆ। ਜਰਮਨ ਚ ਚੋਣਾ ਹੋਈਆਂ ਤੇ 'ਵੀਮਰ' ਦੇ ਸਥਾਨ ਤੇ ਪਹਿਲੇ ਪ੍ਰਧਾਨ ਫੈਡਰਿਕ ਅਲਰਟ (Friedricch Elert) ਦੀ ਪ੍ਰਧਾਨਗੀ ਵਾਲੀ ਸਰਕਾਰ ਬਣੀ ਜੋ ਖਿਚੜੀ ਸਰਕਾਰ ਸੀ ਤੇ ਨਾਲ ਹੀ ਪੈਰਿਸ ਦੇ ਵਰਸੇਲਸ ਮਹਿਲ ਦੇ ਸ਼ੀਸ਼ ਮਹਿਲ ਵਿਖੇ ਸੰਧੀ ਦੀਆ ਸ਼ਰਤਾ ਦੀ ਕਵਾਇਦ ਸ਼ੁਰੂ ਹੋਈ। ਪ੍ਰਧਾਨ ਬਦਲਦੇ ਰਹੇ, ਪਰ ਸੰਧੀ ਦੀ ਲਿਖਤ 28-6-1919 ਨੂੰ ਪੂਰੀ ਹੋਈ।

ਉਧਰ ਬਾਵੇਰੀਆ ਵਿੱਚ ਰੋਜ਼ਾ ਲਕਸਮਵਰਗ ਦੀ ਸਰਕਾਰ ਬਣੀ। ਸੰਧੀ ਦੇ ਕੁਲ 15 ਭਾਗ ਹਨ ਅਤੇ 440 ਮੱਦਾ ਹਨ। ਸੰਧੀ ਅਨੁਸਾਰ ਯੁੱਧ ਦਾ ਮੁਖ ਜਿੰਮੇਵਾਰ ਜਰਮਨ ਸੀ। ਨੁਕਸਾਨ ਦੇ ਹਰਜਾਨੇ ਵਜੋ ਜਰਮਨੀ ਨੂੰ 33 ਬਿਲੀਅਨ ਡਾਲਰ ਤਾਵਾਨ......

ਜਰਮਨੀ ਦੀਆਂ ਦੁਨੀਆਂ ਭਰ ਵਿੱਚ ਬਸਤੀਆ ਦਾ ਅਧਿਕਾਰ ਖਤਮ......

ਜ਼ਮੀਨੀ, ਸਮੁੰਦਰੀ ਅਤੇ ਹਵਾਈ ਫੌਜ ਵਿੱਚ ਏਨੀ ਕਟੌਤੀ ਕਿ ਫੌਜ ਫੌਜ ਨਾ ਰਹਿ ਕੇ ਪੁਲਸ ਦੀ ਰੈਜਮੈਂਟ ਬਣ ਜਾਵੇ ਜਿਸ ਵਿੱਚ ਸਿਪਾਹੀਆ ਦੀ ਗਿਣਤੀ 10,000 ਤੋ ਵੱਧ ਨਾ ਹੋਵੇ। ਫੋਜ ਟੈਂਕ, ਸਮੁੰਦਰੀ ਜਹਾਜ਼ ਤੇ ਲੜਾਕੇ ਜਹਾਜ ਨਹੀਂ ਵਰਤ ਸਕੇਗੀ। ਜਰਮਨੀ ਦੀ ਏਕਤਾ ਅਖੰਡਤਾ ਬੁਰੀ ਤਰਾ ਵੱਢੀ ਟੁੱਕੀ ਗਈ। ਜਰਮਨੀ ਦੇ ਕੁਲ ਰਕਬੇ ਵਿੱਚੋਂ 13.5%, ਜਿੱਥੇ ਵੱਸਦੀ 70 ਲੱਖ ਵਸੋਂ, ਖੋਹ ਲਈ ਗਈ ਜੋ ਫਰਾਂਸ, ਪੋਲੈਂਡ, ਚੈਕੋਸਲੋਵਾਕੀਆ ਵਿੱਚ ਵੰਡੀ ਗਈ। ਲੀਗ ਆਫ ਨੇਸ਼ਨਜ ਸੰਧੀ ਤੇ ਬਾਜ਼ ਅੱਖ ਰੱਖੇਗੀ।

ਜਿਨ੍ਹਾਂ ਮਕਸਦਾਂ ਨੂੰ ਮੁਖ ਰੱਖ ਕੇ ਇਹ ਸੰਧੀ ਹੋਈ ਸੀ, ਪੂਰੇ ਹੋਣ ਲੱਗੇ। ਮੁਦਰਾ ਦੀ ਕੀਮਤ ਘੱਟਦੀ ਘੱਟਦੀ ਏਨੀ ਘੱਟ ਗਈ ਕਿ ਦਸ ਹਜਾਰ ਮਾਰਕ ਵਿੱਚ ਵੀ ਇੱਕ ਕੱਪ ਚਾਹ ਨਹੀ ਖਰੀਦੀ ਜਾ ਸਕਦੀ ਸੀ। ਭੁਖਮਰੀ, ਬੇਵਸੀ, ਬਗਾਵਤਾਂ, ਬਦਅਮਨੀ, ਬੇਚੈਨੀ, ਕਤਲੋਗਾਰਤ, ਚੋਰੀਆਂ, ਡਾਕੇ, ਲੁੱਟਾਂ, ਖੋਹਾਂ, ਯਾਨੀ ਸਿਖਰਲੀ ਹਨੇਰ ਗਰਦੀ (Chaos).

ਖੱਬੀਆਂ, ਸੱਜੀਆਂ, ਕੇਂਦਰੀ ਅਤੇ ਧਰਮ ਅਧਾਰਿਤ ਸਿਆਸੀ ਪਾਰਟੀਆਂ ਜਿਨਾ ਨੇ ਮਿਲ ਕੇ ਸੰਕਟ ਦੇ ਸਮੇ ਸੰਕਟ ਦਾ ਹੱਲ ਲੱਭਣਾ ਸੀ , ਸਗੋਂ ਹੋਰ ਫੁੱਟ ਅਤੇ ਅਰਾਜਕਤਾ ਦਾ

Scanned with OKEN Scanner

ਸ਼ਿਕਾਰ ਹੁੰਦੀਆਂ ਗਈਆਂ। 1923 ਵਿੱਚ ਲੀਗ ਆਫ ਨੇਸ਼ਨਜ ਦੀ ਮੰਜੂਰੀ ਨਾਲ ਤਾਵਾਨ ਅਦਾ ਨਾ ਕੀਤਾ ਜਾ ਸਕਣ ਕਾਰਨ ਫਰਾਸ ਅਤੇ ਬੈਲਜੀਅਮ ਨੇ ਮੁੜ ਜਰਮਨੀ ਵਿਰੁੱਧ ਹਮਲਾ ਕਰਕੇ ਹੋਰ ਜ਼ਮੀਨ ਤੇ ਵਸੋਂ ਖੋਹ ਲਈ। ਬਲਦੀ ਤੇ ਹੋਰ ਤੇਲ ਪਾਇਆ।

ਜਰਮਨੀ ਦੀ 'ਵੀਮਰ ਸਰਕਾਰ' ਦਾ ਪਹਿਲਾ ਪ੍ਰਧਾਨ 1918 ਫਰੈਡਰਿਕ ਐਲਰਟ ਤੇ ਆਖਰੀ ਪ੍ਰਧਾਨ 1933 ਹਿੰਡਜਬਰਗ ਸੀ। ਇਨਾ 15 ਸਾਲਾਂ ਵਿੱਚ ਕਈ ਪ੍ਰਧਾਨ ਬਦਲੇ।

ਇੱਕ ਵਾਰੀ 1922 ਵਿੱਚ ਹਿਟਲਰ ਨੇ ਯਤਨ ਕੀਤਾ ਪਰ ਅਸਫਲ ਰਿਹਾ। ਆਪਣੇ ਸਾਥੀ ਸਮੇਤ ਜੇਲ੍ਹ ਭੁਗਤੀ ਸੀ ਜਿੱਥੇ ਓਸਨੇ 'ਮੀਨਕੀਫ' (ਮੇਰੇ ਦੁਖ) ਦੀ ਰਚਨਾ ਕੀਤੀ ਸੀ। 1933 ਵਿੱਚ ਓਹ ਜਰਮਨ ਦੇ ਚਾਂਸਲਰ ਦੇ ਰੂਪ ਵਿੱਚ ਦੁਆਰਾ ਕਾਮਯਾਬ ਹੋਇਆ ਤੇ ਨਵਾਂ ਯੁੱਗ ਸ਼ੁਰੂ ਹੋਇਆ।

ਮਸੋਲੀਨੀ (ਇਟਲੀ), ਹਿਟਲਰ (ਜਰਮਨੀ), ਤੋਜੋ (ਜਾਪਾਨ)

ਏਧਰ ਜਰਮਨ ਵਿੱਚ ਹਿਟਲਰ ਆਇਆ ਤਾਂ ਓੱਧਰ ਇਟਲੀ ਅਤੇ ਜਾਪਾਨ ਵੀ ਪਿੱਛੇ ਨਹੀਂ ਰਹੇ। ਇਟਲੀ ਵਿੱਚ ਵੀਹਵਿਆਂ ਤੋਂ ਫਾਸਿਸਟ ਪਾਰਟੀ ਦਬਾ ਬਣਾਉਂਦੀ ਬਣਾਉਂਦੀ ਮਸੋਲੀਨੀ ਦੇ ਮਜਬੂਤ ਹੱਥਾਂ ਵਿੱਚ ਆ ਗਈ। ਵਾਹਵਾ ਦਬਾ ਦਬਾ ਬਣਾ ਗਈ।

ਜਾਪਾਨ ਦੇ ਤੋਜੋ ਨੇ ਚੀਨ ਅਤੇ ਰੂਸ ਨੂੰ ਵੀ ਵਖਤ ਵਿੱਚ ਪਾ ਦਿੱਤਾ ।

ਵੱਡਾ ਮਸਲਾ ਇਹ ਕਿ ਤਹਿਵਿਆਂ ਵਿੱਚ ਸੋਵੀਅਤ ਰੂਸ ਵਿੱਚ ਸਟਾਲਿਨ ਸੋਵੀਅਤਾਂ ਦਾ ਸਰਵ-ਸ਼ਕਤੀਮਾਨ ਹਸਤੀ ਬਣ ਗਿਆ।

ਯੂਰਪ-ਅਮਰੀਕਾ ਦੇ ਆਪਣੇ ਸਮੀਕਰਨ ਬਣਦੇ ਵਿਗੜਦੇ ਤੇ ਮੁੜ ਉਸਰਦੇ ਗਏ। ਉਨ੍ਹਾਂ ਲਈ ਸਟਾਲਿਨ ਦੀ ਲਗਾਤਾਰ ਵੱਧਦੀ ਸ਼ਕਤੀ ਇੱਕ ਵੱਖਰੀ ਸਮੱਸਿਆ ਬਣ ਗਈ ਸੀ। ਉਹ ਕਮਿਊਨਿਸਟ ਇਨਟਰਨੈਸ਼ਨਲ ਰਾਹੀਂ ਸਾਰੀ ਦੁਨੀਆਂ ਨੂੰ ਸੋਵੀਅਤਾਂ ਦੇ ਰੂਪ ਵਿੱਚ ਢਾਲਣ ਲਈ ਯੋਜਨਾਵਾ ਬਣਾਈ ਜਾ ਰਿਹਾ ਸੀ, ਸਮੇਲਨ ਦਰ ਸਮੇਲਨ ਕਰੀ ਜਾ ਰਿਹਾ ਸੀ ਤੇ ਲਗਪਗ ਹਰ ਦੇਸ਼ ਵਿੱਚ ਕਮਿਊਨਿਸਟ ਪਾਰਟੀਆਂ ਦੀਆਂ ਬੁਨਿਆਦਾਂ ਤੋ ਵੀ ਅੱਗੇ ਜਾ ਕੇ ਕਮਿਊਨਿਸਟ ਪਾਰਟੀਆਂ ਦਾ ਸਰਪ੍ਰਸਤ ਬਣਦਾ ਜਾ ਰਿਹਾ ਸੀ।

ਹਿਟਲਰ ਸਟਾਲਿਨ ਨਾਲੋ 10 ਸਾਲ ਬਾਅਦ ਸਟੇਟ ਸ਼ਕਤੀ ਤੇ ਕਾਬਜ ਹੋਇਆ ਸੀ, ਪਰ 5-6 ਸਾਲਾਂ ਵਿੱਚ ਉਹ ਸਟਾਲਿਨ ਦੀ ਬਰਾਬਰੀ ਤੋਂ ਅੱਗੇ ਲੰਘ ਜਾਣ ਦੇ ਸੁਪਨੇ ਦੇਖਣ ਲੱਗਾ। ਜਰਮਨ ਹੋਰ ਦਾ ਹੋਰ ਹੋਣ ਲੱਗਾ ਜੋ ਕਿ ਵਿਰੋਧੀਆਂ ਲਈ ਚਿੰਤਾ ਦਾ ਵਿਸ਼ਾ ਬਣ ਗਿਆ।

ਫਸਾਦ ਦੀ ਜੜ੍ਹ ਜਰਮਨ ਦਾ ਹੀ ਇਕ ਜ਼ਿਲਾ ਡੋਲਜਿੰਦ (Dolzend Distt) ਬਣਦਾ ਗਿਆ। ਅਸਲ ਵਿੱਚ ਇਹ ਜਰਮਨੀ ਦੀ ਧਰਤ ਦਾ ਇੱਕ ਨਿਕਾ ਜਿਹਾ ਹਿੱਸਾ ਸੀ

Scanned with OKEN Scanner

ਪਰ ਵਰਸੇਲ ਸੰਧੀ ਦੀ ਲਿਖਤ ਕਰਨ ਸਮੇ ਇਸ ਦਾ ਇਰਦ ਗਿਰਦ ਦਾ ਖੇਤਰ ਪੋਲੈਂਡ ਨੂੰ ਦੇ ਦਿੱਤਾ ਗਿਆ। ਇਸ ਜਿਲੇ ਦੀ ਧਰਤੀ ਤੱਕ ਪਹੁੰਚਣ ਲਈ ਜਰਮਨੀ ਵਾਸਤੇ ਕੋਈ ਰਸਤਾ, ਕੋਈ ਜੋੜ, ਨਹੀ ਛੱਡਿਆ ਗਿਆ। ਉਲਟਾ ਪੋਲੈਂਡ ਨੇ ਡੋਲਜਿੰਦ ਤੇ ਜਰਮਨ ਨੂੰ ਜੋੜਨ ਵਾਲੀ ਸੜਕ ਤੇ ਮਜਬੂਤ ਫਾਟਕ ਉਸਾਰ ਲਿਆ ਤੇ ਜਿਸ ਨੂੰ (Poland Corridor) ਪੋਲੈਂਡ ਦਰਵਾਜਾ ਆਖਿਆ ਜਾਣ ਲੱਗਾ। ਇਸ ਦਰਵਾਜੇ ਰਾਹੀਂ ਜਰਮਨ ਫੋਜਾ ਜਾਂ ਸਿਵਿਲੀਅਨਾਂ ਦਾ ਲਾਂਘਾਂ ਬੰਦ ਕਰ ਦਿੱਤਾ ਗਿਆ। ਹਰ ਨਵੇਂ ਦਿਨ ਹਿਟਲਰ ਦੀ ਅਗਵਾਈ ਵਿੱਚ ਜਰਮਨ ਮੁੜ ਪੈਰਾਂ ਤੇ ਖੜਾ ਹੋ ਰਿਹਾ ਸੀ। ਹਿਟਲਰ ਨੇ ਹਰ ਸੰਭਵ ਯਤਨ ਕੀਤਾ ਕਿ ਇਸ ਲਾਂਘੇ ਬਾਰੇ ਪੋਲੈਡ ਨਾਲ ਕੋਈ ਨਾ ਕੋਈ ਸਮਝੋਤਾ ਹੋ ਜਾਵੇ। ਪੋਲੈਂਡ ਚਾਹੁੰਦੇ ਹੋਏ ਵੀ ਇੰਦਾਂ ਨਾ ਕਰ ਸਕਿਆ। ਉਸ ਦੇ ਪਿੱਛੇ ਜਰਮਨ ਦੇ ਦੁਸ਼ਮਣ ਸ਼ਰੀਕਾਂ ਦੀ ਪੂਰੀ ਸ਼ਹਿ ਸੀ।



ਵਿਸ਼ਵ ਯੁੱਧ 2 ਦੀ ਜੜ੍ਹ
ਪੋਲੈਂਡ ਕੋਰੀਡੋਰ

ਮੁੜ ਪਹਿਲੇ ਵਿਸ਼ਵ ਯੁੱਧ ਵਾਲੀਆ ਪਾਲਬੰਦੀਆਂ ਹੋਣ ਲੱਗੀਆਂ। ਭਾਵੇ ਹਿਟਲਰ ਦੇ ਜਰਮਨੀ ਅਤੇ ਸਟਾਲਿਨ ਦੇ ਸੋਵੀਅਤ ਦੇਸ਼ ਵਿਚਕਾਰ ਯੁੱਧਬੰਦੀ ਦਾ ਸਮਝੋਤਾ ਹੋ ਗਿਆ ਸੀ ਪਰ ਸਾਰੇ ਯੂਰਪ ਅਤੇ ਅਮਰੀਕਾ ਵਿੱਚ ਸਮਝਿਆ ਜਾਦਾ ਸੀ ਕਿ ਇਹ ਸਮਝੌਤਾ ਐਵੇਂ ਪਰਦਾ ਜਿਹਾ ਹੀ ਸੀ। ਫੇਰ ਦੋਹਾਂ ਤਾਨਾਸ਼ਾਹਾਂ ਦਾ ਆਪਸੀ ਸਮਝੋਤਾ ਤਾਂ ਦੁਨੀਆਂ ਦੇ ਸਮੀਕਰਨ ਸਦਾ ਲਈ ਬਦਲ ਸਕਦਾ ਸੀ। ਏਧਰ ਇਟਲੀ ਦੇ ਮਸੋਲੀਨੀ (ਜਿਸ ਨੇ ਉੱਥੋਂ ਦੇ ਬਾਦਸ਼ਾਹ ਨੂੰ ਕਠਪੁਤਲੀ ਬਣਾ ਧਰਿਆ ਸੀ) ਨੇ ਹਿਟਲਰ ਨੂੰ ਤੋੜ ਨਿਭਾਓਣ ਦਾ ਪੂਰਾ ਵਿਸ਼ਵਾਸ ਦੁਆ ਦਿੱਤਾ ਸੀ।

ਪੋਲੈਂਡ ਲਾਂਘਾ, ਪੱਚੀ ਸਾਲ ਪਹਿਲਾਂ ਵਾਲਾ ਸ਼ਹਿਜਾਦਾ ਫਰਦੀਨੰਦ ਦੇ ਕਤਲ ਵਾਲਾ ਵੱਕਾਰ ਦਾ ਮਸਲਾ ਬਣ ਗਿਆ।

ਹਿਟਲਰ ਨੇ ਜਰਮਨੀ ਦੀਆ ਫੋਜਾ ਦੇ ਡੋਨਜਿੰਦ ਪੁਜਣ ਲਈ ਲਾਂਘੇ ਦੀਆਂ ਸਾਰੀਆਂ ਰੋਕਾਂ ਤਬਾਹ ਕਰ ਦਿੱਤੀਆਂ। ਏਸ ਹਰਕਤ ਨੂੰ ਜਰਮਨੀ ਦਾ ਪੋਲੈਂਡ ਤੇ ਹਮਲਾ ਗਰਦਾਨਿਆ ਗਿਆ। ਫੌਜਾਂ ਪਹਿਲਾਂ ਹੀ ਤਿਆਰ ਬਰ ਤਿਆਰ ਸਨ। ਦਿਨ੍ਹਾਂ ਹਫਤਿਆ ਵਿੱਚ ਭੇੜ ਦੇ ਸਮੀਕਰਨ ਪਹਿਲੇ ਵਿਸ਼ਵ ਯੁੱਧ ਵਾਲੇ ਬਣ ਗਏ।

ਜਰਮਨ, ਇਟਲੀ, ਸਪੇਨ, ਜਾਪਾਨ, ਕੇਂਦਰੀ ਤਾਕਤਾ ਅਤੇ ਫ੍ਰਾਂਸ, ਬਰਤਾਨੀਆਂ, ਰੂਸ, ਅਮਰੀਕਾ ਆਦਿ ਮਿਤਰ ਤਾਕਤਾਂ।

ਇਹ ਸੱਭ ਕੁਝ ਇਤਿਹਾਸ ਦਾ ਹਿੱਸਾ ਹੈ ਹੀ। ਫੇਰ ਉਹ ਇਤਿਹਾਸ ਜੋ ਆਮ ਹੀ ਪੜ੍ਹਿਆ ਪੜ੍ਹਾਇਆ ਜਾਂਦਾ ਹੈ ਤੇ ਜਿਸ ਦੇ ਪੜ੍ਹੇ-ਪੜ੍ਹਾਏ ਅਨੁਸਾਰ ਖੋਜ ਵੀ ਚੱਲਦੀ ਰਹਿੰਦੀ ਹੈ। ਸਕਾਲਰ ਲੋਗ ਡਿਗਰੀਆਂ ਲੈਂਦੇ ਹਨ ਅਤੇ ਅੱਗੇ ਫਿਰ ਉਹੀ ਇਤਿਹਾਸ ਦਿਲ ਦਿਮਾਗ

Scanned with OKEN Scanner
Scanned with OKEN Scanner

ਅਤੇ ਜ਼ਿਹਨ ਦਾ ਹਿੱਸਾ ਬਣਾਇਆ ਜਾਂਦਾ ਹੈ।

ਮੈਂ ਹਿਟਲਰ ਦੇ ਤਾਕਤ ਵਿੱਚ ਆਉਣ ਤੋਂ ਲੈ ਕੇ ਵਿਸ਼ਵ ਯੁੱਧ ਦੂਜੇ ਦੇ ਅੰਤ ਤੱਕ ਕੁਝ ਫੋਟੋਗ੍ਰਾਫਿਕ ਤੱਥ ਇੱਥੇ ਪੇਸ਼ ਕਰ ਦਿੰਦਾ ਹਾਂ।

ਜਨਵਰੀ 30, 1933, ਵਾਲੇ ਦਿਨ ਜਰਮਨ ਦਾ ਪ੍ਰਧਾਨ ਪਾਲ ਹਿੰਡਨ ਬਰਗ Paul Hinden Burg ਦਸਾਂ ਸਾਲਾਂ ਤੋ ਯਤਨ ਕਰ ਰਹੇ ਅਡੋਲਫ ਹਿਟਲਰ ਜੋ ਕਿ ਉਦੋਂ ਤੱਕ ਨੈਸ਼ਨਲ ਸੋਸ਼ੋਲਿਸ਼ਟ ਜਰਮਨ ਵਰਕਰਜ ਪਾਰਟੀ ਜਿਸ ਨੂੰ ਸੰਖੇਪ ਵਿੱਚ 'ਨਾਜ਼ੀ ਪਾਰਟੀ' ਕਿਹਾ ਜਾਣ ਲੱਗ ਪੈਂਦਾ ਹੈ, ਨੂੰ ਜਰਮਨ ਦੇਸ਼ ਦੀ ਸਰਕਾਰ ਦਾ ਮੁਖੀਆ ਅਰਥਾਤ 'ਚਾਂਸਲਰ' ਨਿਯੁਕਤ ਕਰ ਦਿੰਦਾ ਹੈ। 'ਮੀਨ ਕੀਫ' ਪੁਸਤਕ ਨੇ ਪਹਿਲਾਂ ਹੀ ਉਸ ਨੂੰ ਬਹੁਤ ਹਰਮਨ ਪਿਆਰਾ ਬਣਾ ਦਿਤਾ ਹੋਇਆ ਹੈ।

ਉਹ ਦੋ ਮਹੀਨੇ ਦੇ ਵਿੱਚ ਵਿੱਚ ਹੀ ਬਕਾਇਦਾ ਕਾਨੂੰਨ ਪਾਸ ਕਰਵਾ ਕੇ ਪਾਰਲੀਮੈਂਟ, ਤੀਸਰੀ ਰੀਚ (Third Retchtag) ਭੰਗ ਕਰਵਾ ਕੇ, ਲੋਕ ਰਾਜੀ ਸਰਕਾਰੀ ਮੁਖੀ ਤੋਂ ਤਾਨਾਸ਼ਾਹੀ ਵੱਲ ਨੂੰ ਵੱਧਣਾ ਸ਼ੁਰੂ ਕਰਦਾ ਹੈ।

ਤਿੰਨ ਸਾਲਾਂ ਦੇ ਵਿੱਚ ਵਿੱਚ ਉਹ ਏਨਾ ਹਰਮਨ ਪਿਆਰਾ ਤੇ ਸ਼ਕਤੀ ਸ਼ਾਲੀ ਹੋ ਜਾਂਦਾ ਹੈ ਕਿ ਉਹ ਸ਼ਰੇਆਮ ਵਰਸੇਲਜ ਸੰਧੀ ਅਤੇ 1925 ਦੇ 'ਲੋਕਾਰਨੋ ਸਮਝੋਤੇ' ਨੂੰ ਭੰਗ ਕਰਨਾ ਸ਼ੁਰੂ ਕਰ ਦਿੰਦਾ ਹੈ।

13 ਮਾਰਚ 1938 ਤੱਕ ਦੇਸ਼ ਨਾਲੋਂ ਤੋੜੇ ਗਏ ਆਸਟਰੀਆ ਨੂੰ ਮੁੜ ਜਰਮਨੀ ਨਾਲ ਮਿਲਾ (Annexation) ਲੈਂਦਾ ਹੈ। ਸਮਝੋ ਕਿ ਉਸ ਨੇ ਆਪਣੀ ਸ਼ਕਤੀ ਦਾ ਅਤੇ ਸਮਝੌਤਿਆਂ ਨੂੰ ਭੰਗ ਕਰਨ ਦਾ ਸ਼ਰੇਆਮ ਮੁਜ਼ਾਹਰਾ ਕਰ ਦਿੱਤਾ ਹੈ।

30 ਸਤੰਬਰ 1938 ਨੂੰ ਜਰਮਨੀ ਦੇ ਹਿਟਲਰ, ਇਟਲੀ ਦੇ ਪ੍ਰਾਈਮ ਮਨਿਸਟਰ ਬੈਨੀਟੋ ਮਸੋਲੀਨੀ, ਫ੍ਰਾਂਸ ਦੇ ਪ੍ਰੀਮੀਅਰ (Edouyard Daladier) ਐਡੂਅਰਡ ਡਲੇਦੀਅਰ, ਬਰਤਾਨੀਆ ਦੇ ਪ੍ਰਾਈਮ ਮਨਿਸਟਰ ਨੇਬਲ ਚੇਬਰਲੇਨ, ਇਨ੍ਹਾਂ ਚੋਹਾਂ ਵਿਚਕਾਰ ਇੱਕ ਸਮਝੌਤਾ ਹੁੰਦਾ ਹੈ, ਜਿਸ ਨੂੰ 'ਮੂਨਿਖ ਸਮਝੋਤਾ' ਕਿਹਾ ਜਾਂਦਾ ਹੈ। ਹਿਟਲਰ ਪਹਿਲੀ ਵਾਰੀ ਦੁਨੀਆਂ ਸਾਹਮਣੇ ਆਪਣਾ ਸ਼ਕਤੀ ਪ੍ਰਦਰਸ਼ਨ ਕਰਵਾ ਕੇ ਮਨਵਾ ਲੈਂਦਾ ਹੈ ਕਿ ਸੂਡੇਂਟਨ ਲੈਂਡ (Sudentenland) ਨਾਮ ਦਾ ਖੇਤਰ ਜਿਸ ਤੇ ਚੈਕੋਸਲੋਵਾਕੀਆਂ ਦਾ ਅਧਿਕਾਰ ਹੈ ਤੇ ਜਿੱਥੇ ਜਰਮਨ ਨਸਲ ਦੇ ਵਧੇਰੇ ਲੋਕ ਰਹਿੰਦੇ ਹਨ, ਜਰਮਨੀ ਆਪਣੇ ਵਿੱਚ ਸ਼ਾਮਿਲ ਕਰ ਲਵੇ। ਵਹਿਮ ਪਾਇਆ ਜਾਂਦਾ ਹੈ ਕਿ ਬਾਕੀ ਦੇ ਤਿੰਨ ਦੇਸ਼ ਮੁਖੀ ਲੜਾਈ ਟਾਲਣਾ ਚਾਹੁੰਦੇ ਹਨ।

ਮਾਰਚ 1939 ਵਿੱਚ ਹਿਟਲਰ ਇਸ ਸਮਝੌਤੇ ਦੀਆਂ ਵੀ ਧੱਜੀਆਂ ਉੜਾ ਕੇ ਚੈਕੋਸਲੋਵਾਕੀਆ, ਬੋਹੀਮੀਆਂ ਅਤੇ ਮੋਰਬੀਆ ਖੇਤਰ ਵੀ ਆਪਣੇ ਵਿੱਚ ਸ਼ਾਮਿਲ ਕਰ ਲੈਂਦਾ ਹੈ।

Scanned with OKEN Scanner

ਹਿੱਟਲਰ ਦੀਆਂ ਕੋਸ਼ਿਸ਼ਾਂ ਕਿ ਉਹ ਜਰਮਨੀ ਦੇ ਜ਼ਿਲੇ ਡੇਨਜਿੰਦ ਤੱਕ ਲਾਂਘੇ ਰਾਹੀਂ ਪਹੁੰਚ ਬਣਾਏ ਅਸਫਲ ਹੁੰਦੀਆਂ ਹਨ।

ਹੋਰ ਛੇ ਮਹੀਨੇ ਦੇ ਵਿੱਚ ਵਿੱਚ ਪਹਿਲੀ ਸਤੰਬਰ 1939 ਨੂੰ ਓਹ ਜਬਰਦਸਤੀ ਲਾਂਘਾ ਬਣਾ ਲੈਂਦਾ ਹੈ। ਵਿਰੋਧ ਹੁੰਦਾ ਹੈ ਤਾਂ ਉਹ ਪੋਲੈਂਡ ਦੀ ਰਾਜਧਾਨੀ ਦੀ ਘੇਰਾਬੰਦੀ ਕਰ ਲੈਂਦਾ ਹੈ। ਇਸ ਘੇਰਾਬੰਦੀ ਨੂੰ ਹਮਲਾ ਕਰਾਰ ਦਿੱਤਾ ਜਾਂਦਾ ਹੈ। ਇਸ ਦੇ ਦੋ ਦਿਨਾਂ ਵਿੱਚ ਹੀ ਬਰਤਾਨੀਆਂ ਅਤੇ ਫਰਾਂਸ ਹਿਟਲਰ ਦੀ ਜਰਮਨੀ ਵਿਰੁੱਧ ਯੁੱਧ ਦਾ ਐਲਾਨ ਕਰ ਦਿੰਦੇ ਹਨ। ਸਮਝੋ ਕਿ ਦੂਸਰਾ ਵਿਸ਼ਵ ਯੁੱਧ ਰਸਮੀ ਤੌਰ ਤੇ ਬਾਕਾਇਦਾ ਆਰੰਭ ਹੋ ਜਾਂਦਾ ਹੈ।

1939 ਸਾਲ ਦੇ ਅੰਤ ਤੱਕ ਪਹਿਲੇ ਵਿਸ਼ਵ ਯੁੱਧ ਵਾਲੇ ਸਾਰੇ ਦੇਸ਼ ਆਪੋ ਆਪਣੀਆਂ ਪਾਲਬੰਦੀਆ ਆਰੰਭ ਕਰ ਦਿੰਦੇ ਹਨ ਤੇ ਘਮਸਾਨ ਦੇ ਯੁੱਧ ਆਰੰਭ ਹੋ ਜਾਦੇ ਹਨ।

ਅਪ੍ਰੈਲ ਅਤੇ ਮਈ 1940 ਦੇ ਦੋ ਮਹੀਨਿਆ ਵਿੱਚ ਜਰਮਨੀ ਦੀਆ ਫੌਜਾਂ ਨੌਰਵੇ, ਡੈਂਨਮਾਰਕ, ਬੈਲਜੀਅਮ, ਨੀਦਰਲੈਂਡ, ਲਕਸਮਬਰਗ ਅਤੇ ਵਿਸ਼ੇਸ਼ ਤੌਰ ਤੇ ਫ੍ਰਾਸ ਵਿਰੁਧ ਘਮਸਾਨ ਦੇ ਯੁੱਧ ਛੇੜ ਦਿੰਦੀਆਂ ਹਨ।

ਯੁੱਧ ਦਾ ਇੱਕ ਸ਼ਕਤੀਸ਼ਾਲੀ ਮੋਹਰਾ ਫਰਾਂਸ ਡਿੱਗ ਪੈਂਦਾ ਹੈ। 22 ਜੂਨ,1940 ਨੂੰ ਫਰਾਂਸ ਬਕਾਇਦਾ ਹਾਰ ਮੰਨਣ ਤੇ ਸਰਕਾਰੀ ਮੋਹਰ ਲਗਾ ਦਿੰਦਾ ਹੈ।

ਹਿਟਲਰ ਦੀ ਜਰਮਨੀ ਦੇ ਹੌਸਲੇ ਬੁਲੰਦ ਹੋ ਜਾਂਦੇ ਹਨ। ਇਟਲੀ ਦਾ ਮੁਸੋਲੀਨੀ ਪੂਰਾ ਸਾਥ ਦਿੰਦਾ ਹੈ। ਜਰਮਨੀ ਇੰਗਲੈਡ ਵਿਰੁੱਧ ਬੰਬਾਰੀ ਸ਼ੁਰੂ ਕਰ ਦਿੰਦਾ ਹੈ ਅਤੇ ਇੱਟਲੀ, ਇੰਗਲੈਡ ਦੀ ਉਸ ਵੇਲੇ ਦੀ ਬਸਤੀ ਮਿਸਰ (Egypt) ਤੇ ਧੂੰਆਂ ਧਾਰ ਹਮਲਾ ਕਰਕੇ ਨਹਿਰ ਸਵੇਜ਼ ਤੇ ਕਬਜ਼ਾ ਕਰ ਲੈਂਦਾ ਹੈ।

ਜਪਾਨ ਕਿਉਂ ਪਿੱਛੇ ਰਹਿੰਦਾ। ਸਤੰਬਰ 27, 1940 ਨੂੰ ਜਰਮਨੀ, ਇਟਲੀ ਅਤੇ ਜਪਾਨ ਵਿਚਕਾਰ ਬਰਲਿਨ ਵਿਖੇ 'ਤਿਕੜੀ ਸਮਝੋਤਾ' ਹੋ ਜਾਂਦਾ ਹੈ ਕਿ ਤਿੰਨੋ ਦੇਸ਼ ਮੋਂਵੇ ਨਾਲ ਮੋਂਵਾ ਜੋੜ ਕੇ ਮਿੱਤਰ ਦੇਸ਼ਾਂ ਨਾਲ ਟੱਕਰ ਲੈਣਗੇ।

ਜੂਨ 1941 ਤੱਕ ਸੋਵੀਅਤ ਦੇਸ਼ ਰੂਸ ਨਿਰਪੱਖ (Neturalise) ਰਹਿੰਦਾ ਹੈ ਪਰ ਸਟਾਲਿਨ ਨੇ ਸਮਝ ਲਿਆ ਹੈ ਕਿ ਹਿਟਲਰ ਉਸ ਤੋਂ ਵੀ ਵਧੇਰੇ ਸ਼ਕਤੀਸ਼ਾਲੀ, ਹਰਮਨ ਪਿਆਰਾ ਅਤੇ ਤਾਨਾਸ਼ਾਹੀ ਵਿੱਚ ਬਰਾਬਰ ਦੀ ਚੁਣੋਤੀ ਬਣਦਾ ਜਾ ਰਿਹਾ ਹੈ। ਹਿਟਲਰ ਨੇ ਰੂਸ ਨੂੰ ਬਹਾਨਾ ਦੇ ਦਿੱਤਾ। ਉਹ 22 ਜੂਨ 1941 (Barba Rosa Operation) ਬਾਰਬਾਰੋਸਾ ਆਪਰੇਸ਼ਨ ਆਰੰਭ ਕਰਦਾ ਹੈ। ਰੂਸ ਵੀ ਨਾ ਯੁੱਧ ਕਰਨ ਦੇ ਸਮਝੋਤੇ ਨੂੰ ਤੋੜ ਦਿੰਦਾ ਹੈ ਤੇ ਮਿੱਤਰ ਦੇਸ਼ਾ ਨਾਲ ਧਿਰ ਬਣ ਜਾਦਾ ਹੈ।



ਬਾਰਬਾ ਰੋਜ਼ਾ ਉਪਰੇਸ਼ਨ

Scanned with OKEN Scanner

Scanned with OKEN Scanner

ਅਜੇ ਤੱਕ ਅਮਰੀਕਾ ਅਖੌਤੀ ਨਿਰਪੱਖ ਹੈ ਭਾਵੇ ਮਿੱਤਰ ਦੇਸ਼ਾ ਨੂੰ ਧਨ ਤੇ ਮਾਲ ਦੀ ਲਗਾਤਾਰ ਸਹਾਇਤਾ ਕਰੀ ਜਾ ਰਿਹਾ ਹੈ। ਜਾਪਾਨ ਸੋਚਦਾ ਹੈ ਕਿ ਲੱਗਦੇ ਹੱਥ ਉਹ ਵੀ ਮੈਦਾਨੇ ਜੰਗ ਵਿਚ ਜਿੱਤ ਪਵੇ।

ਜਾਪਾਨ 7 ਦਸੰਬਰ 1941 ਨੂੰ ਗੱਜ ਵੱਜ ਕੇ ਅਮਰੀਕਨ ਧਰਤੀ ਦੇ ਹਵਾਈ ਖੇਤਰ ਉਪਰ ਬੰਬਾਰੀ ਕਰਦਾ ਹੈ ਤੇ ਪਰਲ ਹਾਰਬਾਰ ਵਿਖੇ ਉਸ ਦੇ ਸਮੁੰਦਰੀ ਬੇੜੇ ਨੂੰ ਨਿਸ਼ਾਨਾ ਬਣਾਉਂਦਾ ਹੈ। ਅਮਰੀਕਾ ਦੇ 2300 ਫੋਜੀ ਮਾਰੇ ਜਾਂਦੇ ਹਨ ਤੇ 1300 ਜਖਮੀ ਹੁੰਦੇ ਹਨ। ਅਗਲੇ ਹੀ ਦਿਨ 'ਅਮਰੀਕਨ ਕਾਂਗਰਸ' ਪ੍ਰਧਾਨ ਫਰੈਂਕਲਿਨ ਰੂਜਵੈਲਟ ਨੂੰ ਜਾਪਾਨ ਤੇ ਹਮਲੇ ਦੀ ਆਗਿਆ ਦੇ ਦਿੰਦੀ ਹੈ। ਅੱਗੋਂ ਜਪਾਨ ਨੇ ਕਮਾਲ ਦੀ ਬਹਾਦਰੀ ਦਿਖਾਈ ਹੈ। ਪਹਿਲਾਂ ਹੀ ਜਰਮਨੀ ਅਤੇ ਇਟਲੀ ਨਾਲ ਸਮਝੋਤਾ ਕੀਤਾ ਹੋਇਆ ਹੈ। ਉਹ ਅਮਰੀਕਾ ਵਿਰੁਧ ਜੰਗ ਦਾ ਐਲਾਨ ਕਰ ਦਿੰਦੇ ਹਨ।



1941 - ਪਰਲ ਹਾਰਬਰ ਉਪਰੇਸ਼ਨ

15 ਫਰਵਰੀ 1942 ਜਾਪਾਨ ਇੰਗਲੈਂਡ ਦੀ ਇੱਕ ਹੋਰ ਬਸਤੀ ਸਿੰਗਾਪੁਰ ਤੇ ਫਤਹ ਪ੍ਰਾਪਤ ਕਰ ਲੈਂਦਾ ਹੈ। ਉੱਧਰ ਜਾਪਾਨ ਦੇ ਲਗਪਗ ਇੱਕ ਲੱਖ ਬਸ਼ਿੰਦੇ ਅਮਰੀਕਾ ਵਿੱਚ ਰਹਿ ਰਹੇ ਹਨ। ਅਮਰੀਕਾ ਉਨਾ ਨੂੰ ਕੈਦੀ ਬਣਾ ਲੈਂਦਾ ਹੈ।

ਕੇਂਦਰੀ ਤਾਕਤਾ (Axis Powers) ਜਾਪਾਨ ਦੀ ਪਿੱਠ ਪਿਛੇ ਖਲੋਅ ਜਾਦੀਆਂ ਹਨ। ਫਿਲਪਾਈਨ ਦੋਵਾਂ ਤਾਕਤਾਂ ਦੇ ਯੁੱਧ ਦਾ ਕੇਂਦਰ ਬਣਦਾ ਹੈ। ਜਾਪਾਨ ਦੀ ਫਤਹ ਹੁੰਦੀ ਹੈ ਤੇ ਮਿੱਤਰ ਦੇਸ਼ਾ ਦੀਆ ਫੋਜਾਂ ਈਨ ਮੰਨ ਲੈਦੀਆਂ ਹਨ ਤੇ ਕੈਦੀ ਬਣਾ ਲਈਆਂ ਜਾਂਦੀਆ ਹਨ।

ਦੋ ਹਫਤੇ ਦੇ ਵਿੱਚ ਵਿੱਚ ਬਰਮਾ ਤੇ ਜਾਪਾਨੀ ਕਬਜਾ ਹੋ ਜਾਂਦਾ ਹੈ।

ਹੁਣ ਤੱਕ ਕੇਦਰੀ ਸ਼ਕਤੀਆਂ ਦੀ ਹਰ ਮੈਦਾਨ ਫਤਹ ਹੈ, ਉਨ੍ਹਾਂ ਦੀ ਪੂਰੀ ਚੜ੍ਹਤ ਹੈ।

ਚੜ੍ਹਤ ਬਹੁਤਾ ਸਮਾਂ ਕਾਇਮ ਨਹੀ ਰਹਿੰਦੀਹੈ। ਬਸ, ਦੋ ਮਹੀਨੇ ਵਿੱਚ ਢਲਾਨ ਆਰੰਭ ਹੋ ਜਾਂਦੀ ਹੈ ।

7 ਜੂਨ 1942, ਨੂੰ 'ਮਿੱਤਰ ਦੇਸ਼ਾਂ' ਨੂੰ ਹਵਾਈਨ ਦੇ ਸਾਗਰਾ ਵਿੱਚਲੇ ਯੁੱਧ ਵਿੱਚ ਪਹਿਲੀ ਮਹੱਤਵਪੂਰਨ ਫਤਹਿ ਹੁੰਦੀ ਹੈ।

ਉੱਧਰ ਜਰਮਨ ਫੌਜਾਂ ਸੋਵੀਅਤ ਰੂਸ ਦੀ ਸਟਾਲਿਗਰਾਡ ਦੀ ਠੰਡ ਦੀ ਮਾਰ ਸਹਿ ਨਹੀ ਸਕਦੀਆਂ। 2 ਫਰਵਰੀ 1943 ਨੂੰ ਹਮਲਾਵਰ ਜਰਮਨ ਫੌਜਾ ਸਟਾਲਿਗਰਾਡ ਵਿਖੇ ਲਾਲ ਫੌਜਾਂ ਅੱਗੇ ਹਥਿਆਰ ਸੁਟ ਦਿੰਦੀਆਂ ਹਨ ਜੋ ਕੈਦ ਕਰ ਲਈਆਂ ਜਾਂਦੀਆਂ ਹਨ।

ਛੁਟਪੁਟ ਲੜਾਈਆਂ ਚਲਦੀਆਂ ਹਨ ਪਰ ਗਹਿ ਗੱਚ ਯੁੱਧਾਂ ਦਾ ਦੌਰ ਸਮਾਪਤ ਹੋ ਜਾਦਾ ਹੈ।

Scanned with OKEN Scanner

ਮਸੋਲੀਨੀ ਨੂੰ ਆਪਣੇ ਲੋਕਾ ਦੇ ਕ੍ਰੋਧ ਦਾ ਸਾਹਮਣਾ ਕਰਨਾ ਪੈਦਾ ਹੈ। ਲੋਕ ਉਸਨੂੰ ਫਾਂਸੀ ਚਾੜ੍ਹ ਦਿੰਦੇ ਹਨ।

ਸਤੰਬਰ 1943 ਵਿੱਚ ਮਸੋਲੀਨੀ ਦੀ ਮੌਤ ਮਗਰੋਂ ਇਟਲੀ ਹਥਿਆਰ ਸੁਟ ਦਿੰਦਾ ਹੈ। ਸਿਸਲੀ ਵਿਖੇ ਈਨ ਮੰਨਣ ਦੇ ਸਮਝੌਤੇ ਤੇ ਦਸਖਤ ਕਰ ਦਿੰਦਾ ਹੈ। ਤਿੱਕੜੀ (ਜਰਮਨ-ਇਟਲੀ-ਜਾਪਾਨ) ਦਾ ਲੱਕ ਟੁੱਟ ਜਾਂਦਾ ਹੈ।

ਹੁਣ ਦੂਜੀ ਤਿਕੜੀ (ਅਮਰੀਕਾ-ਰੂਸ-ਬ੍ਰਿਟੇਨ) ਕਰਮਵਾਰ ਰੂਜ਼ਵੈਲਟ, ਸਟਾਲਿਨ ਅਤੇ ਵਿਨਸਟਨ-ਚਰਚਿਲ) ਤਹਿਰਾਨ (ਈਰਾਨ) ਵਿਖੇ ਮਿਲ ਕੇ ਫਰਾਸ ਦੀ ਅਜਾਦੀ ਦਾ ਅਤੇ ਜੰਗ ਮਗਰੋ ਆਪਸੀ ਸਹਿਮਤੀਆਂ ਦਾ ਮਤਾ ਪਕਾਉਂਦੇ ਹਨ।

ਮਿੱਤਰ ਦੇਸ਼ਾਂ ਵਲੋਂ ਬੜੇ ਹੀ ਪਰਪੱਕ ਯੋਜਨਾਬੱਧ ਢੰਗ ਨਾਲ ਸਾਰੇ ਪੱਛਮੀ ਯੂਰਪ ਨੂੰ ਨਾਜ਼ੀ ਜਰਮਨੀ ਤੋਂ ਆਜਾਦ ਕਰਾਉਣ ਲਈ ਨੋਰਮੰਡੀ (ਫਰਾਂਸ) ਵਿਖੇ ਯੁੱਧ ਲੜਿਆ ਜਾਂਦਾ ਹੈ। 6 ਜੂਨ 1944 ਦਿਹਾੜੇ ਨੂੰ ਡੀ.ਡੇਅ ਕਰਕੇ ਜਾਣਿਆ ਜਾਂਦਾ ਹੈ ਜੋ ਦੁਨੀਆਂ ਦਾ ਸਭ ਤੋਂ ਵੱਡਾ ਫੌਜੀ ਯੁਧ ਸਾਬਤ ਹੁੰਦਾ ਹੈ। ਠੀਕ ਇਵੇਂ ਹੀ ਇੱਕ ਹੋਰ ਯੁੱਧ ਜਿਸਨੂੰ ਬਲਜ ਯੁੱਧ (Battle of Bulge) ਦੇ ਨਾਮ ਨਾਲ ਜਾਣਿਆਂ ਜਾਂਦਾ ਹੈ ਜੋ ਲਗਪਗ ਇੱਕ ਮਹੀਨੇ ਲਗਾਤਾਰ ਚੱਲਦਾ ਰਹਿੰਦਾ ਹੈ, ਵਿੱਚ ਜਰਮਨੀ ਦੀ ਹਾਰ ਹੁੰਦੀ ਹੈ ।7 ਮਈ 1945 ਨੂੰ ਜਰਮਨੀ ਵੀ ਫਰਾਂਸ ਦੇ ਰੀਮਾਂ ਸਥਾਨ ਤੇ ਹਥਿਆਰ ਸੁਟ ਕੇ ਤਕਨੀਕੀ ਤੌਰ ਤੇ ਹਾਰ ਮੰਨ ਲੈਂਦਾ ਹੈ। ਜਾਪਾਨ ਭਾਵੇ ਹੱਥਲ ਹੋ ਗਿਆ ਹੈ ਪਰ ਉਸਨੂੰ ਅਜੇ ਸਬਕ ਸਿਖਾਉਣਾ ਬਾਕੀ ਹੈ ਕਿਉਂਕਿ ਉਸਨੇ ਤਕਨੀਕੀ ਤੋਰ ਤੇ ਅਜੇ ਹਾਰ ਸਵੀਕਾਰ ਨਹੀਂ ਕੀਤੀ ਹੈ।

ਕੇਵਲ ਇੱਕ ਉਦਾਹਰਨ ਦੇ ਰਹੇ ਹਾਂ। ਰੂਪ ਰੇਖਾ ਦੱਸੀ ਗਈ ਹੈ ਕਿ ਜ਼ਾਇਅਨਵਾਦ ਦੀ ਪ੍ਰਫੁਲਤਾ ਲਈ ਕਿਵੇਂ ਸਹਾਇਕ ਲੋਕ ਉਪਜਣਗੇ। ਥਿਉਡੋਰ ਹਰਜਲ ਨੇ ਜ਼ਾਇਅਨਵਾਦੀ ਅੰਦੋਲਨ ਦੀ ਬੁਨਿਆਦ ਰੱਖ ਹੀ ਦਿੱਤੀ। ਇਸ ਸੱਚ ਦੇ ਸਬੂਤ ਹਨ ਕਿ ਉਹ ਕਹਿੰਦਾ ਹੈ "ਜ਼ਾਇਅਨਵਾਦੀ ਅੰਦੋਲਨ ਵਿੱਚ ਪਰਵੇਸ਼ ਕਰਦਿਆਂ ਹੀ ਮੇਰੀ ਨਿਗਾਹ ਇੰਗਲੈਂਡ ਤੇ ਕੇਂਦਰਿਤ ਹੋ ਗਈ। ਮੈਨੂੰ ਪਤਾ ਲੱਗ ਗਿਆ ਸੀ ਕਿ ਉੱਥੇ ਦੇ ਹਾਲਾਤ ਜਿਹੋ ਜਿਹੇ ਸਨ ਜਿਨ੍ਹਾਂ ਅਨੁਸਾਰ ਆਰਕੀਮੀਡੀਜ ਦੇ ਸਿਧਾਂਤ ਅਨੁਸਾਰ ਕਾਰਗਰ ਤੁਲ ਲਾਈ ਜਾ ਸਕਦੀ ਹੈ। (ਤੁਲ ਦਾ ਸਿਧਾਂਤ ਆਰਕੀਮੀਡੀਜ ਨੇ ਖੋਜਿਆ ਸੀ, ਜਿਸ ਅਨੁਸਾਰ ਇੱਕ ਲੀਵਰ, ਇੱਕ ਤੁਲ ਦੀ ਸਹਾਇਤਾ ਨਾਲ ਬਹੁਤ ਵੱਡਾ ਬੋਝ ਬੜੀ ਹੀ ਆਸਾਨੀ ਨਾਲ ਚੁਕਿਆ ਜਾ ਸਕਦਾ ਹੈ। ਅਰਕੀਮਿਡੀਜ਼ ਕਹਿੰਦਾ ਹੈ ਕਿ ਮੁਨਾਸਿਬ ਲਮੇਰੀ ਤੁਲ ਮਿਲ ਜਾਏ ਤਾਂ ਮੈਂ ਧਰਤੀ ਵੀ ਚੁੱਕ ਸਕਦਾ ਹਾਂ।)

ਉਹ ਫੇਰ ਇਉਂ ਆਖਦਾ ਹੈ ਕਿ ਜਦੋਂ ਅਸੀਂ ਹਾਰਦੇ ਹਾਂ ਤਾਂ ਅਸੀਂ ਇਨਕਲਾਬੀ ਪਾਰਟੀ ਦੇ ਵਫਾਦਾਰ ਅਧੀਨ ਅਫਸਰ ਹਾਂ ਜਦੋਂ ਅਸੀਂ ਜਿਤਦੇ ਹਾਂ ਤਾਂ ਨਾਲ ਹੀ ਸਾਡੇ ਵਟੂਏ

Scanned with OKEN Scanner

Scanned with OKEN Scanner

ਦੀ ਅਥਾਹ ਸ਼ਕਤੀ ਵੱਧਦੀ ਹੈ (ਭਾਵ ਕਿ ਹਾਰ ਹੋਵੇ ਤਾਂ ਇਨਕਲਾਬੀ ਪਾਰਟੀ ਦੇ ਵੱਡੇ ਨੇਤਾਵਾਂ ਦੇ ਅਧੀਨ ਕੰਮ ਕਰਨ ਵਾਲੇ ਕਰਮਚਾਰੀ ਹੁੰਦੇ ਹਾਂ। ਜਿੱਤ ਹੋਵੇ ਤਾਂ ਅਸੀਂ ਜਿੱਤ 'ਚੋਂ ਅਥਾਹ ਧਨ ਕਮਾਉਂਦੇ ਹਾਂ। ਜ਼ਾਇਅਨਵਾਦੀ ਪਹਿਲੀ ਕਾਂਗਰਸ 1897 ਵਿੱਚ ਬੇਸਲ (ਸਵਿਟਜ਼ਰਲੈਂਡ) ਵਿਖੇ ਥੀਓਡੋਰ ਹਰਜਾਲ ਦੀ ਪ੍ਰਧਾਨਗੀ ਤਹਿਤ ਹੋਈ ਸੀ। ਇਸ ਮਗਰੋਂ ਹਰ ਸਾਲ ਇਹ ਕਾਂਗਰਸਾਂ ਹੁੰਦੀਆਂ ਰਹੀਆਂ ਤੇ ਹਰ ਸਾਲ ਜ਼ਾਇਅਨਵਾਦੀ ਆਪਣੇ ਨਿਸ਼ਾਨੇ ਵੱਲ ਵੱਧਦੇ ਗਏ। ਤੁਸੀਂ ਪਿਛਲੇ ਕਾਂਢਾ ਵਿੱਚ ਬਹੁਤ ਕੁਝ ਪੜ੍ਹ ਚੁੱਕੇ ਹੋ, ਅਜੇ ਹੋਰ ਪੜ੍ਹੋਗੇ। ਜਦੋਂ ਇਸ ਕਾਂਗਰਸ ਦੀ ਇਕੱਤਰਤਾ 1903 ਵਿੱਚ ਫਿਰ ਬੇਸਲ ਵਿਖੇ ਹੀ ਹੁੰਦੀ ਹੈ ਤਾਂ ਉਦੋਂ ਤੱਕ ਪ੍ਰੋ. ਸਰਜੀਅਸ ਦੇ ਹੱਥ ਦਸਤਾਵੇਜ ਲੱਗ ਗਿਆ ਹੁੰਦਾ ਹੈ।)

ਇਸ ਤੋਂ ਵੀ ਵੱਡਾ ਅਚੰਭਾ 1903 ਵਿੱਚ ਵਾਪਰਦਾ ਜਦੋਂ ਜ਼ਾਇਅਨਵਾਦੀ ਕਾਂਗਰਸ ਦਾ ਸੰਮੇਲਨ ਮੁੜ ਬੇਸਲ (ਸਵਿਟਜਰਲੈਂਡ) ਵਿਖੇ ਹੁੰਦਾ ਹੈ, ਜਦੋਂ ਤੱਕ ਇਹ ਦਸਤਾਵੇਜ ਪ੍ਰੋ. ਸਰਜੀਅਸ ਨਾਈਲਸ ਦੇ ਹੱਥ ਵੀ ਲੱਗ ਚੁੱਕਾ ਹੁੰਦਾ ਹੈ। ਇਸ ਕਾਂਗਰਸ ਨੂੰ ਸੰਬੋਧਿਤ ਕਰਦਿਆਂ ਮਾਰਕਸ ਨੌਰਦੂ ਆਖਦਾ ਹੈ "ਜ਼ਾਇਅਨਵਾਦੀ ਕਾਂਗਰਸ ਨੇ ਜਿਸ ਦਸਤਾਵੇਜ ਨੂੰ ਆਪਣੇ ਪੱਥ ਪਰਦਰਸ਼ਕ ਦੇ ਤੌਰ ਤੇ ਅਪਣਾਇਆ ਹੋਇਆ ਹੈ, ਦੇ ਆਧਾਰ ਤੇ ਮੈਂ ਤੁਹਾਨੂੰ ਦੱਸਦਾ ਹਾਂ ਤੇ ਦਿਖਾਉਂਦਾ ਹਾਂ ਕਿ ਇਹ ਤਾ ਇੱਕ ਪੌੜੀ ਦੇ ਡੰਡੇ ਹਨ ਜੋ ਸਾਨੂੰ ਅੱਗਿਉਂ ਅੱਗੇ ਲਿਜਾਈ ਜਾਣਗੇ। ਵੱਖ ਵੱਖ ਡੰਡੇ ਅਰਥਾਤ ਅਗਲੇ ਤੋ ਅਗਲੇ ਪੜਾ ਇਸ ਪ੍ਰਕਾਰ ਹੋਣਗੇ। ਇਨਾਂ ਸੰਮੇਲਨਾਂ ਦਾ ਹੋਣਾਂ ਪਹਿਲਾ ਪੜਾਅ ਹੈ। ਫੇਰ ਇੰਗਲੈਂਡ ਤੇ ਯਗਾਡਾਂ ਵਾਲਾ ਮਸਲਾ (ਮਤਲਬ, ਇਕ ਵਾਰੀ ਇਹ ਮਸਲਾ ਵੀ ਵਿਚਾਰਨ ਯੋਗ ਹੋਇਆ ਸੀ ਕਿ ਯੁਗਾਡਾਂ ਜੋ ਬਰਤਾਨੀਆ ਦੀ ਬਸਤੀ ਸੀ, ਵਿਖੇ ਯਹੂਦੀ ਦੇਸ਼ ਬਣਾਇਆ ਜਾਵੇ) ਭਵਿੱਖ ਵਿੱਚ ਵਿਸ਼ਵ ਯੁੱਧ ਲਾਏਗਾ, ਫੇਰ ਅਮਨ ਕਾਨਫਰੰਸ ਹੋਵੇਗੀ ਤੇ ਇੰਗਲੈਂਡ ਦੀ ਸਹਾਇਤਾ ਨਾਲ ਫਲੱਸਤੀਨ ਵਿਖੇ ਯਹੂਦੀਆਂ ਦਾ ਅਜਾਦ ਦੇਸ਼ ਬਣੇਗਾ। (ਨੋਟ:- ਦੋਸਤੋ ਕਿੰਨਾ ਅਜਬ ਸੱਚ ਹੈ ਕਿ 1903 ਵਿੱਚ ਹੀ ਮਾਰਕਸ ਨੌਰਡੂ ਭਵਿੱਖਬਾਣੀ ਕਰ ਦਿੰਦਾ ਹੈ ਕਿ ਦਸਤਾਵੇਜ ਦੀ ਵਿਚਾਰਧਾਰਾ ਦੇ ਅਧਾਰ ਤੇ ਇਹ ਜ਼ਾਇਅਨਵਾਦੀ ਕਾਨਫਰੰਸਾਂ ਹੋ ਰਹੀਆਂ ਹਨ। ਕਾਨਫਰੰਸਾਂ ਦੇ ਅਧਾਰ ਤੇ ਭਵਿੱਖ ਵਿੱਚ ਵਿਸ਼ਵ ਯੁਧ ਲੱਗੇਗਾ। ਵਿਸ਼ਵਯੁੱਧ ਮਗਰੋਂ ਅਮਨ ਕਾਨਫਰੰਸ ਹੋਵੇਗੀ ਤੇ ਅਮਨ ਕਾਨਫਰੰਸ ਵਿੱਚ ਯਹੂਦੀ ਦੇਸ਼ ਦੀ ਸਥਾਪਤੀ ਦਾ ਮਤਾ ਉਪਜੇਗਾ। ਠੀਕ ਇਵੇਂ ਹੀ ਵਾਪਰਦਾ ਹੈ। 1917 ਵਿੱਚ ਇੰਗਲੈਂਡ ਦਾ ਵਿਦੇਸ਼ ਮੰਤਰੀ ਬੈਲਫਰ ਕਾਂਗਰਸ ਦੇ ਮੁਖੀ ਦੇ ਨਾਮ ਇੱਕ ਸਰਕਾਰੀ ਪੱਤਰ ਲਿਖਦਾ ਹੈ, ਜਿਸ ਵਿੱਚ ਸਮਾਂ ਆਉਣ ਤੇ ਯਹੂਦੀ ਦੇਸ਼ ਦੀ ਸਥਾਪਤੀ ਦਾ ਐਲਾਨ ਕਰਨ ਲਈ ਬਚਨਬੱਧਤਾ ਜ਼ਾਹਰ ਕਰਦਾ ਹੈ)।

ਸਾਡੇ ਲਈ ਯਾਦ ਰੱਖਣ ਵਾਲਾ ਸੱਚ ਇਹ ਹੈ ਕਿ ਜ਼ਾਇਅਨਵਾਦੀ ਅੰਦੋਲਨ ਦੇ ਮੁੱਠੀ ਭਰ ਲੋਕ ਪੂਰੀ ਦਿਆਨਤਦਾਰੀ ਨਾਲ ਬੋਲ ਰਹੇ ਹਨ। ਇਤਿਹਾਸ ਸਾਬਤ ਕਰਦਾ ਹੈ ਕਿ ਇਹੋ ਮੁੱਠੀ ਭਰ ਲੋਕ ਵਿਸ਼ਵ ਇਨਕਲਾਬੀ ਅੰਦੋਲਨ ਦੇ ਗੁਪਤ ਕਰਤੇ ਧਰਤੇ ਸਨ ਅਤੇ

Scanned with OKEN Scanner

ਵਰਤਮਾਨ ਸਮੇਂ ਵਿੱਚ ਇਹੀ ਮੁੱਠੀ ਭਰ ਲੋਕ 'ਗੁਪਤ ਸ਼ਕਤੀ' ਹਨ। ਇਨ੍ਹਾਂ ਮੁੱਠੀ ਭਰ ਲੋਕਾਂ ਨੇ ਸਮਾਜਵਾਦ ਨੂੰ ਵੀ ਅਤੇ ਜ਼ਾਇਅਨਵਾਦ ਨੂੰ ਵੀ ਆਪਣੇ ਨਿਜੀ ਮੁਫਾਦ ਲਈ ਵਰਤਿਆ ਤੇ ਵਰਤ ਰਹੇ ਹਨ (ਤੇ ਸ਼ਾਇਦ ਵਰਤਦੇ ਰਹਿਣਗੇ ਵੀ, ਉਦੋਂ ਤੱਕ ਜਦੋਂ ਤੱਕ ਅਸੀਂ ਜਾਗਰਿਤ ਨਹੀਂ ਹੁੰਦੇ)।

ਹੋਰ ਅਚੰਭੇ ਵਾਲਾ ਸੱਚ ਸੁਣੋ। ਇਸ ਦਸਤਾਵੇਜ ਦੀਆਂ ਧਰਾਵਾਂ ਅਨੁਸਾਰ ਹੀ ਜ਼ਾਇਅਨਵਾਦੀ ਸੰਮੇਲਨ ਦੀਆਂ ਕਾਰਵਾਈਆਂ ਚੱਲੀਆਂ ਅਤੇ ਏਸੇ ਦਸਤਾਵੇਜ ਦੀਆ ਧਰਾਵਾਂ ਅਨੁਸਾਰ ਹੀ ਲੈਨਿਨ ਅਤੇ ਸਟੇਲਿਨ ਦੀ ਅਗਵਾਈ ਵਿੱਚ ਬਾਲਸ਼ਵਿਕ ਪਾਰਟੀ ਦਾ ਪ੍ਰੋਗਰਾਮ ਘੜਿਆ ਗਿਆ।

ਲਾਰਡ ਸਿਡਨਹਮ ਨੇ ਇਹ ਦਸਤਾਵੇਜ ਪੜ੍ਹਿਆ ਤਾਂ ਪੁਕਾਰ ਉੱਠਿਆ "ਇਸ ਦਸਤਾਵੇਜ਼ ਦੀ ਸਭ ਤੋ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਵਿਸ਼ੇਸ਼ ਦਰ ਵਿਸ਼ੇਸ਼ ਗਿਆਨ ਦਾ ਚਮਤਕਾਰ ਹੈ। ਗਿਆਨ ਵੀ ਅਸੀਮ ਹੈ। ਐਸਾ ਗਿਆਨ ਜਿਸ ਅਨੁਸਾਰ ਭਵਿੱਖਬਾਣੀਆ ਹੋਈਆਂ ਅਤੇ ਉਹ ਭਵਿਖਬਾਣੀਆਂ ਪੂਰੀਆਂ ਵੀ ਹੋਈਆਂ, ਕੀਤੀਆਂ ਗਈਆਂ। (ਅਮਰੀਕਾ ਦੇ ਜਨਰਲ ਐਲਬਰਟ ਪਾਈਕ ਨੇ 1871 ਵਿੱਚ ਤਿੰਨ ਵਿਸ਼ਵ ਯੁਧਾਂ ਦੀ ਭਵਿੱਖਬਾਣੀ ਕੀਤੀ। ਦੋ ਯੁੱਧ ਐਨ ਉਸੇ ਬਾਣੀ ਅਨੁਸਾਰ ਹੋਏ, ਤੀਜੇ ਲਈ ਜੋ ਹਾਲਾਤ ਬਣ ਰਹੇ ਹਨ ਐਨ ਉਸੇ ਅਨੁਸਾਰ ਹਨ। ਮੈਂ ਇਸ ਦੇ ਅਧਾਰ ਤੇ ਇੱਕ ਲੇਖ ਲਿਖਿਆ ਹੈ, ਸਿਰਲੇਖ ਹੈ 'ਐਲਬਰਟ ਪਾਈਕ ਦੀ ਤਿੰਨ ਵਿਸ਼ਵ ਯੁਧਾਂ ਦੀ ਦਾਰਸ਼ਨਿਕਤਾ ਦਾ ਸੱਚ' ਇਹ ਲੇਖ ਏਸ ਪੁਸਤਕ ਵਿੱਚ ਸ਼ਾਮਿਲ ਕੀਤਾ ਗਿਆ ਹੈ)।

ਹੈਨਰੀ ਫੋਰਡ ਨੇ ਇਸ ਦਸਤਾਵੇਜ ਨੂੰ (ਪ੍ਰੋਟੋਕੋਲ) ਆਪ ਪੜ੍ਹਿਆ ਅਤੇ ਬਹੁਤ ਸਾਰੇ ਹੋਰ ਵਿਦਵਾਨਾਂ ਨੂੰ ਵੀ ਪੜ੍ਹਾਇਆ। ਉਸ ਨੇ ਇੱਕ ਪੁਸਤਕ ਲਿਖੀ ਜਿਸ ਵਿੱਚ ਅਚੰਭਾਜਨਕ ਤੱਥਾਂ ਸੱਚਾਂ ਦਾ ਨਿਚੋੜ ਇਹ ਹੈ :- ਇਸ ਦਸਤਾਵੇਜ਼ ਵਿੱਚ ਇੱਕ ਯੋਜਨਾ ਦਾ ਵਿਸਥਾਰ ਹੈ ਕਿ ਅੰਤਰਰਾਸ਼ਟਰੀ ਬੈਂਕਰਾ (ਵਿੱਤ ਦੇ ਮਾਲਕਾਂ) ਦੇ ਮੁੱਠੀ ਭਰ ਵਿਅਕਤੀਆਂ ਦਾ ਆਪਣੇ ਨਿਜੀ ਮੁਫਾਦਾਂ ਨੂੰ ਮੁੱਖ ਰੱਖ ਕੇ ਦੁਨੀਆਂ ਭਰ ਵਿੱਚ ਪਰਚਲਿਤ ਸੰਸਥਾਵਾ ਭਾਵੇਂ ਉਹ ਯਹੂਦੀਆਂ ਜਾ ਗੈਰ ਯਹੂਦੀਆਂ ਵਲੋਂ ਉਪਜਾਈਆਂ ਗਈਆਂ ਹੋਣ, ਜਿਵੇਂ ਕਿ ਸਮਾਜਵਾਦ ਅਤੇ ਜ਼ਇਅਨਵਾਦ ਆਦਿ ਨੂੰ ਭੂਤ ਵਿੱਚ ਹੀ ਵਰਤਿਆ ਹੈ ਤੇ ਵਰਤਮਾਨ ਵਿੱਚ ਵੀ ਵਰਤ ਰਹੇ ਹਨ। ਇਉਂ ਉਨ੍ਹਾਂ ਨੇ ਆਪਣੇ ਗੁਪਤ ਆਦਰਸ਼ਾਂ ਨੂੰ ਮੁੱਖ ਰੱਖ ਕੇ ਕੀਤਾ ਹੈ।

ਇਸ ਦਸਤਾਵੇਜ ਬਾਰੇ ਮਿਟਰ ਹੈਨਰੀ ਫੋਰਡ ਤੋਂ ਇੱਕ ਅਖਬਾਰ 'ਨਿਊਯਾਰਕ ਵਰਲਡ' ਦੇ ਪੱਤਰਕਾਰ ਵਲੋਂ ਇੱਕ ਇੰਟਰਵਿਊ ਲਈ ਗਈ। ਉਸ ਦੀਆਂ ਟਿੱਪਣੀਆਂ ਨੂੰ 17 ਫਰਵਰੀ 1921 ਨੂੰ ਅਖਬਾਰ ਵਿੱਚ ਛਾਪਿਆ ਗਿਆ। ਉਸ ਨੇ ਕਿਹਾ, "ਦਸਤਾਵੇਜ਼, ਪ੍ਰੋਟੋਕੋਲ, ਸੰਬੰਧੀ ਜੋ ਬਿਆਨ ਮੈਂ ਦਰਜ ਕਰਵਾਉਣਾ ਚਾਹੁੰਦਾ ਹਾਂ, ਇਹ ਹੈ ਕਿ ਪ੍ਰੋਟੋਕੋਲ ਵਿਚਲਾ ਵਿਸ਼ਾ ਅੱਜ ਤੱਕ ਦੇ ਹਾਲਾਤ ਤੇ ਐਨ ਢੁਕਵਾਂ ਹੈ। ਜੋ ਕੁਝ ਵਾਪਰ ਰਿਹਾ ਹੈ ਐਨ

Scanned with OKEN Scanner

ਉਸੇ ਅਨੁਸਾਰ ਵਾਪਰ ਰਿਹਾ ਹੈ। ਇਸ ਨੂੰ ਲੱਭੇ ਨੂੰ ਕੁੱਲ 16 ਸਾਲ ਹੋਏ ਹਨ। ਦੁਨੀਆਂ ਭਰ ਦੇ ਹਾਲਾਤ ਐਨ ਇਸ ਦੀ ਦਾਰਸ਼ਨਿਕਤਾ ਅਨੁਸਾਰ ਬਣਾ ਲਏ ਗਏ ਹਨ, ਬਣ ਚੁਕੇ ਹਨ। ਇਸ ਸਮੇਂ ਤੱਕ ਵੀ ਉਵੇਂ ਦੇ ਉਵੇਂ ਅਨੁਕੂਲ ਅਤੇ ਢੁਕਵੇਂ ਹਨ। (ਭਾਵ ਕਿ ਮਿਸਟਰ ਫੋਰਡ ਦਾ ਆਖਣਾ ਸੀ ਕਿ 1921 ਤੱਕ ਜੋ ਕੁਝ ਵਾਪਰ ਚੁਕਿਆ ਸੀ, ਤੇ ਵਾਪਰ ਰਿਹਾ ਹੈ, ਇਸ ਦਸਤਾਵੇਜ ਵਿੱਚ ਪ੍ਰਗਟਾਈਆਂ ਧਾਰਨਾਵਾਂ ਅਤੇ ਹਦਾਇਤਾਂ ਅਨੁਸਾਰ ਸੀ)।

ਮਿਸਟਰ ਫੋਰਡ ਨੇ ਇਹ ਬਿਆਨ ਚੌਂਤੀ ਸਾਲ ਪਹਿਲਾ ਦਿੱਤਾ ਸੀ (ਸ਼ਤਰੰਜ ਦੇ ਮੋਹਰੇ ਪੁਸਤਕ 1955-56 ਵਿੱਚ ਪਹਿਲੀ ਵਾਰੀ ਛਪੀ ਸੀ, ਪਰ ਜੋ ਕੁਝ ਉਸ ਨੇ ਕਿਹਾ ਉਹ ਅੱਜ ਵੀ ਉਵੇਂ ਦਾ ਉਵੇਂ ਢੁਕਵਾਂ ਹੈ)।

(ਇਸ ਹਥਲੀ ਪੁਸਤਕ ਦੇ ਅਗਲੇ ਸਫਿਆਂ ਵਿੱਚ ਤੁਸੀਂ ਪੜ੍ਹੋਗੇ ਕਿ 2019 ਤੱਕ ਵੀ ਇਸ ਪੁਸਤਕ ਦੀ ਭਾਵਨਾ ਐਨ ਢੁਕਵੀਂ ਹੈ) ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਜਿਹੜਾ ਕੋਈ ਖੋਜੀ ਵਿਅਕਤੀ (ਜੋ ਪਹਿਲਾਂ ਹੀ ਦੌਲੇ ਸ਼ਾਹ ਦਾ ਚੂਹਾ ਨਾ ਹੋਵੇ) ਇਸ ਦਸਤਾਵੇਜ ਨੂੰ ਪੜ੍ਹੇਗਾ, ਇਸ ਸਿੱਟੇ ਤੇ ਪੁਜੇਗਾ ਕਿ ਜਿਨ੍ਹਾਂ ਨੇ ਇਨ੍ਹਾਂ ਯੋਜਨਾਵਾਂ ਨੂੰ ਪਹਿਲਾਂ ਮੁਢ ਵਿੱਚ ਘੜਿਆ-ਸਾਜਿਆ ਗਿਆ ਹੋਵੇਗਾ ਤੇ ਜਿਨ੍ਹਾਂ ਦੀ ਇਹ ਸਹੀ ਅਭੀਵਿਅਕਤੀ ਹੈ, ਨੂੰ ਉਵੇਂ-ਉਵੇਂ ਹੀ ਅਮਲ ਵਿੱਚ ਲਿਆਂਦਾ ਗਿਆ ਹੈ। ਇਸ ਦਸਤਾਵੇਜ ਨੇ ਉਹ ਕਾਰਜ ਪੂਰਾ ਕੀਤਾ ਜਿਸ ਵਾਸਤੇ ਇਸ ਨੂੰ ਸਾਜਿਆ ਗਿਆ ਸੀ। (ਪੰਜਾਬੀ ਵਾਲਿਓ ਮਾਣ ਵਾਲੀ ਗੱਲ ਹੈ ਕਿ ਇਸ ਅਜਬ ਗਜਬ ਦਸਤਾਵੇਜ ਦਾ ਉਲਥਾ ਇਸ ਲੇਖਕ ਨੇ ਪੰਜਾਬੀ ਵਿੱਚ ਵੀ ਕੀਤਾ ਹੈ)।

ਪ੍ਰਸ਼ਨ ਉਪਜਦਾ ਹੈ ਕਿ ਲੋਕ ਏਹੋ ਜਿਹੇ ਹਾਲਾਤ ਨੂੰ ਕਦੋਂ ਤੱਕ ਸਹਿੰਦੇ ਰਹਿਣਗੇ ?

ਇਨਕਲਾਬ (ਕੌਮੂਨਿਸਟ) ਇਸ ਦਾ ਉੱਤਰ ਨਹੀਂ ਹੈ। (ਇਨਕਲਾਬਾਂ ਨੇ ਲੋਕਾਈ ਦਾ ਜੋ ਹਸ਼ਰ ਕੀਤਾ ਹੈ, ਤੁਸੀਂ ਦੇਖ ਭਾਂਪ ਚੁਕੇ ਹੋ) ਇਨਕਲਾਬ ਬੁਰਾਈ ਦੀਆਂ ਤਾਕਤਾਂ ਦੇ ਹੱਥਾਂ ਦਾ ਖਿਡੌਣਾ ਹੈ। ਅਜੇ ਹੋਰ ਭੈੜਾ ਪੜ੍ਹਾ ਆਉਣਾ ਹੈ।

ਹੱਲ ਇਹ ਹੈ ਕਿ ਅਜਾਦ ਦੇਸ਼ਾਂ ਦੇ ਲੋਕ ਪਹਿਲਾਂ ਇਸ ਬੁਰਾਈ ਦੀ ਜਾਣਕਾਰੀ ਨਾਲ ਆਪ ਲੈਸ ਹੋਣ ਤੇ ਫੇਰ ਆਪਣੇ ਚੁਣੇ ਹੋਏ ਪ੍ਰਤੀਨਿਧਾਂ ਨੂੰ ਮਜਬੂਰ ਕਰਨ ਕਿ ਉਹ ਮੁਦਰਾ ਦੇ ਸ਼ਾਹੂਕਾਰਾਂ ਦੀਆਂ ਤਾਨਾਸ਼ਾਹੀ ਯੋਜਨਾਵਾਂ ਦਾ ਖਾਤਮਾ ਕਰਨ ਦੇ ਵਸੀਲੇ ਲੱਭ ਕੇ ਅਮਲ ਵਿੱਚ ਲਿਆਉਣ। ਨਹੀ ਤਾਂ ਸ਼ਾਹੂਕਾਰ ਆਪਣੀ ਮੰਜਿਲ ਤੱਲ ਪੁਜ ਜਾਣ ਵਿੱਚ ਸਫਲ ਹੋਣਗੇ (ਮਤਲਬ ਕਿ ਸਮੱਸਿਆ ਦਾ ਹੱਲ ਕਰਨਾ ਲੋਕਾਂ ਨੇ ਹੀ ਹੈ)। ਸਭ ਤੋਂ ਪਹਿਲਾਂ ਇਸ ਬੁਰਾਈ ਦੀ ਪੂਰੀ ਦੀ ਪੂਰੀ ਜਾਣਕਾਰੀ ਲੈਣੀ ਬਹੁਤ ਜ਼ਰੂਰੀ ਹੈ। ਬੀਮਾਰੀ ਨੂੰ ਸਮਝਾਂਗੇ ਤਾਂ ਹੀ ਉਸਦਾ ਬਣਦਾ ਇਲਾਜ ਕਰ ਸਕਾਂਗੇ। ਨੇਤਾਵਾਂ ਨੂੰ ਉਹ ਖਰੀਦ ਲੈਂਦੇ ਹਨ ਜਾਂ ਇਉਂ ਕਹੋ ਕਿ ਉਹੀ ਵਿਅਕਤੀ ਨੇਤਾ ਬਣਨ ਦੇ ਮਿਆਰ ਤੱਕ ਪੁਜ ਸਕਦੇ ਹਨ ਜੋ ਉਨ੍ਹਾਂ ਦੀ ਤਾਬਿਆ ਵਿੱਚ ਰਹਿ ਸਕਦੇ ਹਨ। ਬਾਗੀ ਹੋਏ ਨੇਤਾ ਨੂੰ ਬਦਨਾਮ ਕਰਨਾ ਜਾਂ ਮਰਵਾਉਣਾ ਉਨ੍ਹਾਂ ਲਈ ਕਠਿਨ ਨਹੀਂ ਹੈ। ਸਭ ਤੋਂ ਪਹਿਲਾਂ ਲੋਕਾਂ ਨੂੰ ਇਸ ਗਿਆਨ ਨਾਲ ਲੈਸ ਹੋਣਾ ਪੈਣਾ ਹੈ। ਇਸ

Scanned with OKEN Scanner

Scanned with OKEN Scanner

ਕਾਰਜ ਦੀ ਜਿੰਮੇਵਾਰੀ ਬੁਧੀਜੀਵੀਆਂ, ਸਾਹਿਤਕਾਰਾਂ, ਲੇਖਕਾਂ, ਟੀਚਰਾਂ, ਕਲਾਕਾਰਾਂ, ਸਮਾਜ ਸੇਵਕਾਂ ਦੇ ਮੋਢਿਆ ਤੇ ਆਣ ਪੈਂਦੀ ਹੈ।)

ਹਾਂ, ਤਾਂ 1921 ਤੋ 1927 ਤੱਕ ਮਾਰਸਡਨ (ਪੱਤਰਕਾਰ) 'ਮਾਰਨਿੰਗ ਪੋਸਟ' ਦਾ ਮੁਲਾਜਮ ਰਿਹਾ। ਉਸ ਦੇ ਬਹੁਤ ਮਿੱਤਰ ਵੀ ਬਣੇ ਅਤੇ ਦੁਸ਼ਮਣ ਵੀ ਜੋ ਬੜੇ ਸ਼ਕਤੀਸ਼ਾਲੀ ਸਨ। 1927 ਵਿੱਚ ਪ੍ਰਿੰਸ ਆਫ ਵੇਲਜ਼ ਦਾ ਆਪਣੀ ਸਲਤਨਤ ਦੇ ਦੌਰੇ ਤੇ ਜਾਣ ਦਾ ਪ੍ਰੋਗਾਮ ਬਣਿਆ। ਮਾਰਸਡਨ ਨੂੰ ਉਸ ਨਾਲ ਜਾਣ ਵਾਲੇ ਡੈਲੀਗੇਸ਼ਨ ਲਈ ਚੁਣਿਆ ਗਿਆ। ਇਉਂ ਨਹੀਂ ਹੋ ਸਕਦਾ ਕਿ ਉਕਤ ਦਸਤਾਵੇਜ ਦਾ ਖੋਜੀ ਛਾਪਕ ਸ਼ਹਿਜਾਦੇ (ਜੋ ਭਵਿੱਖੀ ਬਾਦਸ਼ਾਹ ਵੀ ਸੀ) ਦੇ ਇਸ ਦੋਰੇ ਦੇ ਨਾਲ ਗਿਆ ਹੋਵੇ ਅਤੇ ਉਸ ਨੇ ਇਸ ਦਸਤਾਵੇਜ ਦੇ 'ਬੁਰਿਆਈ ਦੀ ਜੜ੍ਹ' ਹੋਣ ਬਾਰੇ ਨਾ ਦੱਸਿਆ ਹੋਵੇ। ਇਹ ਨਾ ਦੱਸਿਆ ਹੋਵੇ ਕਿ ਕਿਵੇਂ ਸਮਾਜਵਾਦੀ ਤੇ ਜ਼ਾਇਅਨਵਾਦੀ ਵਿਸ਼ਵੀ ਸਾਜਿਸ਼ਾਂ ਵਿਚ ਵਿਸ਼ਵੀ ਪੂੰਜੀਪਤੀਆਂ ਅਰਥਾਤ ਬੈਂਕ ਮਾਲਕਾਂ (ਮੁਦਰਾ ਮਾਲਕਾਂ) ਦਾ ਲੁਕਿਆ ਹੱਥ ਹੈ ਤੇ ਇਸ ਗੁਪਤ ਸਾਜਿਸ਼ ਦਾ ਇਸ ਦਸਤਾਵੇਜ਼ ਵਿੱਚ ਸਾਫ ਸਾਫ ਵਰਣਨ ਹੈ। (ਕੁਦਰਤੀ ਸੱਚਾਈ ਹੈ ਕਿ ਸ਼ਹਿਜਾਦੇ ਦੇ ਕਪਾਟ ਖੁਲ੍ਹ ਗਏ ਹੋਣਗੇ)।

ਜਦੋਂ ਸ਼ਹਿਜ਼ਾਦਾ ਅੰਗ੍ਰੇਜੀ ਸਲਤਨਤ ਦਾ ਦੌਰਾ ਕਰਕੇ ਵਾਪਸ ਆਇਆ ਤਾ ਉਹ ਐਨ ਬਦਲਿਆ ਹੋਇਆ ਇਨਸਾਨ ਸੀ। (ਮੈਂ ਐਲਾਨ ਕਰਦਾ ਹਾਂ ਜੋ ਕੋਈ ਵੀ ਇਸ ਦਸਤਾਵੇਜ਼ ਨੂੰ ਪੜ੍ਹ ਕੇ ਸਮਝ ਲਏਗਾ, ਬੁੱਧ ਵਾਲੇ ਸੱਚ ਦਾ ਚਾਨਣ ਹੋਣ ਵਾਂਗ ਉਸ ਦੀ ਸੋਚ ਤੇ ਕਾਰਜ ਵਿਧੀ ਵਿੱਚ ਵਿਕਾਸ ਹੋਏਗਾ)।

ਸ਼ਹਿਜ਼ਾਦਾ ਹੁਣ ਖੁਸ਼ ਮਿਜ਼ਾਜੀ ਯੁਵਕ ਨਹੀ ਰਿਹਾ ਸੀ। ਮਾਰਸਡਨ ਕੋਲੋਂ ਦਸਤਾਵੇਜ ਦੀ ਜਾਣਕਾਰੀ ਲੈ ਕੇ ਉਹ ਇੱਕ ਗੁੜ੍ਹਿਆ ਹੋਇਆ ਇਨਸਾਨ ਬਣ ਗਿਆ ਸੀ। ਉਹ ਅੰਗ੍ਰੇਜੀ ਸਲਤਨਤ ਦਾ ਬੜਾ ਹੀ ਗੰਭੀਰ, ਸਰਬੱਤ ਦੇ ਭਲੇ ਦਾ ਨੁਮਾਇੰਦਾ ਬਣ ਚੁਕਿਆ ਸੀ ਅਤੇ ਉਹ ਸੋਭਾ ਖੱਟ ਰਿਹਾ ਸੀ। ਦੂਜੇ ਪਾਸੇ ਏਸ ਦੌਰੇ ਕਾਰਨ ਮਿਸਟਰ ਮਰਸਡਨ ਨਾਲ ਜੋ ਵਾਪਰਿਆ, ਇੱਕ ਮੌਕਾ-ਮੇਲ ਵੀ ਹੋ ਸਕਦਾ ਸੀ। ਦੌਰੇ ਦੇ ਦਿਨਾਂ ਵਿੱਚ ਉਹ ਪੂਰੀ ਤਰਾਂ ਸਿਹਤਮੰਦ ਹੋ ਚੁਕਿਆ ਸੀ, ਹੋਰ ਸੁਧਾਰ ਆਈ ਜਾਂਦਾ ਸੀ। ਪਰ ਦੌਰੇ ਤੋਂ ਵਾਪਸ ਆਉਂਦਿਆਂ ਹੀ ਉਸ ਦੀ ਸਿਹਤ ਇੱਕ ਦਮ ਵਿਗੜ ਗਈ ਅਤੇ ਕੁਝ ਹੀ ਦਿਨਾਂ ਬਾਅਦ ਉਹ ਮਰ ਗਿਆ। ਇਹ ਕਿੱਸਾ ਉਵੇਂ ਹੀ ਵਾਪਰਿਆ ਜਿਵੇ ਕਿ 1788-89 ਦੇ ਫਰਾਂਸੀਸੀ ਇਨਕਲਾਬ ਵੇਲੇ ਵਾਪਰਿਆ ਸੀ। ਉਦੋਂ ਬਾਦਸ਼ਾਹ ਲੂਈ ਦੇ ਮਹਿਲਾਂ ਵਿੱਚ ਇੱਕ ਬਹੁਤ ਹੀ ਮਹਿੰਗੀ 'ਡਾਇਮੰਡ ਨੈਕਲੈਸ' ਦੇ ਬਾਰੇ ਬਦਨਾਮ ਚਰਚਾ ਚੱਲੀ ਸੀ। ਇੱਕ ਲੇਖਕ ਮਿਸਟਰ ਈ. ਸਕੱਡਰ ਨੇ ਡਾਇਮੰਡ ਨੈਕਲੇਸ ਦੇ ਵਿਸ਼ੇ ਤੇ ਪੁਸਤਕ ਲਿਖੀ ਸੀ, ਜਿਸ ਵਿੱਚ ਲਿਖਿਆ ਸੀ ਕਿ ਉਸ ਵੇਲੇ ਦਾ ਫਰਾਂਸੀਸੀ ਬਾਦਸ਼ਾਹ ਇਸ ਸੱਚਾਈ ਤੋ ਅਣਜਾਣ ਨਹੀਂ ਸੀ ਕਿ ਮੀਰਾਬੂ ਨੂੰ ਇਲੂਮੀਨਿਟੀ ਜ਼ਾਇਅਨਵਾਦੀ (ਜੋ ਮਹਿਲ ਵਿੱਚ ਪੂਰੀ ਤਰਾ ਘੁਸ ਚੁਕੇ ਸਨ) ਨੇ ਜ਼ਹਿਰ ਦੇ

Scanned with OKEN Scanner

ਕੇ ਮਾਰਿਆ ਸੀ। (ਇਸ ਪੁਸਤਕ ਵਿੱਚ ਵੇਰਵਾ 1789 ਦੇ ਫਰਾਂਸੀਸੀ ਇਨਕਲਾਬ ਦਾ ਸੱਚ ਕਾਂਡ ਵਿੱਚ ਦਿੱਤਾ ਜਾ ਚੁਕਿਆ ਹੈ) ਮੀਰਾਬੂ ਨੂੰ ਮਾਰਨਾ ਪਿਆ ਸੀ ਕਿਉਂਕਿ ਉਸਨੇ ਬਾਦਸ਼ਾਹ ਲੂਈ ਸੋਲਵੇ ਨੂੰ ਦਸ ਦਿੱਤਾ ਸੀ ਕਿ ਫਰਾਂਸੀਸੀ ਇਨਕਲਾਬ ਦੇ ਅਸਲ ਦੋਸ਼ੀ ਕੌਣ ਹਨ?

ਫਿਰ ਆਈਏ ਪਹਿਲੇ ਮਸਲੇ ਤੇ ਡੀਊਕ ਆਫ ਵਿੰਡਸਰ ਨੂੰ ਪਹਿਲੇ ਵਿਸ਼ਵ ਯੁੱਧ 1914-18 ਵਿੱਚ ਫਰੰਟ ਤੇ ਜਾ ਕੇ ਜੋ ਨਿਜੀ ਤਜ਼ਰਬੇ ਹੋਏ ਤੇ ਬੀਤੀਆਂ, ਵਾਪਰੀਆਂ ਤੋਂ ਉਹ ਬਹੁਤ ਪ੍ਰਭਾਵਿਤ ਸੀ ਤੇ ਬਦਲਿਆ ਹੋਇਆ ਸ਼ਹਿਜਾਦਾ ਬਣ ਗਿਆ ਸੀ। ਜਿਹੜਾ ਕੋਈ ਵੀ ਉਸਨੂੰ ਦੇਖਦਾ, ਮਿਲਦਾ ਸੀ, ਇਉਂ ਹੀ ਸਮਝਦਾ ਸੀ ਕਿ ਉਹ ਆਪ ਦੀ ਜ਼ਿੱਦ ਪੂਰੀ ਕਰਦਾ ਅਤੇ ਬਹੁਤ ਸਮਾਂ ਉਹ ਮੁਹਾਜ ਦੀਆਂ ਮੋਹਰਲੀਆਂ ਕਤਾਰਾਂ ਵਿੱਚ ਰਹਿੰਦਾ ਅਤੇ ਫੌਜ ਤੇ ਫੌਜੀਆਂ ਨੂੰ ਬੁਲੰਦ ਹੌਸਲਿਆਂ ਵਿੱਚ ਰਹਿਣ ਦਾ ਸੰਦੇਸ਼ ਦਿੰਦਾ। ਉਸਨੇ ਫੌਜੀਆਂ ਦੇ ਮਨ ਅਤੇ ਵਫਾਦਾਰੀ ਜਿੱਤ ਲਈ। ਭਵਿੱਖ ਵਿੱਚ ਏਹੋ ਹੀ ਉਸ ਦੀ ਪਰਜਾ ਹੋਣੀ ਸੀ (ਕਿਉਂਕਿ ਉਸਨੇ ਤਖਤ ਦਾ ਅਗਲਾ ਵਾਰਿਸ ਹੋਣਾ ਸੀ) ਜੋ ਕਿ ਬੜੀ ਬਹਾਦਰੀ ਅਤੇ ਨਿਪੁੰਨਤਾ ਨਾਲ ਮੁਹਾਜ਼ ਤੇ ਲੜ ਰਹੀ ਸੀ।

ਲੜਾਈ ਮੁਕਣ ਮਗਰੋਂ ਉਸਨੇ ਜੋ ਦੌਰਾ ਆਪਣੀ ਸਲਤਨਤ ਦਾ ਕੀਤਾ, ਤੋਂ ਮਗਰੋਂ ਉਹ ਆਪਣੀ ਪਰਜਾ ਦੀ ਖੁਸ਼ੀ ਅਤੇ ਆਰਥਿਕ ਉਨੱਤੀ ਦੇ ਕੰਮਾਂ ਵਿੱਚ ਬਹੁਤ ਦਿਲਚਸਪੀ ਲੈਣ ਲੱਗ ਪਿਆ। ਉਹ ਕੋਲਾ-ਖਾਣ ਜ਼ਿਲਿਆਂ ਵਿੱਚ ਜਾਂਦਾ ਅਤੇ ਉਨ੍ਹਾਂ ਦੇ ਘਰੀਂ ਵੀ ਦੁਖ ਸੁਖ ਸਾਂਝਾ ਕਰਨ ਚਲਿਆ ਜਾਂਦਾ। ਉਹ ਖਾਣਾਂ ਦੇ ਮਜਦੂਰਾਂ ਤੇ ਪਰਿਵਾਰਾਂ ਦੇ ਜ਼ਿਲਿਆ ਵਿੱਚ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਗੱਲਾਂ ਕਰਨ ਲੱਗ ਪਿਆ। ਉਹ ਕਈ ਵਾਰੀ ਸ਼ਾਹੀ ਰੀਤੀ ਰਿਵਾਜਾਂ ਅਤੇ ਰੋਕਾਂ ਨੂੰ ਵੀ ਛਿੱਕੇ ਟੰਗ ਦਿੰਦਾ। ਉਹ ਰਾਜ ਅਧਿਕਾਰੀਆਂ ਦੀਆਂ ਬਹੁਤ ਸਾਰੀਆਂ ਸਲਾਹਾਂ ਤੇ ਮਸ਼ਵਰਿਆ ਨਾਲ ਅਸਹਿਮਤ ਹੋਣ ਲੱਗ ਪਿਆ ਕਿਉਂਕਿ ਨਿੱਜੀ ਤਜਰਬੇ ਕਰਕੇ ਉਸ ਨੂੰ ਪਤਾ ਹੁੰਦਾ ਸੀ ਕਿ ਉਹ ਠੀਕ ਹੈ ਅਤੇ ਸਲਾਹਕਾਰ ਗਲਤ ਹਨ। ਉਹ ਬਦੇਸ਼ੀ ਮਸਲਿਆਂ ਤੇ ਆਪਣੀ ਦਲੀਲ ਪੇਸ਼ ਕਰਨ ਦੀ ਹਿੰਮਤ ਕਰਨ ਲੱਗ ਪਿਆ। ਉਹ ਹਰ ਉਸ ਨੀਤੀ ਦਾ ਵਿਰੋਧ ਕਰਨ ਲੱਗ ਪਿਆ ਜਿਸ ਦੇ ਵਾਰੇ ਵਿੱਚ ਉਸਨੂੰ ਯਕੀਨ ਹੋ ਜਾਂਦਾ ਸੀ ਕਿ ਲੁਕਵੀਆਂ ਜ਼ਾਇਅਨਵਾਦੀ ਤਾਕਤਾਂ ਦੀ ਉਪਜਾਈ ਨੀਤੀ ਹੈ।

ਜਨਵਰੀ 20, 1936 ਨੂੰ ਉਸ ਨੂੰ ਬਾਦਸ਼ਾਹ ਐਲਾਨ ਕਰ ਦਿੱਤਾ ਗਿਆ। ਫੇਰ ਉਸਨੇ ਆਪਣੀਆਂ ਜਿੰਮੇਵਾਰੀਆਂ ਨੂੰ ਹੋਰ ਵੀ ਗੰਭੀਰਤਾ ਨਾਲ ਲੈਣਾ ਸ਼ੁਰੂ ਕਰ ਦਿੱਤਾ। ਉਹ ਨਹੀਂ ਸੀ ਚਾਹੁੰਦਾ ਕਿ ਅੰਤਰਾਸ਼ਟਰੀ ਸ਼ਤਰੰਜ ਦਾ ਇੱਕ ਹੋਰ ਮੋਹਰਾ ਬਾਦਸ਼ਾਹ ਬਣ ਬੈਠੇ, ਕਿ ਉਹ ਪਰਦਿਆਂ ਪਿਛਲੀਆਂ ਤਾਕਤਾਂ ਦੀ ਰਜ਼ਾ ਅਨੁਸਾਰ ਚੱਲੇ ਜੋ ਬਾਦਸ਼ਾਹਾਂ ਦੇ ਤਖਤਾਂ ਨੂੰ ਪਰਦਿਆਂ ਪਿਛਿਉਂ ਚਲਾਉਂਦੀਆ ਹਨ। ਛੇਤੀ ਪਰਦਰਸ਼ਿਤ ਹੋ ਗਿਆ ਕਿ ਉਹਦਾ ਆਪਣਾ ਇੱਕ ਇਰਾਦਾ ਹੈ।

Scanned with OKEN Scanner
Scanned with OKEN Scanner

ਇੱਕ ਬਾਦਸ਼ਾਹ ਜਿਸ ਦਾ ਇਹੋ ਜਿਹਾ ਗੁੜ੍ਹਿਆ ਗਿਆਨ ਹੋਵੇਗਾ, ਤੇ ਇਹੋ ਜਿਹਾ ਆਚਾਰ ਹੋਵੇਗਾ ਉਹ ਉਨ੍ਹਾਂ ਲੋਕਾਂ ਦੇ ਰਾਹ ਦਾ ਰੋੜਾ ਹੋਵੇਗਾ ਜਿਹੜੇ ਆਪਣੀਆ ਯੋਜਨਾਵਾਂ ਅਨੁਸਾਰ ਬਾਦਸ਼ਾਹਾਂ ਤੇ ਤਖਤਾ ਨੂੰ ਚਲਾਉਣ ਲਈ ਦ੍ਰਿੜ ਹੋਣ, ਛੜਯੰਤਰੀ ਵੀ ਹੋਣ। ਇਹੋ ਜਿਹੇ ਬਾਦਸ਼ਾਹ ਤੋਂ ਪਿੱਛਾ ਛੁਡਾਉਣਾ ਹੀ ਪੈਣਾ ਸੀ।

1788-89 ਵਾਲਾ ਫਰਾਂਸੀਸੀ ਇਨਕਲਾਬ ਦਾ ਗੂੜ੍ਹ ਤਜਰਬਾ ਉਨ੍ਹਾਂ ਕੋਲ ਹੈ ਹੀ ਸੀ।

ਉਸ ਸਮੇਂ ਤੋਂ ਜਦੋਂ ਤੋਂ ਉਹ (ਦਸਤਾਵੇਜ਼ ਦੇ ਖੋਜੀ) ਮਿਸਟਰ ਮਾਰਸਡਨ ਦੇ ਨੇੜੇ ਆਕੇ ਉਸ ਦਾ ਹਮ-ਖਿਆਲ ਬਣਿਆ ਸੀ, ਉਸਨੂੰ ਆਧੁਨਿਕ ਢੰਗ ਨਾਲ 'ਬਦਨਾਮੀ' ਦਾ ਸ਼ਿਕਾਰ ਬਣਾ ਧਰਿਆ ਸੀ। ਫਰਾਂਸੀਸੀ ਇਨਕਲਾਬ ਸਮੇਂ ਵੀ ਮਹਿਲਾ ਵਿੱਚੋਂ ਹੀ ਕਾਨਾਫੂਸੀਆਂ ਤੇ ਅਫਵਾਹਾਂ ਫੈਲਾ ਕੇ ਮਹਿਲਾਂ ਨੂੰ ਮਹਿਲਾਂ ਵਿਰੁਧ ਵਰਤ ਲਿਆ ਗਿਆ ਸੀ। ਉਸ ਦੇ ਵਿਰੁੱਧ ਇਕ ਕਾਨਾਫੂਸੀ ਮੁਹਿਮ ਚਲਾਈ ਗਈ ਕਿ ਉਹ ਵਹਿਸ਼ੀ ਕਿਸਮ ਦਾ ਤੇ ਕਾਮ ਗ੍ਰਸਤ ਚਰਿੱਤਰ ਵਾਲਾ ਵਿਅਕਤੀ ਹੈ, ਉਹ ਸੱਜੇ ਪੱਖੀ ਹੈ ਅਤੇ ਸਰ ਓਸਵਲਡ ਮੌਸਲੀ ਦੀ ਫਾਸ਼ੀ ਜੁੰਡਲੀ ਨਾਲ ਸੰਬੰਧਿਤ ਹੈ।

ਬਾਦਸ਼ਾਹ ਐਡਵਰਡ ਅੱਠਵਾਂ

ਫੇਰ ਜਦੋਂ ਸ਼ਹਿਜ਼ਾਦੇ (ਜੋ ਹੁਣ ਕਿੰਗ ਐਡਵਰਡ ਅੱਠਵਾ ਸੀ) ਦੀ ਸ੍ਰੀਮਤੀ 'ਵਾਲੀ ਸਿੰਪਸਨ' ਨਾਲ ਦੋਸਤੀ ਦਾ ਪਤਾ ਲੱਗਿਆ ਤਾਂ ਖੱਬੇਪੱਖੀਆਂ ਦੀ ਪ੍ਰੈਸ ਨੇ ਉਸ ਵਿਰੁੱਧ ਪੂਰਾ ਮੁਹਾਜ਼ ਖੋਲ੍ਹ ਦਿੱਤਾ।

ਉਹ ਇੱਕ ਬਾਦਸ਼ਾਹ ਸੀ ਪਰ ਤਾਂ ਵੀ ਉਸ ਉੱਪਰ ਘਟੀਆ ਤੋ ਘਟੀਆ ਇਲਜਾਮ ਲਗਾਏ ਅਤੇ ਉਨ੍ਹਾਂ ਦੇ ਆਪਸੀ ਸੰਬੰਧਾਂ ਤੇ ਖੰਭਾਂ ਦੀਆਂ ਡਾਰਾਂ ਬਣਾ ਧਰੀਆਂ। ਇਹੋ ਜਿਹੀ ਹਾਲਤ ਵਿੱਚ ਬਰਤਾਨੀਆ ਦੇ ਪ੍ਰਧਾਨਮੰਤਰੀ ਨੇ ਆਪਣਾ ਹੁਕਮ ਚਾੜ੍ਹ ਦਿੱਤਾ। ਉਹ ਵੀ ਮਜਬੂਰ ਸੀ।

ਆਪਣੇ ਆਕਿਆਂ (ਜ਼ਾਇਅਨਵਾਦੀਆਂ) ਦੇ ਦਬਾਅ ਦੇ ਕਾਰਨ ਪ੍ਰਧਾਨ ਮੰਤਰੀ ਮਿਸਟਰ ਬਾਲਡਵਿਨ ਨੇ ਬਾਦਸ਼ਾਹ ਐਡਵਰਡ ਅੱਠਵੇ ਦੀ ਬਾਦਸ਼ਾਹਤ ਦੀ ਗੱਦੀ ਛੁਡਵਾ ਕੇ ਠੀਕ ਉਹੋ ਜਿਹੀ ਹਾਲਤ ਪੈਦਾ ਕਰਵਾ ਦਿੱਤੀ ਜਿਹੋ ਜਿਹੀ 1919 ਵਿੱਚ ਪੈਦਾ ਹੋਈ ਸੀ, ਜਦੋਂ ਬੈਂਕਰ ਲੋਇਡ ਜਾਰਜ ਨੇ ਚਰਚਿਲ ਅਤੇ ਬਦੇਸ਼ ਮੰਤਰੀ ਬਾਲਫਰ ਨੂੰ ਪੈਲਿਸਟੀਨ ਵਿਖੇ ਯਹੂਦੀ ਦੇਸ਼ ਇਸਰਾਈਲ ਬਣਾਉਣ ਲਈ ਸ਼ਾਹੀ ਹੁਕਮ ਦੇਣ ਲਈ ਮਜਬੂਰ ਕੀਤਾ ਸੀ। (ਏਥੇ ਯਾਦ ਕਰਾਇਆ ਜਾਂਦਾ ਹੈ ਕਿ 1917-1919 ਵਿੱਚ ਜਦੋਂ ਵਿਸ਼ਵ ਯੁਧ ਪਹਿਲਾ ਐਨ ਚਰਮ ਸੀਮਾਂ ਤੇ ਸੀ ਤਾਂ ਅੰਤਰਾਸ਼ਟਰੀ ਮੁਦਰਾ ਮਾਲਕਾਂ ਨੇ ਆਰਥਕ ਸੰਕਟ ਪੈਦਾ ਕਰਕੇ ਹਾਲਤ ਇਹੋ ਜਿਹੀ ਬਣਾ ਦਿੱਤੀ ਸੀ ਕਿ ਪ੍ਰਾਈਮ ਮਨਿਸਟਰ ਚਰਚਿਲ ਅਤੇ ਬਦੇਸ਼ ਮੰਤਰੀ ਬਾਲਫਰ ਨੂੰ ਪੈਲੇਸਟੀਨ ਮੈਨਡੇਟ ਮੰਨਣਾ ਪਿਆ ਸੀ, ਜਿਸ ਤਹਿਤ ਬਾਲਫਰ ਨੇ ਸਰਕਾਰੀ

Scanned with OKEN Scanner

ਪੈਡ ਤੇ ਜ਼ਾਇਅਨਵਾਦੀ ਕਾਂਗਰਸ ਦੇ ਪ੍ਰਧਾਨ ਨੂੰ ਫ਼ਲੀਸਤੀਨ ਵਿਖੇ ਯਹੂਦੀ ਰਾਜ ਇਸਰਾਈਲ ਬਣਾਉਣ ਲਈ ਬੱਚਨਬੱਧਤਾ ਦੀ ਚਿੱਠੀ ਲਿਖਣੀ ਪਈ ਸੀ। 1936 ਵਿੱਚ ਐਡਵਰਡ ਅੱਠਵੇ ਨੇ ਮਾਰਸਡਨ ਰਾਹੀਂ ਪੋਰੋਟੋਕੋਲ ਦਾ ਅਧਿਐਨ ਕਰਨ ਅਤੇ ਵੱਖਰੇ ਢੰਗ ਨਾਲ ਰਾਜ ਚਲਾਉਣ ਮਗਰੋਂ ਐਸੇ ਹਾਲਾਤ ਪੈਦਾ ਕਰ ਦਿਤੇ ਗਏ ਕਿ ਪ੍ਰਧਾਨ ਮੰਤਰੀ ਬਾਲਡਵਿਨ ਨੂੰ ਬਾਦਸ਼ਾਹ ਨੂੰ ਗੱਦੀ ਛੱਡਣ ਦਾ ਹੁਕਮ ਦੇਣਾ ਪਿਆ (ਪਾਠਕ ਸੱਜਣੋ, ਅੰਦਾਜ਼ਾ ਤਾ ਲਗਾਓ ਕਿ ਪ੍ਰੋਟੋਕੋਲ ਆਖਰ ਚੀਜ ਕੀ ਹੈ ? ਥੋਹੜਾ ਇੰਤਜਾਰ ਕਰੋ, ਅਗਲਾ ਕਾਂਡ ਇਨ ਬਿਨ ਏਸੇ ਦਾ ਪੰਜਾਬੀ ਰੂਪ ਹੈ)।

ਸਾਜਿਸ਼ਾਂ ਨਾਲ ਹਾਲਤ ਇਹੋ ਜਿਹੀ ਬਣਾ ਦਿੱਤੀ ਗਈ ਕਿ ਬਾਦਸ਼ਾਹ ਐਡਵਰਡ ਅੱਠਵੇ ਸਾਹਮਣੇ ਦੋ ਰਸਤੇ ਸਨ, ਜਿਨਾਂ ਵਿਚੋਂ ਇਕ ਚੁਨਣਾ ਪੈਣਾ ਸੀ। ਪਹਿਲਾ ਕਿ ਸ੍ਰੀਮਤੀ ਸਿੰਪਸਨ ਨਾਲ ਅਸਮ-ਵਰਗੀ ਸ਼ਾਦੀ ਕਰੇ ਅਤੇ ਆਪਣੀ ਰਇਆ ਦਾ ਪਿਆਰ ਖੋ ਬੈਠੇ ਅਤੇ ਦੂਸਰੇ ਤਖਤ ਛੱਡੇ ਤੇ ਸ਼ਾਦੀ ਕਰਾਏ। ਬਾਦਸ਼ਾਹ ਨੇ ਉਹੀ ਕਦਮ ਚੁਕਿਆ ਜਿਹੜਾ ਕਿ ਜੈਂਟਲਮੈਨ ਚੁਕ ਸਕਦਾ ਹੈ (ਉਸਨੇ ਤਖਤ ਛੱਡ ਦਿੱਤਾ ਸੀ)।

*****

ਤੇ ਇਹ ਹੈ ਇਸ ਦੀ ਅਸਲ ਕਹਾਣੀ, ਉਂਜ ਮਿਰਚ ਮਸਾਲਾ ਲਾ ਕੇ ਬੜਾ ਕੁਝ ਪਰਚਾਰਿਆ ਗਿਆ ਤੇ ਜਾ ਰਿਹਾ ਹੈ। ਅਸਲ ਵਿੱਚ ਵਿਚਲੀ ਕਹਾਣੀ ਇਹੋ ਹੈ ਕਿ ਪਰੋਟੋਕੋਲ ਦੀ ਜਾਣਕਾਰੀ ਮਗਰੋਂ ਉਸ ਦਾ ਰਾਜ ਕਰਨ ਦਾ ਰੋਅ ਹੀ ਵੱਖਰਾ ਹੋਣਾ ਸੀ ਜਿਸ ਨੂੰ ਪਰਦੇ ਪਿਛਲੀਆਂ ਤਾਕਤਾਂ ਨੇ ਸਹਿਣ ਨਹੀਂ ਕਰ ਸਕਣਾ ਸੀ।

ਪਾਠਕ ਸੱਜਣ ਲਈ ਇਹ ਪੁਛਣਾ ਬੜਾ ਹੀ ਜਾਇਜ਼ ਹੈ ਕਿ ਜਿਹੜਾ ਦਸਤਾਵੇਜ 1901 ਵਿੱਚ ਹੀ ਲੱਭ ਪਿਆ ਸੀ ਜਿਸ ਤੇ ਅਧਾਰਿਤ ਐਨਾ ਵਾਦ-ਵਿਵਾਦ ਹੋਇਆ, ਨੂੰ ਉਪਜਣ ਅਤੇ ਵੱਧਣ ਫੂਲਣ ਹੀ ਕਿਉਂ ਦਿੱਤਾ ਗਿਆ ? ਭਾਵ ਕਿ ਜਦੋਂ 1901 ਵਿੱਚ ਹੀ ਇਸ ਦਸਤਾਵੇਜ ਰਾਹੀਂ ਭਵਿੱਖਬਾਣੀਆਂ ਹੋ ਚੁਕੀਆਂ ਸਨ ਤਾਂ ਜੋ ਕੁਝ ਅਟਲ ਬਾਅਦ ਵਿੱਚ ਹੋਇਆ, ਉਪਜਣ ਹੀ ਕਿਉਂ ਦਿੱਤਾ ਗਿਆ ? ਕੀ ਰਾਜ ਗੱਦੀਆ ਤੇ ਬੈਠੇ ਲੋਕ ਅਤੇ ਰਾਜ ਅਧਿਕਾਰੀ ਏਨੇ ਮਿਟੀ ਦੇ ਮਾਧੋ ਸਨ ਕਿ ਏਸੇ ਦਸਤਾਵੇਜ ਦੀਆ ਭਾਵਨਾਵਾਂ ਤੇ ਲੀਹਾਂ ਅਨੁਸਾਰ ਸਭ ਕੁਝ ਵਾਪਰਦਾ ਚਲਿਆ ਗਿਆ। ਅਫਰੀਕਾ ਵਿੱਚ ਬੋਇਰ ਜੰਗ ਹੋਈ, 'ਜੇਮਸਨ ਰੇਡ' ਹੋਇਆ, ਅਫਰੀਕਾ ਦੀਆ ਸੋਨੇ ਤੇ ਹੀਰਿਆਂ ਦੀਆਂ ਕਾਨਾਂ ਲੁਟ ਹੋਈਆਂ, ਵਿਸ਼ਵ ਯੁਧ ਹੋਏ ਆਦਿ। ਅਜੇ ਇਸ ਇਸ਼ੂ ਤੇ ਬਹੁਤ ਕੁਝ ਖੋਜਣਾਂ ਤੇ ਲਿਖਣਾ ਬਾਕੀ ਹੈ। (ਅਫਸੋਸ ਸਾਡੇ ਇਤਿਹਾਸਕਾਰਾਂ ਤੇ ਬੁਧੀਜੀਵੀਆਂ ਕੋਲ ਏਸ ਪਾਸੇ ਦੀ ਅਜੇ ਲਗਨ ਨਹੀਂ, ਚੇਟਕ ਨਹੀਂ, ਚੇਤਨਾ ਨਹੀਂ, ਚਿਤਾਵਨੀ ਨਹੀਂ, ਏਸੇ ਚੇਤਨਾ ਨੂੰ ਉਤੇਜਿਤ ਕਰਨਾ ਹੀ ਤਾਂ ਇਸ ਪੁਸਤਕ ਦੇ ਲਿਖਣ ਦਾ ਅਸਲ ਮਕਸਦ ਹੈ। ਮਕਸਦ ਵੱਲ ਅਵੱਸ਼ ਵਧਿਆ ਜਾਵੇਗਾ ...)

Scanned with OKEN Scanner

The Protocol of the Meetings of the Learned Elders of Zion

ਜ਼ਾਇਅਨਵਾਦੀ ਵਿਦਵਾਨ ਵਡੇਰਿਆਂ ਦੇ ਸਮੇਲਨਾਂ ਦੇ ਲਮੇਰੇ ਵਿਆਖਿਆਨਾਂ ਦਾ ਸੰਖੇਪ ਸਾਰ।

ਇੱਕ ਨਿੱਕੀ ਘਟਨਾ:- ਸਾਲ 2013 ਦੇ ਸ਼ੁਰੂ ਵਿੱਚ ਇੱਕ ਦਿਨ ਡਾ: ਦਲਜੀਤ ਸਿੰਘ (ਆਈ ਸਪੈਸ਼ਲਿਸਟ ਅੰਮ੍ਰਿਤਸਰ) ਦਾ ਫ਼ੋਨ ਆਉਂਦਾ ਹੈ। ਉਹ ਕਹਿੰਦੇ ਹਨ- ਮੇਰੇ ਹੱਥ ਬੜਾ ਹੀ ਅਹਿਮ ਡਾਕੂਮੈਂਟ ਲੱਗਾ ਹੈ। ਜੋ ਪੜ੍ਹਾਈ ਅਸੀਂ ਅੱਜ ਕੱਲ੍ਹ ਕਰ ਰਹੇ ਹਾਂ, ਇਹ ਉਸ ਦੀ ਬੁਨਿਆਦ ਹੈ। ਇਸ ਦਾ ਪੰਜਾਬੀ ਵਿੱਚ ਅਨੁਵਾਦ ਕਰਨਾ ਹੈ। ਮੇਰੇ ਕੋਲ ਏਨਾ ਸਮਾਂ ਨਹੀਂ। ਤੁਹਾਡੇ ਕੋਲ ਸਮਾਂ ਹੋਵੇ ਤਾਂ ਕੀ ਕਰੋਗੇ?"

ਮੈਂ ਕਹਿੰਦਾ ਹਾਂ- "ਤੁਸੀਂ ਜਾਣਦੇ ਹੋ ਕਿ ਤੁਸੀਂ ਮੇਰੇ 'ਗੁਰ-ਸੰਤ' ਹੋ। ਸ਼ੁਕਰ ਹੈ ਤੁਸੀਂ ਪਹਿਲੀ ਵਾਰੀ ਕੋਈ ਹੁਕਮ ਕੀਤੈ।"

ਗੁਰ-ਸੰਤ (ਡਾ. ਦਲਜੀਤ ਸਿੰਘ)- "ਮੇਰੇ ਅੰਦਾਜੇ ਮੁਤਾਬਕ ਇਹ ਡਾਕੂਮੈਂਟ ਕੋਈ 60-65 ਕਿਤਾਬੀ ਸਫੇ ਜਿਨਾਂ ਲੰਬਾ ਹੋਵੇਗਾ। ਪਰ ਏਡੀ ਵੱਡੀ ਲਿਖਤ ਲੋਕ ਪੜ੍ਹਦੇ ਨਹੀਂ ਹਨ। ਤੁਸੀਂ ਏਸ ਨੂੰ ਸੰਖੇਪ ਕਰੋ। ਸਾਰਾ ਭਾਵ ਕੋਈ 20-25 ਸਫਿਆਂ ਵਿੱਚ ਸਮਾਂ ਜਾਏ। ਹਾਂ ਵੱਧ ਤੋ ਵੱਧ ਤੀਹ ਸਫੇ ਹੋ ਜਾਣ। ਏਸ ਤੋ ਵੱਧ ਨਹੀਂ। ਕਿਸੇ ਟਰੈਕਟ ਦੀ ਸ਼ਕਲ ਵਿੱਚ ਛਪਣ ਛਾਪਣ ਦਾ ਇੰਤਜ਼ਾਮ ਕਰ ਲਵਾਂਗੇ।"

ਮੈਂ ਪੁਛਦਾ ਹਾਂ - ਮੈਨੂੰ ਕਿੱਥੋਂ ਤੇ ਕਿਵੇਂ ਮਿਲੇਗਾ?

ਗੁਰ ਸੰਤ- ਮੇਰੇ ਕੰਪਿਊਟਰ ਵਿੱਚ ਲੋਡ ਕਰ ਲਿਆ ਗਿਆ ਹੈ। ਤੁਸੀਂ ਕਢਵਾ ਲੈਣਾ— ਖਿਆਲ ਰੱਖਣਾ, ਜਿੰਨਾ ਸੰਖੇਪ ਹੋ ਸਕੇ।

ਦੂਜੇ ਦਿਨ ਮੈਂ ਆਪਣੇ ਮਿੱਤਰ ਪੈਰਾਡਾਈਜ਼ ਕੰਪਿਊਟਰ ਟਾਂਡਾ ਚੋਂ ਇੱਕ ਕਾਪੀ ਕਢਵਾ ਲੈਂਦਾਂ ਹਾਂ। ਪਹਿਲਾ ਪਹਿਰਾ ਪੜ੍ਹਦਾ ਹਾਂ।

ਅੱਜ ਤੱਕ ਦਾ ਪੜ੍ਹਿਆ ਤੇ ਵਿਚਾਰਿਆ ਜਿਵੇਂ ਸਿਰ ਵਿੱਚ ਗੇੜੇ ਕੱਢਣ ਲੱਗ ਜਾਦਾਂ ਹੈ, ਅਟਕਣਾ ਪੈਦਾਂ ਹੈ।

ਪੜ੍ਹਦਾ, ਅਟਕਦਾ, ਜਿਵੇਂ ਕਿਵੇਂ ਇੱਕ ਵਾਰੀ ਮੁਕਾ ਲੈਂਦਾ ਹਾਂ।

ਫ਼ੋਨ ਕਰਦਾ ਹਾਂ ਤੇ ਆਖਦਾ ਹਾਂ- "ਸਰ, ਪ੍ਰੋਟੋਕੋਲ ਦੇ ਅਨੇਕਾਂ ਅਰਥ ਹਨ। ਪਰ ਏਥੇ ਅਰਥ ਹੈ- ਬਹੁਤ ਲਮੇਰੇ ਵਿਆਖਿਆਨਾਂ ਦਾ ਅਤਿ ਸੰਖੇਪ ਸਾਰ। ਇਹ ਤਾਂ ਪਹਿਲਾਂ ਹੀ ਅਤਿ ਸੰਖੇਪ ਸਾਰ ਹੈ। ਹੋਰ ਸੰਖੇਪ ਕਿਵੇਂ ਕੀਤਾ ਜਾਵੇਗਾ। ਹਾਂ ਜੇਕਰ ਤੁਸੀਂ ਹੁਕਮ ਕਰੋ ਤਾਂ

Scanned with OKEN Scanner

ਲਗਪਗ ਦੋ ਹਜਾਰ ਸਫਿਆਂ ਵਿੱਚ ਇਸ ਦਾ ਟੀਕਾ (ਵਿਆਖਿਆ) ਲਿਖ ਦਿਆਂਗਾ। ਸੰਖੇਪ ਕਰਨ ਨਾਲੋ ਇਉਂ ਕਰਨਾ ਸੌਖਾ ਹੋਵੇਗਾ। ਏਨੇ ਸਾਰ ਨਾਲ ਪੜ੍ਹਨ ਵਾਲੇ ਨੂੰ ਮੁਸ਼ਕਿਲਾਂ ਆਉਣਗੀਆਂ।"

ਗੁਰ-ਸੰਤ- "ਹਾਂ, ਮੈਂ ਵੀ ਦੂਜੀ ਵਾਰੀ ਪੜ੍ਹ ਲਿਆ ਹੈ। ਸੰਖੇਪ ਕਰਨਾ ਸੌਖਾ ਨਹੀਂ, ਪਰ ਲੋਕ... ਖੈਰ ਤੁਸੀਂ ਸ਼ੁਰੂ ਕਰੋ। ਹੋਰ ਬਾਅਦ ਵਿੱਚ ਵਿਚਾਰ ਕਰ ਲਵਾਂਗੇ।--- ਇੱਕ ਤੱਥ ਯਾਦ ਰੱਖਣਾ ਕਿ ਇਹੋ ਜਿਹੇ ਡਾਕੂਮੈਂਟ ਨੂੰ ਪੜ੍ਹਨਾ ਆਪਣੀ ਥਾਂ ਮਹੱਤਵਪੂਰਨ ਹੈ, ਪਰ ਅਨੁਵਾਦ ਕਰਨਾ, ਤਾਂ 'ਬੁਧ ਨੂੰ ਚਾਨਣ ਹੋਣ' ਵਾਲਾ ਯਥਾਰਥ ਹੈ।"

ਮੈਂ ਆਖਦਾ ਹਾਂ- "ਕਪਾਟ ਤਾਂ ਪੜ੍ਹਦਿਆਂ ਪੜ੍ਹਦਿਆਂ ਖੁਲ੍ਹ ਗਏ ਲੱਗਦੇ ਹਨ, ਅਨੁਵਾਦ ਕਰਦਿਆਂ ਕਰਦਿਆਂ ਹੋਰ ਅਗਲਾ ਕੁਝ ਵਾਪਰੇਗਾ---"

ਗੁਰ-ਸੰਤ- "ਮੇਰੀ ਸ਼ੁਭ ਕਾਮਨਾ ਤੇਰੇ ਨਾਲ ਹੈ ---"

ਦਸਤਾਵੇਜ ਪਹਿਲਾਂ ਵੀ ਦੋ ਵਾਰ ਛਾਪਿਆ ਜਾ ਚੁਕਿਆ ਹੈ। ਲਗਪਗ ਹਰ ਇੱਕ ਪੜ੍ਹਨ ਵਾਲੇ ਨੇ ਇਹੋ ਸਲਾਹ ਦਿੱਤੀ ਹੈ ਕਿ ਦਸਤਾਵੇਜ ਏਨਾ ਸੰਘਣਾ ਹੈ ਕਿ ਸੱਚਮੁੱਚ ਵਿਆਖਿਆ ਦੀ ਮੰਗ ਕਰਦਾ ਹੈ।

ਸਿਰਲੇਖ ਦੇ ਸ਼ਬਦਾਰਥ :- The Protocol (ਪ੍ਰੋਟੋਕੋਲ) - ਇਸ ਦਾ ਇੱਕ ਅਰਥ ਹੈ ਬਦੇਸ਼ੀ ਮੰਤਰਾਲੇ ਦਾ ਸ਼ਿਸ਼ਟਾਚਾਰ ਵਿਭਾਗ; ਬਦੇਸ਼ੀ ਮਹਿਮਾਨ ਦੇ ਸੁਆਗਤ ਵੇਲੇ ਨਿਭਾਈਆਂ ਜਾਣ ਵਾਲੀਆ ਰਸਮਾਂ। ਪਰ ਏਥੇ ਇਸ ਦਾ ਅਰਥ ਹੈ 'ਵਿਸ਼ਾਲ ਵਿਆਖਿਆਨਾਂ ਦਾ ਅਤਿ ਸੰਖੇਪ ਸਾਰ, ਨਿਚੋੜ ਆਦਿ।

Meetings: ਵਿਚਾਰਧਾਰਾਵਾਂ ਲਈ ਕੀਤੀਆਂ ਗਈਆ ਬੈਠਕਾਂ, ਸਭਾਵਾਂ, ਗੋਸ਼ਟੀਆਂ, ਸੰਮੇਲਨ ਆਦਿ। ਬਹੁਤ ਸਾਰੇ ਗ੍ਰੰਥਾਂ ਵਿਚ ਦਰਜ਼ ਹੈ ਕਿ ਗੁਰੂ-ਪੀਰ-ਪੈਗੰਬਰ ਵਿਚਾਰ ਵਟਾਂਦਰਿਆਂ ਲਈ ਗੋਸ਼ਟੀਆਂ ਕਰਦੇ ਹਨ। ਵਿਚਾਰ ਵਟਾਂਦਰਿਆਂ ਚੋਂ ਨਿਕਲੇ ਨਿਚੋੜਾਂ ਦਾ ਵਰਣਨ ਵੀ ਕਰਦੇ ਹਨ। (ਗੁਰੂ ਨਾਨਕ ਸਾਹਿਬ ਦੀ ਰਚਨਾ 'ਸਿਧ-ਗੋਸ਼ਟਿ' ਸਿਧ-ਜੋਗੀਆਂ ਨਾਲ ਕੀਤੇ ਵਿਚਾਰ ਵਟਾਂਦਰੇ ਦਾ ਹੀ ਨਿਚੋੜ ਹੈ।) ਜ਼ਾਇਅਨਵਾਦ ਦੇ ਵਿਦਵਾਨਾਂ ਨੇ ਅਨੇਕਾਂ ਗੋਸ਼ਟੀਆਂ ਕੀਤੀਆਂ ਹੋਣਗੀਆਂ ਜਿਨਾਂ ਦਾ ਇਹ ਐਨ ਸੰਖੇਪ ਸਾਰ ਹੈ। ਇਹੋ ਇੱਕ ਅਜਿਹੀ ਰਚਨਾ ਹੈ ਜਿਸ ਵਿੱਚ ਸਮਾਜ ਦੇ ਲਗਭਗ ਹਰ ਇੱਕ ਖੇਤਰ ਦਾ ਅਰਕ ਕੱਢ ਦਿੱਤਾ ਗਿਆ ਹੈ। ਵੱਡੀ ਗੱਲ ਇਹ ਹੈ ਕਿ ਇਸ ਅਰਕ ਨੂੰ ਉਹ ਨਿਰੋਲ ਆਪਣੇ ਹਿੱਤ ਵਿੱਚ ਵਰਤੋਂ ਕਰਨ ਲਈ ਬਚਨਵੱਧ ਹਨ। ਜਿਸ ਨੇ ਵੀ ਇਸ ਵਿਚਲੇ ਵਿਸ਼ਾਲ ਗਿਆਨ ਨੂੰ ਪੜ੍ਹਿਆ ਵਿਚਾਰਿਆ ਹੈ ਚਕਿਤ ਰਹਿ ਗਿਆ ਹੈ।

Learned Elders: ਵਿਦਵਾਨ, ਵਡੇਰੇ, ਵਿਦਵਾਨ-ਬਜ਼ੁਰਗ, ਪੜ੍ਹੇ ਲਿਖੇ ਗਿਆਨੀ, ਵਿਗਿਆਨੀ ਵਡੇਰੀ ਉਮਰ ਦੇ ਵਿਅਕਤੀ ਜਿਨਾਂ ਕੋਲ ਸਮਾਜ ਦੇ ਲਗਪਗ ਹਰ ਖੇਤਰ ਦੀ ਗੂੜ੍ਹੀ ਜਾਣਕਾਰੀ ਹੋਵੇ। ਇਹ ਸਾਰੀ ਦੀ ਸਾਰੀ ਲਿਖਤ ਸੰਬੋਧਨੀ ਰੂਪ ਵਿੱਚ ਹੈ।

Scanned with OKEN Scanner

ਇਉਂ ਜਿਵੇਂ ਵਿਸ਼ਾਲ ਵਿਚਾਰ ਵਟਾਂਦਰਿਆਂ ਮਗਰੋਂ ਉਨਾਂ ਵਿਚੋਂ ਇੱਕ ਜਣਾ ਬਾਕੀਆਂ ਨੂੰ ਸੰਬੋਧਿਤ ਹੋ ਕੇ ਤੱਤਸਾਰ ਪੇਸ਼ ਕਰ ਰਿਹਾ ਹੋਵੇ। ਬਾਕੀ ਜਣੇ ਵੀ ਉਸ ਵਿੱਚ ਹਿੱਸਾ ਪਾ ਕੇ ਹੋਰ ਗੂੜੀ ਰੰਗਤ ਦੇ ਰਹੇ ਹੋਣ। ਇਉਂ ਇਹ ਵਿਸ਼ਵ ਭਰ ਦੀਆਂ ਸਾਰੀਆਂ ਦੀਆਂ ਸਾਰੀਆਂ ਦਾਰਸ਼ਨਿਕਤਾਵਾਂ ਦਾ ਨਿਚੋੜ ਹੈ।

Zion-Zionism:- ਇਹ ਇੱਕ ਅਜਬ ਗਜਬ ਦਾ ਸ਼ਬਦ ਹੈ। ਪੁਰਾਤਨ ਬਾਈਬਲ ਵਿੱਚ ਇਹ ਸ਼ਬਦ ਸਭ ਤੋਂ ਵਧੇਰੇ ਵਾਰ (157 ਵਾਰ) ਆਇਆ ਹੈ। ਲਗਪਗ ਹਰ ਇੱਕ ਵਾਰੀ ਇਸ ਦੇ ਵੱਖਰੇ ਵੀ, ਇਕਹਿਰੇ ਵੀ ਅਤੇ ਸਮੂਹਾਂ ਦੇ ਸਮੂਹ ਵੀ ਅਰਥ ਹਨ। ਜ਼ੀਉਨ , ਸੀਉਨ, ਜ਼ਾਇਅਨ ਇਸ ਦੇ ਉਚਾਰਨ ਹਨ। ਇਹ ਇੱਕ ਪ੍ਰਬਤ ਸਿਖਰ ਦਾ ਨਾਂ ਵੀ ਹੈ। ਨਾਲੋ-ਨਾਲ ਇੱਕ ਪ੍ਰਬਤ ਮਾਲਾ ਦਾ ਨਾਮ; ਇੱਕ ਘਾਟੀ ਦਾ ਨਾਮ, ਇੱਕ ਮੰਦਿਰ ਦਾ ਨਾਮ, ਖਿਤੇ ਦਾ ਨਾਮ, ਇੱਕ ਦੇਸ਼ ਦਾ ਨਾਮ ਵੀ। ਇਸ ਸਭ ਕੁਝ ਤੇ ਉਸਾਰੀ ਇੱਕ ਐਸੀ ਵਿਚਾਰਧਾਰਾ (ਦਾਰਸ਼ਨਿਕਤਾ) ਦਾ ਨਾਮ ਵੀ ਜਿਸ ਦਾ ਮਨੋਰਥ ਹੈ, ਇੱਕ ਖਿੱਤੇ, ਇੱਕ ਦੇਸ਼ ਤੋਂ ਆਰੰਭ ਕਰਕੇ ਸਾਰੀ ਦੀ ਸਾਰੀ ਸ੍ਰਿਸ਼ਟੀ ਦਾ ਦੈਵੀ ਰਾਜ ਭਾਗ ਪ੍ਰਾਪਤ ਕਰਨਾ। ਇਉਂ ਆਖੀਏ ਕਿ ਯਹੂਦੀ ਮੱਤ ਦਾ ਆਦਿ ਤੇ ਅੱਜ ਤੱਕ ਦਾ ਵਿਕਾਸ ਇਸੇ ਇੱਕੋ ਇੱਕ ਸ਼ਬਦ ਅਤੇ ਇਸ ਦੇ ਪ੍ਰਤੱਖ ਅਤੇ ਗੁਪਤ ਅਰਥਾਂ ਤੇ ਅਧਾਰਿਤ ਹੈ।

ਮੁਢਲੇ ਤੋਰ ਤੇ ਜ਼ੀਉਨ (ਸੀਉਨ) ਇੱਕ ਪਰਬਤ ਦੀ ਸਿਖਰ ਦਾ ਨਾਮ ਹੈ, ਜਿੱਥੇ ਯਹੂਦੀਆਂ ਦਾ ਪ੍ਰਭੂ ਜਿਸ ਦਾ ਨਾਮ ਉਨਾਂ ਯੇਹੋਵਾਹ (ਯੇਹੋਵਾਹ- Zehweh Zehova) ਰੱਖਿਆ ਹੋਇਆ ਹੈ, ਪ੍ਰਗਟ ਹੋਇਆ ਸੀ। ਯਹੂਦੀਆਂ ਦਾ ਇੱਕ ਪੈਗੰਬਰ ਜਿਸ ਦਾ ਨਾਮ ਸੀ ਮੋਜ਼ਜ਼ (ਮੂਸਾ) ਇੱਕ ਕਰੜੀ ਪ੍ਰੀਖਿਆ ਵਿੱਚ ਫਸ ਗਿਆ ਸੀ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਰੇ। ਇਹੋ ਜਿਹੀ ਅਵਸਥਾ ਵਿੱਚ ਪ੍ਰਭੂ ਯਹੋਵਾ ਨੇ ਜੀਉਂ ਨਾਮ ਦੀ ਪਹਾੜੀ ਸਿਖਰ ਤੇ ਉਗੇ ਬ੍ਰਿਖ ਵਿੱਚ (ਰੋਸ਼ਨੀ-ਪ੍ਰਕਾਸ਼) ਦੇ ਰੂਪ ਵਿੱਚ ਦਰਸ਼ਨ ਦਿੱਤੇ ਸਨ ਤੇ ਇੱਕ ਪੱਥਰ ਦੀ ਤਖ਼ਤੀ ਤੇ ਉਕਰ ਕੇ ਦਸ ਹੁਕਮ (Ten Commandments) ਬਖਸ਼ੇ ਸਨ, ਜਿਨਾਂ ਦੇ ਆਧਾਰ ਤੇ ਵਰਤਮਾਨ ਜਿਊ (ਯਹੂਦੀ) ਮਤ ਉਸਰਿਆ ਸਮਝਿਆ ਜਾਂਦਾ ਹੈ। ਯਹੂਦੀ ਮੱਤ ਨੂੰ ਵੀ Zionism ਅਰਥਾਤ ਜ਼ਾਇਅਨਵਾਦ ਮੰਨਿਆ ਜਾਣ ਲੱਗ ਪਿਆ।

(ਮੈਂ ਇਸ ਪੁਸਤਕ ਵਿਚ ਯਹੂਦੀਆਂ ਦੇ ਗ੍ਰੰਥ 'ਪੁਰਾਣੀ ਬਾਈਬਲ' ਦੇ ਵੀ ਕੁਝ ਅੰਸ਼ ਦੇ ਰਿਹਾ ਹਾਂ, ਜਿਸ ਤੋਂ ਇਸ ਦੀ ਹੋਰ ਵਿਆਖਿਆ ਦੀ ਜਾਣਕਾਰੀ ਮਿਲੇਗੀ। ਹਰ ਯੁਗ ਵਿੱਚ ਇਸ ਦੇ ਵੱਖੋ ਵੱਖ ਅਰਥ ਪੇਸ਼ ਕੀਤੇ ਗਏ ਹਨ।)

ਪਿਛਲੇ ਲਗਪਗ ਤਿੰਨ ਸੋ ਸਾਲਾਂ ਤੋਂ ਜੋ ਅਰਥ ਸਾਹਮਣੇ ਆ ਚੁਕੇ ਹਨ, ਉਹ ਇਹ ਹਨ ਕਿ ਯਹੂਦੀਆ ਦੀ ਅਗਵਾਈ ਵਿੱਚ ਇੱਕ ਸੰਪਰਦਾਅ ਸਾਹਮਣੇ ਆਈ ਹੈ ਜਿਸ ਨੇ ਹੌਲੀ ਹੌਲੀ ਬੜੀ ਸਿਆਣਪ ਤੇ ਚਤੁਰਾਈ ਨਾਲ ਸਾਰੀ ਦੁਨੀਆਂ ਦੇ ਮੁਦਰਾ-ਰੂਪੀ ਧਨ ਤੇ ਕਬਜਾ ਕਰ ਲਿਆ ਹੈ ਜਿਸ ਨੂੰ ਵਿੱਤੀ ਧਨ ਵੀ ਆਖਿਆਂ ਜਾਣ ਲੱਗਾ ਹੈ। ਇਸ ਸੰਪਰਦਾਅ ਦਾ

Scanned with OKEN Scanner
Scanned with OKEN Scanner

ਨਿਸ਼ਾਨਾ ਹੈ ਕਿ ਵਿੱਤ ਦੇ ਧਨ ਨਾਲ (ਯਾਨੀ ਬੈਂਕਾਂ ਦੀ ਮੁਦਰਾ ਰਾਹੀਂ) ਸਾਰੀ ਸ੍ਰਿਸ਼ਟੀ ਦੇ ਰਾਜ ਭਾਗ ਉੱਪਰ ਨਿਰੰਕੁਸ਼ ਕਬਜਾ ਕਰਨਾ ਹੈ।

ਹੋਰ ਸਿੱਧੇ ਤੇ ਸਰਲ ਸ਼ਬਦਾਂ ਵਿੱਚ ਇਉਂ ਕਹੀਏ ਕਿ ਇੱਕ ਪਰਿਵਾਰ ਹੈ ਜੋ ਆਸ਼ਕਨਾਜੀ ਯਹੂਦੀ ਹੈ ਤੇ ਜਿਸ ਦਾ ਨਾਮ ਹੈ ਰੋਥਸਚਾਈਲਡ ਪਰਿਵਾਰ। ਪਰਿਵਾਰ ਦਾ ਮੁਖੀਆ ਬਾਰਾਂ ਹੋਰ ਪਰਿਵਾਰਾਂ ਨੂੰ ਨਾਲ ਰਲਾਉਂਦਾ ਹੈ ਜਿਨਾਂ ਵਿੱਚ ਛੇ ਦੁਨੀਆਂ ਦੇ ਵੱਡੇ ਦੌਲਤ-ਮੰਦ ਪਰਿਵਾਰ ਹਨ ਅਤੇ ਛੇ ਸ਼ਾਹੀ ਪਰਿਵਾਰ ਹਨ। ਉਨਾਂ ਨੇ ਆਪਣਾ ਇੱਕ ਦਸਤਾਵੇਜ ਵੀ ਤਿਆਰ ਕਰ ਲਿਆ ਹੈ ਜੋ ਉਨਾਂ ਦੇ ਮੰਤਵ ਨੂੰ ਅਮਲ ਵਿੱਚ ਲਿਆਉਣ ਲਈ ਇੱਕ ਅਹਿਮ 'ਰੋਡ ਮੈਪ' ਮੰਨਿਆ ਜਾਂਦਾ ਹੈ। ਇਹ ਦਸਤਾਵੇਜ ਗੁਪਤ ਰੱਖਿਆ ਜਾਂਦਾ ਹੈ। ਅੰਤ ਇਹ ਰੂਸ ਦੇ ਗਲਿੰਕਾ ਅਤੇ ਸਰਜੀਅਸ ਰਾਹੀਂ ਸਾਹਮਣੇ ਆਉਂਦਾ ਹੈ ਜਿਸ ਦਾ ਇੱਕ ਪੱਤਰਕਾਰ ਨੇ ਉਕਤ ਨਾਮ ਰੱਖ ਦਿੱਤਾ ਹੈ।

ਅਗਲੇ ਸਫਿਆਂ ਵਿੱਚ ਇਸ ਦਸਤਾਵੇਜ ਦਾ ਪੰਜਾਬੀ ਰੂਪ ਸਮੇਤ ਟਿਪਣੀਆਂ, ਕੁਟੇਸ਼ਨਾਂ, ਅਰਥਾਂ, ਅਨਰਥਾਂ, ਰਾਵਾਂ, ਆਲੋਚਨਾ ਆਦਿ ਪੇਸ਼ ਕਰ ਰਿਹਾ ਹਾਂ। New World Order, One World Government, One World Culture, One World Language, One ... One ... ਦਾ ਦਾਰਸ਼ਨਿਕ ਆਧਾਰ ਵੀ ਇਸ ਦਸਤਾਵੇਜ਼ ਨੂੰ ਮੰਨਿਆ ਗਿਆ ਹੈ। ਪਿਛਲੇ ਤਿੰਨ ਸੌ ਸਾਲਾਂ ਤੋਂ ਸਾਰੀ ਸ੍ਰਿਸ਼ਟੀ ਐਨ ਇਸੇ ਅਨੁਸਾਰ ਚੱਲ ਰਹੀ ਹੈ। ਐਨ ਇਸੇ ਅਨੁਸਾਰ ਬਾਦਸ਼ਾਹਤਾਂ ਦੇ ਲਗਪਗ ਭੋਗ ਪਏ, ਇਨਕਲਾਬ ਆਏ ਜਿਨਾਂ ਰਾਹੀਂ ਜ਼ਬਰਦਸਤੀ ਸੇਧਤ New World Order ਨਵਾਂ ਆਲਮੀ ਨੇਮ' ਹੋਂਦ ਵਿੱਚ ਆਏ। ਵਿਸ਼ਵ ਪੱਧਰੀ ਆਰਥਕ-ਮੰਦਵਾੜਿਆਂ ਦੇ ਦੌਰ ਆਰੰਭ ਹੋਏ। ਇਹ ਏਸ ਕਰਕੇ ਨਹੀਂ ਆਏ ਕਿ ਲੋਕਾਂ ਦੇ ਕੰਮ ਕਰਨ ਜਾਂ ਭਾਵਨਾ ਵਿੱਚ ਜਾ ਮਿਹਨਤ ਕਰਨ ਦੀ ਇੱਛਿਆ ਵਿੱਚ ਕੋਈ ਕਮੀ ਆਈ। ਸੁਚੇਤ ਤੌਰ ਤੇ ਇਹ ਸੇਧਤ ਕੀਤੇ ਗਏ। ਇਨਕਲਾਬ ਤੋਂ ਪਹਿਲਾਂ ਵੀ ਮਹਾਨ ਯੁੱਧ ਅਤੇ ਮਗਰੋਂ ਵੀ ਸਦਾ ਯੁੱਧ ਵਰਗੇ ਹਾਲਾਤ। ਏਨੀਆਂ ਕੁਰਬਾਨੀਆਂ ਨਾਲ ਆਏ ਜਾਂ ਲਿਆਂਦੇ ਇਨਕਲਾਬ ਭੰਗ ਦੇ ਭਾੜੇ ਚਲੇ ਗਏ।

ਇਨਕਲਾਬਾਂ ਦਾ ਅਸਲ ਮਕਸਦ ਆਮ ਲੋਕਾਂ ਦੀ ਆਰਥਕ-ਸਜਾਕ-ਰਾਜਨੀਤਿਕ ਹਾਲਤ ਵਿੱਚ ਵਿਕਾਸ ਕਰਨਾ ਨਹੀਂ ਹੁੰਦਾ ਸੀ। ਇਹ ਤਾਂ ਵਿੱਤੀ ਵਿਸ਼ਵੀ ਸਰਮਾਏਦਾਰਾਂ ਦੀ ਜਕੜ ਦੇ ਆਪਣੀ ਕਿਸਮ ਦੇ ਵੱਖੋ- ਵੱਖ ਪੜ੍ਹਾ, ਭੁਲਾਂਦਰੇ, ਅਕਸਪਾਤ ਆਦਿ ਸਨ।

ਮੁਕਤੀ-ਬ੍ਰਾਬਰੀ-ਭਾਈਚਾਰਾ ਦੇ ਮਹਾਨ ਆਦਰਸ਼ ਦਾ ਚੋਗਾ ਪਾ ਕੇ ਆਮ ਲੋਕਾਂ ਨੂੰ ਭੀੜ ਬਣਾ ਲਿਆ ਤੇ ਭੀੜ ਨੂੰ ਆਪ ਦੀ ਨਿਰਧਾਰਤ ਦਿਸ਼ਾ ਵੱਲ ਤੋਰ ਲਿਆ।

ਸਮਾਜ ਦੇ ਵੱਖ ਵੱਖ ਖੇਤਰਾਂ ਜਿਵੇਂ ਕਿ ਧਰਮ, ਅਰਥ, ਕਲਚਰ, ਵਿੱਦਿਆ, ਸਿਖਿਆ, ਸੰਵਿਧਾਨ, ਰਾਜ ...... (Executive, Judiciary) ਪਾਰਲੀਮੈਂਟ ...... ਦੇ

Scanned with OKEN Scanner

ਆਧਾਰ ਤੇ ਦੁਨੀਆ ਵਿੱਚ ਉੱਚ ਅਦਾਰੇ, ਸਭਾਵਾਂ, ਯੂਨੀਵਰਸਿਟੀਆਂ, ਫਰੀ ਮੈਸਨਰੀ ਲਾਜਾਂ, ਇਲੂਮੀਨਾਟੀ ਸ਼ਾਖਾਵਾਂ ਆਦਿ ਦੀ ਸਥਾਪਨਾ ਕਰ ਦਿੱਤੀ ਹੋਈ ਹੈ ਜਿਥੇ ਸਮੁਚੇ ਸਮਾਜ ਦੀ ਤੋਰ ਅਤੇ ਤਰਫ ਵਾਰੇ ਅਧਿਐਨ ਹੁੰਦੇ ਹਨ ਤੇ ਅਮਲ ਹੁੰਦੇ ਹਨ।

ਇਸ ਦਸਤਾਵੇਜ ਦੇ ਕੁਲ 24 ਛੋਟੇ ਛੋਟੇ ਪ੍ਰੋਟੋਕੋਲ ਅਰਥਾਤ ਕਾਂਡ ਹਨ। ਮੈਂ ਸੋਚ ਵਿਚਾਰ ਕੇ ਅਤੇ ਅੱਗੋ ਵਿਆਖਿਆ ਕਰਨ ਦੇ ਨਜਰੀਏ ਤੋਂ ਇੱਕ ਇੱਕ ਪ੍ਰੋਟੋਕੋਲ ਦੀ ਪਹਿਰਾ ਵੰਡ ਦੇ ਕਿਤੇ ਕਿਤੇ ਨੰਬਰ ਲਗਾਏ ਹਨ। ਇਸ ਦਾ ਹਰ ਇੱਕ ਪਹਿਰਾ ਆਪਣੇ ਆਪ ਵਿੱਚ ਇੱਕ ਪੂਰਨ ਇਕਾਈ ਵੀ ਹੈ ਅਤੇ ਅਗਲੇ ਅਤੇ ਪਿਛਲੇ ਪਹਿਰਿਆਂ ਨਾਲ ਅੰਤਰ ਸੰਬੰਧਤ ਵੀ ਹੈ। ਕਮਾਲ ਦੀ ਯੁਗਤ ਹੈ ਕਿ ਸ੍ਰਿਸ਼ਟੀ ਦੇ ਲਗਭਗ ਹਰ ਇੱਕ ਮਹੱਤਵ ਪੂਰਨ ਪਹਿਲੂ ਨੂੰ ਆਪਣੇ ਨਜਰੀਏ ਤੋਂ ਛੋਹਿਆ ਹੈ, ਰਿੜਕਿਆ ਹੈ ਅਤੇ ਤੱਤ ਕੱਢਿਆ ਹੈ।

ਜਿਹੜਾ ਜਿਹੜਾ ਪਹਿਰਾ ਵਿਆਖਿਆ ਦੀ ਮੰਗ ਕਰਦਾ ਹੈ ਦੀ ਵਿਆਖਿਆ ਕਰਕੇ ਸਹਿਜ-ਸੁਹਜ ਦੇ ਰੂਪ ਵਿੱਚ ਢਾਲਣ ਦੀ ਕੋਸ਼ਿਸ਼ ਕੀਤੀ ਹੈ।

The Protocol of the Meetings of The Learned Elders of Zion

ਦਾ ਪੰਜਾਬੀ ਅਨੁਵਾਦ ਅਤੇ ਵਿਆਖਿਆ

ਸ਼ਬਦਾਰਥ :-

Protocol - ਨਿਚੋੜ, ਅਤਿ ਸੰਖੇਪ ਸਾਰ, ਬਹੁਤ ਲਮੇਰੇ ਵਿਆਖਿਆਨਾਂ ਦਾ ਅਤਿ ਸੰਖੇਪ ਸਾਰ।

Meetings - ਸੰਮੇਲਨ

Learned Elders - ਵਡੇਰੇ, ਵਿਦਵਾਨ

Zion - ਯਹੂਦੀ ਧਰਮ ਦੇ ਅਨੁਯਾਈਆਂ ਵਿੱਚ ਉੱਭਰੀ ਆਧੁਨਿਕ ਇਜਾਰੇਦਾਰਕ ਵਿੱਤੀ ਸ਼ਕਤੀ ਦਾ (ਇਜ਼ਰਾਈਲ ਤੋਂ ਆਰੰਭ ਕਰਕੇ) ਸਾਰੀ ਦੁਨੀਆਂ ਉੱਪਰ ਰਾਜ ਸਥਾਪਤ ਕਰਨਾ। ਆਧੁਨਿਕ ਕਾਲ ਵਿੱਚ ਇਸਰਾਈਲ ਅਤੇ ਦੁਨੀਆਂ ਨੂੰ ਯਹੂਦੀ ਰਾਜ ਬਣਾਓਣ ਦੀ ਯੋਜਨਾ। ਯਹੂਦੀ ਬੈਕਰਾਂ ਵਲੋਂ New world order, one world Government ਦੀ ਸਥਾਪਨਾ ਕਰਨੀ।

Goim - ਗੈਰ ਯਹੂਦੀ ਲੋਕ।

Cabal - ਚਵ੍ਹਲ, ਸਾਜਸ਼ੀ-ਮੰਡਲੀ।

Scanned with OKEN Scanner

ਨੋਟ-ਇਹ ਇੱਕ ਦਾਰਸ਼ਨਿਕ ਡਾਕੂਮੈਂਟ ਹੈ ਬੜੇ ਹੀ ਸਹਿਜ ਅਤੇ ਇਕਾਗਰ ਮਨ ਹੋ ਕੇ ਪੜ੍ਹ ਕੇ ਅਨੰਦ-ਚਿਤ ਹੋਣਾ ਹੁੰਦਾ ਹੈ।

1. ਅਨੁਵਾਦ ਦਾ ਅਰਥ ਹੈ ਵਿਕਟਰ ਮਾਰਸਡਨ ਦੇ ਅਮਗ੍ਰੇਜ਼ੀ ਰੂਪ ਦਾ ਪੰਜਾਬੀ ਵਿਚ ਉਲਥਾ।
2. ਵਿਆਖਿਆ ਦਾ ਅਰਥ ਹੈ, ਸੰਬੰਧਤ ਪਹਿਰੇ ਜਾਂ ਪਹਿਰਿਆਂ ਦੀ ਵਿਆਖਿਆ।

Protocol: 1

ਅਨੁਵਾਦ :-

ਸ੍ਰਿਸ਼ਟੀ ਪ੍ਰਤੀ ਦੋ ਵਿਰੋਧੀ ਨਜ਼ਰੀਏ ਹਨ। ਇੱਕ ਹੈ ਯਹੂਦੀ ਨਜ਼ਰੀਆ ਤੇ ਦੂਸਰਾ ਗੈਰ ਯਹੂਦੀ ਨਜ਼ਰੀਆ। ਪਰ ਮੈਂ ਯਹੂਦੀ ਨਜ਼ਰੀਏ ਨੂੰ ਆਧਾਰ ਬਣਾਵਾਂਗਾ। ਇਸ ਨਜ਼ਰੀਏ ਅਨੁਸਾਰ ਸ੍ਰਿਸ਼ਟੀ ਦਾ ਸਭ ਤੋਂ ਵੱਧ ਖੂੰਖਾਰ ਜਾਨਵਰ ਉਹ ਹੈ ਜਿਸ ਦਾ ਨਾਮ ਹੈ 'ਮਨੁੱਖ'। ਸਮੁੱਚਾ ਧਰਮ ਅਤੇ ਦਾਰਸ਼ਨਿਕਤਾ ਮਨੁੱਖ ਦੀ ਇਸ ਖੂੰਖਾਰ ਪਰਵਿਰਤੀ ਨੂੰ ਕਾਬੂ ਕਰਨ ਲਈ ਹੀ ਘੜੀ ਗਈ ਹੈ। ਸਮਾਜ-ਉਸਾਰੀ ਦੇ ਸ਼ੁਰੂ-ਸ਼ੁਰੂ ਵਿੱਚ ਅੰਨੀ ਵਿਰੋਧੀ ਵਧੇਰੇ ਖੂੰਖਾਰ ਸ਼ਕਤੀ ਨੇ ਇਸ ਪਰਵਿਰਤੀ ਨੂੰ ਕਾਬੂ ਕੀਤਾ। ਫੇਰ ਕਾਨੂੰਨ ਹੋਂਦ ਵਿੱਚ ਆਇਆ ਜੋ ਕਿ ਸ਼ਕਤੀ ਦਾ ਹੀ ਘੜਿਆ ਮਾਂਜਿਆ ਰੂਪ ਹੈ ਤੇ ਜੋ ਸਦਾ ਸੱਚ ਮੰਨਿਆ ਜਾਂਦਾ ਹੈ। ਸਿੱਟਾ ਇਹ ਹੈ ਕਿ ਸ਼ਕਤੀ ਦੀ ਵਰਤੋਂ ਦਾ ਹਰ ਰੂਪ ਜਾਇਜ਼ ਤੇ ਸਹੀ ਹੁੰਦਾ ਹੈ। (ਡੰਡਾ ਪੀਰ ਹੈ...)

2. ਸਿਆਸੀ ਆਜ਼ਾਦੀ ਇੱਕ ਫੋਕਾ ਵਿਚਾਰ ਹੈ। ਸੱਚ ਨਹੀਂ। ਪਰ ਅਸੀਂ ਇਸ ਨੂੰ ਵਿਰੋਧੀਆਂ ਦੀਆਂ ਸਰਕਾਰਾਂ ਦੇ ਤਖਤੇ ਪਲਟਣ ਲਈ ਉਵੇਂ ਹੀ ਵਰਤਦੇ ਹਾਂ ਜਿਵੇਂ ਸ਼ਿਕਾਰੀ ਇੱਕ ਪੰਛੀ ਨੂੰ ਫਾਹੁਣ ਲਈ ਚੋਗੇ ਦੀ ਵਰਤੋਂ ਕਰਦਾ ਹੈ। ਪੰਛੀ ਫਾਹੁਣ ਮਗਰੋਂ ਅਸੀਂ ਖੁਲ੍ਹ ਅਤੇ ਆਜਾਦੀ ਦੀਆਂ ਢਿੱਲੀਆਂ ਤਣਾਵਾਂ ਨੂੰ ਸਾਵਧਾਨੀ ਅਤੇ ਯੋਗਤਾ ਨਾਲ ਮੁੜ ਕੱਸ ਲੈਂਦੇ ਹਾਂ ਤੇ ਚੇਤੰਨ ਰਹਿੰਦੇ ਹਾਂ ਕਿ ਵਧੇਰੇ ਸਖਤੀ ਨਾਲ ਲੋਕ ਬਾਗੀ ਵੀ ਨਾ ਹੋ ਜਾਣ।

ਵਿਆਖਿਆ:- ਉਕਤ ਸਿਰਲੇਖ ਦੀ ਵਿਆਖਿਆ ਪਹਿਲਾਂ ਹੀ ਕੀਤੀ ਜਾ ਚੁਕੀ ਹੈ। ਇੱਕੋ ਦਸਤਾਵੇਜ ਨੂੰ ਦਿੱਤੇ ਗਏ ਵੱਖ ਵੱਖ ਸਿਰਲੇਖਾਂ ਤੇ ਵੀ ਵਿਆਖਿਆ ਦਿੱਤੀ ਜਾ ਚੁਕੀ ਹੈ ਜਿਵੇਂ ਕਿ Conspiracy to Destroy the World Governments And Religions; Peril of Jews; ਅਤੇ ਪੱਤਰਕਾਰ ਮਾਰਸਡਨ ਦਾ ਸੁਝਾਇਆ, ਅੰਤਲਾ ਸਿਰਲੇਖ ਜਿਸ ਦੇ ਨਾਮ ਨਾਲ 1927 ਤੋ ਬਾਅਦ ਅੱਜ ਤੱਕ ਜਾਣਿਆ ਜਾਣ ਲੱਗਾ ਹੈ।

ਪਹਿਲੇ ਪ੍ਰੋਟੋਕੋਲ ਦਾ ਪਹਿਲਾ ਪਹਿਰਾ ਅਤੇ ਆਦਿ ਸ਼ਬਦ ਸ੍ਰਿਸ਼ਟੀ ਦੇ ਆਦਿ ਅਤੇ ਵਿਕਾਸ ਦਾ ਨਿਚੋੜ ਹਨ। ਦੁਨੀਆਂ ਵਿੱਚ ਲਗਭਗ ਸਾਰੇ ਦੇ ਸਾਰੇ ਗ੍ਰੰਥਾਂ ਦਾ ਆਦਿ ਏਵੇਂਹੀ ਹੁੰਦਾ ਹੈ। ਪੁਰਾਤਨ ਬਾਈਬਲ ਅਤੇ ਨਵੀਂ ਬਾਈਬਲ ਦੋਵਾਂ ਦਾ ਆਦਿ ਏਵੇਂ ਹੀ ਮੰਨਿਆ

Scanned with OKEN Scanner

ਗਿਆ ਹੈ- ਇੱਕ ਹੈ ਪ੍ਰਭੂ ਪਰਮਾਤਮਾ ਅਤੇ ਦੂਸਰਾ ਹੈ ਸ਼ੈਤਾਨ। ਦੋਵਾਂ ਦਾ ਸੰਘਰਸ਼ ਤੇ ਵਿਰੋਧ ਸ੍ਰਿਸ਼ਟੀ ਦਾ ਆਦਿ ਤੇ ਵਿਕਾਸ ਹੈ। ਬੁਧ ਅਨੁਸਾਰ ਮਨੁਖੀ ਦੁਖ ਅਤੇ ਅਸ਼ਟ-ਮਾਰਗ ਦਾ ਟਾਕਰਾ ਹੈ। ਐਡਮ ਵਿਸ਼ੁਪਤ ਅਨੇਕਾਂ ਸੰਪਰਦਾਵਾਂ ਚੋਂ ਇੱਕ ਸੰਪਰਦਾਅ ਇਲੂਮੀਨਾਟੀ ਦੀ ਬੁਨਿਆਦ ਰੱਖ ਕੇ ਏਸੇ ਨੂੰ ਦੁਨੀਆਂ ਦੇ ਇੱਕ ਰਾਜ, ਇੱਕ ਪ੍ਰਬੰਧ, ਇੱਕ ਸਰਕਾਰ ਦਾ ਆਧਾਰ ਮੰਨਦਾ ਹੈ ਤੇ ਆਪਣੇ ਦਸਤਾਵੇਜ਼ ਨੂੰ ਏਵੇਂ ਹੀ ਆਰੰਭ ਕਰਦਾ ਹੈ।

ਮਾਰਕਸ ਆਪਣੇ ਕਮਿਊਨਿਸਟ ਮੈਨੀਫੈਸਟੋ ਦਾ ਆਰੰਭ ਕਰਦਾ ਹੈ- There are two classes –Bourgeisi and proletariat. (ਦੋ ਜਮਾਤਾਂ ਹਨ, ਇੱਕ ਬੁਰਜੁਆ ਅਤੇ ਦੂਸਰੀ ਪ੍ਰੋਲਤਾਰੀ) ਕਾਰਲ ਰਿਟਰ, ਨੀਤਸ਼ੇ ਤੇ ਉਨਾਂ ਦੇ ਸ਼ਿਸ਼ ਵੀ ਆਪੋ ਆਪਣੇ ਦਸਤਾਵੇਜ ਲਗਪਗ ਏਵੇਂ ਹੀ ਸ਼ੁਰੂ ਕਰਦੇ ਹਨ- There are two philosophies – Semitic And Aryan (ਦੋ ਦਾਰਸ਼ਨਿਕਤਾਵਾਂ ਹਨ, ਇੱਕ ਸਾਮੀ ਦਾਰਸ਼ਨਿਕਤਾ ਅਤੇ ਦੂਸਰੀ ਆਰੀਆ ਦਾਰਸ਼ਨਿਕਤਾ) ਆਰੀਆ ਦਾਰਸ਼ਨਿਕਤਾ ਕੁਦਰਤ ਦੀਆਂ ਸ਼ੁਭ ਅਤੇ ਅਸ਼ੁਭ ਸ਼ਕਤੀਆਂ ਨੂੰ ਆਪਣੀ ਵਿਚਾਰਧਾਰਾ ਦਾ ਆਧਾਰ ਬਣਾਉਂਦੀ ਹੈ।

ਸਮੁੱਚੇ ਤੌਰ ਤੇ ਦੋ ਦਾਰਸ਼ਨਿਕਤਾਵਾਂ ਮੰਨੀਆਂ ਗਈਆਂ ਹਨ। ਇੱਕ ਹੈ ਸਾਮੀ ਅਤੇ ਦੂਜੀ ਹੈ ਆਰੀਆ। ਸਾਮੀ ਦਾਰਸ਼ਨਿਕਤਾ ਦੇ ਘੇਰੇ ਵਿੱਚ ਯਹੂਦੀ, ਈਸਾਈ, ਮੁਸਲਿਮ ਅਤੇ ਉਨਾਂ ਦੀਆਂ ਹੋਰ ਸ਼ਾਖਾਵਾਂ ਆਉਂਦੀਆਂ ਹਨ। ਆਰੀਆਂ ਦਾਰਸ਼ਨਿਕਤਾ ਨੂੰ ਇੰਡੋ ਯੂਰਪੀ ਦਾਰਸ਼ਨਿਕਤਾ ਵੀ ਕਿਹਾ ਗਿਆ ਹੈ। ਇਸ ਦੇ ਘੇਰੇ ਵਿੱਚ ਹਿੰਦੂ ਮਤ, ਚੀਨ ਦਾ ਕਨਫਿਉਸ਼ਿਸ਼, ਜਾਪਾਨ ਦਾ ਤਾਉਵਾਦ ਅਤੇ ਯੂਰਪ ਦੇ ਜਰਮਨ, ਆਸਟਰੀਆ, ਚੈਕ ਅਤੇ ਸਲਾਵ ਦੇ ਕੁਝ ਖੇਤਰ ਸ਼ਾਮਿਲ ਹਨ ਜਿੱਥੇ ਆਰੀਅਨ ਦਾਰਸ਼ਨਿਕਤਾ ਨੇ ਕਾਰਲ ਰਿਟਰ ਰਾਹੀਂ ਵੱਖਰਾ ਮੂੰਹ-ਮੁਹਾਂਦਰਾ ਬਣਇਆ ਹੈ। ਸਮਾਂ ਪਾ ਕੇ ਇਹ ਦਾਰਸ਼ਨਿਕਤਾ ਕਿਸੇ ਧਾਰਮਿਕ ਘੇਰੇ ਦੀ ਨਾਂ ਰਹਿ ਕੇ ਸ੍ਰੇਸ਼ਟ ਮਨੁਖ-ਜਾਤੀ ਦੇ ਘੇਰੇ ਤੱਕ ਪੁਜ ਗਈ ਤੇ ਆਰੀਆ ਲੋਕਾਂ ਨੂੰ ਸ੍ਰੇਸ਼ਟ ਮਾਨਵ-ਜਾਤੀ ਹੋਣ ਦਾ ਪਰਮਾਣ ਸਾਬਤ ਕੀਤਾ ਗਿਆ। ਪਰ 'ਪ੍ਰੋਟੋਕੋਲ' ਦਸਤਾਵੇਜ਼ ਨੇ ਤਾਂ ਕਮਾਲ ਹੀ ਕਰ ਦਿੱਤੀ ਹੈ। ਯਹੂਦੀ ਫਿਰਕੇ ਨੂੰ ਸ੍ਰੇਸ਼ਟ ਅਤੇ ਗੈਰ ਯਹੂਦੀ (ਗੋਇਮ) ਨੂੰ ਨਖਿੱਧ ਸਵੀਕਾਰ ਕੀਤਾ ਹੈ। ਗੈਰ-ਯਹੂਦੀਆਂ (ਗੋਇਮ) ਵਿੱਚ ਈਸਾਈ, ਮੁਸਲਿਮ, ਹਿੰਦੂ ਤੇ ਹੋਰ ਸਾਰੇ ਵੀ ਆ ਜਾਂਦੇ ਹਨ। ਮਸਲਾ ਏਥੇ ਵੀ ਨਹੀਂ ਅਟਕਦਾ ਹੈ। 1776 ਵਿੱਚ ਇਲੂਮੀਨਾਟੀ ਸੰਪਰਦਾਅ ਦੀ ਉਤਪੱਤੀ ਹੁੰਦੀ ਹੈ। ਯਹੂਦੀਆ ਵਿਚੋਂ ਅਸ਼ਕਨਾਜ਼ੀ ਯਹੂਦੀਆਂ ਨੂੰ ਹੋਰ ਸਰਵ ਸ੍ਰੇਸ਼ਟ ਦਰਜਾ ਪ੍ਰਾਪਤ ਹੋ ਜਾਂਦਾ ਹੈ। ਮਸਲਾ ਹੋਰ ਅੱਗੇ ਤੁਰਦਾ ਹੈ। ਅਸ਼ਕਨਾਜ਼ੀ ਯਹੂਦੀਆਂ ਵਿੱਚੋਂ ਇੱਕ ਪਰਿਵਾਰ ਉਪਜਦਾ ਹੈ। ਉਸ ਦਾ ਨਾਮ ਹੈ 'ਰੌਥਸਚਾਈਲਡ'। ਰੋਥਸਚਾਈਲਡ ਪਰਿਵਾਰ ਅਸ਼ਕਨਾਜ਼ੀ ਯਹੂਦੀਆਂ ਵਿੱਚੋਂ ਵੀ ਸਰਵ-ਸ੍ਰੇਸ਼ਟ ਦਰਜਾ ਪ੍ਰਾਪਤ ਕਰ ਲੈਂਦਾ ਹੈ।

ਇਹ ਦਸਤਾਵੇਜ਼ ਅਸਲ ਵਿੱਚ ਰੋਥਸਚਾਈਲਡ ਪਰਿਵਾਰ ਦਾ ਦਾਰਸ਼ਨਿਕ ਪੂਰਕ

Scanned with OKEN Scanner

ਬਣ ਕੇ ਰਹਿ ਗਿਆ ਹੈ। ਉਸ ਨੇ ਅਤੇ ਉਸ ਦੇ ਸਾਂਝੀਦਾਰਾਂ ਅਤੇ ਰਿਸ਼ਤੇਦਾਰਾਂ ਨੇ ਦੁਨੀਆਂ ਭਰ ਦੇ ਬੈਕਾਂ ਨੂੰ ਹਥਿਆ ਲਿਆ ਹੈ। ਬੈਕਾਂ ਨੂੰ ਮੁਦਰਾ ਦੇ ਕੇਂਦਰ ਬਣਾ ਲਿਆ ਹੈ। ਕਿਧਰੇ ਬਕਾਇਦਾ ਕਾਨੂੰਨ ਪਾਸ ਕਰਵਾ ਕੇ ਅਤੇ ਰਵਾਇਤ ਅਤੇ ਕਿਧਰੇ ਧੱਕੇ ਨਾਲ ਹੀ ਦੁਨੀਆਂ ਦੇ ਬੈਕਾਂ ਤੇ ਕਬਜ਼ਾ ਕਰ ਲਿਆ ਹੈ। ਅਮਰੀਕਾ ਦਾ ਫੈਡਰਲ ਰੀਜ਼ਰਵ (Fed) ਕਾਨੂੰਨੀ ਤੌਰ ਤੇ ਉਸ ਪਰਿਵਾਰ ਦਾ ਨਿੱਜੀ ਹੈ ਅਤੇ ਬਾਕੀ ਸਾਰੇ ਬੈਕਾਂ ਨੂੰ ਇਸ ਨਾਲ ਨਰੜ ਦਿੱਤਾ ਹੋਇਆ ਹੈ। ਵਿਸ਼ਵ ਬੈਂਕ ਵੀ ਉਸੇ ਘੇਰੇ ਵਿੱਚ ਆਉਂਦਾ ਹੈ।

ਇਸ ਦਸਤਾਵੇਜ਼ ਵਿੱਚਲੀ ਸਾਰੀ ਦਾਰਸ਼ਨਿਕਤਾ ਇੱਕ ਘਰਾਣੇ ਦੀ ਨਿੱਜੀ ਦਾਰਸ਼ਨਿਕਤਾ ਹੈ।

ਇਸ ਵਿੱਚਲੇ ਹਰ ਪਹਿਰੇ ਅਤੇ ਸਤਰ ਦਾ ਕਟਾਖਸ਼ ਦੇਖੋ। ਇਸ ਅਨੁਸਾਰ ਮਨੁਖ ਦੁਨੀਆਂ ਦਾ ਸਭ ਤੋਂ ਵੱਧ 'ਖੂੰਖਾਰ ਜਾਨਵਰ' ਹੈ। ਮਨੁੱਖ ਦੀ ਇਸ ਪਰਵਿਰਤੀ ਨੂੰ ਕਾਬੂ ਵਿੱਚ ਰੱਖਣ ਲਈ ਸਾਰੀ ਦਾਰਸ਼ਨਿਕਤਾ ਅਤੇ ਬਾਅਦ ਵਿੱਚ ਰਾਜ ਤੇ ਰਾਜਕੀ ਕਾਨੂੰਨ ਘੜੇ ਗਏ। ਕਾਨੂੰਨ ਸ਼ਕਤੀ ਦਾ ਹੀ ਇੱਕ ਰੂਪ ਹੈ। ਇਸ ਅਨੁਸਾਰ ਅੰਨੀ ਸ਼ਕਤੀ ਦੀ ਵਰਤੋਂ ਤੋਂ ਬਿਨਾਂ ਮਨੁਖ ਨੂੰ ਕਾਬੂ ਵਿੱਚ ਨਹੀਂ ਰੱਖਿਆ ਜਾ ਸਕਦਾ। ਰਾਜਕੀ ਸ਼ਕਤੀ ਵੀ ਵੱਖਰੀ ਨਹੀਂ ਹੋਣੀ ਚਾਹੀਦੀ। ਇਹ ਇੱਕ ਕੇਂਦਰ ਵਿੱਚ ਕੇਂਦਰਿਤ ਹੋਣੀ ਚਾਹੀਦੀ ਹੈ। ਏਸੇ ਦਾ ਨਾਮ ਹੈ New World Order, One World Government, One .... One .... ਰਾਜ ਧਨ ਬਿਨਾਂ ਨਹੀਂ ਚੱਲ ਸਕਦੇ। ਇਉਂ ਧਨ ਵੀ ਇੱਕੋ ਕੇਂਦਰ ਦੀ ਮਲਕੀਅਤ ਹੋਣਾ ਚਾਹੀਦਾ ਹੈ।

ਪਹਿਲੇ ਵਾਕ ਵਿੱਚ ਹੀ ਉਨਾਂ ਨੇ ਆਪਣਾ ਮਕਸਦ ਸਾਫ ਕਰ ਦਿੱਤਾ ਹੈ। ਅੱਗੋਂ ਸਾਰਾ ਦਸਤਾਵੇਜ਼ ਇਸੇ ਦੀ ਵਿਆਖਿਆ ਹੈ। ਉਨਾਂ ਅਨੁਸਾਰ ਸਿਆਸੀ ਸ਼ਕਤੀ ਯਾਨੀ ਆਜ਼ਾਦੀ ਦਾ ਵਿਚਾਰ ਕੋਈ ਨਿਗਰ ਮਸਲਾ ਨਹੀਂ, ਫੋਕਾ ਛਲਾਵਾ ਹੈ---- ਦੁਨੀਆਂ ਦੀਆਂ ਲਗਭਗ ਸਾਰੀਆਂ ਵਿਚਾਰਧਾਰਾਵਾਂ ਮਨੁੱਖ ਨੂੰ ਨੇਕੀ ਅਤੇ ਬੁਰਿਆਈ ਦਾ ਸੁਮੇਲ ਮੰਨਦੀਆਂ ਹਨ। ਪਰ ਇਹ ਜ਼ਾਇਅਨਵਾਦੀ ਵਿਚਾਰਧਾਰਾ ਮਨੁੱਖ ਨੂੰ ਸਭ ਤੋਂ ਵੱਧ ਖੂਨ-ਖਾਰ ਜਾਨਵਰ ਮੰਨ ਕੇ ਅੱਗੇ ਤੁਰਦੀ ਹੈ ਕਿ ਕਿਵੇਂ ਉਸ ਨੂੰ ਕਾਬੂ ਵਿੱਚ ਰੱਖ ਕੇ ਇੱਕ ਵਿਸ਼ਵ ਪ੍ਰਬੰਧ ਉਸਾਰਨਾ ਹੈ।

ਅਨੁਵਾਦ :- ਉਦਾਰਵਾਦੀ ਸ਼ਾਸਕਾਂ ਦੀ ਥਾਂ ਹੁਣ ਸੋਨੇ ਦੀ ਸ਼ਕਤੀ ਨੇ ਮੱਲ ਲਈ ਹੈ। ਕਦੇ ਸਮਾਂ ਸੀ ਜਦੋਂ ਨਿਰੇ ਅਕੀਦੇ (Faith) ਦੇ ਸਹਾਰੇ ਰਾਜ-ਭਾਗ ਚੱਲਦੇ ਸਨ, ਪਰ ਹੁਣ ਉਦਾਰਵਾਦ ਅਮਲ ਵਿੱਚ ਨਹੀਂ ਆ ਸਕਦਾ ਕਿਉਂਕਿ ਇਸ ਦੀ ਕੋਈ ਸੀਮਾ ਨਹੀਂ ਹੁੰਦੀ। ਹਾਂ, ਕੁਝ ਸਮੇਂ ਲਈ, ਕੱਚੇ ਤੌਰ ਤੇ, ਲੋਕਾਂ ਨੂੰ ਜਨਪਦਾਂ (ਸਵੈ-ਲੋਕ-ਸਾਸ਼ਨ) ਮਹੱਈਆ ਕੀਤੀਆਂ ਜਾ ਸਕਦੀਆਂ ਹਨ ਤਾਂ ਕਿ ਲੋਕ ਆਪ-ਮੁਹਾਰੀ ਭੀੜ ਦਾ ਰੂਪ ਧਾਰ ਜਾਣ। ਏਦਾਂ ਹੁੰਦਿਆਂ ਸਾਰ ਹੀ ਪਰਸਪਰ ਵਿਨਾਸ਼ਕਾਰੀ ਸੰਘਰਸ਼ ਕਰਵਾਏ ਜਾਣ ਤੇ ਇਹ ਸੰਘਰਸ਼ ਜਮਾਤੀ-ਯੁਧਾਂ ਵਿੱਚ ਬਦਲ ਜਾਣ।

Scanned with OKEN Scanner

ਭਾਵੇਂ ਘਰੋਗੀ ਹੱਲ-ਚੱਲ ਕਾਰਨ ਤੇ ਭਾਵੇਂ ਬਦੇਸ਼ੀ ਦੁਸ਼ਮਣ ਕਾਰਨ ਗੈਰ-ਯਹੂਦੀ (ਗੋਇਮ) ਰਾਜਾਂ ਨੂੰ ਢਹਿ ਢੇਰੀ ਕਰਨਾ ਸਾਡੀ ਸ਼ਕਤੀ ਵਿੱਚ ਹੈ ਤੇ ਇੰਉ ਕਰਨਾ ਸਾਡੀ ਸ਼ਕਤੀ ਵੀ ਹੈ। ਇਨ੍ਹਾਂ ਡੁਬਦੇ ਰਾਜਾਂ ਲਈ ਸਾਡੇ ਸਰਮਾਏ ਦੀ ਤਾਨਾਸ਼ਾਹੀ ਇੱਕ ਤੀਲੇ ਦੇ ਸਹਾਰੇ ਦੇ ਬਰਾਬਰ ਹੋਵੇਗੀ। ਸਹਾਰਾ ਸਵੀਕਾਰ ਕਰਨਗੇ ਤਾਂ ਸਾਡੀ ਈਨ ਮੰਨਣਗੇ, ਨਹੀਂ ਤਾਂ ਸਾਗਰ ਦੀਆਂ ਡੂਘਾਣਾਂ ਵਿੱਚ ਖੋ ਜਾਣਗੇ। ਸਾਡੇ ਵਾਸਤੇ ਇਹ ਕਾਰਜ-ਵਿਧੀ ਕਿਸੇ ਤਰਾਂ ਵੀ ਅਨੈਤਿਕ ਨਹੀਂ ਹੈ।

ਲੋਕ ਅਤੇ ਲੋਕ ਨੇਤਾ ਆਪੋ ਆਪਣੀਆਂ ਭਿੰਨ-ਭਿੰਨ ਪਾਰਟੀਆਂ ਦੇ ਅਕੀਦਿਆਂ ਕਾਰਨ ਕਦੇ ਕਿਸੇ ਉਸਾਰੂ ਮਸਲੇ ਤੇ ਵੀ ਸਹਿਮਤ ਨਹੀਂ ਹੁੰਦੇ। ਨਿਰਮਲ ਭਾਵਨਾਵਾਂ, ਤੁਛ-ਵਿਸ਼ਵਾਸਾਂ, ਰੀਤੀ-ਰਿਵਾਜਾਂ ਅਤੇ ਉਪਭਾਵੁਕ ਮਾਨਤਾਵਾਂ ਅਤੇ ਪਾਰਟੀ ਵਿਰੋਧਾਂ ਕਾਰਨ ਉਹ ਕਿਸੇ ਸਹੀ ਮਸਲੇ ਤੇ ਵੀ ਸਹਿਮਤ ਨਹੀਂ ਹੁੰਦੇ। ਸਿਆਸੀ ਕਲਾ ਦੇ ਭੇਤਾਂ ਦੀ ਅਗਿਆਨਤਾ ਕਾਰਨ ਅਤੇ ਦੇਵਨੇਤ ਨਾਲ ਜੇਕਰ ਕੋਈ ਤੁੱਛ ਜਿਹਾ ਮਸਲਾ ਸਿਰੇ ਚੜ੍ਹ ਵੀ ਜਾਵੇ ਤਾਂ ਉਸ ਨੂੰ ਅਮਲ ਵਿੱਚ ਲਿਆਉਣ ਲੱਗਿਆਂ ਹੋਰ ਵੀ ਅਰਾਜਕਤਾ ਦੇ ਬੀਜ ਬੋਅ ਹੋ ਜਾਂਦੇ ਹਨ।

ਵਿਆਖਿਆ- ਪਹਿਲੇ ਪ੍ਰੋਟੋਕੋਲ ਦੇ ਇਸ ਪਹਿਰੇ ਵਿੱਚ ਹੋਰ ਵੀ ਵਿਆਖਿਆ ਕਰ ਦਿੱਤੀ ਗਈ ਹੈ ਕਿ ਸਿਆਸੀ ਆਜਾਦੀ ਤਾਂ ਇੱਕ ਪਾਸੇ ਰਹੀ, ਉਨਾਂ ਦੇ ਰਾਜ ਵਿੱਚ ਮਾੜੀ-ਮੋਟੀ ਖੁਲ੍ਹ (ਉਦਾਰਵਾਦ) ਵੀ ਨਹੀਂ ਦਿੱਤੀ ਜਾਵੇਗੀ। ਠੀਕ ਹੈ, ਕਦੇ ਸਮਾਂ ਸੀ ਕਿ ਧਰਮ ਦੇ ਆਧਾਰ ਤੇ ਛੋਟੇ ਵੱਡੇ ਰਾਜ ਚੱਲਦੇ ਸਨ, ਪਰ ਉਹ ਸਮਾਂ ਵਿਹਾ ਗਿਆ ਹੈ ਕਿਉਂਕਿ ਆਜਾਦੀ ਜਾਂ ਖੁਲ੍ਹ ਦੀ ਕੋਈ ਪ੍ਰੀਭਾਸ਼ਾ ਨਹੀਂ ਹੁੰਦੀ ਅਤੇ ਸੀਮਾ ਵੀ ਨਹੀਂ ਹੁੰਦੀ। ਹਾਂ, ਉਹ ਇਸ ਨੂੰ ਇੱਕ ਟੈਕਟ ਦੇ ਤੋਰ ਤੇ ਵਰਤਦੇ ਹਨ। ਛਲਾਵੇ ਲਈ ਪਹਿਲਾਂ-ਪਹਿਲਾਂ ਖੁਲ੍ਹ ਦੇਣਗੇ ਏਸ ਖੁਲ੍ਹ ਨਾਲ ਲੋਕ ਭੀੜ ਦਾ ਰੂਪ ਧਾਰ ਜਾਣਗੇ। ਪਹਿਲੇ ਪ੍ਰੋਟੋਕੋਲ ਦੇ ਤੀਜੇ ਪਹਿਰੇ ਵਿੱਚ ਹੀ ਭਵਿੱਖ ਦਾ ਨਕਸ਼ਾ ਪੇਸ਼ ਕਰ ਦਿਤਾ ਹੈ ਕਿ ਪਰਸਪਰ ਵਿਨਾਸ਼ਕਾਰੀ ਯੁਧ ਕਰਵਾਏ ਜਾਣਗੇ। ਯੁਧਾਂ ਨੂੰ ਸਦੀਵੀਂ ਰੂਪ ਦੇਣ ਲਈ ਜਮਾਤੀ ਯੁਧਾਂ ਦਾ ਨਾਮਕਰਨ ਕੀਤਾ ਜਾਵੇਗਾ। ਲੋਕਾਂ ਵਿੱਚ ਐਸਾ ਜਮਾਤੀ ਸੰਘ੍ਰਸ਼ ਹੋਂਦ ਵਿੱਚ ਲਿਆਂਦਾ ਜਾਵੇਗਾ ਕਿ ਸਾਰੀਆਂ ਪਰਕਾਰਾਂ ਦੇ ਰਾਜਤੰਤਰ ਸੁਆਹ ਦੀ ਢੇਰੀ ਬਣ ਜਾਣਗੇ। ਸੋਚੋ, ਕਿ ਕੀ ਅਠਾਰਵੀਂ ਸਦੀ ਤੋਂ ਲੈ ਕੇ ਇੱਕੀਵੀਂ ਸਦੀ ਤੱਕ ਐਨ ਏਵੇਂ ਹੀ ਨਹੀਂ ਹੋ ਰਿਹਾ? ਹੈ ਨਾ ਭਵਿੱਖ ਦਾ ਰੋਡ ਮੈਪ ਇਹ ਦਸਤਾਵੇਜ।

ਚੌਥੇ ਪਹਿਰੇ ਵਿੱਚ ਉਨ੍ਹਾਂ ਨੇ ਆਪਣਾ ਨਜ਼ਰੀਆ ਹੋਰ ਸਾਫ ਕਰ ਦਿੱਤਾ ਹੈ। ਇਹ ਕਿ ਯਹੂਦੀ ਰਾਜ ਯਾਨੀ ਅਸ਼ਕਨਾਜੀ ਯਹੂਦੀ ਰਾਜ, ਯਾਨੀ ਰੋਥਸਚਾਈਲਡ ਪਰਿਵਾਰ ਦੀ ਅਗਵਾਈ ਵਾਲੇ ਯਹੂਦੀ ਰਾਜ ਸਥਾਪਿਤ ਕਰਨੇ ਹਨ ਅਤੇ ਸਾਰੇ ਦੇ ਸਾਰੇ ਗੈਰ ਯਹੂਦੀ ਰਾਜ ਜਿਨ੍ਹਾਂ ਨੂੰ ਇਹ ਗੋਇਮ ਰਾਜ ਕਹਿੰਦੇ ਹਨ ਨੂੰ ਢਹਿ-ਢੇਰੀ ਕਰਨਾ ਹੈ। ਇਉਂ ਕਰਨਾ ਇਨਾਂ ਦੀ ਸ਼ਕਤੀ ਅਧੀਨ ਹੈ ਯਾਨੀ ਵਿੱਤੀ ਸਰਮਾਏ ਦੀ ਜਕੜ ਨਾਲ ਸੰਕਟ ਪੈਦਾ ਕਰਕੇ ਆਪਸੀ ਯੁਧ ਲੜਾ ਕੇ, ਦੋਵਾਂ ਧਿਰਾਂ ਨੂੰ ਖਤਮ ਕਰਨਗੇ। ਏਦਾਂ ਕਰਨ ਨਾਲ ਹੀ ਇਹ ਖੁਦ ਸ਼ਕਤੀਸ਼ਾਲੀ

Scanned with OKEN Scanner

ਹੋਣਗੇ। ਐਸੇ ਸ਼ਕਤੀ ਸ਼ਾਲੀ ਕਿ ਸਾਰੀ ਸ੍ਰਿਸ਼ਟੀ ਨੂੰ ਇੱਕ ਵਿਸ਼ਵੀ ਸਰਕਾਰ ਦਾ ਰੂਪ ਦੇ ਦੇਣਗੇ ਜੋ ਇਨ੍ਹਾਂ ਦੀ ਚਾਕਰੀ ਕਰੇਗੀ ਤੇ ਕੇਵਲ ਇਨ੍ਹਾਂ ਦੇ ਹੀ ਹਿੱਤ ਪਾਲ਼ੇਗੀ। ਵਿੱਤ ਦੇ ਸਰਮਾਏ ਦੀ ਸ਼ਕਤੀ ਨਾਲ ਵਿਰੋਧੀ ਸਰਕਾਰਾਂ ਨੂੰ ਸਾਗਰਾਂ ਦੀਆਂ ਡੂੰਘਾਈਆਂ ਵਿੱਚ ਡੋਬ ਦਿੱਤਾ ਜਾਵੇਗਾ।

ਵੱਡੀ ਗੱਲ ਇਹ ਹੈ ਕਿ ਇਉਂ ਕਰਨਾ ਕਿਸੇ ਤਰਾਂ ਵੀ ਅਨੈਤਿਕ ਨਹੀਂ। ਸਾਨੂੰ ਪਾਠਕਾਂ ਨੂੰ ਡੂੰਘਾਈ ਨਾਲ ਸੋਚਣਾ ਪਵੇਗਾ ਕਿ ਇਸ ਦਸਤਾਵੇਜ਼ ਅਨੁਸਾਰ ਨੈਤਿਕਤਾ ਦੇ ਮਿਆਰ ਕਿਹੜੇ ਹੋਏ।

ਪੰਜਵਾਂ ਪਹਿਰਾ ਲੋਕ ਰਾਜ ਦੀ ਠੀਕ ਠੀਕ ਵਿਆਖਿਆ ਕਰਦਾ ਹੈ। ਲੋਕਰਾਜ ਅਰਥਾਤ ਡੈਮੋਕ੍ਰੇਸੀ ਵਿੱਚ ਇਓਂ ਹੀ ਹੁੰਦਾ ਹੈ ਕਿ ਭਿੰਨ-ਭਿੰਨ ਰਾਵਾਂ, ਜਾਤਾਂ, ਵਰਗਾਂ, ਦੇ ਲੋਕ ਰਾਜ-ਗੱਦੀਆਂ ਤੱਕ ਪੁਜ ਤਾਂ ਜਾਂਦੇ ਹਨ ਪਰ ਕਿਸੇ ਉਸਾਰੂ ਮਸਲੇ ਤੇ ਵੀ ਇੱਕ ਨਹੀਂ ਹੋ ਸਕਦੇ। ਅਸਲ ਵਿੱਚ ਇਓਂ ਕਹੀਏ ਕਿ ਉਹ ਆਪ ਲਾਭ ਲੈਣ ਦੀ ਅਤੇ ਵਿਰੋਧੀ ਨੂੰ ਬਦਨਾਮ ਕਰਨ ਦੀ ਦੌੜ ਵਿੱਚ ਏਨੇ ਗਰਕ ਜਾਂਦੇ ਹਨ ਕਿ ਕਿਸੇ ਉਸਾਰੂ ਜਾਂ ਲੋਕ ਭਲਾਈ ਮਸਲੇ ਤੇ ਵੀ ਇੱਕ ਨਹੀਂ ਹੁੰਦੇ, ਇੱਕ ਮਤ, ਇੱਕ ਜੋਤ ਨਹੀਂ ਹੁੰਦੇ।

ਅਸਲ ਵਿੱਚ 'ਡੈਮੋਕ੍ਰੇਸੀ' ਅਰਥਾਤ ਲੋਕ ਰਾਜ ਦੀ ਉਪਜ ਜਾਇਨਵਾਦੀਆਂ ਵੱਲੋਂ ਬੜੀ ਹੀ ਸੋਚ ਵਿਚਾਰ ਮਗਰੋਂ ਸੁਚੇਤ ਰੂਪ ਵਿੱਚ ਕੀਤੀ ਗਈ ਹੈ।ਇਸ ਦਸਤਾਵੇਜ ਤੋਂ ਪ੍ਰਤੱਖ ਹੈ ਕਿ ਇਹ ਰਾਜਸੀ ਪ੍ਰਬੰਧ ਸੁਤੇਸਿਧ ਜਾਂ ਹਾਲਾਤ ਅਨੁਸਾਰ ਨਹੀਂ ਉਪਜਿਆ। ਦਸਤਾਵੇਜ ਤੋਂ ਸਾਫ ਜ਼ਾਹਿਰ ਹੈ ਕਿ ਬੜੇ ਲੰਮੇ ਚੋੜੇ ਵਿਚਾਰ-ਵਟਾਂਦਰਿਆਂ ਤੋਂ ਮਗਰੋਂ ਇਸ ਨੂੰ ਉਪਜਾਇਆ ਗਿਆ ਜਿਸ ਰਾਹੀਂ ਉਨਾਂ ਦੇ ਹਿੱਤ ਹੋਰ ਕਿਸੇ ਵੀ ਅਜੋਕੇ ਪ੍ਰਬੰਧ ਨਾਲੋਂ ਵੱਧ ਸੁਰੱਖਿਅਤ ਹਨ। ਅਨੇਕਾਂ ਕੁਟੇਸ਼ਨਾਂ ਦਿੱਤੀਆਂ ਜਾ ਸਕਦੀਆਂ ਹਨ। ਏਥੇ Willium Guy Carr ਦੀ ਪੁਸਤਕ The Pawns in the Game ਵਿੱਚੋਂ ਇੱਕ ਪਹਿਰਾ ਦੇ ਰਿਹਾ ਹਾਂ।

"It is unfortunate, but true, that to-day 'democracy' is a very decepitive word. It is used to descrive all countries which are in fact a money–lender's heaven. Today countries termed 'democratic' follow a monetary system devised by the international bankers, which currency originates in debt to groups of private individuals who manipulate the levels of different countries and use money as a stable value facilitating the exchanged WHEALTH. Britain, France, and the United States are termed 'democratic' countries they are linked together in debt to the international money-lenders. The Communists also call themselves 'democratic' republics and they are entitled to do as long as they are controlled by the same international financial groups. // * Interestingly, those so called countries had

state–owned and controlled central banks, and use state- issued paper currency, backed by them on credit.

ਪੰਜਾਬੀ ਰੂਪ

ਹੈ ਤਾਂ ਬਦਕਿਮਤੀ ਵਾਲਾ ਮਸਲਾ ਪਰ ਹੈ ਸਚ ਕਿ ਲੋਕਤੰਤਰ ਅਰਥਾਤ ਡੈਮੋਕ੍ਰੇਸੀ ਅੱਜ ਬਹੁਤ ਹੀ ਭ੍ਰਾਂਤੀ ਪੂਰਨ ਤੇ ਕਪਟੀ ਸ਼ਬਦ ਹੈ। .... ਇਹੀ ਸ਼ਾਹੂਕਾਰਾਂ (ਕਰਜਦਾਰਾਂ, ਵਿਸ਼ਵੀ ਬੈਕਰਾਂ) ਲਈ ਸਵਰਗ ਹੈ। ਜਿਨਾਂ ਦੇਸ਼ਾਂ ਨੂੰ ਲੋਕ ਰਾਜੀ ਕਿਹਾ ਜਾਂਦਾ ਹੈ ਵਿਖੇ ਮੁਦਰਾ ਪ੍ਰਚਲਨ ਦਾ ਉਹੀ ਰੂਪ ਹੈ ਜੋ ਕਿ ਅੰਤਰਰਾਸ਼ਟਰੀ ਬੈਕਰਾਂ ਨੇ ਨਿਰਧਾਰਿਤ ਕੀਤਾ ਹੋਇਆ ਹੈ। ਇਨ੍ਹਾਂ ਦੇਸ਼ਾਂ ਵਿੱਚ ਮੁਦਰਾ ਕੁਝ ਨਿੱਜੀ ਸਰੋਕਾਰਾਂ ਦੀ ਦੇਣ ਹੈ। ਉਹੀ ਮੁਦਰਾ ਦੀ ਕੀਮਤ ਨੀਅਦ ਕਰਦੇ ਹਨ ਤੇ ਉਹੀ ਕਿਸੇ ਦੇਸ਼ ਦੀ ਅਸਲੀ ਦੋਲਤ ਦੇ ਪਰਚਲਨ ਦੇ ਹੱਕਦਾਰ ਹਨ। ਬਰਤਾਨੀਆਂ, ਫਰਾਂਸ, ਅਮਰੀਕਾ (ਹੁਣ ਭਾਰਤ ਵੀ) ਆਦਿ ਅਖੌਤੀ ਲੋਕਰਾਜੀ ਦੇਸ਼ ਹਨ ਤੇ ਅੰਤਰਰਾਸ਼ਟਰੀ ਸ਼ਾਹੂਕਾਰਾਂ ਦੀਆਂ ਦੇਣਦਾਰੀਆਂ ਰਾਹੀਂ ਇੱਕ ਦੂਜੇ ਨਾਲ ਜੁੜੇ ਹੋਏ ਹਨ। ਇੱਥੋਂ ਤੱਕ ਕਿ ਸਮਾਜਵਾਦੀ ਦੇਸ਼ ਵੀ ਜੋ ਆਪਣੇ ਆਪ ਨੂੰ ਲੋਕਰਾਜੀ ਅਖਵਾਂਉਦੇ ਹਨ ਉੱਪਰ ਵੀ ਉਸੇ ਵਿੱਤੀ ਅਦਾਰੇ ਦਾ ਮੁਦਰਾਵਾਂ ਰਾਹੀਂ ਕਬਜ਼ਾ ਹੈ। (ਏਥੇ ਯਾਦ ਕਰਵਾਇਆ ਜਾਂਦਾ ਹੈ ਕਿ ਰੂਸ ਨੂੰ ਸਮਾਜਵਾਦੀ ਮੁਲਕ ਵਜੋਂ ਤਾਂ ਢਹਿ ਢੇਰੀ ਕਰ ਦਿਤਾ ਹੋਇਆ ਹੈ। ਚੀਨ ਦੇ ਬਾਰੇ ਵਿੱਚ ਬਹੁਤ ਭੁਲੇਖੇ ਹਨ। ਯਾਦ ਰੱਖਿਆ ਜਾਂਣਾ ਚਾਹੀਦਾ ਹੈ ਕਿ ਚੀਨ 2006 ਤੋਂ ਅਚਾਨਕ ਇੱਕ ਮਹਾਨ ਦੇਸ਼ ਬਣਿਆ, ਜਿਸ ਦੇ ਉਤਪਾਦਨ ਨੇ ਦੁਨੀਆਂ ਭਰ ਵਿੱਚ ਤਹਿਲਕਾ ਮਚਾ ਦਿਤਾ ਸੀ। ਸੱਚ ਇਹ ਹੈ ਕਿ 2006 ਨੂੰ ਚੀਨ ਦੀ ਸਰਕਾਰੀ 'ਮੁਦਰਾ ਰੇਗੂਲੇਟਰੀ ਏਜੰਸੀ' ਨੇ ਮਤਾ ਪਾਸ ਕਰਕੇ ਵਿਸ਼ਵ ਬੈਂਕ ਨੂੰ ਚੀਨ ਅੰਦਰ ਖੁਲਾਂ ਦਿੱਤੀਆਂ। ਅੱਜ ਬੈਂਕ ਆਫ ਚਾਇਨਾ ਵਿਸ਼ਵ ਬੈਂਕ ਦੀ ਹੀ ਇੱਕ ਬਰਾਂਚ ਹੈ। ਅਨੇਕਾਂ ਛੋਟੇ ਛੋਟੇ ਮੁਲਕ ਚੀਨ ਤੋ ਕਰਜਾ ਲੈ ਕੇ ਦੇਸ਼ ਚਲਾਉਂਦੇ ਹਨ। ਚੀਨ ਨੂੰ ਹਾਂਸਲ ਹੋਈ ਇਹ ਬਰਕਤ ਸਮਾਜਵਾਦੀ ਪ੍ਰਬੰਧ ਕਰਕੇ ਨਹੀਂ, ਸਗੋਂ ਵਿਸ਼ਵ ਬੈਂਕ ਦੀ ਬ੍ਰਾਂਚ ਹੋਣ ਕਰਕੇ ਹੈ। ਹਾਂ, ਪ੍ਰਬੰਧ ਨੇ ਇਸ ਨੂੰ ਸਥਿਰਤਾ ਬਖਸ਼ੀ ਹੈ।

ਅਨੁਵਾਦ :- ਰਾਜਨੀਤੀ ਅਤੇ ਨੈਤਿਕਤਾ ਵਿੱਚ ਉੱਕਾ ਹੀ ਕੋਈ ਸਾਂਝ ਨਹੀਂ ਹੁੰਦੀ। ਨੈਤਿਕਤਾ ਤੋਂ ਪ੍ਰਭਾਵਤ ਸ਼ਾਸਕ ਕਦੇ ਮਾਹਿਰ ਸਿਆਸੀ ਨਹੀਂ ਹੋ ਸਕਦਾ ਤੇ ਬਹੁਤਾ ਸਮਾਂ ਗੱਦੀ ਤੇ ਨਹੀਂ ਟਿੱਕ ਸਕਦਾ। ਸ਼ਾਸਕ ਵਿੱਚ ਛਾਤਰਤਾ ਅਤੇ ਵਿਸ਼ਵਾਸ ਦਾ ਭੁਲਾਂਦਰਾ ਪੈਦਾ ਕਰਨ ਦੇ ਗੁਣ ਹੋਣੇ ਚਾਹੀਦੇ ਹਨ। ਇਮਾਨਦਾਰੀ ਅਤੇ ਪਾਰਦਰਸ਼ਤਾ ਆਦਿ ਸਿਆਸਤ ਵਿੱਚ ਔਗੁਣ ਹਨ। ਇਹ ਔਗੁਣ ਸ਼ਕਤੀਸ਼ਾਲੀ ਦੁਸ਼ਮਣ ਤੋਂ ਵੀ ਵਧੇਰੇ ਖਤਰਨਾਕ ਹਨ। ਗੈਰ-ਯਹੂਦੀ ਰਾਜਾਂ ਨੂੰ ਇਨਾਂ ਔਗੁਣਾਂ ਨੇ ਤਬਾਹ ਕੀਤਾ ਹੈ, ਅਤੇ ਕਰਨਾ ਹੈ, ਪਰ ਅਸੀਂ ਜਾਇਨਿਸਟ ਕਦੇ ਇੰਨ੍ਹਾ ਔਗੁਣਾਂ ਤੋਂ ਪ੍ਰੇਰਿਤ ਨਹੀਂ ਹੋਆਂਗੇ।

ਸਾਡਾ ਪ੍ਰੇਰਿਤ ਅਸੂਲ ਹੈ ਕਿ 'ਸ਼ਕਤੀਸ਼ਾਲੀ' ਸਦਾ ਹੀ ਹੱਕੀ ਤੇ ਸਹੀ ਹੁੰਦਾ ਹੈ। ਸ਼ਕਤੀ ਦੁਆਰਾ ਹੀ ਸ਼ਕਤੀਸ਼ਾਲੀ, ਸਹੀ, ਤੇ ਹੱਕੀ ਹੋ ਸਕੀਦਾ ਹੈ। ਰਾਜਾਂ ਅਤੇ ਰਇਆ ਨੂੰ ਸ਼ਕਤੀ ਨਾਲ ਦਬਾਉਣਾ, ਕਮਜ਼ੋਰਾਂ ਤੇ ਧਾਵਾ ਬੋਲਣਾ, ਪਰਚੱਲਤ ਸਥਾਪਤੀ ਨੂੰ ਬਖੇਰਨਾ,

Scanned with OKEN Scanner

ਆਪਣੇ ਅਦਾਰਿਆਂ ਦੀ ਮੁੜ ਸੁਰਜੀਤੀ ਕਰਨੀ ਅਤੇ ਉਨਾਂ ਦਾ ਸ਼ਹਿਨਸ਼ਾਹ ਬਣਨਾ ਜਿਨਾਂ ਨੇ ਉਦਾਰ ਹੋਣ ਕਰਕੇ ਸਾਡੇ ਤੋਂ ਹੀ ਭਾਂਜ ਖਾਧੀ ਹੋਵੇ ਆਦਿ...।

ਆਪਣੀ ਕਾਰਜ ਵਿਧੀ ਵਿੱਚ ਅਸੀਂ ਗੁਪਤ ਰਹਾਂਗੇ। (ਗੁਪਤਤਾ-ਇੱਕ ਮਾਤਰ ਪਰਮੁਖ ਰਹੇਗੀ) ਉਦੋਂ ਤੱਕ ਗੁਪਤ ਰਹਾਂਗੇ ਜਦੋਂ ਤੱਕ ਚੁਨੌਤੀ ਦੇਣ ਵਾਲਾ ਕੋਈ ਨਹੀਂ ਰਹੇਗਾ। ਕੀ ਗਲਤ ਹੈ ਤੇ ਕੀ ਠੀਕ ਹੈ, ਇਸ ਦੁਬਿਧਾ ਵਿੱਚ ਅਸੀਂ ਨਹੀਂ ਪੈਣਾ। ਕੀ ਜ਼ਰੂਰੀ ਹੈ ਤੇ ਕੀ ਲਾਭਦਾਇਕ ਹੈ ਨੂੰ ਅਮਲ ਵਿੱਚ ਲਿਆਉਣਾ ਹੈ। ਸਿੱਟਿਆ ਨੇ ਸਾਧਨਾਂ ਨੂੰ ਆਪੇ ਠੀਕ ਠਹਿਰਾ ਲੈਣਾ ਹੈ।

ਵਿਆਖਿਆ

ਪਹਿਰਾ 1/6. ਇਸ ਵਿੱਚ ਰਾਜਨੀਤੀ ਅਤੇ ਨੈਤਿਕਤਾ ਦੇ ਸੰਬੰਧਾਂ ਨੂੰ ਹੋਰ ਅੱਗੇ ਤੋਰਿਆ ਹੈ। ਦਸਤਾਵੇਜ ਦੇ ਲੇਖਕ ਜ਼ਾਇਨਵਾਦੀ ਸਾਫ ਸਾਫ ਐਲਾਨ ਕਰ ਰਹੇ ਹਨ ਕਿ ਰਾਜਨੀਤੀ ਅਤੇ ਨੈਤਿਕਤਾ ਵਿੱਚ ਦੂਰ ਦਾ ਵੀ ਕੋਈ ਰਿਸ਼ਤਾ ਨਹੀਂ ਹੁੰਦਾ। ਨੈਤਿਕ ਵਿਅਕਤੀ ਕਦੇ ਰਾਜਨੀਤੀ ਦਾ ਮਾਹਿਰ ਨਹੀਂ ਹੋ ਸਕਦਾ। ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਇਨ੍ਹਾਂ ਅਨੁਸਾਰ ਅਨੈਤਿਕ, ਛਾਤਰ, ਧੋਖੇਬਾਜ, ... ਲੋਕ ਹੀ ਰਾਜਨੀਤੀਕ ਹੋ ਸਕਦੇ ਹਨ। ਇਉਂ ਇਹ ਸਮਾਜ ਵਿੱਚ ਅਨੈਤਿਕਤਾ ਦੇ ਸੰਦੇਸ਼ ਵਾਹਕ ਹਨ ਤੇ ਸਮਾਜ ਨੂੰ ਅਨੈਤਿਕ ਬਣਾਉਣ ਦਾ ਨਾਅਰਾ ਦੇ ਰਹੇ ਹਨ। ਉਂਜ ਨਾਲੋ ਨਾਲ ਇਹ ਵੀ ਕਹੀ ਜਾ ਰਹੇ ਹਨ ਕਿ ਇਹ ਹਾਲ ਗੋਇਮ (ਗੈਰ-ਯਹੂਦੀ) ਰਾਜਾਂ ਦਾ ਹੈ। ਪਰ ਜ਼ਾਇਅਨਵਾਦੀ ਯਹੂਦੀ ਰਾਜ ਇਹੋ ਜਿਹੇ ਨਹੀਂ ਹੋਣਗੇ।

ਪਹਿਰਾ 1/7 : ਇਸ ਪਹਿਰੇ ਵਿੱਚ ਇਨਾਂ ਆਪਣਾ ਪ੍ਰੇਰਿਤ ਨਾਅਰਾ ਵੀ ਦੱਸ ਦਿਤਾ ਹੈ। ਇਨਾਂ ਦਾ ਪ੍ਰੇਰਿਤ ਨਾਅਰਾ ਨੈਤਿਕ ਹੋਣਾ ਨਹੀਂ ਸ਼ਕਤੀਸ਼ਾਲੀ ਹੋਣਾ ਹੈ ਕਿਉਂਕਿ ਸ਼ਕਤੀਸ਼ਾਲੀ ਸਦਾ ਸਹੀ ਤੇ ਹੱਕੀ ਹੁੰਦਾ ਹੈ।

ਨਵੇਂ ਵਿਸ਼ਵੀ ਨੇਮ (New World Order) ਨੂੰ ਇੱਥੇ ਚੰਗੀ ਤਰਾਂ ਪ੍ਰੀਭਾਸ਼ਿਤ ਕਰ ਦਿੱਤਾ ਹੈ। ਸ਼ਕਤੀ ਦੁਆਰਾ ਹੀ ਹੋਰ ਸ਼ਕਤੀਸ਼ਾਲੀ, ਸਹੀ ਤੇ ਹੱਕੀ ਹੋ ਸਕੀਦਾ ਹੈ। ਰਾਜਾਂ ਅਤੇ ਰਇਆ ਨੂੰ ਸ਼ਕਤੀ ਨਾਲ ਦਬਾਉਂਣਾ, ਕਮਜੋਰਾਂ ਤੇ ਧਾਵਾਂ ਬੋਲਣਾ, ਸਥਾਪਤੀ ਨੂੰ ਬਖੇਰਨਾ, ਆਪਣੇ ਅਦਾਰਿਆਂ ਦੀ ਮੁੜ ਸੁਰਜੀਤੀ ਕਰਨੀ ਅਤੇ ਉਨਾਂ ਦਾ ਸ਼ਹਿਨਸ਼ਾਹ ਬਣਨਾ ਜਿਨਾਂ ਨੇ ਉਦਾਰ ਹੋਣ ਕਰਕੇ ਇਨ੍ਹਾਂ ਤੋਂ ਹੀ ਭਾਂਜ ਖਾਦੀ ਹੋਵੇ ਆਦਿ।

1/8. ਪਹਿਰੇ ਵਿੱਚ ਗੁਪਤਤਾ ਦਾ ਮਸਲਾ ਛੋਹਿਆ ਗਿਆ ਹੈ। ਏਥੇ ਸਿਰਫ ਛੋਹਿਆ ਹੀ ਹੈ। ਪਰ ਇਸ ਤੋਂ ਪਹਿਲਾਂ ਅਤੇ ਇਸ ਤੋਂ ਬਾਅਦ ਜੋ ਅਸੀਂ ਪੜ੍ਹਾਂ ਸਮਝਾਂਗੇ ਸਾਰੇ ਕੁਝ ਵਿੱਚ ਗੁਪਤਤਾ ਨੂੰ ਸ੍ਰੇਸ਼ਟ ਦਰਜਾ ਦਿੱਤਾ ਗਿਆ ਹੈ। ਏਥੇ ਏਨਾ ਕੁ ਸਾਫ ਕਰ ਦਿੱਤਾ ਗਿਆ ਹੈ ਕਿ ਉਦੋਂ ਤੱਕ ਗੁਪਤ ਰਹਾਂਗੇ ਜਦੋਂ ਤੱਕ ਚੁਨੌਤੀ ਦੇਣ ਵਾਲਾ ਕੋਈ ਨਹੀਂ ਰਹੇਗਾ। ਭਾਵ ਕਿ ਜਦੋਂ ਤੱਕ ਇੱਕ ਵੀ ਵਿਰੋਧੀ ਕਾਇਮ ਹੈ ਇਹ ਆਪਣੀਆਂ ਗਤੀਵਿਧੀਆਂ ਨੂੰ ਉਸ ਤੋਂ ਗੁਪਤ ਰੱਖਣਗੇ।

Scanned with OKEN Scanner

Scanned with OKEN Scanner

ਫਰੀ-ਮੈਸਨਰੀ ਅਤੇ ਇਲੂਮੀਨਾਟੀ ਇਨਾਂ ਦੀਆਂ ਦੋ ਪ੍ਰਮੁਖ ਗੁਪਤ ਸਭਾਵਾਂ ਹਨ। ਫਰੀ ਮੈਸਨਰੀ ਬਾਰ੍ਹਵੀ-ਤੇਰ੍ਹਵੀਂ ਈਸਵੀ ਤੋਂ ਪੈਦਾ ਹੋਈ। ਇਲੂਮੀਨਾਟੀ 1776 ਵਿੱਚ ਆਦਮ ਵਿਸ਼ੂਪਤ ਨੇ ਘੜੀ ਬਣਾਈ। ਦੋਵੇਂ ਅਤਿ ਗੁਪਤ ਸੰਸਥਾਵਾਂ ਹਨ। 1782-83 ਵਿੱਚ ਦੋਵਾਂ ਦੀ ਆਪਸ ਵਿੱਚ ਇੱਕ-ਮਿਕਤਾ ਹੋ ਗਈ। ਇਨਾਂ ਵਿਚੋਂ ਅਨੇਕਾਂ ਹੋਰ ਨਾਵਾਂ ਨਾਲ ਅਨੇਕਾਂ ਹੋਰ ਸੰਸਥਾਵਾਂ ਘੜੀਆਂ ਗਈਆਂ। ਦੁਨੀਆਂ ਦਾ ਹਰ ਇੱਕ ਮਹੱਤਵਪੂਰਨ ਆਦਮੀ ਇਨਾਂ ਦੀ ਕਿਸੇ ਨਾ ਕਿਸੇ ਗੁਪਤ ਸੰਸਥਾ ਨਾਲ ਜੁੜਿਆ ਹੋਇਆ ਹੈ। ਕਾਰਲ ਮਾਰਕਸ ਜਿਸ ਸੰਸਥਾ 'ਸੁਸਾਇਟੀ ਫਾਰ ਦ ਜਸਟ' (Society for the Just) ਨਾਲ ਸੰਬੰਧਤ ਸੀ, ਇਸੇ ਦੀ ਇੱਕ ਸ਼ਾਖਾ ਸੀ। ਵੱਖਰੇ ਤੌਰ ਤੇ ਇੱਕ ਕਾਂਡ ਵਿੱਚ ਇਸ ਦਾ ਵੇਰਵਾ ਦਿਤਾ ਗਿਆ ਹੈ।

ਅੱਜ ਦੁਨੀਆਂ ਦੇ ਹਰ ਦੇਸ਼, ਹਰ ਸ਼ਹਿਰ, ਹਰ ਮਹੱਤਵਪੂਰਨ ਖੇਤਰ ਵਿੱਚ ਇਨਾਂ ਨੇ ਗੁਪਤ ਜਾਂ ਪਰਤੱਖ ਤੌਰ ਤੇ ਪਰਤੱਖ ਜਾਂ ਗੁਪਤ ਸੰਸਥਾਵਾਂ ਰਾਹੀਂ ਘੁਸਪੈਠ ਕਰ ਲਈ ਹੋਈ ਹੈ। ਵੱਖਰੇ ਤੌਰ ਤੇ ਇੱਕ ਕਾਂਡ ਵਿੱਚ ਉਨਾਂ ਮਹੱਤਵਪੂਰਨ ਵਿਅਕਤੀਆਂ ਦੇ ਨਾਮ ਵੀ ਦਿੱਤੇ ਜਾ ਰਹੇ ਹਨ ਜਿਹੜੇ ਗੁਪਤ ਤੌਰ ਤੇ ਇਨਾਂ ਸੰਸਥਾਵਾਂ ਲਈ ਕੰਮ ਕਰਦੇ ਹਨ ਅਤੇ ਆਧੁਨਿਕ ਸਮੇਂ ਵਿੱਚ ਵੀ ਕਰ ਰਹੇ ਹਨ।

ਅਨੁਵਾਦ :- 1/9. ਸਾਡੀ (ਯਹੂਦੀਆਂ-ਜ਼ਾਇਨਵਾਦੀਆਂ) ਦੀ ਮੰਜਿਲ ਸਾਫ ਹੈ, ਸਾਹਮਣੇ ਹੈ ਤੇ ਅਸੀਂ ਸਦੀਆਂ ਤੋਂ ਕੀਤੀ ਮਿਹਨਤ ਨੂੰ ਅਜਾਈਂ ਨਹੀਂ ਜਾਣ ਦਿਆਂਗੇ ।

ਆਪਣੀ ਕਾਰਜ ਵਿਧੀ ਦੀ ਸਥਿਰਤਾ ਅਤੇ ਸਪਸ਼ਟਤਾ ਦੇ ਨਾਲ ਨਾਲ ਅਸੀਂ ਇਹ ਤੱਥ ਵੀ ਧਿਆਨ ਵਿੱਚ ਰੱਖਾਂਗੇ ਕਿ ਗੈਰ-ਯਹੂਦੀ (ਗੋਇਮ) 'ਲੋਕ ਵੀ ਅਤੇ ਰਾਜ ਵੀ' ਪਾਜੀ ਹੁੰਦੇ ਹਨ, ਦਲਿਦਰਤਾ ਦੇ ਮਾਰੇ ਹੁੰਦੇ ਹਨ। ਉਹ ਆਪਣੀ ਤੇ ਆਪਣੀ ਜਿੰਦਗੀ ਦੀ ਬਿਹਤਰੀ ਸਮਝਣ ਦੇ ਅਸੱਮਰੱਥ ਹੁੰਦੇ ਹਨ ਤੇ ਹਨੇਰ ਵਿਰਤੀ ਦੇ ਮਾਲਕ ਹੁੰਦ ਹਨ। ਉਹ ਤਾਂ ਇਓਂ ਹੁੰਦੇ ਹਨ ਕਿ ਜਿਵੇਂ ਅੰਨ੍ਹਾ ਅੰਨ੍ਹੇ ਦੀ ਅਗਵਾਈ ਕਰ ਰਿਹਾ ਹੁੰਦਾ ਹੈ। ਦੋਵਾਂ ਦਾ ਖਾਈ ਵਿੱਚ ਡਿਗਣਾ ਤੈਅ ਹੁੰਦਾ ਹੈ। ਉਨ੍ਹਾਂ ਵਿੱਚ ਕੂਟਨੀਤਕ ਸਿਆਸਤ ਦੀਆਂ ਡੂੰਘੀਆਂ ਪਰਤਾਂ ਸਮਝਣ ਦੀ ਸਿਆਣਪ ਨਹੀਂ ਹੁੰਦੀ ਤੇ ਉਹ ਸਾਰੀ ਕੌਮ ਨੂੰ ਤਬਾਹੀ ਵੱਲ ਲੈ ਜਾਂਦੇ ਹਨ।

ਇਨ੍ਹਾਂ ਪਰਤਾਂ ਦੇ ਊੜੇ, ਐੜੇ ਨੂੰ ਕੇਵਲ ਉਹੀ ਸਮਝ ਸਕਦਾ ਹੈ ਜਿਸ ਨੂੰ ਬਚਪਨ ਤੋਂ ਹੀ ਇਸ ਸਮਝ ਦੇ ਯੋਗ ਬਣਾਇਆ ਗਿਆ ਹੋਵੇ। ਅਗਿਆਨੀ ਲੋਕਾਂ ਚੋਂ ਬਣੇ ਅਕਾਂਖਿਆਈ ਪ੍ਰਤੀਨਿਧ ਉਨ੍ਹਾਂ ਨੂੰ ਤਬਾਹ ਕਰਨਗੇ ਹੀ ਕਰਨਗੇ। ਉਹ ਬਦੇਸ਼ੀ ਦੁਸ਼ਮਣ ਤੋਂ ਰਖਵਾਲੀ ਨਹੀਂ ਕਰ ਸਕਣਗੇ ਤੇ ਨਾ ਹੀ ਕੋਈ ਲੋਕ ਪੱਖੀ ਯੋਜਨਾ ਸਿਰੇ ਚੜ੍ਹਾ ਸਕਣਗੇ।

ਕੋਈ ਜਿੰਮੇਵਾਰ ਤਾਨਾਸ਼ਾਹ-ਸ਼ਾਸਕ ਹੀ ਯੋਜਨਾਵਾਂ ਸਿਰੇ ਚੜ੍ਹਾ ਸਕਦਾ ਹੈ ਤੇ ਜਾਇਦਾਦ ਦੀ ਯੋਗ ਵੰਡ ਕਰ ਸਕਦਾ ਹੈ। ਇਸ ਦੇ ਉਲਟ ਆਮ ਲੋਕ (ਭੀੜ) ਤਾਂ ਵਹਿਸ਼ੀ ਹੁੰਦੇ ਹਨ, ਉਨਾਂ ਰਾਜ ਹੱਥ ਆਏਗਾ ਤਾਂ ਜਕੀਨਨ ਸ਼ਰਾਬੀ ਹਾਥੀਆਂ (ਜਾਨਵਰਾਂ) ਵਾਲਾ ਹਾਲ ਹੋਏਗਾ, ਅਰਾਜਕਤਾ ਫੈਲੇਗੀ ਜੋ ਆਪਣੇ ਆਪ ਵਿੱਚ ਸਭ ਤੋਂ ਨੀਚ ਮਿਆਰ ਦਾ

Scanned with OKEN Scanner

Scanned with OKEN Scanner

ਰਾਖਸ਼ਪੁਣਾ ਹੈ।

ਵਿਆਖਿਆ

1/9. ਇਹ (ਜ਼ਾਇਅਨਵਾਦੀ) ਦ੍ਰਿੜ ਵਿਸ਼ਵਾਸੀ ਹਨ ਕਿ ਇਨਾਂ ਦੇ ਪ੍ਰਭੂ ਨੇ ਇਨ੍ਹਾਂ ਨੂੰ ਤਿੰਨ ਵਰ ਦਿੱਤੇ ਹੋਏ ਹਨ। ਪਹਿਲਾ ਕਿ ਯਹੂਦੀ ਯੇਹੋਵਾ ਦੇ ਸਭ ਤੋਂ ਚੁਨਿੰਦਾ ਅਰਥਾਤ ਸ੍ਰੇਸ਼ਟ ਵਿਅਕਤੀ ਹਨ। ਦੂਸਰਾ, ਸ੍ਰੇਸ਼ਟ ਹੋਣ ਕਰਕੇ ਇਨਾਂ ਦਾ ਰੱਬੀ ਹੱਕ ਹੈ ਕਿ ਇਹ ਰਾਜ ਕਰਨ। ਤੀਸਰਾ, ਕਿ ਧਨ ਬਿਨਾਂ ਰਾਜ ਨਹੀਂ ਚੱਲ ਸਕਦਾ। ਏਸ ਲਈ ਦੁਨੀਆਂ ਦੇ ਧਨ ਤੇ ਵੀ ਇਨਾਂ ਦਾ ਇਲਾਹੀ ਹੱਕ ਹੈ।

ਸਾਰੇ ਦਾ ਸਾਰਾ ਦਸਤਾਵੇਜ਼ ਇਨ੍ਹਾਂ ਤਿੰਨ ਮੂਲ ਧਾਰਨਾਵਾਂ ਉੱਪਰ ਅਧਾਰਿਤ ਹੈ। ਉਨ੍ਹਾਂ ਲਈ ਇਹ ਪਰਮ ਸੱਚ ਹੈ ਕਿ ਗੈਰ ਯਹੂਦੀ ਲੋਕ (ਗੋਇਮ) ਪਾਜੀ, ਦਲਿਦਰੀ, ਅਤੇ ਹਨੇਰ-ਵਿਰਤੀ ਦੇ ਮਾਲਕ ਹੁੰਦੇ ਹਨ। ਗੋਇਮ ਆਪ ਵੀ ਅੰਨ੍ਹੇ ਹਨ, ਉਨਾਂ ਦੇ ਨੇਤਾ ਵੀ ਅੰਨ੍ਹੇ ਹਨ ਤੇ ਇਉਂ ਦੋਵਾਂ ਦਾ ਭਟਕਣਾ ਤੇ ਡਿਗਣਾ ਕੁਦਰਤੀ ਵਰਤਾਰਾ ਹੈ। (ਏਥੇ ਯਾਦ ਕਰਵਾਇਆ ਜਾਂਦਾ ਹੈ ਕਿ ਸ੍ਰੇਸ਼ਟ ਅਤੇ ਪਾਜੀਆਂ ਵਿੱਚ ਜੀਵਨ-ਮੌਤ ਵਾਲਾ ਸੰਘਰਸ਼ ਵੀ ਜਰੂਰੀ ਹੈ। ਉਹ ਤਾਂ ਹੀ ਸੰਭਵ ਹੈ ਜੇਕਰ ਲੋਕ ਸਰਵ-ਸ੍ਰੇਸ਼ਟ ਲੋਕਾਂ ਲਈ ਚੁਨੌਤੀ ਪੈਦਾ ਕਰਨ। ਏਂਵੇ ਹੀ ਹੁੰਦਾ ਹੈ। ਕਾਰਲ ਰਿਟਰ ਨਿਤਰਦਾ ਹੈ ਯਾਨੀ ਕਿ ਨਿਤਾਰਿਆ ਜਾਂਦਾ ਹੈ ਜੋ ਐਲਾਨਦਾ ਹੈ 'ਆਰੀਆਂ' ਬਤੌਰ ਧਰਮ-ਕੋਮ ਸਰਵ ਸ੍ਰੇਸ਼ਟ ਹੈ (ਨਾ ਕਿ ਯਹੂਦੀ) ਜੋ ਨਤੀਜਾ ਨਿਕਲਦਾ ਹੈ ਉਹ ਵਿਸ਼ਵ ਯੁਧਾਂ ਦੇ ਰੂਪ ਵਿੱਚ ਨਿਕਲਦਾ ਹੈ। ਤੁਸੀਂ ਪੜ੍ਹ ਚੁਕੇ ਹੋ ਕਿ ਪਹਿਲੇ ਯੁਧ ਵਿੱਚ ਇੱਕ ਸਿਪਾਹੀ ਦੀ ਮੌਤ ਪਿਛੇ ਯਹੂਦੀ ਸ਼ਾਹੂਕਾਰ ਦਸ ਹਜਾਰ ਡਾਲਰ ਦੀ ਕਮਾਈ ਕਰਦੇ ਹਨ। ਹੋਰ ਸਿਤਮ ਇਹ ਹੈ ਕਿ ਏਨੇ ਵੱਡੇ ਪਰਿਮਾਪ ਵਿੱਚ ਉਤਮ ਲਹੂ ਦੀ ਯਾਨੀ ਆਦਮੀ ਦੇ ਲਹੂ ਦੀ ਕੁਰਬਾਨੀ ਨਾਲ ਪ੍ਰਭੂ ਯੇਹੋਵਾ ਨੂੰ ਖੁਸ਼ ਕੀਤਾ ਜਾਂਦਾ ਹੈ। ਲਹੂ ਦੀ ਕੁਰਬਾਨੀ (ਵਿਸ਼ੇਸ਼ ਤੌਰ ਤੇ ਬੰਦੇ ਦੇ ਲਹੂ ਦੀ ਕੁਬਾਨੀ) ਦੀ ਮਹੱਤਤਾ ਬਾਰੇ ਅਗਲੇ ਸਫਿਆਂ ਵਿੱਚ ਵੀ ਪੜ੍ਹੋਗੇ।)

ਰਾਜਨੀਤੀ ਨੂੰ ਇਨ੍ਹਾਂ ਨੇ ਇੱਕ ਬੇਹੱਦ ਜਟਿਲ ਮਸਲਾ ਬਣਾ ਦਿੱਤਾ ਹੈ।

ਰਾਜਨੀਤੀ ਵਿਰਾਸਤੀ ਮੰਨੀ ਗਈ ਹੈ ਜੋ ਪੀੜ੍ਹੀ ਦਰ ਪੀੜ੍ਹੀ ਸਿਖਾਈ ਜਾਂਦੀ ਹੈ। ਇਹ ਅਕਾਂਖਿਆਈ ਇਨਸਾਨਾਂ ਦੇ ਵੱਸ ਦਾ ਖੇਤਰ ਨਹੀਂ।

ਮਸਲਾ ਇਕੋ ਕੇਂਦਰੀ ਬਿੰਦੂ ਵੱਲ ਲਿਆਇਆ ਜਾਂਦਾ ਹੈ ਕਿ ਚੁਨਿੰਦਾ ਤੋ ਚੁਨਿੰਦਾ ਲੋਕ ਅਰਥਾਤ ਜ਼ਾਇਅਨਵਾਦੀ ਯਹੂਦੀ ਹੀ ਰਾਜਨੀਤੀ ਦੇ ਯੋਗ ਹਨ।

ਇਹ ਤਾਨਾਸ਼ਾਹੀ ਦੇ ਵਿਸ਼ਵਾਸੀ ਹਨ। ਡੈਮੋਕ੍ਰੇਸੀ ਤਾਂ ਐਂਵੇ ਭੁਲਾਂਦਰਾ ਜਿਹਾ ਹੈ। ਤਾਨਾਸ਼ਾਹੀ ਦੀ ਮੰਜ਼ਿਲ ਦਾ ਇੱਕ ਪੜ੍ਹਾ ਮਾਤਰ ਹੈ।

ਇਨ੍ਹਾਂ ਅਨਸਾਰ ਕੋਈ ਤਾਨਾਸ਼ਾਹ ਹੀ ਯੋਜਨਾਵਾਂ ਸਿਰੇ ਚੜ੍ਹਾ ਸਕਦਾ ਹੈ।

Scanned with OKEN Scanner

ਇਸ ਦਸਤਾਵੇਜ ਦਾ ਅੰਤਲਾ ਨਿਚੋੜ ਵੀ ਏਸੇ ਤਥਾਗਤ (ਅਖੌਤੀ) ਤੱਥ ਤੇ ਅਧਾਰਤ ਹੈ ਕਿ ਸਮਾਜ ਦੀ ਭੁਖ-ਨੰਗ-ਗਰੀਬੀ-ਜਹਾਲਤ ਦਾ ਇਕੋ ਇੱਕ ਹੱਲ ਹੈ 'ਯਹੂਦੀ ਤਾਨਾਸ਼ਾਹੀ'। ਉਹੀ ਸਮਾਜ ਦੀ ਜਾਇਦਾਦ ਦੀ ਯੋਗ ਵੰਡ ਕਰ ਸਕਦਾ ਹੈ ਜਦੋਂ ਕਿ ਜਾਇਦਾਦ ਹੀ ਸਯੋਗ ਤੌਰ ਅਤੇ ਨਿਰਭਰਤਾ ਯਾਨੀ ਉਤਪਾਦਨ ਦਾ ਇੱਕੋ ਇੱਕ ਵਸੀਲਾ ਹੈ।

ਅਨੁਵਾਦ :- ਗੋਇੰਮ (ਗੈਰ ਯਹੂਦੀ) ਲੋਕ ਦਾਰੂ ਦੇ ਨਸ਼ੇ ਵਿੱਚ ਬੜੇ ਖੁਸ਼ ਰਹਿੰਦੇ ਹਨ। ਉਹਨਾਂ ਦੀ ਜਵਾਨੀ ਛੋਟੀ ਉਮਰੇ ਹੀ ਕਾਮ-ਵਿਰਤੀਆਂ ਵਿੱਚ ਅਤੇ ਜਮਾਤੀ-ਸੰਘਰਸ਼ਾ ਵਿੱਚ ਉਲਝ ਕੇ ਮੂਰਖ ਹੋ ਜਾਂਦੀ ਹੈ। ਉਂਝ ਉਸਨੂੰ ਇਸ ਅਵਸਥਾ ਵਿੱਚ ਅਸੀਂ ਆਪ ਆਪਣੇ ਏਜੰਟਾਂ, ਸਿਖਿਅਕਾਂ, ਬੂਟ ਚੱਟਾਂ, ਅਮੀਰਾਂ ਦੀਆਂ ਘਰੇਲੂ ਔਰਤਾਂ, ਕਲਰਕਾਂ, ਧਰਮ-ਪ੍ਰਚਾਰਕਾਂ, ਕੰਜਰੀਆਂ, ਅਮੀਰ ਸੁਸਾਇਟੀ ਔਰਤਾਂ ਤੇ ਇਥੋ ਤੱਕ ਕਿ ਆਪਣੀਆਂ ਸੁੰਦਰ ਔਰਤਾਂ ਆਦਿ ਰਾਹੀਂ ਚੇਤੰਨ ਤੌਰ ਤੇ ਧੱਕਿਆ ਹੋਇਆ ਹੈ ਤੇ ਉਹ ਸਿਰੇ ਦੇ ਵਿਭਚਾਰੀ ਅਤੇ ਅੱਯਾਸ਼ ਹੋ ਗਏ ਹਨ।

ਇਸ ਸਭ ਕੁਝ ਦਾ ਸਾਡਾ ਬਦਲ ਹੈ - ਸ਼ਕਤੀ ਅਤੇ ਲੋਕ-ਭੁਲਾਂਦਰਾ। ਜਿਹੜੇ ਗੋਇੰਮ ਰਾਜ ਖੁਸ਼ੀ-ਖੁਸ਼ੀ, ਮਰਜੀ ਨਾਲ, ਆਪਣੇ ਤੋਰ ਤੇ ਸਾਡੀ ਅਧੀਨਗੀ ਨਹੀਂ ਸਵੀਕਾਰਦੇ ਅਸੀਂ ਉਨਾਂ ਉੱਪਰ ਭੁਲਾਂਦਰਾ-ਪਾਊ, ਮੱਕਾਰੀ ਭਰੀ (ਸਮੇਤ ਵੱਢੀ ਖੋਰੀ ਅਤੇ ਫਰੇਬ ਦੇ) ਹਿੰਸਾ ਦੀ ਬੇਕਿਰਕ ਵਰਤੋਂ ਕਰਾਂਗੇ, ਉਨਾਂ ਦੀਆਂ ਸਾਰੀਆਂ ਨਿਜੀ ਜਾਇਦਾਦਾਂ ਹੜੱਪਾਂਗੇ ਤੇ ਨਿਰੰਕੁਸ਼ ਰਾਜ ਸਥਾਪਤ ਕਰਾਂਗੇ। ਸਿਆਸਤ ਵਿੱਚ ਇਹ ਸਭ ਜਾਇਜ ਹੈ।

ਆਪਣਾ ਰਾਜ ਸਥਾਪਿਤ ਹੋਣ ਤੇ ਗੋਇਮ-ਰਾਜਾਂ (ਗੈਰ ਯਹੂਦੀ) ਰਾਜਾਂ ਵਿੱਚਲੇ ਲੜਾਈਆਂ ਦੇ ਭੰਨੇ ਖੋਫ-ਜ਼ਦਾ ਲੋਕਾਂ ਵਿੱਚ ਅਸੀਂ ਸ਼ਾਤੀ ਦਾ ਹੋਕਾ ਦਿਆਂਗੇ। ਪਰ ਗੁਪਤ ਢੰਗਾਂ ਨਾਲ ਮਹੱਤਵਪੂਰਨ ਰਹੇ ਲੋਕਾਂ ਨੂੰ ਮੌਤ ਦੀਆਂ ਸਜ਼ਾਵਾਂ ਦੇ ਕੇ ਖੌਫ ਕਾਇਮ ਵੀ ਰੱਖਾਂਗੇ। ਅਸੀਂ ਐਸਾ ਅਕਸ ਪੇਸ਼ ਕਰਾਂਗੇ ਕਿ ਅਸੀਂ ਲੋਕਾਂ ਦੇ ਸਭ ਤੋਂ ਵੱਡੇ ਹਿੱਤੂ ਤਾਂ ਹਾਂ ਹੀ ਪਰ ਹੁਕਮ-ਅਦੂਲੀ ਲਈ ਬੇਕਿਰਕ ਤਲਵਾਰ ਵੀ ਹਾਂ।

ਢੇਰ ਚਿਰ ਪਹਿਲਾਂ ਤੇ ਸਭ ਤੋਂ ਪਹਿਲਾਂ "ਮੁਕਤੀ-ਬਰਾਬਰੀ ਭਾਈਚਾਰਾ" ਦਾ ਨਾਅਰਾ ਅਸਾਂ ਹੀ ਬੁਲੰਦ ਕੀਤਾ ਸੀ। ਫਿਰ ਇਹ ਮੂਰਖ ਚੋਣਾਂ ਲੜੂ ਤੋਤਿਆਂ ਦੇ ਹੱਥ ਆ ਗਿਆ। ਜਿਨਾਂ ਨੇ ਅੱਗੋ ਇਸ ਨੂੰ ਲੋਕਾਂ ਨੂੰ ਆਪਣੇ ਜਾਲਾਂ ਵਿੱਚ ਫਾਹੁਣ ਲਈ ਚੋਗੇ ਦੀ ਤਰ੍ਹਾਂ ਵਰਤਿਆ । ਅੰਤ ਉਨਾਂ ਨੇ ਲੋਕਾਂ ਲਈ ਦੁਖ ਉਪਜਾਏ।

ਵਿਆਖਿਆ :-

ਗੋਇਮ ਨੂੰ ਉਹ ਕਿਸ ਹੱਦ ਤੱਕ ਨਫਰਤ ਕਰਦੇ ਹਨ, ਦਾ ਸਬੂਤ ਹੈ ਇਹ ਪਹਿਰਾ। ਇਸ ਪਹਿਰੇ ਨੂੰ ਇੱਕ ਤੋ ਵੱਧ ਵਾਰ ਪੜਨ੍ਹਾ ਤੇ ਸਮਝਣਾ ਬਣਦਾ ਹੈ। ਗੋਇਮ ਲੋਕਾਂ ਕੋਮਾਂ ਨੂੰ ਵਿਭਚਾਰ ਦੀ ਨਿਚਲੀ ਤੋਂ ਨਿਚਲੀ ਪੱਧਰ ਤੱਕ ਲਿਆਉਣ ਲਈ ਹੋਰ ਸਾਰੇ ਵਸੀਲਿਆਂ ਤੋਂ ਬਿਨਾਂ ਆਪਣੀਆਂ ਸੁੰਦਰ ਔਰਤਾਂ ਨੂੰ ਵੀ ਉਹ ਵਰਤ ਸਕਦੇ ਹਨ। ਉਪਰ

Scanned with OKEN Scanner
Scanned with OKEN Scanner

ਹਵਾਲਾ ਆ ਚੁੱਕਿਆ ਹੈ ਕਿ ਪਿਛਲੇ ਦੋ ਢਾਈ ਸੌ ਸਾਲਾਂ ਤੋਂ ਲਗਪਗ ਹਰ ਮਹਾਨ ਸਖਸ਼ੀਅਤ ਨੂੰ ਯਹੂਦੀ ਔਰਤਾਂ ਦਾ ਸੰਗ ਪ੍ਰਾਪਤ ਹੋਇਆ ਹੈ ਜਿਨਾਂ ਵਿੱਚ ਮਾਰਕਸ, ਲੈਨਿਨ, ਸਟਾਲਿਨ, ਨਹਿਰੂ ਆਦਿ ਨੂੰ ਗਿਣਿਆ ਜਾ ਸਕਦਾ ਹੈ।

ਸਾਫ ਅਰਥ ਇਹ ਹਨ ਕਿ ਆਪਣੇ ਹਿੱਤ ਵਿੱਚ ਵਰਤੋਂ ਵਿੱਚ ਲਿਆਉਣ ਲਈ ਉਹ ਕੋਈ ਵੀ ਹਰਵਾ ਵਰਤ ਸਕਦੇ ਹਨ। ਇਸ ਦਸਤਾਵੇਜ ਰਾਹੀਂ ਉਨਾਂ ਦੀ ਦਾਰਸ਼ਨਿਕਤਾ ਇਹ ਆਗਿਆ ਦਿੰਦੀ ਹੈ ਕਿ ਇਹ ਉਨਾਂ ਦਾ ਦਾਅ-ਪੇਚ ਵੀ ਹੈ ਅਤੇ ਸਟਰੈਟਰਜੀ ਵੀ। "ਸਿਆਸਤ ਵਿੱਚ ਸਭ ਕੁਝ ਜਾਇਜ ਹੈ।" ਮੁਹਾਵਰਾ ਇਨ੍ਹਾਂ ਹੀ ਘੜਿਆ ਜਾਪਦਾ ਹੈ। ਅੱਗੋਂ ਹਰ ਇੱਕ ਸਿਆਸੀ ਵਿਅਕਤੀ ਭਾਵੇਂ ਉਹ ਕਿਸੇ ਵੀ ਵਾਦ ਨਾਲ ਸੰਬੰਧ ਰੱਖਦਾ ਹੋਵੇ, ਨੇ ਇਸ ਨੂੰ ਆਪਣੀ ਨਿਜੀ ਤੇ ਸੰਘੀ ਕਾਮਯਾਬੀ ਲਈ ਚਾਨਣ ਮੁਜਾਰਾ ਬਣਾ ਲਿਆ ਹੈ।

ਗੀਤਾ ਵਿੱਚ ਇੱਕ ਅਧਿਆਇ ਹੈ ਜਿਸ ਨੂੰ ਚੋਧਵਾਂ ਅਧਿਆਇ ਕਿਹਾ ਜਾਂਦਾ ਹੈ। ਜੋ ਕਿ ਸਾਰੀ ਦੀ ਸਾਰੀ ਗੀਤਾ ਵਿੱਚ ਕੇਂਦਰੀ ਮਹੱਤਵ ਰੱਖਦਾ ਹੈ। ਇਹ ਪਹਿਲੇ ਪ੍ਰੋਟੋਕੋਲ ਦਾ ਚੋਧਵਾਂ ਪਹਿਰਾ ਹੈ। ਏਸੇ ਪਹਿਰੇ ਨਾਲ ਜ਼ਾਇਅਨਵਾਦੀ ਮਹਾਨ ਨਾਅਰੇ ਦੇ ਭੁਲਾਂਦਰੇ ਦਾ ਆਰੰਭ ਹੁੰਦਾ ਹੈ। ਇਹ ਆਰੰਭ ਹੈ। ਵਰਣਨ ਵਾਰ ਵਾਰ ਆਏਗਾ।

ਜਾਇਅਨਵਾਦੀ ਇਨਕਲਾਬਾਂ ਦੀ ਸ਼ੁਰੂਆਤ 1789 ਦੇ ਫਰਾਂਸੀਸੀ-ਇਨਕਲਾਬ ਤੋਂ ਹੋਈ ਸੀ।

ਫ੍ਰਾਂਸੀਸੀ ਇਨਕਲਾਬ ਦਾ ਮੂਲ ਮੰਤਰ ਸੀ ਇਹ ਨਾਅਰਾ - ਮੁਕਤੀ-ਬਰਾਬਰੀ-ਭਾਈਚਾਰਾ। ਅਰਥਾਤ Liberty-Equality-Fraternity. ਕਿੰਨਾ ਮਨਮੋਹਕ ਨਾਅਰਾ ਹੈ। ਕਿਹੜਾ ਪਰਵਾਨਾ ਇਸ ਸ਼ਮ੍ਹਾਂ ਤੇ ਸੜ ਮਰਨ ਨੂੰ ਤਿਆਰ ਨਾ ਹੋਵੇ। ਇਸਤੋਂ ਹੋਰ ਵੱਡਾ ਆਦਰਸ਼ ਕੋਈ ਹੋਰ ਹੋ ਹੀ ਨਹੀ ਸਕਦਾ। ਸਾਰੇ ਇਨਕਲਾਬਾਂ ਦਾ ਅਤੇ ਵਿਸ਼ੇਸ਼ ਤੋਰ ਤੇ ਸਮਾਜਵਾਦੀ ਇਨਕਲਾਬਾਂ ਦਾ ਆਧਾਰ ਇਹੀ ਨਾਅਰਾ ਹੈ।

ਸਾਹਿਤ ਵਿੱਚ ਇਸ ਨਾਅਰੇ ਨੂੰ ਫ੍ਰਾਂਸੀਸੀ ਫਿਲਾਸਫਰ ਜੀਨ-ਜਾਕਸ ਰੂਸੋ ਦੀਆਂ ਲਿਖਤਾਂ ਨਾਲ ਜੋੜਿਆ ਜਾਦਾਂ ਹੈ। ਪਰ ਇਸ ਦਸਤਾਵੇਜ ਅਨੁਸਾਰ ਜੋ ਉਸ ਤੋਂ ਕਿਤੇ ਪਹਿਲਾਂ ਲਿਖਿਆ ਗਿਆ ਮੰਨਿਆ ਜਾਂਦਾ ਹੈ, ਜ਼ਾਇਅਨਵਾਦੀਆਂ ਦੀ ਦੇਣ ਹੈ। ਆਮ ਲੋਕਾਂ ਲਈ ਇਹ ਸ਼ਿਕਾਰ ਨੂੰ ਫਾਹੁਣ ਲਈ ਚੋਗੇ ਵਾਂਗ ਵਰਤਿਆ ਗਿਆ ਹੈ।

ਇਹ ਨਾਅਰਾ ਨਿਰੇ ਸਮਾਜਵਾਦੀ ਇਨਕਲਾਬਾਂ ਦਾ ਹੀ ਆਧਾਰ ਨਹੀਂ, ਡੈਮੋਕਰੇਟਿਕ ਅਰਥਾਤ ਲੋਕਰਾਜੀ ਪ੍ਰਬੰਧਾਂ ਨੇ ਵੀ ਇਸ ਨੂੰ ਵਰਤੋਂ ਵਿੱਚ ਲਿਆਦਾਂ ਹੈ। ਇਹ ਸਿਲਸਿਲਾ ਅੱਜ ਤੱਕ ਲਗਾਤਾਰ ਚੱਲਿਆ ਜਾ ਰਿਹਾ ਹੈ। ਦਸਤਾਵੇਜ਼ ਦੇ ਲੇਖਕਾਂ ਅਨੁਸਾਰ ਇਹ ਨਾਅਰਾ ਇਨਸਾਨ ਦੀ ਦੁਖ ਕਲੇਸ਼ਾਂ ਤੋਂ ਬੰਦ ਖਲਾਸੀ ਲਈ ਨਹੀਂ ਸਗੋਂ ਅੱਤ ਜਟਿਲ ਦੁਖਾਂ ਵਿੱਚ ਪਾਉਣ ਲਈ ਉਪਜਾਇਆ ਗਿਆ ਸੀ।

ਆਪਾਂ ਪਰਤੱਖ ਦੇਖ ਲਈਏ ਫ੍ਰਾਂਸ, ਆਸਟਰੀਆ, ਸਪੇਨ, ਰੂਸ, ਚੀਨ, ਜਾਪਾਨ,

Scanned with OKEN Scanner

ਚਕੋਸਲੋਵਾਕੀਆ, ਯੂਗੋਸਲਾਵੀਆ, ਮੋਜ਼ਮਬੀਕ, ਅੰਗੋਲਾ, ਆਦਿ ਦੇਸ਼ਾਂ ਵਿੱਚ ਏਸੇ ਮਹਾਨ ਨਾਅਰੇ ਦੇ ਆਧਾਰ ਤੇ ਇਨਕਲਾਬ ਮਚਾਏ ਗਏ। ਕਰੋੜਾਂ ਲੋਕਾਂ ਦੀ ਬਲੀ ਦਿੱਤੀ ਗਈ, ਖ਼ੂਨ ਦੇ ਹੜ੍ਹ ਵਗਾ ਦਿੱਤੇ ਗਏ। ਆਮ ਲੋਕਾਂ ਨੇ ਨੇਤਾਵਾਂ ਦੇ ਉਕਸਾਉਣ ਤੇ ਉਤਸ਼ਾਹਿਤ ਕਰਨ ਤੇ ਪ੍ਰੇਰਨਾ ਦੇਣ ਨਾਲ ਬੇਜੋੜ ਕੁਰਬਾਨੀਆਂ ਦਿੱਤੀਆਂ । ਲੋਕਾਂ ਦਾ ਸਭ ਕੁਝ ਲੁਟ-ਲੁਟਾ ਹੋ ਗਿਆ। ਸਿੱਟਾ ਕੀ ਨਿਕਲਿਆ?

ਇਨਕਲਾਬ ਖੁਦ ਸਥਿਰ ਨਾ ਰਹੇ। ਉਲਟ ਇਨਕਲਾਬਾਂ ਦਾ ਰੂਪ ਧਾਰ ਗਏ। ਲੋਕਾਂ ਲਈ ਤਾਂ ਇਹ 'ਲਾਲੀ ਪਾਪ' ਸਾਬਤ ਹੋਣਾ ਹੀ ਸੀ। ਲੋਕਾਂ ਨੂੰ ਤੋਤਿਆਂ ਵਾਂਗ ਪੜ੍ਹਾਇਆ ਜਾਂਦਾ ਸੀ ਤੇ ਹੁਣ ਵੀ ਪੜ੍ਹਾਇਆ ਜਾਂਦਾ ਹੈ ਕਿ ਬਿਨਾਂ ਲਹੂ ਡੁਲਣ ਤੋਂ ਇਨਕਲਾਬ ਨਹੀ ਵਾਪਰਦੇ ਯਾਨੀ ਪ੍ਰਬੰਧ ਨਹੀਂ ਬਦਲਦੇ। ਨਾਲ ਹੀ ਇਹ ਵੀ ਕਿ ਬਿਨਾਂ ਲਹੂ ਡੁਲ੍ਹਿਆਂ ਉਲਟ ਇਨਕਲਾਬ ਵੀ ਨਹੀਂ ਵਾਪਰਦੇ। ਸਾਨੂੰ ਪੜ੍ਹਾਇਆ ਜਾਂਦਾ ਸੀ ਕਿ ਰੂਸ ਚੀਨਾ ਚੀਨਾ ਹੋ ਜਾਏਗਾ ਪਰ ਸਮਾਜਵਾਦੀ ਪ੍ਰਬੰਧ ਨਹੀ ਟੁਟੇਗਾ ਜੋ ਮੁਕਤੀ, ਬ੍ਰਾਬਰੀ, ਭਾਈਚਾਰਾ ਤੇ ਅਧਾਰਤ ਸੀ। ਮੈਨੂੰ ਯਾਦ ਹੈ ਕਿ 1990-95 ਵਿੱਚ ਬਹੁਤ ਸਾਰੇ ਬੁਧੀਜੀਵੀ ਸਾਥੀ ਨੀਮ-ਮੈਂਟਲ ਹੋ ਗਏ ਸਨ ਜਦੋਂ ਦੇਖਦਿਆਂ ਦੇਖਦਿਆਂ ਸਭ ਕੁਝ ਢਹਿ ਢੇਰੀ ਹੋ ਗਿਆ। ਕੇਂਦਰ ਦੇ ਟੁੱਟਣ ਨਾਲ ਹੋਰ ਨਿਕੇ ਮੋਟੇ ਦੇਸ਼ਾਂ ਦਾ ਵੀ ਆਧਾਰ ਖਤਮ ਹੋ ਗਿਆ। ਏਥੋਂ ਤੱਕ ਕਿ ਸਮਾਜਵਾਦੀ ਪਾਰਟੀ ਨੂੰ ਖੁਦ ਬਕਾਇਦਾ ਕਾਨੂੰਨ ਪਾਸ ਕਰਕੇ ਸਮਾਜਵਾਦੀ ਪਾਰਟੀ ਨੇ ਹੀ ਗੈਰ-ਕਾਨੂੰਨੀ ਕਰਾਰ ਦੇ ਦਿਤਾ ਸੀ। ਤੁਸੀਂ ਆਪ ਹੋਰ ਜ਼ਿਰ੍ਹਾ ਕਰੋ।

ਚੀਨ ਵਿੱਚ ਵੀ ਸੱਪ ਦੀ ਲੀਕ ਤੇ ਡਾਗਾਂ ਮਾਰੀਆਂ ਜਾ ਰਹੀਆਂ ਹਨ। ਫੇਰ 'ਰੂਸੀ ਲਾਈਨ ਬਨਾਮ ਚੀਨੀ ਲਾਈਨ' ਦੇ ਆਧਾਰ ਤੇ ਇਨਕਲਾਬੀਆਂ ਨੇ ਇੱਕ ਦੂਜੇ ਤੇ ਕਿਹੜੇ ਕਿਹੜੇ ਦੂਸ਼ਣ ਨਹੀਂ ਲਗਾਏ। ਸਿਲਸਿਲਾ ਹਾਲੇ ਤੱਕ ਚੱਲੀਂ ਜਾ ਰਿਹਾ ਹੈ। ਪਰ 'ਲੱਕ' ਟੁਟ ਚੁਕਿਆ ਹੈ।

ਜਦੋਂ ਤੱਕ ਅਸੀਂ 'ਬਦੀ ਦੀ ਅਸਲੀ ਜੜ੍ਹ ਜ਼ਾਇਅਨਵਾਦ' ਨੂੰ ਨਹੀਂ ਸਮਝਾਂਗੇ, ਏਵੇਂ ਵਾਪਰਦਾ ਰਹੇਗਾ।

ਅਸਲੀ ਜੜ੍ਹ ਹੈ ਰੋਥਸਚਾਈਲਡ ਪਰਿਵਾਰ ਦੀ ਅਗਵਾਈ ਵਾਲੇ ਇੰਟਰਨੈਸ਼ਨਲ ਬੈਂਕਰਜ। ਉਹ ਸਾਫ ਸਾਫ ਐਲਾਨਦੇ ਹਨ ਕਿ ਸਾਰੀ ਧਰਤੀ ਸਾਡੀ ਮਲਕੀਅਤ ਹੈ। ਲੋਕਾਂ ਨੂੰ ਕਿਰਾਏ ਉੱਪਰ ਰਹਿਣ ਦਾ ਮਾਣ ਬਖਸ਼ਿਆ ਹੋਇਆ ਹੈ। ਆਕੜੋਗੇ ਤਾਂ ਇਹ ਮਾਣ ਵੀ ਖੋਹ ਲਿਆ ਜਾਵੇਗਾ ਤੇ ਧਰਤੀ ਤੋਂ ਖਾਰਜ ਕਰ ਦਿੱਤਾ ਜਾਵੇਗਾ।

ਅਨੁਵਾਦ :- ਗੋਇਮ (ਗੈਰ ਯਹੂਦੀ) ਬੁਧੀ ਜੀਵੀ ਨਹੀ ਸਮਝ ਸਕੇ-ਕਿ ਇਹ ਨਾਅਰਾ ਸਵੈ ਵਿਰੋਧਾਂ ਨਾਲ ਭਰਪੂਰ ਹੈ, ਕਿ ਕੁਦਰਤ ਚ' ਕਿਤੇ ਬਰਾਬਰੀ ਨਹੀਂ, ਕੁਦਰਤ ਨੇ ਆਪ ਮਨਾਂ, ਚਰਿੱਤਰਾਂ ਤੇ ਯੋਗਤਾਵਾਂ ਵਿੱਚ ਨਾ ਬਰਾਬਰੀ (ਅਸਾਵਾਂਪਨ) ਉਪਜਾਈ ਹੋਈ ਹੈ, ਕਿ ਅੰਨ੍ਹਿਆਂ ਵਿੱਚੋ ਕੋਈ ਅੰਨਾ ਅਗਵਾਈ ਨਹੀਂ ਦੇ ਸਕਦਾ ਭਾਵੇਂ ਕਿੰਨਾ ਵੀ ਵਿਦਵਾਨ ਹੋਵੇ,

Scanned with OKEN Scanner
Scanned with OKEN Scanner

ਜਦੋ ਤੱਕ ਸਿਆਸਤ ਦੀ ਸਹੀ ਪਾਹੁਲ ਨਾ ਮਿਲੀ ਹੋਵੇ, ਕਿ ਗੋਇਮ ਦੇ ਆਪਣੇ ਰਾਜਾਂ ਵਿੱਚ ਸਿਆਸਤ ਰਾਜ ਘਰਾਣਿਆਂ ਦੀ ਮਨਾਪਲੀ ਰਹੀ ਹੈ, ਕਿ ਰਾਜਾ- ਪਿਉ ਆਪਣੇ ਪੁੱਤਰਾਂ ਨੂੰ ਰਾਜ ਸੱਤਾ ਦੀ ਸਿਖਲਾਈ ਦਿੰਦਾ ਸੀ, ਅੱਗੋਂ ਪੁੱਤਰ ਆਪਣੇ ਪੁੱਤਰਾਂ ਨੂੰ, ਕਿ ਇਉਂ ਰਾਜ-ਸੱਤਾ ਦੀ ਡੂੰਘੀ ਸਮਝ ਆਮ ਲੋਕਾਂ ਤੱਕ ਨਹੀਂ ਪੁਜ ਸਕੀ। ਪਰ ਇਨਾਂ ਤੱਥਾਂ ਨੂੰ ਅਸੀਂ ਆਪਣੇ ਹੱਕ ਵਿੱਚ ਭੁਗਤਾਇਆ ਹੈ ਤੇ ਅੱਗੋਂ ਵੀ ਭੁਗਤਾਵਾਂਗੇ।

ਆਪਣੇ ਅੰਨ੍ਹੇ ਏਜੰਟਾਂ ਦਾ ਧੰਨਵਾਦ ਕਿ ਸਾਡੇ ਨਾਅਰੇ, "ਮੁਕਤੀ-ਬਰਾਬਰੀ-ਭਾਈਚਾਰਾ", ਨੂੰ ਸਾਡੇ ਹੀ ਦੁਸ਼ਮਣ ਸਾਡੀ ਯੋਜਨਾ ਦੀ ਸਫਲਤਾ ਲਈ, ਬੜੇ ਉਤਸ਼ਾਹ ਅਤੇ ਗਰਮਜੋਸ਼ੀ ਨਾਲ ਧਰਤੀ ਦੇ ਕੋਨੇ ਕੋਨੇ ਤੇ ਲੈ ਗਏ। ਸਾਡੀ ਇੱਛਿਆ ਅਨੁਸਾਰ ਇਸ ਨਾਅਰੇ ਨੇ ਗੋਇਮ ਸਟੇਟਸ ਦੀਆਂ ਜੜ੍ਹਾਂ ਵਿੱਚ ਸਿਉਂਕ ਲਗਾਈ ਤੇ ਇਸ ਦੇ ਲੋਕਾਂ ਦੀ ਸ਼ਾਂਤੀ, ਏਕਾ ਅਤੇ ਖੁਸ਼ਹਾਲੀ ਭੰਗ ਕੀਤੀ ਅਤੇ ਅਰਾਜਕਤਾ ਫੈਲਾਈ।

ਏਹੀ ਨਾਅਰਾ ਸਾਡੇ ਹੱਥਾਂ ਵਿੱਚ ਇੱਕ ਮਾਸਟਰ ਕਾਰਡ (Master Card) ਸਾਬਤ ਹੋਇਆ ਹੈ ਤੇ ਸਾਬਤ ਹੋਏਗਾ, ਜਿਸ ਰਾਹੀਂ ਅਸੀਂ ਕੁਲੀਨ ਵਰਗ ਦੀ ਤਬਾਹੀ ਮਚਾਈ ਹੈ ਅਤੇ ਮਚਾਵਾਂਗੇ। ਇਹ ਕੁਲੀਨ ਵਰਗ ਗੋਇਮ ਸਟੇਟਾਂ ਅਤੇ ਸਾਡੇ ਵਿਚਕਾਰ ਇੱਕ ਰੱਖਿਆ ਲਾਈਨ ਸੀ, ਗੋਇਮ ਕੁਲੀਨ ਵਰਗ ਜੋ ਕੁਦਰਤੀ ਅਤੇ ਜੈਨਿਕ ਤੋਰ ਤੇ ਸਾਡੇ ਵਿਰੋਧੀ ਸਨ, ਦੀਆਂ ਕਬਰਾਂ ਉੱਪਰ ਅਸੀਂ ਆਪਣਾ ਕੁਲੀਨ ਵਰਗ ਸਥਾਪਿਤ ਕਰਾਂਗੇ, ਜੋ ਪੜ੍ਹੇ ਲਿਖੇ ਵੀ ਹੋਣਗੇ ਅਤੇ ਧਨਵਾਨ ਵੀ। ਉਨਾਂ ਦਾ ਧਨ ਸਾਡੇ ਪੁਰਖਿਆਂ ਦੀਆਂ ਲਿਖਤਾਂ ਵਿੱਚਲਾ ਗਿਆਨ ਹੋਏਗਾ। ਸਾਡੇ ਪੁਰਖਿਆਂ ਦੀਆ ਲਿਖਤਾਂ ਹੀ ਸੰਚਾਲਕ ਸ਼ਕਤੀ ਹੈ ਅਤੇ ਹੋਏਗੀ।

ਬੰਦੇ ਦੀਆਂ ਮਾਨਸਿਕ ਪ੍ਰਵਿਰਤੀਆਂ ਨੇ, ਧਨ ਦੀ ਅੰਨ੍ਹੀ ਚਾਹਤ ਨੇ, ਜਿਣਸੀ ਕਾਮ ਵਾਸਨਾ ਨੇ ਅਤੇ ਪਦਾਰਥਕ ਲੋੜਾਂ ਦੇ ਅੰਨ੍ਹੇ ਲੋਭ ਨੇ, ਸਾਡਾ ਕੰਮ ਹੋਰ ਵੀ ਸੌਖਾ ਕਰ ਦਿੱਤਾ ਹੈ। (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਅਸੀਂ ਇੱਕ ਇੱਕ ਪਰਵਿਰਤੀ ਨੂੰ ਖਰੀਦਾਂਗੇ ਤੇ ਆਪਣੀਆਂ ਉਗਲਾਂ ਤੇ ਨਚਾਵਾਂਗੇ।

ਅਜਾਦੀ ਰੂਪੀ ਕਲਪਿਤ, ਅਭੌਤਿਕ ਤੇ ਆਦਰਸ਼ਕ ਵਿਚਾਰ ਨੇ ਸਾਨੂੰ ਏਸ ਯੋਗ ਬਣਾਇਆ ਹੈ ਕਿ ਅਸੀਂ ਲੋਕਾਂ ਨੂੰ ਕਾਇਲ ਕਰ ਸਕਦੇ ਹਾਂ ਕਿ ਰਾਜ ਘਰਾਣਿਆਂ ਦੇ ਕੁਲੀਨਾਂ ਵਾਂਗ ਤੁਸੀਂ ਵੀ ਆਜਾਦ ਹੋ ਤੇ ਆਪਣੇ ਦੇਸ਼ ਦੇ ਮਾਲਕ ਹੋ। ਘਸੇ ਹੋਏ ਦਸਤਾਨਿਆਂ ਵਾਂਗ ਜਦੋ ਮਰਜੀ ਉਨਾਂ ਨੂੰ ਸੁੱਟ ਦਿਉ ਅਤੇ ਆਪ ਮਾਲਕ ਬਣੋ। ਇਉਂ ਰਾਜ ਸੱਤਾ ਦੀ ਨਿਯੁਕਤੀ ਦੇ ਪਰਮਾਣ -ਪੱਤਰ ਸਾਡੇ ਹੱਥਾਂ ਵਿੱਚ ਆ ਗਏ ਹਨ।

ਵਿਆਖਿਆ

ਉਕਤ ਪਹਿਰੇ, ਪਹਿਰਾ ਚੌਦਾਂ ਦੀ ਹੀ ਭਰਪੂਰ ਵਿਆਖਿਆ ਹਨ। ਪਹਿਰਾ 15 ਵਿੱਚ ਗੋਇਮ ਅਤੇ ਯਹੂਦੀ ਦੋਵਾਂ ਨਜਰੀਆਂ ਤੋਂ ਬੁੱਧੀਜੀਵੀਆਂ ਨੂੰ ਮੁੱਖ ਰੱਖ ਕੇ ਵਿਆਖਿਆ

Scanned with OKEN Scanner

Scanned with OKEN Scanner

ਹੈ। ਇਸ ਦਸਤਾਵੇਜ਼ ਦੇ ਲੇਖਕਾਂ ਨੇ ਬੜੀ ਕੁਸ਼ਲਤਾ ਅਤੇ ਚਲਾਕੀ ਨਾਲ ਕੁਦਰਤ ਦੀ ਆਪਣੀ ਲੀਲਾ ਚੋਂ ਉਦਾਹਰਨ ਦਿੱਤੀ ਹੈ ਕਿ ਕੁਦਰਤ ਦੀ ਪੈਦਾ ਕੀਤੀ ਸ੍ਰਿਸਟੀ ਵਿੱਚ ਕੁਝ ਵੀ ਬਰਾਬਰ ਨਹੀਂ ਹੈ।

ਵੱਖ ਵੱਖ ਪ੍ਰਬੰਧਾਂ ਚੋਂ ਲੰਘ ਕੇ ਸਮਾਜ ਵੱਖ ਵੱਖ ਪਰਤਾਂ ਵਿੱਚ ਵੰਡਿਆ ਗਿਆ ਹੈ। ਇਹ ਪਰਤਾਂ ਗੋਇਮ (ਗੈਰ ਯਹੂਦੀ) ਸਰੋਕਾਰਾਂ ਨੇ ਪੈਦਾ ਕੀਤੀਆਂ ਹਨ। ਇਨਾਂ ਪਰਤਾਂ ਰਾਹੀਂ ਉਹ ਆਪਣੇ ਹਿਤੱਾਂ ਦੀ ਪਾਲਣਾ ਕਰਦੇ ਹਨ। ਦਸਤਾਵੇਜ਼ ਦਾ ਆਖਦਾ ਹੈ ਕਿ ਪਰਤਾਂ ਏਵੇਂ ਹੀ ਕਾਇਮ ਰਹਿਣਗੀਆਂ। ਕੁਲੀਨ ਵਰਗ ਬਣਿਆ ਰਹੇਗਾ। ਬਸ ਗੋਇਮ ਕੁਲੀਨ ਵਰਗ ਦੀ ਥਾਂ ਯਹੂਦੀ (ਜ਼ਾਇਅਨਵਾਦੀ) ਕੁਲੀਨ ਵਰਗ ਨੂੰ ਉਪਜਾਇਆ ਜਾਵੇਗਾ। ਯਾਨੀ ਨਵਾਂ ਆਲਮੀ ਨੇਮ (New World Order) ਸਾਜਿਆ ਜਾਵੇਗਾ। ਸ਼ਾਸ਼ਕਾਂ ਅਤੇ ਰਇਆ ਵਿਚਕਾਰ ਕੁਲੀਨ ਵਰਗ ਇੱਕ ਕੜੀ ਵਜੋਂ ਕਾਇਮ ਰਹੇਗਾ। ਬਸ ਉਸ ਦੀ ਜਿਣਸ ਬਦਲ ਦਿੱਤੀ ਜਾਵੇਗੀ।

ਅਗਲੇ ਪਹਿਰੇ ਵਿੱਚ ਵਿਅਕਤੀ ਅਤੇ ਸਮਾਜਕ ਪਰਵਿਰਤੀਆਂ ਦੀ ਕਮਾਲ ਦੀ ਸੰਖਿਪਤ ਵਿਆਖਿਆ ਹੈ।

ਉਨ੍ਹਾਂ ਦੀ ਕਮਾਲ ਏਸੇ ਵਿੱਚ ਹੈ ਕਿ ਇਨਾਂ ਪਰਵਿਰਤੀਆਂ ਨੂੰ ਆਪਣੇ ਨਿਜੀ ਤੇ ਜਮਾਤੀ ਹਿੱਤ ਅਨੁਸਾਰ ਦਿਸ਼ਾ ਨਿਰਦੇਸ਼ਤ ਕਰਦੇ ਹਨ। ਲੋਕ ਆਸਾਨੀ ਨਾਲ ਖੂਬਸੂਰਤ ਨਾਅਰਿਆਂ ਦੇ ਨਾਮ ਤੇ ਵਰਤੋਂ ਵਿੱਚ ਆ ਜਾਂਦੇ ਹਨ।

******

ਪਹਿਲੇ ਪ੍ਰੋਟੋਕੋਲ ਬਾਰੇ Victor Marsden ਦਾ ਨਿਚੋੜ ਹੈ - Right lies in Might. Freedom an idea only. The Mob. The Anarchy. The invincibility of Jew-Masonic authority. End just by means. Mob a blind man. Despotism is the most satisfactory form of Rule. Corruption, Terror, Psychological calculations, Rule of Zionism.

ਪਹਿਲਾ ਪ੍ਰੋਟੋਕੋਲ ਸਾਰੇ ਦੇ ਸਾਰੇ ਦਸਤਾਵੇਜ਼ ਦਾ ਨਿਚੋੜ ਹੈ। ਕਿਹਾ ਜਾਂਦਾ ਹੈ ਕਿ 'ਜਪੁਜੀ ਸਾਹਿਬ' ਆਦਿ ਗ੍ਰੰਥ ਦਾ ਨਿਚੋੜ ਹੈ ਯਾਨੀ ਸਾਰੇ ਗ੍ਰੰਥ ਸਾਹਿਬ ਵਿੱਚ ਜਪੁਜੀ ਸਾਹਿਬ ਦੇ ਨੇਮਾਂ ਦੀ ਹੀ ਵਿਆਖਿਆ ਕੀਤੀ ਹੋਈ ਮਿਲਦੀ ਹੈ। ਏਥੇ ਇਹ ਪਹਿਲਾ ਪ੍ਰੋਟੋਕੋਲ ਬਾਕੀ ਦੇ ਸਾਰੇ ਦੇ ਸਾਰੇ ਚੋਵੀ ਪ੍ਰੋਟੋਕੋਲ ਦਾ ਨਿਚੋੜ ਰੂਪ ਹੈ। ਅਗਲੇ ਪ੍ਰੋਟੋਕੋਲਾਂ ਵਿੱਚ ਅਤੇ ਇਥੋਂ ਤੱਕ ਕਿ ਸਾਰੀ ਦੀ ਸਾਰੀ ਜ਼ਾਇਅਨਵਾਦੀ ਦਾਰਸ਼ਨਿਕਤਾ ਵਿੱਚ ਏਸੇ ਦੀ ਵਿਆਖਿਆ ਕੀਤੀ ਮਿਲਦੀ ਹੈ। ਇਸ ਅਨੁਸਾਰ ਸਮੁਚੀ ਜੀਵ ਜਾਤੀ ਵਿਚੋਂ ਮਨੁਖ ਸਭ ਨਾਲੋਂ ਵੱਧ ਖੂੰਖਾਰ ਪਰਵਿਰਤੀ ਰੱਖਣ ਵਾਲਾ ਜਾਨਵਰ ਹੈ। ਇਸ ਪਰਵਿਰਤੀ ਨੂੰ ਹੀ ਕਾਬੂ ਵਿੱਚ ਰੱਖਣ ਲਈ ਸਮੁਚੇ ਧਰਮ ਅਤੇ ਸਟੇਟ ਦੇ ਵੱਖ ਵੱਖ ਰੂਪ ਘੜੇ ਗਏ ਹਨ। ਸਮੁਚੀ ਮਨੁਖ ਜਾਤੀ ਨੂੰ ਇੱਕ

Scanned with OKEN Scanner

Scanned with OKEN Scanner

ਨੇਮ ਵਿੱਚ ਬੰਨਣਾ ਜਰੂਰੀ ਹੈ। ਇਹ ਕਾਰਜ ਬੜਾ ਹੀ ਜਟਿਲ ਵੀ ਹੈ। ਅਨੇਕਾਂ ਪ੍ਰਕਾਰ ਦੇ ਭੁਲਾਂਦਰੇ ਪੈਦਾ ਕਰਨੇ ਪੈਣਗੇ। ਮੁਕਤੀ ਬਰਾਬਰੀ ਭਾਈਚਾਰਾ ਦਾ ਨਾਅਰਾ ਬੜਾ ਹੀ ਕਾਰਗਰ ਭੁਲਾਂਦਰਾ ਹੈ। ਇਸ ਰਾਹੀਂ ਆਮ ਲੋਕਾਂ ਨੂੰ ਵੀ ਅਤੇ ਬੋਧ ਵਰਗ ਨੂੰ ਵੀ ਸਿਆਸੀ ਚਾਲਾਂ ਅਤੇ ਘੁੰਡੀਆਂ ਤੋਂ ਦੂਰ ਰੱਖਿਆ ਜਾ ਸਕਦਾ ਹੈ। ਵਿਅਕਤੀ ਅਤੇ ਸਮੂਹਕ ਤੌਰ ਤੇ ਲੋਕ ਕਾਮ, ਕ੍ਰੋਧ-ਲੋਭ-ਮੋਹ ਹੰਕਾਰ ਦੇ ਜੰਜਾਲਾਂ ਵਿੱਚ ਫਸੇ ਰਹਿੰਦੇ ਹਨ। ਅਸੀਂ (ਜ਼ਾਇਅਨਵਾਦੀਏ) ਸੁਚੇਤ ਤੌਰ ਤੇ ਆਪਣੇ ਏਜੰਟਾਂ ਰਾਹੀ ਉਕਸਾਵਾਂਗੇ ਵੀ ਤੇ ਦਬਾਂਵਾਂਗੇ ਵੀ। ਸਮਾਜ ਦੀਆਂ ਵੱਖ ਵੱਖ ਪਰਤਾਂ (ਜਮਾਤਾਂ-ਵਰਗਾਂ) ਨੂੰ ਆਪੋਂ ਵਿੱਚ ਲੜਾ ਭਿੜਾ ਕੇ ਏਨੇ ਨਿਮਾਣੇ ਨਿਤਾਣੇ ਤੇ ਬੇਜਾਰ ਕਰ ਦਿਆਂਗੇ ਕਿ ਰਾਜਸੀ ਸ਼ਕਤੀ ਦਾ ਸ਼ਕਤੀਸ਼ਾਲੀ ਡੰਡਾ ਅਸੀਂ ਹਥਿਆ ਲਵਾਂਗੇ। ਜਿਸ ਹੱਥ ਰਾਜਸੀ ਤੇ ਧਨ ਦੀ ਸ਼ਕਤੀ ਹੋਵੇਗੀ, ਉਹੀ ਸ਼ਹਿਨਸ਼ਾਹ ਹੋਵੇਗਾ। ਅੱਗੋਂ ਸਾਰਾ ਦਸਤਾਵੇਜ ਉਨਾਂ ਦਾਅ ਪੇਚਾਂ ਨਾਲ ਭਰਪੂਰ ਹੈ ਜਿਨਾਂ ਰਾਹੀਂ ਧਨ ਅਤੇ ਰਾਜ ਪ੍ਰਾਪਤ ਕੀਤਾ ਜਾ ਸਕਦਾ ਹੈ।

Protocol: 2

ਪ੍ਰੋਟੋਕੋਲ 2 ਦਾ ਮਾਰਸਡਨ ਦਾ ਨਿਚੋੜ - ਜਮੀਨ ਹੜੱਪਣ ਦੀ ਥਾਂ ਹੁਣ ਆਰਥਿਕ ਯੁੱਧਾਂ ਦਾ ਦੌਰ ਅਰੰਭ ਹੋਏਗਾ। ਸਰਕਾਰਾਂ ਦੇ ਸਾਡੇ ਵਲੋਂ ਨਿਯੁਕਤ ਗੁਪਤ ਸਲਾਹਕਾਰ ਹੋਣਗੇ। ਪ੍ਰੈਸ ਰਾਹੀ ਲੋਕ-ਮਨਾਂ ਦੀ ਢਲਾਈ ਕਰਾਂਗੇ। ਇਕ ਇਕ ਯਹੂਦੀ ਕੁਰਬਾਨੀ ਦਾ ਮੁਲ ਸੋਨੇ ਵਿੱਚ ਵਸੂਲਾਂਗੇ।

ਅਨੁਵਾਦ :- ਸਾਡੇ ਵਾਸਤੇ ਇਹ ਬਹੁਤ ਜਰੂਰੀ ਹੈ ਕਿ ਭਵਿੱਖ ਵਿੱਚ ਯੁਧ, ਹੋਰ ਖੇਤਰ ਨੂੰ ਰਾਜ ਭਾਗ ਵਿੱਚ ਸ਼ਾਮਿਲ ਕਰਨ ਵਾਸਤੇ ਨਹੀਂ, ਸਗੋਂ ਕੇਵਲ ਆਰਥਿਕ ਆਧਾਰ ਤੇ ਲੜੇ ਜਾਣ। ਅਸੀਂ ਆਪਣੇ ਵਿਸ਼ਵ ਵਿਆਪੀ ਏਜੰਟਾਂ ਰਾਹੀਂ ਦੋਵਾਂ ਪਾਸਿਆਂ ਨੂੰ ਇੱਕ ਦੂਜੇ ਦੇ ਵਿਰੁਧ ਆਰਥਿਕ ਸਹਾਇਤਾ ਦੇਵਾਂਗੇ। ਦੋਵੇਂ ਪਾਸੇ ਸਾਡੇ ਰਹਿਮ ਦੇ ਪਾਤਰ ਹੋ ਜਾਣਗੇ। ਨਿਰਭਰਤਾ ਨੂੰ ਅਸੀਂ ਵਿਸ਼ਵ ਵਿਆਪੀ ਮਿਆਰ ਤੱਕ ਲੈ ਜਾਵਾਂਗੇ। ਸਾਡੇ ਵਿਸ਼ਵ ਵਿਆਪੀ ਹਿੱਤ ਉਨਾਂ ਦੇ ਰਾਸ਼ਟਰੀ ਹਿਤਾਂ ਨੂੰ ਧੋ ਸੁੱਟਣਗੇ। ਅਸੀਂ ਆਸਾਨੀ ਨਾਲ ਕੋਮਾਂ ਉਪਰ ਰਾਜ ਕਰਨ ਦੇ ਅਧਿਕਾਰ ਪ੍ਰਾਪਤ ਕਰ ਲਵਾਂਗੇ। ਤੇ ਉਨਾਂ ਦੇ ਅੰਦਰੂਨੀ ਕਾਨੂੰਨਾਂ ਤੇ ਵੀ ਅਸਰ ਅੰਦਾਜ ਹੋਆਂਗੇ। ਕ੍ਰੋੜਾਂ ਅੱਖਾਂ ਇਹ ਘਟਨਾ-ਕਰਮ ਦੇਖ ਰਹੀਆਂ ਹੋਣਗੀਆਂ।

ਏਥੇ ਇਹ ਦੱਸਣਾ ਢੁਕਵਾਂ ਹੈ ਕਿ ਮਾਰਕਸੀਆਂ ਵਿਚਕਾਰ ਬਾਹਰਮੁਖਤਾ ਬਨਾਮ ਅੰਤਰਮੁਕਤਾ ਦੇ ਵਿਸ਼ੇ ਤੇ ਬਹੁਤ ਬਹਿਸਾਂ ਹੁੰਦੀਆਂ ਹਨ ਜੋ ਆਮ ਤੋਰ ਤੇ ਨਿਰਮੂਲ ਹੁੰਦੀਆਂ ਹਨ। ਅੰਤ ਉਹੀ ਫੈਸਲਾ ਪਰਵਾਣ ਚੜ੍ਹਦਾ ਹੈ ਜੋ ਵੱਡੇ ਨੇਤਾ ਅਰਥਾਤ ਵੱਡੇ ਏਜੰਟਾਂ ਵਲੋਂ ਪੇਸ਼ ਕੀਤਾ ਜਾਂਦਾ ਹੈ। ਬਾਹਰਮੁਖੀ ਹਾਲਾਤ ਪ੍ਰਤੀ ਉਹਨਾਂ ਦੀ ਇੰਟਰਪ੍ਰੀਟੇਸ਼ਨ ਹੀ ਇੱਹੋ ਜਿਹੀ ਹੁੰਦੀ ਹੈ ਕਿ ਕਾਡਰ ਭਲੀ ਭਾਂਤ ਸਵੀਕਾਰ ਕਰ ਲੈਂਦਾ ਹੈ ਤੇ ਜੋ ਨਹੀਂ ਕਰਦਾ, ਉਪਰ ਇਲਜਾਮ ਤਰਾਸ਼ੀ ਰਾਹੀਂ ਚੁਪ ਕਰਵਾ ਦਿੱਤਾ ਜਾਂਦਾ ਹੈ ਜਾਂ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ। ਇਉਂ ਜ਼ਾਇਅਨਵਾਦੀਆਂ ਦੇ ਏਜੰਟਾਂ ਨੂੰ ਮਨੁੱਖਤਾ ਦੇ ਸਭ ਤੋਂ ਵੱਡੇ ਹਿਤੈਸ਼ੀ ਸਮਝ ਲਿਆ ਜਾਂਦਾ ਹੈ ......।

ਅਨੁਵਾਦ :- ਜੇਕਰ ਕੋਈ ਇਕ ਦੇਸ਼ ਸਾਡਾ ਵਿਰੋਧ ਕਰੇਗਾ ਤਾਂ ਅਸੀਂ ਦੂਸਰੇ ਨੂੰ ਭੜ੍ਹਕਾ ਕੇ ਉਸ ਉਪਰ ਯੁਧ ਠੋਸਾਂਗੇ। ਉਹ ਵਧੇਰੇ ਮੁਲਕ ਇੱਕਠੇ ਹੋ ਕੇ ਵਿਰੋਧ ਕਰਨਗੇ ਤਾਂ ਅਸੀਂ ਉਨ੍ਹਾਂ ਨੂੰ ਆਲਮੀ ਯੁਧਾਂ ਵਿਚ ਝੋਕ ਕੇ ਟੱਕਰ ਲਵਾਂਗੇ ।

ਸਾਡੀਆਂ ਸਾਰੀਆਂ ਦੀਆਂ ਸਾਰੀਆਂ ਸਫਲਤਾਵਾਂ ਦਾ ਇਕ ਮਾਤਰ ਰਾਜ਼ ਹੈ - ਗੁਪਤਤਾ (Secracy) ਸਾਡੇ ਕੂਟਨੀਕਤਕਾਂ ਦੀ ਬੋਲੀ ਅਤੇ ਕਾਰਜਾਂ ਵਿਚ ਢੇਰ ਸਾਰਾ ਅੰਤਰ ਹੋਏਗਾ ।

ਮਹਾਨ ਸ਼ਕਤੀ, ਪ੍ਰੈਸ, ਲੋਕ ਰਾਏ ਅਤੇ ਬਾਹਰਮੁਖੀ ਹਾਲਾਤ ਨੂੰ ਘੜਨ-ਬਣਾਉਣ ਵਿਚ ਮਹਾਨ ਯੋਗਦਾਨ ਪਾਉਂਦੀ ਹੈ । ਇਸ ਉੱਪਰ ਪਹਿਲਾਂ ਹੀ ਸਾਡਾ ਕਬਜ਼ਾ ਹੋ ਚੁਕਿਆ ਹੋਇਆ ਹੈ। ਇਸ ਰਾਹੀਂ ਅਸੀਂ ਗੋਇਮ ਸਰਕਾਰਾਂ ਨੂੰ ਮਜ਼ਬੂਰ ਕਰ ਦਿਆਂਗੇ ਕਿ ਸਾਡੀਆਂ ਯੋਜਨਾਵਾਂ ਨੂੰ ਹੀ ਅਮਲ ਵਿਚ ਲਿਆਉਣ ।

ਚਰਚਾ ਦਾ ਨਿਚੋੜ ਇਹ ਕਿ ਅਸੀਂ ਯੂਰਪ ਦੀਆਂ ਗੋਇਮ ਸਰਕਾਰਾਂ ਨੂੰ ਡੱਕਣ ਲਈ ਅਤੇ ਸਭ ਉਪਰ ਦਹਿਲ ਪਾਉਣ ਲਈ ਕਿਸੇ ਇਕ ਉਪਰ ਦਹਿਸ਼ਤੀ-ਹਮਲੇ ਕਰਵਾਵਾਂਗੇ। ਫੇਰ ਜੇਕਰ ਸਾਡੀ ਹੀ ਇਛਿਆ ਤੇ ਆਗਿਆ ਅਨੁਸਾਰ ਉਹ ਸਾਡੇ ਹੀ ਵਿਰੁੱਧ ਇੱਕਠੇ ਆਕੀ ਹੋ ਜਾਣ ਤਾਂ ਅਸੀਂ ਅਮੀਰਕਾ, ਚੀਨ ਜਾਂ ਜਪਾਨ ਦੀਆਂ ਫੋਜਾਂ ਚਾੜ੍ਹ ਦਿਆਂਗੇ।

ਵਿਆਖਿਆ :- ਉਕਤ ਪਹਿਰਿਆਂ ਵਿੱਚ ਓਹਨਾਂ ਨੇ ਕਿਸੇ ਕਿਸਮ ਦਾ ਲਕੋਅ ਨਹੀਂ ਰੱਖਿਆ ਹੈ। ਆਪਣੇ ਵਿਰੋਧ ਦੇ ਖਾਤਮੇ ਲਈ ਉਹ ਕਿਸੇ ਹੱਦ ਤੱਕ ਵੀ ਜਾ ਸਕਦੇ ਹਨ।ਆਪਣੇ ਹਿੱਤਾਂ ਦੀ ਪਾਲਣਾ ਲਈ ਅਰਥਾਤ ਵਿੱਤ ਦੇ ਸਰਮਾਏ ਦੀ ਸਰਦਾਰੀ ਲਈ ਉਹ ਕੁਝ ਵੀ ਕਰ ਸਕਦੇ ਹਨ। ਸਥਾਨਕ ਯੁਧ, ਕੌਮੀ ਯੁਧ ਅਤੇ ਵਿਸ਼ਵੀ ਯੁਧ ਕਰਵਾਉਣ ਤੋਂ ਵੀ ਉਹ ਦਰੇਗ ਨਹੀਂ

Scanned with OKEN Scanner

Scanned with OKEN Scanner

ਕਰਨਗੇ।

ਏਸ ਸਾਰੇ ਕੁਝ ਵਿੱਚ ਗੁਪਤਤਾ ਇੱਕ ਮਾਤਰ ਮਹੱਤਵਪੂਰਨ ਪਹਿਲੂ ਰਹੇਗਾ।

ਏਥੇ ਫੇਰ ਦੁਹਰਾਇਆ ਗਿਆ ਹੈ ਕਿ ਲੋਕ ਰਾਏ ਨੂੰ ਦਿਸ਼ਾ ਦੇਣ, ਲੋਕ ਸੋਚ ਦੀ ਢਲਾਈ ਕਰਨ ਵਿੱਚ ਪ੍ਰੈਸ ਦਾ ਮਹਾਨ ਰੋਲ ਹੁੰਦਾ ਹੈ। ਜ਼ਾਇਅਨਵਾਦੀ ਪ੍ਰੈਸ ਦੀ ਮਹੱਤਤਾ ਨੂੰ ਸਮਝਦੇ ਹੋਏ ਇਸ ਤੇ ਕਬਜ਼ਾ ਬਣਾਈ ਰੱਖਣ ਨੂੰ ਆਪਣਾ ਇਕ ਮਾਤਰ ਆਦਰਸ਼ ਸਵੀਕਾਰ ਕਰਦੇ ਹਨ।

ਬੁਲਾਰੇ ਨੇ ਸਾਰੀ ਦੀ ਸਾਰੀ ਚਰਚਾ ਦਾ ਨਿਚੋੜ ਪੇਸ਼ ਕਰ ਦਿੱਤਾ ਹੈ। ਆਪਣੇ ਹਿੱਤਾਂ ਦੀ ਰਖਵਾਲੀ ਨੂੰ ਮੁੱਖ ਰੱਖ ਕੇ ਅਤੇ ਦਹਿਸ਼ਤ ਪਾਉਣ ਲਈ ਪਹਿਲਾਂ ਉਹ ਕਿਸੇ ਇੱਕ ਮੁਲਕ ਤੇ ਧਾਵਾਂ ਕਰਵਾਉਣਗੇ। ਮਸਲਾ ਹੱਲ ਨਾ ਹੋਇਆ ਤਾਂ ਵਿਸ਼ਵ ਯੁਧ ਕਰਵਾਉਣਗੇ।

ਪਾਠਕ ਸੱਜਣ ਜਰੂਰ ਸਮਝ ਗਏ ਹੋਣਗੇ ਕਿ ਵਿੱਤ ਦਾ ਸਰਮਾਇਆ ਅਰਥਾਤ ਬੈਂਕਾਂ ਦਾ ਕਬਜ਼ਾ ਅਰਥਾਤ ਮੁਦਰਾ ਦਾ ਕਬਜ਼ਾ ਕਿਨਾਂ ਮਹੱਤਵਪੂਰਨ ਹੈ। ਵਿੱਤ ਤੇ ਕਬਜ਼ਾ ਬਣਾਈ ਰੱਖਣ ਲਈ ਉਹ ਸਾਰੀ ਸ੍ਰਿਸ਼ਟੀ ਨੂੰ ਅੱਗ ਵਿੱਚ ਝੋਕ ਸਕਦੇ ਹਨ।

ਇਹ ਦਸਤਾਵੇਜ਼ ਕਦੋਂ ਉਪਜਿਆ ਦਾ ਨਿਗਰ ਸਬੂਤ ਅਜੇ ਤੱਕ ਨਹੀਂ ਮਿਲ ਸਕਿਆ। ਉਹਨਾਂ ਦੀ ਗੁਪਤਤਾ ਹੀ ਕੁਝ ਇਹੋ ਜਿਹੀ ਹੈ। ਹਾਂ 1773 ਵਿੱਚ ਜੋ ਬਾਦਸਾਹਾਂ ਤੇ ਧਨਾਢਾਂ ਦੀ ਪਹਿਲੀ ਸੁਪਰੀਮ ਕੌਂਸਲ ਦੀ ਇੱਕੱਤਰਤਾ ਹੋਈ ਸੀ, ਵਿਖੇ ਮੇਅਰ ਆਮਸ਼ੈਲ ਦਾ ਸਮੁੱਚਾ ਭਾਸਣ ਐਨ ਇਹੋ ਜਿਹੇ ਵਿਸ਼ੇ ਤੇ ਅਧਾਰਿਤ ਸੀ। ਫੇਰ 1897 ਦੇ ਜ਼ਾਇਅਨਵਾਦੀ ਸੰਮੇਲਨ ਵਿੱਚ ਥੀਓਡੋਰ ਹਰਜ਼ਲ ਦਾ ਸਮੁਚਾ ਭਾਸ਼ਣ ਅਤੇ ਕਾਰਵਾਈ ਏਸੇ ਅਨੁਸਾਰ ਸੀ, ਏਸੇ ਨੂੰ ਪੱਥ ਪ੍ਰਦਰਸਨ ਲਈ ਅਪਣਾਇਆ ਗਿਆ ਸੀ।

ਸਾਰੇ ਦਾ ਸਾਰਾ ਦਸਤਾਵੇਜ਼ ਸੰਬੋਧਨੀ ਲੈਅ ਵਿੱਚ ਹੈ। ਸਵੀਕਾਰ ਕੀਤਾ ਜਾਂਦਾ ਹੈ ਕਿ ਦਸਤਾਵੇਜ ਦਾ ਸੰਬੋਧਨੀ ਬੁਲਾਰਾ ਹਰਜ਼ਲ ਹੀ ਹੈ ਤੇ ਉਸ ਨੂੰ ਸੁਣਨ ਵਾਲੇ ਸਮਕਾਲੀ ਸਭ ਤੋਂ ਵਡੇਰੇ ਵਿਗਿਆਨੀ, ਦਾਰਸਨਿਕ, ਰਾਜਨੇਤਾ, ਅਰਥ ਸ਼ਾਸ਼ਤਰੀ (Scientist, Phylosphers, Politicians, Economists) ਆਦਿ ਹਨ। ਉਦੋਂ ਤੋਂ ਲੈ ਕੇ ਅੱਜ ਤੱਕ ਦਾ ਇਹ ਰੋਡਮੈਪ ਹੈ। ਦੁਨੀਆਂ ਭਰ ਵਿੱਚ ਉਹੀ ਕੁਝ ਹੋ ਰਿਹਾ ਹੈ, ਜੋ ਕੁਝ ਇਸ ਰੋਡਮੈਪ ਵਿੱਚ ਦਰਜ ਹੈ। ਪੱਕੀ ਗੱਲ ਇਹ ਹੈ ਕਿ ਉਨ੍ਹਾਂ ਦਾ 'ਗੁਪਤੰਤਰ' ਬਹੁਤ ਮਜ਼ਬੂਤ ਹੈ। ਇਸ ਨੂੰ ਪੜ੍ਹਨਾ ਤੇ ਸਮਝਣਾ ਕਿੰਨਾ ਜਰੂਰੀ ਹੈ, ਇਹ ਸਾਡੀ ਇੱਛਾ ਸ਼ਕਤੀ ਤੇ ਨਿਰਭਰ ਹੈ।

ਪ੍ਰੋਟੋਕੋਲ ਨੰ ੮

ਮਾਰਸਡਨ ਵਲੋਂ ਸਾਰ:- ਨਿਆਂ ਪ੍ਰਣਾਲੀ ਸਾਡਾ ਸਭ ਤੋਂ ਵੱਡਾ ਹਥਿਆਰ ਹੈ। ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ ਤੋਂ ਨਿਆਂ ਪਾਲਿਕਾ ਨੂੰ ਅਜ਼ਾਦ ਰੱਖਣ ਦਾ ਅਸਲ

Scanned with OKEN Scanner

ਮਕਸਦ ਇਹੀ ਹੈ ਕਿ ਇਹ ਕੇਵਲ ਸਾਡੇ ਅਧੀਨ ਹੋਵੇਗੀ ਅਤੇ ਅਖੌਤੀ ਤੌਰ ਤੇ ਅਜ਼ਾਦ ਹੋਵੇਗੀ। ਫਰੀ-ਮੇਸਨਰੀ ਅਤੇ ਇਲੂਮੀਨਿਟੀ ਦੇ ਏਜੰਟਾਂ ਦੀ ਇਸ ਵਿੱਚ ਘੁਸਪੈਠ ਹੋਵੇਗੀ। ਜਿੰਮੇਵਾਰੀ ਵਾਲੀਆਂ ਉੱਚ ਪਦਵੀਆਂ ਕਿਸ ਵਿਅਕਤੀ ਜਾਂ ਕਿਸ ਵਿਅਕਤੀ ਵਿਸ਼ੇਸ਼ਾਂ ਨੂੰ ਦੇਣੀਆਂ ਹਨ ਦਾ ਸਾਡਾ ਫੈਸਲਾ ਆਪਣੇ ਏਜੰਟਾਂ ਰਾਹੀਂ ਲਾਗੂ ਕਰਵਾਇਆ ਜਾਵੇਗਾ। ਖੇਤਰੀ, ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੇ ਆਪਣੇ ਵਿਦਿਆਲੇ ਤੇ ਯੂਨੀਵਰਸਿਟੀਆਂ ਚਲਾਵਾਂਗੇ। ਜਿੱਥੋਂ ਦੇ ਸਿਖਲਾਈ ਜਾਫਤਾ ਮਾਹਿਰਾਂ ਨੂੰ ਮੁਲਕਾਂ ਦੇ ਜਿੰਮੇਵਾਰ ਅਹੁਦਿਆਂ ਤੇ ਨਿਯੁਕਤ ਕਰਵਾਂਵਾਗੇ।

Protocol : 8

ਅਨੁਵਾਦ :- ਅਸੀਂ ਆਪਣੇ ਆਪ ਨੂੰ ਆਪਣੇ ਵਿਰੋਧੀਆਂ ਨਾਲੋਂ ਵੱਧ ਮਾਰੂ ਹਥਿਆਰਾਂ ਨਾਲ ਲੈਸ ਕਰਾਂਗੇ ।

ਅਸੀਂ ਨਿਆਂ-ਪ੍ਰਣਾਲੀ ਨੂੰ ਬਰਾਬਰ ਵੱਡਾ ਹਥਿਆਰ ਬਣਾਵਾਂ ਗੇ। ਨਿਆਂ ਦੀਆਂ ਪੁਸਤਕਾਂ ਵਿੱਚ ਅਸੀਂ ਸ਼ਬਦ-ਕੋਸ਼ਾਂ ਨੂੰ ਹੰਘਾਲ ਕੇ ਅਖੌਤੀ ਨੈਤਿਕ ਸ਼ਬਦਾਂ ਦਾ ਐਸਾ ਮਿਸ਼ਰਣ ਕਰਾਂ ਗੇ ਜਿਨ੍ਹਾਂ ਦੇ ਅਧਾਰ ਤੇ ਜੱਜਮੈਂਟਸ ਗੋਇਮ ਲੋਕਾਂ ਦੇ ਵਿਰੁੱਧ ਭੁਗਤਣ ਗੀਆਂ। ਇਸ ਪ੍ਰਣਾਲੀ ਦੇ ਸਾਡੇ ਸੰਚਾਲਕਾਂ, ਨਿਰਦੇਸ਼ਕਾਂ (ਡਾਇਰੈਕਟਰਾਂ) ਵਿਚ ਪੱਤਰਕਾਰ, ਅੰਤਰ-ਰਾਸ਼ਟਰੀ ਵਿਧਾਨਕਾਰ, ਕਾਨੂੰਨ-ਸਾਜ਼, ਪ੍ਰਬੰਧਕ, ਕੂਟ-ਨੀਤਕ, ਅਤੇ ਸਾਡੇ ਵਿਸ਼ੇਸ ਸਕੂਲਾਂ ਦੇ ਸਿਖਲਾਈ ਯਾਫਤਾ ਵਿਸ਼ੇਸ ਵਿਅੱਕਤੀ ਸ਼ਾਮਲ ਹੋਣਗੇ। ਉਹ ਐਸੇ ਵਿਅਕਤੀ ਹੋਣ ਗੇ ਜਿਹੜੇ ਕਾਨੂੰਨੀ ਨਜ਼ਰੀਏ ਤੋਂ ਸਮਾਜ ਦੇ ਤਾਣੇਬਾਣੇ ਦੇ ਸਾਰੇ ਭੇਤਾਂ ਨੂੰ ਜਾਣਦੇ ਹੋਣਗੇ; ਉਨ੍ਹਾਂ ਭਾਸ਼ਾਵਾਂ ਦੇ ਮਾਹਿਰ ਹੋਣ ਗੇ ਜਿਨ੍ਹਾਂ ਤੋਂ ਢੁਕਵੀਂ ਸਿਆਸੀ ਸ਼ਬਦਾਬਲੀ ਦਾ ਨਿਰਮਾਣ ਹੁੰਦਾ ਹੈ। ਉਨ੍ਹਾਂ ਨੂੰ ਮਨੁਖ ਦੇ ਸੁਭਾ ਦੀਆਂ ਪ੍ਰਵਿਰਤੀਆਂ ਦੇ ਮਾਹਿਰ ਜਾਣਕਾਰ ਬਣਾਇਆ ਜਾਵੇ ਗਾ, ਉਨ੍ਹਾਂ ਨੂੰ ਮਾਨਵੀ ਪਰਵਿਰਤੀਆਂ ਦੀਆਂ ਤ੍ਰੰਗਾਂ ਨਾਲ ਖੇਡ ਰਚਾਉਣ ਦੀ ਜਾਣਕਾਰੀ ਹੋਵੇਗੀ (ਤ੍ਰੰਗਾਂ ਦਾ ਅਰਥ ਹੈ ਗੋਇਮ ਲੋਕਾਂ ਦੀਆਂ ਨਿੱਜੀ ਅਤੇ ਜਮਾਤੀ ਪਰਵਿਰਤੀਆਂ ਦੇ ਸੰਚੇ ਦੀ, ਮਾਨਸਿਕ ਰੁਚੀਆਂ ਦੀ, ਗੁਣਾਂ ਅਤੇ ਔਗੁਣਾਂ ਦੀ, ਚੰਗਿਆਈਆਂ ਤੇ ਬੁਰਿਆਈਆ ਦੀ, ਜਾਣਕਾਰੀ ਵੀ ਅਤੇ ਉਨ੍ਹਾਂ ਨਾਲ ਖਿਲਵਾੜ ਕਰ ਸਕਣ ਦੀ ਯੋਗਤਾ ਵੀ) ਸਾਡੇ ਬਾਦਸ਼ਾਹਾਂ ਦੇ ਸਲਾਹਕਾਰ ਅਤੇ ਪ੍ਰਬੰਧਕ ਗੋਇਮ ਉੱਕਾ ਨਹੀਂ ਹੋਣਗੇ ਕਿਉਂਕਿ ਉਹ ਡੂੰਘਾ ਸੋਚ ਹੀ ਨਹੀਂ ਸਕਦੇ ਅਤੇ ਉਹ ਸਰਕਾਰੀ ਪੱਤਰਾਂ ਨੂੰ ਪੜ੍ਹੇ ਬਿਨਾਂ ਹੀ ਤਰਸ ਦੇ ਵੱਸ ਜਾਂ ਅਕਾਂਕਸ਼ਾਵਾਂ ਵੱਸ ਉਨ੍ਹਾਂ ਤੇ ਦਸਤਖਤ ਕਰ ਦਿੰਦੇ ਹਨ ।

ਵਿਆਖਿਆ :- 1776 ਈਂਸਵੀ ਵਿੱਚ ਇੱਕ ਮਾਹਿਰ ਦਾਰਸ਼ਨਿਕ ਜੌ ਕੈਨਨ ਲਾਅ ਵਿੱਚ ਬਹੁਤ ਪਰਵੀਨ ਸੀ, ਨੇ ਅੰਤਰਰਾਸ਼ਟਰੀ ਸੁਪਰੀਮ ਕੌਂਸਲ ਜਿਸ ਦੀ ਅਗਵਾਈ ਰੋਥਸਚਾਈਲਡ ਪ੍ਰੀਵਾਰ ਕਰ ਰਿਹਾ ਸੀ ਦੇ ਆਦੇਸ਼ ਅਨੁਸਾਰ ਇੱਕ ਨਵੀਂ ਨਿਵੇਕਲੀ ਸੰਪਰਦਾਅ ਇਲੂਮੀਨਾਟੀ ਦੀ ਬੁਨਿਆਦ ਰੱਖੀ। ਸਮਾਜ ਵਿੱਵ ਪ੍ਰਚਲਿਤ ਛੇ ਮੁਖ ਖੇਤਰ ਜਿਵੇਂ

Scanned with OKEN Scanner

ਕਿ ਵਿਗਿਆਨ, ਵਿਦਵਤਾ, ਸਰਕਾਰ, ਲੀਡਰਸ਼ਿਪ, ਆਤਮਿਕਤਾ ਅਤੇ ਸੈਨਾ ਆਦਿ ਇਸ ਦੇ ਅਧਿਐਨ ਖੇਤਰ ਦੇ ਅਧੀਨ ਸਨ। ਸੰਸਥਾ ਦੇ ਆਪ ਦੇ ਸਕੂਲ, ਕਾਲਜ, ਅਦਾਰੇ, ਯੂਨੀਵਰਸਿਟੀਆਂ, ਸਰਟੀਫਿਕੇਟ ਅਤੇ ਡਿਗਰੀਆਂ ਸਨ। ਆਧੁਨਿਕ ਸਮੇਂ ਵਿੱਚ ਇਸ ਗੁਪਤ ਸੰਸਥਾ ਦੀ ਸੰਚਾਲਨਾ ਦੇ ਅੰਤਰਗਤ ਯੁਗ ਦੀਆਂ ਪ੍ਰਸਿੱਧ ਯੂਨੀਵਰਸਿਟੀਆਂ ਜਿਵੇਂ ਕਿ ਹਾਰਵਰਡ ਯੂਨੀਵਰਸਿਟੀ, ਯੇਲ ਯੂਨੀਵਰਸਿਟੀ ਦੀ ਸਥਾਪਤੀ ਕੀਤੀ ਗਈ। ਬਾਦਸ਼ਾਹਤਾ ਦੇ ਫਹਿ ਫੇਰੀ ਕਰਨ ਮਗਰੋਂ ਡੈਮੋਕਰੇਸੀਆਂ ਲਿਆਂਦੀਆਂ ਗਈਆਂ ਸਨ। ਇਲੂਮੀਨਾਟੀ ਨੇ ਡੈਮੋਕਰੇਸੀਆ ਦੇ ਤਾਣੇ ਬਾਣੇ ਨੂੰ ਤਿੰਨ ਭਾਗਾਂ ਵਿੱਚ ਵੰਡ ਕੇ ਹਰ ਆਜ਼ਾਦ ਹੋਏ ਦੇਸ਼ ਵਿੱਚ ਲਾਗੂ ਕੀਤਾ। ਸਰਕਾਰਾਂ ਦੇ ਤਿੰਨ ਭਾਗ ਨਿਯੁਕਤ ਕੀਤੇ ਗਏ, (ੳ) ਵਿਧਾਨਪਾਲਿਕਾ, (ਅ) ਕਾਰਜਪਾਲਿਕਾ, (ੲ) ਨਿਆਂਪਾਲਿਕਾ।

ਇਸ ਪ੍ਰੋਟੋਕੋਲ ਵਿੱਚ ਵਿਸ਼ੇਸ਼ ਤੌਰ ਤੇ ਏਸ ਤੱਥ ਤੇ ਜ਼ੋਰ ਦਿੱਤਾ ਗਿਆ ਹੈ ਕਿ ਨਿਆਂਪਾਲਿਕਾ ਨੂੰ ਸਭ ਤੋਂ ਉਪਰ ਅਜ਼ਾਦ ਅਤੇ ਸੰਵਿਧਾਨਿਕ ਤੌਰ ਤੇ ਅਲਾਹਿਦਾ ਤੇ ਸਰਵ ਸ੍ਰੇਸ਼ਠ ਰੱਖਿਆ ਜਾਵੇਗਾ। ਸਮਾਜ ਦੇ ਸ਼ੇਸ਼ਠ ਬੁਧੀਜੀਵੀ ਇਸ ਦੇ ਮੁਲਾਜ਼ਮ-ਸੰਚਾਲਕ ਹੋਣਗੇ ਜੋ ਜ਼ਾਇਅਨਵਾਦੀ ਸਰਕਾਰਾਂ ਦੇ ਪੱਖ ਪੂਰਨਗੇ। ਨਿਰਲੇਪਤਾ ਦੇ ਨਾਮ ਤੇ ਉਹ ਪੂਰੇ ਪੱਖਬਾਜ਼ ਹੋਣਗੇ।

ਅਗਲੇ ਪੈਰ੍ਹੇ ਵਿੱਚ ਸਾਫ ਸਾਫ ਲਿਖ ਦਿੱਤਾ ਗਿਆ ਹੈ ਕਿ ਨਿਰਪੱਖਤਾ ਤੇ ਨਾਮ ਤੇ ਨਿਆਂਪਾਲਿਕਾ ਕਿਨ੍ਹਾਂ ਦਾ ਪੱਖ ਪੂਰੇਗੀ।

ਅਨੁਵਾਦ :- ਸਾਡੀ ਸਰਕਾਰ ਅਰਥ-ਸ਼ਾਸਤਰੀਆਂ ਨਾਲ ਭਰੀ ਹੋਈ ਹੋਵੇਗੀ। ਇਹੀ ਕਾਰਨ ਹੈ ਕਿ ਯਹੂਦੀਆਂ ਦੀ ਤਾਲੀਮ ਦਾ ਮੁਖ ਵਿਸ਼ਾ ਅਰਥ-ਸ਼ਾਸਤਰੀ-ਵਿਗਿਆਨ ਹੀ ਹੈ। ਬੈਂਕਰਾਂ, ਉਦਯੋਗਪਤੀਆਂ, ਸਰਮਾਏਦਾਰਾਂ ਅਤੇ ਅਰਬ-ਪਤੀਆਂ ਦੇ ਜੁੱਟ, ਸਾਡੀਆਂ ਸਰਕਾਰਾਂ ਦੀ ਸੰਚਾਲਕ ਸ਼ਕਤੀ ਹੋਣਗੇ ਤੇ ਉਨ੍ਹਾਂ ਦੇ ਹੀ ਹਿੱਤ ਪਲਣ ਗੇ ।

ਅਸੀਂ ਆਪਣੀਆਂ ਸਰਕਾਰਾਂ ਵਿੱਚ ਵਧੇਰੇ ਕਰਕੇ ਉੱਚ-ਪਦਵੀਆਂ ਯਹੂਦੀਆਂ ਨੂੰ ਹੀ ਦਿਆਂਗੇ। ਹਾਂ, ਕਿਸੇ ਨਾ ਕਿਸੇ ਮਜ਼ਬੂਰੀ ਬੱਸ ਕੁਝ ਪਦਵੀਆਂ ਗੋਇਮ ਲੋਕਾਂ ਨੂੰ ਵੀ ਦਿਆਂਗੇ ਪਰ ਖਿਆਲ ਰੱਖਾਂਗੇ ਕਿ ਉਨ੍ਹਾਂ ਵਿਚਕਾਰ ਅਤੇ ਆਮ ਲੋਕਾਂ ਵਿਚਕਾਰ ਪਾੜਾ ਹੋਵੇ, ਉਹ ਲੋਕਾਂ ਚੋਂ ਨਿਖੜੇ ਹੋਣ ਤਾਂ ਕਿ ਸਾਡੇ ਹੁਕਮਾਂ ਦੀ ਅਦੂਲੀ ਕਰਨ ਤੇ ਅਸੀਂ ਮੁਕੱਦਮਿਆਂ ਰਾਹੀਂ ਜਾਂ ਹੋਰ ਢੰਗਾਂ ਰਾਹੀਂ ਉਨ੍ਹਾਂ ਨੂੰ ਅਸਾਨੀ ਨਾਲ ਅਲੋਪ ਕਰ ਸਕੀਏ।

ਵਿਆਖਿਆ :- ਇਸ ਪੈਰੇ ਵਿੱਚ ਸਰਕਾਰ ਦੇ ਖਾਸੇ ਨੂੰ ਅਤੇ ਸਰਕਾਰ ਸੰਚਾਲਕ ਸ਼ਕਤੀਆਂ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਸਪਸ਼ੱਟ ਕਰ ਦਿੱਤਾ ਗਿਆ ਹੈ। ਇਹੀ ਕਿੰਨੀ ਵੱਡੀ ਪਤੱਖ ਸਚਾਈ ਪ੍ਰਗਟ ਕੀਤੀ ਗਈ ਹੈ।

ਜ਼ਾਇਨਵਾਦੀ ਸਰਕਾਰ 'ਚ ਅਰਥ ਸ਼ਾਸਤਰੀਆਂ ਦੀ ਭਰਮਾਰ ਹੋਵੇਗੀ ਤਾਂ ਹੀ ਯਹੂਦੀਆਂ ਨੂੰ ਅਰਥ ਸ਼ਾਸਤਰ ਦੇ ਮਾਹਿਰ ਮੰਨਿਆ ਗਿਆ ਹੈ। ਅੱਜ ਤੱਕ ਸਭ ਤੋਂ ਵੱਡੇ ਅਤੇ

Scanned with OKEN Scanner

ਪ੍ਰਵਾਣ ਚੜ੍ਹੇ ਅਰਥ ਸ਼ਾਸਤਰੀ ਯਹੂਦੀ ਹੀ ਹੋਏ ਹਨ। ਕਾਰਲ ਮਾਰਕਸ ਉਹਨਾਂ ਵਿੱਚੋਂ ਇੱਕ ਗਿਣਨਯੋਗ ਹਸਤੀ ਹੈ। ਏਥੇ ਦੱਸਣਾ ਬਣਦਾ ਹੈ ਕਿ ਸਮਾਜਵਾਦ ਵੀ ਇੱਕ ਖੋਖਲਾ ਪ੍ਰਬੰਧ ਸੀ। ਅਸਲ ਵਿੱਚ ਇਹ ਇੱਕ ਵਿਸ਼ਵੀ ਸਰਕਾਰ ਸਥਾਪਤੀ ਦਾ ਪੜਾ ਸੀ। ਮਾਰਕਸ ਦੀ ਸਮੁੱਚੀ ਦਾਰਸ਼ਨਿਕਤਾ ਵਿੱਚ ਕਿਧਰੇ ਵੀ ਦਰਜ ਨਹੀਂ ਹੈ ਕਿ ਰਾਸ਼ਟਰੀ ਬੈਂਕਰਾਂ ਦਾ ਕੀ ਹਸ਼ਰ ਹੋਵੇਗਾ। ਸੋਵੀਅਤ ਰੂਸ ਵਿੱਚ ਅੰਤਰਾਸ਼ਟਰੀ ਬੈਂਕਰਾਂ ਦੇ ਸਰਮਾਏ ਨੂੰ ਜ਼ਬਤ ਨਹੀਂ ਕੀਤਾ ਗਿਆ ਸੀ। ਬੈਂਕ ਆਫ ਚਾਇਨਾ ਨੂੰ 2006 ਈ ਤੋਂ ਵਿਸ਼ਵੀ ਬੈਂਕਾਂ ਦੀ ਇੱਕ ਬ੍ਰਾਂਚ ਬਣਾ ਧਰਿਆ ਜੋ ਅੱਜ ਛੋਟੇ ਮੋਟੇ ਦੇਸ਼ਾਂ ਨੂੰ ਕਰਜ ਦੇ ਕੇ ਲੁਟ ਖਸੁਟ ਕਰ ਰਿਹਾ ਹੈ।

ਇਸ ਮਸਲੇ ਨੂੰ ਖੂਬ ਡੂੰਘਾਈ ਨਾਲ ਸੋਚਣ ਵਿਚਾਰਨ ਤੇ ਅਧਿਐਨ ਕਰਨ ਦੀ ਲੋੜ ਹੈ।

ਉਹਨਾਂ ਦਾ ਇੱਕ ਵਿਸ਼ਵ ਵਿਆਪੀ ਸਰਕਾਰ ਦਾ ਮੰਤਵ ਇਹੀ ਹੈ ਕਿ ਰੋਥਸਚਾਈਲਡ ਦੀ ਅਗਵਾਈ ਵਾਲੇ ਵਿਸ਼ਵੀ ਬੈਂਕਰਾਂ ਦੀ ਨਿਰੰਕੁਸ਼ਤਾ ਦਾ ਅਸਲ ਪਰ ਲੁਕਵਾਂ ਮਕਸਦ ਵੀ ਇਹੀ ਹੈ। ਪਹਿਲੇ ਵਿਸ਼ਵ ਯੁਧ ਮਗਰੋਂ ਬੈਂਕ ਫਾਰ ਇੰਟਰਨੈਸ਼ਨਲ ਸੈਟਲਮੈਂਟਸ ਦੀ ਸਥਾਪਨਾ ਹੋਈ। ਵਿਸ਼ਵ ਯੁਧ ਦੂਜੇ ਮਗਰੋਂ ਵਰਲਡ ਬੈਂਕ ਦੀ ਸਥਾਪਨਾ ਹੋਈ। ਇੰਟਰਨੈਸ਼ਨਲ ਮਾਨੇਟਰੀ ਫੰਡ ਵੀ ਇਸਦਾ ਹੀ ਹਿੱਸਾ ਹੈ। ਨਾਲ ਰਲਾ ਲਿਆ ਹੈ ਸ਼ੇਅਰ ਮਾਰਕੀਟ ਦੇ ਸੱਟੇ ਨੂੰ ਅਰਥਚਾਰੇ ਦੇ ਇਹ ਤਿੰਨੋਂ ਜੁਜ਼ ਨਿੱਜੀ ਸੰਪਤੀ ਦੇ ਘੇਰੇ ਵਿੱਚ ਆਉਂਦੇ ਹਨ।

ਪ੍ਰੋਟੋਕੋਲ ਨੰ-੯

ਤੱਤਸਾਰ:- ਲੋਕਾਂ ਨੂੰ ਆਪਣੇ ਹਿੱਤ ਅਨੁਸਾਰ ਮੁੜ ਰੀਐਜੂਕੇਟ ਕਰਾਂਗੇ। ਮੁਕਤੀ ਬਾਬਰੀ ਭਾਈਚਾਰਾ ਜੋ ਫਰੀ ਮੇਸਨਰੀਆਂ ਦਾ ਮੁਢਲਾ ਨਾਅਰਾ ਹੈ, ਦਾ ਪੂਰਾ ਪੂਰਾ ਭੁਲਾਂਦਰਾ ਪਾ ਕੇ ਦੁਰ ਉਪਯੋਗ ਕਰਾਂਗੇ।'ਅੱਤਵਾਦ ਨੂੰ ਪੂਰੀ ਸ਼ਿੱਦਤ ਨਾਲ ਫੈਲਾਵਾਂਗੇ। ਤਾਲੀਮ ਅਤੇ ਸਿਖਲਾਈ ਤੇ ਕਾਬਜ਼ ਹੋਣਾ ਹੈ ਤਾਂ ਕਿ ਲੋਕ ਮਨਾਂ ਦੀ ਸਾਡੇ ਅਨੁਸਾਰ ਢਲਾਈ ਹੋ ਸਕੇ। ਮੁਕਤੀ ਬਾਬਰੀ ਭਾਈਚਾਰੇ ਦੇ ਭੁਲਾਂਦਰੇ ਵਾਲੇ ਨਾਅਰਿਆਂ ਨਾਲ ਦੁਖ ਝਲਦੇ ਲੋਕਾਂ ਨੂੰ 'ਲਾਲੀ ਪਾਪ ਥਮਾਈ ਰੱਖਾਂਗੇ।

Protocol : 09

ਅਨੁਵਾਦ :- ਅਸੀਂ ਜਿਸ ਵੀ ਦੇਸ਼ ਵਿਚ ਰਹਾਂਗੇ ਜਾਂ ਰਾਜ-ਕਾਜ ਕਰਾਂਗੇ , ਪਹਿਲਾਂ ਲੋਕਲ ਲੋਕਾਂ ਦੇ ਚਲਨ ਅਤੇ ਵਿਚਾਰਾਂ ਦਾ ਡੂੰਘਾਂ ਅਧਿਅੱਨ ਕਰਾਂਗੇ । ਹੌਲੀ-ਹੌਲੀ ਆਪਣੇ ਅਨੁਸਾਰ ਉਨ੍ਹਾਂ ਨੂੰ ਰੀ-ਐਜੁਕੇਟ ਕਰਾਂਗੇ। ਸਾਵਧਾਨੀ ਵਰਤਾਂ ਗੇ ਤਾਂ ਇਕ ਦਹਾਕੇ ਦੇ ਅੰਦਰ-ਅੰਦਰ ਹੀ ਸਖਤ-ਚਿੱਤ ਲੋਕਾਂ ਨੂੰ ਵੀ ਉਨ੍ਹਾਂ ਲੋਕਾਂ ਅੰਦਰ ਸ਼ਾਮਲ ਕਰ ਲਵਾਂਗੇ ਜੋ ਪਹਿਲਾਂ ਹੀ ਸਾਡੀ ਸ਼ਰਨ ਅਧੀਨ ਹੋ ਚੁੱਕੇ ਹੋਏ ਹੋਣਗੇ।

Scanned with OKEN Scanner
Scanned with OKEN Scanner

ਦੁਨੀਆਂ ਦਾ ਸਭ ਨਾਲੋਂ ਵੱਧ ਅਚੰਭਿਤ ਅਤੇ ਆਕਰਸ਼ਕ ਨਾਅਰਾ ; ਮੁਕਤੀ-ਬਰਾਬਰੀ-ਭਾਈਚਾਰਾ-ਸਾਡੇ ਹੀ ਫਰਾਂਸੀਸੀ ਏਜੰਟਾਂ, ਫਰੀ-ਮੇਸਨਜ਼ Free Masons (ਆਜ਼ਾਦ ਉਸਰੱਈਏ) ਨੇ ਪਹਿਲੀ ਵਾਰੀ ਉਭਾਰ ਕੇ ਚਕਿਤ ਕਰ ਦਿਤਾ ਸੀ । ਸਾਡੇ ਰਾਜ ਵਿਚ ਇਹ ਨਾਅਰਾ ਫੋਕਾ ਆਦ੍ਰਸ਼ ਬਣ ਕੇ ਰਹਿ ਜਾਏਗਾ । ਇਹ ਕਿ ਮੁਕਤੀ ਹੱਕਾਂ 'ਚ ਹੈ ਤਾਂ ਬਰਾਬਰੀ ਫਰਜਾਂ 'ਚ ਅਤੇ ਭਾਈਚਾਰਾ ਆਦ੍ਰਸ਼ਾਂ 'ਚ । ਇਉਂ ਅਸੀਂ ਫੁੰਕਾਰੇ ਮਾਰਦੇ ਸਾਨ੍ਹ ਨੂੰ ਸਿੰਗਾਂ ਤੋਂ ਪਕੜ ਲਵਾਂਗੇ । ਅੱਜ ਕੱਲ੍ਹ ਜੋ ਕੋਈ ਵੀ ਅਵਾਜ਼ ਸਾਡੇ ਵਿਰੁਧ ਉਠਦੀ, ਹੈ ਉਹ ਸਾਡੀ ਅਨੁਮਤੀ ਅਤੇ ਦਿਸ਼ਾ-ਨਿਰਦੇਸ਼ਾਂ ਤਹਿਤ ਹੀ ਉੱਠਦੀ ਹੈ । ਇਹ ਵਿਸ਼ਾ ਪਹਿਲਾਂ ਹੀ ਬਹੁਤ ਵਿਚਾਰਿਆ ਜਾ ਚੁਕਿਆ ਹੈ, ਇਸ ਉਪਰ ਹੋਰ ਬਹਿਸ ਦੀ ਲੋੜ ਨਹੀਂ ।

ਵਿਆਖਿਆ :- ਇਹ ਪ੍ਰੋਟੋਕੋਲ ਆਪਣੇ ਆਪ ਵਿੱਚ ਖ਼ੂਬ ਵਿਆਖਿਆਤਮਕ ਹੈ। ਗੌਰ ਨਾਲ ਪੜ੍ਹਿਆਂ ਆਸਾਨੀ ਨਾਲ ਸਮਝ ਆ ਜਾਂਦਾ ਹੈ ਕਿ ਕਿਵੇਂ ਵਿਅਕਤੀ ਅਤੇ ਵਿਅਕਤੀ ਸਮੂਹਾਂ ਅੰਦਰ ਵਸਦੀਆਂ ਭਾਵਨਾਵਾਂ ਦੇ ਟਕਰਾਅ ਨੂੰ ਉਹ ਵਰਤਣਗੇ। ਸਗੋਂ ਹੋਰ ਖ਼ੂੰਖਾਰ ਰੂਪ ਦੇਣਗੇ। ਅੰਤ ਪਰੇਸ਼ਾਨ ਲੋਕ ਰਜ਼ਾਮੰਦੀ ਨਾਲ ਉਹਨਾਂ ਦੀ ਵਿਸ਼ਵ ਸਰਕਾਰ ਨੂੰ ਸਵੀਕਾਰ ਕਰਨ ਲਈ ਤਿਆਰ ਹੋ ਜਾਣਗੇ। ਇਸ ਮੰਜ਼ਿਲ ਤੇ ਪੁੱਜਣ ਤੋਂ ਪਹਿਲਾਂ ਪਹਿਲਾਂ ਉਹ ਲੋਕਲ ਲੋਕਾਂ ਦੇ ਚਲਨ, ਵਿਚਾਰਨ, ਅਤੇ ਪਰਵਿਰਤੀਆਂ ਦਾ ਡੂੰਘਾ ਅਧਿਐਨ ਕਰਨਗੇ, ਅਧਿਐਨ ਅਨੁਸਾਰ ਉਹਨਾਂ ਨੂੰ ਮੁੜ ਤੋਂ ਤਾਲੀਮ ਯਾਫਤਾ ਕਰਨਗੇ। ਉਹੀ ਚੰਗੀ ਤਰ੍ਹਾਂ ਸਮਝਦੇ ਹਨ ਕਿ ਮੁਢਲੀ ਤਾਲੀਮ ਹੀ ਕਿਸੇ ਕੌਮ ਨੂੰ ਆਪਣੀ ਇੱਛਿਆ ਅਨੁਸਾਰ ਢਾਲਣ ਲਈ ਬਹੁਤ ਸਹਿਯੋਗੀ ਰੋਲ ਅਦਾ ਕਰਦੀ ਹੈ। ਜੋ ਕਾਰਜ ਵੱਡੀਆਂ ਵੱਡੀਆਂ ਫੋਜਾਂ ਨਹੀਂ ਕਰ ਸਕਦੀਆਂ ਉਹ ਆਪਣੀ ਇੱਛਿਤ ਮੁਢਲੀ ਤਾਲੀਮ ਰਾਹੀਂ ਕੀਤੇ ਜਾ ਸਕਦੇ ਹਨ। ਦਸਾਂ ਸਾਲਾਂ ਦੇ ਅੰਦਰ ਅੰਦਰ ਕਰਾਮਾਤਾਂ ਕੀਤੀਆਂ ਜਾ ਸਕਦੀਆਂ ਹਨ।

ਅਨੁਵਾਦ:- ਸਾਡੀ ਸੁਪਰ-ਸਰਕਾਰ ਅਰਥਾਤ ਤਾਨਾਸ਼ਾਹੀ ਕਾਨੂੰਨਾਂ ਦੀ ਸੀਮਾਂ ਵਿਚ ਵੀ ਅਤੇ ਬਾਹਰ ਵੀ ਆਪਣਾ ਕਾਰਜ ਕਰਦੀ ਰਹਿੰਦੀ ਹੈ। ਮੋਹਰਾ ਤਾਂ ਨੇਤਾ ਹੀ ਹੁੰਦਾਂ ਹੈ ਪਰ ਪਰਦੇ ਪਿਛੋਂ ਅਸੀਂ ਦੇਖਣਾ ਹੈ ਕਿ ਕਿਸ ਨੂੰ ਬਖਸ਼ਣਾ ਹੈ ਅਤੇ ਕਿਸ ਨੂੰ ਮੌਤ ਦੇ ਘਾਟ ਉਤਾਰਨਾ ਹੈ । ਅਸੀਂ ਇਰਾਦੇ ਦੀ ਸ਼ਕਤੀ ਨਾਲ ਰਾਜ ਕਰਦੇ ਹਾਂ। ਸਾਬਕਾ ਸ਼ਕਤੀ-ਸ਼ਾਲੀ ਪਾਰਟੀਆਂ ਦੀਆਂ ਤਣਾਵਾਂ ਸਾਡੇ ਹੀ ਹੱਥਾਂ ਵਿਚ ਹਨ। ਅਨੰਤ ਅਕਾਂਕਸ਼ਾਵਾਂ, ਭੁੱਜਦਾ ਲਾਲਚ, ਬੇਤਰਸ ਬਦਲਾ, ਨਫਰਤ ਅਤੇ ਈਰਖਾ ਆਦਿ ਸਾਡੇ ਹਥਿਆਰ ਹਨ। ਹਰ ਪ੍ਰਕਾਰ ਦਾ ਵਿਨਾਸ਼ਕਾਰੀ ਸਹਿਮਵਾਦ (ਅੱਤਿਵਾਦ) ਅਸੀਂ ਫੈਲਾਂਉਂਦੇ ਹਾਂ। ਹਰ ਪਰਕਾਰ ਦੇ ਵਿਚਾਰਵਾਨ ਅਤੇ ਸਿਧਾਂਤਕਾਰ ਜਿਵੇਂ ਕਿ ਰਾਜ-ਤੰਤਰੀ, ਸ਼ਬਦ-ਅਡੰਬਰੀ, ਸਮਾਜਵਾਦੀ, ਸਾਮਵਾਦੀ (Socialists and Communists), ਸੁਪਨਸਾਜ ਆਦਿ ਸਭ ਦੇ ਸਭ ਸਾਡੇ ਹੀ ਗੋਲੇ ਹਨ। ਉਹ ਹਰ ਪ੍ਰਕਾਰ ਦੀ ਸਥਾਪਤੀ ਨੂੰ ਪਲਟਣਾ ਚਾਹੁੰਦੇ ਹਨ। ਸਾਰੇ ਰਾਜ ਦੁਖ ਸਹਿ ਰਹੇ ਹਨ। ਉਹ ਅਮਨ-ਚੈਨ ਦੀ ਖਾਤਰ ਸੱਭੋ ਕੁਝ ਵਾਰ ਦੇਣ ਲਈ ਤ੍ਰਿਆਰ ਹਨ ਪਰ ਅਸੀਂ ਉਦੋਂ ਤਕ ਸ਼ਾਂਤੀ ਨਾਲ ਨਹੀਂ ਜੀਣ ਦਿਆਂਗੇ ਜਦੋਂ ਤਾਈਂ ਉਹ ਸਾਡੀ ਵਿਸ਼ਵੀ-ਸੁਪਰ-ਸਰਕਾਰ ਦੀ

Scanned with OKEN Scanner
Scanned with OKEN Scanner

ਈਨ ਮੰਨ ਨਹੀਂ ਲੈਂਦੇ ।

ਲੋਕ ਚੀਕ-ਚੀਕ ਕੇ ਕਹਿ ਰਹੇ ਹਨ ਕਿ ਸਮਾਜਵਾਦ ਦੇ ਮਸਲੇ ਨੂੰ ਅੰਤਰਰਾਸ਼ਟਰੀ ਪੱਧਰ ਤੇ ਨਜਿੱਠਣ (Settle) ਦੀ ਲੋੜ ਹੈ। ਪਾਰਟੀਆਂ 'ਚ ਆਪਸੀ ਫੁਟ ਹੈ, ਸੰਘਰਸ਼ ਨੂੰ ਅੱਗੇ ਤੋਰਨ ਲਈ ਧੰਨ ਦੀ ਲੋੜ ਹੈ ਅਤੇ ਸਾਰਾ ਧੰਨ ਸਾਡੇ ਹੱਥਾਂ ਵਿਚ ਕੇਂਦਰਤ ਹੈ, ਇਉਂ ਸਾਰੀਆਂ ਪਾਰਟੀਆਂ ਵੀ ਸਾਡੇ ਹੱਥਾਂ ਦੇ ਖਿਡਾਉਣੇ ਹਨ ।

ਹੋ ਸਕਦਾ ਹੈ ਕਿ ਦੂਰ-ਦਰਸ਼ੀ ਗੋਇਮ ਰਾਜਿਆਂ ਅਤੇ ਅੰਨੀ ਤਾਕਤ ਵਾਲੇ ਲੋਕਾਂ (Mob) ਵਿਚਕਾਰ ਸਮਝੌਤਾ ਹੋ ਜਾਏ ਪਰ ਅਸੀਂ ਹਰ ਇਕ ਹਰਵਾ ਵਰਤ ਲਿਆ ਹੈ ਕਿ ਏਦਾਂ ਨਾ ਹੋਏ। ਅਸੀਂ ਉਨ੍ਹਾਂ ਵਿਚਕਾਰ ਆਪਸੀ ਸਹਿਮਵਾਦ-ਅੱਤਿਵਾਦ (Terror) ਰੂਪੀ ਫੁਟ ਦੀਆਂ ਕੰਧਾਂ ਮਜ਼ਬੂਤ ਕਰ ਦਿੱਤੀਆ ਹੋਈਆਂ ਹਨ। ਲੋਕ ਸਾਡੇ ਨਾਲ ਰਹਿਣਗੇ। ਅਸੀਂ ਉਨ੍ਹਾਂ ਨੂੰ ਨੇਤਾ ਮੁਹੱਈਆ ਕਰਾਂਗੇ ਜੋ ਦੁਨੀਆਂ ਨੂੰ ਸਾਡੇ ਆਦਰਸ਼ ਵਲ ਲੈ ਜਾਵੇਗਾ ।

ਵਿਆਖਿਆ:- ਉਹਨਾਂ ਦਾ ਸਾਫ ਸਾਫ ਆਖਣਾ ਹੈ ਕਿ ਉਹ ਪ੍ਰਤੱਖ ਸਾਹਮਣੇ ਆ ਕੇ ਨਹੀਂ ਸਗੋਂ ਗੁਪਤ ਰਹਿ ਕੇ ਪਰਦਿਆਂ ਦੇ ਪਿੱਛੇ ਕਾਰਜ ਕਰਦੇ ਹਨ। ਉਹ ਮਨੁਖੀ ਪਰਵਿਰਤੀਆਂ ਜਿਵੇਂ ਕਿ ਅਕਾਕਸ਼ਾਵਾਂ, ਲਾਲਚ, ਬਦਲਾ, ਨਫਰਤ, ਈਰਖਾ ਆਦਿ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਤੇ ਇਹਨਾਂ ਅਨੁਸਾਰ ਆਪਸ ਵਿੱਚ ਲੜਾਉਂਦੇ ਹਨ। ਉਹਨਾਂ ਨੇ ਹਰ ਪ੍ਰਕਾਰ ਦੇ ਸਿਧਾਂਤਕਾਰਾਂ, ਵਿਦਵਾਨਾਂ, ਬੁਧੀਜੀਵੀਆਂ ਨੂੰ ਆਪਣੇ ਧਨ ਦੇ ਜ਼ੋਰ ਨਾਲ ਆਪਣੀ ਆਗਿਆ ਅਧੀਨ ਕਰ ਲਿਆ ਹੋਇਆ ਹੈ। ਜਿਹਨਾਂ ਤੇ ਜਿਹੋ ਜਿਹਾ ਮੰਤਰ ਕਾਰਗਰ ਹੋਵੇ ਉਹੋ ਜਿਹਾ ਚਲਾ ਲੈਂਦੇ ਹਨ। ਲੋਕ ਜੋ ਮਰਜ਼ੀ ਆਖਦੇ ਰਹਿਣ ਉਹ ਨੇਤਾਵਾਂ ਨੂੰ ਆਪਣੇ ਧਨ ਦੇ ਜ਼ੋਰ ਨਾਲ ਖਰੀਦ ਲੈਂਦੇ ਹਨ। ਲੋਕਾਂ ਲਈ ਕੋਈ ਹੋਰ ਚਾਰਾ ਨਹੀਂ ਰਹਿ ਜਾਂਦਾ। ਅਤਿਵਾਦ ਦਾ ਡਰ ਪੈਦਾ ਕਰਕੇ ਉਹ ਨੇਤਾਵਾਂ ਅਤੇ ਲੋਕਾਂ ਨੂੰ ਆਪਣੀ ਤਹਿਸ਼ੁਧਾ ਦਿਸ਼ਾ ਵੱਲ ਲੈ ਜਾਂਦੇ ਹਨ। ਪੁਰਾਣੇ ਜਾਂ ਪ੍ਰਚਲਿਤ ਨੇਤਾ ਇੱਛਿਤ ਕੰਮਾਂ ਦੇ ਨਾਂ ਰਹਿਣ ਤਾਂ ਉਹ ਏਨੇ ਸਾਧਨ ਸੰਪੰਨ ਹਨ ਕਿ ਨਵੇਂ ਨੇਤਾ, ਨਵੀਆਂ ਪਾਰਟੀਆਂ ਸਾਜ਼ ਲੈਂਦੇ ਹਨ।

ਅਨੁਵਾਦ :- ਅੰਨ੍ਹੀ ਲੋਕ ਸ਼ਕਤੀ ਦੇ ਹੱਥ ਨੂੰ ਸਾਡਾ ਅਗਵਾਈਕਾਰ ਹੱਥ ਘੁਟ ਕੇ ਪਕੜ ਰੱਖੇਗਾ। ਅਸੀਂ ਹੀ ਉਨ੍ਹਾਂ ਨਾਲ ਨੇੜਲੀ ਸਾਂਝ ਬਣਾਈ ਰੱਖਣੀ ਹੈ। ਪਹਿਲਾਂ ਪਹਿਲਾਂ ਆਪਣੇ ਹੋਰ ਵਿਸ਼ਵਾਸ ਪਾਤਰਾਂ ਰਾਹੀ; ਜਦੋਂ ਉਹ ਸਾਡੀ ਤਾਕਤ ਤਹਿਤ ਆ ਜਾਣਗੇ ਫੇਰ ਸਿਧਾ ਰਾਬਤਾ ਜੋੜਾਂਗੇ ਅਤੇ ਗਲੀਆਂ-ਬਾਜ਼ਾਰਾਂ ਅਤੇ ਸਟੇਜਾਂ ਰਾਹੀ ਸਿੱਧੀਆਂ ਪੁਲੀਟੀਕਲ ਮੱਤਾਂ ਦਿਆਂਗੇ।

ਕੌਣ ਪੜਤਾਲ ਕਰਦਾ ਹੈ ਕਿ ਪੇਂਡੂ ਸਕੂਲਾਂ ਵਿਚ ਕੀ ਪੜ੍ਹਾਇਆਂ ਜਾਂਦਾ ਹੈ? ਪਰ ਸਿਖਿਆ ਦੀ ਪਰਣਾਲੀ ਇਹੋ ਜਿਹੀ ਹੋਣੀ ਚਾਹੀਦੀ ਹੈ ਕਿ ਬਾਦਸ਼ਾਹ ਖੁਦ ਜਾਂ ਉਸ ਦਾ ਪ੍ਰਤੀਨਿਧ ਜੋ ਵੀ ਆਖੇ, ਦਾ ਸੰਚਾਰ ਝੱਟ-ਪੱਟ ਪੇਂਡੂ ਲੋਕਾਂ ਤਕ ਪੁਜਣਾ ਚਾਹੀਦਾ ਹੈ, ਲੋਕ-ਆਵਾਜ਼ ਰਾਹੀ ਦੁਨੀਆਂ ਭਰ ਵਿਚ ਪੁੱਜਣਾ ਚਾਹੀਦਾ ਹੈ ।

Scanned with OKEN Scanner

ਅਸੀਂ ਛੇਤੀ ਦੇਣੀਂ ਗੋਇਮ ਸਿਖਿਆਂ ਪਰਣਾਲੀ ਨੂੰ ਤਬਾਹ ਨਹੀਂ ਕਰਾਂਗੇ ।ਬੜੀ ਹੁਸ਼ਿਆਰੀ ਅਤੇ ਹੁਨਰ ਰਾਹੀਂ ਇਸ ਤਣੀ ਦੇ ਸਿਰਿਆਂ ਨੂੰ ਆਪਣੇ ਹੱਥਾਂ ਵਿੱਚ ਰੱਖਾਂਗੇ।

ਉਂਜ ਤਾਂ ਸਮਾਜਕ ਤਾਣੇ-ਬਾਣੇ ਦੀ ਹਰ ਤਣੀ ਸਾਡੇ ਹੱਥਾਂ ਵਿਚ ਹੋਏਗੀ ਪਰ ਕਾਨੂੰਨ ਦੇ ਅਮਲ 'ਚ ਆਉਣ 'ਚ, ਚੋਣਾਂ ਦਾ ਪ੍ਰਬੰਧਨ ਕਰਨ 'ਚ, ਪ੍ਰੈਸ 'ਚ ਨਿਜੀ ਆਜ਼ਾਦੀ ਦੇ ਮਸਲੇ 'ਚ, ਅਤੇ ਵਿਸ਼ੇਸ਼ ਤੌਰ ਤੇ ਸਿੱਖਿਆ ਅਤੇ ਸਿਖਲਾਈ ਜੋ ਸਮਾਜਕ ਜੀਵਨ ਦੇ ਥੰਮ ਹਨ, ਦਾ ਪ੍ਰਬੰਧਨ ਕਰਨ 'ਚ, ਪਕੜ ਵਧੇਰੇ ਮਜ਼ਬੂਤ ਰੱਖਾਂਗੇ ।

ਅਸੀਂ ਗੋਇਮ-ਯੂਥ ਨੂੰ, ਉਹ ਸਿਧਾਂਤ ਤੇ ਨਿਯਮ ਵਾਰ ਵਾਰ ਪੜ੍ਹਾ ਕੇ, ਜੋ ਸਾਨੂੰ ਪਤਾ ਹੈ ਕਿ ਮੁਢੋਂ ਸੁਢੋਂ ਗਲਤ ਹਨ, ਮੂਰਖ, ਖੁਸ਼-ਫਹਿਮ ਅਤੇ ਭ੍ਰਿਸ਼ਟ ਬਣਾ ਦਿੱਤਾ ਹੈ ।

ਗੋਇਮ ਵਲੋਂ ਸਥਾਪਤ ਕਾਨੂੰਨਾਂ ਵਿਚ ਵੀ ਵਿਆਖਿਆ ਦਾ ਐਸਾ ਸਵੈ-ਵਿਰੋਧ ਅਤੇ ਘੁੰਡੀ ਪੈਦਾ ਕਰਾਂਗੇ ਕਿ ਨਤੀਜੇ ਸਾਡੀ ਇੱਛਿਆ ਅਨੁਸਾਰ ਨਿਕਲਣ। ਉਨ੍ਹਾਂ ਦੀ ਕਾਨੂੰਨ ਪ੍ਰਣਾਲੀ ਨੂੰ ਹੀ ਏਨੀ ਜਟਿਲ ਬਣਾ ਦਿਆਂਗੇ ਕਿ ਸਰਕਾਰਾਂ ਖੁਦ ਹੱਥਲ ਅਨੁਭਵ ਕਰਨ। ਸਾਲਸੀ-ਸਿਧਾਂਤ ਦਾ ਇਹੀ ਮੁਢ ਹੈ , ਸੋਮਾ ਹੈ ।

ਤੁਸੀਂ ਕਿਆਸ ਕਰ ਸਕਦੇ ਹੋ ਕਿ ਸਮਾਂ-ਪੱਕਣ ਤੋਂ ਪਹਿਲਾਂ ਪਹਿਲਾਂ ਹੀ ਜੇਕਰ ਗੋਇਮ ਨੂੰ ਸਾਡੇ ਛੜ-ਯੰਤਰਾਂ ਦਾ ਪਤਾ ਲੱਗ ਗਿਆ ਤਾਂ ਉਹ ਸਾਡੇ ਵਿਰੁੱਧ ਹਥਿਆਰ ਚੁੱਕ ਲੈਣਗੇ। ਪ੍ਰੰਤੂ ਤੱਥ ਸਮਝ ਲਉ ਕਿ ਇਹੋ ਜਿੱਹੀ ਸਥਿਤੀ ਦੇ ਵਿਰੁੱਧ ਅਸੀਂ ਐਸੀ ਘਿਨਾਉਣੀ ਤੇ ਸਹਿਮ-ਭਰਪੂਰ ਪੈਂਤੜੇ-ਬਾਜ਼ੀ ਤਿਆਰ ਕਰ ਲਈ ਹੈ ਕਿ ਏਦਾਂ ਵਾਪਰਨ ਨਾਲ ਪੱਥਰ-ਦਿਲ ਹਿਰਦੇ ਵੀ ਕੰਬ ਜਾਣ। ਇਹ ਕਿ ਜ਼ਮੀਨਦੋਜ਼ (ਗੁਪਤ) ਕਾਰਵਾਈਆਂ, ਮਹਾਂ-ਨਗਰੀਆਂ ਤੇ ਉਨ੍ਹਾਂ ਵਿਚਕਾਰ ਭੂਮੀ ਗਤ ਸਾਂਝਾਂ, ਪਹਿਲਾਂ ਰਾਜਧਾਨੀਆਂ ਦੇ ਅਧੀਨ ਕੀਤੀਆਂ ਜਾਣਗੀਆਂ ਪਰ ਸਮਾਂ ਪੱਕਣ ਤੇ ਉਨ੍ਹਾਂ ਦੇ ਰਾਹੀਂ ਹੀ ਰਾਜਧਾਨੀਆਂ ਨੂੰ ਸਾੜ ਬਾਲ ਕੇ, ਸਮੇਤ ਉਨ੍ਹਾਂ ਦੇ ਸਾਰੇ ਅਦਾਰਿਆਂ ਅਤੇ ਪੁਰਾ-ਤੱਤਵਾਂ ਦੇ, ਬੀਜ ਤੱਕ ਦਾ ਨਾਸ਼ ਕਰ ਦਿਆਂਗੇ ।

ਵਿਆਖਿਆ :- ਉਕਤ ਪਹਿਰੇ ਪੜ੍ਹ ਸਮਝ ਕੇ ਉਹਨਾਂ ਦੀਆਂ ਭਿਆਨਕ ਯੋਜਨਾਵਾਂ ਦੇ ਭਿਆਨਕ ਰੂਪਾਂ ਦਾ ਅਹਿਸਾਸ ਹੁੰਦਾ ਹੈ। ਜੋ ਸੱਭੋ ਕੁਝ ਗੁਪਤ ਰੂਪ ਵਿੱਚ ਚੱਲੀ ਜਾ ਰਿਹਾ ਹੈ।

ਪੁਰਾਤਤਵ ਕਿਸੇ ਵੀ ਕੌਮ ਦਾ ਕਿਸੇ ਵੀ ਇਤਿਹਾਸ ਦਾ ਅਥਾਹ ਸਰਮਾਇਆ ਹੁੰਦੇ ਹਨ। ਕੌਮਾਂ ਦਾ ਖੁਰਾਖੋਜ ਮਿਟਾਉਣਾ ਹੋਵੇ ਤਾਂ ਉਨ੍ਹਾਂ ਕੌਮਾਂ ਦੇ ਪੁਰਾਤਤਵ ਤਬਾਹ ਕਰ ਦਿਉ। ਕੌਮਾਂ ਬਿਨਾਂ ਕਿਸੇ ਹੋਰ ਤਰੱਦਦ ਦੇ ਆਪਣੇ ਆਪ ਖਤਮ ਹੋ ਜਾਣਗੀਆਂ।

ਅਜਬ ਗਜਬ ਮਸਲਾ ਇਹ ਵੀ ਹੈ ਕਿ ਜਿਨਾਂ ਕੋਲ ਅਥਾਹ ਧਨ ਵੀ ਹੋਵੇ, ਏਹੋ ਜਿਹੇ ਦਸਤਾਵੇਜ ਦਾ ਰੋਡਮੈਪ ਵੀ ਹੋਵੇ, ਮਜ਼ਬੂਤ ਇਰਾਦਿਆਂ ਦਾ ਸ਼ਹੂਰ ਵੀ ਹੋਵੇ। ਉਹ ਕੀ ਕੁਝ ਨਹੀਨ ਕਰ ਗੁਜ਼ਰ ਸਕਦੇ।

ਏਥੇ ਇਹ ਕਹਿਣ ਚ ਦਰੇਗ ਨਹੀਂ ਕਰਨਾ ਚਾਹੀਦਾ ਕਿ ਇਸ ਸਭ ਕੁਝ ਦੀ ਵਰਤੋਂ

Scanned with OKEN Scanner

ਉਹ ਕਿਸੇ ਲੋਕ ਭਲਾਈ ਦੀ ਇੱਛਿਆ ਨਾਲ ਕਰਨ ਦਾ ਇਰਾਦਾ ਨਹੀਂ ਰੱਖਦੇ। ਸਗੋਂ ਆਪਣੇ ਆਪ ਨੂੰ ਸਰਵਸ਼੍ਰੇਸ਼ਠ ਸਮਝ ਕੇ ਸਾਰੀ ਦੁਨੀਆਂ ਦੇ ਧਨ ਤੇ ਰਾਜ ਤੇ ਕਬਜ਼ਾ ਕਰਨ ਦਾ ਇਰਾਦਾ ਰੱਖਦੇ ਹਨ। ਏਸੇ ਕਾਰਜ ਲਈ ਉਹਨਾਂ ਨੇ ਅਨੇਕਾਂ ਅਨੇਕ ਲੁਕਵੀਆਂ ਸੰਸਥਾਵਾਂ ਵੀ ਬਣਾ ਲਈਆਂ ਹੋਈਆਂ ਹਨ।

ਪ੍ਰੋਟੋਕੋਲ 10 ਬਾਰੇ ਵਿਕਟਰ ਮਾਰਸਡਨ ਦੀ ਟਿੱਪਣੀ

ਜ਼ਾਇਅਨਵਾਦੀ ਅੰਦਰੋਂ ਕੁਝ ਹੋਰ ਤੇ ਬਾਹਰੋਂ ਦਿਖਾਵਾ ਕੁਝ ਹੋਰ ਦਾ ਕਰਨਗੇ। ਲੋਕਾਂ ਨੂੰ ਵੋਟ ਦਾ ਹੱਕ ਹੋਏਗਾ। ਪਰ ਆਪਣੇ ਵਾਲੇ ਪ੍ਰਬੰਧਾਂ ਨੂੰ ਅਮਲ ਵਿੱਚ ਲਿਆਂਉਣ ਦਾ ਨਹੀਂ। ਸੰਵਿਧਾਂਨਾ ਅਨੁਸਾਰ ਅਦਾਰੇ ਤਾਂ ਪੈਦਾ ਕੀਤੇ ਜਾਣਗੇ। ਪਰ ਸਾਰੇ ਨਿਰਾਰਥਕ ਹੋਣਗੇ। ਸੰਵਿਧਾਨਾਂ ਨੂੰ ਖੇਡ ਮੈਦਾਨਾਂ ਦਾ ਰੂਪ ਦੇ ਦਿਆਂਗੇ। ਲੋਕ ਰਾਜ ਹੋਣਗੇ। ਪਰ ਪ੍ਰਧਾਨ ਤੇ ਪ੍ਰਧਾਨ ਮੰਤਰੀ ਜ਼ਾਇਅਨਵਾਦੀਆਂ ਦਾ ਯਰਗਮਾਲ ਹੋਣਗੇ। ਲੋਕਰਾਜ ਅਰਥਾਤ ਡੈਮੋਕਰੇਸੀਆਂ ਜ਼ਾਇਅਨਵਾਦੀ ਤਾਕਤਾਂ ਦੀ ਤਾਨਾਸ਼ਾਹੀ ਦੇ ਇਕ ਪੜਾ ਮਾਤਰ ਹੋਣਗੀਆਂ। ਛੜਯੰਤਰਾਂ ਨੂੰ ਅਮਲ ਵਿੱਚ ਲਿਆ ਕੇ, ਲੋਕਾਂ ਨੂੰ ਪ੍ਰਬੰਧਾਂ ਤੋਂ ਬਦਜ਼ਨ ਕਰਵਾ ਕੇ ਛੇਤੀ ਆਪਣੀ ਤਾਨਾਸ਼ਾਹੀ ਅਮਲ ਵਿੱਚ ਲਿਆਵਾਂਗੇ। ਸਮਾਜ ਦੇ ਹਰ ਖੇਤਰ ਵਿੱਚ ਛੜਯੰਤਰ, ਧੋਖਾ, ਭੁਲੇਖਾ, ਫੈਲਾਵਾਂਗੇ। ਇਹ ਕਾਰਜ ਆਪਣੇ ਏਜੰਟਾਂ ਰਾਹੀਂ ਕਰਵਾਵਾਂਗੇ। ਉਹਨਾਂ ਰਾਹੀਂ ਹੀ ਅੰਤ ਆਪਣਾ ਤਾਨਾਸ਼ਾਹਵਾਦ ਸਮਾਜ ਤੇ ਜ਼ਬਰਦਸਤੀ ਮੜ ਦਿਆਂਗੇ। ਸਰਕਾਰਾਂ ਨੂੰ ਵਿਧਾਨਪਾਲਿਕਾ, ਕਾਰਜਪਾਲਿਕਾ, ਤੇ ਨਿਆਂਪਾਲਿਕਾ, ਵਿੱਚ ਵੰਡਾਂਗੇ। ਪਰ ਸਭ ਦੀਆਂ ਤਣਾਵਾਂ ਨਿਰੋਲ ਆਪਣੇ ਹੱਥ ਰੱਖਾਂਗੇ ਕਿਉਂਕਿ ਆਰਥਿਕਤਾ ਦੀ ਮਨਾਪਲੀ ਸਾਡੇ ਹੱਥ ਹੋਵੇਗੀ।

Protocol : 10

ਅਨੁਵਾਦ :- ਮੁੜ ਦੁਹਰਾਂਉਦਾ ਹਾਂ ਕਿ ਸਰਕਾਰਾਂ ਅਤੇ ਲੋਕ, ਰਾਜਸੀ-ਤੰਤਰ ਦੇ ਬਾਹਰੀ ਦਿਖਾਵੇ ਨਾਲ ਹੀ ਪਰਚੇ ਰਹਿੰਦੇ ਹਨ। ਗੋਇਮ ਲੋਕਾਂ ਦੇ ਪ੍ਰਤੀਨਿਧ ਇਸ ਦੇ ਡੂੰਘੇ ਅਰਥ ਨਹੀਂ ਸਮਝ ਸਕਦੇ ਕਿਉਂਜੋ ਉਹ ਤਾਂ ਐਸ਼-ਪ੍ਰੱਸਤੀ ਵਿੱਚ ਹੀ ਖਚਿਤ ਰਹਿੰਦੇ ਹਨ। ਸਾਡੀ ਆਪਣੀ ਰਾਜਸੀ-ਵਿਵੱਸਥਾ ਦੀ ਵਿਉਂਤਬੰਦੀ ਲਈ ਬਹੁਤ ਹੀ ਜ਼ਰੂਰੀ ਹੈ ਕਿ ਕਾਨੂੰਨੀ ਅਧਿਕਾਰਾਂ ਦੇ ਪ੍ਰਯੋਗ ਦੇ ਸਨਮੁੱਖ ਇਨ੍ਹਾਂ ਵਿਸ਼ਿਆਂ ਦੇ ਵਿਸਥਾਰ ਦਾ ਨਿਰਨਾ ਕਰੀਏ, ਜਿਵੇਂ ਕਿ ਸ਼ਕਤੀ ਦਾ ਵਿਭਾਜਨ, ਬੋਲਣ, ਲਿਖਣ, ਛਾਪਣ, ਛਪਣ, ਛਪਾਉਣ, ਸੰਗਠਨ ਬਣਾਉਣ ਦੀ, ਅਕੀਦੇ (ਧਰਮ) ਆਦਿ ਦੀ ਆਜ਼ਾਦੀ, ਕਾਨੂੰਨ ਦੇ ਸਨਮੁਖ ਹਰ ਇੱਕ ਦੀ ਬਰਾਬਰੀ, ਸੰਪਤੀ ਬਣਾਉਣ ਅਤੇ ਵੇਚਣ ਦਾ ਹੱਕ, ਘਰ ਬਣਾਉਣ ਅਤੇ ਬਦਲਣ ਦਾ ਹੱਕ, ਕਾਨੂੰਨ ਦਾ ਭੈ ਕਿ ਹਰ ਕੋਈ ਇਸ ਤੇ ਚੱਲੇ ਜਾਂ ਨਾ ਆਦਿ। ਮਸਲੇ ਆਮ ਹਨ ਪਰ ਗੰਭੀਰ ਵੀ। ਇਨ੍ਹਾਂ

Scanned with OKEN Scanner

Scanned with OKEN Scanner

ਉਪਰ ਖੁਲ੍ਹਾ ਨਹੀਂ ਸਗੋਂ ਗੁਪਤ ਵਿਚਾਰ ਵਟਾਂਦਰਾਂ ਹੋਣਾ ਚਾਹੀਦਾ ਹੈ ਤਾਂ ਕਿ ਮਨ-ਮਰਜ਼ੀ ਨਾਲ ਕੁਝ ਅਪਨਾ ਸਕੀਏ ਅਤੇ ਕੁਝ ਛੁਟਿਆ ਸਕੀਏ। ਵੱਡੀ ਗੱਲ ਕਿ ਖਾਸ ਨਾਵਾਂ ਦਾ ਪ੍ਰਯੋਗ ਤਾਂ ਬਿਲਕੁਲ ਨਹੀਂ ਕਰਨਾ ਚਾਹੀਦਾ ।

ਭੋਲੇ ਲੋਕ ਹਿੰਸਕ ਸਿਆਸੀ ਪ੍ਰਭੂਆਂ ਦਾ ਵੀ ਆਦਰ-ਮਾਣ ਕਰਦੇ ਹਨ ਤੇ ਕਹਿੰਦੇ ਹਨ "ਤੁਸੀਂ ਬਦਮਾਸ਼ ਤਾਂ ਹੋ ਹੀ ਪਰ ਚਲਾਕ ਵੀ ਹੋ। ਤੁਸੀਂ ਠੱਗੀਆਂ ਮਾਰਦੇ ਹੋ ਪਰ ਕਿਨੀ ਸਿਆਣਪ ਅਤੇ ਸ਼ਾਨਦਾਰ ਤਰੀਕੇ ਨਾਲ !"

ਸਾਡੀ ਮਹੱਤਤਾ ਇਸ ਵਿਚ ਹੈ ਕਿ ਅਸੀਂ ਦੁਨੀਆ ਦੀਆਂ ਸਾਰੀਆਂ ਕੌਮਾਂ ਨੂੰ ਆਪਣੇ ਆਯੋਜਤ ਕੀਤੇ ਹੋਏ ਨਵੇਂ ਮੌਲਿਕ ਢਾਂਚੇ ਦੀ ਉਸਾਰੀ ਵਲ ਲਗਾਈਏ। ਸਾਡੇ (ਆਪਣੇ) ਸਵੈ ਵਿਚ ਏਨਾ ਵਿਸ਼ਵਾਸ ਤੇ ਆਤਮ-ਬਲ ਹੈ ਕਿ ਸਾਡੇ ਕਾਮੇਂ ਸਾਡੀਆਂ ਯੋਜਨਾਵਾਂ ਦੀਆਂ ਸਾਰੀਆਂ ਰੋਕਾਂ ਨੂੰ ਨਸ਼ਟ ਕਰ ਦੇਣ ਗੇ ।

ਅਨੋਖੀ ਬਗਾਬਤ (ਗੋਇਮ ਰਾਜਾਂ ਵਿਰੁੱਧ) ਦੇ ਸਫਲ ਹੋਣ ਮਗਰੋਂ ਅਸੀ ਲੋਕਾਂ ਨੂੰ ਆਖਾਂਗੇ,"ਦੇਖੋ, ਅਸੀਂ ਤੁਹਾਡੇ ਦੁਖਾਂ-ਕਸ਼ਟਾਂ ਦੇ ਮੁਢਲੇ ਕਾਰਨਾਂ ਜਿਵੇਂ ਕਿ ਵੱਖ-ਵੱਖ ਕੌਮਾਂ ਅਤੇ ਕੌਮੀਅਤਾਂ ਦੀ ਹੋਂਦ, ਭਿੰਨ-ਭਿੰਨ ਬਾਰਡਰਾਂ (ਸੀਮਾਵਾਂ) ਦੀ ਹੋਂਦ ਅਤੇ ਭਿੰਨ-ਭਿੰਨ ਨਕਦੀ ਦੀ ਹੋਂਦ ਨੂੰ ਨਸ਼ਟ ਕਰ ਦਿਤਾ ਹੈ। ਸਾਨੂੰ ਸਜ਼ਾ ਦੇਣ ਦੀ ਤੁਹਾਨੂੰ ਖੁਲ੍ਹ ਹੈ ਪਰ ਜੋ ਕੁਝ ਅਸੀਂ ਤੁਹਾਨੂੰ ਪਰੋਸਿਆ ਹੈ, ਨੂੰ ਚੱਖ ਕੇ, ਅਜ਼ਮਾ ਕੇ ਤਾਂ ਦੇਖੋ ।" ਲੋਕ ਖੁਸ਼ੀ ਨਾਲ ਵੱਡੀਆਂ ਉਮੀਦਾਂ ਨਾਲ ਸਾਨੂੰ ਆਪਣੇ ਮੋਢਿਆਂ ਤੇ ਚੁਕ ਲੈਣਗੇ।

ਵੋਟ-ਪਰਣਾਲੀ ਸਾਨੂੰ ਦੁਨੀਆ ਦੇ ਤਖਤ ਤੇ ਬਿਠਾ ਦੇਵੇਗੀ। ਅਸੀਂ ਹਰ ਇਕ ਨੂੰ ਵੋਟ ਦਾ ਹੱਕ ਦਿਆਂਗੇ, ਤਾਂ ਹੀ ਤਾਂ ਬਹੁ-ਸਮਤੀ ਪ੍ਰਾਪਤ ਕਰਾਂਗੇ, ਵਰਨਾ ਪੜ੍ਹਿਆਂ ਲਿਖਿਆਂ ਅਤੇ ਸੰਪਤੀ ਮਾਲਕਾਂ ਦੁਆਰਾ ਬੁਹ-ਸਮਤੀ ਕਦੇ ਵੀ ਪ੍ਰਾਪਤ ਨਹੀਂ ਹੋ ਸਕਦੀ। ਅਸੀਂ ਆਮ ਲੋਕਾਂ ਵਿਚ ਸਵੈ-ਵਿਸ਼ਵਾਸ ਭਰ ਦਿਆਂਗੇ। ਉਹ ਕੁਲੀਨ ਅਤੇ ਸਿਖਿਅੱਤ ਵਰਗ ਤੋਂ ਮੁਕਤ ਹੋ ਜਾਣਗੇ, ਉਨ੍ਹਾਂ ਨੂੰ ਸੁਨਣ ਗੇ ਵੀ ਨਹੀਂ। ਉਹ ਸਾਨੂੰ ਸੁਨਣ ਗੇ ਕਿਉਂਕਿ ਸਾਨੂੰ ਸੁਨਣ ਲਈ ਅਸੀਂ ਉਨ੍ਹਾਂ ਨੂੰ ਧੰਨ ਦਿਆਂਗੇ ਜੋ ਗੋਇਮ ਲੋਕ ਨਹੀਂ ਦੇ ਸਕਣਗੇ। ਇਉਂ ਅਸੀਂ ਇਕ ਮਹਾਨ ਅੰਨ੍ਹੀ ਸ਼ਕਤੀ ਨੂੰ ਆਪਣੀ ਧਿਰ ਬਣਾ ਲਵਾਂਗੇ। ਉਨਾਂ ਦੇ ਨੇਤਾ ਸਾਡੇ ਏਜੰਟ ਹੋਣਗੇ। ਉਹ ਸਾਡੇ ਏਜੰਟਾਂ ਰੂਪੀ ਨੇਤਾਵਾਂ ਦੇ ਰਾਜ ਦੀ ਈਨ ਮੰਨਣਗੇ ਕਿਉਂਕਿ ਉਨਾਂ ਉਪਰ ਉਨ੍ਹਾਂ ਦੀ ਉਪ-ਜੀਵਕਾ, ਖੁਸ਼ੀਆਂ ਅਤੇ ਲਾਭ ਨਿਰਭਰ ਹੋਣਗੇ।

ਸਾਡਾ, ਮਹਾਨ ਵਿੱਦਵਾਨ, ਪੱਥ-ਪ੍ਰਦਰਸ਼ਕ ਸਰਕਾਰੀ ਯੋਜਨਾਵਾਂ ਗੁਪਤ ਤੌਰ ਤੇ ਤਿਆਰ ਕਰੇਗਾ। ਸਰਕਾਰ ਨੂੰ ਇਹ ਤਿਆਰ-ਬਰ-ਤਿਆਰ ਮਿਲਣਗੀਆਂ। ਇਨ੍ਹਾਂ ਤੇ ਕੋਈ ਬਹਿਸ ਨਹੀਂ ਹੋਵੇਗੀ। ਬਹਿਸ ਨਾਲ ਇਨ੍ਹਾਂ ਵਿੱਚ ਲਚਕੀਲਾਪਣ ਆਏ ਗਾ। ਬਹਿਸ ਕਰਨ ਵਾਲੇ ਇਨ੍ਹਾ ਦੀਆਂ ਡੂੰਘੀਆਂ ਪਰਤਾਂ ਤਕ ਪੁਜਣ ਦੀ ਥਾਂ ਸਿਰਫ ਬਹਿਸ ਲਈ ਬਹਿਸ ਕਰਨਗੇ ਤੇ ਵੋਟਾਂ ਦੀ ਵਰਤੋਂ ਨਾਲ ਹੋਰ ਵੀ ਪੇਤਲਾਪਣ ਲਿਆਉਣ ਗੇ। ਸਾਡੀ ਮਨਸ਼ਾ ਹੈ ਕਿ

Scanned with OKEN Scanner

ਸਾਡੇ ਪੱਥ-ਪ੍ਰਦਰਸ਼ਕ ਦੀਆਂ ਘੜੀਆਂ ਯੋਜਨਾਵਾਂ ਸਖਤੀ ਨਾਲ ਲਾਗੂ ਹੋਣ। ਭੀੜ ਜਾਂ ਚੁਣੇ ਹੋਏ ਲੋਕਾਂ ਦਾ ਕੰਮ ਲਾਗੂ ਕਰਨ ਦਾ ਹੈ ਨਾ ਕਿ ਵਿਚਾਰ ਕਰਨ ਦਾ। ਯੋਜਨਾਵਾਂ ਵਿਚਲੀ ਸਿਆਸੀ-ਸਮਝ ਅਤੇ ਗੁਪਤ ਅਰਥ ਕਿਸੇ ਤਰਾਂ ਵੀ ਪੇਤਲਾ ਨਹੀ ਪੈਣਾ ਚਾਹੀਦਾ।

ਸਾਡੀਆਂ ਯੋਜਨਾਵਾਂ ਦਾ ਅਰਥ ਇਹ ਨਹੀਂ ਹੋਵੇਗਾ ਕਿ ਪਰਚੱਲਤ ਅਦਾਰਿਆ ਨੂੰ ਤਤਪਰ ਮੂੰਧੇ ਮਾਰ ਦਿੱਤਾ ਜਾਵੇ। ਉਨਾਂ ਦੀ ਆਰਥਕ ਪਹੁੰਚ ਵਿੱਚ ਇਉਂ ਤਬਦੀਲੀ ਕੀਤੀ ਜਾਵੇਗੀ ਕਿ ਉਹ ਸਾਡੀਆਂ ਯੋਜਨਾਵਾਂ ਨੂੰ ਹੋਰ ਪਰਪੱਕ ਕਰਨ।

ਦੁਨੀਆਂ ਭਰ 'ਚ ਲੱਗ-ਭੱਗ ਹਰ ਇਕ ਦੇਸ਼ ਦੀ ਸਰਕਾਰ ਦੇ ਮੁਖ ਅਦਾਰੇ ਇਹ ਹਨ, ਜਿਵੇਂ ਕਿ, ਪ੍ਰਤੀਨਿਧ-ਪਾਲਿਕਾ, ਮੰਤਰੀ-ਮੰਡਲ, ਸੈਨੇਟ, ਰਾਜ-ਸਭਾ, ਵਿਧਾਨ-ਪਾਲਿਕਾ, ਰਾਜ ਪਾਲਿਕਾ ਆਦਿ। ਹਰ ਇਕ ਅਦਾਰੇ ਦੇ ਜਿਮੇਂ ਕੋਈ ਨਾ ਕੋਈ ਮਹੱਤਵ-ਪੂਰਨ ਕਾਰਜ ਹੁੰਦਾ ਹੈ। ਜੋ ਅਦਾਰੇ ਦੀ ਹੋਂਦ ਨਾਲੋਂ ਵੀ ਵਧੇਰੇ ਮਹੱਤਵ ਰਖਦਾ ਹੈ। ਇਨ੍ਹਾਂ ਅਦਾਰਿਆਂ ਨੂੰ ਕਾਰਜਾਂ ਦੇ ਅਧਾਰ ਤੇ ਅੱਗੋਂ ਮੁੱਖ ਤਿੰਨ ਵਿਭਾਗਾਂ ਵਿੱਚ ਵੰਡਿਆ ਹੋਇਆ ਹੈ, ਜਿਵੇਂ ਕਿ ਵਿਧਾਨ ਪਾਲਿਕਾ, ਨਿਆਂ ਪਾਲਿਕਾ ਅਤੇ ਕਾਰਜ ਪਾਲਿਕਾ। ਇਹ ਸਾਰੀ ਵੰਡ ਮਨੁਖੀ ਸਰੀਰ ਦੇ ਅੰਗਾ ਵਾਂਗ ਹੀ ਹੈ। ਮਨੁਖੀ ਸਰੀਰ ਵਾਂਗ ਹੀ ਜੇਕਰ ਇਕ ਭਾਗ ਨੂੰ ਚੋਟ ਪੁਜਦੀ ਹੈ ਤਾਂ ਸਾਰੀ ਮਸ਼ੀਨਰੀ ਹੀ ਬੀਮਾਰ ਪੈ ਕੇ ਮਰ ਜਾਂਦੀ ਹੈ।

ਜਦੋਂ ਇਸ ਅੰਗ ਵੰਡ ਵਿਚ ਅਸੀਂ ਉਦਾਰਵਾਦ ਦਾ ਜ਼ਹਿਰ ਘੋਲ ਦਿੱਤਾ ਤਾਂ ਇਸ ਦੀ ਸਾਰੀ ਸਿਆਸੀ ਦਿੱਖ ਵਿਚ ਤਬਦੀਲੀ ਆ ਗਈ। ਰਾਜਾਂ ਨੂੰ 'ਬਲੱਡ ਪੋਇਜ਼ਨਿੰਗ' ਜਿਹੀ ਬੀਮਾਰੀ ਨੇ ਘੇਰ ਲਿਆ ਹੈ। ਕੁਝ ਬਾਕੀ ਹੈ ਤਾਂ ਸਿਰਫ ਉਨਾ ਦਾ ਘੋਰੜੂ ਵੱਜਣਾ। ਤਾਨਾਸ਼ਾਹੀ ਦੀ ਥਾਂ ਸੰਵਿਧਾਨ ਅਨੁਸਾਰ ਚੱਲਣ ਵਾਲੇ ਰਾਜ ਹੋਂਦ ਵਿਚ ਆਏ। ਸੰਵਿਧਾਨ ਦਾ ਅਰਥ ਹੈ ਐਸਾ ਅਦਾਰਾ (ਕੇਂਦਰ-ਸਕੂਲ) ਜੋ ਆਪਸੀ ਝਗੜਿਆ, ਬੇਸਮਝੀਆਂ, ਲੜਾਈਆਂ, ਅਸਹਿਮਤੀਆਂ, ਨਿਰਾਰਥਕ-ਪਾਰਟੀ-ਵਿਰੋਧਤਾਈਆਂ ਤੇ ਸਨਕਾਂ ਨਾਲ ਭਰਪੂਰ ਹੋਏ। ਯਾਨੀ ਕਿ ਐਸਾ ਅਦਾਰਾ ਜੋ ਆਪਣੀ ਹੀ ਰਾਜ-ਸ਼ਖਸ਼ੀਅਤ ਨੂੰ ਹੜਪ ਕਰ ਜਾਏ। ਇਨ੍ਹਾਂ ਸੰਵਾਦ-ਕੇਂਦਰਾਂ ਦੀ ਭਕਾਈ ਕਰਕੇ ਹੀ ਬਹੁਤ ਸਾਰੇ ਸ਼ਾਸਕ 'ਨਿਪੁੰਸਕ' ਹੋ ਗਏ ਜੋ ਉਨਾ ਦੀ ਅਧੋਗਤੀ ਦਾ ਵੀ ਕਾਰਨ ਬਣਿਆਂ। ਇਉਂ ਪਹਿਲਾਂ ਅਸੀਂ ਲੋਕ-ਰਾਜਾਂ ਦਾ ਯੁਗ ਅਰੰਭਿਆ ਫੇਰ ਅਸੀ ਸ਼ਾਸ਼ਕਾਂ ਦੀ ਥਾ ਢੋਂਗੀ (ਸਾਂਗ) ਸਰਕਾਰਾ ਦਾ ਮੁਖੀ, ਇਕ ਐਸਾ ਪਰਧਾਨ ਲਿਆਂਦਾ ਜੋ ਸਾਡੇ ਹੀ ਪੁਤਲਿਆਂ ਅਤੇ ਦਾਸਾਂ ਵਿੱਚੋ ਇੱਕ ਸੀ। ਇਉਂ ਅਸੀਂ ਗੋਇਮ ਲੋਕਾਂ ਦੀਆ ਜੜ੍ਹਾਂ ਪੁਟਣ ਲਈ ਇਹ ਜਮੀਨ ਦੋਜ਼ ਵਿਸਫੋਟ ਵਿਛਾਏ।

ਨੇੜ ਭਵਿਖ ਵਿੱਚ ਪੁਤਲੇ ਨੂੰ ਹਰ ਉਚ-ਨੀਚ ਦੇ ਜਿੰਮੇਵਾਰ ਬਣਾਇਆ ਜਾਵੇਗਾ। ਅਸੀਂ ਕੀ ਪਰਵਾਹ ਕਰਦੇ ਹਾਂ ਜੇਕਰ ਪ੍ਰਧਾਨਗੀ ਦੀ ਦੌੜ ਵਿਚ ਕੋਈ ਐਸਾ ਅੜਿਕਾ ਆ ਜਾਵੇ ਕਿ ਦੇਸ਼ ਟੁੱਟ ਭੱਜ ਕੇ ਖੇਰੂੰ-ਖੇਰੂੰ ਹੋ ਜਾਏ।

ਨੇੜ ਭਵਿਖ ਵਿਚ ਅਸੀਂ ਪ੍ਰਧਾਨਾਂ ਦੀਆ ਜ਼ਿਮੇਵਾਰੀਆਂ ਵੀ ਖੁਦ ਨਿਸ਼ਚਿਤ

ਕਰਾਂਗੇ। ਦੇਸ਼ ਦੇ ਟੁਟਣ ਭੱਜਣ ਦੀ ਜ਼ਿਮੇਵਾਰੀ ਵੀ ਉਨ੍ਹਾਂ ਦੀ ਆਪਣੀ ਹੀ ਹੋਵੇਗੀ।

ਆਪਣੀਆ ਯੋਜਨਾਵਾਂ ਨੂੰ ਠੀਕ ਠੀਕ ਸਿਰੇ ਚਾੜ੍ਹਨ ਲਈ ਅਸੀਂ ਐਸੇ ਪ੍ਰਧਾਨਾਂ ਦੇ ਚੁਣੇ ਜਾਣ ਦਾ ਸਵੱਬ ਬਣਾਵਾਂਗੇ ਜਿਹਨਾਂ ਦੇ ਬੀਤੇ ਜੀਵਨ ਵਿੱਚ ਕੋਈ ਐਸਾ ਗੁਪਤ-ਕਾਲਾ-ਧੱਬਾ ਹੋਏ, ਜਿਸ ਦੇ ਉਜਾਗਰ ਹੋਣ ਤੋ ਉਹ ਸਦਾ ਭੈਅ ਵਿਚ ਤਾਂ ਰਹੇ ਹੀ, ਉਹ ਆਪਣੀ ਪਦਵੀ ਨਾਲ ਬੱਝੇ ਭੱਤੇ, ਇੱਜਤ-ਮਾਣ-ਸਤਿਕਾਰ ਆਦਿ ਵੀ ਨਾ ਗੁਆਉਣਾ ਚਾਹੁੰਦਾ ਹੋਵੇ। ਪ੍ਰਤੀ-ਨਿਯੁਕਤਾਂ ਦਾ ਸਦਨ (Chamber of Deputies) ਤਾਂ ਚੁਣੇ, ਉਸ ਨੂੰ ਸੁਰੱਖਿਆ ਵੀ ਦੇਵੇ ਪਰ ਪ੍ਰਚਲਿੱਤ ਕਾਨੂੰਨਾਂ ਵਿਚ ਸੋਧ ਦਾ ਅਧਿਕਾਰ ਸਦਨ ਨੂੰ ਨਹੀਂ ਹੋਵੇਗਾ। ਸੋਧਾਂ, ਸਾਡਾ ਪੁਤਲਾ-ਪ੍ਰਧਾਨ ਹੀ ਕਰਨ ਦਾ ਅਧਿਕਾਰ ਰੱਖੇਗਾ। ਇਉਂ ਕੁਦਰਤੀ ਹੀ ਉਸ ਦਾ ਹਰ ਦਿਸ਼ਾ ਤੋਂ ਵਿਰੋਧ ਹੋਏਗਾ। ਅਸੀਂ ਉਸ ਨੂੰ ਅਧਿਕਾਰ ਦਿਆਂਗੇ ਕਿ ਉਹ ਲੋਕ-ਕਚਹਿਰੀ ਵਿਚ ਅਪੀਲ ਕਰ ਸਕੇਗਾ ਅਤੇ ਲੋਕ ਪਹਿਲਾਂ ਹੀ ਸਾਡੇ ਦਾਸ ਅਤੇ ਅੰਨ੍ਹੀ ਭੀੜ ਬਣ ਚੁਕੇ ਹੋਣਗੇ। ਪ੍ਰਧਾਨ ਨੂੰ ਇਹ ਵੀ ਹੱਕ ਹੋਏਗਾ ਕਿ ਉਹ ਅਜ਼ਾਦਾਨਾ ਤੌਰ ਤੇ ਜੰਗ ਵਰਗੇ ਹਾਲਾਤ ਐਲਾਨਣ ਦਾ ਅਧਿਕਾਰ ਰੱਖੇ ਕਿਉਂਕਿ ਉਹ ਹੀ ਤਾਂ ਦੇਸ਼ ਦੀਆਂ ਫ਼ੌਜਾਂ ਦਾ ਮੁਖੀ ਵੀ ਹੈ ਅਤੇ ਸੰਵਿਧਾਨ ਦਾ ਮੁਖ-ਰਾਖਾ ਵੀ। ਇਉਂ ਵਿਧਾਨ-ਸਭਾ ਦੇ ਮੰਦਿਰ ਦੀਆ ਸਾਰੀਆਂ ਚਾਬੀਆਂ ਕੇਵਲ ਸਾਡੇ ਹੀ ਹੱਥਾਂ ਵਿੱਚ ਹੋਣ ਗੀਆਂ।

ਇਸ ਤੋਂ ਇਲਾਵਾ ਅਸੀਂ ਸਦਨ ਕੋਲੋਂ ਸਰਕਾਰੀ ਕਾਰਜਾਂ ਬਾਰੇ ਪੁਛ-ਪੜਤਾਲ ਦਾ ਹੱਕ ਵੀ ਖੋਹ ਲਵਾਂਗੇ। ਬਹਾਨਾ ਗੁਪਤਤਾ ਹੋਏਗਾ। ਫੇਰ ਨਵੇ ਸੰਵਿਧਾਨ ਅਨੁਸਾਰ ਅਸੀਂ ਪ੍ਰਤੀਨਿਧਾਂ ਦੀ ਗਿਣਤੀ ਘਟਾ ਦਿਆਂਗੇ ਤੇ ਇਸੇ ਅਨੁਪਾਤ ਨਾਲ 'ਸਿਆਸੀ ਮਨੋਵੇਗ ਅਤੇ ਮਨੋਵੇਗਾਂ ਵਾਲੀ ਸਿਆਸਤ' ਵੀ ਘਟਾ ਦਿਆਂਗੇ। (Political passions and passions for politics) ਮਨੋਵੇਗੀ ਸਿਆਸਤ ਅਤੇ ਸਿਆਸਤ ਵਿਚ ਰੁਚੀ। ਫਿਰ ਵੀ ਹੱਲਾ-ਗੁੱਲਾ ਹੋਏ ਤਾਂ ਅਸੀਂ ਲੋਕਾਂ ਨੂੰ, ਬਹੁ-ਸੰਮਤੀ ਦੇ ਪ੍ਰਾਪਤ ਹੋਣ ਦੇ ਬਹਾਨੇ ਨਿਰਾਧਾਰ ਕਰ ਦਿਆਂਗੇ। ਪ੍ਰਧਾਨ ਨੂੰ ਹੱਕ ਹੋਵੇਗਾ ਕਿ ਉਹ ਸਦਨ ਦੇ ਮੁਖੀ ਤੇ ਉੱਪ-ਮੁਖੀ ਦੀ ਨਿਯੁਕਤੀ ਕਰੇ। ਅਸੀਂ ਪਾਰਲੀਮੈਂਟ ਦੀਆਂ ਬੈਠਕਾਂ ਦੀ ਗਿਣਤੀ ਵੀ ਘਟਾ ਦਿਆਂਗੇ। ਕਾਰਜ-ਪਾਲਿਕਾ ਦਾ ਮੁਖੀ ਹੋਣ ਦੇ ਨਾਤੇ ਪ੍ਰਧਾਨ ਨੂੰ ਹੱਕ ਹੋਵੇਗਾ ਕਿ ਉਹ ਸਦਨ ਦੀ ਬੈਠਕ ਬੁਲਾਵੇ ਜਾਂ ਸਦਨ ਹੀ ਭੰਗ ਕਰ ਦੇਵੇ, ਕਿ ਉਹ ਨਵੇਂ ਸਦਨ ਦੀ ਨਿਯੁਕਤੀ ਜਿੰਨੀ ਮਰਜ਼ੀ ਪਿੱਛੇ ਪਾ ਲਵੇ। ਪਰ ਇਨਾਂ ਗੈਰ-ਕਾਨੂੰਨੀ ਕਾਰਜਾਂ ਦੀ ਜ਼ਿੰਮੇਵਾਰੀ ਪ੍ਰਧਾਨ ਤੇ ਨਾ ਆਣ ਪਵੇ, ਦਾ ਹੱਲ ਇਹ ਹੋਏਗਾ ਕਿ ਅਸੀਂ ਮੰਤਰੀਆਂ ਅਤੇ ਉਚ-ਪਦਵੀਆਂ ਤੇ ਬੈਠੇ ਅਫਸਰਾਂ ਨੂੰ ਤੁੱਖਣਾ ਦਿਆਂਗੇ ਕਿ ਉਹ ਪ੍ਰਧਾਨ ਨੂੰ ਉਕਤ ਕਾਰਜ਼ ਕਰਨ ਦੇ ਮਸ਼ਵਰੇ ਦੇਣ ਤੇ ਇਨ੍ਹਾਂ ਮਸ਼ਵਰਿਆਂ ਦੇ ਬਹਾਨੇ ਪ੍ਰਧਾਨ ਦੀ ਥਾਂ ਮੰਤਰੀਆ ਅਤੇ ਅਫਸਰਾਂ ਨੂੰ ਬਲੀ ਦੇ ਬੱਕਰੇ ਬਣਾਇਆ ਜਾਵੇ ਗਾ। ਬਲੀ ਦੇ ਬੱਕਰੇ ਬਣਾਉਣ ਦਾ ਕੰਮ ਸੈਨੇਟ, ਮੰਤਰੀ ਪ੍ਰੀਸ਼ਦ ਜਾਂ ਮੰਤਰੀ-ਮੰਡਲ ਕਰਨ ਗੇ, ਕੋਈ ਇਕੱਲਾ ਕਾਰਾ ਵਿਅੱਕਤੀ ਨਹੀਂ।

Scanned with OKEN Scanner

ਪ੍ਰਧਾਨ ਸਾਡੀ ਇੱਛਿਆ ਅਨੁਸਾਰ ਹੀ ਕਾਨੂੰਨ ਦੀ ਵਿਆਖਿਆ ਕਰੇਗਾ ਜਾਂ ਕੀਤੀ ਹੋਈ ਵਿਅਖਿਆ ਨੂੰ ਰੱਦ ਕਰੇਗਾ। ਉਸ ਨੂੰ ਵਕਤੀ ਕਾਨੂੰਨ ਬਣਾਉਣ ਦਾ ਅਤੇ ਨਵੇਂ ਸਰਕਾਰੀ ਵਿਭਾਗ ਬਣਾਉਣ ਦਾ ਹੱਕ ਹੋਵੇਗਾ। ਬਹਾਨਾ ਇਹ ਹੋਏਗਾ ਕਿ ਰਾਜ ਦੇ ਲੋਕਾਂ ਦੀ ਭੁਲਾਈ ਲਈ ਇਹ ਜ਼ਰੂਰੀ ਹੈ।

ਹੌਲੀ-ਹੌਲੀ ਸੰਵਿਧਾਨਾਂ ਤੋ ਹੀ ਸੰਵਿਧਾਨਾਂ ਦਾ ਕਤਲ ਕਰਵਾ ਕੇ ਆਪਣੀ ਤਾਨਾ ਸ਼ਾਹੀ ਕਾਇਮ ਕਰਾਂਗੇ।

ਉਂਜ ਸੰਵਿਧਾਨਾਂ ਦੀ ਤਬਾਹੀ ਤੋ ਪਹਿਲਾਂ ਵੀ ਸਾਡੀ ਤਾਨਾਸ਼ਾਹੀ ਕਾਇਮ ਹੋ ਸਕਦੀ ਹੈ। ਇਹੋ ਜਿੰਹੇ ਸਮੇਂ ਦੀ ਪਛਾਣ ਇਹ ਹੈ ਕਿ ਗੁਪਤ ਤੌਰ ਤੇ ਸਾਡੇ ਹੀ ਸਥਾਪਤ ਕੀਤੇ ਹੋਏ ਸ਼ਾਸਕਾਂ ਤੋਂ ਵੀ ਥੱਕ ਹਾਰ ਕੇ ਲੋਕ ਪੁਕਾਰ ਉਠਣ, "ਇਹ ਸ਼ਾਸਕ ਚੁਲ੍ਹੇ ਵਿਚ ਪੈਣ। ਸਾਨੂੰ ਇੱਕੋ ਇੱਕ ਬਾਦਸ਼ਾਹ ਦਿਉ ਜਿਹੜਾ ਸਾਰੀ ਦੁਨੀਆਂ ਉਪਰ ਰਾਜ ਕਰੇ ਅਤੇ ਝਗੜਿਆ ਦੇ ਮੁਢਲੇ ਕਾਰਨ ਜਿਵੇਂ ਕਿ ਸੀਮਾਵੀ ਹੱਦਾਂ-ਹਦੂਦਾਂ, ਕੌਮਾਂ, ਕੌਮੀਅਤਾਂ, ਧਰਮ, ਮਜ਼ਬ, ਰਾਜਕੀ ਕਰਜ਼ੇ ਆਦਿ ਨੂੰ ਖਤਮ ਕਰੇ। ਸਾਨੂੰ ਅਮਨ-ਚੈਨ-ਸ਼ਾਂਤੀ ਬਖਸ਼ੇ।"

ਤੁਸੀਂ ਸਾਰੇ ਚੰਗੀ ਤਰਾਂ ਜਾਣਦੇ ਹੋ ਕਿ ਸਾਰੀਆ ਕੌਮਾਂ ਅਤੇ ਕੌਮੀਅਤਾਂ ਅੰਦਰ ਇਹੋ ਜਿੰਹੀ ਦਸ਼ਾ ਅਤੇ ਦਿਸ਼ਾ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਲੋਕਾਂ ਅਤੇ ਰਾਜ ਅਧਿਕਾਰੀਆ ਦੇ ਆਪਸੀ ਸੰਬੰਧਾਂ ਵਿਚਕਾਰ ਵਿਰੋਧ, ਨਫਰਤ, ਸੰਘਰਸ਼ ਅਤੇ ਈਰਖਾ ਭਰ ਦੇਈਏ; ਤੇ ਇਸ ਕਾਰਜ ਲਈ ਬੇਸ਼ੱਕ ਸਾਨੂੰ ਤਸੀਹਿਆਂ, ਭੁਖਮਰੀ, ਬੀਮਾਰੀਆਂ, ਘੋਰ ਗਰੀਬੀ ਆਦਿ ਦਾ ਸਹਾਰਾ ਲੈਣਾ ਪਏ। ਇਉਂ ਗੋਇਮ ਲੋਕਾਂ ਕੋਲ ਕੋਈ ਹੱਲ, ਕੋਈ ਮਾਰਗ ਨਹੀਂ ਬਚੇ ਗਾ, ਉਹ ਸਾਡੀ ਸ਼ਰਨ ਆਉਣ ਗੇ ਤੇ ਸਾਡੇ ਧਨ ਅਤੇ ਸਰਮਾਏ ਦੀ ਪ੍ਰਭੂਸੱਤਾ ਹੋ ਜਾਏ ਗੀ।

ਸਾਡਾ ਇਹ ਮਨੋਰਥ ਤਾਂ ਹੀ ਸਿਰੇ ਚੜ੍ਹੇਗਾ ਕਿ ਅਸੀਂ ਦੇਸ਼ਾ-ਕੌਮਾਂ ਨੂੰ ਕਦੇ ਵੀ ਚੈਨ ਦੀ ਨੀਂਦ ਨਾ ਸੌਣ ਦੇਈਏ। ਢਿੱਲ-ਮੱਠ ਹੋ ਗਈ ਤਾਂ ਅਸੀਂ ਵੀ ਬਹੁਤ ਪਿੱਛੇ ਪੈ ਜਾਵਾਂਗੇ।

ਨੋਟ :- ਪ੍ਰੋਟੋਕੋਲ 10 ਦੇ ਸਾਰੇ ਦੇ ਸਾਰੇ ਪਹਿਰੇ ਆਪਣੇ ਆਪ ਵਿੱਚ ਵਿਆਖਿਆਤਮਕ ਹਨ। ਇਕਾਗਰਤਾ ਨਾਲ ਪੜ੍ਹਨ ਤੇ ਸਮਝਣ ਦੀ ਲੋੜ ਹੈ।

Protocol 11

ਪ੍ਰੋਟੋਕੋਲ 11 ਦਾ ਵਿਕਟਰ ਮਾਰਸਡਨ ਵੱਲੋਂ ਤੱਤ ਸਾਰ:- ਸੰਵਿਧਾਨ ਅਤੇ ਇਸਦੇ ਅੰਗ ਐਵੇਂ ਭੁਲਾਂਦਰੇ ਪੈਦਾ ਕਰਨ ਦੇ ਪਲੈਟਫਾਰਮ ਹੋਣਗੇ। ਗੋਇਮ ਲੋਕਾਂ ਤੇ ਸਰਕਾਰਾਂ ਨੂੰ ਭੇਡਾਂ ਦਾ ਵਾੜਾ ਬਣਾ ਦਿਆਂਗੇ

ਅਸਲ ਰਾਜ ਸ਼ਕਤੀ ਗੁਪਤ ਢੰਗ ਨਾਲ ਇਲੂਮੀਨਿਟੀ (ਫਰੀ ਮੇਸਨਰੀ ਲਾਜ਼ਜ਼) ਦੇ ਹੱਥਾਂ ਵਿੱਚ ਹੋਵੇਗੀ।

Scanned with OKEN Scanner

ਪਹਿਲੇ ਵਾਂਗ ਹੁਣ ਵੀ ਐਸਾ ਲੱਗੇਗਾ ਕਿ ਸਟੇਟ-ਕੌਂਸਲ, ਸ਼ਾਸਕ ਦੀ ਮਹਾਨ ਸ਼ਕਤੀ ਦਾ ਪ੍ਰਤੀਕ ਹੈ। ਪਰ ਅਸਲ ਵਿਚ ਇਹ ਸੰਵਿਧਾਨ ਘੜਨੀ-ਸੰਵਿਧਾਨ-ਪਾਲਿਕਾ ਦਾ ਐਵੇਂ ਐਡੀਟੋਰੀਅਲ ਬੋਰਡ ਅਰਥਾਤ ਇਕ ਦਿਖਾਵਾ ਜਿਹਾ ਹੀ ਹੋਵੇਗਾ।

ਸੰਵਿਧਾਨ ਦਾ ਪ੍ਰੋਗਰਾਮ ਇਸ ਤਰਾਂ ਹੋਵੇਗਾ ਕਿ ਐਸਾ ਭੁਲਾਂਦਰਾ ਪਵੇ ਕਿ ਹੱਕਾਂ-ਹਕੂਕਾਂ ਅਤੇ ਇਨਸਾਫ ਵਾਸਤੇ ਬਣਾਏ ਗਏ ਸਾਰੇ ਕਾਨੂੰਨ - 1) ਕਾਨੂੰਨ ਘੜਨੀ ਕੌਂਸਲ ਦੇ ਅਨੁਸਾਰੀ ਹਨ, 2) ਪ੍ਰਧਾਨ, ਸੈਨੇਟ ਅਤੇ ਸਟੇਟ ਕੌਂਸਲ ਦੇ ਹੁਕਮਾਂ ਦੇ ਅਨੁਸਾਰੀ ਹਨ, 3) ਵੱਡੀ ਗੱਲ ਕਿ ਨਵੇਂ ਸੰਭਾਵੀ ਇਨਕਲਾਬ ਦੇ ਐਨ ਅਨੁਸਾਰੀ ਹਨ।

ਕਾਰਜ ਵਿਧੀ ਦਾ ਮੋਟਾ-ਮੋਟਾ ਖਾਕਾ ਖਿੱਚਣ ਮਗਰੋਂ ਅਸੀਂ ਇਨਕਲਾਬ ਦੀ ਪੂਰਤੀ ਦੇ ਵਿਸਥਾਰ ਵਿਚ ਜਾਵਾਂਗੇ ਕਿ ਕਿਵੇਂ ਸਟੇਟ ਮਸ਼ੀਨਰੀ ਰਾਹੀਂ ਉਸ ਦਿਸ਼ਾ ਵਲ ਇਨਕਲਾਬ ਨੂੰ ਲੈ ਜਾਵਾਂਗੇ ਜਿਸ ਦਿਸ਼ਾ ਨੂੰ ਅਸੀਂ ਪਹਿਲਾਂ ਹੀ ਨਿਰਧਾਰਤ ਕਰ ਲਿਆ ਹੋਇਆ ਹੈ। ਇਹ ਕਿ ਛਪਣ-ਛਾਪਣ ਦੀ ਖੁਲ੍ਹ, ਜਥੇਬੰਦੀ ਬਣਾਉਣ ਦਾ ਹੱਕ, ਆਤਮਿਕ ਮਰਜ਼ੀ, ਵੋਟ ਦੀ ਅਜ਼ਾਦੀ ਅਤੇ ਇਨ੍ਹਾਂ ਸਿਧਾਤਾਂ ਨਾਲ ਰਲਦੀਆਂ ਮਿਲਦੀਆਂ ਹੋਰ ਗੱਲਾਂ ਮਨੁੱਖ ਦੀ ਯਾਦਾਸ਼ਤ ਵਿਚੋਂ ਹੀ ਮਿਟ ਜਾਣ। ਘੱਟੋ-ਘੱਟੋ ਇਹ ਤਾਂ ਜਰੂਰ ਹੋਵੇ ਕਿ ਸੰਵਿਧਾਨ ਦੇ ਲਾਗੂ ਹੁੰਦਿਆ, ਤੱਤ-ਫੱਟ ਸਿਫਤੀ ਤਬਦੀਲੀਆ ਆਉਣ।

ਇਸ ਹਾਲਤ ਵਿਚ ਅਸੀਂ ਆਪਣੇ ਹੁਕਮ ਯੱਕ-ਮੁਸ਼ਤ ਸੁਣਾ ਦੇਈਏ ਤੇ ਲਾਗੂ ਕਰ ਦੇਈਏ। ਬਾਅਦ ਵਿਚ ਸਮੇਂ-ਸਮੇਂ ਕੀਤੀਆਂ ਤਬਦੀਲੀਆਂ ਤੇ ਲੋਕਾਂ ਨੂੰ ਸ਼ੱਕ ਉਪਜਣ ਗੇ ਕਿ ਸਾਡੀਆਂ ਬਣਾਈਆਂ ਧਾਰਾਵਾਂ ਸਮੇਂ ਅੱਗੇ ਖੜ੍ਹ ਨਹੀਂ ਸਕੀਆਂ, ਕਿ ਉਹ ਅਜਿੱਤ ਨਹੀਂ ਹਨ, ਕਿ ਸਾਥੋਂ ਪਹਿਲਾਂ ਗਲਤੀਆਂ ਹੋਈਆਂ ਜਿਨ੍ਹਾਂ ਨੂੰ ਸੁਧਾਰਨ ਦੀ ਲੋੜ ਪੈ ਰਹੀ ਹੈ। ਕਾਰਨ ਕੋਈ ਵੀ ਹੋਵੇ ਯੱਕ-ਮੁਸ਼ਤ ਲਾਗੂ ਹੋਏ ਸੰਵਿਧਾਨ ਵਿਚ ਫੇਰ ਤਬਦੀਲੀਆਂ ਖਤਰਨਾਕ ਸਾਬਤ ਹੋਣਗੀਆਂ।

ਸਾਡੇ ਲਿਆਂਦੇ ਇਨਕਲਾਬ ਕਾਰਨ ਲੋਕ ਅਜੇ ਚੁੰਧਿਆਏ ਹੋਏ, ਡਰੇ ਹੋਏ ਅਤੇ ਅਸਥਿਰ ਹੋਣਗੇ ਤੇ ਅਸੀਂ ਯੱਕ-ਮੁਸ਼ਤ ਪਹਿਲਾਂ ਹੀ ਘੜਿਆ ਹੋਇਆ ਪਰ ਅਖੌਤੀ ਕੌਂਸਲਾਂ ਤੇ ਸੰਵਿਧਾਨ-ਪਾਲਕਾਵਾਂ ਦੀਆਂ ਮੋਹਰਾਂ ਲੁਆ ਕੇ ਸੰਵਿਧਾਨ ਲਾਗੂ ਕਰ ਦਿਆਂਗੇ। ਸਾਫ ਸਾਬਤ ਹੋਏਗਾ ਕਿ ਅਸੀਂ ਬਹੁਤ ਸ਼ਕਤੀਸ਼ਾਲੀ ਹਾਂ ਤੇ 'ਜੋ ਅੜੇਗਾ ਸੋ ਝੜੇਗਾ'। ਉਹ ਅੱਖਾਂ ਮੀਟ ਕੇ ਸਾਡੇ ਸਾਰੇ ਹੁਕਮ ਸਵੀਕਾਰ ਕਰਨਗੇ।

ਉਨ੍ਹਾਂ ਨੂੰ ਇਹ ਚੰਗੀ ਤਰਾਂ ਸਮਝ ਆ ਜਾਣੀ ਚਾਹੀਦੀ ਹੈ ਕਿ ਅਸੀਂ ਯਹੂਦੀ ਲੋਕ ਖੂੰਖਾਰ ਭੇੜੀਏ ਹਾਂ ਅਤੇ ਸਾਰੇ ਗੋਇਮ ਲੋਕ ਭੇਡਾਂ ਹਨ। ਸਭ ਜਾਣਦੇ ਹਨ ਕਿ ਉਦੋਂ ਕੀ ਵਾਪਰਦਾ ਹੈ ਜਦੋਂ ਭੇੜੀਏ ਭੇਡਾਂ ਦੇ ਇੱਜੜ ਤੇ ਟੁਟ ਪੈਂਦੇ ਹਨ।

ਅਸੀਂ ਲਗਾਤਾਰ ਵਾਇਦੇ ਕਰਦੇ ਰਹਾਂਗੇ ਕਿ ਅਮਨ ਦੇ ਦੁਸ਼ਮਣਾਂ ਦੇ ਪੂਰੀ ਤਰਾਂ

Scanned with OKEN Scanner

Scanned with OKEN Scanner

ਭਾਂਜ ਖਾ ਜਾਣ ਬਾਅਦ, ਅਸੀਂ ਤੁਹਾਡੀਆਂ ਆਜ਼ਾਦੀਆਂ ਵਾਪਸ ਮੋੜਾਂਗੇ । ਪਰ ਉਹ ਸਮਾਂ ਕਦੇ ਨਹੀਂ ਆਏਗਾ।

ਇਓਂ ਬਿੱਖੜੇ ਤਰੀਕਿਆਂ ਨਾਲ ਹੀ ਅਸੀਂ ਆਪਣੇ ਖਿਲਰੇ ਪਏ ਕਬੀਲੇ (ਯਹੂਦੀ) ਨੂੰ ਮੁੜ ਇਕੱਤਰ ਕਰ ਸਕਾਂਗੇ। ਅਸੀਂ ਆਪਣੀਆਂ ਗੁਪਤ ਜਥੇਬੰਦੀਆਂ ਜਿਵੇਂ ਕਿ ਫਰੀ-ਮੇਸ਼ਨਜ਼, ਮੈਸੋਨਿਕ-ਲਾਜਜ਼, ਇਲੀਮੀਊਨਾਈਟੀਜ਼ (Free Masons, Masonic Lodges, Illuminaties) ਰਾਹੀਂ ਗੋਇਮ ਡੰਗਰਾਂ ਦੀਆ ਅੱਖਾਂ ਵਿੱਚ ਘੱਟਾ ਪਾਉਂਦੇ ਰਹਾਂਗੇ।

ਅਸੀਂ ਰੱਬ ਦੇ ਚੁਣੇ ਹੋਏ ਬੰਦੇ ਹਾਂ। ਕਦੇ ਅਸੀਂ ਉੱਜੜੀ ਹੋਈ, ਖਿਲਰੀ ਹੋਈ ਕੌਮ ਸਾਂ। ਕਦੇ ਇਹ ਸਾਡੀ ਕਮਜ਼ੋਰੀ ਸੀ । ਅੱਜ ਇੱਹੀ ਸਾਡੀ ਸ਼ਕਤੀ ਹੈ ਕਿ ਸਾਰੀ ਦੁਨੀਆਂ ਵਿੱਚ ਫੈਲੇ ਪਏ ਹਾਂ। ਏਸੇ ਕਰਕੇ ਸ੍ਰਿਸ਼ਟੀ ਤੇ ਅਸੀਂ ਪ੍ਰਭੂ ਸੱਤਾ ਦੀਆ ਬਰੂਹਾਂ ਉਪਰ ਪੁੱਜ ਗਏ ਹਾਂ। ਪਹਿਲਾਂ ਹੀ ਉਸਾਰੀਆਂ ਬੁਨਿਆਦਾਂ ਉਪਰ ਹੁਣ ਥੋੜ੍ਹੀ ਜਿੱਹੀ ਉਸਾਰੀ ਕਰਨੀ ਹੋਰ ਬਾਕੀ ਹੈ।

ਵਿਆਖਿਆ :- ਇਸ ਸਾਰੇ ਦੇ ਸਾਰੇ ਪ੍ਰੋਟੋਕੋਲ ਵਿਚ ਇਸ ਦਸਤਾਵੇਜ ਦੇ ਲੇਖਕਾਂ ਨੇ ਆਪਣੇ ਆਪ ਨੂੰ ਦਾਨਿਸ਼ਵਰ ਅਤੇ ਗੈਰ ਯਹੂਦੀਆਂ ਨੂੰ ਮੂੜ ਗਰਦਾਨਿਆ ਹੈ। ਯਹੂਦੀਆ ਦੇ ਤਿੰਨ ਵਾਰ ਉਜਾੜੇ ਹੋਏ ਸਨ। ਆਖਰੀ ਉਜਾੜਾ 587 ਵਰੇ ਈਸਵੀ ਪੂਰਵ ਹੋਇਆ ਸੀ। ਯਹੂਦੀਆ ਨੂੰ ਜਿਊਂਦੇ ਰਹਿਣ ਲਈ ਦਰ ਦਰ ਦੀਆਂ ਠੋਕਰਾਂ ਖਾਣੀਆਂ ਪਈਆਂ ਹਨ। ਉਹਨਾਂ ਨੂੰ ਆਮ ਵਸੋਂ ਤੋਂ ਵੱਖਰੀਆਂ ਬਸਤੀਆਂ ਵਸਾ ਕੇ ਰਹਿਣਾ ਪਿਆ ਸੀ। ਨਤੀਜਾ ਇਹ ਹੋਇਆ ਕਿ ਇਨਾਂ ਨੂੰ ਦੁਨੀਆਂ ਦੇ ਕੋਨੇ ਕੋਨੇ ਵਿੱਚ ਬਿਖਰਨਾ ਪਿਆ ਸੀ। ਉਦੋਂ ਇਹ ਨਿਹੱਥੇ, ਸਾਹ ਸਤ ਹੀਣ ਹੋ ਗਏ ਸਨ। ਪਰ ਇਹਨਾਂ ਨੇ ਜਿਵੇਂ ਕਿਵੇਂ 'ਕੇਂਦਰ' ਬਣਾਈ ਰੱਖਿਆ ਸੀ। ਕੇਂਦਰ ਨੇ ਜਿਵੇਂ ਕਿਵੇਂ ਤਾਲਮੇਲ ਜੋੜੀ ਰੱਖਿਆ ਸੀ।

ਕੇਂਦਰ ਰਾਹੀਂ ਅੱਜ ਇੱਕ ਮੁੱਠ ਹਨ। ਬਿਖਰ ਕੇ ਥਾਂ ਥਾਂ ਫੈਲ ਜਾਣਾ ਅੱਜ ਇਹਨਾਂ ਦਾ ਗੁਣ ਬਣ ਗਿਆ ਹੈ।

ਪਹਿਲਾਂ ਪਹਿਲਾਂ ਇਹਨਾਂ ਨੇ ਵਪਾਰ ਕੀਤਾ। ਵਪਾਰ ਚੋਂ ਲਾਭ ਖੱਟਿਆ। ਵਪਾਰੀਆਂ ਦਾ ਆਪਸੀ ਤਾਲਮੇਲ ਰਹਿਣ ਕਰਕੇ ਇਹਨਾਂ ਨੇ ਵਪਾਰਕ ਰੁੱਕੇ ਸਾਂਝੇ ਕਰਨੇ ਸ਼ੁਰੂ ਕੀਤੇ। ਉਹੀ 'ਰੁੱਕੇ' ਉਨੱਤੀ ਕਰਕੇ ਮੁਦਰਾ ਦਾ ਰੂਪ ਧਾਰ ਗਏ। ਮੁਦਰਾ ਦੇ ਕੇਂਦਰੀ ਬੈਂਕ ਉਸਾਰ ਲਏ ਗਏ ।

ਅੱਜ ਇਹ ਇੰਟਰਨੈਸ਼ਨਲ ਬੈਂਕਰਜ਼ ਹਨ। ਸਾਰੀ ਦੁਨੀਆਂ ਦੇ ਬੈਂਕ ਇਹਨਾਂ ਦੀ ਨਿੱਜੀ ਸੰਪਤੀ ਹੈ। ਸਟਾਕ ਮਾਰਕੀਟ ਤੇ ਸ਼ੇਅਰ ਮਾਰਕੀਟ ਰਾਹੀਂ ਸਪੈਕੁਕੇਸ਼ਨ (ਜੂਆ) ਪ੍ਰਚੱਲਿਤ ਕੀਤਾ। ਵਿੱਤੀ ਸਰਮਾਏ ਦੇ ਇੱਕ ਮਾਤਰ ਮਾਲਕ ਬਣੇ। ਚੁੰਧਿਆਊ ਰੂਪ ਸਿਧਾਂਤਕਾਰ-ਹਸਤੀਆਂ ਪੈਦਾ ਕੀਤੀਆਂ। ਸਾਰੇ ਦੇ ਸਾਰੇ ਮੀਡੀਆ ਇੱਕ ਮਾਤਰ ਸੂਤਰਧਾਰ ਬਣੇ। ਸਿਧਾਂਤਕਾਰ ਦੇ ਸਿਧਾਤਾਂ ਨੂੰ ਮੀਡੀਆ ਰਾਹੀਂ ਲੋਕਾਂ ਦੀ ਸੂਝ ਬੂਝ ਦਾ ਐਸਾ ਹਿੱਸਾ

Scanned with OKEN Scanner
Scanned with OKEN Scanner

ਬਣਾਇਆ ਕਿ ਲੋਕਾਂ ਨੂੰ ਅੰਨ੍ਹੇ ਬੋਲੇ ਬਣਾ ਦਿੱਤਾ। ਇਤਿਹਾਸ ਨੂੰ ਮਨ ਮਰਜ਼ੀ ਦਾ ਖਿਡੌਣਾ ਬਣਾ ਦਿੱਤਾ। ਇਤਿਹਾਸਕ ਘਟਨਾਵਾਂ ਦੇ ਅਰਥਾਂ ਨੂੰ ਆਪ ਦੇ ਅਨੁਕੂਲ ਢਾਲ ਕੇ ਪੇਸ਼ ਕੀਤਾ।

ਲੋਕਾਂ ਨੂੰ ਅਤੇ ਵਿਸ਼ੇਸ਼ ਤੋਰ ਤੇ ਬੁਧੀ ਜੀਵੀਆਂ ਨੂੰ ਦੌਲੇਸ਼ਾਹ ਦੇ ਚੂਹੇ ਬਣਾ ਕੇ ਰੱਖ ਦਿੱਤਾ। ਉਨ੍ਹਾਂ ਦੀ ਸੂਝ ਬੂਝ ਤੇ ਸੋਚ ਨੂੰ ਇੱਕ ਵਿਸ਼ੇਸ਼ ਘੇਰੇ ਵਿੱਚ ਬੰਨ੍ਹ ਕੇ ਰੱਖ ਦਿੱਤਾ ਹੋਇਆ ਹੈ।

ਪ੍ਰੋਟੋਕੋਲ 12 ਦਾ ਮਾਰਸਡਨ ਦਾ ਸੰਖੇਪ ਸਾਰ

ਸ਼ਬਦ ਆਜ਼ਾਦੀ ਦਾ ਅਨੁਪਾਤੀ ਅਰਥ ਹੈ। ਕਾਨੂੰਨ ਦੀਆਂ ਹੱਦਾਂ ਅੰਦਰ ਰਹਿ ਕੇ ਕਾਰਜਸ਼ੀਲ ਹੋਣਾ।

ਇਸ ਪ੍ਰੋਟੋਕੋਲ ਵਿੱਚ ਪ੍ਰੈਸ ਤੇ ਖੂਬ ਚਾਨਣਾ ਪਾਇਆ ਗਿਆ ਹੈ।

ਉਹੀ ਕੁਝ ਛਪ ਸਕੇਗਾ ਜੋ ਉਹਨਾਂ ਦੇ ਹਿੱਤਾਂ ਦੇ ਅਨੁਕੂਲ ਹੋਵੇਗਾ।

ਲੋਕਾਂ ਦੇ ਭਾਵਾ ਖੁਲਾਸ ਲਈ ਇਹ ਖੁਦ ਹੀ ਆਪਣਾ ਵਿਰੋਧ ਛਾਪਣਗੇ ਤਾਂਕਿ ਵਿਰੋਧੀ ਵੀ ਇਹਨਾਂ ਨੂੰ ਆਪਣੇ ਸਮਝ ਕੇ ਇਹਨਾਂ ਦੇ ਘੇਰੇ ਵਿੱਚ ਆ ਜਾਣ।

ਵਿਰੋਧੀ ਪ੍ਰੈਸ ਵੀ ਇਹਨਾਂ ਦੀ ਹੀ ਸੇਵਾ ਕਰੇਗੀ।

ਇਸ ਪ੍ਰੋਟੋਕੋਲ ਵਿੱਚ ਪ੍ਰੈਸ ਦੀ ਮਹੱਤਤਾ ਅਤੇ ਪ੍ਰੈਸ ਉੱਪਰ ਜ਼ਾਇਨਵਾਦੀਆਂ ਦੇ ਏਕਾ ਅਧਿਕਾਰ ਵਾਰੇ ਖੂਬ ਚਾਨਣਾ ਪਾਇਆ ਗਿਆ ਹੈ।

ਇਸ ਪ੍ਰੋਟੋਕੋਲ ਵਿੱਚ ਭਾਰਤੀ ਅਵਤਾਰਾਂ ਵਿਸ਼ਨੂੰ ਦੇ ਇੱਕ ਸੋ ਹੱਥ ਅਤੇ ਪੰਜ ਸੋ ਉਗਲਾਂ ਦੇ ਬਿੰਬ ਦੀ ਤੁਲਨਾ ਪ੍ਰੈਸ ਨਾਲ ਕੀਤੀ ਗਈ ਹੈ।

Protocol : 12

ਅਨੁਵਾਦ :- ਸ਼ਬਦ 'ਆਜ਼ਾਦੀ' ਦੀਆਂ ਅਨੇਕਾਂ ਵਿਆਖਿਆਵਾਂ ਹੋ ਸਕਦੀਆਂ ਹਨ ਪਰ ਸਾਡੇ ਅਨੁਸਾਰ ਆਜ਼ਾਦੀ ਦਾ ਅਰਥ ਹੈ ਕਿ ਵਿਅੱਕਤੀ ਨੂੰ ਉਹ ਸਭ ਕੁਝ ਕਰਨ ਦੀ ਖੁਲ੍ਹ ਹੈ ਜਿਸ ਦੀ ਕਾਨੂੰਨ ਆਗਿਆ ਦੇਵੇ। ਇਹ ਵਿਆਖਿਆ ਸਾਡੀ ਸੇਵਾ ਕਰੇਗੀ ਕਿਉਂਕਿ ਇਉਂ ਆਜ਼ਾਦੀ ਹੀ ਸਾਡੇ ਹੱਥਾਂ ਦਾ ਖਿਡਾਉਣਾ ਹੋਏਗੀ, ਕਿ ਜਾਂ ਤਾਂ ਇਹ ਹੱਕ-ਹਕੂਕ ਉਕਾ ਹੀ ਖੋਹ ਲਵੇਗੀ ਜਾ ਬਿਲਕੁਲ ਸੀਮਿਤ ਜਿਹੀ ਖੁਲ੍ਹ ਦੇਵੇਗੀ।

ਹੁਣ ਮਸਲਾ ਪ੍ਰੈਸ (ਛਪਣ-ਛਾਪਣ-ਛਪਾਣ) ਦਾ ਵਿਚਾਰੀਏ। ਅੱਜ ਇਸ ਦਾ ਕੀ ਰੋਲ ਹੈ? ਪ੍ਰੈਸ ਸਾਡੇ ਲਈ ਲੁੜੀਂਦੇ ਭਾਵਾਂ ਨੂੰ ਉਭਾਰਦੀ ਹੈ ਜਾਂ ਪਾਰਟੀਆ ਦੇ ਨਿੱਜੀ ਸੁਆਰਥਾਂ ਨੂੰ ਪੂਰੇ ਕਰਦੀ ਹੈ । ਪਰ ਬਹੁਤੇ ਲੋਕਾਂ ਨੂੰ ਇਸ ਅਸਲੀਅਤ ਦਾ ਰੱਤੀ ਵੀ ਅਹਿਸਾਸ ਨਹੀਂ ਹੁੰਦਾ। ਪ੍ਰੈਸ ਸਾਡੀ ਘੋੜੀ ਹੈ ਤੇ ਅਸੀਂ ਆਪਣੀ ਇਸ ਘੋੜੀ ਨੂੰ ਸਖਤ ਲਗਾਮਾਂ ਪਾਵਾਂਗੇ, ਜੋ ਖਿੱਚੀ ਰਖਾਂਗੇ। ਇੱਹੀ ਵਿਹਾਰ ਅਸੀਂ ਪ੍ਰੈਸ ਦੇ ਬਾਕੀ ਅੰਗਾਂ ਨਾਲ ਕਰਾਂਗੇ। ਘੋੜੀ ਬਣਾਉਣ

Scanned with OKEN Scanner

ਦਾ ਕੀ ਫਾਇਦਾ ਜੇਕਰ ਸਾਡੇ ਹੀ ਵਿਰੁੱਧ ਪੁਸਤਕਾਂ, ਰਸਾਲੇ ਤੇ ਹੋਰ ਛਪ ਜਾਏ। ਛਪਣ-ਛਾਪਣ-ਛਪਾਉਣ ਦਾ ਕੰਮ ਅੱਜ ਬਹੁਤ ਮਹਿੰਗਾ ਹੈ ਪਰ ਅਸੀਂ ਇਸ ਉੱਪਰ ਹੋਰ ਸੈਂਸਰ ਠੋਕ ਕੇ ਆਮਦਨੀ ਦਾ ਵਸੀਲਾ ਬਣਾ ਲਵਾਂ ਗੇ। ਉਨਾਂ ਤੇ ਟੈਕਸ ਲਾਵਾਂਗੇ ਤੇ ਜ਼ਮਾਨਤਾਂ ਵਸੂਲਾਂ ਗੇ। ਕੁਤਾਹੀ ਕਰਨ ਤੇ ਜ਼ਮਾਨਤਾਂ ਜ਼ਬਤ ਕਰਾਂ ਗੇ ਅਤੇ ਬੇਤਰਸੀ ਨਾਲ ਭਾਰੀ ਜ਼ੁਰਮਾਨੇ ਠੋਕਾਂ ਗੇ। ਇਉਂ ਦੂਰ-ਪਰਚਾਰ ਤੋਂ ਸੁਰੱਖਿਆ ਅਤੇ ਸਰਕਾਰ ਨੂੰ ਧਨ ਮਿਲੇਗਾ। ਸਾਫ ਗੱਲ ਹੈ ਕਿ ਵਿਰੋਧੀ ਪਾਰਟੀਆਂ ਦੇ 'ਬੁਲਾਰੇ' ਛਾਇਆ ਨਹੀਂ ਹੋ ਸਕਣਗੇ ਤੇ ਦੂਸਰੀ ਵਾਰੀ ਕੁਤਾਹੀ ਕਰਨ ਤੇ ਅਸੀਂ ਉੱਕਾ ਬੰਦ ਕਰ ਦਿਆਂਗੇ। ਸਾਡੀ ਸਰਕਾਰ ਦੇ ਅਜਿੱਤ ਆਭਾ-ਮੰਡਲ ਤੇ ਉਂਗਲ ਨਹੀਂ ਧਰ ਸਕਣਗੇ। ਸਾਡੇ ਕੋਲ ਇਹ ਦੂਸ਼ਣ ਵੀ ਤਾਂ ਹੈ ਕਿ ਇਹ ਲਿਖਤ ਲੋਕ-ਰਾਏ ਨੂੰ ਦੂਸ਼ਿਤ ਕਰਦੀ ਹੈ। ਤੁਸੀਂ ਦੇਖੋਗੇ ਕਿ ਸਾਡੇ ਵਿਰੋਧੀ ਹੀ ਸਾਡੇ 'ਬੁਲਾਰੇ' ਬਣ ਜਾਣਗੇ ਅਤੇ ਉਨ੍ਹਾਂ ਮਸਲਿਆਂ ਦਾ ਹੀ ਵਿਰੋਧ ਕਰਨਗੇ ਜਿਨ੍ਹਾਂ ਨੂੰ ਬਦਲਣ ਦਾ ਅਸੀਂ ਪਹਿਲਾਂ ਹੀ ਮਨ ਬਣਾਇਆ ਹੋਇਆ ਹੋਵੇ। ਵਿਰੋਧੀ ਪ੍ਰੈਸ ਵੀ ਸਾਡੀ ਸੇਵਾ ਕਰੇਗੀ।

ਲੋਕਾਂ ਤੱਕ ਇੱਕ ਸੂਚਨਾ ਵੀ ਸਾਡੀ ਇੱਛਿਆ ਤੋ ਬਾਹਰ ਨਹੀਂ ਜਾਏਗੀ। ਸਾਰੀਆਂ ਮਹੱਤਵ ਪੂਰਨ ਸੂਚਨਾਵਾਂ ਸਾਡੀ ਮਾਲਕੀ ਵਾਲੀਆਂ ਏਜੰਸੀਆਂ ਵਿੱਚ ਇਕੱਤਰ ਹੋਣਗੀਆਂ ਤੇ ਸਾਡੀ ਇੱਛਿਆ ਅਤੇ ਹਿੱਤ ਅਨੁਸਾਰ ਛਾਇਆ ਹੋਣਗੀਆਂ।

ਅਸੀਂ ਗੋਇਮ ਲੋਕਾਂ ਦੇ ਮਨਾਂ ਨੂੰ ਪਹਿਲਾਂ ਹੀ ਏਨਾ ਕਾਬੂ ਕਰ ਲਿਆ ਹੋਇਆ ਹੈ ਕਿ ਉਨ੍ਹਾਂ ਦੀਆਂ ਅੱਖਾਂ ਤੇ ਆਪਣੀਆਂ ਐਨਕਾਂ ਚਾੜ੍ਹ ਦਿੱਤੀਆਂ ਹੋਈਆਂ ਹਨ ਤੇ ਉਨ੍ਹਾਂ ਨੂੰ ਉਹੀ ਕੁਝ ਦਿਖਾਈ ਦਿੰਦਾ ਹੈ ਜੋ ਕੁਝ ਅਸੀਂ ਚਾਹੁੰਦੇ ਹਾਂ। (ਸਾਵਣ ਦੇ ਅੰਨ੍ਹੇ ਨੂੰ ਸੱਭੇ ਕੁਝ ਹਰਾ ਦਿਖਾਈ ਦਿੰਦਾ ਹੈ, ਪੀਲੀਏ ਦੇ ਬੀਮਾਰ ਨੂੰ ਪੀਲਾ ਦਿਖਾਈ ਦਿੰਦਾ ਹੈ)। ਅੱਜ ਕੱਲ੍ਹ ਹੀ (1901 ਤੋ ਪਹਿਲਾਂ) ਗੋਇਮ ਲੋਕਾਂ ਦੀ ਕੋਈ ਗੱਲ ਸਾਥੋਂ ਗੁਪਤ ਨਹੀਂ ਹੈ ਤਾਂ ਅੰਦਾਜ਼ਾ ਲਗਾਉ ਕਿ ਜਦੋਂ ਸਾਰੀ ਦੁਨੀਆਂ ਉਪਰ ਸਾਡਾ ਬਾਦਸ਼ਾਹ ਰਾਜ ਕਰੇਗਾ ਤਾਂ ਉਨਾਂ ਦੀ ਕੀ ਹਾਲਾਤ ਹੋਵੇਗੀ ।

ਪ੍ਰੈਸ ਦੇ ਭਵਿੱਖ ਬਾਰੇ ਕੁਝ ਹੋਰ ਗੱਲਾਂ ਕਰ ਲਈਏ। ਹਰ ਕੋਈ ਜੋ ਪ੍ਰਕਾਸ਼ਕ, ਪੁਸਤਕ-ਪਾਲ (ਲਿਬਰੇਰੀਅਨ) ਜਾਂ ਛਾਪਕ ਬਣਨਾ ਚਾਹੁੰਦਾ ਹੋਵੇ, ਲਈ ਜਰੂਰੀ ਹੈ ਕਿ ਪਹਿਲਾਂ ਉਹ ਏਸੇ ਮਕਸਦ ਨੂੰ ਮੁਖ਼ ਰੱਖ ਕੇ ਸਾਡੇ ਹੀ ਖੋਲ੍ਹੇ ਅਦਾਰਿਆਂ ਵਿਚੋਂ ਸਿਖਲਾਈ ਲਵੇ ਅਤੇ ਪ੍ਰਮਾਣ-ਪੱਤਰ ਪ੍ਰਾਪਤ ਕਰੇ।ਉਹ ਜਦੋ ਕਦੇ ਵੀ ਕੋਈ ਕੋਤਾਹੀ ਕਰੇਗਾ, ਉਹ ਪ੍ਰਮਾਣ-ਪੱਤਰ ਜ਼ਬਤ ਕਰ ਲਿਆ ਜਾਵੇਗਾ। ਉਨ੍ਹਾਂ ਦੁਆਰਾ ਅਸੀਂ ਲੋਕਾਂ ਦੀ ਸਿੱਖਿਆ, ਖਿਆਲਾਂ ਅਤੇ ਸੋਚਾਂ ਤੇ ਕਾਬੂ ਪਾ ਲਵਾਂਗੇ, ਉਹ ਕਿਸੇ ਹੋਰ ਕਿਸਮ ਦੀ ਉੱਨਤੀ ਬਾਰੇ ਸੋਚ ਹੀ ਨਹੀਂ ਸਕਣਗੇ।

ਠੀਕ ਹੈ, ਉਨਤੀ ਦਾ ਅਰਥ ਹੈ, ਸਰਵ-ਪੱਖੀ ਵਿਕਾਸ਼। ਪਰ ਇਸ ਦੀ ਕੋਈ ਸੀਮਾ ਤਾਂ ਹੈ ਨਹੀ ? ਵਿਕਾਸ਼ ਹੀ ਫੇਰ ਅਰਾਜਕਤਾ ਨੂੰ ਜਨਮ ਦਿੰਦਾ ਹੈ ।

Scanned with OKEN Scanner
Scanned with OKEN Scanner

ਹਰ ਵਿਕਾਸ਼ਵਾਦੀ (ਉਦਾਰਵਾਦੀ) ਜਨਮ-ਸਿੱਧ ਅਰਾਜਕਤਾਵਾਦੀ ਹੁੰਦਾ ਹੈ। ਉਹ ਵਿਰੋਧ ਦੀ ਖਾਤਰ ਵਿਰੋਧ ਕਰੀ ਜਾਂਦਾ ਹੈ।

ਹੁਣ ਕੁਝ ਮਿਆਦੀ-ਪੱਤਰਕਾਵਾਂ (Periodicals) ਦੀ ਗੱਲ ਕਰ ਲਈਏ। ਇਨਾਂ ਤੇ ਵੀ ਬਰਾਬਰ ਕਰ ਲੱਗੇ ਗਾ ਅਤੇ ਜ਼ਮਾਨਤੀ ਰਕਮ ਵਸੂਲੀ ਜਾਏਗੀ। ਤੀਹ ਸਫੇ ਤੋ ਘੱਟ ਕਿਤਾਬਾਂ ਤੇ ਇਹ ਰਕਮਾਂ ਦੁਗਣੀਆ ਹੋਣਗੀਆ। ਅਸੀਂ ਇਨ੍ਹਾਂ ਨੂੰ ਕਿਤਾਬਚਿਆਂ ਦੀ ਮਦ ਵਿਚ ਰੱਖਾਂਗੇ। ਇਨ੍ਹਾਂ ਰਾਹੀਂ ਅਸੀਂ ਦੋ ਨਿਸ਼ਾਨੇ ਵਿਨ੍ਹਾਂ ਗੇ। ਪਹਿਲਾ, ਕਿ ਮੈਗਜ਼ੀਨ ਜੋ ਬਹੁਤ ਖਤਰਨਾਕ ਕਿਸਮ ਦੀ ਪਰਿੰਟ-ਜ਼ਹਿਰ ਹੈ, ਦੀ ਗਿਣਤੀ ਘਟਵਾਵਾਂ ਗੇ। ਦੂਸਰੇ, ਲੇਖਕਾਂ ਨੂੰ ਉਕਸਾਵਾਂ ਗੇ ਕਿ ਉਹ ਵੱਡੀਆ ਵੱਡੀਆ ਕਿਤਾਬਾਂ ਲਿਖਣ ਜੋ ਮਹਿੰਗੀਆਂ ਹੋਣ ਗੀਆਂ ਤੇ ਘੱਟ ਪੜ੍ਹੀਆਂ ਜਾਣ ਗੀਆਂ। ਜੋ ਅਸੀਂ ਛਾਪਾਂ ਗੇ , ਉਹ ਸਸਤਾ ਹੋਵੇਗਾ, ਵਧੇਰੇ ਪੜ੍ਹਿਆ ਜਾਵੇਗਾ ਤੇ ਲੋਕ-ਸੋਚ ਸਾਡੇ ਅਨੁਸਾਰ ਢਲੇ ਗੀ। ਟੈਕਸਾਂ ਅਤੇ ਜ਼ੁਰਮਾਨਿਆਂ ਨਾਲ ਲੇਖਕਾਂ ਦੀਆਂ ਅਸੀਮਤ ਲਿਖਣ ਦੀਆਂ ਅਕਾਂਖਸ਼ਾਵਾਂ ਤੇ ਰੁਚੀਆਂ ਸੀਮਤ ਰਹਿਣ ਗੀਆਂ। ਸਾਡੇ ਵੱਲੋ ਸਸਤਾ ਸਾਹਿਤ ਛਾਪਣ ਨਾਲ ਪਾਠਕ ਸਾਡੇ ਤੇ ਨਿਰਭਰ ਹੋਣਗੇ। ਜੇਕਰ ਕੋਈ ਲੇਖਕ ਸਾਡੇ ਵਿਰੁਧ ਸਿਰ ਚੁਕੇ ਗਾ ਤਾਂ ਉਸ ਨੂੰ ਕੋਈ ਛਾਪਕ ਨਹੀਂ ਮਿਲੇ ਗਾ। ਪ੍ਰਕਾਸ਼ਕਾਂ ਨੂੰ ਕੋਈ ਪੁਸਤਕ ਛਾਪਣ ਤੋਂ ਪਹਿਲਾਂ ਮੰਜ਼ੂਰੀ ਲੈਣੀ ਪਵੇ ਗੀ। ਇਵੇਂ ਸਾਡੇ ਵਿਰੁੱਧ ਕਿਸੇ ਚਲਾਕੀ ਜਾਂ ਛੜਯੰਤਰ ਦਾ ਸਾਨੂੰ ਪਹਿਲਾਂ ਹੀ ਪਤਾ ਲੱਗ ਜਾਏ ਗਾ।

ਸਾਹਿਤ ਅਤੇ ਪੱਤਰ-ਕਾਰਤਾ, ਸ਼ਿਕਸ਼ਾ ਦੇ ਦੋ ਮਹਾਨ ਥੰਮ ਹਨ ਪਰ ਇਨ੍ਹਾਂ ਤੇ ਸਾਡੀ ਸਰਕਾਰ ਦੀ ਮਾਲਕੀ ਹੋਵੇਗੀ। ਵਿਰੋਧੀ ਨਿੱਜੀ ਪ੍ਰੈਸ ਦੇ ਲੋਕ-ਮਨਾਂ ਤੇ ਅਸਰ ਨੂੰ ਖੰਡਿਤ ਕਰ ਦਿਆਂਗੇ ਤੇ ਆਪ ਲੋਕ ਮਨਾਂ ਦੇ ਸ਼ਹਿਨਸ਼ਾਹ ਬਣ ਬੈਠਾਂਗੇ।

ਵਿਰੋਧੀਆਂ ਦੇ ਦਸ ਪੱਤਰਾਂ ਨੂੰ ਆਗਿਆ ਦੇਣ ਦੇ ਮੁਕਾਬਲੇ ਉਪਰ ਅਸੀਂ ਆਪ ਉਵੇਂ ਦੇ ਹੀ ਤੀਹ ਛਾਪ ਦਿਆਂਗੇ ! ਹੱਕ, ਅਤੇ ਵਿਰੋਧ ਵਿੱਚ ਅਸੀਂ ਦਲੀਲਾਂ ਦਾ ਤਿੱਖਾ ਹੜ੍ਹ ਵਗਾ ਦਿਆਂਗੇ, ਲੋਕਾਂ ਨੂੰ ਅਤੇ ਵਿਰੋਧੀਆ ਨੂੰ ਭੰਵਲਭੂਸੇ ਵਿਚ ਪਾ ਦਿਆਂ ਗੇ ਤੇ ਉਨ੍ਹਾਂ ਨੂੰ ਆਪਣੇ ਜਾਲ਼ ਵਿਚ ਫਸਾ ਲਵਾਂ ਗੇ।

ਵਿਆਖਿਆ :- ਇਸ ਪ੍ਰੋਟੋਕੋਲ ਦੇ ਇਸ ਨਿਕੇ ਜਿਹੇ ਭਾਗ ਨੂੰ ਵਾਰ-ਵਾਰ ਪੜ੍ਹਨ ਅਤੇ ਡੂੰਘਾਈ ਨਾਲ ਸੋਚਣ-ਵਿਚਾਰਨ ਦੀ ਲੋੜ ਹੈ।

ਕਿੰਨੇ ਕਮਾਲ ਦਾ ਨਿਚੋੜ ਹੈ।

ਵਿਰੋਧੀਆਂ ਦੇ ਦਸ ਪੱਤਰਾਂ ਨੂੰ ਆਗਿਆ ਦੇਣ ਦੇ ਮੁਕਾਬਲੇ ਅਸੀਂ ਆਪ ਉਵੇਂ ਦੇ ਹੀ ਤੀਹ ਛਾਪ ਦਿਆਂਗੇ। ਹੱਕ ਅਤੇ ਵਿਰੋਧ ਵਿੱਚ ਅਸੀਂ ਦਲੀਲਾਂ ਦਾ ਤਿੱਖਾ ਹੜ੍ਹ ਵਗਾ ਦਿਆਂਗੇ, ਅਤੇ ਵਿਰੋਧੀਆਂ ਨੂੰ ਭੰਬਲਭੂਸੇ ਵਿੱਚ ਪਾ ਦਿਆਂਗੇ। ਤੇ ਆਪਣੇ ਜਾਲ ਵਿੱਚ ਫਸਾ ਲਵਾਂਗੇ।

ਉਂਜ ਇਸ ਪ੍ਰੋਟੋਕੋਲ ਦੇ ਸਾਰੇ ਪਹਿਰੇ ਪ੍ਰੈਸ ਬਾਰੇ ਹੀ ਹਨ। ਆਪਣੇ ਆਪ ਵਿੱਚ

Scanned with OKEN Scanner

ਆਸਾਨ ਵਿਆਖਿਆ ਹਨ।

ਅਨੁਵਾਦ :- ਆਪਣੇ ਬੁਲਾਰਿਆ ਨੂੰ ਤਿੰਨ ਲੜੀਆਂ ਵਿਚ ਵੰਡਾਂਗੇ ।ਪਹਿਲੇ, ਨਿਰੇ ਸਰਕਾਰੀ ਪੱਧਰ ਦੇ ਹੋਣਗੇ ਜੋ ਸਿੱਧੇ ਸਾਡੇ ਹਿੱਤਾਂ ਨੂੰ ਜ਼ੁਬਾਂ ਦੇਣਗੇ। ਬੇਸ਼ਕ ਉਨ੍ਹਾਂ ਦੀ ਸਰਕੂਲੇਸ਼ਨ ਅਤੇ ਅਸਰ ਘੱਟ ਹੋਵੇਗਾ । ਦੂਸਰੇ ਨੰਬਰ ਤੇ ਅਰਧ-ਸਰਕਾਰੀ ਬੁਲਾਰੇ ਹੋਣਗੇ ਜੋ ਥੋੜ੍ਹੇ ਭਿੰਨ ਅਤੇ ਥੋੜੇ ਗਰਮ-ਖਿਆਲੀਆਂ ਨੂੰ ਪ੍ਰਭਾਵਤ ਕਰਨਗੇ। ਤੀਸਰੇ ਨੰਬਰ ਤੇ ਐਸੇ ਬੁਲਾਰੇ ਛਾਪਾਂਗੇ ਜੋ ਅਖੌਤੀ ਤੌਰ ਤੇ ਸਾਡਾ ਹੀ ਵਿਰੋਧ ਕਰਨਗੇ। ਏਨਾ ਵਿਰੋਧ ਕਰਨਗੇ ਕਿ ਸਾਡੇ ਵਿਰੋਧੀ ਵੀ ਪ੍ਰਭਾਵਤ ਹੋ ਜਾਣਗੇ ਅਤੇ ਆਪਣੇ ਸਾਰੇ ਪੱਤੇ ਸਾਡੇ ਕੋਲ ਖੋਲ੍ਹ ਦੇਣਗੇ।

ਤੱਤਸਾਰ ਇਹ ਕਿ ਸੰਵਿਧਾਨਕ ਸੀਮਾਵਾਂ ਦੇ ਅੰਦਰ ਰਹਿ ਕੇ ਅਸੀਂ ਹਰ ਪ੍ਰਕਾਰ ਦੇ ਜਿਵੇਂ ਕਿ ਰਾਜ ਤੰਤਰੀ, ਕੁਲੀਨ-ਤੰਤਰੀ, ਲੋਕ-ਰਾਜੀ, ਇਨਕਲਾਬੀ ਏਥੋਂ ਤਕ ਕਿ ਅਰਾਜਕਤਾਵਾਦੀ ਅਖਬਾਰ ਛਾਪਾਂਗੇ ।

ਭਾਰਤੀ ਅਵਤਾਰ ਵਿਸ਼ਨੂੰ ਵਾਂਗ ਸਾਡੇ ਇਕ ਸੌ ਹੱਥ ਹੋਣਗੇ ਯਾਨੀ ਪੰਜ ਸੌ ਉਂਗਲਾਂ ਹੋਣਗੀਆਂ। ਹਰ ਇਕ ਉਂਗਲ ਕਿਸੇ ਨਾ ਕਿਸੇ ਲੋਕ-ਰਾਏ ਦੀ ਧੜਕਨ ਤੇ ਰੱਖੀ ਹੋਵੇਗੀ। ਧੜਕਨ ਵਧੇਗੀ ਤਾਂ ਮਰੀਜ਼ ਦੀ ਨਿਸ਼ਾਨ-ਦੇਹੀ ਹੋ ਜਾਏ ਗੀ। ਕੁਦਰਤੀ ਗੱਲ ਹੈ ਕਿ ਮਰੀਜ਼ ਦੀ ਨਿਰਨਾ ਕਰਨ ਦੀ ਸ਼ਕਤੀ ਘਟ ਜਾਂਦੀ ਹੈ। ਸਾਡੇ ਨਿਰਨਾਇਕ ਹੱਥ ਉਸ ਨੂੰ ਅਸਾਨੀ ਨਾਲ ਆਪਣੇ ਨਿਰਨਿਆਂ ਦੀ ਤਰਫ ਵਲ ਲੈ ਆਉਣਗੇ। ਮਰੀਜ਼ ਅਸਾਨੀ ਨਾਲ ਹਾਰ ਮੰਨ ਲਏਗਾ। ਮੂਰਖ ਲੋਕ ਜੋ ਸਮਝਗੇ ਕਿ ਆਪਣੇ ਅਖਬਾਰਾਂ ਦੀ ਰਾਏ ਮੰਨ ਰਹੇ ਹਨ, ਅਸਲ ਵਿਚ ਉਹ ਸਾਡੀ ਰਾਏ ਨੂੰ ਹੀ ਆਪਣੀ ਸਮਝ ਕੇ ਦੁਹਰਾ ਰਹੇ ਹੋਣਗੇ । ਉਨਾਂ ਨੇ ਆਪਣਾ ਸਮਝ ਕੇ ਸਾਡਾ ਹੀ ਝੰਡਾ ਪਕੜਿਆ ਹੋਇਆ ਹੋਏਗਾ ।

ਦਿਸ਼ਾ ਨਿਰਦੇਸ਼ਾਂ ਦੀ ਬਹੁਤ ਬਾਰੀਕੀ ਨਾਲ ਘੋਖ ਪੜਤਾਲ ਕਰਕੇ ਹੀ ਅਖਬਾਰੀ ਸੈਨਾ ਦੀ ਪੱਥ-ਪਰਦਰਸ਼ਨਾ ਕਰਾਂ ਗੇ ।ਪ੍ਰੈਸ ਦੇ ਹੀ ਅਖੌਤੀ ਕੇਂਦਰੀ ਵਿਭਾਗ ਦੇ ਅੰਤਰਗਤ ਸਾਹਿਤਕ-ਸਮੇਲਨ ਕਰਾਂਗੇ । ਸਮੇਲਨਾਂ ਵਿਚ ਕੀ ਵਿਚਾਰਿਆ ਜਾਣਾ ਹੈ, ਦਾ ਸੰਕੇਤਕ ਨਾਅਰਾ ਗੁਪਤ ਰੂਪ ਵਿਚ ਅਸੀਂ ਹੀ ਦਿਆਂਗੇ। ਇਨ੍ਹਾਂ ਸਮੇਲਨਾਂ ਵਿਚ ਵਿਚਾਰੇ ਗਏ ਇਕ-ਪਾਸੜ ਜਾਂ ਸਵੈ-ਵਿਰੋਧੀ ਵਿਸ਼ਿਆਂ ਦਾ ਵਰਨਣ ਆਪਣੇ ਬੁਲਾਰਿਆਂ (Organs) ਵਿਚ ਐਸੇ ਰੂਪ 'ਚ ਕਰਾਂਗੇ ਕਿ ਵਿਸ਼ੇ ਦਾ ਅਸਲ ਸੱਚ ਸਾਹਮਣੇ ਆਏ ਹੀ ਨਾ ਤੇ ਝੂਠੇ-ਮੂਠੇ ਵਿਰੋਧਾ-ਭਾਸ ਤੇ ਤਕਰਾਰ ਹੀ ਸਾਹਮਣੇ ਆਉਣ ਜਿਨ੍ਹਾਂ ਨੂੰ ਮਾੜਾ-ਮੋਟਾ ਤ੍ਰੋੜ-ਮ੍ਰੋੜ ਕੇ ਅਸੀਂ ਆਪਣੇ ਸਰਕਾਰੀ ਆਦੇਸ਼ਾਂ ਦੀ ਐਸੀ ਪਾਣ ਚਾੜ੍ਹ ਦੇਈਏ ਕਿ ਕਿਸੇ ਹੋਰ ਢੰਗ ਨਾਲ ਇਹ ਸੰਭਵ ਹੀ ਨਾ ਹੋ ਸਕੇ । ਨਾਲੇ ਪ੍ਰੈਸ ਦੀ ਆਜ਼ਾਦੀ ਦਾ ਭਰਮ-ਭੁਲੇਖਾ ਵੀ ਬਣਿਆ ਰਹੇਗਾ ।ਅਸੀਂ ਅਸਾਨੀ ਨਾਲ ਸਾਬਤ ਕਰ ਸਕਾਂਗੇ ਕਿ ਸਾਡੇ ਵਿਰੋਧੀ ਫੋਕੇ-ਧੂਤੇ ਹੀ ਹਨ ਅਤੇ ਸਾਡੇ ਹੁਕਮ ਉੱਕਾ ਹੀ ਕਿਸੇ ਕਿਸਮ ਦੇ ਇਤਰਾਜ਼ਯੋਗ ਨਹੀਂ ਹਨ। ਇੱਹੋ ਜਿੱਹੇ ਸੰਮੇਲਨ ਖਤਰੇ ਤੋਂ ਖਾਲੀ ਨਹੀਂ ਪਰ ਸਾਵਧਾਨੀ ਵਰਤਾਂਗੇ ਤਾਂ ਲੋਕ-ਵਿਸ਼ਵਾਸ ਸਾਡੀ ਸਰਕਾਰ ਵਿਚ ਹੋਰ

Scanned with OKEN Scanner

ਵਧੇਗਾ। ਸਿਆਸੀ ਪ੍ਰਸ਼ਨਾ ਤੇ ਲੋਕ ਮਨਾਂ ਨੂੰ ਦੂਸ਼ਿਤ ਕਰਨ ਲਈ ਅਸੀਂ ਸਾਵਧਾਨੀ ਸਹਿਤ ਏਨਾ ਘਚੋਲਾ ਪਾਵਾਂਗੇ ਕਿ ਅਸਲ 'ਸੱਚ' ਕਿਧਰੇ ਦੱਬਿਆ ਹੀ ਰਹਿ ਜਾਏਗਾ। ਇਹ ਘਤੱਤ-ਬਾਜ਼ੀਆਂ ਗੋਇਮ ਪ੍ਰੈਸ ਲਈ ਸੰਭਵ ਹੀ ਨਹੀਂ ਹਨ। ਲੋੜ ਪੈਣ ਤੇ ਅਸੀਂ ਆਪਣੀ ਪ੍ਰੈਸ ਦੇ ਦੂਸਰੇ ਭਾਗ, (ਅਰਧ-ਸਰਕਾਰੀ) ਰਾਹੀਂ ਉਠਾਏ ਮਸਲਿਆਂ ਦੀ ਆਪ ਹੀ ਤੀਸਰੇ ਭਾਗ ਰਾਹੀਂ ਬੇਫਿਰਕ ਆਲੋਚਨਾ ਕਰਾਂਗੇ ਤੇ ਲੋਕ ਫਤਵਾ ਆਪਣੇ ਹੱਕ ਵਿਚ ਭੁਗਤਾ ਲਵਾਂ ਗੇ ।

ਵਰਤਮਾਨ ਦਿਨਾਂ (1901 ਤੋ ਪਹਿਲਾਂ ਪਹਿਲਾਂ) ਵਿੱਚ ਤੁਸੀਂ ਕੇਵਲ ਫਰਾਂਸੀਸੀ ਪ੍ਰੈਸ ਦੀ ਉਦਾਹਰਨ ਲੈ ਲਉ । ਸਾਡੇ ਹਥਲਿਆਂ, ਫਰੀ-ਮੇਸਨਜ਼, ਵਿਚਕਾਰ ਇਸ ਸੰਕੇਤਕ ਨਾਅਰੇ (Watch -Word) ਤੇ ਖੂਭ ਏਕਾ ਹੈ ਕਿ ਕਿੱਤਾ-ਮਈ ਗੁਪਤਤਾ ਕਰਕੇ ਪ੍ਰੈਸ ਦੇ ਸਾਰੇ ਬੁਲਾਰਿਆ ਵਿਚ ਏਕਾ ਹੈ, ਕਿ ਸਾਰਿਆ ਦੀ ਇਕ ਰਾਏ ਬਣਨ ਤਕ ਕਿ ਗੁਪਤਤਾ ਨੂੰ ਨਸ਼ਰ ਕਰਨਾ ਹੈ ਕਿ ਨਹੀ, ਆਪਣੀ ਸੂਚਨਾ ਦੇ ਸਾਧਨਾਂ ਨੂੰ ਪੂਰਨ ਗੁਪਤ ਰੱਖਿਆ ਜਾ ਰਿਹਾ ਹੈ। ਕੋਈ ਪੱਤਰਕਾਰ ਗੁਪਤਤ੍ਰਾ ਦੇ ਭੇਤ ਨੂੰ ਨਸ਼ਰ ਨਹੀਂ ਕਰੇ ਗਾ। ਕੋਈ ਇਉਂ ਕਰਨ ਦੀ ਹਿੰਮਤ ਕਰੇ ਗਾ ਤਾਂ ਉਸ ਦੇ ਆਪਣੇ ਜੀਵਨ ਦੇ ਕਾਲੇ-ਧੱਬਿਆਂ ਨੂੰ ਨਸ਼ਰ ਕਰ ਦਿੱਤਾ ਜਾਵੇਗਾ। ਹਾਂ, ਜਦੋ ਤਕ ਕਿਸੇ ਪੱਤਰਕਾਰ ਦੇ ਆਪਣੇ ਕਾਲੇ-ਧੱਬੇ ਨਸ਼ਰ ਨਹੀਂ ਹੋਏ ਹੁੰਦੇ, ਲੋਕ ਅਤੇ ਭੀੜ ਉਸ ਦਾ ਮਾਣ ਕਰਦੇ ਹਨ ਤੇ ਉਸ ਦੇ ਮਗਰ ਲਗਦੇ ਹਨ ।

ਆਪਣੀਆਂ ਗਿਣਤੀਆਂ-ਮਿਣਤੀਆਂ ਨੂੰ (ਛੋਟੇ ਛੋਟੇ) ਰਾਜਾਂ ਵਿੱਚ ਵਿਸ਼ੇਸ ਤੌਰ ਤੇ ਅਮਲੀ ਜਾਮਾ ਪਹਿਨਾਇਆ ਜਾਵੇਗਾ। ਅਸੀਂ ਲੋਕਾਂ ਵਿੱਚ ਐਸੀਆਂ ਆਸ਼ਾਵਾਂ ਤੇ ਭਾਵਨਾਵਾਂ ਉਭਾਰੀਏ ਜਿਨ੍ਹਾਂ ਸਦਕੇ ਰਾਜਧਾਨੀਆ ਨੂੰ ਹੜੱਪ ਲਈਏ। ਫੇਰ ਰਾਜਧਾਨੀਆ ਨੂੰ ਦੱਸੀਏ ਕਿ ਇਹ ਤਾਂ ਲੋਕਾਂ ਦੀਆਂ ਆਪਣੀਆਂ ਆਜ਼ਾਦ ਆਸ਼ਾਵਾਂ ਤੇ ਭਾਵਨਾਵਾਂ ਸਨ। ਅਸੀਂ ਤਾਂ ਕੇਵਲ ਅਮਲ ਕੀਤਾ ਹੈ। ਦੋਵਾਂ ਤਰਾਂ ਸਾਡਾ ਹੀ ਗੁਪਤ ਹੱਥ ਕੰਮ ਕਰ ਰਿਹਾ ਹੋਵੇ ਗਾ, ਬਹੁ-ਸੰਮਤੀ ਦਾ ਪ੍ਰਬੰਧ ਕਰ ਰਿਹਾ ਹੋਵੇਗਾ, ਰਾਜ ਦਾ ਦੇਸ਼ ਤੇ ਦਬਾਅ ਬਣਾ ਰਿਹਾ ਹੋਵੇਗਾ, ਬਹੁ- ਸੰਮਤੀ ਦਾ ਰਾਜਾਂ ਤੇ ਮਨੋਵਿਗਿਆਨਕ ਦਬਾਅ ਬਣਾ ਰਿਹਾ ਹੋਵੇ ਗਾ ।

ਬਦਲਾਅ ਦੇ ਪੜਾਵਾ ਵਿਚੋ ਲੰਘ ਕੇ ਜਦੋਂ ਅਸੀਂ ਨਿਰੰਕੁਸ਼ ਸੱਤਾ ਪ੍ਰਾਪਤ ਕਰ ਲਵਾਂਗੇ ਤਾਂ ਪ੍ਰੈਸ ਨੂੰ ਕਤਈ ਆਗਿਆ ਨਹੀਂ ਦਿਆਂਗੇ ਕਿ ਉਹ ਲੋਕਾਂ ਪ੍ਰਤੀ ਕਿਸੇ ਛਲਾਵੇ ਬਾਰੇ, ਕਿਸੇ ਅਪਰਾਧੀ ਬਾਰੇ, ਮਨੋ-ਬੈਚੇਨੀ ਬਾਰੇ ਛਾਪੇ। ਸਗੋਂ ਇਹ ਛਾਪੇ ਕਿ ਸਾਡਾ ਰਾਜ ਅਪਰਾਧ-ਮੁਕਤ ਹੈ ।

ਪ੍ਰੋਟੋਕੋਲ 13

ਵਿਕਟਰ ਮਾਰਸਡਨ ਵਲੋਂ ਤੱਤਸਾਰ :-

ਜੀਵਨ ਨਿਰਬਾਹ ਲਈ ਹਰ ਇੱਕ ਨੂੰ ਰੁਜ਼ਗਾਰ ਦੀ ਲੋੜ ਹੁੰਦੀ ਹੈ।

ਰੁਜ਼ਗਾਰ ਲਈ ਉਦਯੋਗ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਉਦਯੋਗ ਪਤੀ ਸਰਮਾਏ

Scanned with OKEN Scanner

ਲਈ ਸਾਡੀਆਂ ਸ਼ਰਤਾਂ ਮੰਨਣਗੇ। ਉਦਯੋਗਪਤੀਆਂ ਅਤੇ ਕਾਮਿਆਂ ਦਾ ਭੇੜ ਲਗਾਤਾਰ ਕਰਵਾਈ ਰੱਖਾਂਗੇ।

Protocol :13

ਅਨੁਵਾਦ :- ਢਿੱਡ ਦੇ ਝੁਲਕੇ ਕਰਕੇ ਲੋਕ ਚੁਪ-ਚਾਪ ਸਾਡੇ ਗੁਲਾਮ ਬਣੇ ਰਹਿਣਗੇ। ਅਸੀਂ ਗੋਇਮ ਲੋਕਾਂ ਵਿਚੋਂ ਵੀ ਪ੍ਰੈਸ ਵਿਚ ਕੰਮ ਕਰਨ ਦੇ ਰੁਜ਼ਗਾਰ ਲਈ ਕੁਝ ਪੱਤਰ-ਕਾਰ ਚੁਣਾਂਗੇ। ਉਨ੍ਹਾਂ ਕੋਲੋਂ ਅਸੀਂ ਉਹੋ ਜਿਹੇ ਵਿਚਾਰਾਂ ਦਾ ਪ੍ਰਗਟਾਵਾ ਕਰਵਾਵਾਂ ਗੇ ਜੋ ਅਸੀਂ ਖੁਦ ਅਧਿਕਾਰਤ ਤੌਰ ਤੇ ਖੁਲ੍ਹਮਖੁਲ੍ਹਾ ਨਹੀਂ ਕਰ ਸਕਦੇ ਅਤੇ ਆਪਣਾ ਅਧਿਕਾਰਤ ਸੱਚ ਉਨਾਂ ਰਾਹੀਂ ਹੀ ਮਨਵਾਵਾਂ ਗੇ। ਅਧਿਕਾਰਤ ਸੱਚ ਇੱਕ ਵਾਰੀ ਮਨਵਾਏ ਜਾਣ ਮਗਰੋਂ ਉਸ ਨੂੰ ਚੁਨੌਤੀ ਦੇਣ ਦੀ ਕਿਸੇ ਨੂੰ ਹਿੰਮਤ ਨਹੀਂ ਕਰਨ ਦਿਆਂ ਗੇ। ਝੱਟ ਮਗਰੋਂ ਅਸੀਂ ਨਵੇਂ ਮਸਲਿਆਂ ਤੇ ਵਿਚਾਰ-ਵਟਾਂਦਰਾ ਸ਼ੁਰੂ ਕਰਵਾ ਦਿਆਂਗੇ। (ਇਹੋ ਜਿਹੀ ਸਿਖਲਾਈ ਦੇਣ ਵਿਚ ਅਸੀਂ ਮਾਹਿਰ ਹਾਂ ਹੀ) ਨਵੇਂ ਮਸਲਿਆਂ ਵਿੱਚ ਉਨ੍ਹਾਂ ਸਮਝਹੀਣ ਜਿਉਂਤਿਸ਼ੀਆਂ ਤੇ ਸੰਪਤੀ-ਏਜੰਟਾਂ ਨੂੰ ਪਾਵਾਂਗੇ ਜਿਨ੍ਹਾਂ ਨੂੰ ਇਨ੍ਹਾ ਵਿਸ਼ਿਆਂ ਬਾਰੇ ਉੱਕਾ ਹੀ ਕੋਈ ਜਾਣਕਾਰੀ ਨਹੀਂ ਹੋਏਗੀ । ਸਿਆਸੀ ਮਸਲਿਆਂ ਬਾਰੇ ਉਹ ਕੀ ਜਾਨਣ ? ਇਹ ਜਾਣਕਾਰੀ ਕੇਵਲ ਸਾਡੇ ਕੋਲ ਹੋਏਗੀ, ਜੋ ਇਸ ਦੇ ਜਨਮ ਦਾਤੇ ਹਾਂ । ਅਸੀਂ ਸ਼ਬਦ-ਜਾਲ ਉਨਣਾਉਂਦੇ ਹਾਂ, ਕਾਰਜ ਕੋਈ ਨਹੀਂ ਕਰਨ ਦਿੰਦੇ।ਇਹ ਸਾਡਾ ਉਸਾਰਿਆ ਭਰਮਜਾਲ ਹੈ ਪਰ ਲੋਕ ਸਮਝਦੇ ਹਨ ਕਿ ਅਸੀਂ ਉਨ੍ਹਾਂ ਦੇ ਸੇਵਕ ਹਾਂ ਤੇ ਉਨਾਂ ਦੀ ਉੱਨਤੀ ਲਈ ਕੰਮ ਕਰਦੇ ਹਾਂ ।

ਸਿਆਸੀ ਸੁਆਲਾਂ ਦੀ ਥਾਂ ਅਸੀਂ ਉਦਯੋਗ ਸੰਬੰਧੀ ਮਸਲੇ ਉਠਾਉਂਦੇ ਹਾਂ। ਲੋਕ ਵੀ ਹੋਰ ਸਾਰੇ ਮਸਲੇ ਛੱਡ ਕੇ ਉਦਯੋਗ ਵਿਚ ਰੁਜ਼ਗਾਰ ਲੱਭਣ ਦੇ ਮਸਲੇ ਵਲ, ਖਿੱਚੇ ਜਾਂਦੇ ਹਨ। ਅਸੀਂ ਹੋਰ ਵੀ ਉਨਾਂ ਨੂੰ ਮਨ-ਪ੍ਰਚਾਵਿਆਂ, ਖੇਡਾਂ, ਭਾਵਨਾਤਮਕ ਤੇ ਲੋਕ-ਮਹਿਲਾਂ ਦੇ ਸੁਪਨੇ ਦਿਖਾਵਾਂ ਗੇ। ਛੇਤੀ ਮਗਰੋਂ ਪ੍ਰੈਸ ਰਾਹੀਂ ਅਸੀਂ ਸੁਝਾਵਾਂ ਗੇ ਕਿ, ਕਲਾ ਅਤੇ ਖੇਡਾਂ ਵਿਚ ਮੁਕਾਬਲੇ ਕਰਵਾਏ ਜਾਣ। ਲੋਕ ਆਪਣੀ ਕੋਈ ਸਾਂਝੀ ਰਾਏ ਨਹੀਂ ਬਣਾ ਸਕਣ ਗੇ। ਸਾਡੇ ਸੁਝਾਵਾਂ ਵਿਚ ਪਰਚੇ ਰਹਿਣ ਗੇ। ਲੋਕਾਂ ਨੂੰ ਬਹਿਸ ਕਰਨ ਲਈ ਮੁੱਦਿਆਂ ਦੀ ਲੋੜ ਸਦਾ ਰਹਿੰਦੀ ਹੈ। ਉਹ ਅਸੀਂ ਸੁਝਾਵਾਂ ਗੇ। ਉਹ ਬਹਿਸ ਕਰਕੇ ਆਪਣਾ ਭਾਵਾ- ਨਿਕਾਸ ਕਰਨ ਗੇ।

ਹੌਲੀ-ਹੌਲੀ ਉਦਾਰਵਾਦੀਆਂ ਅਤੇ ਸੁਪਨ-ਸਾਜਾਂ ਦਾ ਸਮਾਂ ਵਿਹਾ ਜਾਏਗਾ। ਉਹ ਲੋਕਾ ਨੂੰ ਉੱਨਤੀ ਦੇ ਸੁਪਨੇ ਦਿਖਾਈ ਜਾਣਗੇ । ਅੰਤ ਸਮਝ ਆਏਗੀ ਕਿ ਪਰਮ੍ਹ ਸੱਚ ਇਹ ਹੈ ਕਿ ਉੱਨਤੀ ਨਾਮ ਦੀ ਕੋਈ ਚੀਜ਼ ਨਹੀਂ ਹੁੰਦੀ । ਇਹ ਤਾਂ ਸੱਚ ਤੇ ਪਾਇਆ ਧੁੰਦੂਕਾਰੇ ਦਾ ਜੰਜਾਲ ਹੈ। ਅਸੀਂ ਅਤੇ ਕੇਵਲ ਅਸੀਂ ਜੋ ਰੱਬ ਦੇ ਚੁਣੇ ਹੋਏ ਪਸੰਦੀਦਾ ਵਿਅਕਤੀ ਹਾਂ, ਨੂੰ ਹੀ ਉੱਨਤੀ ਦੇ ਪਰਮ ਸੱਚ ਦੀ ਜਾਣਕਾਰੀ ਹੋਏ ਗੀ।

ਜਦੋਂ ਅਸੀਂ ਆਪਣਾ ਰਾਜ ਸਥਾਪਤ ਕਰ ਲਵਾਂਗੇ ਤਾਂ ਸਾਡੇ ਬੁਲਾਰੇ ਉਨ੍ਹਾਂ ਮਹਾਨ

Scanned with OKEN Scanner
Scanned with OKEN Scanner

ਸਮੱਸਿਆਵਾਂ ਦਾ ਪਾਜ ਉਘੇੜਨ ਗੇ ਜਿਨ੍ਹਾਂ ਨੇ ਇਨਸਾਨ ਨੂੰ ਸਿਰ-ਭਾਰ ਲਟਕਾਈ ਰੱਖਿਆ ਹੋਇਆ ਸੀ ਅਤੇ ਇਨਸਾਨ ਨੂੰ ਸਾਡੇ ਕੋਲੋਂ ਹੀ ਰਾਹਤ ਮਿਲਣੀ ਸੀ ।

ਉਦੋਂ ਕੌਣ ਸ਼ੱਕ ਕਰਨ ਦੀ ਹਿੰਮਤ ਕਰੇਗਾ ਕਿ ਉਨ੍ਹਾਂ ਦੇ ਅਖੌਤੀ ਰਹਿਨੁਮਾਂ ਸਾਡੇ ਹੀ ਪੜ੍ਹਾਏ ਹੋਏ ਤੋਤੇ ਸਨ ਜੋ ਸਦੀਆਂ ਭਰ ਉਨ੍ਹਾਂ ਨੂੰ ਗੁਮਰਾਹ ਕਰਦੇ ਰਹੇ ਸਨ ।

ਪ੍ਰੋਟੋਕੋਲ 14

ਤੱਤਸਾਰ :- ਨਵਾਂ ਵਿਸ਼ਵੀ ਨੇਮ, ਇਕ ਵਿਸ਼ਵ-ਸਰਕਾਰ ਅਤੇ ਇੱਕ ਵਿਸ਼ਵੀ-ਧਰਮ ਇੱਕ ਦੂਜੇ ਦੇ ਪੂਰਕ ਹੋਣਗੇ। ਅਸੀਂ ਉਸ ਧਰਮ ਨੂੰ ਵਿਸ਼ਵ ਧਰਮ ਬਣਾਂਵਾਗੇ ਜੋ ਐਲਾਨ ਕਰਦਾ ਹੈ ਕਿ ਅਸੀਂ ਰੱਬ ਦੇ ਚੁਨਿੰਦਾ ਲੋਕ ਹਾਂ। ਤੇ ਸਾਡਾ ਹੀ ਦੁਨੀਆਂ ਦੇ ਰਾਜ ਅਤੇ ਧਨ ਤੇ ਇੱਕ ਮਾਤਰ ਕਬਜ਼ਾ ਹੋਣਾ ਬਣਦਾ ਹੈ।

Protocol : 14

ਅਨੁਵਾਦ :- ਜਦੋਂ ਅਸੀਂ ਦੁਨੀਆਂ ਤੇ ਆਪਣਾ ਰਾਜ ਸਥਾਪਤ ਕਰ ਲਵਾਂਗੇ ਤਾਂ ਇਹ ਗੱਲ ਬੜੀ ਅਸੁਖਾਵੀਂ ਹੋਵੇ ਗੀ ਕਿ ਸਾਡੇ ਧਰਮ ਤੋਂ ਬਿਨਾਂ ਕੋਈ ਧਰਮ ਵੀ ਪਨਪ ਰਿਹਾ ਹੋਵੇ ।ਸਾਡੇ ਧਰਮ ਨੇ ਹੀ ਸਾਨੂੰ ਰੱਬ ਦੇ ਚੋਣਵੇਂ ਬੰਦੇ ਹੋਣ ਦਾ ਅਤੇ ਦੁਨੀਆ ਦੇ ਸ਼ਹਿਨਸ਼ਾਹ ਹੋਣ ਦਾ ਖਿਤਾਬ ਦਿੱਤਾ ਹੋਇਆ ਹੈ, ਜਿਸ ਨਾਲ ਬਾਕੀ ਦੁਨੀਆ ਦੀ ਹੋਣੀ ਵੀ ਬੱਝੀ ਹੋਈ ਹੋਵੇਗੀ ।

ਹੋਰ ਹਰ ਕਿਸਮ ਦੇ ਵਿਸ਼ਵਾਸ ਨੂੰ ਅਸੀ ਹੂੰਝਾ ਫੇਰ ਦਿਆਂਗੇ । ਇਉਂ ਹੋਣ ਨਾਲ ਨਾਸਤਿਕਾਂ ਦੇ ਉਭਾਰ ਦੀ ਵੀ ਸੰਭਾਵਨਾ ਹੈ, ਜੋ ਕਿ ਅੱਜ ਕੱਲ ਹੋ ਵੀ ਰਿਹਾ ਹੈ । ਭਾਵੇਂ ਕਿ ਇਹ ਅਸਥਾਈ ਵਰਤਾਰਾ ਹੀ ਹੋਵੇਗਾ । ਇਹ ਵਰਤਾਰਾ ਸਾਡੇ ਲਈ ਚਿਤਾਵਨੀ ਵੀ ਹੋਵੇਗਾ। ਬੇਸ਼ੱਕ ਅਸੀਂ ਹੀ ਉਹ ਲੋਕ ਹਾਂ ਜਿਹੜੇ ਹਜ਼ਰਤ ਮੂਸਾ ਦੇ ਅਨੁਆਈ ਹਾਂ, ਪਰਚਾਰਕ ਹਾਂ ਅਤੇ ਜਿਨ੍ਹਾਂ ਨੇ ਏਸੇ ਕਰਕੇ ਹੀ ਸਾਰੀ ਸ੍ਰਿਸ਼ਟੀ ਨੂੰ ਆਪਣੇ ਰਾਜ ਅਧੀਨ ਲਿਆਉਣਾ ਹੈ ਅਤੇ ਲਿਆਂਦਾ ਹੈ ਵੀ। ਅਸੀਂ ਇਸ ਦੀ ਅਲੌਕਿਕਤਾ ਤੇ ਜ਼ੋਰ ਦੇਕੇ ਆਖਾਂਗੇ ਕਿ ਏਸੇ ਤੇ ਇਸ ਦੀ ਤਾਲੀਮੀ ਸ਼ਕਤੀ ਨਿਰਭਰ ਹੈ ।....

ਅਸੀਂ ਐਸੇ ਲੇਖ ਛਾਪਾਂਗੇ ਜਿਨ੍ਹਾਂ ਵਿਚ, ਭੂਤ ਕਾਲ ਦੇ ਗੋਇਮ ਕੁਰਾਜਾਂ ਅਤੇ ਸਾਡੇ ਸੁਰਾਜਾਂ ਦਾ ਵਿਮੋਚਨ ਕਰਾਂਗੇ । ਆਪਣੇ ਰਾਜ ਦੇ ਸਕੂਨ ਭਰੇ ਸਮੇਂ ਨੂੰ ਸਲਾਹਵਾਂਗੇ (ਭਾਵੇ. ਇਹ ਅਸਥਿਰ ਸਕੂਨ ਸਦੀਆਂ ਦੇ ਸੰਘਰਸ਼ ਅਤੇ ਬਦਅਮਨੀ ਪਿਛੋਂ ਮਿਲਿਆ ਹੋਵੇ) ਅਤੇ ਗੋਇਮ ਰਾਜਾਂ ਦੇ ਜ਼ੁਲਮ ਨੂੰ ਏਨਾ ਵਧਾ ਚੜ੍ਹਾ ਕੇ ਪੇਸ਼ ਕਰਾਂਗੇ ਕਿ ਲੋਕ ਉਨ੍ਹਾਂ ਦੇ ਵਿਮੁਕਤ ਸਮੇਂ ਨੂੰ ਨਫਰਤ ਕਰਨਗੇ ਅਤੇ ਸਾਡੇ ਸਮੇਂ ਵਿਚਲੀ ਗਰੀਬੀ ਨੂੰ ਵੀ ਸੁਖ ਭਰਿਆ ਸਮਾਂ ਸਮਝਣ ਗੇ। ਅਸੀਂ ਸਾਬਤ ਕਰਾਂ ਗੇ ਕਿ ਗੋਇਮ ਰਾਜਾਂ ਨੇ, ਮਨੁਖ ਜਾਤੀ ਨੂੰ ਤਸੀਹੇ ਦਿੱਤੇ ਅਤੇ ਜੀਵਨ

Scanned with OKEN Scanner
Scanned with OKEN Scanner

ਜੀਉਣ ਦੇ ਸਾਧਨਾ ਨੂੰ ਬੁਰੀ ਤਰਾਂ ਲੁਟਿਆ ਹੈ । ਸਰਕਾਰ ਬਦਲਣ ਦੇ ਸਮੇਂ ਤਕ ਲੋਕਾਂ ਨੂੰ ਸੰਘਰਸ਼ਾਂ ਵਿਚ ਏਨਾ ਥਕਾ ਦਿਆਂਗੇ, ਤੋੜ ਦਿਆਂਗੇ, ਬੇਬੱਸ ਕਰ ਦਿਆਂਗੇ ਕਿ ਉਹ ਸਾਡੇ ਰਾਜ ਵਿਚ ਦੁੱਖ ਝੱਲਣ ਨੂੰ ਵੀ ਤਰਜੀਹ ਦੇਣਗੇ । ਬਸ਼ਰਤੇ ਕਿ ਉਨ੍ਹਾਂ ਨੂੰ ਜੀਊਣ ਦੀ ਗਰੰਟੀ ਮਿਲ ਜਾਏ ।

ਇਸ ਦੇ ਨਾਲ ਨਾਲ ਅਸੀਂ ਗੋਇਮ ਸਰਕਾਰਾਂ ਦੀਆਂ ਉਨ੍ਹਾਂ ਇਤਿਹਾਸਕ ਗਲਤੀਆਂ ਤੇ ਹੋਰ ਜ਼ੋਰ ਦਿਆਂਗੇ ਜਿਨ੍ਹਾਂ ਕਾਰਨ ਲੋਕਾਂ ਨੇ ਅਥਾਹ ਦੁਖ ਸਹੇ ਅਤੇ ਜੋ ਉਨ੍ਹਾਂ ਨੇ ਅਸਲ ਲੋਕ ਭਲਾਈ ਦੀ ਬੇਸਮਝੀ ਕਰਕੇ ਅਤੇ ਆਪਣੇ ਸਨਕੀ-ਪੁਣੇ ਕਰਕੇ ਕੀਤੀਆਂ ਅਤੇ ਜਿਨ੍ਹਾਂ ਨੇ ਇਨਸਾਨੀ ਜਿੰਦਗੀ ਦੇ ਮੂਲ ਅਧਾਰ ਅਰਥਾਤ ਵਿਸ਼ਵੀ ਸੁਖਦ-ਸੰਬੰਧਾਂ ਨੂੰ ਅਮਲ ਵਿਚ ਨਾ ਆਉਣ ਦਿੱਤਾ।

ਅਸੀਂ ਮਰ ਰਹੇ ਅਤੇ ਮਰ ਚੁਕੇ ਨਿਜ਼ਾਮ ਖਿਲਾਫ ਲੋਕ-ਨਫਰਤ ਨੂੰ ਹੋਰ ਉਭਾਰਾਂਗੇ।

ਆਪਣੇ ਦਾਰਸ਼ਨਿਕਾਂ ਰਾਹੀ ਅਸੀਂ ਗੋਇਮ ਧਰਮਾਂ ਦੀਆ ਕਮੀਆਂ ਕੁਰੀਤੀਆਂ ਨੂੰ ਤਾਂ ਖੂਬ ਭੰਡਾਂਗੇ ਪਰ ਸਾਥੋਂ ਬਿਨਾਂ ਕੋਈ ਹੋਰ ਸਾਡੇ ਧਰਮ ਦੇ ਭੇਦਾਂ ਨੂੰ ਨਹੀਂ ਜਾਣ ਸਕੇਗਾ । ਇਨ੍ਹਾਂ 'ਧਾਰਮਕ ਭੇਦਾਂ' ਨੂੰ ਨਸ਼ਰ ਕਰਨ ਦੀ ਸਾਨੂੰ ਵੀ ਆਗਿਆ ਨਹੀਂ ਹੋਵੇਗੀ ।

ਉੱਨਤ ਅਤੇ ਜਾਗਰਤ ਜਾਣੇ ਜਾਂਦੇ ਦੇਸ਼ਾ ਅੰਦਰ ਅਸੀਂ ਆਪ ਹੀ ਸਮਤਹੀਣ, ਗੰਦਾ ਅਤੇ ਨਫਰਤ-ਯੋਗ ਸਾਹਿਤ ਪੈਦਾ ਕਰ ਦਿਆਂਗੇ । ਫੇਰ ਅਸੀਂ ਆਪ ਹੀ ਵੱਡੇ ਵੱਡੇ ਪਲੈਟ ਫਾਰਮਾਂ ਤੋ ਅਤੇ ਬੁਲਾਰਿਆਂ ਰਾਹੀਂ ਏਸ ਦਾ ਵਿਰੋਧ ਕਰਾਂਗੇ ।

ਗੋਇਮ ਲੋਕਾਂ ਦੇ ਨੇਤਾ ਬਣਨ ਦੀ ਸਿਖਲਾਈ ਅਤੇ ਮੁਹਾਰਤ ਪ੍ਰਾਪਤ ਕਰ ਚੁੱਕੇ ਸਾਡੇ ਸੁਲਝੇ ਹੋਏ ਬੁਧੀਜੀਵੀ (Wisemen) ਐਸੇ ਭਾਸ਼ਣ, ਖਾਕੇ, ਤਜਵੀਜ਼ਾਂ, ਯਾਦਾਂ , ਲੇਖ ਆਦਿ ਤਿਆਰ ਕਰਨਗੇ ਜਿਨ੍ਹਾਂ ਦੇ ਇਸਤੇਮਾਲ ਨਾਲ ਅਸੀਂ ਗੋਇਮ ਲੋਕ-ਮਨਾਂ ਨੂੰ ਪ੍ਰਭਾਵਤ ਵੀ ਕਰਾਂਗੇ ਅਤੇ ਆਪਣੇ ਪ੍ਰੀਭਾਸ਼ਿਤ ਗਿਆਨ-ਰੂਪਾਂ ਨੂੰ ਉਨ੍ਹਾਂ ਦੀ ਸਮਝ ਦਾ ਹਿੱਸਾ ਬਣਨ ਪ੍ਰਤੀ ਦਿਸ਼ਾ ਨਿਰਦੇਸ਼ਤ ਵੀ ਕਰਾਂਗੇ ।

ਪ੍ਰੋਟੋਕੋਲ 15 ਦਾ ਤੱਤਸਾਰ :- ਇਕ ਦਿਨ ਸਾਰੀ ਦੁਨੀਆਂ ਵਿੱਚ ਸਾਡੇ ਪੱਖੀ ਇਨਕਲਾਬ ਮਚੇਗਾ। ਗੋਇਮ ਵਿਰੋਧੀਆਂ ਨੂੰ ਫਾਂਸੀਆਂ ਤੇ ਲਟਕਾਇਆ ਜਾਏਗਾ। ਸਾਡੀ ਤਾਨਾਸ਼ਹੀ ਸਹਿਮ-ਭਰੀ ਤੇ ਭੇਤ-ਭਰੀ ਹੋਏਗੀ। ਸਾਡੀਆਂ ਗੁਪਤ ਸੰਸਥਾਵਾਂ ਧਰਤੀ ਦੇ ਚੱਪੇ-ਚੱਪੇ ਵਿਚ ਛਾ ਜਾਣਗੀਆਂ ਜਿਨ੍ਹਾਂ ਦਾ ਇਕ ਕੇਂਦਰ ਵੀ ਹੋਏਗਾ। ਜਿਸ ਦੀ ਪਥ-ਪਰਦਰਸ਼ਨਾਂ ਅਧੀਨ ਉਹ ਕਾਰਜ ਕਰਨਗੀਆਂ। ਲੋਕ ਵਿਸ਼ਵਾਸ ਜਿੱਤਣ ਲਈ ਅਸੀਂ ਆਪਣੇ ਵਫਾਦਾਰ ਪਰ ਬਦਨਾਮ ਹੋ ਚੁੱਕੇ ਏਜੰਟਾਂ ਨੂੰ ਵੀ ਸਰ੍ਹੇਆਮ ਫਾਂਸੀਆਂ ਤੇ ਲਟਕਾਵਾਂਗੇ। ਨਿਆਂ ਪਾਲਿਕਾ ਦੇ ਜੱਜਾਂ ਨੂੰ ਅਖੌਤੀ ਤੌਰ 'ਤੇ ਨਿਰਕੁੰਸ਼ ਕਿਸਮ ਦੇ ਅਧਿਕਾਰ ਦਿਆਂਗੇ। ਜੱਜਾਂ ਦੀ ਫਾਰਗੀ ਦੀ

Scanned with OKEN Scanner

ਉਮਰ ਤੈਅ ਕਰਾਂਗੇ। ਆਪਣੇ ਵਿਸ਼ਵੀ ਬਾਦਸ਼ਾਹ ਨੂੰ ਬਚਿੱਤਰ ਤੇ ਅੰਤਰਜਾਮੀ ਪੈਗੰਬਰੀ ਸ਼ਕਤੀ ਦਾ ਬਿੰਬ ਬਣਾਵਾਂਗੇ ......।

Protocol : 15

ਵਰਤਮਾਨ ਸਮੇਂ ਦੇ ਸਾਰੇ ਦੇ ਸਾਰੇ ਸਰਕਾਰੀ ਰੂਪਾਂ ਦੇ ਨਿਰਾਰਥਕ ਹੋਣ ਤੋਂ ਬਾਅਦ ਅਤੇ ਉਨ੍ਹਾਂ ਦੇ ਤਖਤੇ ਇਕੋ ਦਿਨ,ਇਕੋ ਸਮੇਂ ਪਲਟ ਜਾਣ ਤੋ ਬਾਅਦ; ਸਾਡਾ ਆਪਣੀ ਬਾਦਸ਼ਾਹਤ ਵਿਚ ਆਉਣਾ ਬਿਲਕੁਲ ਤੈਅ ਹੈ। ਸਾਡੇ ਰਾਜ ਨੂੰ ਸਭ ਪਾਸਿਆਂ ਤੋਂ ਯਕੀਨਨ ਮਾਨਤਾ ਮਿਲੇਗੀ । (ਸਮਾਂ ਤਾਂ ਲੱਗੇ ਗਾ ਹੀ, ਲਗ-ਭਗ ਇਕ ਸਦੀ ਵੀ ਲੱਗ ਸਕਦੀ ਹੈ) ਆਪਣੇ ਰਾਜ ਵਿਚ ਵਿਰੋਧੀ ਸਾਜਸ਼ਾਂ ਨੂੰ, ਹਥਿਆਰਬੰਦ ਬਗਾਬਤਾਂ ਨੂੰ, ਵਿਰੋਧੀ ਗੁਪਤ ਗਠਬੰਧਨਾਂ ਨੂੰ ਬੁਰੀ ਤਰਾਂ ਕੁਚਲ ਦਿਆਂਗੇ। ਪ੍ਰਚੱਲਤ ਗਠ-ਬੰਧਨ ਜਿਨ੍ਹਾਂ ਨੇ ਸਾਡੀ ਸੇਵਾ ਵੀ ਕੀਤੀ ਹੋਵੇ ਤੇ ਜਿਨ੍ਹਾ ਨੂੰ ਅਸੀਂ ਜਾਣਦੇ ਵੀ ਹੋਈਏ, ਨੂੰ ਵੀ ਤੋੜ ਦਿਆਂ ਗੇ ਅਤੇ ਸੰਚਾਲਕਾਂ ਨੂੰ ਯੂਰਪ ਤੋਂ ਦੁਰਾਡੇ ਦੇਸ਼ਾਂ ਵਿਚ ਦੇਸ਼-ਨਿਕਾਲੇ ਦੇ ਦਿਆਂ ਗੇ। ਹਮਾਇਤੀ ਗੋਇਮ-ਫਰੀ-ਮੇਸਨਜ਼ ਨੂੰ ਦੇਸ਼ ਨਿਕਾਲੇ ਦੇ ਸਦਾ ਡਰ ਵਿਚ ਰੱਖਾਂਗੇ। ਐਸੇ ਕਾਨੂੰਨ ਬਣਾਵਾਂਗੇ ਕਿ ਆਪਣੀਆਂ ਹੀ ਸਾਬਕਾ ਗੁਪਤ ਸਭਾਵਾਂ ਦੇ ਗੋਇਮ ਮੈਬਰਾਂ ਨੂੰ ਯੂਰਪ, ਜੋ ਕਿ ਸਾਡੇ ਰਾਜ ਦਾ ਮੁਖ ਧੁਰਾ ਹੋਵੇਗਾ, ਵਿਚੋਂ ਕਦੇ ਵੀ ਦੇਸ਼-ਨਿਕਾਲਾ ਦਿੱਤਾ ਜਾ ਸਕੇ ।

ਸਾਡੇ ਫੈਸਲੇ ਆਖਰੀ ਹੋਣ ਗੇ, ਕੋਈ ਅਪੀਲ ਨਹੀਂ ਹੋ ਸਕੇਗੀ ।

ਗੋਇਮ ਸਭਾਵਾਂ ਵਿਚ ਅਸੀਂ ਡੂੰਘੀ ਫੁਟ ਅਤੇ ਵਿਰੋਧ ਪੈਦਾ ਕਰ ਦਿੱਤਾ ਹੈ। ਸ਼ਾਂਤੀ ਤਾਂ ਹੀ ਬਣ ਸਕਦੀ ਹੈ ਜੇਕਰ ਅੰਨ੍ਹੇ, ਹਿੰਸਕ ਅਤੇ ਬੇਕਿਰਕ ਤਸ਼ੱਦਦ ਨਾਲ ਉਨ੍ਹਾਂ ਨੂੰ ਦਬਾ ਦਿਤਾ ਜਾਵੇ । ਭਵਿਖ ਦੀ ਖੁਸ਼ਹਾਲੀ ਨੂੰ ਮੁਖ ਰੱਖ ਕੇ ਹਾਰੇ ਹੋਏ ਲੋਕਾਂ ਨੂੰ ਕੋਈ ਥਾਂ, ਕੋਈ ਮਾਣ ਨਾ ਦਿੱਤਾ ਜਾਵੇਗਾ। ਸਰਕਾਰਾਂ ਦੀ ਹੋਂਦ ਦੀ ਕਾਇਮੀ ਬਚਾਅ ਅਤੇ ਬਿਹਤਰੀ ਵਾਸਤੇ ਇਹੋ ਜਿਹੀਆਂ ਕੁਰਬਾਨੀਆਂ ਹੁੰਦੀਆਂ ਹੀ ਹਨ। ਰਾਜ ਦੀ ਸਥਿਰਤਾ ਦਾ ਵਿਚਲਾ ਭੇਦ ਹੈ ਕਿ ਸ਼ਕਤੀ ਦੇ ਆਭਾ-ਮੰਡਲ ਨੂੰ ਬਣਾਈ ਰੱਖਣ ਲਈ ਬੇਕਿਰਕ ਸ਼ਕਤੀ ਦੀ ਵਰਤੋਂ ਕੀਤੀ ਜਾਵੇ ਅਤੇ ਪੇਸ਼ ਇਉਂ ਕੀਤਾ ਜਾਵੇ ਕਿ ਇਹ ਰੱਬ ਦੀ ਅਲੌਕਿਕਤਾ ਦੀ ਚੋਣ ਹੈ । ਸ੍ਰਿਸਟੀ ਦੇ ਪੋਪਵਾਦੀਆਂ (ਈਸਾਈਅੱਤ) ਵਿਚੋਂ ਰੂਸ ਦੀ ਰਾਜ ਸ਼ਾਹੀ ਯਾਨੀ ਰੂਸੀ ਜ਼ਾਰ ਸਾਡੇ ਸੱਭ ਤੋ ਵੱਡੇ ਅਤੇ ਗੰਭੀਰ ਦੁਸ਼ਮਣ ਹਨ (ਜਿਨ੍ਹਾ ਨਾਲ ਨਜਿਠਣਾ ਹੀ ਨਜਿਠਣਾ ਹੈ)। ਸਾਨੂੰ ਇਟਲੀ ਦੀ ਉਦਾਹਰਨ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਇਟਲੀ ਦੇ ਸੂਲਾ (Sulla) ਨੇ ਆਪਣੀ ਬੇਕਿਰਕ ਸ਼ਕਤੀ ਨਾਲ ਇਟਲੀ ਨੂੰ ਲਹੂ-ਲੁਹਾਣ ਕਰ ਦਿਤਾ ਸੀ, ਪਰ ਉਸ ਦਾ ਇਕ ਲੂੰਅ ਤਕ ਨਾ ਛੇੜਿਆ ਗਿਆ। ਜਦੋਂ ਉਹ ਵਾਪਸ ਆਇਆ ਤਾਂ ਘੜਿਆਲ ਵਜਾ ਵਜਾ ਕੇ ਉਸ ਦਾ ਸੁਆਗਤ ਕੀਤਾ ਗਿਆ ਕਿਉਂਕਿ ਲੋਕਾਂ ਵਿਚ ਉਸ ਦੀ ਅਲੌਕਿਕ ਸ਼ਕਤੀ ਦਾ ਲੋਹਾ ਮੰਨ ਹੋ ਚੁਕਿਆ ਹੋਇਆ ਸੀ। ਲੋਕ ਉਸ ਵਲ ਉਂਗਲ ਤਕ ਨਹੀਂ ਉਠਾਉਦੇ ਜੋ ਆਪਣੇ ਮਨ ਦੀ ਸ਼ਕਤੀ ਨਾਲ ਸੰਮੋਹਨ ਕਰ ਲੈਂਦਾ ਹੈ ਭਾਵੇਂ ਉਹ ਕਿਨਾ ਵੀ ਜ਼ਾਲਮ ਹੋਏ।

Scanned with OKEN Scanner

ਆਪਣੇ ਰਾਜ ਨੂੰ ਪੱਕਾ ਕਰਨ ਤੋਂ ਪਹਿਲਾਂ ਪਹਿਲਾਂ ਅਸੀਂ ਕੁਝ ਉਲਟ ਕਾਰੇ ਕਰਾਂਗੇ ਕਿ ਅਸੀਂ ਫਰੀ-ਮੇਸਨੀ ਲਾਜਜ਼ (ਗੁਪਤ ਸੰਸਥਾ ਦਾ ਨਾਮ) ਸਾਰੀ ਦੁਨੀਆਂ ਵਿੱਚ ਉਸਾਰਾਂ ਗੇ, ਕਿ ਲੋਕਾਂ ਵਿੱਚ ਅਸਰ-ਰਸੂਖ ਰੱਖਣ ਵਾਲਿਆਂ ਨੂੰ ਉਨ੍ਹਾਂ ਵਿਚ ਭਰਤੀ ਕਰਾਂਗੇ, ਕਿ ਇਨ੍ਹਾਂ ਨੂੰ ਹੀ ਆਪਣੀ ਜਸੂਸੀ ਤੇ ਪ੍ਰਭਾਵ ਦੇ ਅੱਡੇ ਬਣਾਵਾਂਗੇ। ਇਹ ਲਾਜਾਂ (ਗੁਪਤ ਸੰਸਥਾ) ਸਾਡੇ ਵਿਵੇਕਸ਼ੀਲ ਵਡੇਰਿਆ (Learned Elders) ਦੀ ਬਹੁਤ ਹੀ ਗੁਪਤ ਕੇਂਦਰੀ ਸੰਸਥਾ ਦੇ ਅਧੀਨ ਕੰਮ ਕਰਨਗੀਆਂ। ਲਾਜਾਂ ਦੇ ਮੈਂਬਰ ਆਪਣੇ ਸੰਚਾਲਕਾਂ ਨੂੰ ਗੁਪਤ ਵੀ ਰੱਖਣ ਗੇ ਅਤੇ ਉਨਾਂ ਦੇ ਹੁਕਮਾਂ ਨਾਅਰਿਆਂ (Watchword) ਅਤੇ ਪ੍ਰੋਗਰਾਮਾਂ ਨੂੰ ਲਾਗੂ ਵੀ ਕਰਨਗੇ। ਸਾਰੇ ਇਨਕਲਾਬੀਆਂ ਅਤੇ ਆਜ਼ਾਦ ਸੋਚਵਾਨਾਂ ਦੀਆ ਡੋਰਾਂ ਨੂੰ ਇਨਾਂ ਲਾਜਾਂ ਦੀ ਲੜੀ ਵਿਚ ਪ੍ਰੋ ਦਿਆਂ ਗੇ। ਇਨ੍ਹਾਂ ਵਿਚ ਹਰ ਵਰਗ ਦੇ ਲੋਕ ਸ਼ਾਮਲ ਹੋ ਸਕਣਗੇ। ਸਿਆਸੀ ਸਾਜਸ਼ਾਂ ਦੀਆਂ ਸਾਰੀਆਂ ਦੀਆਂ ਸਾਰੀਆਂ ਤਾਰਾਂ ਮੁੱਢੋਂ ਸੁੱਢੋਂ ਇਨ੍ਹਾਂ ਦੇ ਹੱਥ ਵਿਚ ਹੋਣ ਗੀਆਂ। ਇਸ ਦੇ ਮੈਂਬਰਾਂ ਵਿਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੁਲੀਸ ਦੇ ਕਰਮਚਾਰੀ ਵੀ ਸ਼ਾਮਲ ਹੋਣਗੇ ਕਿਉਂਕਿ ਉਨ੍ਹਾਂ ਰਾਹੀਂ ਅਸੀਂ ਗੁਪਤ ਵੀ ਰਹਿ ਸਕਾਂਗੇ ਅਤੇ ਦੁਸ਼ਮਣ ਦੀ ਗੁਪਤਤਾ ਦਾ ਅਤੇ ਬਦ-ਅਮਨੀ ਵਾਲੀਆਂ ਥਾਵਾਂ ਦਾ ਭੇਤ ਵੀ ਮਿਲਦਾ ਰਹੇਗਾ।

ਗੁਪ੍ਤ ਸਭਾਵਾਂ ਵਿਚ ਉਹ ਲੋਕ ਭਰਤੀ ਕਰਾਂਗੇ ਜੋ ਹਾਜ਼ਰ-ਜਵਾਬ, ਅਕਾਂਕਸ਼ਣੀ ਅਤੇ ਆਮ ਤੌਰ ਤੇ ਗੈਰ-ਗੰਭੀਰ ਹੋਣ। ਇਹੋ ਜਿਆਂ ਨਾਲ ਵਿਵਹਾਰ ਕਰਨਾ ਵੀ ਸੌਖਾ ਹੈ ਅਤੇ ਆਪਣੀ ਸੰਸਥਾ ਬੰਦ ਕਰਨੀ ਵੀ ਸੌਖੀ ਹੈ। ਵਿਰੋਧੀ ਅੰਦੋਲਨ ਹੁੰਦਾ ਹੈ ਤਾਂ ਭਾਵ ਹੈ ਕਿ ਲੋਕਾਂ ਵਿੱਚ ਏਕਾ ਹੈ, ਜਿਸ ਨੂੰ ਹਿੱਲ-ਜੁੱਲ ਨਾਲ ਤੋੜਨਾ ਹੈ। ਵਿਰੋਧੀ ਸਾਜਸ਼ਾਂ ਵੀ ਰਚ ਹੋਣ ਪਰ ਇਨ੍ਹਾਂ ਦਾ ਮੁਖੀ ਸਾਡਾ ਆਪਣਾ ਵਿਸ਼ਵਾਸ਼ ਪਾਤਰ ਹੋਵੇ। ਫਰੀ ਮੇਸਨਜ਼ (ਗੁਪਤ ਸੰਸਥਾ) ਦੀਆਂ ਕਾਰਜ-ਵਿਧੀਆਂ ਕੇਵਲ ਅਸੀਂ ਹੀ ਚਲਾਂ ਸਕਦੇ ਹਾਂ ਕਿਉਕਿ ਅਸੀਂ ਅਤੇ ਕੇਵਲ ਅਸੀਂ ਹੀ ਜਾਣਦੇ ਹਾਂ ਕਿ ਇਨ੍ਹਾਂ ਦੀ ਅਗਵਾਈ ਕਿਵੇਂ ਕਰਨੀ ਹੈ ਅਤੇ ਕਿਸ ਮੰਜ਼ਿਲ ਤਕ ਲੈ ਕੇ ਜਾਣਾ ਹੈ। ਨੀਤੀ ਅਤੇ ਸੁਭਾਅ ਵਜੋਂ ਗੋਇਮ ਇਹ ਕੁਝ ਕਰ ਹੀ ਨਹੀਂ ਸਕਦੇ ਹਨ ।

ਗੋਇਮ ਵੀ ਸਾਡੀਆਂ ਗੁਪਤ ਸਫਾਂ ਵਿਚ ਭਰਤੀ ਹੁੰਦੇ ਹਨ । ਉਨ੍ਹਾਂ ਦਾ ਮਕਸਦ ਹੁੰਦਾ ਹੈ ਕਿ ਲੋਕ-ਮਸਲਿਆਂ ਨੂੰ ਮੂੰਹ-ਮਾਰਨ, ਕਿ ਲੋਕ ਉਨ੍ਹਾਂ ਦੇ ਭਾਸ਼ਣ ਸੁਣਨ, ਬੇਬੁਨਿਆਦੀ ਵਿਚਾਰਾਂ ਵਲ ਧਿਆਨ ਦੇਣ ਤੇ ਸ਼ਾਬਾਸ਼ ਦੇਣ। ਅਸੀਂ ਉਨ੍ਹਾਂ ਨੂੰ, ਇੱਹੋ ਜਿੱਹੇ ਮੌਕੇ ਦਿੰਦੇ ਹਾਂ। ਉਹ ਸ਼ੇਖਚਿੱਲੀ ਬਣਦੇ ਹਨ ਅਤੇ ਸਾਡੇ ਵਿਚਾਰਾਂ ਨੂੰ ਨਿਰੋਲ ਆਪਣੇ ਸਮਝ ਕੇ ਖੂਬ ਪ੍ਰਚਾਰ ਕਰਦੇ ਹਨ।ਨਿੱਕੀ ਜਿੰਨੀ ਸਫਲਤਾ ਨਾਲ ਉਹ ਆਪਣਾ ਆਪ ਭੁਲ ਜਾਂਦੇ ਹਨ ਅਤੇ ਨਿੱਕੀ ਜਿੰਨੀ ਹੋਰ ਕਾਮਯਾਬੀ ਦੀ ਆਸ ਨਾਲ ਉਹ ਸਾਡੇ ਗੁਲਾਮ ਹੀ ਬਣ ਬੈਠਦੇ ਹਨ, ਤੇ ਹਰ ਕੁਰਬਾਨੀ ਲਈ ਤਿਆਰ ਹੋ ਜਾਂਦੇ ਹਨ। ਇਸ ਮਨੋਵਿਗਿਆਨਕ ਕਮਜ਼ੋਰੀ ਕਰਕੇ ਇਛਿਤ ਦਿਸ਼ਾ ਵਲ ਨਕੇਲ ਖਿੱਚੀ ਜਾ ਸਕਦੀ ਹੈ। ਇਨ੍ਹਾਂ ਸ਼ੇਰਾਂ ਵਿਚ ਭੇਡਾਂ ਦੀ ਆਤਮਾ ਹੁੰਦੀ ਹੈ, ਸਿਰ ਪੂਰੇ ਦੇ ਪੂਰੇ ਪਾਰਦਰਸ਼ੀ। ਵਿਅਕਤੀ ਨੂੰ ਸਮੂਹ ਵਿਚ ਸਮੋਣਾਂ (ਵਿਅਕਤੀ ਨੂੰ ਡੀ-ਕਲਾਸ ਕਰਨਾਂ) ਦੇ ਖਿਆਲ ਰੂਪੀ ਘੋੜੇ ਤੇ ਸਵਾਰ ਹੋ ਉਹ ਮਨ-ਪਰਚਾਵਾ ਕਰਦੇ ਰਹਿਣ।

Scanned with OKEN Scanner

ਉਨ੍ਹਾਂ ਨੂੰ ਇਹ ਸਮਝ ਆ ਹੀ ਨਹੀਂ ਸਕਦੀ ਕਿ ਵਿਅੱਕਤੀ ਨੂੰ ਕੁਦਰਤ ਦੇ ਅਸੂਲ ਅਨੁਸਾਰ ਸਮੂਹ ਵਿਚ ਸਮੋਇਆ ਹੀ ਨਹੀਂ ਜਾ ਸਕਦਾ ਭਾਵ ਕਿ ਡੀ-ਕਲਾਸ ਕੀਤਾ ਹੀ ਨਹੀਂ ਜਾ ਸਕਦਾ। ਕੁਦਰਤ ਨੇ ਹਰ ਇਕ ਯੂਨਿਟ ਨੂੰ ਭਿੰਨ-ਭਿੰਨ ਪੈਦਾ ਕੀਤਾ ਹੈ ਤੇ ਕੁਝ ਦੀ ਖਿਲਾਫ-ਵਰਜ਼ੀ ਚਲ ਨਹੀਂ ਸਕਦੀ ।

ਜੇਕਰ ਅਸੀਂ ਉਨ੍ਹਾਂ ਨੂੰ ਅੰਧ ਵਿਸ਼ਵਾਸ ਤੇ ਮੂਰਖਤਾ ਦੀ ਇਸ ਨਿਵਾਣ ਤਕ ਲੈ ਆਂਦਾ ਹੈ ਤਾਂ ਕੀ ਇਹ ਉਘੜਵਾਂ ਸਬੂਤ ਨਹੀਂ ਕਿ ਗੋਇਮ ਲੋਕਾਂ ਦੀ ਅਕਲ 'ਘਾਹ ਚਰਨ' ਗਈ ਹੋਈ ਹੈ । (ਮੁਕਾਬਲਤਨ ਅਕਲ ਕਿੰਨੀ ਨਿਘਰ ਚੁਕੀ ਹੈ) ਇਹ ਸਾਡੀ ਕਾਮਜਾਬੀ ਦਾ ਸਬੂਤ ਹੈ; ਸਾਡੇ ਵਿਵੇਕਸ਼ੀਲ ਵਡੇਰੇ ਕਿਨੇ ਦੂਰ-ਅੰਦੇਸ਼ ਸਨ ਕਿ ਮਨੋਰਥ ਦੀ ਪ੍ਰਾਪਤੀ ਕਰਨੀ ਹੀ ਹੈ ਭਾਵੇਂ ਕੋਈ ਹਰਵਾ ਵਰਤਿਆ ਜਾਵੇ ਅਤੇ ਕੋਈ ਕੁਰਬਾਨੀ ਲਈ-ਦਿੱਤੀ ਜਾਵੇ। ਅਸੀਂ ਆਪਣੇ ਸ਼ਿਕਾਰਾਂ ਦੀ ਗਿਣਤੀ ਹੀ ਨਹੀਂ ਕਰ ਸਕੇ, (ਭਾਵੇਂ ਕੁਝ ਬੰਦੇ ਆਪਣੇ ਵੀ ਕੁਰਬਾਨ ਕਰਨੇ ਪਏ) ਪਰ ਗੋਇਮ ਬੀਜ਼ ਦੇ ਨਾਸ਼ ਲਈ ਅਸੀਂ ਉਨ੍ਹਾਂ ਨੂੰ ਉਸ ਥਾਂ ਤੇ ਪਹੁੰਚਾ ਦਿੱਤਾ ਹੈ ਜਿਸ ਦਾ ਉਨ੍ਹਾਂ ਨੂੰ ਸੁਪਨੇ ਵਿੱਚ ਵੀ ਕਿਆਸ ਨਾ ਹੋਇਆ ਹੋਵੇ ਗਾ। ਗਿਣਤੀ ਵਿਚ ਮੁਕਾਬਲਤਨ ਕਿਤੇ ਘੱਟ ਵਿਅਕਤੀ ਗੁਆਏ ਹੋਣ ਕਰਕੇ ਅਸੀਂ ਆਪਣੀ ਕੌਮ ਅਤੇ ਕੌਮੀਅਤ ਨੂੰ ਤਬਾਹ ਹੋਣੋਂ ਬਚਾ ਲਿਆ ਹੈ। ਹਰ ਇੱਕ ਨੇ ਅੰਤ ਮਰਨਾ ਤਾਂ ਹੈ ਹੀ। ਚੰਗਾ ਹੈ ਕਿ ਆਪਣੇ ਆਪ ਨਾਲੋਂ ਉਨ੍ਹਾਂ ਨੂੰ ਵਧੇਰੇ ਮਾਰੀਏ ਜੋ ਸਾਡੇ ਰਾਹ ਦੇ ਰੋੜੇ ਬਣਨ। ਅਸੀਂ ਆਪਣੇ ਹੀ ਏਜੰਟਾਂ, ਫਰੀ ਮੇਸਨਜ਼, ਨੂੰ ਵੀ ਮੌਤ ਦੇ ਘਾਟ ਉਤਾਰਦੇ ਹਾਂ। ਪਰ ਮਜ਼ਾਲ ਹੈ ਕਿ ਇਸ ਦਾ ਭੇਤ ਮੋਜ਼ਲੂਮ ਤਕ ਨੂੰ ਵੀ ਸਮਝ ਲੱਗੇ। ਹਾਂ, ਨੇੜਲੇ ਭਾਈਚਾਰੇ ਨੂੰ ਤਾਂ ਪਤਾ ਹੁੰਦਾ ਹੀ ਹੈ ਪਰ ਇਹੋ ਜਿਹੀ ਮੌਤ ਦੇਖ ਕੇ ਉਹ ਵੀ ਸਾਡਾ ਕਦੇ ਵਿਰੋਧ ਨਹੀਂ ਕਰਨਗੇ। ਇਉਂ ਫਰੀ ਮੇਸਨਜ ਵਿਚੋਂ ਕਿਸੇ ਕਿਸਮ ਦੇ ਵਿਰੋਧ ਦੀ ਜੜ੍ਹ ਨੂੰ ਅਸੀਂ ਮੁੱਢੋਂ ਹੀ ਪੁਟ ਛੱਡਿਆ ਹੈ। ਅਸੀਂ ਮੁਕਤੀ-ਆਜ਼ਾਦੀ ਦਾ ਪਰਚਾਰ ਕਰਦੇ ਹਾਂ ਪਰ ਇਹ ਪਰਚਾਰ ਕੇਵਲ, ਗੋਇਮ ਲੋਕਾਂ ਲਈ ਹੁੰਦਾ ਹੈ। ਸਾਡੇ ਆਪਣੇ ਲੋਕ ਅਤੇ ਸਾਡੇ ਏਜੰਟ ਪਹਿਲੇ ਵਾਂਗ ਹੀ ਹੁਕਮਾਂ ਦੇ ਬੱਝੇ ਅਧੀਨ ਹੁੰਦੇ ਹਨ।

ਆਪਣੇ ਪ੍ਰਭਾਵ ਨਾਲ ਅਸੀਂ ਗੋਇਮ ਲੋਕਾਂ ਦੇ ਸਿਧਾਂਤਾਂ-ਕਾਨੂੰਨਾਂ ਨੂੰ ਨਿਰਾਰਧਕ ਕਰ ਦਿੱਤਾ ਹੈ। ਉਨਾਂ ਦੇ ਸਿਧਾਂਤਾਂ-ਕਾਨੂੰਨਾਂ ਨੂੰ ਉਦਾਰ, ਨਰਮ ਅਤੇ ਬਹੁ-ਦਿਸ਼ਾਵੀ ਵਿਆਖਿਆ ਦੇ ਕੇ ਨਸ਼ਟ ਕਰ ਦਿੱਤਾ ਹੈ। ਵਿਸ਼ੇਸ਼ ਅਤੇ ਮੂਲ-ਸਿਧਾਂਤਕ ਮਸਲਿਆਂ ਉਪਰ, ਜੱਜਾਂ ਦੇ ਫੈਸਲੇ ਉਹੀ ਹੁੰਦੇ ਹਨ ਜੋ ਸਾਡੇ ਵਲੋਂ ਗੁਪਤ ਤੋਰ ਤੇ ਆਦੇਸ਼ਤ ਹੁੰਦੇ ਹਨ। ਸੈਨੇਟਰ ਅਤੇ ਰਾਜ ਪਾਲਿਕਾ ਦੇ ਮੈਂਬਰ ਵੀ ਸਾਡੀ ਸਲਾਹ ਉਪਰ ਚਲਦੇ ਹਨ। ਗੋਇਮ ਲੋਕ ਤਾਂ ਕੀੜ-ਮਾਇਆ ਹੈ ਜੋ ਪੜਤਾਲ ਜਾਂ ਦੂਰ-ਅੰਦੇਸ਼ੀ ਦੇ ਯੋਗ ਹੀ ਨਹੀਂ। ਅਸੀ ਉੱਚ ਵਿਚਾਰਸ਼ੀਲ ਹਾਂ ਅਤੇ ਉਹ ਕੀੜ-ਮਾਇਆ। ਏਸੇ ਕਰਕੇ ਅਸੀ 'ਰੱਬ ਦੇ ਚੁਣੇ ਹੋਏ' ਬੰਦੇ ਹਾਂ।

ਉਹ ਖੁਲ੍ਹੀਆਂ ਅੱਖਾਂ ਵਾਲੇ ਅੰਨੇ ਹਨ ਜੋ ਕੁਝ ਵੀ ਖੋਜ ਨਹੀਂ ਸਕਦੇ ਹਨ ਤਾਂ ਹੀ ਕੁਦਰਤ ਨੇ ਸਾਨੂੰ ਦੁਨੀਆਂ ਤੇ ਰਾਜ ਕਰਨ ਲਈ ਨਿਯੁਕਤ ਕੀਤਾ ਹੈ।

Scanned with OKEN Scanner

ਖੁਲ੍ਹੇ ਅਤੇ ਸਪੱਸ਼ਟ ਰੂਪ ਵਿਚ ਸਾਡਾ ਰਾਜ ਆਉਣ ਤੇ ਅਸੀਂ ਸਾਰੇ ਕਾਨੂੰਨ ਮੁੜ ਘੜਾਂਗੇ। ਸਾਡੇ ਕਾਨੂੰਨ ਸੌਖੇ, ਸਰਲ, ਸਿੱਧੇ, ਸਥਿੱਰ ਅਤੇ ਸਵੈ-ਵਿਰੋਧੀ ਵਿਆਖਿਆ ਤੋਂ ਮੁਕਤ ਹੋਣਗੇ, ਤਾਂਕਿ ਹਰ ਕੋਈ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝ ਸਕਣ ਦੇ ਯੋਗ ਹੋਏ; ਤਾਂ ਹੀ ਉਹ ਖੁਸ਼ੀ-ਖੁਸ਼ੀ ਮੰਨਣਯੋਗ ਤੇ ਅਮਲ ਕਰਨ ਯੋਗ ਹੋਣੇ ਗੇ। ਦੁਰ-ਉਪਯੋਗ ਦੀ ਆਗਿਆ ਨਹੀਂ ਹੋਵੇਗੀ ਤੇ ਦੁਰ-ਉਪਯੋਗੀ ਨੂੰ ਏਨੀ ਸਖਤ ਸਜ਼ਾ ਦਿੱਤੀ ਜਾਵੇਗੀ ਕਿ ਕੋਈ ਵੀ ਇਸ ਦਾ ਸਾਹਸ ਮੁੜ ਨਾ ਕਰੇ। ਕਾਨੂੰਨ ਦੇ ਚੰਗੀ ਤਰਾਂ ਲਾਗੂ ਹੋਣ ਤੇ ਹੀ ਸਟੇਟ-ਮਸ਼ੀਨਰੀ ਦੇ ਪਹੀਏ ਠੀਕ ਘੁਮੱਣ ਗੇ। ਇਸ ਨੂੰ ਲਾਗੂ ਕਰਨ 'ਚ ਢਿੱਲ-ਮੱਠ ਹੋਈ ਤਾਂ ਸਾਰੀ ਸਟੇਟ ਮਸ਼ੀਨ 'ਚ ਢਿੱਲ ਮੱਠ ਆ ਜਾਏਗੀ। ਤਾਕਤ ਦੇ ਦੁਰ ਉਪਯੋਗ ਅਤੇ ਕਾਨੂੰਨ ਨੂੰ ਤੋੜਨ ਦੀ ਸਜ਼ਾ ਮਿਸਾਲੀ ਹੋਵੇ ਗੀ; ਜਿਸ ਮਗਰੋਂ ਹਰ ਕਿਸਮ ਦੀ ਬੁਰਾਈ ਜਿਵੇਂ ਕਿ ਦੋਸ਼ ਨੂੰ ਛੁਪਾਉਣਾ, ਦੋਸ਼ੀਆ ਤੇ ਕਾਨੂੰਨ ਲਾਗੂ ਕਰਨ ਵਾਲਿਆਂ ਵਿੱਚਕਾਰ ਮਿਲੀ-ਭੁਗਤ ਆਦਿ ਆਪਣੇ ਆਪ ਖਤਮ ਹੋ ਜਾਵੇਗੀ। ਰਾਜ-ਸੱਤਾ ਦੇ ਗੌਰਵ ਅਤੇ ਆਭਾ-ਮੰਡਲ ਦੀ ਸੁੱਰਖਿਅਤਾ ਵਾਸਤੇ ਨਿੱਕੀ ਤੋਂ ਨਿੱਕੀ ਉਲੰਘਣਾ ਲਈ ਵੀ ਤਰਸ-ਰਹਿਤ ਸਜ਼ਾ ਮਿਲਣੀ ਚਾਹੀਦੀ ਹੈ। ਇਹ ਸਜ਼ਾ-ਯਾਫਤਾ ਦੋਸ਼ੀ ਵੀ ਇਕ ਪ੍ਰਕਾਰ ਦੇ ਸਿਪਾਹੀ ਹਨ ਜੋ ਸਟੇਟ-ਮਸ਼ਨੀਰੀ ਦੇ ਪਹੀਆਂ ਦੇ ਫਰਜ਼ ਕੱਢਣ ਵਿਚ ਸਹਾਇਤਾ ਦਿੰਦੇ ਹਨ। ਦੂਜੇ ਪਾਸੇ ਸਜ਼ਾ ਦੇਣ ਵਾਲਾ ਵੀ ਕਾਨੂੰਨ ਵਿਚ ਬੱਝਿਆ ਹੋਇਆ ਹੈ। ਉਹ ਇੱਕ ਪਰਕਾਰ ਦਾ ਬੱਘੀ ਦਾ ਕੋਚਵਾਨ ਹੈ ਤੇ ਉਸ ਨੇ ਆਪਣੀ ਬੱਘੀ ਨੂੰ ਗਾਡੀ-ਰਾਹਾਂ (ਨਿਸ਼ਚਿਤ ਸੜਕਾਂ) ਉਪਰ ਹੀ ਚਲਾਉਣਾ ਹੈ ਨਾਕਿ ਨਿੱਜੀ ਪਸੰਦ ਦੇ ਰਾਹਾਂ ਤੇ। ਉਦਾਹਰਣ ਦੇ ਤੌਰ ਤੇ ਜੱਜ ਨੂੰ ਜ਼ਮੀਰ ਦੀ ਆਵਾਜ਼ ਨੂੰ ਪਾਸੇ ਰੱਖਦਿਆਂ ਕਾਨੂੰਨੀ ਧਾਰਾਵਾਂ ਤੇ ਅਮਲ ਕਰਦਿਆਂ ਸਖਤ ਤੋਂ ਸਖਤ ਸਜ਼ਾ ਦੇਣੀ ਪੈਣੀ ਹੈ। ਜ਼ਮੀਰ ਦੀ ਅਵਾਜ਼ ਨਿੱਜੀ ਜੀਵਨ ਵਿਚ ਸੁਣੀ ਜਾਂ ਸਕਦੀ ਹੈ ਪਰ ਪਬਲਿਕ ਜੀਵਨ, ਜੋ ਸਮਾਜ ਦਾ ਸਿਖਿਆ-ਆਧਾਰ ਹੈ, ਵਿਚ ਨਹੀਂ।

10. ਗੁਆਂਢੀ ਦੀ ਕਿਸੇ ਚੀਜ਼ (ਪਤਨੀ, ਦਾਸ, ਦਾਸੀ, ਡੰਗਰ) ਨੂੰ ਨਾ ਹਥਿਆਉ।

ਯਹੋਵਾ ਦੇ ਹੁਕਮ ਤੇ ਮੂਸਾ ਹੋਰ ਵੀ ਸ਼ਰ੍ਹਾਂ ਦੇ ਕਈ ਸਾਰੇ ਨੇਮ ਐਲਾਨਦਾ ਹੈ। ਜੋ ਬੜੇ ਹੀ ਸਖਤ ਹਨ।

ਸ਼ਰਾਂ ਦਾ ਪਹਿਲਾ ਨੇਮ :- ਮਿੱਟੀ ਦੀ ਜਗਵੇਦੀ ਬਣਾਉ। ਹਰ ਆਮ ਖਾਸ ਮੌਕੇ ਤੇ ਬਲੀਆਂ ਭੇਂਟ ਕਰੋ। ਬਲੀਆਂ ਲਈ ਆਪਣੇ ਵਧੀਆ ਪਸ਼ੂਆਂ ਦੀ ਵਰਤੋਂ ਕਰੋ।

ਜੇਕਰ ਕੋਈ ਬੰਦਾ ਝੂਠੇ ਦੇਵਤੇ ਨੂੰ ਬਲੀ ਚੜਾਉਂਦਾ ਹੈ ਤਾਂ ਬੰਦੇ ਨੂੰ ਮਾਰ ਦੇਣਾ ਚਾਹੀਦਾ ਹੈ। ਬਲੀ ਦੇ ਲਹੂ ਦਾ ਹੱਕਦਾਰ ਯੇਹੋਵਾ ਤੋਂ ਬਿਨਾਂ ਹੋਰ ਕੋਈ ਨਹੀਂ। ਸਮਾਜਕ ਵਰਤੋਂ ਵਿਹਾਰ ਲਈ ਵੀ ਸਖਤ ਧਾਰਾਵਾਂ ਹਨ।

ਇਸਰਾਈਲੀਆਂ ਦੇ ਦੇਸ਼ ਦੀ ਹੱਦ- ਲਾਲ ਸਾਗਰ ਤੋਂ ਫਰਾਤ ਨਦੀ ਤੱਕ ... ਪੱਛਮੀ ਸਰਹੱਦ ਮੈਡੀਟਰੇਨੀਅਨ ਸਾਗਰ, ਪੂਰਬੀ ਸਰਹੱਦ ਅਰਬ ਦਾ ਮਾਰੂਥਲ ਹੋਵੇਗੀ। ਪਹਿਲਾਂ ਵੱਸਦੀਆਂ ਕੌਮਾਂ ਅਮੋਰੀ, ਹਿੱਤੀ, ਫਰਿੱਜ਼ੀ, ਕਨਾਨੀ, ਹਿੱਵੀ, ਯਬੂਸੀ ਆਦਿ ਨੂੰ ਵੀ ਭਜਾ ਦਿੱਤਾ ਜਾਵੇਗਾ। ਮਾਰ ਦਿੱਤਾ ਜਾਵੇਗਾ।

ਦਸ ਹੁਕਮਾਂ ਅਤੇ ਸ਼ਰਾਂ ਦੇ ਨੇਮਾਂ ਦੇ ਸੁਣਾਏ ਜਾਣ ਤੋਂ ਮਗਰੋਂ ਮੂਸਾ ਇੱਕ ਜਗਦੇਵੀ ਬਣਾਉਂਦਾ ਹੈ। ਫੇਰ ਮੂਸਾ ਜਵਾਨ ਆਦਮੀਆਂ ਨੂੰ ਬਲੀਆਂ ਚੜ੍ਹਾਉਣ ਲਈ ਆਖਦਾ ਹੈ।

ਹੋਮ ਅਤੇ ਸੁਖ ਸਾਂਦ ਦੀਆਂ ਭੇਟਾਂ ਵਜੋਂ ਬਲਦਾ ਦੀਆਂ ਬਲੀਆਂ ਦਿੱਤੀਆਂ ਜਾਂਦੀਆਂ ਹਨ।

ਮੂਸਾ ਅੱਧਾ ਲਹੂ ਜਗਦੇਵੀ ਤੇ ਡੋਲਦਾ ਹੈ ਅਤੇ ਅੱਧਾ 'ਇਕਰਾਰ' ਦੀ ਗਵਾਹੀ ਲਈ ਲੋਕਾਂ ਉੱਪਰ ਛਿੜਕਾ ਦਿੱਤਾ ਜਾਂਦਾ ਹੈ।

ਯਹੋਵਾ ਆਖਦਾ ਹੈ "ਜਦੋਂ ਤੁਸੀਂ ਆਪਣੇ ਦੁਸ਼ਮਣਾਂ ਨਾਲ ਯੁਧ ਕਰ ਰਹੇ ਹੋਵੋ ਤਾਂ ਮੈਂ ਆਪਣੀ ਮਹਾਨ ਸ਼ਕਤੀ ਤੁਹਾਡੇ ਅੱਗੇ ਅੱਗੇ ਭੇਜਾਂਗਾ। ਦੁਸ਼ਮਣ ਘਬਰਾ ਜਾਣਗੇ ਤੇ ਭੱਜ ਜਾਣਗੇ। ਪਹਿਲਾਂ ਅਜੋਕੇ ਹਿਵੀ ਦੇਸ਼ ਵੰਡੇ ਜਾਣਗੇ। ਹੌਲੀ ਹੌਲੀ ਤੁਹਾਡੀ ਬਾਕੀ ਕੋਮਾਂ ਤੇ ਵੀ ਫਤਹਿ ਹੋਵੇਗੀ। ਇਹ ਮੇਰਾ ਇਕਰਾਰ ਹੈ। ਇਹਨਾਂ ਕੋਮਾ ਨਾਲ ਕੋਈ ਸਾਂਝ ਨਾ ਰੱਖਣਾ। ਇਹਨਾਂ ਦੇ ਦੇਵਤੇ ਤੋੜ ਦੇਣਾ।

ਯੇਹੋਵਾ ਨੇ ਆਪਣੇ ਇਕਰਾਰ ਪੂਰੇ ਕੀਤੇ। ਉਕਤ ਕੋਮਾਂ ਤੇ ਜਿੱਤ ਪ੍ਰਾਪਤ ਕਰਨ ਮਗਰੋਂ ਮੂਸਾ ਇੱਕ ਜਗਵੇਦੀ ਬਣਾਉਂਦਾ ਹੈ। ਲੋਕ ਬਲਦਾਂ ਦੀ ਬਲੀ ਦਿੰਦੇ ਹਨ। ਲਹੂ ਛੇ

Scanned with OKEN Scanner
Scanned with OKEN Scanner

ਪਿਆਲਿਆ ਵਿੱਚ ਭਰ ਲੈਂਦਾ ਹੈ। ਹਰ ਪਿਆਲੇ ਵਿੱਚੋਂ ਅੱਧਾ ਲਹੂ ਜਗਵੇਦੀ ਤੇ ਡੋਲਦਾ ਹੈ। ਤੇ ਬਾਕੀ ਅੱਧਾ ਹਾਜ਼ਰ ਨਿਕਟਵਰਤੀਆਂ ਤੇ ਨਿਸ਼ਾਨੀ ਦੀ ਯਾਦ ਵਜੋਂ ਛਿੜਕਾ ਦਿੰਦਾ ਹੈ।

ਹੋਰ ਮਹੱਤਵਪੂਰਨ ਕਾਰਜ

ਅੱਗੋਂ ਹੋਰ ਵੀ ਮਹੱਤਵਪੂਰਨ ਕਾਰਜ ਹੁੰਦੇ ਹਨ। ਮੂਸਾ ਅਤੇ ਹਾਰੂਨ ਦੀ ਬੇਨਤੀ ਤੇ ਯਹੋਵਾ ਉਨਾਂ ਦੇ ਐਨ ਵਿਚਕਾਰ ਵੀ ਰਹਿਣ ਲਈ ਮੰਨ ਲੈਂਦਾ ਹੈ। ਆਪਣੀ ਰਿਹਾਇਸ਼ ਵਾਸਤੇ ਇੱਕ ਤੰਬੂ, ਇੱਕ ਜਗਵੇਦੀ, ਇੱਕ ਸੰਦੂਕ, ਇੱਕ ਮੇਜ਼ ਬਣਾਉਣ ਲਈ ਯੇਹੋਵਾਹ ਆਪ ਆਖਦਾ ਹੈ ਕਿ ਤੰਬੂ ਦੇ ਅੰਦਰ ਸੰਦੂਕ, ਮੇਜ਼ ਤੇ ਸ਼ਮਾਦਾਨ ਕਿਹੋ ਜਿਹੇ ਹੋਣੇ ਚਾਹੀਦੇ ਹਨ।

ਯੇਹੋਵਾ ਆਖਦਾ ਹੈ, "ਪਵਿੱਤਰ ਤੰਬੂ ਦਸ ਪਰਦਿਆਂ ਤੋਂ ਬਣੇ ਪਰਦੇ ਲਿਨਨ, ਨੀਲੇ, ਜਾਮਨੀ ਲਾਲ ਧਾਗਿਆਂ ਤੋਂ ਬਣਨ। ਕਢਾਈ ਨਾਲ ਕਰੂਬੀ ਫਰਿਸ਼ਤਿਆਂ ਦੀਆਂ ਸ਼ਕਲਾਂ ਉਕਰੀਆਂ ਜਾਣ। ਹਰੇਕ ਪਰਦਾ 28 ਹੱਥ ਲੰਬਾ, ਚਾਰ ਹੱਥ ਚੌੜਾ ਹੋਵੇ, ਨੀਲੇ ਕੱਪੜੇ ਦੀ ਝਾਲਰ ਲੱਗੇ। 50 ਇੱਕ ਪਾਸੇ 50 ਦੂਜੇ ਪਾਸੇ ਬੀੜੇ ਲਗਾਏ ਜਾਣ। ਪਰਦੇ ਸੋਨੇ ਦੀਆਂ ਕੁੰਡੀਆਂ ਨਾਲ ਜੁੜਨ, ਪਰਦਿਆਂ ਦੇ ਉਪਰ ਬੱਕਰੀ ਦੀ ਖੱਲ ਦਾ ਕੱਜਣ ਹੋਵੇ ...

ਆਸਰਾ ਦੇਣ ਲਈ ਸ਼ਿਟੀਮ ਦੀ ਲੱਕੜ ਦੀਆਂ ਤਖਤੀਆਂ ਅਤੇ ਫੱਟੀਆਂ ਹੋਣ। ਸਾਰਾ ਕੁਝ ਸੋਨੇ ਨਾਲ ਜੜਿਆ ਮੜ੍ਹਿਆ ਹੋਵੇ। ਸੱਜਿਆ ਧੱਜਿਆ ਇੱਕ ਦਰਵਾਜਾ ਹੋਏ। ਵਰਤੇ ਜਾਣ ਵਾਲੇ ਸਾਰੇ ਵਰਤਣ ਸੋਨੇ ਦੇ ਹੋਣ।

ਤੰਬੂ ਦੇ ਅੰਦਰ ਭੇਟਾ ਚੜਾਉਣ ਲਈ ਜਗਵੇਦੀ ਬਣੇ ਜੋ ਚੌਰਸ ਹੋਵੇ ਤੇ ਸਟੀਮ ਦੀ ਲੱਕੜ ਦੀ ਬਣੇ। ਜਗਵੇਦੀ 5 ਕਿਊਬਿਟ ਲੰਮੀ ਚੌੜੀ ਅਤੇ 3 ਕਿਊਬਿਟ ਉਚੀ ਹੋਵੇ। ਜਗਵੇਦੀ ਵਿੱਚ ਜ਼ਿਬ੍ਹਾ ਕੀਤੇ ਜਾਨਵਰਾਂ ਨੂੰ ਅੱਗ ਨਾਲ ਸਾੜ ਕੇ ਪਵਿੱਤਰ ਧੂੰਆਂ ਪੈਦਾ ਕਰਨਾ ਹੈ ਜਿਸ ਦੀ ਸੁਗੰਧ ਤੋਂ ਯੇਹੋਵਾ ਬਹੁਤ ਪ੍ਰਸੰਨ ਹੁੰਦਾ ਹੈ।

ਸੋਨੇ ਨਾਲ ਜੜਿਆ, ਸ਼ੀਟ ਦੀ ਲੱਕੜ ਦਾ ਪਵਿੱਤਰ ਸੰਦੂਕ ਹੋਵੇ ਜੋ ਢਾਈ ਹੱਥ ਲੰਮਾ, ਤੇ ਡੇਢ ਹੱਥ ਚੋੜਾ ਤੇ ਏਨਾ ਹੀ ਉਚਾ ਹੋਵੇ।

ਉਸੇ ਲੱਕੜ ਦਾ ਮੇਜ਼ ਬਣੇ। ਜੋ ਦੋ ਹੱਥ ਲੰਬਾ, ਇੱਕ ਹੱਥ ਚੋੜਾ ਅਤੇ ਡੇਢ ਹੱਥ ਉਚਾ ਹੋਵੇ। ਸੋਨੇ ਦੀ ਜੜਤ ਵਾਲਾ ਹੋਵੇ।

ਸ਼ਮਾਦਾਨ- ਸੋਨੇ ਨੂੰ ਕੁੱਟ ਕੇ ਇੱਕ ਸ਼ਮਾਦਾਨ ਬਣੇ। ਜਿਸ ਦੀਆਂ ਛੇ ਸ਼ਾਖਾਵਾਂ ਹੋਣ। ਸੋਨੇ ਦੇ ਬਣੇ ਜੈਤੂਨ ਦੇ ਤੇਲ ਵਾਲੇ ਦੀਵੇ ਜਗਣ।

ਦਿਨ ਰਾਤ ਇੱਕ ਕਰਕੇ ਮਾਹਰ ਕਾਮਿਆਂ ਵਲੋਂ ਸਭ ਕੁਝ ਤਿਆਰ ਕਰਕੇ ਨਿਅਤ ਥਾਵਾਂ ਤੇ ਸਜ਼ਾ ਦਿੱਤਾ ਜਾਂਦਾ ਹੈ ਜਿਸ ਨੂੰ ਮੰਡਲੀ ਵਾਲਾ ਤੰਬੂ ਆਖਿਆ ਜਾਣ ਲਗਦਾ ਹੈ।

ਮੂਸਾ ਖੁਦ ਸਵੇਰੇ ਸਾਰੇ ਕੁਝ ਦਾ ਨਿਰੀਖਣ ਕਰਦਾ ਹੈ ਤੇ ਉਦਘਾਟਨ ਕਰਦਾ ਹੈ।

Scanned with OKEN Scanner

ਨੀਲੇ ਕੱਪੜੇ ਪਹਿਨੀ ਲੇਵੀ ਖਾਨਦਾਨ ਦੇ ਪੁਤਰ ਹਾਰੂਨ ਨੂੰ ਪਹਿਲਾ ਜਾਜਕ, ਅਰਥਾਤ ਪਾਦਰੀ (ਪੁਜਾਰੀ, ਬਲੀਆਂ ਦੇਣ ਤੇ ਸਾਂਭਣ ਵਾਲਾ) ਥਾਪਿਆ ਜਾਂਦਾ ਹੈ।

ਮੂਸਾ ਦੀ ਪ੍ਰਾਥਨਾ ਪਰਵਾਨ ਕਰਕੇ ਯੇਹੋਵਾਹ ਆਪ ਸਿਉਨ ਪਹਾੜੀ ਦੀ ਚੋਟੀ ਤੋਂ ਇੱਕ ਬਦਲ ਦੇ ਰੂਪ ਵਿੱਚ ਤੰਬੂ ਤੇ ਉਤਰਦਾ ਹੈ। ਜਿੰਨਾ ਚਿਰ ਯੇਹੋਵਾ ਅੰਦਰ ਰਹਿੰਦਾ ਹੈ ਗਹਿਰਾ ਬੱਦਲ ਛਾਇਆ ਰਹਿੰਦਾ ਹੈ।

ਫੇਰ ਬੱਦਲ ਵਿੱਚ ਅੱਗ ਸੁਲਗਦੀ ਹੈ ਜਿਸ ਦਾ ਅਰਥ ਹੈ ਕਿ ਯੇਹੋਵਾ ਖੁਸ਼ ਹੋਇਆ ਹੈ। ਫੇਰ ਅੱਗ ਸਮੇਤ ਬੱਦਲ ਸੀਉਨ (ਜੀਉਨ) ਵੱਲ ਉੜ ਜਾਂਦਾ ਹੈ।

ਇਉਂ ਲਹੂ ਦੀਆਂ ਬਲੀਆਂ ਦਾ ਕੇਂਦਰ ਬਣ ਕੇ ਤਿਆਰ ਹੋ ਜਾਂਦਾ ਹੈ। ਲੱਗਦਾ ਹੈ ਕਿ ਯਹੂਦੀਆਂ ਦਾ ਪਰਮੇਸ਼ਰ ਸੋਨੇ, ਚਾਂਦੀ, ਹੀਰੇ, ਮੋਤੀਆਂ ਦੇ ਅਭੂਸ਼ਣਾ ਦਾ ਬਹੁਤ ਸ਼ੌਕੀਨ ਹੈ ਅਤੇ ਸਿਹਤਮੰਦ ਨਰ ਡੰਗਰਾਂ ਦੇ ਲਹੂ ਦਾ ਬਹੁਤ ਪਿਆਸਾ ਹੈ।

ਨੋਟ- ਅੱਗੇ ਪੂਰੇ ਦਾ ਪੂਰਾ ਇਕ ਗ੍ਰੰਥ ਐਸਾ ਹੈ ਜਿਸ ਵਿੱਚ ਬਲੀਆਂ ਅਤੇ ਭੇਟਾਂ ਦਾ ਵਿਸਥਾਰ ਵਰਣਨ ਹੈ। ਜਿਸਦਾ ਨਾਮ ਹੈ-

ਲੇਵੀਆਂ ਦੀ ਪੋਥੀ

ਯਾਦ ਰੱਖੋ :- ਯਾਦ ਕਰਾਂ ਦਿਆਂ ਕਿ ਹਾਰੂਨ ਪਹਿਲਾ ਜਾਜਕ ਸਥਾਪਤ ਹੁੰਦਾ ਹੈ ਜੋ ਲੇਵੀ ਖਾਨਦਾਨ ਵਿੱਚੋਂ ਹੈ। ਜਿਸਦਾ ਦਿਮਾਗ ਯਾਕੂਬ ਦੀ ਅਸੀਸ ਅਨੁਸਾਰ ਸਦਾ ਗੁਪਤ ਯੋਜਨਾਵਾਂ ਘੜਦਾ ਹੈ ਜਿਸ ਦੀ ਆਪਣੀ ਨਿੱਜੀ ਕੋਈ ਸੰਪੱਤੀ ਨਹੀਂ ਹੁੰਦੀ। ਪਰ ਸਾਰੀ ਸੰਪੱਤੀ ਦਾ ਸਾਭਾਂ ਉਸ ਨੇ ਬਣਨਾ ਹੈ। ਕੰਟਰੋਲ ਉਸੇ ਦਾ ਹੋਣਾ ਹੈ। ਇਹ ਪ੍ਰਥਾ ਪਿਤਾ ਪੁਰਖੀ ਹੈ। ਸਦੀਆਂ ਬਾਅਦ ਕਾਰਲ ਮਾਰਕਸ ਲੇਵੀ ਏਸੇ ਖਾਨਦਾਨ ਵਿੱਚ ਪੈਦਾ ਹੁੰਦਾ ਹੈ ਜੋ ਖੂਨੀ ਵਰਗ ਸੰਘਰਸ਼ ਦੀ ਦਾਰਸ਼ਨਿਕਤਾ ਦੇ ਕੇ ਕਰੋੜਾਂ ਲੋਕਾਂ ਦੇ ਲਹੂ ਨਾਲ ਹੱਥ ਰੰਗਦਾ ਹੈ। ਹੁਣ ਜਾਣੀਏ ਲੇਵੀਆਂ ਦੀ ਪੋਥੀ ਦਾ ਸਾਰ (ਜਿਸ ਵਿਚ ਬਲੀਆਂ ਦਾ ਵਿਕਰਾਲ ਵਰਨਣ ਹੈ)

ਪੋਥੀ ਦਾ ਆਦਿ ਇਉਂ ਹੁੰਦਾ ਹੈ:- ਯੇਹੋਵਾਹ ਪਰਮੇਸ਼ਰ ਨੇ ਮੂਸਾ ਨੂੰ ਬੁਲਾਇਆ ਅਤੇ ਮੰਡਲੀ ਵਾਲੇ ਤੰਬੂ ਵਿੱਚੋਂ ਉਸ ਨਾਲ ਗੱਲ ਕੀਤੀ, "ਮੂਸਾ ਇਸਰਾਏਲ ਦੇ ਲੋਕਾਂ ਨੂੰ ਆਖ: ਜਦੋਂ ਤੁਸੀਂ ਯੇਹੋਵਾਹ ਲਈ ਕੋਈ ਭੇਟ ਲੈ ਕੇ ਆਵੋ, ਇਹ ਭੇਟ ਤੁਹਾਡੇ ਪਾਲਤੂ ਪਸ਼ੂਆਂ ਵਿੱਚੋਂ ਇੱਕ ਹੋਣੀ ਚਾਹੀਦੀ ਹੈ। ਇੱਕ ਗਾਂ ਵੀ ਹੋ ਸਕਦੀ ਹੈ, ਭੇਡ ਵੀ, ਤੇ ਬੱਕਰੀ ਵੀ। ਭੇਟ ਵਾਲਾ ਪਸ਼ੂ ਬੇਨੁਕਸ 'ਨਰ' ਹੋਣਾ ਚਾਹੀਦਾ ਹੈ। ਬੰਦੇ ਨੂੰ ਉਸ ਜਾਨਵਰ ਨੂੰ ਆਪ ਮੰਡਲੀ ਵਾਲੇ ਪਵਿੱਤਰ ਤੰਬੂ ਦੇ ਪਰਵੇਸ਼ ਦੁਆਰ ਤੇ ਲਿਆਉਣਾ ਚਾਹੀਦਾ ਹੈ। ਉਹ ਬੰਦਾ ਆਪ ਆਪਣੇ ਹਥੀਂ ਜਾਨਵਰ ਨੂੰ ਜਿਬਾਹ ਕਰੇ (ਝਟਕਾਏ ਨਹੀਂ, ਹੌਲੀ ਹੌਲੀ ਮਾਰੇ) ਫੇਰ ਹਾਰੂਨ ਪੁਤਰਾਂ ਜਾਜਕਾਂ ਨੂੰ ਮੰਡਲੀ ਵਾਲੇ ਤੰਬੂ ਦੇ ਪ੍ਰਵੇਸ਼ ਦੁਆਰ ਦੇ ਨੇੜੇ ਜਗਵੇਦੀ ਉਤੇ ਖੂਨ ਲੈ ਕੇ ਆਉਣਾ ਚਾਹੀਦਾ ਹੈ ਅਤੇ ਖੂਨ ਨੂੰ ਸਾਰੀ ਜਗਵੇਦੀ ਉਪਰ ਡੋਲ ਦੇਣਾ ਚਾਹੀਦਾ ਹੈ। ਜਾਜਕ ਨੂੰ ਜਾਨਵਰ ਦੀ ਖੱਲ ਲਾਹ ਲੈਣੀ ਚਾਹੀਦੀ ਹੈ ਅਤੇ ਜਾਨਵਰ ਨੂੰ ਟੁਕੜਿਆਂ ਵਿੱਚ ਕੱਟ ਦੇਣਾ

Scanned with OKEN Scanner
Scanned with OKEN Scanner

ਚਾਹੀਦਾ ਹੈ। ਹਾਰੂਨ (ਲੇਵੀ) ਅਤੇ ਉਸ ਦੇ ਪੁਤਰਾਂ ਜਾਜਕਾ ਨੂੰ ਚਾਹੀਦਾ ਹੈ ਕਿ ਉਹ ਜਗਵੇਦੀ ਉਤੇ ਅੱਗ ਬਾਲਣ ਅਤੇ ਫੇਰ ਅੱਗ ਉਤੇ ਲੱਕੜਾਂ ਚਿਣਨ। ਉਨਾਂ ਨੂੰ ਚਾਹੀਦਾ ਹੈ ਕਿ ਉਹ ਜਗਵੇਦੀ ਉਪਰ ਬਲਦੀ ਹੋਈ ਲੱਕੜੀ ਉਤੇ ਟੁਕੜੇ (ਸਿਰੀ ਅਤੇ ਚਰਬੀ) ਰੱਖ ਦੇਣ। ਜਾਨਵਰਾਂ ਦੀਆਂ ਲੱਤਾਂ ਅਤੇ ਹੋਰ ਹਿਸਿਆਂ ਨੂੰ ਪਾਣੀ ਨਾਲ ਧੋ ਲਵੇ। ਫੇਰ ਜਾਜਕ ਜਾਨਵਰ ਦੇ ਸਾਰੇ ਹਿੱਸਿਆਂ ਨੂੰ ਜਗਵੇਦੀ ਤੇ ਸਾੜ ਦੇਵੇ। ਇਹ ਹੋਮ ਦੀ ਭੇਟ ਹੈ। ਅੱਗ ਨਾਲ ਦਿੱਤੀ ਹੋਈ ਅਹੁਤੀ। ਇਹ ਸੁਗੰਧ (ਕੀ ਇਹ ਸੁਗੰਧ ਹੈ ਜਾਂ ਦੁਰਗੰਧ) ਯੇਹੋਵਾਹ ਨੂੰ ਪ੍ਰਸੰਨ ਕਰਦੀ ਹੈ।

'ਲੇਵੀਆਂ ਦੀ ਪੋਥੀ' ਪੁਸਤਕ ਬੜੀ ਹੀ ਮਜੇਦਾਰ ਹੈ। ਜਰੂਰ ਪੜ੍ਹਨੀ ਚਾਹੀਦੀ ਹੈ।

ਮੈਂ ਮਿਤਰਾਂ ਨਾਲ ਸਲਾਹ ਕਰਕੇ ਫੈਸਲਾ ਕਰ ਲਿਆ ਕਿ ਇਸ ਦੇ ਚੁਣਵੇਂ ਪਹਿਰੇ ਇਨ ਬਿਨ ਛਾਪ ਦਿਆਂ ...... ਪਰ ਪਾਠਕਾਂ ਲਈ ਸਾਰੀ ਪੁਸਤਕ ਪੜ੍ਹਨੀ ਬੜੀ ਦਿਲਚਸਪ ਹੋਵੇਗੀ। ਜਿਨਾਂ ਲੋਕਾਂ ਵਾਸਤੇ ਇਹ ਪਵਿੱਤਰ ਗ੍ਰੰਥ ਹੈ, ਉਹੀ ਇਸ ਸਮੇਂ ਸਾਰੀ ਸ੍ਰਿਸ਼ਟੀ ਚਲਾ ਰਹੇ ਹਨ। ਸਾਨੂੰ ਸਮਝ ਆਉਣੀ ਚਾਹੀਦੀ ਹੈ ਕਿ ਧਰਤੀ ਅਤੇ ਲੋਕ ਕਿਹੋ ਜਿਹੇ ਲੋਕਾਂ ਦੀ ਸਰਪ੍ਰਸਤੀ ਥੱਲੇ ਪਲ ਰਹੇ ਹਨ। ਮਾਰਕਸ ਵੀ ਹਾਰੂਨ ਜਾਜ਼ਕ ਦਾ ਉਤਰਾਧਿਕਾਰੀ ਸੀ। ਹਾਰੂਨ ਪਹਿਲਾ ਜਾਜਕ ਸੀ। ਉਹਦੇ ਰਾਹੀਂ ਹੀ ਬਲੀਆਂ ਦੀ ਭੇਂਟ ਕੀਤੀ ਜਾ ਸਕਦੀ ਸੀ। ਉਸਦੇ ਹੱਥ ਸਦਾ ਹੀ ਬਲੀਆਂ ਦੇ ਲਹੂ ਵਿੱਚ ਡੁਬੇ ਰਹਿੰਦੇ ਸਨ।

ਇਹ ਅਹੁਦਾ ਪਿਤਾ ਪੁਰਖੀ ਹੈ। ਲੇਵੀਆਂ ਦੀ ਪੋਥੀ ਪੜ੍ਹ ਕੇ ਇਉਂ ਅਨੁਭਵ ਹੁੰਦਾ ਹੈ ਕਿ ਯੇਹੋਵਾਹ ਸਦਾ ਹੀ ਲਹੂ ਦਾ ਪਿਆਸਾ ਹੈ। ਉਸ ਦੀ ਪਿਆਸ ਬੁਝਦੀ ਹੈ ਤਾਂ ਉਹ ਖੁਸ਼ ਹੋ ਕੇ ਯਹੂਦੀ ਕਬੀਲੇ ਨੂੰ ਅਸੀਸਾਂ ਦਿੰਦਾ ਹੈ। ਇਹ ਸਾਰਾ ਕੁਝ ਅਸਲ ਦਾ ਅਸਲ ਅਗਲੇ ਸਫਿਆਂ ਵਿੱਚ ਤੁਸੀਂ ਖੁਦ ਪੜ੍ਹੋ ਅਤੇ ਮੇਰੇ ਵਾਂਗ ਚਕਿਤ ਹੋਵੋ।

Levia di Pothi
ਲੇਵੀਆਂ ਦੀ ਪੋਥੀ

ਬਲੀਆਂ ਅਤੇ ਭੇਟਾਵਾਂ:

ਯਹੋਵਾਹ ਪਰਮੇਸ਼ਰ ਨੇ ਮੂਸਾ ਨੂੰ ਬੁਲਾਇਆ ਅਤੇ ਮੰਡਲੀ ਵਾਲੇ ਤੰਬੂ ਵਿੱਚੋਂ ਉਸ ਨਾਲ ਗੱਲ ਕੀਤੀ। ਯਹੋਵਾਹ ਨੇ ਆਖਿਆ, "ਇਸਰਾਈਲ ਦੇ ਲੋਕਾਂ ਨੂੰ ਆਖ: ਜਦੋਂ ਤੁਸੀਂ ਯਹੋਵਾਹ ਲਈ ਕੋਈ ਭੇਟ ਲੈ ਕੇ ਆਵੋ, ਇਹ ਭੇਟ ਪਾਲਤੂ ਪਸ਼ੂਆਂ, ਵਿੱਚੋਂ ਇੱਕ ਹੋਣੀ ਚਾਹੀਦੀ ਹੈ। ਇਹ ਗਾਂ ਵੀ ਹੋ ਸਕਦੀ ਹੈ। ਭੇਡ ਵੀ, ਬੱਕਰੀ ਵੀ।" ਜਦੋਂ ਕੋਈ ਬੰਦਾ ਆਪਣੀਆਂ ਗਾਵਾਂ ਵਿੱਚੋਂ ਕਿਸੇ ਇੱਕ ਨੂੰ ਹੋਮ ਦੀ ਭੇਟ ਵਜੋਂ ਪੇਸ਼ ਕਰਦਾ ਹੈ, ਉਹ ਪਸ਼ੂ ਬੇਨੁਕਸ ਨਰ ਹੋਣਾ ਚਾਹੀਦਾ ਹੈ। ਉਸ ਬੰਦੇ ਨੂੰ ਉਸ ਜਾਨਵਰ ਨੂੰ ਮੰਡਲੀ ਵਾਲੇ ਤੰਬੂ ਦੇ ਪ੍ਰਵੇਸ਼

Scanned with OKEN Scanner

ਦੁਆਰ ਤੇ ਲਿਆਉਣਾ ਚਾਹੀਦਾ ਹੈ। ਤਾਂ ਜੋ ਯਹੋਵਾਹ ਉਸ ਭੇਟ ਨੂੰ ਪ੍ਰਵਾਨ ਕਰੇਗਾ। ਉਸ ਨੂੰ ਆਪਣੇ ਹੱਥ ਉਸ ਜਾਨਵਰ ਉਪਰ ਰੱਖਣੇ ਚਾਹੀਦੇ ਹਨ। ਯਹੋਵਾਹ ਉਸ ਹੋਮ ਦੀ ਭੇਟ ਨੂੰ ਉਸ ਵਿਅਕਤੀ ਦੇ ਪ੍ਰਾਸ਼ਚਿਤ ਵਜੋਂ ਕਬੂਲ ਕਰੇਗਾ।

ਉਸ ਬੰਦੇ ਨੂੰ ਬਲਦ ਨੂੰ ਯਹੋਵਾਹ ਦੇ ਸਾਹਮਣੇ ਮਾਰਨਾ ਚਾਹੀਦਾ ਹੈ। ਹਾਰੂਨ ਦੇ ਪੁਤਰਾਂ ਜਾਜਕਾਂ ਨੂੰ ਮੰਡਲੀ ਵਾਲੇ ਤੰਬੂ ਦੇ ਪ੍ਰਵੇਸ਼ ਦੁਆਰ ਦੇ ਨੇੜੇ ਜਗਵੇਦੀ ਉਤੇ ਖੂਨ ਲੈ ਕੇ ਆਉਣਾ ਚਾਹੀਦਾ ਹੈ ਅਤੇ ਇਸਨੂੰ ਸਾਰੀ ਜਗਵੇਦੀ ਉੱਤੇ ਡੋਲ੍ਹਣਾ ਚਾਹੀਦਾ ਹੈ। ਉਹ ਜਗਵੇਦੀ ਉਤੇ ਅੱਗ ਬਾਲਣ ਅਤੇ ਫਿਰ ਅੱਗ ਉਤੇ ਲੱਕੜਾਂ ਚਿਣਨ। ਹਾਰੂਨ ਦੇ ਪੁਤਰ ਜਾਜਕਾਂ ਨੂੰ ਚਾਹੀਦਾ ਹੈ ਕਿ ਉਹ ਜਗਵੇਦੀ ਉਤੇ ਬਲਦੀ ਹੋਈ ਲੱਕੜੀ ਉਤੇ (ਸਿਰੀ ਅਤੇ ਚਰਬੀ) ਰੱਖ ਦੇਣ। ਜਾਜਕਾਂ ਨੂੰ ਚਾਹੀਦਾ ਹੈ ਕਿ ਜਾਨਵਰਾਂ ਦੀਆਂ ਲੱਤਾਂ ਅਤੇ ਉਸਦੇ ਅੰਦਰਲੇ ਹਿੱਸਿਆਂ ਨੂੰ ਪਾਣੀ ਨਾਲ ਧੋ ਲਵੇ। ਫੇਰ ਜਾਜਕ ਨੂੰ ਜਾਨਵਰ ਦੇ ਸਾਰੇ ਅੰਗ ਭੇਟ ਕਰਨੇ ਚਾਹੀਦੇ ਹਨ। ਉਸਨੂੰ ਚਾਹੀਦਾ ਹੈ ਕਿ ਜਾਨਵਰ ਦੇ ਸਾਰੇ ਹਿੱਸਿਆਂ ਨੂੰ ਜਗਵੇਦੀ ਉਤੇ ਸਾੜ ਦੇਵੇ। ਇਹ ਹੋਮ ਦੀ ਭੇਟਾ ਹੈ, ਅੱਗ ਨਾਲ ਦਿੱਤੀ ਹੋਈ, ਆਹੂਤੀ। ਇਸਦੀ ਸੁਗੰਧ ਯਹੋਵਾਹ ਨੂੰ ਪ੍ਰਸੰਨ ਕਰਦੀ ਹੈ। (ਕੀ ਪਾਠਕ ਇਸ ਨੂੰ ਸੁਗੰਧ'ਕਹੇ ਸਮਝੇਗਾ?)

ਜਦੋਂ ਕੋਈ ਬੰਦਾ ਭੇਡ ਜਾਂ ਬੱਕਰੀ ਨੂੰ ਹੋਮ ਦੀ ਭੇਟ ਚੜਾਉਂਦਾ ਹੈ, ਤਾਂ ਉਹ ਜਾਨਵਰ ਬੇਨੁਕਸ ਨਰ ਹੋਣਾ ਚਾਹੀਦਾ ਹੈ। ਉਸਨੂੰ ਜਗਵੇਦੀ ਦੇ ਉਤਰ ਵਾਲੇ ਪਾਸੇ ਯਹੋਵਾਹ ਦੇ ਸਾਹਮਣੇ ਉਸ ਜਾਨਵਰ ਨੂੰ ਮਾਰਨਾ ਚਾਹੀਦਾ ਹੈ। ਫੇਰ ਹਾਰੂਨ ਦੇ ਪੁਤਰਾਂ, ਜਾਜਕਾਂ ਨੂੰ ਖੂਨ, ਸਾਰੀ ਜਗਵੇਦੀ ਉਤੇ ਡੋਲ੍ਹਣਾ ਚਾਹੀਦਾ ਹੈ। ਫੇਰ ਜਾਜ਼ਕਾਂ ਨੂੰ ਜਾਨਵਰਾਂ ਦੇ ਟੁਕੜੇ ਕਰ ਦੇਣੇ ਚਾਹੀਦੇ ਹਨ। ਜਾਜ਼ਕਾਂ ਨੂੰ ਚਾਹੀਦਾ ਹੈ ਕਿ ਟੁਕੜਿਆਂ ਅਤੇ ਸਿਰੀ ਅਤੇ ਚਰਬੀ ਨੂੰ ਜਗਵੇਦੀ ਉਤੇ ਬਲਦੀ ਹੋਈ ਲੱਕੜ ਉਤੇ ਰੱਖ ਦੇਵੇ। ਜਾਜ਼ਕਾਂ ਨੂੰ ਜਾਨਵਰਾਂ ਦੀਆਂ ਲੱਤਾਂ ਅਤੇ ਉਸਦੇ ਅੰਦਰੂਨੀ ਹਿੱਸੇ ਨੂੰ ਪਾਣੀ ਨਾਲ ਧੋ ਲੈਣਾ ਚਾਹੀਦਾ ਹੈ। ਫੇਰ ਜਾਜ਼ਕ ਨੂੰ ਜਾਨਵਰ ਦੇ ਸਾਰੇ ਅੰਗ ਭੇਟ ਕਰ ਦੇਣੇ ਚਾਹੀਦੇ ਹਨ। ਉਸਨੂੰ ਜਗਵੇਦੀ ਉਤੇ ਜਾਨਵਰ ਨੂੰ ਸਾੜ ਦੇਣਾ ਚਾਹੀਦਾ ਹੈ। ਇਹ ਹੋਮ ਦੀ ਭੇਟਾ ਹੈ, ਅੱਗ ਨਾਲ ਦਿੱਤੀ ਹੋਈ ਬਲੀ। ਇਸਦੀ ਸੁਗੰਧ ਯਹੋਵਾਹ ਨੂੰ ਪ੍ਰਸੰਨ ਕਰਦੀ ਹੈ।

ਜਦੋਂ ਕੋਈ ਵਿਅਕਤੀ ਯਹੋਵਾਹ ਨੂੰ ਹੋਮ ਦੀ ਭੇਟ ਵਜੋਂ ਇੱਕ ਪੰਛੀ ਚੜ੍ਹਾਉਂਦਾ ਹੈ। ਤਾਂ ਉਹ ਪੰਛੀ ਇੱਕ ਘੁੱਗੀ ਜਾਂ ਇੱਕ ਛੋਟਾ ਕਬੂਤਰ ਹੋਣਾ ਚਾਹੀਦਾ ਹੈ। ਜਾਜਕ ਨੂੰ ਭੇਟ, ਜਗਵੇਦੀ ਦੇ ਕੋਲ ਲਿਆਉਣੀ ਚਾਹੀਦੀ ਹੈ। ਉਸ ਨੂੰ ਪੰਛੀ ਦਾ ਸਿਰ ਉਖਾੜ ਦੇਣਾ ਚਾਹੀਦਾ ਹੈ ਅਤੇ ਇਸਨੂੰ ਜਗਵੇਦੀ ਉਤੇ ਸਾੜ ਦੇਣਾ ਚਾਹੀਦਾ ਹੈ। ਪੰਛੀ ਦੇ ਖੂਨ ਨੂੰ ਜਗਵੇਦੀ ਦੇ ਇੱਕ ਪਾਸੇ ਡੋਲ਼ ਦੇਣਾ ਚਾਹੀਦਾ ਹੈ। ਉਸਨੂੰ ਪੰਛੀ ਦੇ ਗਲ ਦੀ ਥੈਲੀ ਅਤੇ ਖੰਭਾਂ ਨੂੰ ਕੱਢ ਦੇਣਾ ਚਾਹੀਦਾ ਹੈ। ਇਹਨਾਂ ਨੂੰ ਜਗਵੇਦੀ ਦੇ ਪੂਰਬ ਵਾਲੇ ਪਾਸੇ ਸੁੱਟ ਦੇਣਾ ਚਾਹੀਦਾ ਹੈ ਜਿੱਥੇ ਉਹ ਜਗਵੇਦੀ ਤੋਂ ਰਾਖ ਪਾਉਂਦੇ ਹਨ। ਫਿਰ ਉਸਨੂੰ ਪੰਛੀ ਨੂੰ ਇਸਦੇ ਪਰਾਂ ਤੋਂ ਫੜ ਕੇ ਪਾੜ ਦੇਣਾ

Scanned with OKEN Scanner

ਚਾਹੀਦਾ ਹੈ। ਪਰ ਉਸਨੂੰ ਪੰਛੀ ਨੂੰ ਦੋ ਹਿੱਸਿਆਂ ਵਿੱਚ ਨਹੀਂ ਵੰਡਣਾ ਚਾਹੀਦਾ। ਉਸਨੂੰ ਪੰਛੀ ਨੂੰ ਜਗਵੇਦੀ ਉਤੇ ਬਲਦੀ ਹੋਈ ਲੱਕੜ ਤੇ ਸਾੜ ਦੇਣਾ ਚਾਹੀਦਾ ਹੈ। ਇਹ ਹੋਮ ਦੀ ਭੇਟ ਹੈ। ਅੱਗ ਦੁਆਰਾ ਚੜ੍ਹਾਇਆ ਗਿਆ ਚੜ੍ਹਾਵਾ ਅਤੇ ਇਸਦੀ ਸੁਗੰਧ ਯਹੋਵਾਹ ਨੂੰ ਪ੍ਰਸੰਨ ਕਰਦੀ ਹੈ।

ਅਨਾਜ ਦੀਆਂ ਭੇਟਾਂ :

ਜਦੋਂ ਕੋਈ ਬੰਦਾ ਯਹੋਵਾਹ ਪਰਮੇਸ਼ਰ ਨੂੰ ਅਨਾਜ ਦੀ ਭੇਟ ਦਿੰਦਾ ਹੈ, ਉਸਦੀ ਭੇਟ ਮੈਦੇ ਦੀ ਹੋਣੀ ਚਾਹੀਦੀ ਹੈ। ਉਸ ਨੂੰ ਮੈਦੇ ਉਤੇ ਤੇਲ ਚੋਣਾ ਚਾਹੀਦਾ ਹੈ। ਅਤੇ ਇਸ ਉਤੇ ਲੋਬਾਨ ਵੀ ਪਾਉਣਾ ਚਾਹੀਦਾ ਹੈ। ਫਿਰ ਉਸਨੂੰ ਇਹ ਹਾਰੂਨ ਦੇ ਪੁਤਰਾਂ,ਜਾਜਕਾਂ ਕੋਲ ਲੈ ਕੇ ਆਉਣਾ ਚਾਹੀਦਾ ਹੈ। ਭੇਟ ਜਗਵੇਦੀ ਉਤੇ ਸਾੜ ਦੇਣੀ ਚਾਹੀਦੀ ਹੈ। ਇਹ ਅੱਗ ਦੁਆਰਾ ਦਿੱਤੀ ਹੋਈ ਭੇਟ ਹੈ, ਅਤੇ ਇਸਦੀ ਸੁਗੰਧ ਯਹੋਵਾਹ ਨੂੰ ਪ੍ਰਸੰਨ ਕਰਦੀ ਹੈ।

ਬਚੀ ਹੋਈ ਅਨਾਜ ਦੀ ਭੇਟ ਹਾਰੂਨ ਅਤੇ ਉਸਦੇ ਪੁੱਤਰਾਂ ਦੀ ਹੋਵੇਗੀ। ਯਹੋਵਾਹ ਅੱਗੇ ਚੜ੍ਹਾਈ ਗਈ ਇਹ ਅੱਗ ਦੀ ਭੇਟ ਬਹੁਤ ਪਵਿੱਤਰ ਹੈ।

ਪੱਕੇ ਹੋਏ ਅਨਾਜ ਦੀਆਂ ਭੇਟਾਂ :

ਜਦੋਂ ਕੋਈ ਬੰਦਾ ਅਜਿਹੀ ਭੇਟ ਚੜਾਉਂਦਾ ਹੈ ਜਿਸਨੂੰ ਚੁੱਲ੍ਹੇ ਵਿੱਚ ਪਕਾਇਆ ਗਿਆ ਹੋਵੇ, ਇਹ ਮੈਦੇ ਨਾਲ ਤੇਲ ਵਿੱਚ ਬਣੀ ਹੋਈ ਪਤੀਰੀ ਰੋਟੀ ਜਾਂ ਤੇਲ਼ ਨਾਲ ਚੋਪੜੀਆਂ ਹੋਈਆਂ ਬੇਖਮੀਰੀਆਂ ਮੱਠੀਆਂ ਹੋਣੀਆਂ ਚਾਹੀਦੀਆਂ ਹਨ। ਜੇ ਤੁਸੀਂ ਕੜਾਹੀ ਵਿੱਚ ਪੱਕੇ ਹੋਏ ਅਨਾਜ ਦੀ ਭੇਟ ਲੈ ਕੇ ਆਉਂਦੇ ਹੋ ਤਾਂ ਇਹ ਤੇਲ ਵਿੱਚ ਗੁੰਨ੍ਹੇ ਮੈਦੇ ਦਾ ਹੋਣਾ ਚਾਹੀਦਾ ਹੈ।

ਤੁਹਾਨੂੰ ਉਹ ਚੀਜ਼ਾਂ ਜਾਜਕ ਕੋਲ ਲੈ ਕੇ ਆਉਣੀਆਂ ਚਾਹੀਦੀਆਂ ਹਨ, ਅਤੇ ਉਹਨਾਂ ਜ਼ਗਵੇਦੀ ਕੋਲ ਲਿਆਵੇਗਾ। ਫੇਰ ਜਾਜ਼ਕ ਅਨਾਜ ਦੀ ਭੇਟ ਦਾ ਇੱਕ ਹਿੱਸਾ ਲਵੇਗਾ ਅਤੇ ਇਸ ਯਾਦਗਾਰੀ ਹਿੱਸੇ ਨੂੰ ਜਗਵੇਦੀ ਉਤੇ ਸਾੜੇਗਾ। ...... ਇਸਦੀ ਸੁਗੰਧ ਯਹੋਵਾਹ ਨੂੰ ਪ੍ਰਸੰਨ ਕਰਦੀ ਹੈ ......।

ਬਾਕੀ ਬਚੇ ਅਨਾਜ ਦੀ ਭੇਟ ਹਾਰੂਨ ਅਤੇ ਉਸਦੇ ਪੁਤਰਾਂ ਦੀ ਹੈ। ਯਹੋਵਾਹ ਨੂੰ ਅੱਗ ਦੁਆਰਾ ਚੜਾਈ ਗਈ ਭੇਟ ਦਾ ਇਹ ਹਿੱਸਾ ਪਵਿੱਤਰ ਹੈ ......।

...... ਤੁਸੀਂ ਸ਼ਹਿਦ ਅਤੇ ਖਮੀਰ ਨੂੰ ਯਹੋਵਾਹ ਲਈ ਪਹਿਲੀ ਵਾਢੀ ਦੀ ਭੇਟ ਵਜੋਂ ਲਿਆ ਸਕਦੇ ਹੋ। ਜਿਹੜੀ ਵੀ ਅਨਾਜ ਦੀ ਭੇਟ ਤੁਸੀਂ ਲੈ ਕੇ ਆਵੋ ਉਸ ਓਤੇ ਨਮਕ ਵੀ ਜਰੂਰ ਰੱਖੋ। ਤੁਹਾਨੂੰ ਆਪਣੇ ਅਨਾਜ ਦੀ ਭੇਟ ਵਿੱਚੋਂ ਕਦੇ ਵੀ ਪਰਮੇਸ਼ਰ ਦੇ ਇਕਰਾਰਨਾਮੇ ਦਾ ਨਮਕ ਖਾਰਜ ਨਹੀਂ ਕਰਨ ਚਾਹੀਦਾ। ਤੁਹਾਨੂੰ ਆਪਣੇ ਸਾਰੇ ਚੜਾਵਿਆਂ ਨਾਲ ਨਮਕ ਲੈ ਕੇ ਆਉਣਾ ਚਾਹੀਦਾ ਹੈ ......।

ਪਹਿਲੀ ਉਪਜ ਦੇ ਅਨਾਜ਼ ਦੀ ਭੇਟ :

Scanned with OKEN Scanner
Scanned with OKEN Scanner

ਜਦੋਂ ਤੁਸੀਂ ਯਹੋਵਾਹ ਵਾਸਤੇ ਪਹਿਲੀ ਫਸਲ ਦੇ ਅਨਾਜ਼ ਦੀ ਭੇਟ ਲੈ ਕੇ ਆਉ, ਤਾਂ ਤੁਹਾਨੂੰ ਅਨਾਜ਼ ਦੀਆਂ ਭੁੰਨੀਆਂ ਹੋਈਆਂ ਬੱਲੀਆਂ ਲੈ ਕੇ ਆਉਣੀਆਂ ਚਾਹੀਦੀਆਂ ਹਨ। ਇਹ ਤਾਜ਼ੇ ਅਨਾਜ ਦੇ ਕੁੱਟੇ ਹੋਏ ਦਾਣੇ ਹੋਣੇ ਚਾਹੀਦੇ ਹਨ। ਇਹ ਤੁਹਾਡੀ ਪਹਿਲੀ ਫਸਲ ਦੇ ਅਨਾਜ਼ ਦੀ ਭੇਟ ਹੋਵੇਗੀ। ਤੁਹਾਨੂੰ ਇਸ ਵਿੱਚ ਤੇਲ ਅਤੇ ਲੁਬਾਨ ਵੀ ਪਾਉਣਾ ਚਾਹੀਦਾ ਹੈ ......।

ਸੁੱਖ ਸਾਂਦ ਦੀਆਂ ਭੇਟਾਂ :

ਜਦੋਂ ਕੋਈ ਬੰਦਾ ਸੁਖ ਸਾਂਦ ਦੀ ਭੇਟ ਵਜੋਂ ਬਲੀ ,ਚੜਾਉਂਦਾ ਹੈ, ਉਹ ਯਹੋਵਾਹ ਅੱਗੇ ਇੱਕ ਬੇਨੁਕਸ ਬਲਦ ਨੂੰ ਜਾਂ ਇੱਕ ਗਾਂ ਨੂੰ ਚੜ੍ਹਾ ਸਕਦਾ ਹੈ, ਉਸ ਨੂੰ ਜਾਨਵਰ ਦੇ ਸਿਰ ਤੇ ਆਪਣਾ ਹੱਥ ਰੱਖਣਾ ਚਾਹੀਦਾ ਹੈ। ਅਤੇ ਇਸਨੂੰ ਮੰਡਲੀ ਵਾਲੇ ਤੰਬੂ ਦੇ ਪ੍ਰਵੇਸ਼ ਤੇ ਜ਼ਿਬਾਹ ਕਰਨਾ ਚਾਹੀਦਾ ਹੈ। ਫੇਰ ਹਾਰੂਨ ਦੇ ਪੁੱਤਰਾਂ, ਜਾਜ਼ਕਾਂ ਨੂੰ ਜਗਵੇਦੀ ਦੀ ਸਾਰੀਂ ਪਾਸੀਂ ਖੂਨ ਡੋਲਣਾ ਚਹੀਦਾ ਹੈ ......। ਜਾਜ਼ਕ ਨੂੰ ਦੋਵੇਂ ਗੁਰਦੇ ਅਤੇ ਉਹਨਾਂ ਉਤੇ ਚੜ੍ਹੀ ਹੋਈ ਪੁੱਠ ਦੇ ਨੇੜੇ ਦੀ ਚਰਬੀ ਚੜ੍ਹਾਵੇ। ਉਸਨੂੰ ਕਲੇਜੀ ਦੀ ਚਰਬੀ ਵਾਲਾ ਹਿੱਸਾ ਵੀ ਅਰਪਣ ਕਰਨਾ ਚਾਹੀਦਾ ਹੈ। ਫੇਰ ...... ਹਾਰੂਨ ਦੇ ਪੁਤਰ ਚਰਬੀ ਨੂੰ ਅੱਗ ਉਤੇ ਸਾੜਨਗੇ। ਇਸਦੀ ਸੁਗੰਧ ਯਹੋਵਾਹ ਨੂੰ ਪ੍ਰਸੰਨ ਕਰਦੀ ਹੈ।

ਜਦੋਂ ਕੋਈ ਬੰਦਾ ਯਹੋਵਾਹ ਨੂੰ ਸੁਖ ਸਾਂਦ ਦੀ ਭੇਟ ਵਜੋਂ, ਇੱਜੜ ਵਿੱਚੋਂ ਕੋਈ ਜਾਨਵਰ ਚੜ੍ਹਾਉਂਦਾ ਹੈ, ਤਾਂ ਜਾਨਵਰ ਬੇਨੁਕਸ ਨਰ ਜਾਂ ਮਾਦਾ ਹੋ ਸਕਦਾ ਹੈ। ਜੇ ਉਹ ਕਿਸੇ ਲੇਲੇ ਨੂੰ ਭੇਟ ਵਜੋਂ ਚੜਾਉਂਦਾ ਹੈ, ਤਾਂ ਉਸਨੂੰ ਇਹ ਯਹੋਵਾਹ ਦੇ ਲਿਆਉਣਾ ਚਾਹੀਦਾ ਹੈ, ਉਸਨੂੰ ਜਾਨਵਰ ਦੇ ਸਿਰ ਉਤੇ ਆਪਣਾ ਹੱਥ ਰੱਖਣਾ ਚਾਹੀਦਾ ਹੈ, ਅਤੇ ਜਾਨਵਰ ਨੂੰ ਮੰਡਲੀ ਵਾਲੇ ਤੰਬੂ ਦੇ ਸਾਹਮਣੇ ਜ਼ਿਬਾਹ ਕਰਨਾ ਚਾਹੀਦਾ ਹੈ। ਫੇਰ ਹਾਰੂਨ ਦੇ ਪੁੱਤਰਾਂ ਨੂੰ ਜਾਨਵਰ ਦਾ ਖੂਨ ਜਗਵੇਦੀ ਉਤੇ ਸਾਰੇ ਪਾਸੇ ਛਿੜਕਣਾ ਚਾਹੀਦਾ ਹੈ ...... ਉਸ ਨੂੰ, ਚਰਬੀ, ਸਾਰੀ ਪੂਛ ਅਤੇ ਜਿਹੜੀ ਚਰਬੀ ਜਾਨਵਰ ਦੇ ਅੰਦਰ ਅਤੇ ਅੰਦਰਲੇ ਅੰਗਾਂ ਦੇ ਆਲੇ ਦੁਆਲੇ ਹੋਵੇ, ਚੜਾਉਣੀ ਚਾਹੀਦੀ ਹੈ। (ਉਸਨੂੰ ਰੀੜ ਦੀ ਹੱਡੀ ਦੇ ਨੇੜਿਉਂ ਪੂਛ ਕੱਟ ਦੇਣੀ ਚਾਹੀਦੀ ਹੈ।) ...... ਜਾਜਕ ਨੂੰ ਇਹਨਾਂ ਨੂੰ ਅੱਗ ਉਤੇ ਸਾੜਨਾ ਚਾਹੀਦਾ ਹੈ। ਇਹ ਅੱਗ ਦੁਆਰਾ ਯਹੋਵਾਹ ਨੂੰ ਅੱਗ ਦੀ ਭੇਟ ਹੈ।

ਸੁੱਖ ਸਾਂਦ ਦੀ ਭੇਟ ਵਜੋਂ ਬੱਕਰੀ ਦੀ ਬਲੀ :-

ਜੇ ਭੇਟ ਬੱਕਰੀ, (ਨਰ ਜਾਂ ਮਾਦਾ)ਦੀ ਹੋਵੇ, ਉਹ ਬੰਦਾ ਇਸਨੂੰ ਯਹੋਵਾਹ ਸਾਹਮਣੇ ਲੈ ਕੇ ਆਵੇ। ਉਸ ਬੰਦੇ ਨੂੰ ਚਾਹੀਦਾ ਹੈ ਕਿ ਬੱਕਰੀ ਦੇ ਸਿਰ ਉਤੇ ਹੱਥ ਰੱਖੇ। ਅਤੇ ਇਸਨੂੰ ਮੰਡਲੀ ਵਾਲੇ ਤੰਬੂ ਦੇ ਸਾਹਮਣੇ ਜ਼ਿਬਾਹ ਕਰੇ, ਫੇਰ ਹਾਰੂਨ ਦੇ ਪੁੱਤਰ ਨੂੰ ਬੱਕਰੇ ਦਾ ਖੂਨ ਜਗਵੇਦੀ ਅਤੇ ਇਸਦੇ ਆਸੇ ਪਾਸੇ ਛਿੜਕਣਾ ਚਾਹੀਦਾ ਹੈ। ਉਸ ਬੰਦੇ ਨੂੰ ਸੁਖ ਸਾਂਦ ਦੀ ਇੱਕ ਭੇਟ ਦਾ ਹਿੱਸਾ ਯਹੋਵਾਹ ਨੂੰ ਅੱਗ ਦੁਆਰਾ ਦਿੱਤੀ ਗਈ ਭੇਟ ਵਜੋਂ ਚੜ੍ਹਾਉਣਾ ਚਾਹੀਦਾ ਹੈ,

Scanned with OKEN Scanner

Scanned with OKEN Scanner

ਉਸਨੂੰ ਪਸ਼ੂ ਦੇ ਅੰਦਰਲੇ ਅੰਗਾਂ ਨੂੰ ਢਕਦੀ ਹੋਈ ਚਰਬੀ ਨੂੰ ਭੇਟ ਕਰਨਾ ਚਾਹੀਦਾ ਹੈ। ਬੰਦੇ ਨੂੰ ਦੋਵੇਂ ਗੁਰਦੇ ਅਤੇ ਪੁੱਠ ਦੇ ਹੇਠਲੇ ਹਿੱਸੇ ਦੀ ਚਰਬੀ ਭੇਟ ਕਰਨੀ ਚਾਹੀਦੀ ਹੈ। ਉਸਨੂੰ ਕਲੇਜੀ ਦਾ ਚਰਬੀ ਵਾਲਾ ਹਿੱਸਾ ਵੀ ਅਰਪਨ ਕਰਨਾ ਚਾਹੀਦਾ ਹੈ। ਉਸਨੂੰ ਚਾਹੀਦਾ ਹੈ ਇਸਨੂੰ ਗੁਰਦਿਆਂ ਦੇ ਨਾਲ ਹੀ ਲਾਹ ਲਵੇ।ਫੇਰ ਜਾਜਕ ਨੂੰ ਇਹਨਾਂ ਨੂੰ ਜਗਵੇਦੀ ਉਤੇ ਸਾੜਨਾ ਚਾਹੀਦਾ ਹੈ, ਇਹ ਅੱਗ ਦੁਆਰਾ ਭੋਜਨ ਦੀ ਭੇਟ ਹੈ। ਅਤੇ ਇਸਦੀ ਸੁਗੰਧ ਯਹੋਵਾਹ ਨੂੰ ਪ੍ਰਸੰਨ ਕਰਦੀ ਹੈ।

ਅਚਨਚੇਤ ਕੀਤੇ ਪਾਪਾਂ ਲਈ ਭੇਟਾਂ :

ਯਹੋਵਾਹ ਨੇ ਮੂਸਾ ਨਾਲ ਗੱਲ ਕੀਤੀ। ਯਹੋਵਾਹ ਨੇ ਆਖਿਆ, ਇਸਰਾਈਲ ਦੇ ਲੋਕਾਂ ਨੂੰ ਆਖੋ: ਕੇ ਕੋਈ ਬੰਦਾ ਅਚਨਚੇਤੀ ਪਾਪ ਕਮਾਉਂਦਾ ਹੈ ਅਤੇ ਉਹਨਾਂ ਗੱਲਾਂ ਵਿੱਚੋਂ ਕੋਈ ਕਰ ਬੈਠਦਾ ਹੈ ਜਿਹੜੀਆਂ ਯਹੋਵਾਹ ਨੇ ਕਰਨ ਤੋਂ ਮਨ੍ਹਾਂ ਕੀਤਾ ਹੈ, ਤਾਂ ਉਸ ਬੰਦੇ ਨੂੰ ਇਹ ਗੱਲਾਂ ਕਰਨੀਆਂ ਚਾਹੀਦੀਆਂ ਹਨ:

ਜੇ ਮਸਹ ਕੀਤਾ ਹੋਇਆ ਜਾਜ਼ਕ ਪਾਪ ਕਰਦਾ ਅੜੇ ਲੋਕਾਂ ਤੇ ਦੋਸ਼ ਲਿਆਉਂਦਾ, ਤਾਂ ਉਸਨੂੰ ਆਪਣੇ ਪਾਪ ਲਈ ਯਹੋਵਾਹ ਨੂੰ ਪਾਪ ਦੀ ਭੇਟ ਵਜੋਂ ਇੱਕ ਬੇਨੁਕਸ ਜਵਾਨ ਬਲਦ ਚੜ੍ਹਾਉਣਾ ਚਾਹੀਦਾ ਹੈ। ਜਾਜਕ ਨੂੰ ਚਾਹੀਦਾ ਹੈ ਕਿ ਉਹ ਆਪਣੀ ਉਂਗਲੀ ਨੂੰ ਖੂਨ ਵਿੱਚ ਡੁਬੋਏ ਅਤੇ ਸਭ ਤੋਂ ਪਵਿੱਤਰ ਸਥਾਨ ਦੇ ਪਰਦੇ ਦੇ ਸਾਹਮਣੇ ਯਹੋਵਾਹ ਦੇ ਸਨਮੁਖ ਸੱਤ ਵਾਰੀ ਖੂਨ ਛਿੜਕੇ। ਜਾਜਕ ਨੂੰ ਚਾਹੀਦਾ ਹੈ ਕਿ ਕੁਝ ਖੂਨ ਧੂਫ ਵਾਲੀ ਜਗਵੇਦੀ ਦੇ ਕੋਨਿਆਂ ਉਪਰ ਛਿੜਕੇ। ...... ਉਸਨੂੰ ਉਹ ਚਰਬੀ ਲੈਣੀ ਚਾਹੀਦੀ ਹੈ ਜਿਹੜੀ ਅੰਦਰਲੇ ਹਿੱਸਿਆਂ ਉੱਤੇ ਅਤੇ ਆਲੇ ਦੁਆਲੇ ਹੈ। ਉਹ ਦੋਵੇਂ ਗੁਰਦੇ ਅਤੇ ਉਹਨਾਂ ਉਤਲੀ ਪੁੱਠ ਦੇ ਹੇਠਲੇ ਹਿੱਸੇ ਦੀ ਚਰਬੀ ਵਾਲਾ ਹਿੱਸਾ ਲੈ ਲਵੇ ਜਿਸਨੂੰ ਉਹ ਗੁਰਦਿਆਂ ਦੇ ਨਾਲ ਲਾਹ ਲੈਂਦਾ ਹੈ। ਉਸਨੂੰ ਇਹਨਾਂ ਹਿੱਸਿਆਂ ਨੂੰ ਉਸੇ ਤਰ੍ਹਾਂ ਲਾਉਣਾ ਚਾਹੀਦਾ ਜਿਵੇਂ ਸੁਖ ਸਾਂਦ ਦੀ ਭੇਟ ਵਾਲੇ ਬਲਦ ਤੋਂ ਚਰਬੀ ਨੂੰ ਲਾਹਿਆ ਜਾਂਦਾ ਹੈ। ਉਸਨੂੰ ਪਸ਼ੂ ਦੇ ਅੰਗਾਂ ਨੂੰ ਹੋਮ ਦੀ ਭੇਟ ਵਾਲੀ ਜਗਵੇਦੀ ਉਤੇ ਸਾੜ ਦੇਣਾ ਚਾਹੀਦਾ ਹੈ ......।

ਜੇਕਰ ਇਸਰਾਈਲ ਦੀ ਸਾਰੀ ਕੌਮ ਅਣਜਾਣੇ ਹੀ ਉਹ ਗੱਲ ਕਰਕੇ ਪਾਪ ਕਰੇ ਜਿਸਨੂੰ ਯਹੋਵਾਹ ਨੇ ਉਹਨਾਂ ਨੂੰ ਨਾ ਕਰਨ ਵਾਸਤੇ ਆਖਿਆ, ਉਹ ਦੋਸ਼ੀ ਹੋਣਗ, ਭਾਵੇਂ ਉਹ ਅਣਜਾਣ ਹਨ ਕਿ ਉਨ੍ਹਾਂ ਨੇ ਕੀਤਾ ਹੈ। ਜਦੋਂ ਉਹਨਾਂ ਨੂੰ ਆਪਣੇ ਪਾਪ ਦਾ ਪਤਾ ਚੱਲ ਜਾਵੇ, ਉਨ੍ਹਾਂ ਨੂੰ ਸਾਰੀ ਕੌਮ ਖਾਤਰ ਇੱਕ ਜਵਾਨ ਬਲਦ ਦੀ ਭੇਟ ਵਜੋਂ ਯਹੋਵਾਹ ਨੂੰ ਚੜ੍ਹਾਉਣਾ ਚਾਹੀਦਾ ਹੈ, ਉਹਨਾਂ ਨੂੰ ਬਲਦ ਮੰਡਲੀ ਵਾਲੇ ਤੰਬੂ ਕੋਲ ਲੈ ਜਾਣਾ ਚਾਹੀਦਾ ਹੈ। ਲੋਕਾਂ ਦੇ ਬਜ਼ੁਰਗ ਯਹੋਵਾਹ ਦੇ ਸਾਹਮਣੇ ਬਲਦ ਦੇ ਸਿਰ ਤੇ ਹੱਥ ਰੱਖਣ। ਅਤੇ ਫਿਰ ਇਸਨੂੰ ਯਹੋਵਾਹ ਦੇ ਸਾਹਮਣੇ ਮਾਰਿਆ ਜਾਵੇਗਾ। ਜਾਜਕ ਆਪਣੀ ਉਂਗਲੀ ਨੂੰ ਖੂਨ ਵਿੱਚ ਡੁਬੋਏ। ਅਤੇ ਇਸਨੂੰ ਸੱਤ ਵਾਰੀ ਯਹੋਵਾਹ ਦੇ ਸਾਹਮਣੇ ਵਾਲੇ ਪਰਦੇ ਅੱਗੇ ਛਿੜਕੇ। ਫੇਰ ਜਾਜਕ ਨੂੰ

Scanned with OKEN Scanner

Scanned with OKEN Scanner

ਚਾਹੀਦਾ ਹੈ ਕਿ ਕੁਝ ਖੂਨ ਜਗਵੇਦੀ ਦੇ ਕੋਨਿਆਂ ਉਤੇ ਲਗਾ ਦੇਵੇ। ਜਾਜਕ ਨੂੰ ਚਾਹੀਦਾ ਹੈ ਕਿ ਸਾਰਾ ਖੂਨ ਹੋਮ ਦੀ ਭੇਟ ਵਾਲੀ ਜਗਵੇਦੀ ਦੇ ਥੜੇ ਉਤੇ ਡੋਲ ਦੇਵੇ। ਓਸ ਨੂੰ ਹਿੱਸਿਆਂ ਨੂੰ ਉਸੇ ਤਰ੍ਹਾ ਭੇਟ ਕਰਨਾ ਚਾਹੀਦਾ ਹੈ ਜਿਵੇਂ ਉਸਨੇ ਪਾਪ ਦੀ ਭੇਟ ਵਾਲੇ ਬਲਦ ਨੂੰ ਭੇਟ ਕੀਤਾ ਸੀ ......।

ਇਸ ਤਰ੍ਹਾਂ ਜਾਜਕ ਲੋਕਾਂ ਲਈ ਪ੍ਰਾਸਚਿਤ ਕਰੇਗਾ ਅਤੇ ਉਹਨਾਂ ਦੇ ਪਾਪ ਮੁਆਫ ਹੋ ਜਾਣਗੇ। ਜਾਜਕ ਨੂੰ ਚਾਹੀਦਾ ਹੈ ਕਿ ਇਸ ਬਲਦ ਨੂੰ ਡੇਰੇ ਤੋਂ ਬਾਹਰ ਲੈ ਜਾਵੇ ਅਤੇ ਸਾੜ ਦੇਵੇ, ਜਿਵੇਂ ਉਸਨੇ ਦੂਸਰੇ ਬਲਦ ਨੂੰ ਸਾੜਿਆ ਸੀ। ਇਹ ਸਾਰੀ ਕੋਮ ਲਈ ਪਾਪ ਦੀ ਭੇਟ ਹੈ।

ਜਦੋਂ ਕੋਈ ਹਾਕਮ ਅਣਜਾਣੇ ਪਾਪ ਕਰਦਾ ਅਤੇ ਕੁਝ ਅਜਿਹਾ ਕਰਦਾ ਜਿਸਨੂੰ ਨਾ ਕਰਨ ਬਾਰੇ ਯਹੋਵਾਹ , ਉਸ ਦੇ ਪਰਮੇਸ਼ਰ ਨੇ ਆਖਿਆ ਹੋਵੇ, ਉਹ ਦੋਸ਼ੀ ਹੋਵੇਗਾ। ਜਦੋਂ ਹਾਕਮ ਆਪਣੇ ਪਾਪ ਬਾਰੇ ਜਾਣ ਜਾਵੇ, ਉਸ ਨੂੰ ਭੇਟ ਵਜੋਂ ਇੱਕ ਬੱਕਰੀ ਲਿਆਉਣੀ ਚਾਹੀਦੀ ਹੈ ਜਿਸ ਵਿੱਚ ਕੋਈ ਨੁਕਸ ਨਾ ਹੋਵੇ।

ਉਸ ਨੂੰ ਬੱਕਰੀ ਦੀ ਸਾਰੀ ਚਰਬੀ ਜਗਵੇਦੀ ਉਤੇ ਉਸੇ ਤਰ੍ਹਾਂ ਸਾੜ ਦੇਣੀ ਚਾਹੀਦੀ ਹੈ, ਜਿਵੇਂ ਉਹ ਸੁਖ ਸਾਂਦ ਦੀ ਬਲੀ ਨੂੰ ਸਾੜਦਾ ਹੈ। ਇਸ ਤਰ੍ਹਾ ਜਾਜਕ ਹਾਕਮ ਲਈ ਪ੍ਰਾਸਚਿਤ ਕਰੇਗਾ। ਅਤੇ ਪਰਮੇਸ਼ਰ ਹਾਕਮ ਨੂੰ ਮੁਆਫ ਕਰ ਦੇਵੇਗਾ। ਜਦੋਂ ਕੋਈ ਸਧਾਰਨ ਆਦਮੀ ਅਚਨਚੇਤ ਹੀ ਪਾਪ ਕਰਦਾ ਹੈ ਅਤੇ ਕੁਝ ਅਜਿਹਾ ਕਰਦਾ ਹੈ ਜਿਸਨੂੰ ਨਾ ਕੀਤੇ ਜਾਣ ਲਈ ਯਹੋਵਾਹ ਨੇ ਆਖਿਆ, ਉਹ ਦੋਸ਼ੀ ਹੋਵੇਗਾ। ਜਦੋਂ ਉਹ ਬੰਦਾ ਆਪਣੇ ਪਾਪ ਬਾਰੇ ਜਾਣ ਜਾਂਦਾ ਹੈ ਤਾਂ ਉਸਨੂੰ ਇੱਕ ਬੱਕਰੀ ਲੈ ਕੇ ਆਉਣੀ ਚਾਹੀਦੀ ਹੈ ਜਿਸ ਵਿੱਚ ਕੋਈ ਨੁਕਸ ਨਾ ਹੋਵੇ। ਉਸਨੂੰ ਇਹ ਬੱਕਰੀ ਆਪਣੇ ਪਾਪ ਦੀ ਖਾਤਿਰ ਆਪਣੀ ਭੇਟ ਵਜੋਂ ਲਿਆਉਣੀ ਚਾਹੀਦੀ ਹੈ। ਉਸਨੂੰ ਆਪਣਾ ਹੱਥ ਬੱਕਰੀ ਦੇ ਸਿਰ ਤੇਹੱਥ ਰੱਖਣਾ ਚਾਹੀਦਾ ਹੈ ਅਤੇ ਇਸਨੂੰ ਹੋਮ ਦੀ ਭੇਟ ਵਾਲੀ ਥਾਂ ਉਤੇ ਮਾਰਨਾ ਚਾਹੀਦਾ ਹੈ।

ਜੇ ਉਹ ਬੰਦਾ ਆਪਣੇ ਪਾਪ ਦੀ ਭੇਟ ਲਈ ਲੇਲਾ ਲੈ ਕੇ ਆਵੇ ਤਾਂ ਉਸਨੂੰ ਮਾਦਾ ਲੇਲਾ ਲੈ ਕੇ ਆਉਣਾ ਚਾਹੀਦਾ ਹੈ ਜਿਸ ਵਿੱਚ ਕੋਈ ਨੁਕਸ ਨਾ ਹੋਵੇ। ਉਸ ਬੰਦੇ ਨੂੰ ਜਾਨਵਰ ਦੇ ਸਿਰ ਤੇ ਆਪਣਾ ਹੱਥ ਰੱਖਣਾ ਚਾਹੀਦਾ ਹੈ ਅਤੇ ਇਸਨੂੰ ਉਸੇ ਥਾਂ ਤੇ ਪਾਪ ਦੀ ਭੇਟ ਵਜੋਂ ਮਾਰਨਾ ਚਾਹੀਦਾ ਹੈ ਜਿੱਥੇ ਉਹ ਹੋਮ ਦੀ ਭੇਟ ਦੇ ਜਾਨਵਰ ਨੂੰ ਮਾਰਦੇ ਹਨ। ਜਾਜਕ ਨੂੰ ਇਸਨੂੰ ਯਹੋਵਾਹ ਨੂੰ ਅੱਗ ਦੁਆਰਾ ਦਿੱਤੇ ਹੋਰਨਾਂ ਚੜ੍ਹਾਵਿਆਂ ਦੇ ਨਾਲ ਜਗਵੇਦੀ ਉੱਤੇ ਸਾੜਨਾ ਚਾਹੀਦਾ ਹੈ। ਇਸ ਤਰ੍ਹਾਂ ਜਾਜਕ ਉਸ ਵਿਅਕਤੀ ਦੇ ਕੀਤੇ ਪਾਪਾਂ ਦੇ ਲਈ ਪ੍ਰਾਸਚਿਤ ਕਰੇਗਾ ਅਤੇ ਪਰਮੇਸ਼ਰ ਉਸ ਵਿਅਕਤੀ ਨੂੰ ਮੁਆਫ ਕਰ ਦੇਵੇਗਾ।

ਵੱਖੋ ਵੱਖਰੇ ਅਚਨਚੇਤ ਪਾਪ :

ਜਦੋਂ ਕਿਸੇ ਬੰਦੇ ਨੂੰ ਗਵਾਹੀ ਦੇਣ ਲਈ ਸੱਦਿਆ ਜਾਂਦਾ ਹੈ ਅਤੇ ਉਹ ਚਸ਼ਮਦੀਦ ਗਵਾਹ ਜਾਂ, ਉਸ ਘਟਨਾ ਬਾਰੇ ਕੁਝ ਜਾਣਦਾ, ਅਤੇ ਜੋ ਬੰਦਾ ਉਹ ਕੁਝ ਨਹੀਂ ਦੱਸਦਾ ਜੋ

Scanned with OKEN Scanner

ਉਸਨੇ ਦੇਖਿਆ ਜਾਂ ਉਹ ਜਾਣਦਾ ਤਾਂ ਆਪਣੀ ਸਾਖੀ ਦੇਣ ਵਿੱਚ ਨਾਕਾਮਯਾਬ ਹੋਣ ਦੇ ਸਿੱਟੇ ਦਾ ਜ਼ਿੰਮੇਵਾਰ ਹੈ। ਜਾਂ ਸ਼ਾਇਦ ਕੋਈ ਬੰਦਾ ਕਿਸੇ ਨਾਪਾਕ ਛੈਅ ਨੂੰ ਛੂਹ ਲਵੇ। ਇਹ ਕਿਸੇ ਨਾਪਾਕ ਪਾਲਤੂ ਜਾਨਵਰ ਦੀ ਲਾਸ਼ ਹੋ ਸਕਦੀ ਹੈ, ਜਾਂ ਕਿਸੇ ਨਾਪਾਕ ਜੰਗਲੀ ਜਾਨਵਰ ਦੀ ਲਾਸ਼ ਹੋ ਸਕਦੀ ਹੈ, ਜਾਂ ਇਹ ਕਿਸੇ ਨਾਪਾਕ ਰੀਂਗਦੇ ਜਾਨਵਰ ਦੀ ਲਾਸ਼ ਹੋ ਸਕਦੀ ਹੈ। ਹੋ ਸਕਦਾ ਹੈ ਉਹ ਬੰਦਾ ਸੁਚੇਤ ਨਾ ਹੋਵੇ ਕਿ ਉਸਨੇ ਇਹਨਾਂ ਚੀਜ਼ਾਂ ਨੂੰ ਛੂਹ ਲਿਆ, ਪਰ ਹਾਲੇ ਵੀ ਉਹ ਪਲੀਤ ਹੈ ਅਤੇ ਉਹ ਦੋਸ਼ੀ ਹੈ। ਜੇਕਰ ਕੋਈ ਵਿਅਕਤੀ ਮਨੁੱਖੀ ਨਾਪਾਕਤਾ ਨੂੰ ਛੂਹ ਲਵੇ, ਕੁਝ ਵੀ ਜੋ ਕਿਸੇ ਵਿਅਕਤੀ ਨੂੰ ਨਾਪਾਕ ਬਣਾਵੇ, ਭਾਵੇਂ ਉਹ ਇਸ ਤੋਂ ਸੁਚੇਤ ਨਹੀਂ, ਪਰ ਮਗਰੋਂ ਜਾਣ ਜਾਵੇ ਕਿ ਉਸਨੇ ਇਸ ਵਿੱਚੋਂ ਕਿਸੇ ਨਾਪਾਕ ਚੀਜ਼ ਨੂੰ ਛੂਹ ਲਿਆ ਹੈ, ਤਾਂ ਉਹ ਦੋਸ਼ੀ ਹੋਵੇਗਾ। ਜਾਂ ਹੋ ਸਕਦਾ ਹੈ ਕਿ ਆਦਮੀ ਕੋਈ ਕਸਮ ਜਲਦੀ ਵਿੱਚ ਲੈ ਲਵੇ ਇਹ ਸਾਬਿਤ ਕਰਨ ਲਈ, ਕਿ ਉਹ ਸੱਚ ਕਹਿ ਰਿਹਾ ਹੈ, ਭਾਵੇਂ ਨਤੀਜਾ ਚੰਗਾ ਹੋਵੇ ਜਾਂ ਬੁਰਾ, ਅਤੇ ਉਹ ਇਸਨੂੰ ਮਹਿਸੂਸ ਨਹੀਂ ਕਰਦਾ। ਜਦੋਂ ਉਹ ਮਹਿਸੂਸ ਕਰੇ ਕਿ ਉਸਨੇ ਕੀ ਕੀਤਾ ਹੈ, ਉਹ ਦੋਸ਼ੀ ਬਣ ਜਾਂਦਾ। ਜਦੋਂ ਕੋਈ ਬੰਦਾ ਇਹਨਾਂ ਵਿੱਚੋਂ ਕਿਸੇ ਵੀ ਦੋਸ਼ ਨੂੰ ਮਹਿਸੂਸ ਕਰੇ ਉਸਨੂੰ, ਜੋ ਉਸਨੇ ਗਲਤ ਕੀਤਾ ਹੈ ਕਬੂਲਣਾ ਚਾਹੀਦਾ ਹੈ। ਉਸਨੂੰ ਆਪਣੇ ਪਾਪ ਲਈ ਯਹੋਵਾਹ ਨੂੰ ਆਪਣੀ ਦੋਸ਼ ਦੀ ਭੇਟ ਲੈ ਕੇ ਆਉਣੀ ਚਾਹੀਦੀ ਹੈ। ਉਸ ਨੂੰ ਪਾਪ ਦੀ ਭੇਟ ਵਜੋਂ ਇੱਕ ਲੇਲੀ ਜਾਂ ਬੱਕਰੀ ਲੈ ਕੇ ਆਉਣੀ ਚਾਹੀਦੀ ਹੈ। ਫੇਰ ਜਾਜਕ ਉਸ ਵਿਅਕਤੀ ਦੇ ਪਾਪ ਲਈ, ਉਸਦੇ ਬਦਲੇ ਪ੍ਰਾਸਚਿਤ ਕਰੇਗਾ। ਜੇ ਉਸ ਬੰਦੇ ਤੋਂ ਬੱਕਰੀ ਜਾਂ ਲੇਲੀ ਨਾ ਸਰਦੀ ਹੋਵੇ ਉਹ ਦੋ ਘੁੱਗੀਆਂ ਜਾਂ ਦੋ ਜਵਾਨ ਕਬੂਤਰ ਯਹੋਵਾਹ ਲਈ ਲੈ ਆਵੇ। ਇਹ ਉਸਦੇ ਪਾਪ ਲਈ ਦੋਸ਼ ਦੀ ਭੇਟ ਹੋਵੇਗੀ। ਪਰ ਜਾਜਕ ਪੰਛੀਆਂ ਨੂੰ ਹਿੱਸਿਆਂ ਵਿੱਚ ਨਹੀਂ ਵੰਡੇਗਾ। ਜਾਜਕ ਪਾਪ ਦੀ ਭੇਟ ਦਾ ਖੂਨ ਜਗਵੇਦੀ ਦੇ ਇੱਕ ਪਾਸੇ ਛਿੜਕੇਗਾ। ਫੇਰ ਜਾਜਕ ਬਾਕੀ ਦਾ ਖੂਨ ਜਗਵੇਦੀ ਦੇ ਥੜ੍ਹੇ ਉਤੇ ਡੋਲੇਗਾ। ਇਹ ਪਾਪ ਦੀ ਭੇਟ ਹੈ।

ਉਸ ਬੰਦੇ ਤੋਂ ਦੋ ਘੁੱਗੀਆਂ ਜਾਂ ਕਬੂਤਰ ਨਾ ਸਰਦੇ ਹੋਣ ਉਸ ਨੂੰ ਆਪਣੇ ਪਾਪ ਦੀ ਭੇਟ ਲਈ ਮੈਦੇ ਦੇ 8 ਕੱਪ ਲਿਆਉਣੇ ਚਾਹੀਦੇ ਹਨ। ਉਹ ਮੈਦੇ ਨੂੰ ਯਹੋਵਾਹ ਨੂੰ ਅੱਗ ਦੁਆਰਾ ਚੜ੍ਹਾਈਆਂ ਗਈਆਂ ਹੋਰਨਾਂ ਭੇਟਾਂ ਨਾਲ ਚੜ੍ਹਾਵੇਗਾ। ਇਹ ਉਸਦੇ ਪਾਪ ਦੀ ਭੇਟ ਹੈ। ਇਸ ਤਰ੍ਹਾਂ ਜਾਜਕ ਉਸ ਬੰਦੇ ਨੂੰ ਪਾਕ ਬਣਾ ਦੇਵੇਗਾ। ਅਤੇ ਪਰਮੇਸ਼ਰ ਉਸ ਦੇ ਬੰਦੇ ਨੂੰ ਮੁਆਫ ਕਰ ਦੇਵੇਗਾ।

ਯਹੋਵਾਹ ਨੇ ਮੂਸਾ ਨੂੰ ਆਖਿਆ, “ਹੋ ਸਕਦਾ ਹੈ ਕੋਈ ਬੰਦਾ ਯਹੋਵਾਹ ਦੀਆਂ ਪਵਿੱਤਰ ਚੀਜ਼ਾਂ ਨਾਲ ਅਚਨਚੇਤ ਕੋਈ ਗਲਤ ਗੱਲ ਕਰ ਬੈਠੇ। ਉਸ ਬੰਦੇ ਨੂੰ ਬਿਨਾਂ ਨੁਕਸ ਵਾਲਾ ਭੇਡੂ ਲੈ ਕੇ ਆਉਣਾ ਚਾਹੀਦਾ ਹੈ। ਇਹ ਯਹੋਵਾਹ ਨੂੰ ਉਸਦੇ ਦੋਸ਼ ਲਈ ਭੇਟ ਹੋਵੇਗੀ। ਤੁਹਾਨੂੰ ਸਰਕਾਰੀ ਨਾਪ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਭੇਡੂ ਦੀ ਕੀਮਤ ਨਿਸ਼ਚਿਤ ਕਰਨੀ ਚਾਹੀਦੀ ਹੈ। ਉਸਨੂੰ ਪਵਿੱਤਰ ਚੀਜ਼ਾਂ ਲਈ ਅਦਾਇਗੀ ਕਰਨੀ ਪਵੇਗੀ ਜੋ ਉਸਨੇ ਲਈਆਂ। ਉਸ ਨੂੰ ਪੰਜਵਾਂ ਹਿੱਸਾ ਜੋੜ ਕੇ, ਜਾਜਕ ਨੂੰ ਦੇਣਾ ਚਾਹੀਦਾ ਹੈ। ਫੇਰ ਜਾਜਕ ਉਸ

Scanned with OKEN Scanner

ਵਿਅਕਤੀ ਲਈ ਦੋਸ਼ ਦੀ ਭੇਟ ਦੇ ਭੇਡੂ ਨਾਲ ਪ੍ਰਾਸਚਿਤ ਕਰੇਗਾ ਅਤੇ ਇਹ ਮਾਫ ਹੋ ਜਾਵੇਗਾ।"

ਬਾਕੀ ਪਾਪਾਂ ਲਈ ਦੋਸ਼ ਦੀਆਂ ਭੇਟਾਂ :

ਯਹੋਵਾਹ ਨੇ ਮੂਸਾ ਨੂੰ ਆਖਿਆ, "ਹੋ ਸਕਦਾ ਹੈ ਕੋਈ ਬੰਦਾ ਇਹਨਾਂ ਵਿੱਚੋਂ ਇੱਕ ਪਾਪ ਕਰਕੇ ਯਹੋਵਾਹ ਦੇ ਖਿਲਾਫ ਕੁਝ ਗਲਤ ਕਹੇ: ਕੋਈ ਬੰਦਾ ਕਿਸੇ ਜਮਾ ਕਰਾਈ ਹੋਈ ਰਕਮ ਬਾਰੇ ਝੂਠ ਬੋਲ ਸਕਦਾ ਹੈ। ਜੋ ਉਸਨੂੰ ਮਿਲੀ ਹੋਵੇ। ਜਾਂ ਕੋਈ ਬੰਦਾ ਕਿਸੇ ਚੀਜ਼ ਨੂੰ ਚੁਰਾ ਲਵੇ। ਜਾਂ ਕੋਈ ਬੰਦਾ ਕਿਸੇ ਨੂੰ ਧੋਖਾ ਦੇਵੇ। ਜਾਂ ਹੋ ਸਕਦਾ ਹੈ ਕੋਈ ਬੰਦਾ ਕਿਸੇ ਗੁਆਂਢੀ ਦੀ ਗੁਆਚੀ ਹੋਈ ਚੀਜ਼ ਨੂੰ ਲੱਭ ਲਵੇ ਅਤੇ ਇਸ ਬਾਰੇ ਝੂਠ ਬੋਲੇ। ਜਾਂ ਹੋ ਸਕਦਾ ਹੈ ਕੋਈ ਬੰਦਾ ਕਾਸੇ ਬਾਰੇ ਝੂਠੀ ਸਹੁੰ ਖਾਵੇ ਜਾ ਉਹ ਕੋਈ ਹੋਰ ਪਾਪ ਕਰੇ। ਜੇ ਕੋਈ ਬੰਦਾ ਇਹਨਾਂ ਵਿੱਚੋਂ ਕੋਈ ਗੱਲ ਕਰੇ ਤਾਂ ਉਹ ਬੰਦਾ ਪਾਪ ਦਾ ਦੋਸ਼ੀ ਹੈ। ਉਸ ਬੰਦੇ ਨੂੰ ਉਹ ਚੀਜ਼ ਵਾਪਸ ਲਿਆਉਣੀ ਚਾਹੀਦੀ ਹੈ। ਜੋ ਉਸਨੇ ਚੋਰੀ ਕੀਤੀ, ਜਾ ਇਸਨੂੰ ਉਸਨੇ ਧੋਖੇ ਨਾਲ ਲਿਆ, ਜਾਂ ਉਸਨੇ ਕੁਝ ਵੀ ਲਿਆ ਜਿਸਨੂੰ ਕਿਸੇ ਹੋਰ ਨੇ ਅਮਾਨਤ ਦੇ ਤੋਰ ਤੇ ਰੱਖਣ ਲਈ ਦਿੱਤਾ ਸੀ, ਜਾਂ ਜੋ ਕੁਝ ਵੀ ਉਸਨੂੰ ਲੱਭਿਆ ਅਤੇ ਉਸ ਬਾਰੇ ਝੂਠ ਬੋਲਿਆ। ਜਾਂ ਉਸਨੇ ਜੋ ਵੀ ਝੂਠੀ ਸੋਹੰ ਖਾਧੀ, ਓਸਨੂੰ ਇਸਦੀ ਪੂਰੀ ਕੀਮਤ ਵਿੱਚ ਚੀਜ਼ ਦੇ ਮੁੱਲ ਦਾ ਪੰਜਵਾਂ ਹਿੱਸਾ ਵੱਧ ਜਮ੍ਹਾ ਕਰਕੇ ਅਦਾ ਕਰਨਾ ਚਾਹੀਦਾ ਹੈ।ਓਸਨੂੰ ਇਹ ਪੈਸਾ ਜਦੋਂ ਉਹ ਆਪਣਾ ਦੋਸ਼ ਦੀ ਭੇਟ ਲੈ ਕੇ ਆਉਂਦਾ ਹੈ, ਉਸਦੇ ਅਸਲੀ ਮਾਲਕ ਨੂੰ ਦੇਣਾ ਚਾਹੀਦਾ ਹੈ। ਉਸ ਬੰਦੇ ਨੂੰ ਜਾਜਕ ਕੋਲ ਆਪਣੀ ਦੋਸ਼ ਦੀ ਭੇਟ ਲੈ ਕੇ ਆਉਣੀ ਚਾਹੀਦੀ ਹੈ। ਇਹ ਉਸਦੇ ਇੱਜੜ ਵਿੱਚੋਂ ਇੱਕ ਬੇਨੁਕਸ ਭੇਡੂ ਹੋਣਾ ਚਾਹੀਦਾ ਹੈ। ਇਹ ਉਨੇ ਹੀ ਮੁੱਲ ਦਾ ਹੋਣਾ ਚਾਹੀਦਾ ਹੈ। ਜਿੰਨਾ ਜਾਜਕ ਆਖੇ। ਇਹ ਯਹੋਵਾਹ ਨੂੰ ਦੋਸ਼ ਦੀ ਭੇਟ ਹੋਵੇਗੀ। ਫੇਰ ਜਾਜਕ ਯਹੋਵਾਹ ਦੇ ਅੱਗੇ ਜਾਵੇਗਾ ਅਤੇ ਉਸ ਵਿਅਕਤੀ ਲਈ ਪ੍ਰਾਸਚਿਤ ਕਰੇਗਾ ਅਤੇ ਉਹ ਗੱਲਾਂ ਜਿਹਨਾਂ ਨੂੰ ਉਹ ਕਰਕੇ ਦੋਸ਼ੀ ਬਣਿਆ ਸੀ ਮਾਫ ਕਰ ਦਿੱਤੀਆਂ ਜਾਣਗੀਆਂ।"

ਹੋਮ ਦੀਆਂ ਭੇਟਾਂ :

ਯਹੋਵਾਹ ਨੇ ਮੂਸਾ ਨੂੰ ਆਖਿਆ, ਹਾਰੂਨ ਅਤੇ ਉਸਦੇ ਪੁੱਤਰਾਂ ਨੂੰ ਇਹ ਹੁਕਮ ਦਿਉ: ਇਹ ਹੋਮ ਦੀ ਭੇਟ ਦੀ ਬਿਧੀ ਹੈ। ਹੋਮ ਦੀ ਭੇਟ ਸਾਰੀ ਰਾਤ ਸਵੇਰ ਹੋਣ ਤੀਕ ਜਗਵੇਦੀ ਉਤੇ ਰਹਿਣੀ ਚਾਹੀਦੀ ਹੈ। ਜਗਵੇਦੀ ਦੀ ਅੱਗ ਬਲਦੀ ਰਹਿਣੀ ਚਾਹੀਦੀ ਹੈ। ਜਾਜਕ ਨੂੰ ਆਪਣਾ ਲਿਨਨ ਦਾ ਕੱਛਾ ਅਤੇ ਲਿਨਨ ਦਾ ਚੋਲਾ ਪਹਿਨਣਾ ਚਾਹੀਦਾ ਹੈ। ਫੇਰ ਉਸਨੂੰ ਹੋਮ ਦੀ ਭੇਟ ਸੜਨ ਤੋਂ ਬਾਅਦ ਜਗਵੇਦੀ ਉਤੇ ਬਚੀ ਹੋਈ ਰਾਖ ਚੁੱਕ ਦੇਣੀ ਚਾਹੀਦੀ ਹੈ। ਉਸ ਨੂੰ ਇਹ ਰਾਖ ਜਗਵੇਦੀ ਦੇ ਪਾਸੇ ਤੇ ਪਾ ਦੇਣੀ ਚਾਹੀਦੀ ਹੈ। ਫੇਰ ਉਸਨੂੰ ਆਪਣੇ ਉਹ ਬਸਤਰ ਉਤਾਰ ਦੇਣੇ ਚਾਹੀਦੇ ਹਨ ਅਤੇ ਹੋਰ ਬਸਤਰ ਪਾ ਕੇ ਉਹ ਰਾਖ ਚੁੱਕ ਕੇ ਡੇਰੇ ਤੋਂ ਬਾਹਰ ਸ਼ੁੱਧ ਥਾਂ ਤੇ ਲੈ ਜਾਣੀ ਚਾਹੀਦੀ ਹੈ। ਪਰ ਜਗਵੇਦੀ ਦੀ ਅੱਗ ਬਲਦੀ ਰੱਖਣੀ ਚਾਹੀਦੀ

Scanned with OKEN Scanner

ਹੈ। ਇਸ ਨੂੰ ਬੁਝਣ ਨਹੀਂ ਦਿੱਤਾ ਜਾਣਾ ਚਾਹੀਦਾ। ਹਰ ਸਵੇਰ ਜਾਜਕ ਨੂੰ ਅੱਗ ਵਿੱਚ ਲੱਕੜਾਂ ਪਾਉਣੀਆਂ ਚਾਹੀਦੀਆਂ ਹਨ। ਉਸ ਨੂੰ ਹੋਮ ਦੀ ਭੇਟ ਨੂੰ ਜਗਵੇਦੀ ਉਤੇ ਰੱਖਣਾ ਚਾਹੀਦਾ ਹੈ ਅਤੇ ਸੁਖ ਸਾਂਦ ਦੀ ਭੇਡ ਦੀ ਚਰਬੀ ਸਾੜ ਦੇਣੀ ਚਾਹੀਦੀ ਹੈ। ਜਗਵੇਦੀ ਉਤੇ ਅੱਗ ਬਿਨਾਂ ਰੁਕੇ ਬਲਦੀ ਰੱਖਣੀ ਚਾਹੀਦੀ ਹੈ। ਇਹ ਕਦੇ ਵੀ ਬੁਝਣ ਨਹੀਂ ਦੇਣੀ ਚਾਹੀਦੀ।

ਅਨਾਜ਼ ਦੀਆਂ ਭੇਟਾਂ :

ਅਨਾਜ਼ ਦੀਆਂ ਭੇਟਾਂ ਦਾ ਨੇਮ ਇਹ ਹੈ: ਹਾਰੂਨ ਦੇ ਪੁੱਤਰ ਇਸਨੂੰ ਜਗਵੇਦੀ ਸਾਹਮਣੇ ਯਹੋਵਾਹ ਕੋਲ ਲੈ ਕੇ ਆਉਣ। ਜਾਜ਼ਕ ਨੂੰ ਅਨਾਜ਼ ਦੀ ਭੇਟ ਵਿੱਚੋਂ ਮੈਦੇ ਦੀ ਇੱਕ ਮੁੱਠੀ ਭਰਨੀ ਚਾਹੀਦੀ ਹੈ।

ਉਸ ਨੂੰ ਕੁਝ ਤੇਲ ਤੇ ਸਾਰਾ ਲੋਬਾਨ ਲੈਣਾ ਚਾਹੀਦਾ ਹੈ। ਜੋ ਅਨਾਜ਼ ਦੀ ਭੇਟ ਉਤੇ ਹੈ। ਉਸਨੂੰ ਅਨਾਜ ਦੀ ਭੇਟ ਨੂੰ ਜਗਵੇਦੀ ਤੇ ਸਾੜਨਾ ਚਾਹੀਦਾ ਹੈ। ਇਹ ਯਹੋਵਾਹ ਲਈ ਯਾਦਗਰ ਭੇਟ ਹੋਵੇਗੀ ਅਤੇ ਇਸਦੀ ਸੁਗੰਦ ਯਹੋਵਾਹ ਨੂੰ ਪ੍ਰਸੰਨ ਕਰਦੀ ਹੈ ......। ਅਨਾਜ ਦੀ ਭੇਟ ਨੂੰ ਖਮੀਰ ਨਾਲ ਨਹੀਂ ਪਕਾਉਣਾ ਚਾਹੀਦਾ। ਮੈਂ ਇਸ ਹਿੱਸੇ ਨੂੰ, ਮੈਨੂੰ ਅੱਗ ਦੁਆਰਾ ਦਿੱਤੇ ਗਏ ਚੜ੍ਹਾਵੇ ਵਿੱਚੋਂ ਜਾਜਕਾਂ ਨੂੰ ਦਿੱਤਾ ਹੈ। ਇਹ ਪਾਪ ਦੀ ਭੇਟ ਅਤੇ ਦੋਸ਼ ਦੀ ਭੇਟ ਵਾਂਗ ਅੱਤ ਪਵਿੱਤਰ ਹੈ। ਹਾਰੂਨ ਦੇ ਉਤਰਾਧਿਕਾਰੀਆਂ ਵਿੱਚੋਂ ਹਰ ਨਰ, ਯਹੋਵਾਹ ਨੂੰ ਅੱਗ ਦੁਆਰਾ ਦਿੱਤੀ ਗਈ ਅਨਾਜ ਦੀ ਭੇਟ ਵਿੱਚੋਂ ਖਾ ਸਕਦਾ ਹੈ। ਇਹ ਤੁਹਾਡੀਆਂ ਪੀੜੀਆਂ ਵਾਸਤੇ ਇੱਕ ਨੇਮ ਹੈ। ਇਹਨਾਂ ਭੇਟਾਂ ਨੂੰ ਛੂਹਣਾ ਉਹਨਾਂ ਆਦਮੀਆਂ ਨੂੰ ਪਵਿੱਤਰ ਬਣਾਉਣਾ ਹੈ।

ਜਾਜਕਾਂ ਦੀਆਂ ਅਨਾਜ ਦੀਆਂ ਭੇਟਾਂ :

ਯਹੋਵਾਹ ਨੇ ਮੂਸਾ ਨੂੰ ਆਖਿਆ, "ਇਹ ਉਹ ਭੇਟ ਹੈ ਜਿਹੜੀ ਹਾਰੂਨ ਅਤੇ ਉਸਦੇ ਪੁੱਤਰਾਂ ਨੂੰ ਯਹੋਵਾਹ ਲਈ ਲੈ ਕੇ ਆਉਣੀ ਚਾਹੀਦੀ ਹੈ। ਉਹਨਾਂ ਨੂੰ ਇਹ ਉਸ ਦਿਨ ਕਰਨਾ ਚਾਹੀਦਾ ਜਦੋਂ ਹਾਰੂਨ ਨੂੰ ਪ੍ਰਧਾਨ ਜਾਜਕ ਵਜੋਂ ਮਸਹ ਕੀਤਾ ਜਾਂਦਾ। ਉਹਨਾਂ ਨੂੰ ਅਨਾਜ ਦੀ ਭੇਟ ਵਜੋਂ 8 ਕੱਪ ਮੈਦੇ ਦੇ ਲੈ ਕੇ ਆਉਣੇ ਚਾਹੀਦੇ ਹਨ। (ਇਹ ਨਿਯਮਿਤ ਅਨਾਜ ਦੀ ਭੇਟ ਹੈ) ਉਹਨਾਂ ਨੂੰ ਇਸਦਾ ਅੱਧਾ ਹਿੱਸਾ ਸਵੇਰੇ ਲੈ ਕੇ ਆਉਣਾ ਚਾਹੀਦਾ ਹੈ ਅਤੇ ਅੱਧਾ ਸ਼ਾਮ ਨੂੰ। ਮੈਦੇ ਵਿੱਚ ਤੇਲ ਮਿਲਾਉਣਾ ਚਾਹੀਦਾ ਹੈ ਅਤੇ ਇਸਨੂੰ ਤਵੇ ਉਤੇ ਪਕਾਉਣਾ ਚਾਹੀਦਾ ਹੈ। ਜਦੋਂ ਇਹ ਪੱਕ ਜਾਵੇ ਤਾਂ ਤੁਹਾਨੂੰ ਇਹ ਅੰਦਰ ਲਿਆਉਣਾ ਚਾਹੀਦਾ ਹੈ। ਤੁਹਾਨੂੰ ਇਸ ਚੜ੍ਹਾਵੇ ਦੇ ਦੋ ਟੁਕੜੇ ਕਰ ਲੈਣੇ ਚਾਹੀਦੇ ਹਨ। ਇਸਦੀ ਸੁਗੰਧ ਯਹੋਵਾਹ ਨੂੰ ਪ੍ਰਸੰਨ ਕਰਦੀ ਹੈ।ਉਸ ਜਾਜਕ ਨੂੰ ਜਿਹੜਾ ਹਾਰੂਨ ਦੇ ਉਤਰਾਧਿਕਾਰੀਆਂ ਵਿੱਚੋਂ ਹਾਰੂਨ ਦੀ ਥਾਂ ਲੈਣ ਲਈ ਚੁਣਿਆਂ ਜਾਂਦਾ, ਯਹੋਵਾਹ ਨੂੰ ਇਹ ਭੇਟ ਕਰ ਦੇਣੀ ਚਾਹੀਦੀ ਹੈ। ਇਹ ਨੇਮ ਸਦਾ ਲਈ ਜਾਰੀ ਰਹੇਗਾ। ਜਾਜਕ ਦੀ ਅਨਾਜ ਦੀ ਭੇਟ ਨੂੰ ਪੂਰੀ ਤਰ੍ਹਾਂ ਸਾੜਨਾ ਚਾਹੀਦਾ ਹੈ। ਅਤੇ ਇਸਨੂੰ ਖਾਣਾ ਨਹੀਂ ਚਾਹੀਦਾ।"

Scanned with OKEN Scanner

ਪਾਪ ਦੀ ਭੇਟ ਦੀ ਬਿਧੀ :

ਯਹੋਵਾਹ ਨੇ ਮੂਸਾ ਨੂੰ ਆਖਿਆ, "ਹਾਰੂਨ ਅਤੇ ਉਸਦੇ ਪੁੱਤਰਾਂ ਨੂੰ ਆਖ: ਇਹ ਪਾਪ ਦੀ ਭੇਟ ਦੀ ਬਿਧੀ ਹੈ। ਪਾਪ ਦੀ ਭੇਟ ਨੂੰ ਉਸ ਸਥਾਨ ਉਤੇ ਮਾਰਿਆ ਜਾਣਾ ਚਾਹੀਦਾ ਹੈ ਜਿਥੋਂ ਯਹੋਵਾਹ ਦੇ ਸਾਹਮਣੇ ਹੋਮ ਦੀ ਭੇਟ ਨੂੰ ਮਾਰਿਆ ਜਾਂਦਾ ਹੈ। ਇਹ ਅੱਤ ਪਵਿੱਤਰ ਹੈ। ਜਿਹੜਾ ਜਾਜਕ ਪਾਪ ਦੀ ਭੇਂਟ ਨੂੰ ਭੇਟ ਕਰਦਾ ਹੈ ਉਸਨੂੰ ਇਸਨੂੰ ਖਾਣਾ ਚਾਹੀਦਾ ਹੈ। ਪਰ ਉਸਨੂੰ ਇਸ ਮੰਡਲੀ ਵਾਲੇ ਤੰਬੂ ਦੇ ਆਲੇ ਦੁਆਲੇ ਦੇ ਵਿਹੜੇ ਵਿੱਚ ਪਵਿੱਤਰ ਸਥਾਨ ਉਤੇ ਖਾਣਾ ਚਾਹੀਦਾ ਹੈ। ਪਾਪ ਦੀ ਭੇਟ ਦੇ ਮਾਸ ਨੂੰ ਛੂਹਣਾ ਕਿਸੇ ਬੰਦੇ ਜਾਂ ਚੀਜ਼ ਨੂੰ ਪਵਿੱਤਰ ਬਣਾਉਂਦਾ ਹੈ।

ਜੇਕਰ ਥੋੜਾ ਜਿਹਾ ਖੂਨ ਵੀ ਕਿਸੇ ਬੰਦੇ ਦੇ ਕੱਪੜਿਆਂ ਉਤੇ ਪੈ ਜਾਵੇ, ਉਸਨੂੰ ਆਪਣੇ ਕੱਪੜੇ ਪਵਿੱਤਰ ਸਥਾਨ ਵਿੱਚ ਧੋ ਲੈਣੇ ਚਾਹੀਦੇ ਹਨ। ਜੋ ਪਾਪ ਦੀ ਭੇਟ ਨੂੰ ਮਿੱਟੀ ਦੇ ਬਰਤਨ ਵਿੱਚ ਉਬਾਲਿਆ ਗਿਆ ਹੋਵੇ, ਉਸ ਭਾਡੇਂ ਨੂੰ ਪਾਣੀ ਨਾਲ ਹੰਘਾਲ ਕੇ ਧੋ ਲੈਣਾ ਚਾਹੀਦਾ ਹੈ।

ਜਾਜਕ ਦੇ ਘਰ ਦਾ ਕੋਈ ਵੀ ਆਦਮੀ ਪਾਪ ਦੀ ਭੇਟ ਖਾ ਸਕਦਾ ਹੈ। ਇਹ ਬਹੁਤ ਪਵਿੱਤਰ ਹੈ। ਪਰ ਜੋ ਪਾਪ ਦੀ ਭੇਟ ਦਾ ਖੂਨ ਮੰਡਲੀ ਵਾਲੇ ਤੰਬੂ ਵਿੱਚ ਲਿਜਾਇਆ ਗਿਆ ਸੀ ਅਤੇ ਪਵਿੱਤਰ ਸਥਾਨ ਵਿੱਚ ਪ੍ਰਾਸਚਿਤ ਕਰਨ ਲਈ ਵਰਤਿਆ ਗਿਆ ਸੀ, ਤਾਂ ਇਸ ਪਾਪੀ ਦੀ ਭੇਟ ਨੂੰ ਨਹੀਂ ਖਾਣਾ ਚਾਹੀਦਾ ਅਤੇ ਅੱਗ ਵਿਚ ਸਾੜ ਦੇਣਾ ਚਾਹੀਦਾ ਹੈ।

ਦੋਸ਼ ਦੀਆਂ ਭੇਟਾਂ :

"ਦੋਸ਼ ਦੀ ਭੇਂਟ ਦੀਆਂ ਬਿਧੀਆਂ ਇਹ ਹਨ। ਇਹ ਬਹੁਤ ਪਵਿੱਤਰ ਹੈ।ਉਹਨਾਂ ਨੂੰ ਦੋਸ਼ ਦੀ ਭੇਟ ਨੂੰ ਉਸੇ ਥਾਂ ਮਾਰਨਾ ਚਾਹੀਦਾ ਹੈ ਜਿੱਥੇ ਹੋਮ ਦੀਆਂ ਭੇਟਾਂ ਨੂੰ ਮਾਰਿਆ ਜਾਂਦਾ ਹੈ। ਫੇਰ ਜਾਜਕ ਨੂੰ ਦੋਸ਼ ਦੀ ਭੇਟ ਦੇ ਖੂਨ ਨੂੰ ਜਗਵੇਦੀ ਦੇ ਦੋਹੀਂ ਪਾਸੀਂ ਡੋਲ੍ਹਣਾ ਚਾਹੀਦਾ ਹੈ। ਜਾਜਕ ਨੂੰ ਦੋਸ਼ ਦੀ ਭੇਟ ਦੀ ਸਾਰੀ ਚਰਬੀ ਭੇਂਟ ਕਰਨੀ ਚਾਹੀਦੀ ਹੈ। ਉਸਨੂੰ ਚਰਬੀ ਵਾਲੀ ਪੂਛ ਅਤੇ ਉਹ ਚਰਬੀ ਜਿਹੜੀ ਉਸਦੇ ਅੰਦਰਲੇ ਅੰਗਾਂ ਵਿੱਚ ਹੈ, ਭੇਟ ਕਰਨੀ ਚਾਹੀਦੀ ਹੈ। ਉਸਨੂ ਦੋਵੇਂ ਗੁਰਦੇ ਅਤੇ ਉਹਨਾ ਨੂੰ ਕੱਜਲ ਵਾਲੀ ਪੁੱਠ ਦੇ ਹੇਠਲੇ ਪਾਸੇ ਦੀ ਚਰਬੀ ਅਤੇ ਕਲੇਜੀ ਦੇ ਚਰਬੀ ਵਾਲੇ ਹਿੱਸੇ ਨੂੰ ਭੇਟ ਕਰਨਾ ਚਾਹੀਦਾ ਹੈ ਜਿਸਨੂੰ ਉਹ ਗੁਰਦਿਆਂ ਦੇ ਨਾਲ ਲਾਹ ਲੈਂਦਾ ਹੈ। ਜਾਜਕ ਨੂੰ ਇਹ ਸਾਰੀਆਂ ਚੀਜਾਂ ਜਗਵੇਦੀ ਉਤੇ ਸਾੜਨੀਆਂ ਚਾਹੀਦੀਆਂ ਹਨ। ਇਹ ਯਹੋਵਾਹ ਨੂੰ ਅਗਨੀ ਰਾਹੀਂ ਭੇਟ ਕੀਤਾ ਚੜ੍ਹਾਵਾ ਹੋਵੇਗਾ। ਇਹ ਦੋਸ਼ ਦੀ ਭੇਟ ਹੈ।

ਜਾਜਕ ਦੇ ਪਰਿਵਾਰ ਦਾ ਕੋਈ ਵੀ ਨਰ ਬੰਦਾ ਦੋਸ਼ ਦੀ ਭੇਟ ਖਾ ਸਕਦਾ ਹੈ। ਇਹ ਬਹੁਤ ਪਵਿੱਤਰ ਹੈ। ਇਸ ਲਈ ਇਸਨੂੰ ਪਵਿੱਤਰ ਸਥਾਨ ਉਤੇ ਖਾਣਾ ਚਾਹੀਦਾ ਹੈ। ਦੋਸ਼ ਦੀ ਭੇਂਟ ਪਾਪ ਦੀ ਭੇਂਟ ਵਰਗੀ ਹੈ। ਦੋਹਾਂ ਭੇਟਾਂ ਦੇ ਅਸੂਲ ਇਕੋ ਜਿਹੇ ਹਨ। ਜਿਹੜਾ ਜਾਜਕ

Scanned with OKEN Scanner

ਬਲੀ ਚੜ੍ਹਾਉਂਦਾ ਹੈ ਉਹੀ ਭੋਜਨ ਲਈ ਮਾਸ ਪ੍ਰਾਪਤ ਕਰੇਗਾ। ਹੁਣ ਪੂਰੀ ਹੋਮ ਦੀ ਭੇਂਟ ਬਾਰੇ। ਜਿਹੜਾ ਜਾਜਕ ਪੂਰੀ ਹੋਮ ਦੀਆਂ ਬਲੀਆਂ ਚੜ੍ਹਾਉਂਦਾ ਹੈ ਉਸਨੂੰ ਜਾਨਵਰ ਦੀ ਖੱਲ ਵੀ ਪ੍ਰਾਪਤ ਹੋਵੇਗੀ। ਹਰ ਅਨਾਜ ਦੀ ਭੇਟ ਜਿਹੜੀ ਜਾਜਕ ਚੜ੍ਹਾਉਂਦਾ ਹੈ, ਉਸ ਇਕੱਲੇ ਦੀ ਹੋਵੇਗੀ। ਜਾਜਕ ਉਹਨਾਂ ਅਨਾਜਾਂ ਦੀਆਂ ਭੇਟਾਂ ਨੂੰ ਪ੍ਰਾਪਤ ਕਰੇਗਾ ਜਿਹੜੀਆਂ ਤੰਦੂਰ ਵਿਚ ਜਾਂ ਪਤੀਲੇ ਵਿੱਚ ਜਾਂ ਤਵੇ ਉਤੇ ਪਕਾਈਆਂ ਗਈਆਂ ਸਨ। ਪਰ ਹਰ ਅਨਾਜ਼ ਦੀ ਭੇਂਟ ਜੋ ਸੁੱਕੀ ਹੈ ਜਾਂ ਤੇਲ ਨਾਲ ਮਿਲੀ ਹੋਈ ਹੈ ਹਾਰੂਨ ਦੇ ਸਾਰੇ ਪੁੱਤਰਾਂ ਦੀ ਹੋਵੇਗੀ। ਉਹ ਇਸ ਭੋਜਨ ਨੂੰ ਸਾਂਝਾ ਕਰਨਗੇ।

ਸੁਖ ਸਾਂਦ ਦੀਆਂ ਭੇਟਾਂ :

ਸੁਖ ਸਾਂਦ ਦੀਆਂ ਭੇਟਾਂ ਲਈ ਇਹ ਬਿਧੀ ਹੈ। ਜੋ ਕੋਈ ਵੀ ਵਿਅਕਤੀ ਯਹੋਵਾਹ ਲਈ ਲਿਆ ਸਕਦਾ ਹੈ। ਜੇਕਰ ਉਹ ਸ਼ੁਕਰਾਨੇ ਲਈ ਸੁਖ ਸਾਂਧ ਦੀ ਭੇਟ ਲਿਆਉਂਦਾ ਹੈ, ਉਸਨੂੰ ਤੇਲ ਨਾਲ ਮਿਲੀ ਬੇਖਮੀਰੀ ਰੋਟੀ, ਬੇਖਮੀਰੀਆਂ ਮੱਠੀਆਂ ਉਤੇ ਤੇਲ ਪਾ ਕੇ ਅਤੇ ਤੇਲ ਨਾਲ ਮਿਲੇ ਹੋਏ ਮੈਦੇ ਦੇ ਕੇਕ ਵੀ ਲਿਆਉਣੇ ਚਾਹੀਦੇ ਹਨ। ਸ਼ੁਕਰਾਨੇ ਦੇ ਸੁਖ ਸਾਂਦ ਦੀ ਭੇਂਟ ਦੇ ਨਾਲ, ਉਸ ਵਿਅਕਤੀ ਨੂੰ ਪਤੀਰੀ ਰੋਟੀ ਦੇ ਕੇਕ ਲਿਆਉਣੇ ਚਾਹੀਦੇ ਹਨ। ਯਹੋਵਾਹ ਨੂੰ ਦਿੱਤੀਆਂ ਇਹਨਾਂ ਸੁਗਾਤਾਂ ਵਿੱਚੋਂ ਹਰ ਤਰ੍ਹਾਂ ਦਾ ਇੱਕ ਟੁਕੜਾ ਉਸ ਜਾਜਕ ਦਾ ਹੋਵੇਗਾ ਜਿਹੜਾ ਸੁਖ ਸਾਂਦ ਦੀ ਭੇਟ ਦਾ ਖੂਨ ਡੋਲਦਾ ਹੈ। ਸੁਖ ਸਾਂਦ ਦੀ ਭੇਂਟ ਦਾ ਜਿਹੜਾ ਸ਼ੁਕਰਾਨਾ ਜ਼ਾਹਿਰ ਕਰਨ ਲਈ ਦਿੱਤਾ ਗਿਆ ਹੋਵੇ, ਉਸੇ ਦਿਨ ਖਾ ਲਿਆ ਜਾਣਾ ਚਾਹੀਦਾ ਹੈ ਜਿਸ ਦਿਨ ਇਹ ਚੜ੍ਹਾਇਆ ਜਾਂਦਾ ਹੈ। ਮਾਸ ਦਾ ਕੋਈ ਵੀ ਹਿੱਸਾ ਅਗਲੀ ਸਵੇਰ ਲਈ ਨਹੀਂ ਬਚਣਾ ਚਾਹੀਦਾ। ਜੇਕਰ ਉਸ ਦੀ ਭੇਟ ਕਿਸੇ ਖਾਸ ਸਹੁੰ ਜਾਂ ਸਵੈ ਇੱਛਤ ਚੜ੍ਹਾਵੇ ਕਾਰਨ ਹੈ, ਤਾਂ ਬਲੀ ਉਸੇ ਦਿਨ ਖਾਧੀ ਜਾਣੀ ਚਾਹੀਦੀ ਹੈ ਜਿਸ ਦਿਨ ਉਹ ਇਸਨੂੰ ਭੇਂਟ ਕਰਦਾ ਹੈ। ਜੇ ਇਸ ਵਿੱਚੋਂ ਕੁਝ ਬਚ ਜਾਵੇ ਤਾਂ ਇਸਨੂੰ ਅਗਲੇ ਦਿਨ ਖਾ ਲਿਆ ਜਾਵੇ। ਪਰ ਜੇ ਇਸ ਬਲੀ ਦਾ ਮਾਸ ਤੀਸਰੇ ਦਿਨ ਵੀ ਬਚ ਜਾਵੇ ਤਾਂ ਇਸਨੂੰ ਅੱਗ ਵਿੱਚ ਸਾੜ ਦੇਣਾ ਚਾਹੀਦਾ ਹੈ। ਜੇ ਕੋਈ ਬੰਦਾ ਆਪਣੀ ਸੁਖ ਸਾਂਦ ਦੀ ਭੇਟਾ ਦਾ ਬਚਿਆ ਹੋਇਆ ਮਾਸ ਤੀਸਰੇ ਦਿਨ ਖਾਂਦਾ ਹੈ ਉਸ ਦੀ ਬਲੀ ਮੰਜ਼ੂਰਸ਼ੁਦਾ ਨਹੀਂ ਸਮਝੀ ਜਾਵੇਗੀ। ਇਹ ਇੱਕ ਘਿਨਾਉਣੀ ਗੱਲ ਹੈ। ਉਹ ਆਪਣੇ ਕੀਤੇ ਲਈ ਜਿੰਮੇਵਾਰ ਹੋਵੇਗਾ।

ਇਹ ਵੀ ਗੱਲ ਹੈ ਕਿ ਲੋਕਾਂ ਨੂੰ ਉਹ ਮਾਸ ਨਹੀਂ ਖਾਣਾ ਚਾਹੀਦਾ ਜਿਸਨੂੰ ਕੋਈ ਨਾਪਾਕ ਛੈਅ ਛੂਹਦੀ ਹੈ। ਉਹਨਾਂ ਨੂੰ ਇਹ ਮਾਸ ਨੂੰ ਅੱਗ ਵਿੱਚ ਸਾੜਨਾ ਚਾਹੀਦਾ ਹੈ। ਹਰ ਉਹ ਬੰਦਾ ਜਿਹੜਾ ਪਾਕ ਹੈ ਉਹ ਸੁਖ ਸਾਂਦ ਦੀ ਭੇਟ ਦਾ ਮਾਸ ਖਾ ਸਕਦਾ ਹੈ। ਪਰ ਜੇ ਕੋਈ ਬੰਦਾ ਨਾਪਾਕ ਹੈ ਅਤੇ ਉਹ ਸੁਖ ਸਾਂਦ ਦੀ ਭੇਂਟ ਦਾ ਉਹ ਮਾਸ ਖਾ ਲੈਂਦਾ ਹੈ ਜੋ ਯਹੋਵਾਹ ਦਾ ਹੈ, ਤਾਂ ਉਸ ਬੰਦੇ ਨੂੰ ਆਪਣੇ ਲੋਕਾਂ ਤੋਂ ਛੇਕ ਦੇਣਾ ਚਾਹੀਦਾ ਹੈ। ਜੇਕਰ ਕੋਈ ਬੰਦਾ ਨਾਪਾਕ ਹੈ, ਕਿਉਂਕਿ ਉਸਨੇ ਕਿਸੇ ਮਨੁੱਖੀ ਨਾਪਾਕਤਾ ਜਾਂ ਜਾਨਵਰ ਦੀ ਨਾਪਕਤਾ ਜਾਂ ਕਿਸੇ ਘਿਰਣਾ

Scanned with OKEN Scanner

ਯੋਗ ਪ੍ਰਾਣੀ ਦੀ ਨਾਪਕਤਾ ਨੂੰ ਛੂਹ ਲਿਆ, ਅਤੇ ਜੇਕਰ ਉਹ ਯਹੋਵਾਹ ਨੂੰ ਚੜ੍ਹਾਈ ਸੁਖ ਸਾਂਦ ਦਾ ਮਾਸ ਖਾ ਲੈਂਦਾ ਹੈ ਉਸ ਨੂੰ ਉਸਦੇ ਲੋਕਾਂ ਤੋ ਵੱਖ ਕਰ ਦੇਣਾ ਚਾਹੀਦਾ ਹੈ।"

ਯਹੋਵਾਹ ਨੇ ਮੂਸਾ ਨੂੰ ਆਖਿਆ, "ਇਸਰਾਈਲ ਦੇ ਲੋਕਾਂ ਨੂੰ ਆਖ:- ਤੁਹਾਨੂੰ ਗਾਵਾਂ, ਭੇਡਾਂ ਜਾਂ ਬੱਕਰੀਆਂ ਦੀ ਚਰਬੀ ਨਹੀਂ ਖਾਣੀ ਚਾਹੀਦੀ। ਤੁਸੀਂ ਕਿਸੇ ਅਜਿਹੇ ਜਾਨਵਰ ਦੀ ਚਰਬੀ ਵਰਤ ਸਕਦੇ ਹੋ ਜਿਹੜਾ ਆਪਣੇ ਆਪ ਮਰ ਗਿਆ ਹੋਵੇ ਜਾਂ ਜਿਸਨੂੰ ਹੋਰਨਾਂ ਜਾਨਵਰਾਂ ਨੇ ਮਾਰ ਸੁਟਿਆ ਹੋਵੇ ਪਰ ਤੁਹਾਨੂੰ ਇਸਨੂੰ ਕਦੇ ਵੀ ਖਾਣਾ ਨਹੀਂ ਚਾਹੀਦਾ। ਜੇ ਕੋਈ ਬੰਦਾ ਯਹੋਵਾਹ ਨੂੰ ਅੱਗ ਦੁਆਰਾ ਦਿੱਤੀ ਗਈ ਭੇਟ ਦੇ ਜਾਨਵਰ ਦੀ ਚਰਬੀ ਨੂੰ ਖਾਂਦਾ ਹੈ, ਉਸ ਨੂੰ ਉਸਦੇ ਲੋਕਾਂ ਤੋਂ ਵੱਖ ਕਰ ਦੇਣਾ ਚਾਹੀਦਾ ਹੈ।

ਤੁਸੀਂ ਜਿੱਥੇ ਕਿਤੇ ਵੀ ਰਹਿੰਦੇ ਹੋਵੋਂ ਤੁਹਾਨੂੰ ਕਿਸੇ ਵੀ ਪੰਛੀ ਜਾਂ ਜਾਨਵਰ ਦਾ ਖੂਨ ਨਹੀਂ ਖਾਣਾ ਚਾਹੀਦਾ। ਜੇ ਕੋਈ ਬੰਦਾ ਖੂਨ ਖਾਂਦਾ ਹੈ ਤਾਂ ਉਸ ਨੂੰ ਉਸਦੇ ਲੋਕਾਂ ਤੋਂ ਵੱਖ ਕਰ ਦੇਣਾ ਚਾਹੀਦਾ ਹੈ।"

ਹਿਲਾਉਣ ਦੀਆਂ ਭੇਟਾਂ ਲਈ ਬਿਧੀਆਂ :-

ਯਹੋਵਾਹ ਨੇ ਮੂਸਾ ਨੂੰ ਆਖਿਆ, "ਇਸਰਾਈਲ ਦੇ ਲੋਕਾਂ ਨੂੰ ਆਖ, ਜੇ ਕੋਈ ਬੰਦਾ ਯਹੋਵਾਹ ਲਈ ਸੁਖ ਸਾਂਦ ਦੀ ਭੇਟ ਲੈ ਕੇ ਆਵੇ, ਤਾਂ ਉਹ ਬੰਦਾ ਉਸ ਸੋਗਾਤ ਦਾ ਇੱਕ ਹਿੱਸਾ ਯਹੋਵਾਹ ਨੂੰ ਦੇਵੇ। ਸੁਗਾਤ ਦਾ ਉਹ ਹਿੱਸਾ ਅੱਗ ਵਿੱਚ ਸਾੜਿਆ ਜਾਵੇਗਾ। ਉਸਨੂੰ ਸੁਗਾਤ ਦਾ ਉਹ ਹਿੱਸਾ ਆਪਣੇ ਹੱਥਾਂ ਵਿੱਚ ਫੜ ਕੇ ਲਿਆਉਣਾ ਚਾਹੀਦਾ ਹੈ। ਉਸਨੂੰ ਜਾਨਵਰ ਦਾ ਸੀਨਾ ਅਤੇ ਚਰਬੀ ਜਾਜਕ ਕੋਲ ਲਿਆਉਣੀ ਚਾਹੀਦੀ ਹੈ।ਸੀਨੇ ਨੂੰ ਯਹੋਵਾਹ ਦੇ ਸਾਹਮਣੇ ਉੱਪਰ ਬਿਠਾਇਆ ਜਾਵੇ। ਇਹ ਹਿਲਾਉਣ ਦੀ ਭੇਟ ਹੋਵੇਗੀ।

ਇਸਰਾਈਲ ਦੇ ਲੋਕਾਂ ਤੋਂ ਹਿਲਾਉਣ ਦੀ ਭੇਟ ਦਾ ਸੀਨਾ ਲੈ ਰਿਹਾ ਹਾਂ ਅਤੇ ਸੁਖ ਸਾਂਦ ਦੀ ਭੇਡ ਦੀ ਸੱਜੀ ਲੱਤ ਲੈ ਰਿਹਾ ਹਾਂ। ਅਤੇ ਮੈਂ ਇਹ ਚੀਜ਼ਾਂ ਹਾਰੂਨ ਅਤੇ ਉਸਦੇ ਪੁੱਤਰਾਂ ਨੂੰ ਦੇ ਰਿਹਾ ਹਾਂ। ਇਸਰਾਈਲ ਦੇ ਲੋਕਾਂ ਨੂੰ ਇਹ ਨਾਮ ਹਮੇਸ਼ਾਂ ਮੰਨਣਾ ਚਾਹੀਦਾ ਹੈ।

ਮੂਸਾ ਜਾਜਕਾਂ ਨੂੰ ਤਿਆਰ ਕਰਦਾ ਹੈ :-

ਯਹੋਵਾਹ ਨੇ ਮੂਸਾ ਨੂੰ ਆਖਿਆ, "ਹਾਰੂਨ ਨੂੰ ਉਹਨਾ ਦੇ ਪੁੱਤਰਾਂ, ਉਹਨਾਂ ਦੇ ਬਸਤਰਾਂ, ਮਸਹ ਵਾਲੇ ਤੇਲ, ਪਾਪ ਦੀ ਭੇਟ ਦੇ ਬਲਦ, ਦੋ ਭੇਡੂਆਂ ਅਤੇ ਪਤੀਰੀ ਰੋਟੀ ਦੀ ਟੋਕਰੀ ਸਮੇਤ ਨਾਲ ਲੈ। ਅਤੇ ਫਿਰ ਲੋਕਾਂ ਨੂੰ ਮੰਡਲੀ ਵਾਲੇ ਤੰਬੂ ਦੇ ਪ੍ਰਵੇਸ਼ ਦੁਆਰ ਤੇ ਇਕੱਠਿਆਂ ਕਰੋ।"

ਮੂਸਾ ਨੇ ਉਹੀ ਕੀਤਾ ਜਿਸਦਾ ਯਹੋਵਾਹ ਨੇ ਆਦੇਸ਼ ਦਿੱਤਾ। ਲੋਕ ਮੰਡਲੀ ਵਾਲੇ ਤੰਬੂ ਦੇ ਪ੍ਰਵੇਸ਼ ਕੋਲ ਇਕੱਠੇ ਹੋ ਗਏ। ਫੇਰ ਮੂਸਾ ਨੇ ਲੋਕਾਂ ਨੂੰ ਆਖਿਆ, "ਇਹ ਚੀਜ਼ ਹੈ ਜੋ ਯਹੋਵਾਹ ਨੇ ਹੁਕਮ ਦਿੱਤਾ ਹੈ ਕਿ ਜਰੂਰ ਕੀਤੀ ਜਾਣੀ ਚਾਹੀਦੀ ਹੈ।"

Scanned with OKEN Scanner

ਫੇਰ ਮੂਸਾ, ਹਾਰੂਨ ਤੇ ਉਸਦੇ ਪੁਤਰਾਂ ਨੂੰ ਲਿਆਇਆ। ਉਸ ਨੇ ਉਹਨਾਂ ਨੂੰ ਪਾਣੀ ਨਾਲ ਧੋਤਾ। ਫੇਰ ਮੂਸਾ ਨੇ ਉਣੀ ਹੋਈ ਕਮੀਜ ਹਾਰੂਨ ਨੂੰ ਪਹਿਨਾਈ ਅਤੇ ਉਸਦੇ ਲੱਕ ਦੁਆਲੇ ਪੱਟੀ ਬੰਨ੍ਹੀ। ਫੇਰ ਉਸਨੇ ਹਾਰੂਨ ਨੂੰ ਚੋਲਾ ਪਹਿਨਾਇਆ ਅਤੇ ਇਸਨੂੰ ਸੁੰਦਰ ਕਮਰਬੰਦ ਨਾਲ ਬੰਨ੍ਹ ਦਿੱਤਾ। ਉਸਨੇ ਉਸਨੂੰ ਸੀਨੇ ਬੰਦ ਪਹਿਨਾਇਆ ਅਤੇ ਸੀਨੇ ਬੰਦ ਦੀ ਜੇਬ ਵਿੱਚ ਉਰੀਮ ਅਤੇ ਥੁਮੀਮ ਪਾਏ। ਉਸ ਨੇ ਹਾਰੂਨ ਦੇ ਸਿਰ ਤੇ ਅਮਾਮਾ ਵੀ ਰੱਖਿਆ ਅਤੇ ਅਮਾਮੇ ਦੇ ਅਗਲੇ ਪਾਸੇ ਇੱਕ ਇੱਕ ਸੋਨੇ ਦੀ ਪੱਟੀ ਬੰਨ੍ਹੀ। ਇਹ ਪਵਿੱਤਰ ਤਾਜ ਹੈ। ਮੂਸਾ ਨੇ ਇਹ ਉਵੇਂ ਹੀ ਕੀਤਾ ਜਿਵੇਂ ਯਹੋਵਾਹ ਨੇ ਉਸਨੂੰ ਆਦੇਸ਼ ਦਿੱਤਾ ਸੀ।

ਫੇਰ ਮੂਸਾ ਨੇ ਪਾਪ ਦੀ ਭੇਟ ਦਾ ਬਲਦ ਲਿਆਂਦਾ। ਹਾਰੂਨ ਤੇ ਉਸਦੇ ਪੁਤਰਾਂ ਨੇ ਪਾਪ ਦੀ ਭੇਟ ਦੇ ਬਲਦ ਦੇ ਸਿਰ ਤੇ ਆਪਣੇ ਹੱਥ ਰੱਖੇ। ਫੇਰ ਉਸਨੇ ਬਲਦ ਨੂੰ ਮਾਰ ਕੇ ਇਸਦਾ ਖੂਨ ਇਕੱਠਾ ਕਰ ਲਿਆ। ਉਸਨੇ ਆਪਣੀ ਉਂਗਲੀ ਦੀ ਵਰਤੋਂ ਕੀਤੀ। ਅਤੇ ਕੁਝ ਖੂਨ ਜਗਵੇਦੀ ਦੇ ਕੋਨਿਆਂ ਤੇ ਲੇਪ ਦਿਤਾ। ਇਸ ਤਰ੍ਹਾਂ ਉਸਨੇ ਜਗਵੇਦੀ ਨੂੰ ਸ਼ੁੱਧ ਕਰ ਦਿੱਤਾ। ਫੇਰ ਉਸਨੇ ਜਗਵੇਦੀ ਦੇ ਥੜੇ ਤੇ ਖੂਨ ਡੋਲ ਦਿੱਤਾ। ਇਸ ਤਰ੍ਹਾਂ ਉਸਨੇ ਜਗਵੇਦੀ ਨੂੰ ਪਵਿੱਤਰ ਅਤੇ ਵਰਤੋਂ ਦੇ ਲਾਇਕ ਬਣਾ ਦਿੱਤਾ। ਉਸ ਨੇ ਬਲਦ ਦੇ ਅੰਦਰਲੇ ਅੰਗਾਂ ਵਿੱਚ ਸ਼ਾਰੀ ਚਰਬੀ, ਚਰਬੀ ਦਾ ਕਲੇਜੀ ਵਾਲਾ ਹਿੱਸਾ, ਦੋਹਾਂ ਗੁਰਦਿਆਂ ਸਮੇਤ ਅਤੇ ਉਸ ਉੱਪਰ ਚਰਬੀ ਲਾਈ। ਫੇਰ ਉਸਨੇ ਉਹਨਾਂ ਨੂੰ ਜਗਵੇਦੀ ਉਤੇ ਸਾੜਿਆ। ਪਰ ਮੂਸਾ ਬਲਦ ਦੀ ਚਮੜੀ ਅਤੇ ਇਸਦਾ ਬਚਿਆ ਹੋਇਆ ਸ਼ਰੀਰ ਅਤੇ ਇਸਦੀ ਰਹਿੰਦ-ਖੂੰਹਦ ਨੂੰ ਡੇਰੇ ਤੋਂ ਬਾਹਰ ਲੈ ਆਇਆ ਅਤੇ ਇਹਨਾਂ ਚੀਜ਼ਾਂ ਨੂੰ ਸਾੜ ਦਿੱਤਾ। ਉਸਨੇ ਇਹ ਗੱਲਾਂ ਉਵੇਂ ਹੀ ਕੀਤੀਆਂ ਜਿਵੇਂ ਯਹੋਵਾਹ ਨੇ ਆਦੇਸ਼ ਦਿੱਤਾ ਸੀ।

ਫੇਰ ਮੂਸਾ ਦੂਸਰੇ ਭੇਡੂ ਨੂੰ ਲਿਆਇਆ। ਇਸ ਭੇਡੂ ਨੂੰ ਹਾਰੂਨ ਅਤੇ ਉਸਦੇ ਪੁੱਤਰਾਂ ਨੂੰ ਜਾਜਕ ਬਨਾਉਣ ਵਾਸਤੇ ਮਸਹ ਕਰਨ ਲਈ ਵਰਤਿਆ ਗਿਆ। ਹਾਰੂਨ ਅਤੇ ਉਸਦੇ ਪੁੱਤਰਾਂ ਨੇ ਭੇਡੂ ਦੇ ਸਿਰ ਤੇ ਆਪਣੇ ਹੱਥ ਰੱਖੇ। ਫੇਰ ਉਸਨੇ ਭੇਡੂ ਨੂੰ ਮਾਰ ਕੇ ਇਸਦਾ ਕੁਝ ਖੂਨ ਹਾਰੂਨ ਦੇ ਸੱਜੇ ਕੰਨ ਦੀ ਪਿੱਪਲੀ ਉੱਤੇ, ਉਸਦੇ ਸੱਜੇ ਹੱਥ ਦੇ ਅੰਗੂਠੇ ਅਤੇ ਉਸਦੇ ਸੱਜੇ ਪੈਰ ਦੇ ਅੰਗੂਠੇ ਉੱਤੇ ਲਾਇਆ। ਫੇਰ ਉਹ ਹਾਰੂਨ ਦੇ ਪੁੱਤਰਾਂ ਨੂੰ ਲਿਆਇਆ ਅਤੇ ਕੁਝ ਖੂਨ ਓਹਨਾਂ ਦੇ ਸੱਜੇ ਕੰਨਾਂ ਦੀਆਂ ਪਿੱਪਲੀਆਂ ਉੱਤੇ, ਉਹਨਾਂ ਦੇ ਸੱਜੇ ਹੱਥਾਂ ਦੇ ਅੰਗੂਠਿਆਂ ਉਤੇ ਅਤੇ ਉਹਨਾਂ ਦੇ ਸੱਜੇ ਪੈਰਾਂ ਦੇ ਅੰਗੂਠਿਆਂ ਉਤੇ ਲਾਇਆ। ਫੇਰ ਉਸਨੇ ਜਗਵੇਦੀ ਦੇ ਉੱਤੇ ਅਤੇ ਆਸੇ ਪਾਸੇ ਖੂਨ ਡੋਲਿਆ। ਮੂਸਾ ਨੇ ਰੋਟੀਆਂ ਦੇ ਟੁਕੜੇ ਭੇਡੂ ਦੇ ਸੱਜੇ ਪੱਟ ਅਤੇ ਚਰਬੀ ਉਤੇ ਰੱਖ ਦਿੱਤੇ। ਫੇਰ ਮੂਸਾ ਨੇ ਉਹ ਸਾਰੀਆਂ ਚੀਜਾਂ ਹਾਰੂਨ ਅਤੇ ਉਸਦੇ ਪੁਤਰਾਂ ਦੇ ਹੱਥਾਂ ਉਤੇ ਧਰ ਦਿੱਤੀਆਂ। ਮੂਸਾ ਨੇ ਇਹਨਾਂ ਟੁਕੜਿਆਂ ਨੂੰ ਯਹੋਵਾਹ ਦੇ ਅੱਗੇ ਹਿਲਾਉਣ ਦੀਆਂ ਭੇਟਾਂ ਵਜੋਂ ਹਿਲਾਇਆ। ਫੇਰ ਉਸਨੇ ਇਹ ਚੀਜ਼ਾਂ ਹਾਰੂਨ ਅਤੇ ਉਸਦੇ ਪੁੱਤਰਾਂ ਦੇ ਹੱਥਾਂ ਵਿੱਚੋਂ ਵਾਪਸ ਲੈ ਲਈਆਂ ਅਤੇ ਇਹਨਾਂ ਨੂੰ ਜਗਵੇਦੀ ਉਤੇ ਹੋਮ ਦੀ ਭੇਟਾ ਦੇ ਨਾਲ ਸਾੜਿਆ।

Scanned with OKEN Scanner

ਇਹ ਹਾਰੂਨ ਅਤੇ ਉਸਦੇ ਪੁੱਤਰਾਂ ਨੂੰ ਜਾਜਕ ਵਜੋਂ ਮਸਹ ਕਰਨ ਲਈ ਚੜ੍ਹਾਵਾ ਸੀ। ਇਹ ਅੱਗ ਦੁਆਰਾ ਦਿੱਤਾ ਗਿਆ ਚੜ੍ਹਾਵਾ ਸੀ। ਅਤੇ ਇਸਦੀ ਸੁਗੰਧ ਨੇ ਯਹੋਵਾਹ ਨੂੰ ਪ੍ਰਸੰਨ ਕੀਤਾ। ਮੂਸਾ ਨੇ ਸੀਨਾ ਲਿਆ ਅਤੇ ਇਸਨੂੰ ਯਹੋਵਾਹ ਦੇ ਅੱਗੇ ਹਿਲਾਉਣ ਦੀ ਭੇਟ ਵਜੋਂ ਹਿਲਾਇਆ। ਇਹ ਮੂਸਾ ਦਾ ਜਾਜਕਾਂ ਨੂੰ ਮਸਹ ਕਰਨ ਦੀ ਰਸਮ ਦਾ ਇਕ ਹਿੱਸਾ ਸੀ। ਇਹ ਉਸੇ ਤਰ੍ਹਾਂ ਜਾਪਦਾ ਸੀ। ਜਿਵੇਂ ਮੂਸਾ ਨੂੰ ਯਹੋਵਾਹ ਨੇ ਹੁਕਮ ਦਿੱਤਾ ਸੀ।

ਮੂਸਾ ਨੇ ਕੁਝ ਕੁ ਮਸਹ ਕਰਨ ਵਾਲਾ ਤੇਲ ਲਿਆ ਅਤੇ ਜਗਵੇਦੀ ਉਪਰਾਲਾ ਕੁਝ ਖ਼ੂਨ ਲਿਆ। ਮੂਸਾ ਨੇ ਇਸ ਵਿੱਚੋਂ ਕੁਝ ਹਾਰੂਨ ਅਤੇ ਹਾਰੂਨ ਦੇ ਬਸਤਰਾਂ ਉਤੇ ਛਿੜਕਿਆ। ਮੂਸਾ ਇਸ ਵਿੱਚੋਂ ਕੁਝ ਹਾਰੂਨ ਦੇ ਪੁਤਰਾਂ ਅਤੇ ਉਹਨਾਂ ਦੇ ਬਸਤਰਾਂ ਉਤੇ ਛਿੜਕਿਆ। ਜਿਹੜੇ ਹਾਰੂਨ ਦੇ ਨਾਲ ਸਨ। ਇਸ ਤਰ੍ਹਾਂ ਮੂਸਾ ਨੇ ਹਾਰੂਨ, ਉਸਦੇ ਪੁੱਤਰਾਂ ਅਤੇ ਉਸਦੇ ਪੁੱਤਰਾਂ ਦੇ ਬਸਤਰਾਂ ਨੂੰ ਪਵਿੱਤਰ ਬਣਾ ਦਿੱਤਾ।

ਯਹੋਵਾਹ ਜਾਜਕਾਂ ਨੂੰ ਪ੍ਰਵਾਨ ਕਰਦਾ ਹੈ :

ਅੱਠਵੇ ਦਿਨ, ਮੂਸਾ ਨੇ ਹਾਰੂਨ ਤੇ ਉਸਦੇ ਪੁੱਤਰਾਂ ਨੂੰ ਸੱਦਿਆ। ਉਸਨੇ ਇਸਰਾਈਲ ਦੇ ਬਜ਼ੁਰਗਾਂ ਨੂੰ ਵੀ ਸੱਦਿਆ। ਮੂਸਾ ਨੇ ਹਾਰੂਨ ਨੂੰ ਆਖਿਆ, "ਇੱਕ ਬਲਦ ਅਤੇ ਇੱਕ ਭੇਡੂ ਲਵੋ। ਇਹਨਾਂ ਜਾਨਵਰਾਂ ਵਿੱਚ ਕੋਈ ਨੁਕਸ ਨਹੀਂ ਹੋਣਾ ਚਾਹੀਦਾ। ਬਲਦ ਪਾਪ ਦੀ ਭੇਟਾ ਹੋਵੇਗਾ ਅਤੇ ਭੇਡੂ ਹੋਮ ਦੀ ਭੇਟ ਹੋਵੇਗਾ। ਇਹ ਜਾਨਵਰ ਯਹੋਵਾਹ ਨੂੰ ਭੇਟ ਕਰੋ। ਇਰਾਈਲ ਦੇ ਲੋਕਾਂ ਨੂੰ ਆਖੋ, ਪਾਪ ਦੀ ਭੇਟ ਲਈ ਇੱਕ ਬੱਕਰਾ ਲਵੋ। ਅਤੇ ਹੋਮ ਦੀ ਭੇਟ ਲਈ ਇੱਕ ਬੱਛਾ ਅਤੇ ਲੇਲਾ ਲਵੋ। ਵੱਛਾ ਤੇ ਲੇਲਾ ਇੱਕ ਇੱਕ ਸਾਲ ਦੇ ਹੋਣੇ ਚਾਹੀਦੇ ਹਨ। ਇਨਾਂ ਜਾਨਵਰਾਂ ਵਿੱਚ ਕੋਈ ਨੁਕਸ ਨਹੀਂ ਹੋਣਾ ਚਾਹੀਦਾ। ਸੁਖ ਸਾਂਦ ਦੀ ਭੇਟ ਲਈ ਇਕ ਬਲਦ ਅਤੇ ਭੇਡੂ ਲਵੋ। ਉਨਾਂ ਜਾਨਵਰਾਂ ਨੂੰ ਅਤੇ ਨਾਲ ਗੁਨੇ ਹੋਏ ਅਨਾਜ ਦੀ ਭੇਟ ਨੂੰ ਲਵੋ ਅਤੇ ਇਹ ਚੀਜ਼ਾਂ ਯਹੋਵਾਹ ਨੂੰ ਭੇਟ ਕਰੋ। ਕਿਉਂ? ਕਿਉਂ ਕਿ ਅੱਜ ਯਹੋਵਾਹ ਤੁਹਾਡੇ ਸਾਮਣੇ ਆਵੇਗਾ।"

ਹਾਰੂਨ ਜਗਵੇਦੀ ਕੋਲ ਗਿਆ। .... ਉਸਨੇ ਬਲਦ ਨੂੰ ਪਾਪ ਦੀ ਭੇਟ ਵਜੋਂ ਜ਼ਿਬਾਹ ਕੀਤਾ। ਇਹ ਪਾਪ ਦੀ ਭੇਟ ਉਸਦੇ ਆਪਣੇ ਲਈ ਸੀ। ਫੇਰ ਹਾਰੂਨ ਦੇ ਪੁੱਤਰਾਂ ਨੇ ਖ਼ੂਨ ਹਾਰੂਨ ਕੋਲ ਲਿਆਂਦਾ। ਹਾਰੂਨ ਨੇ ਖ਼ੂਨ ਵਿੱਚ ਆਪਣੀ ਉਂਗਲੀ ਡੁਬੋਈ ਅਤੇ ਇਸਨੂੰ ਜਗਵੇਦੀ ਦੇ ਕਿਨਾਰਿਆਂ ਦੇ ਉਤੇ ਲਗਾਇਆ। ਫੇਰ ਹਾਰੂਨ ਨੇ ਖ਼ੂਨ ਜਗਵੇਦੀ ਦੇ ਥੜ੍ਹੇ ਉਤੇ ਡੋਲ੍ਹ ਦਿੱਤਾ। .... ਫੇਰ ਹਾਰੂਨ ਨੇ ਲੋਕਾਂ ਦਾ ਚੜ੍ਹਾਵਾ ਲਿਆਂਦਾ। ਉਸਨੇ ਪਾਪ ਦੀ ਭੇਟ ਦਾ ਬੱਕਰਾ ਮਾਰਿਆ ਜਿਹੜਾ ਲੋਕਾਂ ਲਈ ਸੀ। ਉਸਨੇ ਪਹਿਲਾਂ ਵਾਂਗ ਪਾਪ ਲਈ ਬੱਕਰਾ ਭੇਟ ਕੀਤਾ ....।

ਮੂਸਾ ਅਤੇ ਹਾਰੂਨ ਮੰਡਲੀ ਵਾਲੇ ਤੰਬੂ ਵਿੱਚ ਗਏ। ਉਹ ਬਾਹਰ ਨਿਕਲੇ ਅਤੇ ਲੋਕਾਂ ਨੂੰ ਅਸੀਸ ਦਿੱਤੀ। ਫੇਰ ਯਹੋਵਾਹ ਦਾ ਪਰਤਾਪ ਸਾਰੇ ਲੋਕਾਂ ਸਾਹਮਣੇ ਪ੍ਰਗਟ ਹੋਇਆ।

Scanned with OKEN Scanner

ਯਹੋਵਾਹ ਵੱਲੋਂ ਅੱਗ ਬਾਹਰ ਆਈ ਅਤੇ ਜਗਵੇਦੀ ਉਪਰਲੇ ਹੋਮ ਦੀ ਭੇਟ ਅਤੇ ਚਰਬੀ ਨੂੰ ਸਾੜ ਦਿੱਤਾ। ਜਦੋਂ ਸਮੂਹ ਲੋਕਾਂ ਨੇ ਇਹ ਦੇਖਿਆ, ਉਨ੍ਹਾਂ ਨੇ ਨਾਅਰੇ ਲਾਏ ਅਤੇ ਧਰਤੀ ਉਤੇ ਝੁਕ ਕੇ ਮੱਥਾ ਟੇਕਿਆ।

ਪਰਮੇਸ਼ਰ ਨਾਦਾਬ ਅਤੇ ਅਬੀਹੂ ਨੂੰ ਤਬਾਹ ਕਰਦਾ :-

ਫੇਰ ਹਾਰੂਨ ਦੇ ਪੁੱਤਰਾਂ, ਨਾਦਾਬ ਤੇ ਅਬੀਹੂ ਨੇ ਪਾਪ ਕੀਤਾ। ਹਰੇਕ ਪੁਤਰ ਨੇ ਆਪੋ ਆਪਣਾ ਧੂਪਦਾਨ ਲਿਆ, ਅਤੇ ਇਹਨਾਂ ਵਿੱਚ ਅੱਗ ਪਾ ਕੇ ਇਸ ਵਿੱਚ ਧੂਪ ਪਾਈ। ਉਸਨੇ ਯਹੋਵਾਹ ਅੱਗੇ ਅਜੀਬ ਤਰ੍ਹਾਂ ਦੀ ਅੱਗ ਭੇਟ ਕੀਤੀ। ਉਸਨੇ ਉਸ ਅੱਗ ਦੀ ਵਰਤੋਂ ਨਹੀਂ ਕੀਤੀ ਜਿਸਦੀ ਵਰਤੋਂ ਕਰਨ ਲਈ ਉਨ੍ਹਾਂ ਨੂੰ ਯਹੋਵਾਹ ਨੇ ਕਿਹਾ ਸੀ। ਇਸ ਲਈ ਯਹੋਵਾਹ ਵੱਲੋਂ ਅੱਗ ਆਈ ਅਤੇ ਨਾਦਾਬ ਤੇ ਅਬੀਹੂ ਨੂੰ ਭਸਮ ਕਰ ਦਿੱਤਾ। ਉਹ ਯਹੋਵਾਹ ਦੇ ਸਾਹਮਣੇ ਮਰ ਗਏ।

ਮਾਸ ਖਾਣ ਬਾਰੇ ਨੇਮ :

ਯਹੋਵਾਹ ਨੇ ਮੂਸਾ ਤੇ ਹਾਰੂਨ ਨੂੰ ਆਖਿਆ, 'ਇਸਰਾਈਲ ਦੇ ਲੋਕਾਂ ਨੂੰ ਆਖੋ, ਇਹ ਉਹ ਜਾਨਵਰ ਹਨ ਜਿਨ੍ਹਾਂ ਨੂੰ ਤੁਸੀਂ ਖਾ ਸਕਦੇ ਹੋ: ਜੇ ਕਿਸੇ ਜਾਨਵਰ ਦੇ ਖੁਰ ਦੋ ਹਿੱਸਿਆਂ ਵਿੱਚ ਪਾਟੇ ਹੋਏ ਹਨ ਅਤੇ ਜੇ ਉਹ ਜਾਨਵਰ ਜਗਾਲੀ ਵੀ ਕਰਦਾ ਹੈ ਤਾਂ ਤੁਸੀਂ ਜਾਨਵਰ ਦਾ ਮਾਸ ਖਾ ਸਕਦੇ ਹੋ। ਕੁਝ ਜਾਨਵਰ ਜੁਗਾਲੀ ਕਰਦੇ ਹਨ ਪਰ ਉਹਨਾਂ ਦੇ ਖੁਰ ਪਾਟੇ ਹੋਏ ਨਹੀਂ ਹੁੰਦੇ। ਉਨਾਂ ਨੂੰ ਨਾ ਖਾਉ। ਊਠ, ਪਹਾੜੀ-ਬਿੱਜੂ, ਅਤੇ ਖਰਗੋਸ਼ ਇਸੇ ਤਰ੍ਹਾਂ ਦੇ ਹਨ, ਇਸ ਲਈ ਉਹ ਤੁਹਾਡੇ ਲਈ ਨਾਪਾਕ ਹਨ। ਉਹਨਾਂ ਜਾਨਵਰਾਂ ਦਾ ਮਾਸ ਨਾ ਖਾਉ। ਉਨ੍ਹਾਂ ਦੇ ਮੁਰਦਾ ਸ਼ਰੀਰਾਂ ਨੂੰ ਛੂਹੋ ਵੀ ਨਾ। ਉਹ ਤੁਹਾਡੇ ਲਈ ਨਾਪਾਕ ਹਨ।

ਸਮੁੰਦਰੀ ਭੋਜਨ ਬਾਰੇ ਬਿਧੀਆਂ :

ਜੇ ਕੋਈ ਜਾਨਵਰ ਸਮੁੰਦਰ ਵਿੱਚ ਜਾਂ ਨਦੀ ਵਿੱਚ ਰਹਿੰਦਾ ਹੈ ਅਤੇ ਜੇ ਉਹ ਜਾਨਵਰ ਦੇ ਖੰਭ ਅਤੇ ਛਿਲਕੇ ਹੋਣ, ਤਾਂ ਤੁਸੀਂ ਉਸ ਜਾਨਵਰ ਨੂੰ ਖਾ ਸਕਦੇ ਹੈ। ਪਰ ਜੇ ਕੋਈ ਵੀ ਜਾਨਵਰ ਜਾਂ ਕੋਈ ਹੋਰ ਜਿਉਂਦਾ ਪ੍ਰਾਣੀ ਜੋ ਸਮੁੰਦਰ ਵਿੱਚ ਜਾਂ ਨਦੀ ਵਿੱਚ ਰਹਿੰਦਾ ਹੈ ਜਿਨ੍ਹਾਂ ਦੇ ਖੰਭ ਅਤੇ ਚਾਨੇ ਚਾਨੇਨਾ ਹੋਣ, ਤੁਹਾਨੂੰ ਇਹਨਾਂ ਜਾਨਵਰਾਂ ਨੂੰ ਖਾਣਾ ਨਹੀਂ ਚਾਹੀਦਾ। ਇਹਨਾਂ ਜਾਨਵਰਾਂ ਦੇ ਮੁਰਦਾ ਸ਼ਰੀਰਾਂ ਨੂੰ ਵੀ ਨਾ ਛੂਹੋ। ਤੁਹਾਨੂੰ ਉਹਨਾਂ ਚੀਜ਼ਾਂ ਨੂੰ ਨਫਰਤ ਕਰਨੀ ਚਾਹੀਦੀ ਹੈ। ਤੁਹਾਨੂੰ ਚਾਹੀਦਾ ਹੈ ਕਿ ਪਾਣੀ ਦੇ ਕਿਸੇ ਵੀ ਉਸ ਜਾਨਵਰ ਨੂੰ ਜਿਸਦੇ ਖੰਭ ਤੇ ਛਿਲਕੇ ਨਾ ਹੋਣ, ਅਜਿਹਾ ਜਾਨਵਰ ਸਮਝੋ ਜਿਨ੍ਹਾਂ ਨੂੰ ਖਾਣਾ, ਪਰਮੇਸ਼ਰ ਬੁਰਾ ਆਖਦਾ ਹੈ।

ਕੀੜਿਆਂ ਨੂੰ ਖਾਣ ਬਾਰੇ ਬਿਧੀਆਂ :

ਤੁਹਾਨੂੰ ਕਿਸੇ ਵੀ ਉਸ ਮਕੋੜੇ ਨੂੰ ਨਫਰਤ ਕਰਨੀ ਚਾਹੀਦੀ ਹੈ ਜੋ ਉੱਡਦਾ ਤੇ ਲੱਤਾਂ ਉਤੇ ਰੀਂਗਦਾ ਹੈ। ਪਰ ਤੁਸੀਂ ਉਨ੍ਹਾਂ ਜਾਨਵਰਾਂ ਨੂੰ ਖਾ ਸਕਦੇ ਹੋ ਜੇ ਉਹਨਾਂ ਦੇ ਪੈਰਾਂ ਵੱਲ ਜੋੜਾਂ

Scanned with OKEN Scanner

ਵਾਲੀਆਂ ਲੱਤਾਂ ਹਨ ਤਾਂ ਜੋ ਉਹ ਉੱਛਲ ਸਕਦੇ ਹਨ। ਤੁਸੀਂ ਹਰ ਤਰ੍ਹਾਂ ਦੀਆਂ ਟਿੱਡੀਆਂ, ਪਰਾਂ ਵਾਲੀਆਂ ਟਿੱਡੀਆਂ, ਝੀਂਗਰ ਅਤੇ ਟਿੱਡ੍ਹੇ ਖਾ ਸਕਦੇ ਹੋ।

ਪਰ ਹੋਰ ਸਾਰੇ ਮਕੌੜੇ ਜੋ ਉਡਦੇ ਹਨ ਜਾਂ ਚਾਰ ਲੱਤਾਂ ਵਾਲੇ ਹਨ, ਤੁਹਾਡੇ ਲਈ ਘ੍ਰਿਣਾਯੋਗ ਹੋਣੇ ਚਾਹੀਦੇ ਹਨ। ਉਹ ਮਕੌੜੇ ਤੁਹਾਨੂੰ ਨਾਪਾਕ ਬਣਾ ਦੇਣਗੇ। ਜਿਹੜਾ ਵੀ ਬੰਦਾ ਇਹਨਾਂ ਮਕੌੜਿਆਂ ਦੇ ਮੁਰਦਾ ਸ਼ਰੀਰਾਂ ਨੂੰ ਹੱਥ ਲਾਉਂਦਾ ਹੈ। ਉਹ ਸ਼ਾਮ ਤੱਕ ਨਾਪਾਕ ਰਹੇਗਾ। ਜੇ ਕੋਈ ਬੰਦਾ ਇਹਨਾਂ ਮਰੇ ਹੋਏ ਮਕੌੜਿਆਂ ਵਿੱਚੋਂ ਕਿਸੇ ਨੂੰ ਚੁੱਕਦਾ ਹੈ, ਉਸ ਬੰਦੇ ਨੂੰ ਆਪਣੇ ਹੱਥ ਧੋ ਲੈਣੇ ਚਾਹੀਦੇ ਹਨ।ਉਹ ਸ਼ਾਮ ਤੱਕ ਨਾਪਾਕ ਰਹੇਗਾ।

ਘਿਸਰਨ ਵਾਲੇ ਜਾਨਵਰਾਂ ਬਾਰੇ ਬਿਧੀਆਂ :

ਇਹ ਘਿਸਰਨ ਵਾਲੇ ਜਾਨਵਰ ਤੁਹਾਡੇ ਲਈ ਨਾਪਾਕ.ਹਨ।: ਚਕੂੰਦਰ, ਚੂਹੇ, ਅਤੇ ਹਰ ਤਰ੍ਹਾਂ ਦੀਆਂ ਕਿਰਲੀਆਂ, ਵਰਲ, ਮੱਗਰਮੱਛ, ਕੋਹੜ ਕਿਰਲੇ, ਅਤੇ ਰੇਤੇ ਦੇ ਸੱਪ ਅਤੇ ਗਿਰਗਿਟ। ਇਹ ਘਿਸਰਨ ਵਾਲੇ ਜਾਨਵਰ ਤੁਹਾਡੇ ਲਈ ਨਾਪਾਕ ਹਨ। ਜਿਹੜਾ ਵੀ ਬੰਦਾ ਇਹਨਾਂ ਲਾਸ਼ਾ ਨੂੰ ਛੂਹੇਗਾ ਉਹ ਸ਼ਾਮ ਤੱਕ ਨਾਪਾਕ ਰਹੇਗਾ।

ਨਵੀਆਂ ਬਣੀਆਂ ਮਾਵਾਂ ਲਈ ਬਿਧੀਆਂ :

ਯਹੋਵਾਹ ਨੇ ਮੂਸਾ ਨੂੰ ਆਖਿਆ, 'ਇਸਰਾਈਲ ਦੇ ਲੋਕਾਂ ਨੂੰ ਅੱਖ: ਜੇ ਕੋਈ ਔਰਤ ਮੁੰਡੇ ਨੂੰ ਜਨਮ ਦਿੰਦੀ ਹੈ। ਉਹ ਔਰਤ ਸੱਤ ਦਿਨ ਤੱਕ ਪਲੀਤ ਰਹੇਗੀ। ਇਹ ਉਸਦੇ ਮਾਂਹਵਰੀ ਦੇ ਸਮੇਂ ਪਲੀਤ ਵਾਂਗ ਹੋਵੇਗਾ। ਅੱਠਵੇਂ ਦਿਨ ਉਸ ਮੁੰਡੇ ਦੀ ਸੁੰਨਤ ਹੋਣੀ ਚਾਹੀਦੀ ਹੈ। ਖੂਨ ਦੀ ਕਮੀ ਤੋਂ ਉਸ ਦੀ ਸ਼ੁਧਤਾ ਲਈ ਹੋਰ 33 ਦਿਨ ਲੱਗਣਗੇ। ਉਸਨੂੰ ਕਿਸੇ ਵੀ ਪਵਿੱਤਰ ਚੀਜ਼ ਨੂੰ ਛੂਹਣਾ ਨਹੀਂ ਚਾਹੀਦਾ। ਉਸਦੇ ਪਾਕ ਹੋ ਜਾਣ ਸਮੇਂ ਤੀਕ, ਉਸਨੂੰ ਪਵਿੱਤਰ ਸਥਾਨ ਵਿੱਚ ਦਾਖਿਲ ਨਹੀਂ ਹੋਣਾ ਚਾਹੀਦਾ। ਪਰ ਜੇ ਔਰਤ ਕਿਸੇ ਕੁੜੀ ਨੂੰ ਜਨਮ ਦਿੰਦੀ ਹੈ, ਉਹ ਦੋ ਹਫਤਿਆਂ ਤੱਕ ਉਸੇ ਤਰ੍ਹਾਂ ਪਲੀਤ ਰਹੇਗੀ ਜਿਵੇਂ ਮਾਹਵਾਰੀ ਦੇ ਸਮੇਂ ਰਹਿੰਦੀ ਹੈ। ਖੂਨ ਦੀ ਕਮੀ ਤੇ ਉਸ ਦੀ ਸ਼ੁਧਤਾ ਲਈ ਹੋਰ 66 ਦਿਨ ਲੱਗਣਗੇ।

ਆਪਣੇ ਪਾਕ ਹੋਣ ਦੇ ਸਮੇਂ ਦੇ ਮੁੱਕਣ ਮਗਰੋਂ ਮੁੰਡੇ ਜਾਂ ਕੁੜੀ ਦੀ ਨਵੀਂ ਮਾਂ ਮੰਡਲੀ ਵਾਲੇ ਤੰਬੂ ਲਈ ਖਾਸ ਬਲੀਆਂ ਲੈ ਕੇ ਆਉਣੀਆਂ ਚਾਹੀਦੀਆਂ ਹਨ। ਉਸਨੂੰ ਉਹ ਬਲੀਆਂ ਮੰਡਲੀ ਵਾਲੇ ਤੰਬੂ ਦੇ ਪ੍ਰਵੇਸ਼ ਦੁਆਰ ਉਤੇ ਜਾਜਕ ਨੂੰ ਦੇਣੀਆਂ ਚਾਹੀਦੀਆਂ ਹਨ। ਉਸਨੂੰ ਹੋਮ ਦੀ ਭੇਟ ਲਈ ਇੱਕ ਸਾਲ ਦਾ ਲੇਲਾ ਅਤੇ ਪਾਪ ਦੀ ਭੇਟ ਲਈ ਇੱਕ ਘੁੱਗੀ ਜਾਂ ਕਬੂਤਰ ਲਿਆਉਣਾ ਚਾਹੀਦਾ ਹੈ। ਜਾਜਕ ਇਹਨਾਂ ਨੂੰ ਯਹੋਵਾਹ ਦੇ ਅੱਗੇ ਭੇਟ ਕਰੇਗਾ। ਇਸ ਤਰ੍ਹਾਂ ਜਾਜਕ ਉਸ ਲਈ ਪ੍ਰਾਸਚਿਤ ਕਰੇਗਾ। ਫੇਰ ਉਹ ਆਪਣੇ ਖੂਨ ਦੀ ਕਮੀ ਤੋਂ ਪਾਕ ਹੋ ਜਾਵੇਗੀ। ਇਹ ਨੇਮ ਉਸ ਔਰਤ ਲਈ ਹਨ ਜੋ ਕਿਸੇ ਮੁੰਡੇ ਜਾਂ ਕੁੜੀ ਨੂੰ ਜਨਮ ਦਿੰਦੀ ਹੈ। ਜੇ ਉਸ ਔਰਤ ਵਿੱਚ ਲੇਲਾ ਲਿਆ ਸਕਣ ਦੀ ਪੁਜੱਤ ਨਹੀਂ ਤਾਂ ਉਹ ਦੋ ਘੁੱਘੀਆਂ ਜਾਂ ਦੋ ਕਬੂਤਰ ਲਿਆ ਸਕਦੀ ਹੈ। ਇੱਕ ਪੰਛੀ ਹੋਮ ਦੀ ਭੇਟ ਲਈ ਅਤੇ ਦੂਸਰਾ ਪੰਛੀ ਪਾਪ ਦੀ ਭੇਟ ਲਈ

Scanned with OKEN Scanner

ਹੋਵੇਗਾ।'

ਚਮੜੀ ਦੇ ਰੋਗਾਂ ਬਾਰੇ ਬਿਧੀਆਂ :

ਯਹੋਵਾਹ ਨੇ ਮੂਸਾ ਤੇ ਹਾਰੂਨ ਨੂੰ ਆਖਿਆ, 'ਕਿਸੇ ਬੰਦੇ ਦੀ ਚਮੜੀ ਤੇ ਸੋਜਸ਼ ਜਾਂ ਖੁਜਲੀ ਹੋ ਸਕਦੀ ਹੈ। ਜਾਂ ਫੋੜਾ ਹੋ ਸਕਦਾ ਹੈ। ਜੋ ਫੋੜਾ ਕੋਹੜ ਵਰਗਾ ਲੱਗਦਾ ਹੋਵੇ, ਉਸ ਬੰਦੇ ਨੂੰ ਜਾਜਕ ਹਾਰੂਨ ਜਾਂ ਉਸਦੇ ਕਿਸੇ ਇੱਕ ਜਾਜਕ ਪੁੱਤਰ ਕੋਲ ਲਿਆਂਦਾ ਜਾਣਾ ਚਾਹੀਦਾ ਹੈ। ਜਾਜਕ ਨੂੰ ਉਸ ਬੰਦੇ ਦੀ ਚਮੜੀ ਉਤੇ ਫੋੜੇ ਨੂੰ ਧਿਆਨ ਨਾਲ ਦੇਖਣਾ ਚਾਹੀਦਾ ਹੈ। ਜੇ ਫੋੜੇ ਦਾ ਵਾਲ ਚਿੱਟਾ ਹੋ ਗਿਆ ਹੈ ਅਤੇ ਜੇ ਫੋੜਾ ਉਸ ਬੰਦੇ ਦੀ ਚਮੜੀ ਨਾਲ ਡੂੰਘਾ ਨਜ਼ਰ ਆਉਂਦਾ ਹੈ, ਤਾਂ ਇਹ ਕੋਹੜ ਦੀ ਬਿਮਾਰੀ ਹੈ । ਉਸ ਬੰਦੇ ਨੂੰ ਧਿਆਨ ਨਾਲ ਦੇਖਣ ਤੋਂ ਬਾਅਦ, ਜਾਜਕ ਨੂੰ ਇਹ ਐਲਾਨ ਕਰਨਾ ਚਾਹੀਦਾ ਹੈ ਕਿ ਉਹ ਬੰਦਾ ਪਲੀਤ ਹੈ।

ਜੇ ਕਿਸੇ ਬੰਦੇ ਨੂੰ ਕੋਹੜ ਦੀ ਬਿਮਾਰੀ ਹੈ ਤਾਂ ਉਸਨੂੰ ਜਾਜਕ ਕੋਲ ਲਿਆਂਦਾ ਜਾਵੇ। ਜਾਜਕ ਨੂੰ ਉਸ ਬੰਦੇ ਦਾ ਧਿਆਨ ਨਾਲ ਨਿਰੀਖਣ ਕਰਨਾ ਚਾਹੀਦਾ ਹੈ। ਜੇਕਰ ਉਸਦੇ ਸ਼ਰੀਰ ਤੇ ਚਿੱਟੇ ਰੰਗ ਦੀ ਸੋਜਿਸ਼ ਹੈ ਅਤੇ ਜੇ ਵਾਲ ਚਿੱਟੇ ਹੋ ਗਏ ਹਨ ਅਤੇ ਜੇਕਰ ਉਸਦੇ ਸ਼ਰੀਰ ਤੇ ਚਿੱਟੇ ਰੰਗ ਦੀ ਸੋਜਿਸ਼ ਹੈ ਅਤੇ ਜੇ ਵਾਲ ਚਿੱਟੇ ਹੋ ਗਏ ਹਨ ਅਤੇ ਜੇਕਰ ਚਮੜੀ ਉਸ ਜਗਾ ਤੋਂ ਕੱਚੀ ਹੋਵੇ ਜਿੱਥੋਂ ਇਹ ਸੁੱਜੀ ਹੋਈ ਹੈ, ਤਾਂ ਇਹ ਛੂਤ ਦੀ ਬਿਮਾਰੀ ਹੈ। ਜਾਜਕ ਨੂੰ ਐਲਾਨ ਕਰਨਾ ਚਾਹੀਦਾ ਹੈ ਕਿ ਬੰਦਾ ਨਾਪਾਕ ਹੈ। ਉਸ ਨੂੰ ਉਸ ਬੰਦੇ ਨੂੰ ਥੋੜੇ ਸਮੇਂ ਲਈ ਹੋਰਨਾਂ ਲੋਕਾਂ ਤੋਂ ਵੱਖ ਕਰਨ ਦੀ ਜਰੂਰਤ ਨਹੀਂ ਕਿਉਂਕਿ ਉਹ ਪਹਿਲਾਂ ਹੀ ਜਾਣਦਾ ਹੈ ਕਿ ਬੰਦਾ ਨਾਪਾਕ ਹੈ।

ਕਿਸੇ ਬੰਦੇ ਦੇ ਫੋੜਾ ਹੋ ਸਕਦਾ ਜੋ ਬਾਅਦ ਵਿੱਚ ਰਾਜ਼ੀ ਹੋ ਜਾਵੇ। ਜੇਕਰ ਉਸ ਜਗ੍ਹਾ ਤੇ ਚਿੱਟੀ ਸੋਜਿਸ਼ ਹੋਵੇ ਜਾਂ ਲਾਲ ਧਾਰੀਆਂ ਵਾਲਾ ਚਮਕੀਲਾ ਚਿੱਟਾ ਨਿਸ਼ਾਨ ਬਣ ਜਾਵੇ ਤਾਂ ਉਸ ਬੰਦੇ ਨੂੰ ਉਹ ਜਗ੍ਹਾ ਜਾਜਕ ਨੂੰ ਦਿਖਾਉਣੀ ਚਾਹੀਦੀ ਹੈ। ਜੇ ਫੋੜਾ ਚਮੜੀ ਨਾਲੋਂ ਗਹਿਰਾ ਹੈ ਅਤੇ ਇਸਦੇ ਉਪਰਲੇ ਵਾਲ ਚਿੱਟੇ ਹੋ ਜਾਣ ਤਾਂ ਜਾਜਕ ਨੂੰ ਐਲਾਨ ਕਰਨਾ ਚਾਹੀਦਾ ਹੈ ਇਹ ਬੰਦਾ ਨਾਪਾਕ ਹੈ। ਉਸ ਫੋੜੇ ਵਿੱਚੋਂ ਛੂਤ ਦੀ ਭੈੜੀ ਸਥਿਤੀ ਫੁੱਟ ਪਈ ਹੈ।

ਪਰ ਜੇ ਜਾਜਕ ਧਿਆਨ ਨਾਲ ਉਸ ਨਿਸ਼ਾਨ ਨੂੰ ਦੇਖਦਾ ਹੈ ਅਤੇ ਇਸਦੇ ਉੱਪਰਲੇ ਵਾਲ ਚਿੱਟੇ ਵਾਲ ਨਹੀਂ ਹਨ ਅਤੇ ਨਿਸ਼ਾਨ ਚਮੜੀ ਤੋਂ ਗਹਿਰਾ ਨਹੀਂ ਹੈ ਪਰ ਮੱਧਮ ਪੈ ਗਿਆ ਹੈ ਤਾਂ ਜਾਜਕ ਨੂੰ ਉਸ ਬੰਦੇ ਨੂੰ ਸੱਤ ਦਿਨਾਂ ਲਈ ਵੱਖ ਕਰ ਦੇਣਾ ਚਾਹੀਦਾ ਹੈ। ਫੋੜਾ ਚਮੜੀ ਉੱਪਰ ਫੈਲ ਜਾਵੇ, ਤਾਂ ਉਸ ਨੂੰ ਐਲਾਨ ਕਰਨਾ ਚਾਹੀਦਾ ਹੈ ਕਿ ਉਹ ਬੰਦਾ ਨਾਪਾਕ ਹੈ। ਇਹ ਛੂਤ ਹੈ। ਪਰ ਜੇ ਚਮਕੀਲਾ ਨਿਸ਼ਾਨ ਉਸੇ ਥਾਂ ਰਹਿੰਦਾ ਹੈ ਅਤੇ ਫੈਲਦਾ ਨਹੀਂ, ਇਹ ਸਿਰਫ ਪੁਰਾਣੇ ਫੋੜੇ ਦਾ ਚਟਾਕ ਹੈ। ਜਾਜਕ ਨੂੰ ਐਲਾਨ ਕਰਨਾ ਚਾਹੀਦਾ ਹੈ ਕਿ ਇਹ ਬੰਦਾ ਪਾਕ ਹੈ।

ਹੋ ਸਕਦਾ ਹੈ ਕਿ ਕੋਈ ਬੰਦਾ ਗੰਜਾ ਹੋ ਜਾਵੇ। ਉਹ ਪਾਕ ਹੈ। ਇਹ ਸਿਰਫ ਗੰਜ

Scanned with OKEN Scanner

ਹੈ। ਹੋ ਸਕਦਾ ਹੈ ਕਿਸੇ ਬੰਦੇ ਦੇ ਮੱਥੇ ਦੇ ਵਾਲ ਝਾੜ ਜਾਣ। ਉਹ ਪਾਕ ਹੈ। ਇਹ ਸਿਰਫ ਇੱਕ ਤਰ੍ਹਾਂ ਦਾ ਗੰਜਾਪਨ ਹੈ। ਪਰ ਜੇ ਉਸਦੇ ਸਿਰ ਦੀ ਚਮੜੀ ਉਤੇ ਲਾਲ ਅਤੇ ਚਿੱਟੀ ਛੂਤ ਹੈ, ਇਹ ਛੂਤ ਦੀ ਇੱਕ ਭੈੜੀ ਬਿਮਾਰੀ ਹੈ। ਜਾਜਕ ਨੂੰ ਉਸ ਬੰਦੇ ਨੂੰ ਧਿਆਨ ਨਾਲ ਦੇਖਣਾ ਚਾਹੀਦਾ ਹੈ। ਜੇ ਛੂਤ ਦੀ ਸੋਜਿਸ਼ ਲਾਲ ਚਿੱਟੀ ਹੈ ਅਤੇ ਸ਼ਰੀਰ ਦੇ ਹੋਰਨਾਂ ਹਿੱਸਿਆ ਉਤੇ ਕੋੜ ਵਰਗੀ ਦਿਖਾਈ ਦਿੰਦੀ ਹੈ, ਤਾਂ ਉਸ ਬੰਦੇ ਦੇ ਸਿਰ ਦੀ ਚਮੜੀ ਉਤੇ ਕੋੜ੍ਹ ਦਾ ਰੰਗ ਹੈ। ਉਹ ਬੰਦਾ ਪਲੀਤ ਹੈ। ਜਾਜਕ ਨੂੰ ਇਹ ਐਲਾਨ ਕਰਨਾ ਚਾਹੀਦਾ ਹੈ ਕਿ ਉਹ ਬੰਦਾ ਪਲੀਤ ਹੈ।

ਕੋੜ੍ਹੀ ਨੂੰ ਪਾਕ ਬਣਾਉਣ ਦੀਆਂ ਬਿਧੀਆਂ :-

ਯਹੋਵਾਹ ਨੇ ਮੂਸਾ ਨੂੰ ਆਖਿਆ, 'ਉਨ੍ਹਾਂ ਲੋਕਾਂ ਲਈ ਇਹ ਵਿਧੀਆਂ ਹਨ ਜਿਨ੍ਹਾਂ ਨੂੰ ਚਮੜੀ ਦਾ ਰੋਗ ਹੋਇਆ ਅਤੇ ਫੇਰ ਰਾਜ਼ੀ ਹੋ ਗਏ ਹਨ। ਉਸ ਬੰਦੇ ਨੂੰ ਪਾਕ ਬਨਾਉਣ ਦੀਆਂ ਬਿਧੀਆਂ ਇਹ ਹਨ।

ਉਸ ਬੰਦੇ ਨੂੰ ਜਾਜਕ ਨੂੰ ਧਿਆਨ ਨਾਲ ਦੇਖਣਾ ਚਾਹੀਦਾ ਹੈ ਕਿ ਚਮੜੀ ਦਾ ਰੋਗ ਹਟ ਗਿਆ ਹੈ ਜਾਂ ਨਹੀਂ। ਜੇ ਬੰਦਾ ਸਿਹਤਮੰਦ ਹੋ ਗਿਆ ਤਾਂ ਜਾਜਕ ਨੂੰ ਉਸਨੂੰ ਇਹ ਗੱਲਾਂ ਕਰਨ ਲਈ ਆਖਣਾ ਚਾਹੀਦਾ ਹੈ: ਉਸ ਬੰਦੇ ਨੂੰ ਦੋ ਜਿਊਂਦੇ ਪਾਕ ਪੰਛੀ ਲੈਣੇ ਚਾਹੀਦੇ ਹਨ। ਉਸਨੂੰ ਦਿਆਰ ਦੀ ਲੱਕੜੀ ਦਾ ਇੱਕ ਟੁਕੜਾ, ਲਾਲ ਕੱਪੜੇ ਦੀ ਇੱਕ ਟਾਕੀ ਅਤੇ ਜ਼ੂਫਾ ਲਿਆਉਣਾ ਚਾਹੀਦਾ ਹੈ। ਫੇਰ ਜਾਜਕ ਨੂੰ ਹੁਕਮ ਦੇਣਾ ਚਾਹੀਦਾ ਹੈ ਕਿ ਵਗਦੇ ਪਾਣੀ ਉਤੇ ਮਿੱਟੀ ਦੇ ਭਾਂਡੇ ਵਿੱਚ ਇੱਕ ਵਿੱਚ ਇੱਕ ਪੰਛੀ ਨੂੰ ਮਾਰਿਆ ਜਾਵੇ। ਜਾਜਕ ਨੂੰ ਦੂਸਰਾ ਪੰਛੀ, ਜਿਹੜਾ ਹਾਲੇ ਜਿਊਂਦਾ ਹੈ ਦੀ ਦਿਆਰ ਦੀ ਲੱਕੜੀ ਦਾ ਟੁਕੜਾ, ਲਾਲ ਕੱਪੜੇ ਦੀ ਟਾਕੀ ਅਤੇ ਜ਼ੂਫਾ ਲੈਣਾ ਚਾਹੀਦਾ ਹੈ। ਉਸਨੂੰ ਇਹ ਜਿਊਂਦਾ ਪੰਛੀ ਅਤੇ ਦੂਸਰੀਆਂ ਚੀਜ਼ਾਂ ਨੂੰ ਉਸ ਪੰਛੀ ਦੇ ਖ਼ੂਨ ਵਿੱਚ ਡੁਬਾਉਣਾ ਚਾਹੀਦਾ ਹੈ ਜਿਹੜਾ ਵੱਗਦੇ ਪਾਣੀ ਉਤੇ ਮਰਿਆ ਸੀ। ਜਾਜਕ ਨੂੰ ਉਸ ਬੰਦੇ ਉੱਤੇ ਸੱਤ ਵਾਰੀ ਖ਼ੂਨ ਛਿੜਕਾਉਣਾ ਚਾਹੀਦਾ ਹੈ ਜਿਸਨੂੰ ਚਮੜੀ ਦਾ ਰੋਗ ਸੀ। ਫੇਰ ਜਾਜਕ ਨੂੰ ਐਲਾਨ ਕਰਨਾ ਚਾਹੀਦਾ ਹੈ ਕਿ ਉਹ ਬੰਦਾ ਪਾਕ ਹੈ। ਇਸ ਤੋਂ ਮਗਰੋਂ ਜਾਜਕ ਨੂੰ ਕਿਸੇ ਖੁੱਲ੍ਹੇ ਖੇਤ ਵੱਲ ਜਾਣਾ ਚਾਹੀਦਾ ਹੈ ਅਤੇ ਜਿਊਂਦੇ ਪੰਛੀ ਨੂੰ ਅਜ਼ਾਦ ਕਰ ਦੇਣਾ ਚਾਹੀਦਾ ਹੈ।

ਫੇਰ ਉਸ ਬੰਦੇ ਨੂੰ ਆਪਣੇ ਕੱਪੜੇ ਧੋ ਲੈਣੇ ਚਾਹੀਦੇ ਹਨ। ਉਸ ਨੂੰ ਆਪਣੇ ਸਾਰੇ ਵਾਲ ਮੁਨਾ ਲੈਣੇ ਚਾਹੀਦੇ ਹਨ। ਅਤੇ ਉਸਨੂੰ ਪਾਣੀ ਨਾਲ ਨਹਾਉਣਾ ਚਾਹੀਦਾ ਹੈ। ਫੇਰ ਉਹ ਪਾਕ ਹੋ ਜਾਵੇਗਾ। ਫੇਰ ਉਹ ਬੰਦਾ ਡੇਰੇ ਜਾ ਸਕੇਗਾ। ਪਰ ਉਸਨੂੰ ਸੱਤ ਦਿਨ ਤੱਕ ਆਪਣੇ ਤੰਬੂ ਤੋਂ ਬਾਹਰ ਰਹਿਣਾ ਚਾਹੀਦਾ ਹੈ। ਸੱਤਵੇਂ ਦਿਨ ਉਸਨੂੰ ਆਪਣੇ ਵਾਲ ਮੁਨਾ ਲੈਣੇ ਚਾਹੀਦੇ ਹਨ। ਫੇਰ ਉਸਨੂੰ ਆਪਣੇ ਕਪੜੇ ਧੋਂਣੇ ਚਾਹੀਦੇ ਹਨ ਅਤੇ ਪਾਣੀ ਵਿੱਚ ਇਸ਼ਨਾਨ ਕਰਨਾ ਚਾਹੀਦਾ ਹੈ। ਫੇਰ ਉਹ ਪਾਕ ਹੋ ਜਾਵੇਗਾ। ਅੱਠਵੇਂ ਦਿਨ, ਜਿਸ ਬੰਦੇ ਨੂੰ ਚਮੜੀ ਦਾ

Scanned with OKEN Scanner

ਰੋਗ ਸੀ, ਉਸਨੂੰ ਦੋ ਬੇਨੁਕਸ ਲੇਲੇ ਅਤੇ ਇੱਕ ਸਾਲ ਦੀ ਲੇਲੀ ਲਿਆਉਣੀ ਚਾਹੀਦੀ ਹੈ। ਉਸ ਬੰਦੇ ਨੂੰ ਤੇਲ ਮਿਲਿਆ 24 ਕੱਪ ਮੈਦਾ ਅਤੇ 2/3 ਪਿੰਟ ਜੈਤੂਨ ਦਾ ਤੇਲ ਵੀ ਲਿਆਉਣਾ ਚਾਹੀਦਾ ਹੈ। ਜਾਜਕ ਨੂੰ ਉਸ ਬੰਦੇ ਨੂੰ ਅਤੇ ਉਸ ਦੀਆਂ ਬਲੀਆਂ ਨੂੰ ਯਹੋਵਾਹ ਦੇ ਸਾਹਮਣੇ ਮੰਡਲੀ ਵਾਲੇ ਤੰਬੂ ਦੇ ਪ੍ਰਵੇਸ਼ ਤੇ ਲਿਆਉਣਾ ਚਾਹੀਦਾ ਹੈ। ਜਾਜਕ ਲੇਲਿਆਂ ਵਿੱਚੋਂ ਇੱਕ ਨੂੰ ਦੋਸ਼ ਦੀ ਭੇਂਟ ਵਜੋਂ ਭੇਂਟ ਕਰੇਗਾ। ਉਹ ਉਸ ਲੇਲੇ ਅਤੇ ਤੇਲ ਨੂੰ ਯਹੋਵਾਹ ਦੇ ਅੱਗੇ ਹਿਲਾਉਣ ਦੀ ਭੇਂਟ ਵਜੋਂ ਚੜ੍ਹਾਵੇਗਾ। ਫੇਰ ਉਹ ਜਾਜਕ ਉਸ ਲੇਲੇ ਨੂੰ ਪਵਿੱਤਰ ਸਥਾਨ ਵਿੱਚ ਉਸ ਥਾਂ ਤੇ ਮਾਰੇਗਾ ਜਿੱਥੇ ਪਾਪ ਦੀ ਭੇਂਟ ਅਤੇ ਹੋਮ ਦੀ ਭੇਂਟ ਵਜੋਂ ਮਾਰਿਆ ਜਾਂਦਾ ਹੈ। ਦੋਸ਼ ਦੀ ਭੇਂਟ ਪਾਪ ਦੀ ਭੇਂਟ ਵਰਗੀ ਹੀ ਹੈ। ਇਹ ਜਾਜਕ ਦੀ ਹੈ ਅਤੇ ਇਹ ਅੱਤ ਪਵਿੱਤਰ ਹੈ।

ਜਾਜਕ ਦੋਸ਼ ਦੀ ਭੇਟ ਦਾ ਥੋੜਾ ਜਿਹਾ ਖੂਨ ਲਵੇਗਾ। ਜਾਜਕ ਇਸ ਵਿੱਚੋਂ ਥੋੜਾ ਜਿਹਾ ਖੂਨ ਉਸ ਬੰਦੇ ਦੇ ਸੱਜੇ ਕੰਨ ਦੀ ਕਰੂੰਬਲ ਉੱਤੇ ਲਾਵੇਗਾ ਜਿਸਨੂੰ ਪਾਕ ਬਣਾਇਆ ਜਾਣਾ ਹੈ। ਜਾਜਕ ਇਸ ਖੂਨ ਵਿੱਚੋਂ ਥੋੜਾ ਜਿਹਾ ਉਸ ਬੰਦੇ ਦੇ ਸੱਜੇ ਹੱਥ ਦੇ ਅੰਗੂਠੇ ਅਤੇ ਅਤੇ ਸੱਜੇ ਪੈਰ ਦੇ ਅੰਗੂਠੇ ਉੱਤੇ ਲਾਵੇਗਾ। ਜਾਜਕ ਥੋੜਾ ਜਿਹਾ ਜੈਤੂਨ ਦਾ ਤੇਲ ਆਪਣੀ ਖੱਬੀ ਹਥੇਲੀ ਉਤੇ ਪਾਵੇਗਾ। ਫੇਰ ਜਾਜਕ ਆਪਣੇ ਸੱਜੇ ਹੱਥ ਦੀ ਉਂਗਲੀ ਆਪਣੀ ਖੱਬੀ ਹਥੇਲੀ ਤੇ ਰੱਖੇ ਤੇਲ ਵਿੱਚ ਡੁੱਬੇਗਾ ਅਤੇ ਉਸ ਤੇਲ ਨੂੰ ਸੱਤ ਵਾਰੀ ਯਹੋਵਾਹ ਦੇ ਸਾਹਮਣੇ ਛਿੜਕੇਗਾ।

ਫੇਰ ਜਾਜਕ ਆਪਣੀ ਹਥੇਲੀ ਤੋਂ ਕੁਝ ਤੇਲ ਲਵੇਗਾ ਅਤੇ ਉਸ ਵਿਅਕਤੀ ਤੇ ਪਾਵੇਗਾ ਜਿਸਨੂੰ ਪਾਕ ਬਣਾਇਆ ਜਾਣਾ ਹੈ। ਉਹ ਇਸ ਤੇਲ ਨੂੰ ਉਸ ਬੰਦੇ ਦੇ ਸੱਜੇ ਕੰਨ ਦੀ ਪਿੱਪਲੀ ਉਤੇ,ਉਸਦੇ ਸੱਜੇ ਹੱਥ ਦੇ ਅੰਗੂਠੇ ਉਤੇ ਅਤੇ ਉਸਦੇ ਸੱਜੇ ਪੈਰ ਦੇ ਅੰਗੂਠੇ ਉਤੇ ਪਵੇਗਾ। ਉਹ ਇਸ ਤੇਲ ਨੂੰ ਉਸ ਖੂਨ ਦੇ ਉਤੇ ਪਾਵੇਗਾ ਜਿਹੜਾ ਪਹਿਲਾਂ ਹੀ ਇਹਨਾਂ ਥਾਵਾਂ ਉਤੇ ਪਾਇਆ ਗਿਆ ਸੀ। ਜਾਜਕ ਆਪਣੀ ਹਥੇਲੀ ਤੇ ਬਚੇ ਹੋਏ ਤੇਲ ਨੂੰ ਉਸ ਬੰਦੇ ਦੇ ਸਿਰ ਤੇ ਪਾਵੇਗਾ ਜਿਸਨੂੰ ਪਾਕ ਬਣਾਇਆ ਜਾਣਾ ਹੈ। ਇਸ ਤਰ੍ਹਾਂ ਜਾਜਕ ਯਹੋਵਾਹ ਦੇ ਸਾਹਮਣੇ ਉਸ ਬੰਦੇ ਪਈ ਪ੍ਰਾਸਚਿਤ ਕਰੇਗਾ।

ਫੇਰ ਜਾਜਕ ਨੂੰ ਪਾਕ ਬਣਾਏ ਜਾਣ ਵਾਲੇ ਬੰਦੇ ਲਈ ਇੱਕ ਪਾਪ ਦੀ ਭੇਟ ਚੜ੍ਹਾਉਣੀ ਚਾਹੀਦੀ ਹੈ। ਉਹ ਪਾਪਾਂ ਦੀ ਭੇਟ ਨੂੰ ਚੜ੍ਹਾਵੇਗਾ ਅਤੇ ਉਸ ਬੰਦੇ ਲਈ ਪ੍ਰਾਸਚਿਤ ਕਰੇਗਾ। ਇਸ ਤੋਂ ਮਗਰੋਂ, ਜਾਜਕ ਹੋਮ ਦੀ ਭੇਟ ਲਈ ਜਾਨਵਰ ਨੂੰ ਮਾਰੇਗਾ। ਫੇਰ ਉਹ ਜਗਵੇਦੀ ਉਤੇ ਹੋਮ ਦੀ ਭੇਟ ਅਤੇ ਅਨਾਜ਼ ਦੀ ਭੇਟ ਚੜ੍ਹਾਵੇਗਾ। ਇਸ ਤਰ੍ਹਾਂ ਜਾਜਕ ਯਹੋਵਾਹ ਦੇ ਅੱਗੇ ਉਸ ਬੰਦੇ ਲਈ ਪ੍ਰਾਸਚਿਤ ਕਰੇਗਾ।

ਫੇਰ ਜਾਜਕ ਦੋਸ਼ ਦੀ ਭੇਟ ਵਾਲੇ ਲੇਲੇ ਨੂੰ ਮਾਰੇਗਾ। ਉਹ ਦੋਸ਼ ਦੀ ਭੇਟ ਦਾ ਥੋੜਾ ਜਿਹਾ ਖੂਨ ਲੈ ਕੇ ਉਸ ਬੰਦੇ ਦੇ ਸੱਜੇ ਕੰਨ ਦੀ ਪਪੜੀ ਉਤੇ ਲਾਵੇਗਾ ਜਿਸਨੂੰ ਪਾਕ ਬਣਾਇਆ ਜਾਣਾ ਹੈ। ਉਹ ਉਸ ਖੂਨ ਵਿੱਚੋਂ ਥੋੜਾ ਜਿਹਾ ਖੂਨ ਉਸ ਬੰਦੇ ਦੇ ਸੱਜੇ ਹੱਥ ਦੇ ਅੰਗੂਠੇ ਅਤੇ ਸੱਜੇ ਪੈਰ ਦੇ ਅੰਗੂਠੇ ਉਤੇ ਲਾਵੇਗਾ। ਜਾਜਕ ਇੱਕ ਥੋੜਾ ਜਿਹਾ ਤੇਲ ਆਪਣੀ ਖੱਬੀ ਤਲੀ ਉਤੇ

Scanned with OKEN Scanner

ਪਾਵੇਗਾ। ਜਾਜਕ ਦੀ ਹਥੇਲੀ ਤੋਂ ਥੋੜਾ ਜਿਹਾ ਤੇਲ ਯਹੋਵਾਹ ਦੇ ਸਾਹਮਣੇ ਸੱਤ ਵਾਰੀ ਛਿੜਕੇਗਾ। ਫੇਰ ਜਾਜਕ ਆਪਣੀ ਹਥੇਲੀ ਉਤਲੇ ਤੇਲ ਵਿੱਚੋਂ ਕੁਝ ਉਹਨਾਂ ਉਤੇ ਪਾਵੇਗਾ ਜਿੱਥੇ ਉਸਨੇ ਦੋਸ਼ ਦੀ ਭੇਟ ਖੂਨ ਪਾਇਆ ਸੀ। ਉਹ ਤੇਲ ਪਾਕ ਬਣਾਏ ਜਾਣ ਵਾਲੇ ਬੰਦੇ ਦੇ ਸੱਜੇ ਹੱਥ ਦੇ ਅੰਗੂਠੇ ਉਤੇ ਅਤੇ ਕੁਝ ਤੇਲ ਉਸ ਬੰਦੇ ਦੇ ਸੱਜੇ ਪੈਰ ਦੇ ਅੰਗੂਠੇ ਉਤੇ ਲਾਵੇਗਾ। ਜਾਜਕ ਅਪਣੀ ਹਥੇਲੀ ਤੇ ਬਚੇ ਹੋਏ ਤੇਲ ਨੂੰ ਪਾਕ ਬਣਾਏ ਜਾਣ ਵਾਲੇ ਬੰਦੇ ਦੇ ਸਿਰ ਉਤੇ ਪਾਵੇਗਾ। ਇਸਤਰ੍ਹਾਂ ਜਾਜਕ ਯਹੋਵਾਹ ਦੇ ਸਾਹਮਣੇ ਉਸ ਬੰਦੇ ਲਈ ਪ੍ਰਾਸਚਿਤ ਕਰੇਗਾ।

ਫੇਰ ਜਾਜਕ ਘੁੱਗੀਆਂ ਜਾਂ ਕਬੂਤਰਾਂ ਵਿੱਚੋਂ ਇੱਕ ਨੂੰ ਭੇਟ ਕਰੇਗਾ। ਉਸਨੂੰ ਉਹੀ ਭੇਟ ਕਰਨਾ ਚਾਹੀਦਾ ਹੈ ਜੋ ਕਿਸੇ ਬੰਦੇ ਦੀ ਪੁੱਜਤ ਹੈ। ਉਸਨੂੰ ਇਹਨਾਂ ਵਿੱਚੋਂ ਇੱਕ ਪੰਛੀ ਨੂੰ ਪਾਪ ਦੀ ਭੇਟ ਵਜੋਂ ਅਤੇ ਦੂਸਰੇ ਨੂੰ ਹੋਮ ਦੀ ਭੇਟ ਵਜੋਂ ਭੇਟ ਕਰਨਾ ਚਾਹੀਦਾ ਹੈ। ਉਸਨੂੰ ਪੰਛੀਆਂ ਨੂੰ ਅਨਾਜ ਦੀ ਭੇਟ ਦੇ ਨਾਲ ਭੇਟ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਜਾਜਕ ਉਸ ਬੰਦੇ ਲਈ ਪ੍ਰਾਸਚਿਤ ਕਰੇਗਾ। ਜਿਹੜਾ ਯਹੋਵਾਹ ਦੇ ਸਾਹਮਣੇ ਪਾਕ ਬਣਾਇਆ ਜਾ ਰਿਹਾ।

ਇਹ ਨੇਮ ਉਨ੍ਹਾ ਲੋਕਾਂ ਲਈ ਹਨ। ਜਿਹੜੇ ਆਪਣੀ ਚਮੜੀ ਦੇ ਰੋਗਾਂ ਤੋਂ ਰਾਜ਼ੀ ਹੋਏ ਹਨ। ਪਰ ਪਾਕ ਹੋਣ ਲਈ ਬਲੀਆਂ ਦੇਣ ਦੇ ਸਮਰੱਥ ਨਹੀਂ ਹਨ।

ਘਰ ਵਿਚਲੀ ਫਫੂੰਦ ਬਾਰੇ ਬਿਧੀਆਂ :

ਯਹੋਵਾਹ ਨੇ ਮੂਸਾ ਤੇ ਹਾਰੂਨ ਨੂੰ ਇਹ ਵੀ ਆਖਿਆ, 'ਤੁਸੀਂ ਕਨਾਨ ਦੀ ਧਰਤੀ ਵਿੱਚ ਦਾਖਲ ਹੋਵੋਂਗੇ ਜਿਸ ਨੂੰ ਮੈਂ ਤੁਹਾਡੇ ਵਿਰਸੇ ਵਿੱਚੋਂ ਤੁਹਾਨੂੰ ਦੇ ਰਿਹਾ ਹਾਂ। ਉਥੇ ਮੈਂ ਕਿਸੇ ਬੰਦੇ ਦੇ ਘਰ ਫਫੂੰਦੀ ਉਗਾਉਣ ਦਾ ਕਾਰਣ ਬਣ ਸਕਦਾ ਹਾਂ। ਜਿਹੜਾ ਬੰਦਾ ਉਸ ਘਰ ਦਾ ਮਾਲਕ ਹੈ ਉਸਨੂੰ ਜਾਜਕ ਕੋਲ ਆ ਕੇ ਇਹ ਆਖਣਾ ਚਾਹੀਦਾ ਹੈ, 'ਮੈਨੂੰ ਆਪਣੇ ਘਰ ਵਿੱਚ ਫਫੂੰਦ ਵਰਗੀ ਕੋਈ ਚੀਜ਼ ਨਜ਼ਰ ਆਉਂਦੀ ਹੈ।'

ਤਾਂ ਜਾਜਕ ਲੋਕਾਂ ਨੂੰ ਉਸ ਘਰ ਵਿੱਚੋਂ ਹਰ ਚੀਜ਼ ਨੂੰ ਬਾਹਰ ਕੱਢਣ ਦਾ ਹੁਕਮ ਦੇਵੇਗਾ। ਇਸ ਤੋਂ ਪਹਿਲਾਂ ਕਿ ਜਾਜਕ ਅੰਦਰ ਜਾ ਕੇ ਫਫੂੰਦ ਨੂੰ ਧਿਆਨ ਨਾਲ ਦੇਖੇਗਾ, ਲੋਕਾਂ ਨੂੰ ਇਹ ਗੱਲ ਜ਼ਰੂਰ ਕਰਨੀ ਚਾਹੀਦੀ ਹੈ। ਫੇਰ ਜਾਜਕ ਨੂੰ ਇਹ ਨਹੀਂ ਕਹਿਣਾ ਪਵੇਗਾ ਕਿ ਘਰ ਦੀ ਹਰ ਚੀਜ਼ ਪਲੀਤ ਹੈ। ਜਦੋਂ ਲੋਕ ਘਰ ਵਿੱਚੋਂ ਹਰ ਚੀਜ਼ ਬਾਹਰ ਕੱਢ ਹਟਣਗੇ, ਜਾਜਕ ਘਰ ਨੂੰ ਅੰਦਰ ਜਾ ਕੇ ਧਿਆਨ ਨਾਲ ਦੇਖੇਗਾ। ਜਾਜਕ ਫਫੂੰਦੀ ਦਾ ਧਿਆਨ ਨਾਲ ਨਿਰੀਖਣ ਕਰਦਾ ਹੈ। ਜੇ ਘਰ ਦੀਆਂ ਕੰਧਾਂ ਤੇ ਉੱਗੀ ਫਫੂੰਦੀ ਕੰਧ ਦੀ ਸਤਹਿ ਤੋਂ ਡੂੰਘੇਰੀ ਦਿਖਾਈ ਦਿੰਦੀ ਹੈ, ਤਾਂ ਜਾਜਕ ਨੂੰ ਘਰ ਵਿੱਚੋਂ ਬਾਹਰ ਜਾਣਾ ਚਾਹੀਦਾ ਹੈ ਅਤੇ ਘਰ ਨੂੰ ਸੱਤ ਦਿਨਾਂ ਲਈ ਤਾਲਾ ਲਾ ਦੇਣਾ ਚਾਹੀਦਾ ਹੈ।

ਸੱਤਵੇਂ ਦਿਨ , ਜਾਜਕ ਨੂੰ ਵਾਪਸ ਆ ਕੇ ਘਰ ਦੀ ਜਾਂਚ ਕਰਨੀ ਚਾਹੀਦੀ ਹੈ। ਜੇ ਫਫੂੰਦ ਘਰ ਦੀਆਂ ਕੰਧਾਂ ਉਤੇ ਫੈਲ ਗਈ ਹੈ, ਤਾਂ ਜਾਜਕ ਨੂੰ ਲੋਕਾਂ ਨੂੰ ਹੁਕਮ ਦੇਣਾ ਚਾਹੀਦਾ ਹੈ ਕਿ ਉਹ ਫਫੂੰਦ ਲੱਗੇ ਪੱਥਰਾਂ ਨੂੰ ਖਿੱਚ ਕੇ ਬਾਹਰ ਸੁੱਟ ਦੇਣ। ਉਹਨਾਂ ਨੂੰ ਇਹ ਪੱਥਰ ਸ਼ਹਿਰ

Scanned with OKEN Scanner

ਤੋਂ ਬਾਹਰ ਸੁੱਟਣੇ ਚਾਹੀਦੇ ਹਨ। ਫੇਰ ਜਾਜਕ ਨੂੰ ਲੋਕਾਂ ਤੋਂ ਸਾਰੇ ਘਰ ਨੂੰ ਖੁਰਚਵਾ ਦੇਣਾ ਚਾਹੀਦਾ ਹੈ। ਉਹਨਾਂ ਨੂੰ ਉਹ ਖੁਰਚਿਆ ਹੋਇਆ ਪਲਸਤਰ ਸ਼ਹਿਰ ਤੋਂ ਬਾਹਰ ਖਾਸ ਨਾਪਾਕ ਥਾਂ ਤੇ ਸੁਟ ਦੇਣਾ ਚਾਹੀਦਾ ਹੈ। ਫੇਰ ਮਾਲਕ ਨੂੰ ਕੰਧਾਂ ਉਤੇ ਨਵਾਂ ਪਲਸਤਰ ਕਰਨਾ ਚਾਹੀਦਾ ਹੈ।

ਜਦੋਂ ਨਵੇਂ ਘਰ ਵਿੱਚ ਨਵੇਂ ਪੱਥਰ ਤੇ ਚੂਨਾ ਲੱਗ ਜਾਵੇ, ਜਾਜਕ ਨੂੰ ਉਸ ਘਰ ਦੀ ਜਾਂਚ ਕਰਨੀ ਚਾਹੀਦੀ ਹੈ। ਜੇ ਘਰ ਵਿੱਚ ਫਫੂੰਦ ਨਹੀਂ ਫੈਲੀ ਹੋਈ ਤਾਂ ਜਾਜਕ ਇਹ ਐਲਾਨ ਕਰੇਗਾ ਕਿ ਘਰ ਪਾਕ ਹੈ ਕਿਉਂ ਕਿ ਫਫੂੰਦ ਚਲੀ ਗਈ ਹੈ। ਫੇਰ ਘਰ ਨੂੰ ਪਾਕ ਬਣਾਉਣ ਲਈ, ਜਾਜਕ ਨੂੰ ਦੋ ਪੰਛੀ, ਦਿਆਰ ਦੀ ਲੱਕੜ ਦਾ ਇੱਕ ਟੁਕੜਾ ਅਤੇ ਲਾਲ ਕੱਪੜੇ ਦੀ ਟਾਕੀ ਅਤੇ ਜ਼ੂਫਾ ਲੈਣਾ ਚਾਹੀਦਾ ਹੈ। ਜਾਜਕ ਇੱਕ ਪੰਛੀ ਨੂੰ ਵਗਦੇ ਪਾਣੀ ਉਤੇ ਮਿੱਟੀ ਦੇ ਬਰਤਨ ਵਿੱਚ ਜ਼ਿਬਹ ਕਰੇਗਾ। ਫੇਰ ਜਾਜਕ ਦਿਆਰ ਦੀ ਲੱਕੜ , ਜ਼ੂਫਾ,ਲਾਲ ਕੱਪੜੇ, ਦੀ ਟਾਕੀ ਅਤੇ ਜਿਊਂਦੇ ਪੰਛੀ ਨੂੰ ਲਵੇਗਾ। ਉਹ ਇਨ੍ਹਾਂ ਚੀਜ਼ਾਂ ਨੂੰ ਉਸ ਪੰਛੀ ਦੇ ਖੂਨ ਵਿੱਚ ਡੁਬੋਏਗਾ ਜਿਸਨੂੰ ਵੱਗਦੇ ਪਾਣੀ ਵਿੱਚ ਮਾਰਿਆ ਗਿਆ ਸੀ। ਫੇਰ ਉਹ ਖੂਨ ਨੂੰ ਸੱਤ ਵਾਰੀ ਉਸ ਘਰ ਉਤੇ ਛਿੜਕੇਗਾ। ਜਾਜਕ ਉਹਨਾਂ ਚੀਜ਼ਾਂ ਦੀ ਇਹ ਵਰਤੋਂ ਘਰ ਨੂੰ ਪਾਕ ਬਨਾਉਣ ਲਈ ਕਰੇਗਾ। ਜਾਜਕ ਸ਼ਹਿਰ ਦੇ ਖੁਲ੍ਹੇ ਖੇਤਾਂ ਵਿੱਚ ਜਾਵੇਗਾ ਅਤੇ ਜਿਊਂਦੇ ਪੰਛੀ ਨੂੰ ਉਡਾ ਦੇਵੇਗਾ। ਇਸ ਤਰ੍ਹਾਂ, ਜਾਜਕ ਉਸ ਘਰ ਲਈ ਪ੍ਰਾਸਚਿਤ ਕਰੇਗਾ ਅਤੇ ਇਸਨੂੰ ਪਾਕ ਘੋਸ਼ਿਤ ਕਰ ਦੇਵੇਗਾ।

ਇਹ ਨੇਮ ਕੋੜ੍ਹ ਦੀ ਕਿਸੇ ਛੂਤ ਲਈ,ਕੱਪੜਿਆਂ ਉਤੇ ਜਾਂ ਘਰ ਵਿੱਚ ਲਗੀ ਫਫੂੰਦ ਲਈ ਹਨ, ਇਹ ਨੇਮ ਚਮੜੀ ਉਤੇ ਉਭਰੀ ਸੋਜਿਸ਼, ਪਾਪੜੀ ਜਾਂ ਚਮਕੀਲੇ ਧੱਬਿਆਂ ਲਈ ਹਨ।

ਇਹ ਨੇਮ ਸਿਖਾਉਂਦੇ ਹਨ ਕਿ ਕਦੋਂ ਚੀਜ਼ਾਂ ਨਾਪਾਕ ਹੁੰਦੀਆਂ ਹਨ ਅਤੇ ਕਦੋਂ ਚੀਜ਼ਾਂ ਪਲੀਤ ਹੁੰਦੀਆਂ ਹਨ। ਇਹ ਇਸ ਤਰ੍ਹਾਂ ਦੀਆਂ ਬਿਮਾਰੀਆਂ ਲਈ ਨੇਮ ਹਨ।

ਆਦਮੀਆਂ ਲਈ ਬਿਧੀਆਂ :

ਜੇਕਰ ਕੋਈ ਬੰਦਾ ਵੀਰਜ ਵਗਾਉਂਦਾ , ਉਸਨੂੰ ਆਪਣੇ ਆਪ ਨੂੰ ਪਾਣੀ ਵਿੱਚ ਪੂਰੀ ਤਰ੍ਹਾਂ ਧੋਣਾ ਚਾਹੀਦਾ ਹੈ। ਉਹ ਸ਼ਾਮ ਤੱਕ ਪਲੀਤ ਰਹੇਗਾ। ਜੇ ਵੀਰਜ ਕਿਸੇ ਕੱਪੜੇ ਜਾਂ ਚਮੜੇ ਉਤੇ ਹੈ, ਇਸਨੂੰ ਪਾਣੀ ਨਾਲ ਧੋਤਾ ਜਾਣਾ ਚਾਹੀਦਾ ਹੈ। ਇਹ ਸ਼ਾਮ ਤੱਕ ਪਲੀਤ ਰਹੇਗਾ। ਜੇ ਕੋਈ ਬੰਦਾ ਕਿਸੇ ਔਰਤ ਨਾਲ ਸੰਭੋਗ ਕਰਦਾ ਹੈ, ਆਦਮੀ ਤੇ ਔਰਤ , ਦੋਹਾਂ ਨੂੰ ਆਪਣੇ ਆਪ ਨੂੰ ਪਾਣੀ ਨਾਲ ਧੋਣਾ ਚਾਹੀਦਾ ਹੈ। ਉਹ ਸ਼ਾਮ ਤੱਕ ਪਲੀਤ ਰਹਿਣਗੇ।

ਔਰਤਾਂ ਲਈ ਬਿਧੀਆਂ :

ਜੇ ਕਿਸੇ ਔਰਤ ਦਾ ਮਾਹਵਾਰੀ ਸਮੇਂ ਖੂਨ ਵਗਦਾ ਹੈ, ਤਾਂ ਉਹ ਸੱਤ ਦਿਨਾਂ ਤੱਕ ਪਲੀਤ ਰਹੇਗੀ। ਜੇ ਕੋਈ ਬੰਦਾ ਉਸਨੂੰ ਛੂਹ ਲੈਂਦਾ ਹੈ, ਤਾਂ ਉਹ ਬੰਦਾ ਸ਼ਾਮ ਤੱਕ ਪਲੀਤ ਰਹੇਗਾ। ਇਸ ਤੋਂ ਇਲਾਵਾ ਹਰ ਉਹ ਚੀਜ਼ ਜਿਸ ਉਤੇ ਉਹ ਮਾਹਵਾਰੀ ਸਮੇਂ ਉਹ ਔਰਤ

Scanned with OKEN Scanner

ਉਸ ਸਮੇਂ ਦੌਰਾਨ ਬੈਠਦੀ ਹੈ ਪਲੀਤ ਹੋ ਜਾਵੇਗੀ।

ਜੇ ਕੋਈ ਬੰਦਾ ਉਸ ਔਰਤ ਦੇ ਬਿਸਤਰੇ ਨੂੰ ਛੋਹ ਲੈਂਦਾ ਹੈ ਉਸ ਬੰਦੇ ਨੂੰ ਆਪਣੇ ਕੱਪੜੇ ਧੋਣੇ ਚਾਹੀਦੇ ਹਨ ਅਤੇ ਪਾਣੀ ਵਿੱਚ ਨਹਾਉਣਾ ਚਾਹੀਦਾ ਹੈ। ਉਹ ਸ਼ਾਮ ਤੱਕ ਪਲੀਤ ਰਹੇਗਾ। ਜੇ ਕੋਈ ਵੀ ਅਜਿਹੀ ਚੀਜ਼ ਨੂੰ ਛੂੰਹਦਾ ਹੈ ਜਿਸ ਉਤੇ ਉਹ ਔਰਤ ਬੈਠੀ ਸੀ ਉਸਨੂੰ ਆਪਣੇ ਕੱਪੜੇ ਧੋਣੇ ਚਾਹੀਦੇ ਹਨ ਅਤੇ ਆਪਣੇ ਆਪ ਨੂੰ ਪਾਣੀ ਨਾਲ ਧੋਣਾ ਚਾਹੀਦਾ ਹੈ। ਉਹ ਸ਼ਾਮ ਤੱਕ ਪਲੀਤ ਰਹੇਗਾ। ਜੇ ਕੋਈ ਬੰਦਾ ਕਿਸੇ ਉਸ ਚੀਜ਼ ਨੂੰ ਛੂਹਦਾ ਹੈ ਜੋ ਬਿਸਤਰੇ ਉਤੇ ਸੀ, ਜਾਂ ਜਿਸ ਉਤੇ ਉਹ ਬੈਠੀ ਹੋਈ ਹੈ। ਉਹ ਸ਼ਾਮ ਤੱਕ ਪਲੀਤ ਰਹੇਗਾ।

ਜੇ ਕੋਈ ਆਦਮੀ ਕਿਸੇ ਔਰਤ ਨਾਲ ਮਾਹਵਾਰੀ ਦੇ ਸਮੇਂ ਦੌਰਾਨ ਸੰਭੋਗ ਕਰਦਾ ਹੈ ਤਾਂ ਉਹ ਸੱਤਾਂ ਦਿਨਾਂ ਤੱਕ ਪਲੀਤ ਰਹੇਗਾ। ਹਰ ਉਹ ਬਿਸਤਰਾ ਜਿਸ ਉਤੇ ਉਹ ਆਦਮੀ ਸੋਵੇਗਾ, ਪਲੀਤ ਹੋਵੇਗਾ।

ਜੇ ਕਿਸੇ ਔਰਤ ਨੂੰ ਬਹੁਤ ਦਿਨ ਲਈ ਖੂਨ ਪੈਂਦਾ ਹੈ, ਆਪਣੇ ਮਾਹਵਾਰੀ ਦੇ ਸਮੇਂ ਤੋਂ ਵੱਧ ਖੂਨ ਪੈਂਦਾ ਹੈ, ਤਾਂ ਉਹ ਮਾਹਵਾਰੀ ਦੇ ਸਮੇਂ ਵਾਗ ਹੀ ਪਲੀਤ ਹੋਵੇਗੀ। ਖੂਨ ਪੈਣ ਦੇ ਸਮੇਂ ਦੌਰਾਨ ਜਿਹੜੇ ਬਿਸਤਰੇ ਤੇ ਉਹ ਔਰਤ ਲੇਟਦੀ ਹੈ। ਉਹ ਉਸਦੇ ਮਾਹਵਾਰੀ ਸਮੇਂ ਦੇ ਬਿਸਤਰੇ ਵਰਗਾ ਹੀ ਹੋਵੇਗਾ। ਉਹ ਹਰ ਚੀਜ਼ ਜਿਸ ਉਤੇ ਉਹ ਔਰਤ ਬੈਠਦੀ ਹੈ ਉਹ ਉਸੇ ਤਰ੍ਹਾਂ ਪਲੀਤ ਹੋਵੇਗੀ। ਜਿਵੇਂ ਉਹ ਮਾਹਵਾਰੀ ਦੇ ਦੌਰਾਨ ਹੁੰਦੀ ਹੈ।

ਜੇ ਕੋਈ ਬੰਦਾ ਹਰ ਉਸ ਚੀਜ਼ ਨੂੰ ਛੂਹਦਾ ਹੈ ਤਾਂ ਉਹ ਬੰਦਾ ਪਲੀਤ ਹੋਵੇਗਾ। ਉਸ ਬੰਦੇ ਨੂੰ ਆਪਣੇ ਕੱਪੜੇ ਧੋ ਲੈਣੇ ਚਾਹੀਦੇ ਹਨ। ਅਤੇ ਪਾਣੀ ਨਾਲ ਨਹਾ ਲੈਣਾ ਚਾਹੀਦਾ ਹੈ। ਉਹ ਸ਼ਾਮ ਤੱਕ ਪਲੀਤ ਰਹੇਗਾ। ਔਰਤ ਦੇ ਖੂਨ ਬੰਦ ਹੋਣ ਤੋਂ ਮਗਰੋਂ ਓਸਨੂੰ ਸੱਤ ਦਿਨਾਂ ਲਈ ਇੰਤਜ਼ਾਰ ਕਰਨਾ ਚਾਹੀਦਾ ਹੈ। ਫੇਰ ਅੱਠਵੇਂ ਦਿਨ ਔਰਤ ਨੂੰ ਦੋ ਘੁੱਗੀਆਂ ਜਾਂ ਦੋ ਕਬੂਤਰ ਲੈ ਕੇ ਮੰਡਲੀ ਦੇ ਤੰਬੂ ਦੇ ਪ੍ਰਵੇਸ਼ ਤੋਂ ਜਾਜਕ ਕੋਲ ਲੈ ਕੇ ਆਉਣੇ ਚਾਹੀਦੇ ਹਨ। ਫੇਰ ਜਾਜਕ ਨੂੰ ਪੰਛੀ , ਇੱਕ ਪਾਪ ਦੀ ਭੇਟ ਵਜੋਂ ਅਤੇ ਦੂਸਰੇ ਨੂੰ ਹੋਮ ਦੀ ਭੇਟ ਵਜੋਂ ਚੜ੍ਹਾਉਣੀ ਚਾਹੀਦਾ ਹੈ। ਇਸ ਤਰ੍ਹਾਂ ਉਹ ਉਸ ਲਈ ਯਹੋਵਾਹ ਦੇ ਸਾਹਮਣੇ ਉਸ ਦੇ ਨਾਪਾਕ ਖੂੰਨ ਵਗਣ ਖਾਤਰ ਪ੍ਰਾਸਚਿਤ ਕਰੇਗਾ।ਇਸੇ ਤਰ੍ਹਾਂ ਤੁਹਾਨੂੰ ਇਸਰਾਈਲ ਦੇ ਲੋਕਾਂ ਨੂੰ ਪਲੀਤ ਹੋਣ ਬਾਰੇ ਚੇਤਾਵਨੀ ਦੇਣੀ ਚਾਹੀਦੀ ਹੈ।ਜੇਕਰ ਤੁਸੀਂ ਚੇਤਾਵਨੀ ਨਹੀਂ ਦੇਵੋਗੇ ਤਾਂ, ਹੋ ਸਕਦਾ ਹੈ ਕਿ ਉਹ ਮੇਰੇ ਪਵਿੱਤਰ ਤੰਬੂ ਨੂੰ ਪਲੀਤ ਕਰ ਦੇਣ ਅਤੇ ਫੇਰ ਉਨ੍ਹਾਂ ਨੂੰ ਮਰਨਾ ਪਵੇਗਾ।"

ਇਹ ਬਿਧੀਆਂ ਪ੍ਰਮੇਹ ਵਾਲੇ ਲੋਕਾਂ ਅਤੇ ਉਹਨਾਂ ਆਦਮੀਆਂ ਲਈ ਹਨ ਜਿਹਨਾਂ ਦਾ ਵੀਰਜ ਵਗ ਜਾਵੇ ਅਤੇ ਇਸ ਕਾਰਣ ਪਲੀਤ ਹੋ ਜਾਣ। ਇਹ ਵਿਧੀਆਂ ਉਹਨਾਂ ਔਰਤਾਂ ਲਈ ਹਨ ਜਿਹੜੀਆਂ ਆਪਣੇ ਮਾਹਵਾਰੀ ਦੇ ਖੂਨ ਨਾਲ ਪਲੀਤ ਹੋ ਜਾਂਦੀਆਂ ਹਨ। ਇਹ ਵਿਧੀਆਂ ਹਰ ਉਸ ਵਿਅਕਤੀ ਲਈ ਹਨ ਜਿਸਨੂੰ ਆਸੁਭਾਵਿਕ ਪ੍ਰਮੇਹ ਹੋਵੇ। ਅਤੇ ਉਸ ਆਦਮੀ ਲਈ ਹਨ ਜਿਹੜਾ ਕਿਸੇ ਨਾਪਾਕ ਔਰਤ ਨਾਲ ਸੰਭੋਗ ਕਰਦਾ ਹੈ।

Scanned with OKEN Scanner
Scanned with OKEN Scanner

ਪ੍ਰਾਸਚਿਤ ਦਾ ਦਿਨ :

ਹਾਰੂਨ ਦੇ ਦੋ ਪੁੱਤਰ ਉਦੋਂ ਮਾਰੇ ਗਏ ਜਦੋਂ ਉਹ ਯਹੋਵਾਹ ਦੇ ਨੇੜੇ ਆਏ। ਉਸ ਤੋਂ ਬਾਅਦ ਯਹੋਵਾਹ ਨੇ ਮੂਸਾ ਨਾਲ ਗੱਲ ਕੀਤੀ। ਅਤੇ ਆਖਿਆ, 'ਆਪਣੇ ਭਰਾ ਹਾਰੂਨ ਨੂੰ ਆਖ ਕਿ ਜਦੋਂ ਉਹ ਚਾਹੇ ਪਵਿੱਤਰ ਸੰਦੂਕ ਦੇ ਸਾਹਮਣੇ ਨਾ ਜਾਵੇ, ਨਹੀਂ ਤਾਂ ਉਹ ਮਾਰਿਆ ਜਾਵੇਗਾ। ਪਵਿੱਤਰ ਸੰਦੂਕ ਉਸ ਕਮਰੇ ਉਸ ਪਰਦੇ ਦੇ ਪਿੱਛੇ ਹੈ ਅਤੇ ਇਸ ਉਤੇ ਖਾਸ ਕੱਜਣ ਪਾਇਆ ਹੋਇਆ ਹੈ।ਜੇਕਰ ਹਾਰੂਨ ਉਸ ਕਮਰੇ ਅੰਦਰ ਜਾਵੇਗਾ, ਉਹ ਮਰ ਜਾਵੇਗਾ ਕਿਉਂਕਿ ਮੈਂ ਖਾਸ ਕੱਜਣ ਉਤੇ ਇੱਕ ਬੱਦਲ ਵਿੱਚ ਪ੍ਰਗਟ ਹੁੰਦਾ ਹਾਂ।

ਇਹ ਤਰੀਕਾ ਹੈ ਜਿਸ ਤਰ੍ਹਾਂ ਹਾਰੂਨ ਅਤਿ ਪਵਿੱਤਰ ਸਥਾਨ ਵਿੱਚ ਦਾਖਲ ਹੋ ਸਕਦਾ ਹੈ। ਉਸਨੂੰ ਇੱਕ ਬਲਦ ਪਾਪ ਦੀ ਭੇਟ ਵਜੋਂ ਅਤੇ ਇੱਕ ਭੇਡ ਹੋਮ ਦੀ ਭੇਟ ਵਜੋਂ ਚੜ੍ਹਾਉਣਾ ਚਾਹੀਦਾ ਹੈ। ਹਾਰੂਨ ਨੂੰ ਆਪਣੇ ਆਪ ਨੂੰ ਪਾਣੀ ਨਾਲ ਧੋਣਾ ਚਾਹੀਦਾ ਹੈ। ਫੇਰ ਉਸਨੂੰ ਇਹ ਕੱਪੜੇ ਪਹਿਨਣੇ ਚਾਹੀਦੇ ਹਨ। ਉਸਨੂੰ ਲਿਨਨ ਦੀ ਪਵਿੱਤਰ ਕਮੀਜ਼ ਪਹਿਨਣੀ ਚਾਹੀਦੀ ਹੈ। ਉਸਦੇ ਤਨ ਉਤੇ ਲਿਨਨ ਦੇ ਅੰਦਰਲੇ ਬਸਤਰ ਪਹਿਲਾਂ ਹੋਣਗੇ। ਉਸਨੂੰ ਆਪਣੇ ਲੱਕ ਦੁਆਲੇ ਲਿਨਨ ਦੀ ਪਗੜੀ ਬੰਨ੍ਹਣੀ ਚਾਹੀਦੀ ਹੈ। ਇਹ ਪਵਿੱਤਰ ਕੱਪੜੇ ਹਨ।

ਹਾਰੂਨ ਨੂੰ ਇਸਰਾਈਲ ਦੇ ਲੋਕਾਂ ਕੋਲੋਂ ਦੋ ਬੱਕਰੇ ਪਾਪ ਦੀ ਭੇਟ ਲਈ ਅਤੇ ਇੱਕ ਭੇਡੂ ਹੋਮ ਦੀ ਭੇਟਾ ਲਈ ਲੈਣਾ ਚਾਹੀਦਾ ਹੈ। ਹਾਰੂਨ ਨੂੰ ਆਪਣੇ ਲਈ ਪਾਪ ਦੀ ਭੇਟ ਵਜੋਂ ਇਕ ਬਲਦ ਚੜ੍ਹਾਉਣਾ ਚਾਹੀਦਾ ਹੈ। ਹਾਰੂਨ ਨੂੰ ਆਪਣੇ ਆਪ ਲਈ ਅਤੇ ਆਪਣੇ ਪਰਿਵਾਰ ਖਾਤਰ ਪ੍ਰਾਸਚਿਤ ਕਰਨ ਲਈ ਅਜਿਹਾ ਕਰਨਾ ਚਾਹੀਦਾ ਹੈ।

ਫੇਰ ਹਾਰੂਨ ਨੂੰ ਦੋ ਬੱਕਰੇ ਲੈਣੇ ਚਾਹੀਦੇ ਹਨ ਅਤੇ ਇਨ੍ਹਾਂ ਨੂੰ ਮੰਡਲੀ ਵਾਲੇ ਤੰਬੂ ਦੇ ਪ੍ਰਵੇਸ਼ ਦੁਆਰ ਦੇ ਲਿਆ ਕੇ ਯਹੋਵਾਹ ਦੇ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ।ਹਾਰੂਨ ਦੋਹਾਂ ਬਕਰਿਆਂ ਲਈ ਪਰਚੀਆਂ ਪਾਵੇਗਾ। ਇੱਕ ਪਰਚੀ ਯਹੋਵਾਹ ਲਈ ਹੋਵੇਗੀ ਅਤੇ ਦੂਸਰੀ ਅਜ਼ਾਜ਼ੇਲ ਲਈ ਹੋਵੇਗੀ।

ਫੇਰ ਹਾਰੂਨ ਯਹੋਵਾਹ ਲਈ ਪਾਈ ਪਰਚੀ ਨਾਲ ਚੁਣੇ ਹੋਏ ਬੱਕਰੇ ਨੂੰ ਭੇਟ ਕਰੇਗਾ। ਹਾਰੂਨ ਨੂੰ ਇਹ ਭੇਟ ਪਾਪ ਦੀ ਭੇਟ ਲਈ ਦੇਣੀ ਚਾਹੀਦੀ ਹੈ।ਪਰ ਅਜ਼ਾਜ਼ੇਲ ਲਈ ਪਰਚੀ ਨਾਲ ਚੁਣੇ ਹੋਏ ਬੱਕਰੇ ਨੂੰ ਯਹੋਵਾਹ ਦੇ ਸਾਹਮਣੇ ਜਿਉਂਦਿਆਂ ਲਿਆਂਦਾ ਜਾਵੇ। ਫੇਰ ਇਹ ਬੱਕਰਾ ਅਜ਼ਾਜ਼ੇਲ ਲਈ ਮਾਰੂਥਲ ਵਿੱਚ ਭੇਜ ਦਿੱਤਾ ਜਾਵੇਗਾ।ਇਹ ਲੋਕਾਂ ਖਾਤਰ ਪ੍ਰਾਸਚਿਤ ਕਰਨ ਲਈ ਹੈ।

ਫੇਰ ਹਾਰੂਨ ਆਪਣੇ ਲਈ ਪਾਪ ਦੀ ਭੇਟ ਵਜੋਂ ਇੱਕ ਬਲਦ ਭੇਟ ਕਰੇਗਾ। ਹਾਰੂਨ ਨੂੰ ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਸ਼ੁਧ ਬਨਾਉਣ ਲਈ ਅਜਿਹਾ ਕਰਨਾ ਚਾਹੀਦਾ ਹੈ।ਫੇਰ ਉਸਨੂੰ ਯਹੋਵਾਹ ਦੇ ਸਾਹਮਣੇ ਜਗਵੇਦੀ ਤੋਂ ਅੱਗ ਦੇ ਕੋਲਿਆਂ ਦਾ ਇੱਕ ਕੜਛਾ ਲੈਣਾ ਚਾਹੀਦਾ ਹੈ। ਹਾਰੂਨ ਪੀਸੀ ਹੋਈ ਸੁਗੰਧਤ ਧੂਫ ਦੀਆਂ ਦੋ ਮੁੱਠੀਆਂ ਲਵੇਗਾ।

Scanned with OKEN Scanner

ਹਾਰੂੰਨ ਇਸ ਧੂਫ ਨੂੰ ਕਮਰੇ ਵਿੱਚ ਪਰਦੇ ਦੇ ਪਿੱਛੇ ਲੈ ਕੇ ਆਵੇਗਾ। ਹਾਰੂਨ ਧੂਫ ਨੂੰ ਯਹੋਵਾਹ ਦੇ ਸਾਹਮਣੇ ਅੱਗ ਉਤੇ ਪਾਵੇਗਾ। ਫੇਰ ਧੂਫ ਦਾ ਬੱਦਲ ਇਕਰਾਰਨਾਮੇ ਦੇ ਉੱਪਰਲੇ ਕੱਜਣ ਉੱਪਰ ਫੈਲ ਜਾਵੇਗਾ। ਇਸ ਤਰ੍ਹਾਂ ਹਾਰੂਨ ਨਹੀਂ ਮਰੇਗਾ। ਹਾਰੂਨ ਬਲਦ ਦਾ ਕੁਝ ਖ਼ੂਨ ਲਵੇਗਾ ਅਤੇ ਇਸਨੂੰ ਖਾਸ ਕੱਜਣ ਦੇ ਪੂਰਬ ਵੱਲ ਛਿੜਕੇਗਾ। ਫੇਰ ਉਹ ਇਸ ਖ਼ੂੰਨ ਨੂੰ ਆਪਣੀ ਉਂਗਲ ਨਾਲ ਖਾਸ ਕੱਜਣ ਦੇ ਸਾਹਮਣੇ ਸੱਤ ਵਾਰੀ ਛਿੜਕੇਗਾ।

ਫੇਰ ਹਾਰੂਨ ਨੂੰ ਲੋਕਾਂ ਲਈ ਪਾਪ ਚੜ੍ਹਾਵੇ ਵਜੋਂ ਇੱਕ ਬੱਕਰੇ ਨੂੰ ਮਾਰਨਾ ਚਾਹੀਦਾ ਹੈ। ਉਸਨੂੰ ਇਸ ਬੱਕਰੇ ਦੇ ਖੁਨ ਨਾਲ ਉਸੇ ਤਰ੍ਹਾਂ ਕਰਨਾ ਚਾਹੀਦਾ ਹੈ ਜਿਵੇਂ ਉਸਨੇ ਬਲਦ ਦੇ ਖ਼ੂੰਨ ਨਾਲ ਕੀਤਾ ਸੀ। ਉਸਨੂੰ ਖ਼ੂੰਨ ਖਾਸ ਕੱਜਣ ਉਤੇ ਇਸਦੇ ਸਾਹਮਣੇ ਛਿੜਕਣਾ ਚਾਹੀਦਾ ਹੈ।

ਇਸ ਤਰ੍ਹਾਂ ਹਾਰੂਨ ਨਾਪਕਤਾ, ਜੁਰਮਾਂ ਅਤੇ ਇਸਰਾਈਲ ਦੇ ਲੋਕਾਂ ਦੇ ਪਾਪਾਂ ਦੇ ਕਾਰਣ ਅੱਤ ਪਵਿੱਤਰ ਸਥਾਨ ਖਾਤਰ ਪਰਾਸਚਿਤ ਕਰਨ ਲਈ ਇਹ ਗੱਲਾਂ ਕਰੇਗਾ। ਹਾਰੂਨ ਨੂੰ ਇਹ ਗੱਲਾਂ ਮੰਡਲੀ ਵਾਲੇ ਤੰਬੂ ਨਾਲ ਕਰਨੀਆਂ ਚਾਹੀਦੀਆਂ ਹਨ ਕਿਉਂਕਿ ਇਹ ਪਲੀਤ ਲੋਕਾਂ ਦੇ ਵਿਚਕਾਰ ਗੱਡਿਆ ਹੋਇਆ ਹੈ। ਉਸ ਸਮੇਂ ਜਦੋਂ ਹਾਰੂਨ ਪਰਾਸਚਿਤ ਕਰਨ ਲਈ ਅੱਤ ਪਵਿੱਤਰ ਸਥਾਨ ਅੰਦਰ ਦਾਖਿਲ ਹੋਵੇ, ਤਾਂ ਮੰਡਲੀ ਤੰਬੂ ਵਿੱਚ ਕੋਈ ਨਾ ਹੋਵੇ, ਉਸ ਦੇ ਬਾਹਰ ਆਉਣ ਤੱਕ ਕਿਸੇ ਨੂੰ ਅੰਦਰ ਨਹੀਂ ਜਾਣਾ ਚਾਹੀਦਾ। ਇਸ ਤਰ੍ਹਾਂ ਹਾਰੂਨ ਆਪਣੇ ਆਪ ਆਪਣੇ ਪਰਿਵਾਰ ਅਤੇ ਇਸਰਾਈਲ ਦੇ ਸਾਰੇ ਲੋਕਾਂ ਲਈ ਪ੍ਰਾਸਚਿਤ ਕਰੇਗਾ। ਫੇਰ ਹਾਰੂਨ ਯਹੋਵਾਹ ਦੇ ਸਾਹਮਣੇ ਜਗਵੇਦੀ ਕੋਲ ਜਾਵੇਗਾ। ਹਾਰੂਨ ਜਗਵੇਦੀ ਨੂੰ ਸ਼ੁਧ ਬਣਾਵੇਗਾ। ਹਾਰੂਨ ਬਲਦ ਦਾ ਕੁਝ ਖ਼ੂੰਨ ਅਤੇ ਬੱਕਰੇ ਦਾ ਕੁਝ ਖ਼ੂੰਨ ਲਵੇਗਾ ਅਤੇ ਇਸਨੂੰ ਜਗਵੇਦੀ ਦੇ ਕੋਨਿਆਂ ਉਤੇ ਸਾਰੇ ਪਾਸੇ ਲਾ ਦੇਵੇਗਾ। ਫੇਰ ਹਾਰੂਨ ਆਪਣੀ ਉਂਗਲੀ ਨਾਲ ਖ਼ੂੰਨ ਨੂੰ ਜਗਵੇਦੀ ਉਤੇ ਸੱਤ ਵਾਰੀ ਛਿੜਕੇਗਾ। ਇਸ ਤਰ੍ਹਾਂ ਹਾਰੂਨ ਜਗਵੇਦੀ ਨੂੰ ਇਸਰਾਈਲ ਦੇ ਲੋਕਾਂ ਦੀ ਸਾਰੀ ਨਾਪਕਤਾ ਤੋਂ ਪਵਿੱਤਰ ਬਣਾ ਦੇਵੇਗਾ।

ਜਦੋਂ ਉਸਨੇ ਅੱਤ ਪਵਿੱਤਰ ਸਥਾਨ, ਮੰਡਲੀ ਵਾਲੇ ਤੰਬੂ ਅਤੇ ਜਗਵੇਦੀ ਲਈ ਪ੍ਰਾਸਚਿਤ ਕਰ ਲਿਆ ਹੋਵੇ, ਉਹ ਜਿਊਂਦੇ ਬੱਕਰੇ ਨੂੰ ਯਹੋਵਾਹ ਕੋਲ ਲੈ ਕੇ ਆਵੇਗਾ। ਹਾਰੂਨ ਆਪਣੇ ਦੋਵੇਂ ਹੱਥ ਜਿਊਂਦੇ ਬੱਕਰੇ ਦੇ ਸਿਰ ਉਤੇ ਰੱਖੇਗਾ। ਫੇਰ ਉਹ ਬੱਕਰੇ ਉੱਪਰ ਇਸਰਾਈਲ ਦੇ ਲੋਕਾਂ ਦੇ ਪਾਪਾਂ ਅਤੇ ਜੁਰਮਾਂ ਨੂੰ ਕਬੂਲ ਕਰੇਗਾ। ਇਸ ਤਰ੍ਹਾਂ ਹਾਰੂਨ ਲੋਕਾਂ ਦੇ ਪਾਪ ਬੱਕਰੇ ਦੇ ਸਿਰ ਧਰ ਦੇਵੇਗਾ। ਫੇਰ ਉਹ ਬੱਕਰੇ ਨੂੰ ਮਾਰੂਥਲ ਵਿੱਚ ਭੇਜ ਦੇਵੇਗਾ। ਇੱਕ ਆਦਮੀ ਇਸ ਬੱਕਰੇ ਦੀ ਦੂਰ ਤੱਕ ਅਗਵਾਈ ਕਰਨ ਲਈ ਤਿਆਰ ਖੜ੍ਹਾ ਹੋਵੇਗਾ। ਇਸ ਤਰ੍ਹਾਂ ਬੱਕਰਾ ਆਪਣੇ ਉੱਪਰ ਸਾਰੇ ਲੋਕਾਂ ਦੇ ਪਾਪ ਖਾਲੀ ਮਾਰੂਥਲ ਵੱਲ ਲੈ ਜਾਵੇਗਾ। ਜਿਹੜਾ ਬੰਦਾ ਬੱਕਰੇ ਨੂੰ ਲੈ ਕੇ ਜਾਵੇਗਾ ਉਹ ਇਸਨੂੰ ਮਾਰੂਥਲ ਵਿੱਚ ਖੁੱਲ੍ਹਾ ਛੱਡ ਆਵੇਗਾ।

ਫੇਰ ਹਾਰੂਨ ਮੰਡਲੀ ਵਾਲੇ ਤੰਬੂ ਵਿੱਚ ਦਾਖਲ ਹੋਵੇਗਾ। ਉਹ ਲਿਨਨ ਦੇ ਉਹਨਾਂ

Scanned with OKEN Scanner

ਬਸਤਰਾਂ ਨੂੰ ਉਤਾਰ ਦੇਵੇਗਾ ਜਿਹੜੇ ਉਸਨੇ ਓਦੋਂ ਪਹਿਨੇ ਸਨ ਜਦੋਂ ਉਹ ਪਵਿਤਰ ਸਥਾਨ ਵਿੱਚ ਦਾਖਲ ਹੋਇਆ ਸੀ। ਉਸਨੂੰ ਬਸਤਰ ਉਥੇ ਹੀ ਰੱਖ ਦੇਣੇ ਚਾਹੀਦੇ ਹਨ। ਉਹ ਆਪਣੇ ਸ਼ਰੀਰ ਨੂੰ ਕਿਸੇ ਪਵਿੱਤਰ ਸਥਾਨ ਤੇ ਪਾਣੀ ਨਾਲ ਧੋਵੇਗਾ। ਫੇਰ ਉਹ ਆਪਣੇ ਦੂਸਰੇ ਖਾਸ ਬਸਤਰ ਪਹਿਨ ਕੇ ਬਾਹਰ ਆਵੇਗਾ ਅਤੇ ਆਪਣੀ ਹੋਮ ਦੀ ਭੇਟ ਅਤੇ ਲੋਕਾਂ ਦੀ ਹੋਮ ਦੀ ਭੇਟ ਚੜ੍ਹਾਵੇਗਾ ਅਤੇ ਆਪਣੇ ਆਪ ਅਤੇ ਲੋਕਾਂ ਲਈ ਪਰਾਸਚਿਤ ਕਰੇਗਾ।ਫੇਰ ਉਹ ਜਗਵੇਦੀ ਉਤੇ ਪਾਪ ਦੀ ਭੇਟ ਦੀ ਚਰਬੀ ਨੂੰ ਸਾੜੇਗਾ।

ਫੇਰ ਉਸ ਬੰਦੇ ਨੂੰ ਜਿਹੜਾ ਬੱਕਰੇ ਨੂੰ ਅਜ਼ਾਜ਼ੇਲ ਵੱਲ ਲੈ ਕੇ ਗਿਆ ਸੀ, ਆਪਣੇ ਕੱਪੜੇ ਅਤੇ ਆਪਣਾ ਸ਼ਰੀਰ ਪਾਣੀ ਨਾਲ ਧੋਣਾ ਚਾਹੀਦਾ ਹੈ। ਇਸ ਤੋਂ ਬਾਅਦ ਉਹ ਡੇਰੇ ਵਿੱਚ ਦਾਖਲ ਹੋ ਸਕਦਾ ਹੈ।

ਪਾਪ ਦੀ ਭੇਟ ਦੇ ਬਲਦ ਅਤੇ ਬੱਕਰੇ ਨੂੰ ਡੇਰੇ ਤੋਂ ਬਾਹਰ ਲਿਆਂਦਾ ਜਾਵੇ। (ਇਹਨਾਂ ਜਾਨਵਰਾਂ ਦਾ ਖੂੰਨ ਪਵਿੱਤਰ ਸਥਾਨ ਵਿੱਚ ਪਵਿੱਤਰ ਚੀਜ਼ਾਂ ਖਾਤਰ ਪਰਾਸਚਿਤ ਕਰਨ ਲਈ ਲਿਆਂਦਾ ਗਿਆ ਸੀ)ਉਨ੍ਹਾਂ ਨੂੰ ਉਹਨਾਂ ਜਾਨਵਰਾਂ ਦੀਆਂ ਖੱਲ੍ਹਾਂ, ਸ਼ਰੀਰਾਂ, ਅਤੇ ਸਰੀਰਾਂ ਦੇ ਮਲ ਤਿਆਗ ਨੂੰ ਅੱਗ ਵਿੱਚ ਸਾੜ ਦੇਣਾ ਚਾਹੀਦਾ ਹੈ। ਫੇਰ ਉਹ ਆਦਮੀ, ਜਿਹੜਾ ਉਨ੍ਹਾਂ ਨੂੰ ਸਾੜਦਾ ਹੈ, ਆਪਣੇ ਕੱਪੜੇ ਅਤੇ ਆਪਣੇ ਸ਼ਰੀਰ ਨੂੰ ਪਾਣੀ ਨਾਲ ਧੋ ਲਵੇ। ਇਸ ਤੋਂ ਮਗਰੋਂ ਉਹ ਡੇਰੇ ਵਿੱਚ ਦਾਖਲ ਹੋ ਸਕਦਾ ਹੈ।ਇਹ ਨੇਮ ਤੁਹਾਡੇ ਲਈ ਹਮੇਸ਼ਾਂ ਜਾਰੀ ਰਹੇਗਾ। ਸੱਤਵੇਂ ਮਹੀਨੇ ਦੇ ਦਸਵੇਂ ਦਿਨ ਤੁਹਾਨੂੰ ਆਪਣੇ ਆਪ ਨੂੰ ਨਿਮਾਣਾ ਬਣ ਕੇ ਵਰਤ ਰੱਖਣਾ ਚਾਹੀਦਾ ਹੈ। ਤੁਹਾਨੂੰ ਕੋਈ ਕੰਮ ਨਹੀਂ ਕਰਨਾ ਚਾਹੀਦਾ। ਇਹ ਨੇਮ ਤੁਹਾਡੇ ਸਾਰਿਆਂ ਅਤੇ ਤੁਹਾਡੇ ਦਰਮਿਆਨ ਰਹਿੰਦੇ ਵਿਦੇਸ਼ੀਆਂ ਉਤੇ ਵੀ ਲਾਗੂ ਹਨ। ਕਿਉਂਕਿ ਇਸ ਦਿਨ ਜਾਜਕ ਤੁਹਾਡੇ ਲਈ ਪ੍ਰਾਸਚਿਤ ਕਰੇਗਾ ਅਤੇ ਤੁਹਾਨੂੰ ਪਾਪਾਂ ਤੋਂ ਪਾਕ ਬਣਾਵੇਗਾ। ਫਿਰ ਤੁਸੀਂ ਯਹੋਵਾਹ ਅੱਗੇ ਪਾਕ ਹੋਵੋਂਗੇ। ਤੁਹਾਡੇ ਲਈ ਇਹ ਦਿਨ ਅਰਾਮ ਕਰਨ ਦਾ ਬਹੁਤ ਮਹੱਤਵਪੂਰਨ ਦਿਨ ਹੈ। ਤੁਹਾਨੂੰ ਭੋਜਨ ਨਹੀਂ ਕਰਨਾ ਚਾਹੀਦਾ। ਇਹ ਨੇਮ ਹਮੇਸ਼ਾਂ ਲਈ ਜਾਰੀ ਰਹੇਗਾ।

ਇਸ ਤਰ੍ਹਾਂ ਜਿਸ ਆਦਮੀ ਨੂੰ ਪਰਧਾਨ ਜਾਜਕ ਲਈ ਚੁਣਿਆ ਗਿਆ ਹੋਵੇਗਾ, ਪਰਾਸਚਿਤ ਕਰਨ ਦੀਆਂ ਰੀਤਾਂ ਕਰੇਗਾ। ਇਹੀ ਉਹ ਆਦਮੀ ਹੈ ਜਿਸਨੂੰ ਉਸਦੇ ਪਿਤਾ ਤੋਂ ਮਗਰੋਂ ਪਰਧਾਨ ਜਾਜਕ ਵਜੋਂ ਸੇਵਾ ਕਰਨ ਲਈ ਨਿਯੁਕਤ ਕੀਤ ਗਿਆ। ਉਸ ਨੂੰ ਲਿਨਨ ਦੇ ਖਾਸ ਬਸਤਰ ਪਹਿਨਣੇ ਚਾਹੀਦੇ ਹਨ।ਇਹ ਬਸਤਰ ਪਵਿੱਤਰ ਹਨ।

ਉਸ ਨੂੰ ਅੱਤ ਪਵਿੱਤਰ ਸਥਾਨ, ਮੰਡਲੀ ਵਾਲੇ ਤੰਬੂ ਅਤੇ ਜਗਵੇਦੀ ਨੂੰ ਸ਼ੁੱਧ ਬਨਾਉਣਾ ਚਾਹੀਦਾ ਹੈ ਅਤੇ ਉਸਨੂੰ ਜਾਜਕਾਂ ਅਤੇ ਇਸਰਾਈਲ ਦੇ ਸਾਰੇ ਲੋਕਾਂ ਖਾਤਰ ਉਨ੍ਹਾਂ ਦੇ ਪਾਪਾਂ ਲਈ ਪਰਾਸਚਿਤ ਕਰਨ ਦਾ ਇਹ ਨੇਮ ਹਮੇਸ਼ਾਂ ਜਾਰੀ ਰਹੇਗਾ। ਤੁਸੀਂ ਇਹ ਗੱਲਾਂ ਸਾਲ ਵਿੱਚ ਇੱਕ ਵਾਰੀ ਇਸਰਾਈਲ ਦੇ ਲੋਕਾਂ ਦਾ ਪਾਪਾਂ ਕਾਰਣ ਕਰੋਗੇ। ਇਸ ਲਈ ਉਨ੍ਹਾਂ

Scanned with OKEN Scanner

ਨੇ ਇਹ ਗੱਲਾਂ ਉਵੇਂ ਹੀ ਕੀਤੀਆਂ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ।

ਜਾਨਵਰਾਂ ਨੂੰ ਮਾਰਨ ਅਤੇ ਖਾਣ ਬਾਰੇ ਬਿਧੀਆਂ :

ਯਹੋਵਾਹ ਨੇ ਮੂਸਾ ਨੂੰ ਆਖਿਆ, 'ਹਾਰੂਨ ਅਤੇ ਉਸਦੇ ਪੁੱਤਰਾਂ ਨਾਲ ਅਤੇ ਇਸਰਾਈਲ ਦੇ ਸਾਰੇ ਲੋਕਾਂ ਨਾਲ ਗੱਲ ਕਰੋ। ਉਨ੍ਹਾਂ ਨੂੰ ਆਖ, 'ਇਹੀ ਹੈ ਜਿਸਦਾ ਯਹੋਵਾਹ ਨੇ ਹੁਕਮ ਦਿੱਤਾ ਹੈ: ਇਸਰਾਈਲ ਦਾ ਕੋਈ ਬੰਦਾ ਜੋ ਬਲਦ ਜਾਂ ਲੇਲੇ ਜਾਂ ਬੱਕਰੇ ਨੂੰ ਡੇਰੇ ਦੇ ਅੰਦਰ ਜਾਂ ਬਾਹਰ ਮਾਰਦਾ ਹੈ। ਉਸਨੂੰ ਉਹ ਜਾਨਵਰ ਮੰਡਲੀ ਵਾਲੇ ਤੰਬੂ ਦੇ ਪ੍ਰਵੇਸ਼ ਤੇ ਲਿਆਉਣਾ ਚਾਹੀਦਾ ਹੈ। ਉਸਨੂੰ ਇਹ ਜਾਨਵਰ ਯਹੋਵਾਹ ਨੂੰ ਸੁਗਾਤ ਵਜੋਂ ਯਹੋਵਾਹ ਦੇ ਪਵਿੱਤਰ ਤੰਬੂ ਦੇ ਅੱਗੇ ਭੇਟ ਕਰਨਾ ਚਾਹੀਦਾ ਹੈ। ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ, ਉਹ ਖੂੰਨ ਖਰਾਬੇ ਦਾ ਦੋਸ਼ੀ ਹੋਵੇਗਾ ਅਤੇ ਉਸਨੂੰ ਆਪਣੇ ਲੋਕਾਂ ਤੋਂ ਅਲੱਗ ਕਰ ਦਿੱਤਾ ਜਾਵੇ। ਇਹ ਨੇਮ ਇਸ ਵਾਸਤੇ ਹੈ ਕਿ ਲੋਕ ਜਾਨਵਰਾਂ ਨੂੰ ਖੇਤਾਂ ਵਿੱਚ ਕੁਰਬਾਨ ਕਰਨ ਦੀ ਬਜਾਏ ਆਪਣੀਆਂ ਸੁਖ ਸਾਂਦ ਦੀਆਂ ਭੇਟਾਂ ਯਹੋਵਾਹ ਕੋਲ ਲੈ ਕੇ ਆਉਣ। ਉਹਨਾਂ ਨੂੰ ਉਹ ਜਾਨਵਰ ਯਹੋਵਾਹ ਲਈ ਮੰਡਲੀ ਵਾਲੇ ਤੰਬੂ ਦੇ ਪ੍ਰਵੇਸ਼ ਦੇ ਦੁਆਰ ਦੇ ਨਜ਼ਦੀਕ ਜਾਜਕ ਕੋਲ ਲੈ ਕੇ ਆਉਣੇ ਚਾਹੀਦੇ ਹਨ।ਫੇਰ ਜਾਜਕ ਨੂੰ ਉਹਨਾਂ ਜਾਨਵਰਾਂ ਦਾ ਖੂਨ ਮੰਡਲੀ ਵਾਲੇ ਤੰਬੂ ਦੇ ਪ੍ਰਵੇਸ਼ ਦੁਆਰ ਦੇ ਨਜ਼ਦੀਕ ਜਾਜਕ ਕੋਲ ਲੈ ਕੇ ਆਉਣੇ ਚਾਹੀਦੇ ਹਨ। ਫੇਰ ਜਾਜਕ ਨੂੰ ਉਨ੍ਹਾਂ ਦਾ ਖੂਨ ਮੰਡਲੀ ਵਾਲੇ ਤੰਬੂ ਦੇ ਪ੍ਰਵੇਸ਼ ਦੁਆਰ ਦੇ ਨੇੜੇ ਜਗਵੇਦੀ ਉੱਤੇ ਡੋਲ ਦੇਣਾ ਚਾਹੀਦਾ ਹੈ। ਉਹ ਉਹਨਾਂ ਜਾਨਵਰਾਂ ਦੀ ਚਰਬੀ ਨੂੰ ਜਗਵੇਦੀ ਉੱਤੇ ਸਾੜੇਗਾ ਅਤੇ ਅਤੇ ਇਸਦੀ ਸੁਗੰਧ ਯਹੋਵਾਹ ਨੂੰ ਪ੍ਰਸੰਨ ਕਰੇਗੀ। ਉਨਾਂ ਨੂੰ ਆਪਣੇ ਬੱਕਰਿਆਂ ਦੀਆਂ ਹੋਰ ਦੇਵਤਿਆਂ ਨੂੰ ਹੋਰ ਬਲੀਆਂ ਨਹੀਂ ਚੜ੍ਹਾਉਣੀਆਂ ਚਾਹੀਦੀਆਂ। ਉਨ੍ਹਾਂ ਨੇ ਹੋਰਨਾ ਦੇ ਦੇਵਤਿਆਂ ਦਾ ਅਨੁਰਸਣ ਕੀਤਾ ਹੈ, ਅਤੇ ਇਸ ਤਰ੍ਹਾਂ ਉਹਨਾਂ ਨੇ ਵੇਸਵਾਂਵਾਂ ਵਾਂਗੂ ਵਿਹਾਰ ਕੀਤਾ ਹੈ। ਇਹ ਨੇਮ ਹਮੇਸ਼ਾ ਲਈ ਜਾਰੀ ਰਹਿਣਗੇ। ਲੋਕਾਂ ਨੂੰ ਦੱਸ : ਇਸਰਾਈਲ ਦਾ ਕੋਈ ਨਾਗਰਿਕ ਜਾਂ ਤੁਹਾਡੇ ਦਰਮਿਆਨ ਰਹਿਣ ਵਾਲਾ ਕੋਈ ਮੁਸਾਫਿਰ ਜਾਂ ਪਰਦੇਸੀ ਵੀ ਸ਼ਾਹਿਦ ਹੋਮ ਦੀ ਭੇਟ ਜਾਂ ਬਲੀ ਭੇਟ ਕਰੇ। ਉਸ ਬੰਦੇ ਨੂੰ ਆਪਣੀ ਬਲੀ ਮੰਡਲੀ ਵਾਲੇ ਤੰਬੂ ਦੇ ਪਰਵੇਸ਼ ਦੁਆਰ ਤੇ ਲਿਆਉਣੀ ਚਾਹੀਦੀ ਹੈ ਅਤੇ ਇਸਨੂੰ ਯਹੋਵਾਹ ਨੂੰ ਭੇਟ ਕਰਨਾ ਚਾਹੀਦਾ ਹੈ। ਜੇ ਉਹ ਬੰਦਾ ਅਜਿਹਾ ਨਹੀਂ ਕਰਦਾ, ਉਸਨੂੰ ਆਪਣੇ ਲੋਕਾਂ ਤੋਂ ਵੱਖ ਕਰ ਦਿੱਤਾ ਜਾਣਾ ਚਾਹੀਦਾ ਹੈ।

ਜੇ ਕੋਈ ਬੰਦਾ ਕਿਸੇ ਜੰਗਲੀ ਜਾਨਵਰ ਨੂੰ ਜਾਂ ਪੰਛੀ ਨੂੰ ਫੜ ਲੈਂਦਾ ਹੈ, ਜਿਸਨੂੰ ਖਾਧਾ ਜਾ ਸਕਦਾ ਹੈ ਤਾਂ ਉਸਨੂੰ ਉਸ ਦਾ ਖੂੰਨ ਧਰਤੀ ਤੇ ਡੋਲਕੇ ਗੰਦਗੀ ਨਾਲ ਢਕ ਦੇਣਾ ਚਾਹੀਦਾ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਇਸਰਾਈਲ ਦਾ ਕੋਈ ਨਾਗਰਿਕ ਹੈ ਜਾਂ ਤੁਹਾਡੇ ਦਰਮਿਆਨ ਰਹਿਣ ਵਾਲਾ ਕੋਈ ਵਿਦੇਸ਼ੀ ਹੈ। ਤੁਹਾਨੂੰ ਅਜਿਹਾ ਕਿਉਂ ਕਰਨਾ ਚਾਹੀਦਾ ਹੈ? ਕਿਉਂਕਿ ਜੇ ਹਾਲੇ ਵੀ ਖੂਨ ਮਾਸ ਵਿੱਚ ਹੈ ਤਾਂ ਉਸ ਜਾਨਵਰ ਦੀ ਜਾਨ ਮਾਸ ਵਿੱਚ ਹੈ। ਇਸ ਲਈ ਮੈਂ ਇਸਰਾਈਲ ਦੇ ਲੋਕਾਂ ਨੂੰ ਇਹ ਹੁਕਮ ਦਿੰਦਾ ਹਾਂ: ਅਜਿਹਾ ਮਾਸ

Scanned with OKEN Scanner

ਨਾ ਖਾਓ ਜਿਸ ਵਿੱਚ ਹਾਲੇ ਖੂੰਨ ਹੈ। ਕੋਈ ਬੰਦਾ ਜਿਹੜਾ ਖੂੰਨ ਨੂੰ ਖਾਂਦਾ ਹੈ, ਉਸਨੂੰ ਉਸਦੇ ਲੋਕਾਂ ਤੋਂ ਛੇਕ ਦੇਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਜੇ ਕੋਈ ਬੰਦਾ ਕਿਸੇ ਆਪਣੇ ਆਪ ਮਰੇ ਹੋਏ ਜਾਨਵਰ ਨੂੰ ਖਾਂਦਾ ਹੈ, ਜਾਂ ਕੋਈ ਬੰਦਾ ਕਿਸੇ ਦੂਸਰੇ ਜਾਨਵਰ ਦੁਆਰਾ ਮਰੇ ਹੋਏ ਜਾਨਵਰ ਨੂੰ ਖਾਂਦਾ ਹੈ, ਉਸ ਨੂੰ ਆਪਣੇ ਕੱਪੜੇ ਧੋਣੇ ਚਾਹੀਦੇ ਹਨ। ਉਹ ਸ਼ਾਮ ਤੱਕ ਪਲੀਤ ਰਹੇਗਾ। ਫੇਰ ਉਹ ਬੰਦਾ ਇਸਰਾਈਲ ਦਾ ਨਾਗਰਿਕ ਹੈ ਜਾਂ ਤੁਹਾਡੇ ਦਰਮਿਆਨ ਰਹਿਣ ਵਾਲਾ ਕੋਈ ਵਿਦੇਸ਼ੀ ਹੈ। ਜੇ ਉਹ ਬੰਦਾ ਆਪਣੇ ਕੱਪੜੇ ਨਹੀਂ ਧੋਂਦਾ ਜਾਂ ਆਪਣੇ ਆਪ ਨਹੀਂ ਧੋਂਦਾ ਤਾਂ ਉਹ ਆਪਣੇ ਪਾਪ ਦੀ ਸਜ਼ਾ ਭੁਗਤੇਗਾ।

ਜਿਨਸੀ ਸੰਬੰਧਾਂ ਬਾਰੇ ਬਿਧੀਆਂ :

ਯਹੋਵਾਹ ਨੇ ਮੂਸਾ ਨੂੰ ਆਖਿਆ, ਇਸਰਾਈਲ ਦੇ ਲੋਕਾਂ ਨੂੰ ਆਖ: ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ। ਅਤੀਤ ਵਿੱਚ, ਤੁਸੀਂ ਮਿਸਰ ਵਿੱਚ ਰਹਿੰਦੇ ਸੀ। ਤੁਹਾਨੂੰ ਉਹ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਜਿਹੜੀਆਂ ਉੱਥੇ ਹੁੰਦੀਆਂ ਸਨ। ਮੈਂ ਤੁਹਾਨੂੰ ਕਨਾਨ ਲੈ ਕੇ ਜਾ ਰਿਹਾ ਹਾਂ। ਇੱਥੇ ਤੁਹਾਨੂੰ ਉਹ ਗੱਲਾਂ ਨਹੀਂ ਕਰਨੀਆਂ ਜਿਹੜੀਆਂ ਉਸ ਦੇਸ਼ ਵਿੱਚ ਹੁੰਦੀਆਂ ਹਨ। ਉਨ੍ਹਾਂ ਦੇ ਕਾਨੂੰਨਾਂ ਮੁਤਾਬਕ ਨਾ ਰਹੋ। ਤੁਹਾਨੂੰ ਮੇਰੀਆਂ ਬਿਧੀਆਂ ਅਤੇ ਕਾਨੂੰਨਾਂ ਨੂੰ ਮੰਨਣਾ ਚਾਹੀਦਾ ਹੈ। ਕਿਉਂਕਿ ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ। ਇਸ ਲਈ ਤੁਹਾਨੂੰ ਮੇਰੀਆਂ ਬਿਧੀਆਂ ਅਤੇ ਕਾਨੂੰਨਾਂ ਨੂੰ ਮੰਨਣਾ ਚਾਹੀਦਾ ਹੈ। ਜੇ ਕੋਈ ਬੰਦਾ ਮੇਰੀਆਂ ਬਿਧੀਆਂ ਅਤੇ ਕਾਨੂੰਨਾਂ ਨੂੰ ਮੰਨਦਾ ਹੈ, ਤਾਂ ਉਹ ਜਿਊਵੇਗਾ। ਮੈਂ ਯਹੋਵਾਹ ਹਾਂ।

ਤੁਹਾਨੂੰ ਕਦੇ ਵੀ ਆਪਣੇ ਨਜਦੀਕੀ ਰਿਸ਼ਤੇਦਾਰਾਂ ਨਾਲ ਜਿਨਸੀ ਸਬੰਧੰ ਨਹੀਂ ਬਨਾਉਣਾ ਚਾਹੀਦਾ। ਇਹ ਔਰਤ ਤੁਹਾਡੀ ਮਾਂ ਹੈ। ਤੁਹਾਨੂੰ ਉਸ ਨਾਲ ਜਿਨਸੀ ਸਬੰਧੰ ਨਹੀਂ ਬਣਾਉਣੇ ਚਾਹੀਦੇ। ਤੁਹਾਨੂੰ ਆਪਣੇ ਪਿਤਾ ਦੀ ਪਤਨੀ ਨਾਲ ਜਿਨਸੀ ਸਬੰਧੰ ਨਹੀਂ ਬਣਾਉਣੇ ਚਾਹੀਦੇ, ਭਾਵੇਂ ਉਹ ਤੁਹਾਡੀ ਮਾਂ ਨਾ ਹੋਵੇ ਕਿਉਂਕਿ ਉਹ ਤੁਹਾਡੇ ਪਿਤਾ ਨਾਲ ਸਬੰਧਿਤ ਹੈ।

ਤੁਹਾਨੂੰ ਆਪਣੀ ਭੈਣ ਨਾਲ ਜਿਨਸੀ ਸੰਬੰਧ ਨਹੀਂ ਬਣਾਉਣੇ ਚਾਹੀਦੇ। ਇਸ ਨਾਲ ਕੋਈ ਫਰਕ ਨਹੀਂ ਪੈਦਾ ਕਿ ਉਹ ਤੁਹਾਡੇ ਪਿਤਾ ਦੀ ਧੀ ਜਾਂ ਤੁਹਾਡੀ ਮਾਂ ਦੀ ਧੀ ਹੈ ਅਤੇ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਹਾਡੀ ਭੈਣ ਤੁਹਾਡੇ ਘਰ ਵਿੱਚ ਜੰਮੀ ਸੀ ਜਾਂ ਕਿਸੇ ਹੋਰ ਥਾਂ ਉਤੇ।

ਤੁਹਾਨੂੰ ਆਪਣੀ ਪੋਤੀ ਜਾਂ ਆਪਣੇ ਪੁੱਤਰ ਦੀ ਧੀ ਜਾਂ ਤੁਹਾਡੀ ਧੀ ਦੀ ਧੀ ਨਾਲ ਜਿਨਸੀ ਸੰਬੰਧ ਨਹੀਂ ਬਣਾਉਣੇ ਚਾਹੀਦੇ। ਉਹ ਤੁਹਾਡਾ ਹੀ ਇੱਕ ਹਿੱਸਾ ਹਨ। ਜੇ ਤੁਹਾਡੇ ਪਿਤਾ ਅਤੇ ਉਸਦੀ ਪਤਨੀ ਦੀ ਕੋਈ ਧੀ ਹੈ, ਤਾਂ ਉਹ ਤੁਹਾਡੀ ਭੈਣ ਹੈ। ਤੁਹਾਨੂੰ ਉਸ ਨਾਲ ਜਿਨਸੀ ਸੰਬੰਧ ਨਹੀਂ ਬਨਾਉਣੇ ਚਾਹੀਦੇ।

ਤੁਹਾਨੂੰ ਆਪਣੇ ਪਿਤਾ ਦੀ ਭੈਣ ਨਾਲ ਜਿਨਸੀ ਸੰਬੰਧ ਨਹੀਂ ਬਨਾਉਣੇ ਚਾਹੀਦੇ।

Scanned with OKEN Scanner

ਉਹ ਤੁਹਾਡੇ ਪਿਤਾ ਦੀ ਨਜ਼ਦੀਕੀ ਰਿਸ਼ਤੇਦਾਰ ਹੈ। ਤੁਹਾਨੂੰ ਆਪਣੇ ਚਾਚੇ ਦੀ ਵਹੁਟੀ ਨਾਲ ਜਿਨਸੀ ਸੰਬੰਧ ਨਹੀਂ ਬਨਾਉਣੇ ਚਾਹੀਦੇ। ਉਹ ਤੁਹਾਡੀ ਚਾਚੀ ਹੈ। ਤੁਹਾਨੂੰ ਆਪਣੀ ਨੂੰਹ ਨਾਲ ਜਿਨਸੀ ਸੰਬੰਧ ਨਹੀਂ ਬਣਾਉਣੇ ਚਾਹੀਦੇ। ਉਹ ਤੁਹਾਡੇ ਪੁੱਤਰ ਦੀ ਪਤਨੀ ਹੈ। ਤੁਹਾਨੂੰ ਉਸ ਨਾਲ ਜਿਨਸੀ ਸੰਬੰਧ ਨਹੀਂ ਬਨਾਉਣੇ ਚਾਹੀਦੇ।

ਤੁਹਾਨੂੰ ਕਿਸੇ ਮਾਂ ਤੇ ਉਸਦੀ ਧੀ ਨਾਲ ਜਿਨਸੀ ਸੰਬੰਧ ਨਹੀਂ ਬਨਾਉਣੇ ਚਾਹੀਦੇ। ਤੁਹਾਨੂੰ ਇਸ ਔਰਤ ਦੀ ਪੋਤੀ ਨਾਲ ਜਿਨਸੀ ਸੰਬੰਧ ਨਹੀਂ ਬਨਾਉਣੇ ਚਾਹੀਦੇ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਇਸ ਔਰਤ ਦੇ ਪੁੱਤਰ ਦੀ ਧੀ ਹੈ। ਉਸ ਦੀਆਂ ਪੋਤੀਆਂ ਉਸ ਦੀਆਂ ਨਜ਼ਦੀਕੀ ਰਿਸ਼ਤੇਦਾਰ ਹਨ। ਉਨ੍ਹਾਂ ਨਾਲ ਜਿਨਸੀ ਸਬੰਧ ਬਨਾਉਣੇ ਗਲਤ ਗੱਲ ਹੈ।

ਜਦੋਂ ਤੁਹਾਡੀ ਪਤਨੀ ਹਾਲੇ ਜਿਊਂਦੀ ਹੋਵੇ, ਤੁਹਾਨੂੰ ਉਸ ਦੀ ਭੈਣ ਨੂੰ ਦੂਸਰੀ ਬਰਾਬਰ ਪਤਨੀ ਵਾਂਗ ਨਹੀਂ ਲੈਣਾ ਚਾਹੀਦਾ ਅਤੇ ਉਸ ਨਾਲ ਜਿਨਸੀ ਸੰਬੰਧ ਨਹੀਂ ਬਨਾਉਣੇ ਚਾਹੀਦੇ।

ਇਸ ਤੋਂ ਇਲਾਵਾ ਤੁਹਾਨੂੰ ਕਿਸੇ ਔਰਤ ਦੇ ਮਾਹਵਾਰੀ ਦੇ ਦਿਨਾਂ ਵਿੱਚ ਉਸਦੇ ਨੇੜੇ ਜਿਨਸੀ ਸੰਬੰਧ ਬਨਾਉਣ ਲਈ ਨਹੀਂ ਜਾਣਾ ਚਾਹੀਦਾ। ਉਹ ਇਸ ਸਮੇਂ ਦੌਰਾਨ ਪਲੀਤ ਹੁੰਦੀ ਹੈ।

ਤੁਹਾਨੂੰ ਆਪਣੇ ਗੁਆਂਢੀ ਦੀ ਪਤਨੀ ਨਾਲ ਜਿਨਸੀ ਸੰਬੰਧ ਨਹੀਂ ਬਨਾਉਣੇ ਚਾਹੀਦੇ। ਇਹ ਤੁਹਾਨੂੰ ਨਾਪਾਕ ਬਣਾ ਦੇਵੇਗਾ।

ਤੁਹਾਨੂੰ ਆਪਣੇ ਕਿਸੇ ਵੀ ਬੱਚੇ ਦੀ ਮੋਲਕ ਨੂੰ ਬਲੀ ਵਜੋਂ ਨਹੀਂ ਚੜ੍ਹਾਉਣਾ ਚਾਹੀਦਾ। ਜੇ ਤੁਸੀਂ ਅਜਿਹਾ ਕਰੋਗੇ ਤੁਸੀਂ ਆਪਣੇ ਪਰਮੇਸ਼ਰ ਦੇ ਨਾਂ ਦਾ ਨਿਰਾਦਰ ਕਰੋਗੇ। ਮੈਂ ਯਹੋਵਾਹ ਹਾਂ।

ਇਸਰਾਈਲ ਪਰਮੇਸ਼ਰ ਦਾ ਹੈ :

ਯਹੋਵਾਹ ਨੇ ਮੂਸਾ ਨੂੰ ਆਖਿਆ, ਇਸਰਾਈਲ ਦੇ ਲੋਕਾਂ ਨੂੰ ਆਖ ਮੈਂ ਯੁਹੋਵਾਹ ਤੁਹਾਡਾ ਪਰਮੇਸ਼ਰ ਹਾਂ। ਮੈਂ ਪਵਿੱਤਰ ਹਾਂ, ਇਸ ਲਈ ਤੁਹਾਨੂੰ ਵੀ ਪਵਿੱਤਰ ਹੋਣਾ ਚਾਹੀਦਾ ਹੈ।

ਤੁਹਾਡੇ ਵਿੱਚੋਂ ਹਰ ਬੰਦੇ ਨੂੰ ਆਪਣੇ ਮਾਤਾ ਪਿਤਾ ਦਾ ਆਦਰ ਕਰਨਾ ਚਾਹੀਦਾ ਹੈ। ਅਤੇ ਮੇਰੇ ਆਰਾਮ ਦੇ ਸਾਰੇ ਖਾਸ ਦਿਨਾਂ ਨੂੰ ਰੱਖਣਾ ਚਾਹੀਦਾ ਹੈ। ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ।

ਮੇਰੇ ਵਲੋਂ ਨਿਕੰਮੇ ਬੁੱਤਾਂ ਵਲ ਨੂੰ ਨਾ ਪਰਤੋ। ਆਪਣੇ ਲਈ ਢਾਲੀਆਂ ਹੋਈਆਂ ਮੂਰਤੀਆਂ ਨਾ ਬਣਾਉ। ਮੈਂ ਯਹੋਵਾਹ, ਤੁਹਾਡਾ ਪਰਮੇਸ਼ਰ ਹਾਂ।

Scanned with OKEN Scanner

ਜਦੋਂ ਤੁਸੀਂ ਯਹੋਵਾਹ ਨੂੰ ਕੋਈ ਸੁਖ ਸਾਂਦ ਦੀ ਬਲੀ ਚੜ੍ਹਾਓ ਤਾਂ ਤੁਹਾਨੂੰ ਇਹ ਸਹੀ ਢੰਗ ਨਾਲ ਚੜ੍ਹਾਉਣੀ ਚਾਹੀਦੀ ਹੈ ਤਾਂ ਜੋ ਤੁਸੀਂ ਪ੍ਰਵਾਨ ਹੋ ਸਕੋ। ਤੁਸੀਂ ਇਸਨੂੰ ਉਸੇ ਦਿਨ ਵੀ ਖਾ ਸਕਦੇ ਹੋ ਜਿਸ ਦਿਨ ਤੁਸੀਂ ਇਸਨੂੰ ਭੇਟ ਕਰਦੇ ਹੋ ਅਤੇ ਅਗਲੇ ਦਿਨ ਵੀ। ਪਰ ਜੇ ਉਸ ਬਲੀ ਵਿੱਚੋਂ ਤੀਸਰੇ ਦਿਨ ਲਈ ਕੁਝ ਬਚ ਜਾਵੇ ਤਾਂ ਤੁਹਾਨੂੰ ਇਸਨੂੰ ਅੱਗ ਵਿਚ ਸਾੜ ਦੇਣਾ ਚਾਹੀਦਾ ਹੈ। ਤੁਹਾਨੂੰ ਉਸ ਬਲੀ ਵਿੱਚੋਂ ਕੁਝ ਵੀ ਤੀਸਰੇ ਦਿਨ ਨਹੀਂ ਖਾਣਾ ਚਾਹੀਦਾ। ਇਹ ਨਿਰਾਦਰ ਹੋਵੇਗਾ ਅਤੇ ਪ੍ਰਵਾਨ ਨਹੀ ਹੋਵੇਗਾ। ਜਿਹੜਾ ਵੀ ਬੰਦਾ ਅਜਿਹਾ ਕਰੇਗਾ ,ਪਾਪ ਦਾ ਦੋਸ਼ੀ ਹੋਵੇਗਾ ਕਿਉਂਕਿ ਉਸ ਨੇ ਇੱਕ ਪਵਿੱਤਰ ਚੀਜ਼ ਨੂੰ ਕਲੰਕਤ ਕਰ ਦਿੱਤਾ ਜੋ ਯਹੋਵਾਹ ਦੀ ਹੈ।ਉਸ ਨੂੰ ਆਪਣੇ ਲੋਕਾਂ ਵਿੱਚੋਂ ਵੱਖ ਕਰ ਦੇਣਾ ਚਾਹੀਦਾ ਹੈ।

ਜਦੋਂ ਤੁਸੀਂ ਵਾਢੀਆਂ ਸਮੇਂ ਆਪਣੀਆਂ ਫਸਲਾਂ ਕੱਟੋ ਤਾਂ ਆਪਣੇ ਖੇਤਾਂ ਦੇ ਕਿਨਾਰਿਆਂ ਤੱਕ ਪੂਰੀ ਕਟਾਈ ਨਾ ਕਰੋ। ਅਤੇ ਜੇ ਅਨਾਜ ਧਰਤੀ ਉਤੇ ਡਿਗ ਪੈਂਦਾ ਹੈ ਤਾਂ ਤੁਹਾਨੂੰ ਉਹ ਅਨਾਜ ਇਕੱਠਾ ਨਹੀਂ ਕਰਨਾ ਚਾਹੀਦਾ। ਆਪਣੇ ਅੰਗੂਰਾਂ ਦੇ ਬਾਗ ਦੇ ਸਾਰੇ ਅੰਗੂਰ ਨਾ ਤੋੜੋ। ਅਤੇ ਧਰਤੀ ਤੇ ਡਿੱਗੇ ਹੋਏ ਅੰਗੂਰ ਨਾ ਚੁੱਕੋ। ਕਿਉਂਕਿ ਇਹ ਚੀਜ਼ਾਂ ਤੁਹਾਨੂੰ ਗਰੀਬ ਲੋਕਾਂ ਅਤੇ ਤੁਹਾਡੇ ਦੇਸ਼ ਵਿੱਚ ਸਫਰ ਕਰਨ ਵਾਲੇ ਲੋਕਾਂ ਲਈ ਛੱਡ ਦੇਣੀਆਂ ਚਾਹੀਦੀਆਂ ਹਨ। ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ।

ਤੁਹਾਨੂੰ ਚੋਰੀ ਕਰਨਾ ਨਹੀਂ ਕਰਨੀ ਚਾਹੀਦੀ। ਤੁਹਾਨੂੰ ਲੋਕਾਂ ਨੂੰ ਧੋਖਾ ਨਹੀਂ ਦੇਣਾ ਚਾਹੀਦਾ। ਤੁਾਹਨੂੰ ਇੱਕ ਦੂਸਰੇ ਨਾਲ ਝੂਠ ਨਹੀਂ ਬੋਲਣਾ ਚਾਹੀਦਾ। ਤੁਹਾਨੂੰ ਮੇਰੇ ਨਾਂ ਤੇ ਝੂਠੀ ਕਸਮ ਨਹੀਂ ਖਾਣੀ ਚਾਹੀਦੀ। ਜੇ ਤੁਸੀਂ ਅਜਿਹਾ ਕਰੋਗੇ ਤਾਂ ਤੁਸੀਂ ਪਰਮੇਸ਼ਰ ਦੇ ਨਾਮ ਦਾ ਨਿਰਾਦਰ ਕਰੋਗੇ। ਮੈਂ ਯਹੋਵਾਹ ਹਾਂ।

ਤੁਹਾਨੂੰ ਆਪਣੇ ਗੁਆਂਢੀ ਦਾ ਬੁਰਾ ਨਹੀਂ ਮੰਨਣਾ ਚਾਹੀਦਾ। ਤੁਹਾਨੂੰ ਉਸਨੂੰ ਲੁੱਟਣਾ ਨਹੀ਼ ਚਾਹੀਦਾ। ਤੁਹਾਨੂੰ ਕਿਸੇ ਭਾੜੇ ਦੇ ਕਾਮੇ ਦੀ ਤਨਖਾਹ ਸਾਰੀ ਰਾਤ ਸਵੇਰ ਤੱਕ ਨਹੀਂ ਰੋਕਣੀ ਚਾਹੀਦੀ। ਜੇ ਤੁਸੀਂ ਅਜਿਹਾ ਕਰੋਗੇ ਤਾਂ, ਤੁਸੀਂ ਆਪਣੇ ਪਰਮੇਸ਼ਰ ਦਾ ਨਿਰਾਦਰ ਕਰੋਗੇ। ਮੈਂ ਯਹੋਵਾਹ ਹਾਂ।

ਤੁਹਾਨੂੰ ਨਿਰਣਾ ਕਰਨ ਵਿੱਚ ਬੇਲਾਗ ਹੋਣਾ ਚਾਹੀਦਾ ਹੈ। ਤੁਹਾਨੂੰ ਗਰੀਬ ਲੋਕਾਂ ਲਈ ਜਾਂ ਧਨਵਾਨ ਲੋਕਾਂ ਲਈ ਖਾਸ ਰਿਆਇਤ ਨਹੀਂ ਦਰਸਾਉਣੀ ਚਾਹੀਦੀ। ਜਦੋਂ ਤੁਸੀਂ ਆਪਣੇ ਗੁਆਂਢੀ ਦਾ ਨਿਰਣਾ ਕਰੋ, ਤੁਹਾਨੂੰ ਬੇਲਾਗ ਕਰਨਾ ਚਾਹੀਦਾ ਹੈ। ਤੁਹਾਨੂੰ ਹੋਰਨਾਂ ਲੋਕਾਂ ਬਾਰੇ ਝੂਠੀਆਂ ਅਫਵਾਹਾਂ ਨਹੀਂ ਫੈਲਾਉਣੀਆਂ ਚਾਹੀਦੀਆਂ। ਤੁਹਾਨੂੰ ਕਿਸੇ ਬੋਲੇ ਬੰਦੇ ਨੂੰ ਬੇਇਜ਼ਤ ਨਹੀਂ ਕਰਨਾ ਚਾਹੀਦਾ। ਤੁਹਾਨੂੰ ਕਿਸੇ ਅੰਨ੍ਹੇ ਬੰਦੇ ਨੂੰ ਡੇਗਣ ਲਈ ਉਸਦੇ ਸਾਹਮਣੇ ਕੋਈ ਰੁਕਾਵਟ ਨਹੀਂ ਪਾਉਣੀ ਚਾਹੀਦੀ। ਪਰ ਤੁਹਾਨੂੰ ਆਪਣੇ ਪਰਮੇਸ਼ਰ ਦਾ ਆਦਰ ਕਰਨਾ ਚਾਹੀਦਾ ਹੈ। ਮੈਂ ਯਹੋਵਾਹ ਹਾਂ।

ਤੁਹਾਨੂੰ ਨਿਰਣਾ ਕਰਨ ਵਿੱਚ ਬੇਲਾਗ ਹੋਣਾ ਚਾਹੀਦਾ ਹੈ। ਜਦੋਂ ਤੁਸੀਂ ਆਪਣੇ

Scanned with OKEN Scanner

ਗੁਆਂਢੀ ਦਾ ਨਿਰਣਾ ਕਰੋ ਤਾਂ ਤੁਹਾਨੂੰ ਬੇਲਾਗ ਕਰਨਾ ਚਾਹੀਦਾ ਹੈ, ਤੁਹਾਨੂੰ ਆਪਣੇ ਗੁਆਂਢੀ ਦੀ ਜਾਨ ਖਤਰੇ ਵਿੱਚ ਹੋਵੇ ਬਿਨਾਂ ਸਹਾਇਤਾ ਕਰਨ ਦੇ ਐਵੇਂ ਉਥੇ ਨਾ ਖਲੋਵੋ। ਮੈਂ ਯਹੋਵਾਹ ਹਾਂ।

ਤੁਹਾਨੂੰ ਆਪਣੇ ਦਿਲ ਵਿੱਚ ਆਪਣੇ ਭਰਾ ਲਈ ਨਫਰਤ ਨਹੀਂ ਹੋਣੀ ਚਾਹੀਦੀ। ਜੇ ਤੁਹਾਡਾ ਗੁਆਂਢੀ ਕੋਈ ਗਲਤ ਗੱਲ ਕਰਦਾ, ਇਸ ਬਾਰੇ ਉਸ ਨਾਲ ਗੱਲ ਕਰੋ ਤਾਂ ਜੋ ਉਸ ਕਾਰਣ ਪਾਪ ਨਾ ਕਰੋ। ਉਹਨਾਂ ਮੰਦੀਆਂ ਗੱਲਾਂ ਬਾਰੇ ਖਾਰ ਨਾ ਖਾਵੋ ਜੋ ਲੋਕ ਤੁਹਾਡੇ ਨਾਲ ਕਰਦੇ ਹਨ। ਬਦਲਾ ਲੈਣ ਦੀ ਕੋਸ਼ਿਸ਼ ਨਾ ਕਰੋ। ਆਪਣੇ ਗੁਆਂਢੀ ਨੂੰ ਆਪਣੇ ਆਪ ਵਾਂਗ ਪਿਆਰ ਕਰੋ। ਮੈਂ ਯਹੋਵਾਹ ਹਾਂ। ਤੁਹਾਨੂੰ ਮੇਰੇ ਨੇਮ ਮੰਨਣੇ ਚਾਹੀਦੇ ਹਨ। ਤੁਹਾਨੂੰ ਦੋ ਵੱਖ ਕਿਸਮ ਦੇ ਜਾਨਵਰਾਂ ਦਾ ਸੰਜੋਗ ਨਹੀਂ ਨਹੀਂ ਕਰਾਉਣਾ ਚਾਹੀਦਾ। ਤੁਹਾਨੂੰ ਆਪਣੇ ਖੇਤ ਵਿਚ ਦੋ ਤਰ੍ਹਾਂ ਦਾ ਬੀਜ ਨਹੀਂ ਬੀਜਣਾ ਚਾਹੀਦਾ। ਤੁਹਾਨੂੰ ਦੋ ਤਰ੍ਹਾਂ ਦੇ ਕੱਪੜਿਆਂ ਤੋਂ ਬਣੇ ਕੱਪੜੇ ਨਹੀਂ ਪਾਉਣੇ ਚਾਹੀਦੇ।

ਕਿਸੇ ਵੇਲੇ ਅਜਿਹਾ ਵਾਪਰ ਸਕਦਾ ਹੈ ਕਿ ਕਿਸੇ ਆਦਮੀ ਦੇ ਜਿਨਸੀ ਸੰਬੰਧ ਕਿਸੇ ਅਜਿਹੀ ਔਰਤ ਨਾਲ ਹੋ ਜਾਣ ਜੋ ਕਿਸੇ ਹੋਰ ਦੀ ਗੁਲਾਮ ਹੋਵੇ। ਪਰ ਇਸ ਗੁਲਾਮ ਔਰਤ ਨੂੰ ਨਾਂ ਤਾਂ ਖਰੀਦਆ ਗਿਆ ਅਤੇ ਨਾ ਅਜ਼ਾਦੀ ਦਿੱਤੀ ਗਈ। ਜੇ ਅਜਿਹਾ ਹੋਵੇ ਤਾਂ ਸਜ਼ਾ ਮਿਲਣੀ ਚਾਹੀਦੀ ਹੈ, ਪਰ ਉਹਨਾਂ ਨੂੰ ਮੌਤ ਦੇ ਘਾਟ ਨਹੀਂ ਉਤਾਰਿਆ ਜਾਵੇਗਾ ਕਿਉਂਕਿ ਔਰਤ ਅਜ਼ਾਦ ਨਹੀਂ ਸੀ। ਉਸ ਆਦਮੀ ਨੂੰ ਆਪਣੇ ਦੋਸ਼ ਦੀ ਭੇਟ ਨੂੰ ਯਹੋਵਾਹ ਲਈ ਮੰਡਲੀ ਦੇ ਤੰਬੂ ਦੇ ਪ੍ਰਵੇਸ਼ ਦੁਆਰਾ ਤੇ ਲਿਆਉਣੀ ਚਾਹੀਦੀ ਹੈ। ਆਦਮੀ ਨੂੰ ਦੋਸ਼ ਦੀ ਭੇਟ ਲਈ ਇੱਕ ਭੇਡੂ ਲਿਆਉਣਾ ਚਾਹੀਦਾ ਹੈ। ਜਾਜਕ ਅਜਿਹੀ ਰੀਤ ਕਰੇਗਾ ਜਿਹੜੀ ਉਸ ਆਦਮੀ ਲਈ ਪਰਾਸਚਿਤ ਹੋਵੇਗੀ। ਉਹ ਉਸ ਭੇਡੂ ਨੂੰ ਯਹੋਵਾਹ ਅੱਗੇ ਦੋਸ਼ ਦੀ ਭੇਟ ਵਜੋਂ ਚੜ੍ਹਾਵੇਗਾ। ਇਹ ਉਸ ਆਦਮੀ ਦੇ ਕੀਤੇ ਹੋਏ ਪਾਪ ਲਈ ਹੋਵੇਗਾ। ਫੇਰ ਉਸ ਆਦਮੀ ਦੇ ਕੀਤੇ ਹੋਏ ਪਾਪਾਂ ਦੀ ਮਾਫੀ ਮਿਲ ਜਾਵੇਗੀ। (ਗੁਨਾਹ ਆਦਮੀ ਕਰੇਗਾ, ਕਤਲ ਭੇਡੂ ਦਾ ਹੋਵੇਗਾ।)

ਭਵਿੱਖ ਵਿੱਚ ਤੁਸੀਂ ਆਪਣੇ ਦੇਸ਼ ਵਿੱਚ ਦਾਖਲ ਹੋਵੋਗੇ। ਉਸ ਸਮੇਂ ਤੁਸੀਂ ਭੋਜਨ ਲਈ ਬਹੁਤ ਕਿਸਮਾਂ ਦੇ ਰੁੱਖ ਲਾਵੋਗੇ। ਕੋਈ ਵੀ ਰੁਖ ਲਾਉਣ ਤੋਂ ਬਾਅਦ ਤੁਹਾਨੂੰ ਇਸ ਰੁੱਖ ਦਾ ਫਲ ਖਾਣ ਲਈ ਤਿੰਨ ਸਾਲ ਇੰਤਜ਼ਾਰ ਕਰਨਾ ਚਾਹੀਦਾ ਹੈ। ਤੁਹਾਨੂੰ ਇਹਨਾਂ ਵਰ੍ਹਿਆਂ ਦੌਰਾਨ ਇਸਦੇ ਫਲ ਨੂੰ ਵਰਜਿਤ ਘੋਸ਼ਿਤ ਕਰਨਾ ਚਾਹੀਦਾ ਹੈ। ਚੌਥੇ ਸਾਲ ਉਸ ਰੁੱਖ ਦਾ ਫ਼ਲ ਯਹੋਵਾਹ ਦਾ ਹੋਵੇਗਾ। ਇਹ ਯਹੋਵਾਹ ਨੂੰ ਉਸਤਤ ਦੀ ਪਵਿੱਤਰ ਭੇਟ ਹੋਵੇਗੀ। ਫੇਰ ਪੰਜਵੇਂ ਸਾਲ ਅੰਦਰ, ਤੁਸੀਂ ਉਸ ਰੁੱਖ ਦੇ ਫਲ ਖਾ ਸਕਦੇ ਹੋਂ। ਰੁੱਖ ਤੁਹਾਡੇ ਲਈ ਹੋਰ ਫਲ ਪੈਦਾ ਕਰੇਗਾ। ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ।

ਤੁਹਾਨੂੰ ਕੋਈ ਵੀ ਅਜਿਹਾ ਮਾਸ ਨਹੀਂ ਖਾਣਾ ਚਾਹੀਦਾ ਜਿਸ ਵਿੱਚ ਹਾਲੇ ਖ਼ੂਨ ਹੋਵੇ

Scanned with OKEN Scanner
Scanned with OKEN Scanner

ਤੁਹਾਨੂੰ ਭਵਿੱਖ ਦਾ ਹਾਲ ਦੱਸਣ ਲਈ ਕੋਈ ਜਾਦੂ ਜਾਂ ਕਾਲਾ ਇਲਮ ਵਰਤਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

ਤੁਹਾਨੂੰ ਆਪਣੇ ਸਿਰ ਦੇ ਇਕ ਪਾਸੇ ਤੇ ਉਗੇ ਹੋਏ ਵਾਲਾਂ ਨੂੰ ਨਹੀਂ ਮੁੰਨਣਾ ਚਾਹੀਦਾ। ਤੁਹਾਨੂੰ ਆਪਣੇ ਚਿਹਰੇ ਦੇ ਆਸੇ ਪਾਸੇ ਉੱਗੀ ਹੋਈ ਦਾਹੜੀ ਨਹੀਂ ਮੁੰਨਣੀ ਚਾਹੀਦੀ। ਤੁਹਾਨੂੰ ਮੁਰਦਾ ਲੋਕਾਂ ਨੂੰ ਚੇਤੇ ਕਰਨ ਲਈ ਜਿਸਮ ਉਤੇ ਜ਼ਖਮ ਨਹੀਂ ਬਨਾਉਣੇ ਚਾਹੀਦੇ। ਤੁਹਾਨੂੰ ਆਪਣੇ ਜਿਸਮ ਉੱਤੇ ਤੰਦੋਲੇ ਨਹੀਂ ਗੁਦਵਾਉਣੇ ਚਾਹੀਦੇ। ਮੈਂ ਯਹੋਵਾਹ ਹਾਂ।

ਆਪਣੀ ਧੀ ਨੂੰ ਵੇਸਵਾ ਨਾ ਬਣਾਉ ਅਤੇ ਅਜਿਹਾ ਕਰਕੇ ਉਸ ਨੂੰ ਕਲੰਕਤ ਨਾ ਕਰੋ। ਧਰਤੀ ਅੰਦਰ ਅਜਿਹਾ ਨਾ ਕਰੋ ਅਤੇ ਇਸ ਨੂੰ ਦੁਸ਼ਟਤਾ ਨਾਲ ਨਾ ਭਰੋ। ਤੁਹਾਨੂੰ ਮੇਰੇ ਆਰਾਮ ਦੇ ਖਾਸ ਦਿਨਾਂ ਤੇ ਕੰਮ ਨਹੀਂ ਕਰਨਾ ਚਾਹੀਦਾ। ਤੁਹਾਨੂੰ ਮੇਰੇ ਪਵਿੱਤਰ ਸਥਾਨ ਦਾ ਆਦਰ ਕਰਨਾ ਚਾਹੀਦਾ ਹੈ। ਮੈਂ ਯਹੋਵਾਹ ਹਾਂ। ਸਲਾਹ ਮਸ਼ਵਰੇ ਲਈ ਭੂਤ, ਮ੍ਰਿਤਾਂ ਜਾਂ ਸਿਆਣਿਆਂ ਕੋਲ ਨਾ ਜਾਉ। ਉਹਨਾਂ ਕੋਲ ਨਾ ਜਾਓ: ਉਹ ਸਿਰਫ ਤੁਹਾਨੂੰ ਨਾਪਾਕ ਹੀ ਬਣਾਉਣਗੇ। ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ।

"ਬਜ਼ੁਰਗ ਲੋਕਾਂ ਨੂੰ ਆਦਰ ਦਰਸਾਉ। ਜਦੋਂ ਉਹ ਕਮਰੇ ਵਿੱਚ ਆਉਣ ਤਾਂ ਖੜੇ ਹੋ ਜਾਉ। ਆਪਣੇ ਪਰਮੇਸ਼ਰ ਨੂੰ ਆਦਰ ਦਿਉ। ਮੈਂ ਯਹੋਵਾਹ ਹਾਂ।

ਆਪਣੇ ਦੇਸ਼ ਵਿੱਚ ਰਹਿਣ ਵਾਲੇ ਪਰਦੇਸੀਆਂ ਨਾਲ ਬੁਰਾ ਨਾ ਕਰੋ। ਤੁਹਾਨੂੰ ਪਰਦੇਸੀਆਂ ਨਾਲ ਆਪਣੇ ਸ਼ਹਿਰੀਆਂ ਵਰਗਾ ਹੀ ਵਰਤਾਉ ਕਰਨਾ ਚਾਹੀਦਾ ਹੈ। ਪਰਦੇਸੀਆਂ ਨੂੰ ਉਵੇਂ ਪਿਆਰ ਕਰੋ ਜਿਵੇਂ ਤੁਸੀਂ ਆਪਣੇ ਆਪ ਨੂੰ ਕਰਦੇ ਹੋ। ਕਿਉਂ? ਕਿਉਂਕਿ ਇੱਕ ਸਮੇਂ ਤੁਸੀਂ ਵੀ ਮਿਸਰ ਵਿੱਚ ਪਰਦੇਸੀ ਸੀ। ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ।

ਤੁਹਾਨੂੰ ਲੋਕਾਂ ਦਾ ਨਿਰਣਾ ਕਰਨ ਵੇਲੇ ਬੇਲਾਗ ਹੋਣਾ ਚਾਹੀਦਾ ਹੈ ਅਤੇ ਤੁਹਾਨੂੰ ਉਦੋਂ ਵੀ ਨਿਰਪੱਖ ਹੋਣਾ ਚਾਹੀਦਾ ਹੈ ਜਦੋਂ ਤੁਸੀਂ ਚੀਜ਼ਾਂ ਨੂੰ ਨਾਪਦੇ ਹੋ ਜਾਂ ਤੋਲਦੇ ਹੋ। ਤੁਹਾਡੀਆਂ ਟੋਕਰੀਆਂ ਸਹੀ ਅਕਾਰ ਦੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਤੁਹਾਡੇ ਮਰਤਬਾਨਾਂ ਵਿੱਚ ਤਰਲ ਪਦਾਰਥਾਂ ਦੀ ਸਹੀ ਮਾਤਰਾ ਹੋਣੀ ਚਾਹੀਦੀ ਹੈ। ਤੁਹਾਡੇ ਪੈਮਾਨੇ ਅਤੇ ਵੱਟੇ ਸਹੀ ਤੋਲ ਦੇ ਹੋਣੇ ਚਾਹੀਦੇ ਹਨ। ਮੈਂ ਤੁਹਾਡਾ ਪਰਮੇਸ਼ਰ ਹਾਂ। ਮੈਂ ਤੁਹਾਨੂੰ ਮਿਸਰ ਦੀ ਧਰਤੀ ਤੋਂ ਬਾਹਰ ਲਿਆਇਆਂ।

ਤੁਹਾਨੂੰ ਮੇਰੇ ਸਾਰੇ ਨੇਮ ਤੇ ਅਸੂ਼ਲ ਚੇਤੇ ਰੱਖਣੇ ਚਾਹੀਦੇ ਹਨ। ਅਤੇ ਤੁਹਾਨੂੰ ਉਹਨਾਂ ਨੂੰ ਮੰਨਣਾ ਚਾਹੀਦਾ ਹੈ। ਮੈਂ ਯਹੋਵਾਹ ਹਾਂ।

ਬੁੱਤ ਉਪਾਸਨਾ ਦੇ ਖਿਲਾਫ ਚੇਤਾਵਨੀ :

ਯਹੋਵਾਹ ਨੇ ਮੂਸਾ ਨੂੰ ਆਖਿਆ, ਤੈਨੂੰ ਇਸਰਾਈਲ ਦੇ ਲੋਕਾਂ ਨੂੰ ਇਹ ਗੱਲਾਂ ਦੱਸ

Scanned with OKEN Scanner

ਦੇਣੀਆਂ ਚਾਹੀਦੀਆਂ ਹਨ : ਹੋ ਸਕਦਾ ਹੈ ਕਿ ਤੁਹਾਡੇ ਦੇਸ਼ ਦਾ ਕੋਈ ਬੰਦਾ ਆਪਣੇ ਕਿਸੇ ਬੱਚੇ ਨੂੰ ਝੂਠੇ ਦੇਵਤੇ ਮੋਲਕ ਨੂੰ ਦੇ ਦੇਵੇ। ਉਸ ਬੰਦੇ ਨੂੰ ਮਾਰ ਦੇਣਾ ਚਾਹੀਦਾ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਬੰਦਾ ਇਸਰਾਈਲ ਦਾ ਨਾਗਰਿਕ ਹੈ ਜਾਂ ਇਸਰਾਈਲ ਵਿੱਚ ਰਹਿਣ ਵਾਲਾ ਕੋਈ ਪਰਦੇਸੀ ਹੈ। ਤੁਹਾਨੂੰ ਉਸ ਬੰਦੇ ਨੂੰ ਪੱਥਰਾਂ ਨਾਲ ਮਾਰ ਦੇਣਾ ਚਾਹੀਦਾ ਹੈ। ਮੈਂ ਉਸ ਬੰਦੇ ਦੇ ਖਿਲਾਫ ਹੋਵਾਂਗਾ। ਮੈਂ ਉਸਨੂੰ ਉਸਦੇ ਲੋਕਾਂ ਤੋਂ ਵੱਖ ਕਰ ਦੇਵਾਂਗਾਂ ਕਿਉਂਕਿ ਉਸਨੇ ਆਪਣੇ ਬੱਚਿਆਂ ਨੂੰ ਮੋਲਕ ਨੂੰ ਦੇ ਦਿਤਾ। ਉਸਨੇ ਮੇਰੇ ਪਵਿੱਤਰ ਨਾਮ ਦਾ ਨਿਰਾਦਰ ਕੀਤਾ ਅਤੇ ਮੇਰੇ ਪਵਿੱਤਰ ਸਥਾਨ ਨੂੰ ਪਲੀਤ ਕਰ ਦਿੱਤਾ। ਹੋ ਸਕਦਾ ਹੈ ਕਿ ਸਧਾਰਣ ਲੋਕ ਉਸ ਬੰਦੇ ਨੂੰ ਅਣਡਿੱਠ ਕਰ ਦੇਣ। ਹੋ ਸਕਦਾ ਹੈ, ਕਿ ਉਹ ਉਸ ਬੰਦੇ ਨੂੰ ਨਾ ਮਾਰਨ ਜਿਸਨੇ ਆਪਣੇ ਬੱਚੇ ਮੋਲਕ ਨੂੰ ਦਿੱਤੇ। ਮੈਂ ਉਸ ਪਰਿਵਾਰ ਅਤੇ ਉਸ ਆਦਮੀ ਦਾ ਦੁਸ਼ਮਣ ਬਣ ਜਾਵਾਂਗਾ। ਮੈਂ ਉਸਨੂੰ ਅਤੇ ਉਨ੍ਹਾਂ ਸਾਰਿਆਂ ਨੂੰ ਉਸਦੇ ਲੋਕਾਂ ਤੋਂ ਵੱਖ ਕਰ ਦਿਆਂਗਾ ਜੋ ਮੋਲਕ ਦਾ ਅਨੁਸਰਣ ਕਰਨ ਲਈ, ਉਸਦੇ ਪਿੱਛੇ ਲੱਗਦੇ ਹਨ। ਮੈਂ ਹਰ ਉਸ ਬੰਦੇ ਦੇ ਖਿਲਾਫ ਹੋਵਾਂਗਾ ਜੋ ਮਸ਼ਵਰੇ ਲਈ ਭੂਤ ਮ੍ਰਿਤਾਂ ਤੇ ਸਿਆਣਿਆਂ ਕੋਲ ਜਾਂਦਾ ਹੈ। ਉਹ ਮੇਰੇ ਨਾਲ ਵਫਾਦਾਰ ਨਹੀਂ ਹੈ ਇਸ ਲਈ ਮੈਂ ਉਸ ਦੇ ਖ਼ਿਲਾਫ ਹੋਵਾਂਗਾ ਅਤੇ ਉਸਨੂੰ ਉਸ ਦੇ ਲੋਕਾਂ ਤੋਂ ਵੱਖ ਕਰ ਦਿਆਂਗਾ।

ਆਪਣੇ ਆਪ ਨੂੰ ਪਵਿੱਤਰ ਬਣਾਉ ਅਤੇ ਪਿਵੱਤਰ ਹੋਵੋ। ਕਿਉਂਕਿ ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ। ਮੇਰੇ ਕਾਨੂੰਨਾਂ ਨੂੰ ਚੇਤੇ ਰੱਖੋ। ਅਤੇ ਮੰਨੋ। ਮੈਂ ਯਹੋਵਾਹ ਹਾਂ। ਮੈਂ ਤੁਹਾਨੂੰ ਪਵਿੱਤਰ ਬਣਾਉਂਦਾ ਹਾਂ।

ਜੇ ਕੋਈ ਬੰਦਾ ਆਪਣੇ ਮਾਤਾ ਪਿਤਾ ਨੂੰ ਗਾਲ੍ਹਾਂ ਕੱਢਦਾ ਹੈ। ਉਸ ਨੂੰ ਮਾਰ ਦਿੱਤਾ ਜਾਣਾ ਚਾਹੀਦਾ ਹੈ। ਉਸਨੇ ਆਪਣੇ ਪਿਤਾ ਜਾਂ ਮਾਤਾ ਨੂੰ ਗਾਲ੍ਹਾਂ ਕੱਢੀਆਂ ਹਨ, ਇਸ ਲਈ ਉਹ ਆਪਣੀ ਮੌਤ ਦਾ ਖੁਦ ਜ਼ਿੰਮੇਵਾਰ ਹੈ।

ਜਿਨਸੀ ਪਾਪਾਂ ਲਈ ਸਜਾਵਾਂ :

ਜੇ ਕਿਸੇ ਆਦਮੀ ਦੇ ਆਪਣੇ ਗੁਆਂਢੀ ਦੀ ਪਤਨੀ ਨਾਲ ਜਿਨਸੀ ਸੰਬੰਧ ਹਨ, ਤਾਂ ਆਦਮੀ ਤੇ ਔਰਤ ਦੋਵੇਂ ਹੀ ਦੁਰਾਚਾਰ ਦੇ ਦੋਸ਼ੀ ਹਨ। ਇਸ ਲਈ ਆਦਮੀ ਤੇ ਔਰਤ ਦੋਹਾਂ ਨੂੰ ਮਾਰ ਦੇਣਾ ਚਾਹੀਦਾ ਹੈ। ਜੇ ਕਿਸੇ ਬੰਦੇ ਦੇ ਆਪਣੇ ਪਿਤਾ ਦੀ ਪਤਨੀ ਨਾਲ ਜਿਨਸੀ ਸੰਬੰਧ ਹਨ ਉਸਨੇ ਆਪਣੇ ਪਿਤਾ ਦੀ ਪਤਨੀ ਨੂੰ ਭ੍ਰਸ਼ਟ ਕਰ ਦਿੱਤਾ । ਉਸਨੂੰ ਤੇ ਔਰਤ ਦੋਹਾਂ ਨੂੰ ਮਾਰ ਦੇਣਾ ਚਾਹੀਦਾ ਹੈ। ਉਹ ਆਪਣੀ ਮੌਤ ਦੇ ਖੁਦ ਜ਼ਿੰਮੇਵਾਰ ਹਨ।

ਜੇ ਕਿਸੇ ਆਦਮੀ ਦੇ ਆਪਣੀ ਨੂਹ ਦੇ ਨਾਲ ਜਿਨਸੀ ਸੰਬੰਧ ਹਨ ਉਹਨਾਂ ਦੋਹਾਂ ਨੂੰ ਮਾਰ ਦਿੱਤਾ ਜਾਣਾ ਚਾਹੀਦਾ ਹੈ। ਉਹਨਾਂ ਨੇ ਸਗੋਤ੍ਰ ਸਭੋਗ ਕੀਤਾ ਹੈ। ਉਹ ਆਪਣੀ ਮੌਤ ਲਈ ਖੁਦ ਜ਼ਿੰਮੇਵਾਰ ਹੈ। ਜੇ ਕਿਸੇ ਆਦਮੀ ਦੇ ਕਿਸੇ ਦੂਸਰੇ ਆਦਮੀ ਨਾਲ ਔਰਤਾਂ ਵਰਗੇ ਜਿਨਸੀ ਸੰਬੰਧ ਹਨ, ਤਾਂ ਇਹਨਾਂ ਦੋਹਾਂ ਨੇ ਭਿਆਨਕ ਪਾਪ ਕੀਤਾ ਹੈ। ਉਨ੍ਹਾਂ ਦੋਹਾਂ ਨੂੰ ਮਾਰ

Scanned with OKEN Scanner

ਦੇਣਾ ਚਾਹੀਦਾ ਹੈ। ਉਹ ਆਪਣੀ ਮੌਤ ਦੇ ਖੁਦ ਜਿੰਮੇਵਾਰ ਹਨ। ਜੇਕਰ ਕੋਈ ਆਦਮੀ ਕਿਸੇ ਔਰਤ ਨਾਲ ਅਤੇ ਉਸਦੀ ਧੀ ਨਾਲ ਵਿਆਹ ਕਰਦਾ ਹੈ, ਇਹ ਘ੍ਰਿਣਿਤ ਹੈ। ਲੋਕਾਂ ਨੂੰ ਉਸ ਆਦਮੀ ਤੇ ਦੋਹਾਂ ਔਰਤਾਂ ਨੂੰ ਅੱਗ ਵਿੱਚ ਸਾੜ ਦੇਣਾ ਚਾਹੀਦਾ ਹੈ। ਇਹੋ ਜਿਹੀ ਦੁਸਟ ਗੱਲ ਆਪਣੇ ਲੋਕਾਂ ਦਰਮਿਆਨ ਨਾ ਵਾਪਰਨ ਦਿਉ।

ਜੇ ਕਿਸੇ ਆਦਮੀ ਦੇ ਕਿਸੇ ਜਾਨਵਰ ਨਾਲ ਜਿਨਸੀ ਸੰਬੰਧ ਹੋਣ ਤਾਂ ਉਸ ਆਦਮੀ ਨੂੰ ਮਾਰ ਦੇਣਾ ਚਾਹੀਦਾ ਹੈ ਅਤੇ ਤੁਹਾਨੂੰ ਉਸ ਜਾਨਵਰ ਨੂੰ ਵੀ ਮਾਰ ਦੇਣਾ ਚਾਹੀਦਾ ਹੈ। (ਜਾਨਵਰ ਦਾ ਕੀ ਦੋਸ਼ ਭਲਾ ?)

ਜੇ ਕਿਸੇ ਔਰਤ ਦੇ ਕਿਸੇ ਜਾਨਵਰ ਨਾਲ ਜਿਨਸੀ ਸੰਬੰਧ ਹੋਣ ਤਾਂ ਉਸਨੂੰ ਅਤੇ ਉਸ ਜਾਨਵਰ ਦੋਹਾਂ ਨੂੰ ਮਾਰ ਦੇਣਾ ਚਾਹੀਦਾ ਹੈ। ਉਹਨਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਉਹ ਆਪਣੀ ਮੌਤ ਦੇ ਖੁਦ ਜਿੰਮੇਵਾਰ ਹਨ। (ਅਜਬ – ਗਜਬ)

ਜੇ ਕੋਈ ਭਰਾ ਆਪਣੀ ਭੈਣ ਨਾਲ ਸ਼ਾਦੀ ਕਰਦਾ ਹੈ। ਭਾਵੇਂ ਉਹ ਉਸਦੀ ਮਾਂ ਦੀ ਧੀ ਹੋਵੇ ਜਾਂ ਉਸਦੇ ਪਿਉ ਦੀ ਅਤੇ ਉਸ ਨਾਲ ਜਿਨਸੀ ਸੰਬੰਧ ਬਣਾਉਂਦਾ ਹੈ, ਇਹ ਸ਼ਰਮਨਾਕ ਹੈ। ਉਨ੍ਹਾਂ ਨੂੰ ਖੁੱਲ੍ਹੇਆਮ ਆਪਣੇ ਲੋਕਾਂ ਤੋਂ ਵੱਖਰੇ ਕਰ ਦਿੱਤਾ ਜਾਣਾ ਹੈ।ਉਸ ਆਦਮੀ ਨੂੰ ਆਪਣੀ ਭੈਣ ਨਾਲ ਜਿਨਸੀ ਸੰਬੰਧ ਬਨਾਉਣ ਲਈ ਉਸਦੇ ਪਾਪ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। (ਕੀ ਸਜਾ, ਚੁੱਪ ਕਿਉਂ ?)

ਜੇ ਕੋਈ ਆਦਮੀ ਮਾਹਵਾਰੀ ਦੇ ਦਿਨਾਂ ਵਿੱਚ ਕਿਸੇ ਔਰਤ ਨਾਲ ਜਿਨਸੀ ਸੰਬੰਧ ਬਣਾਉਂਦਾ ਹੈ ਤਾਂ ਉਹਨਾਂ ਦੋਹਾਂ ਨੂੰ ਲੋਕਾਂ ਤੋਂ ਛੇਕ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਪਾਪ ਕੀਤਾ ਹੈ ਕਿਉਂਕਿ ਉਹਨਾਂ ਨੇ ਉਸ ਔਰਤ ਦਾ ਖ਼ੂਨ ਦਾ ਸੋਮਾ ਨੰਗਾ ਕੀਤਾ ਹੈ।

ਤੁਹਾਨੂੰ ਆਪਣੀ ਮਾਤਾ ਦੀ ਭੈਣ ਜਾਂ ਪਿਤਾ ਦੀ ਭੈਣ ਨਾਲ ਜਿਨਸੀ ਸਬੰਧੰ ਨਹੀਂ ਬਣਾਉਣੇ ਚਾਹੀਦੇ। ਇਹ ਸਗੋਤਰ ਸੰਭੋਗ ਕਰਨ ਵਾਂਗ ਹੈ।

ਕਿਸੇ ਆਦਮੀ ਦਾ ਅਪਣੇ ਭਰਾ ਦੀ ਪਤਨੀ ਨਾਲ ਸ਼ਾਦੀ ਕਰਨਾ ਗਲਤ ਹੈ। ਉਹ ਉਸ ਨੂੰ, ਜੋ ਉਸਦੇ ਭਰਾ ਦਾ ਹੈ ਭ੍ਰਸ਼ਟ ਕਰ ਰਿਹਾ ਹੈ। ਉਹਨਾਂ ਦੇ ਬੱਚੇ ਨਹੀਂ ਹੋਣਗੇ।

ਮੈਂ ਤੁਹਾਨੂੰ ਬਾਕੀ ਕੌਮਾਂ ਤੋਂ ਵੱਖਰਾ ਬਣਾਇਆ ਹੈ। ਇਸ ਲਈ ਤੁਹਾਨੂੰ ਪਾਕ ਅਤੇ ਨਾਪਾਕ ਜਾਨਵਰਾਂ ਵਿਚਲਾ ਫਰਕ ਪਛਾਨਣਾ ਚਾਹੀਦਾ ਹੈ। ਤੁਹਾਨੂੰ ਪਾਕ ਅਤੇ ਨਾਪਾਕ ਪੰਛੀਆਂ ਵਿੱਚ ਫਰਕ ਪਛਾਨਣਾ ਚਾਹੀਦਾ ਹੈ। ਉਹਨਾਂ ਨਾਪਾਕ ਪੰਛੀਆਂ ਜਾਨਵਰਾਂ, ਅਤੇ ਜ਼ਮੀਨ ਉਤੇ ਰੀਂਗਣ ਵਾਲੀਆਂ ਚੀਜ਼ਾਂ ਨੂੰ ਖਾ ਕੇ ਆਪਣੇ ਆਪ ਨੂੰ ਕਲੰਕਤ ਨਹੀਂ ਕਰਨਾ ਚਾਹੀਦਾ। ਮੈਂ ਤੁਹਾਨੂੰ ਆਪਣੇ ਖਾਸ ਲੋਕ ਬਣਾਇਆ ਹੈ। ਇਸ ਲਈ ਤੁਹਾਨੂੰ ਮੇਰੇ ਲਈ ਪਵਿੱਤਰ ਹੋਣਾ ਚਾਹੀਦਾ ਹੈਂ ਕਿਉਂਕਿ ਮੈਂ ਯਹੋਵਾਹ ਹਾਂ ਅਤੇ ਮੈਂ ਪਵਿੱਤਰ ਹਾਂ। (ਬਲਿਹਾਰੇ ?)

ਕੋਈ ਆਦਮੀ ਜਾਂ ਔਰਤ ਜਿਹੜਾ ਭੂਤ ਪ੍ਰਿਤ ਹੈ ਜਾਂ ਸਿਆਣਾ ਹੈ ਮਾਰ ਦਿੱਤਾ

Scanned with OKEN Scanner

ਜਾਣਾ ਚਾਹੀਦਾ ਹੈ। ਲੋਕਾਂ ਨੂੰ ਉਨ੍ਹਾਂ ਨੂੰ ਪੱਥਰਾਂ ਨਾਲ ਮਾਰ ਦੇਣਾ ਚਾਹੀਦਾ ਹੈ। ਉਹ ਆਪਣੀ ਮੌਤ ਦੇ ਖੁਦ ਜ਼ਿੰਮੇਵਾਰ ਹੋਣਗੇ।

ਜਾਜਕਾਂ ਲਈ ਬਿਧੀਆਂ :

ਯਹੋਵਾਹ ਨੇ ਮੂਸਾ ਨੂੰ ਆਖਿਆ, ਹਾਰੂਨ ਦੇ ਪੁੱਤਰਾਂ ਦਰਮਿਆਨ ਹੋਈ ਮੌਤ ਕਾਰਣ ਜਾਜਕ ਨੂੰ ਆਪਣੇ ਆਪ ਨੂੰ ਪਲੀਤ ਨਹੀਂ ਕਰਨਾ ਚਾਹੀਦਾ। ਪਰ ਜੇ ਮਰਿਆ ਹੋਇਆ ਬੰਦਾ ਉਸਦਾ ਨਜ਼ਦੀਕੀ ਰਿਸ਼ਤੇਦਾਰ ਸੀ ਤਾਂ ਉਹ ਆਪਣੇ ਆਪ ਨੂੰ ਪਲੀਤ ਕਰ ਸਕਦਾ ਹੈ। ਇਸ ਵਿੱਚ ਉਸਦੀ ਮਾਤਾ, ਉਸਦਾ ਪਿਤਾ, ਉਸ ਦਾ ਪੁੱਤਰ ਜਾਂ ਧੀ, ਉਸਦਾ ਭਰਾ ਜਾਂ ਉਸਦੀ ਅਣਵਿਆਹੀ ਭੈਣ ਸ਼ਾਮਿਲ ਹੈ। ਇਹ ਭੈਣ ਉਸਦੇ ਨਜ਼ਦੀਕ ਹੈ ਕਿਉਂਕਿ ਉਸਦਾ ਕੋਈ ਪਤੀ ਨਹੀਂ। ਇਸ ਲਈ ਜਾਜਕ ਉਸ ਵਾਸਤੇ ਆਪਣੇ ਆਪ ਨੂੰ ਪਲੀਤ ਕਰ ਸਕਦਾ ਹੈ। ਜੇ ਉਹ ਮਰ ਜਾਂਦੀ ਹੈ ਪਰ ਉਸਨੂੰ ਆਪਣੇ ਆਪ ਨੂੰ ਪਲੀਤ ਨਹੀਂ ਕਰਨਾ ਚਾਹੀਦਾ।ਜੇ ਮਰਿਆ ਹੋਇਆ ਬੰਦਾ ਸ਼ਾਦੀ ਕਾਰਣ ਹੀ ਉਸਦੇ ਨਾਲ ਜੁੜਿਆ ਹੋਇਆ ਸੀ।

ਜਾਜਕਾਂ ਨੂੰ ਆਪਣੇ ਸਿਰ ਨਹੀਂ ਮਨਵਾਉਣੇ ਚਾਹੀਦੇ। ਉਹਨਾਂ ਨੂੰ ਆਪਣੀਆਂ ਦਾਹੜੀਆਂ ਦੇ ਸਿਰੇ ਨਹੀਂ ਮਨਵਾਉਣੇ ਚਾਹੀਦੇ ਅਤੇ ਆਪਣੇ ਜਿਸਮਾਂ ਉਤੇ ਚੀਰੇ ਨਹੀਂ ਦੁਆਉਣੇ ਚਾਹੀਦੇ। ਉਹਨਾਂ ਨੂੰ ਆਪਣੇ ਪਰਮੇਸ਼ਰ ਲਈ ਪਵਿੱਤਰ ਹੋਣਾ ਚਾਹੀਦਾ ਹੈ। ਉਹਨਾਂ ਨੂੰ ਆਪਣੇ ਪਰਮੇਸ਼ਰ ਦੇ ਨਾਂ ਦਾ ਨਿਰਾਦਰ ਨਹੀਂ ਕਰਨਾ ਚਾਹੀਦਾ ਕਿਉਂਕਿ ਉਹ ਯਹੋਵਾਹ ਨੂੰ ਅੱਗ ਦੁਆਰਾ ਚੜ੍ਹਾਵੇ ਚੜਾਉਂਦੇ ਹਨ। ਇਸ ਲਈ ਉਹਨਾਂ ਨੂੰ ਪਵਿੱਤਰ ਹੋਣਾ ਚਾਹੀਦਾ ਹੈ।

ਇੱਕ ਜਾਜਕ ਆਪਣੇ ਪਰਮੇਸ਼ਰ ਲਈ ਪਵਿੱਤਰ ਹੈ। ਇਸ ਲਈ ਜਾਜਕ ਨੂੰ ਕਿਸੇ ਵੇਸਵਾ, ਕਿਸੇ ਕਲੰਕਤ ਔਰਤ ਜਾਂ ਤਲਾਕਸ਼ੁਦਾ ਔਰਤ ਨਾਲ ਸ਼ਾਦੀ ਨਹੀਂ ਕਰਨੀ ਚਾਹੀਦੀ। ਤੁਹਾਨੂੰ ਜਾਜਕ ਨਾਲ ਨਾਪਾਕ ਤਰੀਕੇ ਨਾਲ ਪੇਸ਼ ਨਹੀਂ ਆਉਣਾ ਚਾਹੀਦਾ ਕਿਉਂਕਿ ਉਹ ਤੁਹਾਡੇ ਪਰਮੇਸ਼ਰ ਦਾ ਭੋਜਨ ਹਾਜਰ ਕਰਦਾ ਹੈ। ਅਤੇ ਮੈਂ ਪਵਿੱਤਰ ਹਾਂ। ਮੈਂ ਯਹੋਵਾਹ ਹਾਂ। ਅਤੇ ਮੈਂ ਤੁਹਾਨੂੰ ਪਵਿੱਤਰ ਬਣਾਉਂਦਾ ਹਾਂ।

ਜੇ ਕਿਸੇ ਜਾਜਕ ਦੀ ਧੀ ਵੇਸਵਾ ਬਣ ਜਾਵੇ ਅਤੇ ਆਪਣੇ ਆਪ ਨੂੰ ਕਲੰਕਤ ਕਰ ਲਵੇ ਤਾਂ ਉਹ ਆਪਣੇ ਪਿਉ ਨੂੰ ਵੀ ਕਲੰਕਤ ਕਰ ਦਿੰਦੀ ਹੈ। ਇਸ ਲਈ ਉਸਨੂੰ ਜਿੰਦਾ ਸਾੜ ਦੇਣਾ ਚਾਹੀਦਾ ਹੈ।

ਪਰਧਾਨ ਜਾਜਕ ਨੂੰ ਉਸਦੇ ਭਰਾਵਾਂ ਵਿੱਚੋਂ ਚੁਣਿਆ ਗਿਆ ਸੀ। ਮਸਹ ਵਾਲਾ ਤੇਲ ਉਸਦੇ ਸਿਰ ਤੇ ਲਾਇਆ ਗਿਆ ਸੀ। ਇਸ ਤਰ੍ਹਾਂ ਨਾਲ ਉਸਨੂੰ ਪਰਧਾਨ ਜਾਜਕ ਦੀ ਸੇਵਾ ਲਈ ਚੁਣਿਆ ਗਿਆ ਸੀ। ਉਸ ਨੂੰ ਖਾਸ ਕੱਪੜੇ ਪਹਿਨਣ ਲਈ ਚੁਣਿਆ ਗਿਆ ਸੀ। ਇਸ ਲਈ ਉਸਨੂੰ ਅਜਿਹੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਜਿਹੜੀਆਂ ਲੋਕਾਂ ਵਿੱਚ ਉਸਦੀ ਉਦਾਸੀ ਦਰਸਾਉਣ। ਉਸਨੂੰ ਆਪਣੇ ਵਾਲ ਵਧਣ ਨਹੀਂ ਦੇਣੇ ਚਾਹੀਦੇ। ਉਸਨੂੰ

Scanned with OKEN Scanner

ਆਪਣੇ ਕੱਪੜੇ ਪਾੜਨੇ ਨਹੀਂ ਚਾਹੀਦੇ। ਉਸਨੂੰ ਕਿਸੇ ਮੁਰਦਾ ਸ਼ਰੀਰ ਦੇ ਕੋਲ ਜਾ ਕੇ ਆਪਣੇ ਆਪ ਨੂੰ ਪਲੀਤ ਨਹੀਂ ਕਰਨਾ ਚਾਹੀਦਾ ਭਾਵੇਂ ਲਾਸ਼ ਉਸਦੀ ਮਾਂ ਦੀ ਹੋਵੇ ਜਾਂ ਪਿਉ ਦੀ। ਪਰਧਾਨ ਜਾਜਕ ਨੂੰ ਪਰਮੇਸ਼ਰ ਦੇ ਸਥਾਨ ਤੋਂ ਬਾਹਰ ਨਹੀਂ ਜਾਣਾ ਚਾਹੀਦਾ। ਜੇ ਉਹ ਜਾਵੇਗਾ ਤਾਂ ਪਲੀਤ ਹੋ ਸਕਦਾ ਹੈ। ਅਤੇ ਪਰਮੇਸ਼ਰ ਦੇ ਪਵਿੱਤਰ ਸਥਾਨ ਨੂੰ ਵੀ ਪਲੀਤ ਕਰ ਸਕਦਾ ਹੈ ਕਿਉਂਕਿ ਉਸਨੂੰ ਉਸਦੇ ਪਰਮੇਸ਼ਰ ਨੇ ਮਸਹ ਕਰਨ ਵਾਲਾ ਤੇਲ ਉਸਦੇ ਸਿਰ ਚ ਪਾ ਕੇ ਸਮਰਪਿਤ ਕੀਤਾ ਗਿਆ ਹੈ। ਮੈਂ ਯਹੋਵਾਹ ਹਾਂ।

ਪਰਧਾਨ ਜਾਜਕ ਨੂੰ ਕਿਸੇ ਅਜਿਹੀ ਔਰਤ ਨਾਲ ਸ਼ਾਦੀ ਕਰਨੀ ਚਾਹੀਦੀ ਹੈ ਜੋ ਕੁਆਰੀ ਹੈ। ਪਰਧਾਨ ਜਾਜਕ ਨੂੰ ਕਿਸੇ ਵਿਧਵਾ, ਕਿਸੇ ਤਲਾਕਸ਼ੁਦਾ ਔਰਤ ਜਾਂ ਕਿਸੇ ਵੇਸਵਾ ਨਾਲ ਸ਼ਾਦੀ ਨਹੀਂ ਕਰਨੀ ਚਾਹੀਦੀ। ਉਹ ਸਿਰਫ ਲੋਕਾਂ ਵਿੱਚੋਂ ਹੀ ਕਿਸੇ ਕੁਆਰੀ ਨਾਲ ਸ਼ਾਦੀ ਕਰ ਸਕਦਾ ਹੈ। ਇਸ ਤਰ੍ਹਾਂ ਉਹ ਲੋਕਾਂ ਦਰਮਿਆਨ ਆਪਣੇ ਬੱਚਿਆਂ ਨੂੰ ਜਾਜਕ ਹੋਣ ਤੋਂ ਅਯੋਗ ਨਹੀਂ ਬਣਾ ਸਕੇਗਾ। ਮੈਂ ਯਹੋਵਾਹ ਨੇ ਜਾਜਕ ਨੂੰ ਉਸਦੇ ਖਾਸ ਕਾਰਜ ਲਈ ਵੱਖ ਕੀਤਾ ਹੈ।

ਯਹੋਵਾਹ ਨੇ ਮੂਸਾ ਨੂੰ ਆਖਿਆ, 'ਹਾਰੂਨ ਨੂੰ ਆਖ ਜੇਕਰ ਤੇਰੇ ਉੱਤਰਾਧਿਕਾਰੀਆਂ ਵਿੱਚੋਂ ਕਿਸੇ ਨੂੰ ਵੀ ਕੋਈ ਸ਼ਰੀਰਕ ਨੁਕਸ ਹੋਵੇ ਤਾਂ ਉਹ ਆਪਣੇ ਪਰਮੇਸ਼ਰ ਨੂੰ ਭੋਜਨ ਦਾ ਚੜ੍ਹਾਵਾ ਨਾ ਚੜ੍ਹਾਵੇ। ਕੋਈ ਵੀ ਆਦਮੀ ਜਿਸ ਨੂੰ ਇਹਨਾਂ ਵਿਚੋਂ ਕੋਈ ਸ਼ਰੀਰਕ ਨੁਕਸ ਹੈ ਉਸਨੂੰ ਜਾਜਕ ਵਜੋਂ ਸੇਵਾ ਨਹੀਂ ਕਰਨੀ ਚਾਹੀਦੀ ਜਿਵੇਂ ਕਿ ਅੰਨ੍ਹੇ ਆਦਮੀ ਨੂੰ, ਵਿਕਲਾਗ ਆਦਮੀ ਨੂੰ, ਭਿਆਨਕ ਚਿਹਰੇ ਵਾਲੇ ਆਦਮੀ ਨੂੰ, ਬਹੁਤ ਲੰਮੀਆਂ ਬਾਹਾਂ ਵਾਲੇ ਆਦਮੀ ਨੂੰ, ਟੁੱਟੇ ਹੋਏ ਪੈਰਾਂ ਵਾਲੇ ਆਦਮੀ ਨੂੰ, ਕੁੱਬੇ ਆਦਮੀ ਨੂੰ, ਅੱਖਾਂ ਵਿੱਚ ਨੁਕਸ ਵਾਲੇ ਆਦਮੀ ਨੂੰ, ਪਪੜੀ ਜਾਂ ਚਮੜੀ ਦੇ ਰੋਗੀ ਆਦਮੀ ਨੂੰ, ਖੱਸੀ ਆਦਮੀ ਨੂੰ, ਆਦਿ .....।

ਜੇ ਹਾਰੂਨ ਦੇ ਵੰਸ਼ਜ਼ਾਂ ਵਿੱਚੋਂ ਕਿਸੇ ਨੂੰ ਕੋਈ ਵੀ ਸ਼ਰੀਰਕ ਨੁਕਸ ਹੋਵੇ ਉਹ ਯਹੋਵਾਹ ਨੂੰ ਹੋਮ ਦੀ ਭੇਟ ਨਹੀਂ ਚੜ੍ਹਾ ਸਕਦਾ ਉਹ ਜਾਜਕ ਦੇ ਪਰਿਵਾਰ ਵਿੱਚੋਂ ਹੈ। ਇਸ ਲਈ ਉਹ ਪਵਿੱਤਰ ਭੋਜਨ ਅਤੇ ਆਪਣੇ ਪਰਮੇਸ਼ਰ ਦਾ ਅੱਤ ਪਵਿੱਤਰ ਭੋਜਨ ਖਾ ਸਕਦਾ ਹੈ।ਪਰ ਉਹ ਪਵਿੱਤਰ ਪਰਦੇ ਜਾਂ ਜਗਵੇਦੀ ਦੇ ਨਜ਼ਦੀਕ ਨਹੀਂ ਜਾ ਸਕਦਾ ਕਿਉਂਕਿ ਉਸ ਵਿੱਚ ਕੁਝ ਸ਼ਰੀਰਕ ਨੁਕਸ ਹੈ। ਉਸਨੂੰ ਮੇਰੇ ਪਵਿੱਤਰ ਸਥਾਨ ਨੂੰ ਅਪਵਿੱਤਰ ਨਹੀਂ ਬਨਾਉਣਾ ਚਾਹੀਦਾ। ਮੈਂ ਯਹੋਵਾਹ ਨੇ ਇਹਨਾਂ ਥਾਵਾਂ ਨੂੰ ਪਵਿੱਤਰ ਬਣਾਇਆ।'

ਇਸ ਤਰ੍ਹਾਂ ਮੂਸਾ ਨੇ ਇਹ ਗੱਲਾਂ ਹਾਰੂਨ ਦੇ ਪੁੱਤਰਾਂ ਨੂੰ ਅਤੇ ਇਸਰਾਈਲ ਦੇ ਲੋਕਾਂ ਨੂੰ ਦੱਸੀਆਂ।

ਯਹੋਵਾਹ ਨੇ ਮੂਸਾ ਨੂੰ ਆਖਿਆ, 'ਹਾਰੂਨ ਅਤੇ ਉਸਦੇ ਪੁੱਤਰਾਂ ਨੂੰ ਆਖ, ਇਸਰਾਈਲ ਦੇ ਲੋਕ ਮੈਨੂੰ ਸੌਗਾਤਾਂ ਚੜ੍ਹਾਉਣਗੇ। ਉਹ ਚੀਜ਼ਾਂ ਪਵਿੱਤਰ ਹੋ ਜਾਣਗੀਆਂ।

ਜੇ ਹਾਰੂਨ ਦੇ ਕਿਸੇ ਉਤਰਾਧਿਕਾਰੀ ਨੂੰ ਚਮੜੀ ਦਾ ਭੈੜਾ ਰੋਗ ਹੈ ਉਹ ਜਿੰਨਾ ਚਿਰ

Scanned with OKEN Scanner

ਪਾਕ ਨਹੀਂ ਹੋ ਜਾਂਦਾ ਪਵਿੱਤਰ ਭੋਜਨ ਨਹੀਂ ਖਾ ਸਕਦਾ। ਇਹ ਨੇਮ ਉਸ ਜਾਜਕ ਲਈ ਹੈ
ਜਿਹੜਾ ਪਲੀਤ ਹੋ ਜਾਂਦਾ ਹੈ। ਉਹ ਜਾਜਕ ਕਿਸੇ ਮੁਰਦਾ ਸ਼ਰੀਰ ਨਾਲ ਵੀ ਪਲੀਤ ਹੋ ਸਕਦਾ
ਹੈ। ਜਾਂ ਆਪਣੇ ਹੀ ਵੀਰਜ ਨਾਲ ਵੀ। ਜੇ ਉਹ ਕਿਸੇ ਰੀਂਗਣ ਵਾਲੇ ਨਾਪਾਕ ਜਾਨਵਰ ਨੂੰ ਜਾਂ
ਕਿਸੇ ਕਾਰਣ ਹੋਏ ਪਲੀਤ ਵਿਅਕਤੀ ਨੂੰ ਛੂਹ ਲੈਂਦਾ ਹੈ, ਉਹ ਸ਼ਾਮ ਤੱਕ ਪਲੀਤ ਰਹੇਗਾ।
ਉਸਨੂੰ ਉਨਾ ਚਿਰ ਕੋਈ ਵੀ ਪਵਿੱਤਰ ਭੋਜਨ ਨਹੀਂ ਖਾਣਾ ਚਾਹੀਦਾ ਜਿੰਨਾ ਚਿਰ ਉਹ ਆਪਣੇ
ਆਪ ਨੂੰ ਪਾਣੀ ਨਾਲ ਧੋ ਨਹੀਂ ਲੈਂਦਾ। ਉਹ ਸੂਰਜ ਛਪ ਜਾਣ ਤੋਂ ਬਾਅਦ ਪਾਕ ਹੋ ਜਾਵੇਗਾ।
ਫੇਰ ਉਹ ਪਵਿੱਤਰ ਭੋਜਨ ਖਾ ਸਕਦਾ ਹੈ ਕਿਉਂਕਿ ਉਹ ਭੋਜਨ ਉਸਦਾ ਹੈ।

ਜਾਜਕ ਨੂੰ ਕੋਈ ਵੀ ਅਜਿਹਾ ਜਾਨਵਰ ਨਹੀਂ ਖਾਣਾ ਚਾਹੀਦਾ ਜੋ ਆਪਣੇ ਆਪ ਮਰਿਆ ਸੀ ਜਾਂ ਹੋਰਨਾਂ ਜਾਨਵਰਾਂ ਦੁਆਰਾ ਮਾਰਿਆ ਗਿਆ ਸੀ। ਜੇ ਉਹ ਉਸ ਮੁਰਦਾ ਜਾਨਵਰ ਨੂੰ ਖਾਂਦਾ ਹੈ ਤਾਂ ਪਲੀਤ ਹੋ ਜਾਵੇਗਾ। ਮੈਂ ਯਹੋਵਾਹ ਹਾਂ।

ਉਹਨਾਂ ਨੂੰ ਧਿਆਨ ਨਾਲ ਮੇਰੀਆਂ ਹਿਦਾਇਤਾਂ ਨੂੰ ਮੰਨਣਾ ਚਾਹੀਦਾ ਹੈ ਤਾਂ ਜੋ ਉਹ ਦੋਸ਼ੀ ਨਾ ਹੋ ਜਾਣ ਅਤੇ ਪਵਿੱਤਰ ਚੀਜਾਂ ਨੂੰ ਅਪਵਿੱਤਰ ਕਰਨ ਕਾਰਣ ਮਾਰੇ ਨਾ ਜਾਣ। ਮੈਂ ਯਹੋਵਾਹ ਨੂੰ ਜਾਜਕ ਦੇ ਪਰਿਵਾਰ ਦੇ ਲੋਕ ਪਵਿੱਤਰ ਭੋਜਨ ਨੂੰ ਖਾ ਸਕਦੇ ਹਨ। ਜਾਜਕ ਕੋਲ ਠਹਿਰਿਆ ਹੋਇਆ ਕੋਈ ਪ੍ਰਾਹੁਣਾ ਜਾਂ ਭਾੜੇ ਦਾ ਨੌਕਰ ਵੀ ਪਵਿੱਤਰ ਭੋਜਨ ਨਹੀਂ ਖਾ ਸਕਦਾ। ਪਰ ਜੇ ਕੋਈ ਜਾਜਕ ਆਪਣੇ ਪੈਸੇ ਨਾਲ ਕਿਸੇ ਨੂੰ ਗੁਲਾਮ ਵਜੋਂ ਖਰੀਦੇ ਉਹ ਗੁਲਾਮ ਪਵਿੱਤਰ ਭੋਜਨ ਖਾ ਸਕਦਾ ਹੈ। ਜਾਜਕ ਦੇ ਘਰ ਵਿੱਚ ਪੈਦਾ ਹੋਏ ਗੁਲਾਮ ਵੀ ਉਹ ਭੋਜਨ ਖਾ ਸਕਦੇ ਹਨ। ਹੋ ਸਕਦਾ ਹੈ ਕਿ ਕਿਸੇ ਜਾਜਕ ਦੀ ਧੀ ਕਿਸੇ ਅਜਿਹੇ ਬੰਦੇ ਨਾਲ ਸ਼ਾਦੀ ਕਰ ਲਵੇ ਜਿਹੜਾ ਜਾਜਕ ਨਹੀਂ ਹੈ। ਜੇ ਉਹ ਅਜਿਹਾ ਕਰਦੀ ਹੈ ਤਾਂ ਪਵਿੱਤਰ ਭੇਟਾ ਵਿੱਚੋਂ ਕੁਝ ਨਹੀਂ ਖਾ ਸਕਦੀ। ਕਿਸੇ ਜਾਜਕ ਦੀ ਧੀ ਵਿਧਵਾ ਜਾਂ ਤਲਾਕਸ਼ੁਦਾ ਔਰਤ ਹੋ ਸਕਦੀ ਹੈ। ਜੇ ਉਸਨੂੰ ਸਹਾਰਾ ਦੇਣ ਲਈ ਬੱਚੇ ਨਹੀਂ ਹਨ ਅਤੇ ਉਹ ਆਪਣੇ ਪਿਤਾ ਦੇ ਘਰ ਚਲੀ ਜਾਂਦੀ ਹੈ ਜਿੱਥੇ ਉਹ ਬਚਪਨ ਤੋਂ ਰਹਿੰਦੀ ਸੀ। ਉਹ ਆਪਣੇ ਪਿਉ ਦਾ ਭੋਜਨ ਖਾ ਸਕਦੀ ਹੈ। ਪਰ ਜਾਜਕ ਦੇ ਪਵਿਾਰ ਤੋਂ ਬਾਹਰਲਾ ਵਿਅਕਤੀ ਇਸ ਭੋਜਨ ਨੂੰ ਨਹੀਂ ਖਾ ਸਕਦਾ। (ਮਾਰਕਸ ਲੇਵੀ ਜਾਜਕ ਦੇ ਪ੍ਰੀਵਾਰ ਵਿੱਚ ਪੈਦਾ ਹੋਇਆ ਸੀ।)

ਹੋ ਸਕਦਾ ਹੈ ਕਿ ਕੋਈ ਬੰਦਾ ਗਲਤੀ ਨਾਲ ਪਵਿੱਤਰ ਭੋਜਨ ਖਾ ਲਵੇ। ਉਸ ਬੰਦੇ ਨੂੰ ਉਨੀ ਮਿਕਦਾਰ ਜਾਜਕ ਨੂੰ ਦੇਣੀ ਚਾਹੀਦੀ ਹੈ। ਅਤੇ ਉਸਨੂੰ ਭੋਜਨ ਦਾ ਪੰਜਵਾਂ ਹਿੱਸਾ ਕੀਮਤ ਦੇਣੀ ਚਾਹੀਦੀ ਹੈ।

ਇਸ ਲਈ ਉਹ ਲੋਕ (ਜੋ ਜਾਜਕ ਨਾ ਹੋਣ) ਇਸਰਾਈਲ ਦੇ ਲੋਕਾਂ ਦੁਆਰਾ ਯਹੋਵਾਹ ਨੂੰ ਚੜ੍ਹਾਈਆਂ ਗਈਆਂ ਚੀਜ਼ਾਂ ਦਾ ਦੁਰਉਪਯੋਗ ਨਹੀਂ ਕਰਨਾ ਚਾਹੀਦਾ ਅਤੇ ਉਹ ਦੋਸ਼ੀ ਹੋਣਗੇ ਅਤੇ ਪਵਿੱਤਰ ਭੋਜਨ ਖਾਦੇਂ ਸਮੇਂ ਆਪਣੇ ਪਾਪਾਂ ਦੀ ਜ਼ਿੰਮੇਵਾਰੀ ਸਹਾਰਨਗੇ। ਮੈਂ ਯਹੋਵਾਹ ਹਾਂ, ਜੋ ਉਸਨੂੰ ਪਵਿੱਤਰ ਬਣਾਉਂਦਾ ਹਾਂ।

Scanned with OKEN Scanner

ਜੇ ਕਿਸੇ ਜਾਨਵਰ ਦੇ ਅੰਡਕੋਸ਼ ਤੇ ਝਰੀਟ ਹੈ, ਕੁਚਲਿਆ ਹੋਇਆ, ਪਾਟਿਆ ਹੋਇਆ ਜਾਂ ਵੱਢਿਆ ਹੋਇਆ ਤਾਂ ਤੁਹਾਨੂੰ ਉਹ ਜਾਨਵਰ ਯਹੋਵਾਹ ਨੂੰ ਭੇਟ ਨਹੀਂ ਕਰਨਾ ਚਾਹੀਦਾ। ਤੁਹਾਨੂੰ ਆਪਣੀ ਧਰਤੀ ਤੇ ਇਹ ਨਹੀਂ ਕਰਨਾ ਚਾਹੀਦਾ। ਤੁਹਾਨੂੰ ਆਪਣੇ ਪਰਮੇਸ਼ਰ ਨੂੰ ਬਲੀ ਚੜ੍ਹਾਉਣ ਲਈ ਵਿਦੇਸ਼ੀਆਂ ਕੋਲੋਂ ਅਜਿਹੇ ਜਾਨਵਰ ਨਹੀਂ ਲੈਣੇ ਚਾਹੀਦੇ ਕਿਉਂਕਿ ਉਹਨਾਂ ਵਿੱਚ ਸਰੀਰਕ ਖਰਾਬੀ ਹੈ ਅਤੇ ਪਰਮੇਸ਼ਰ ਦੁਆਰਾ ਪ੍ਰਵਾਨ ਨਹੀਂ ਕੀਤੇ ਜਾਣਗੇ।'

ਯਹੋਵਾਹ ਨੇ ਮੂਸਾ ਨੂੰ ਆਖਿਆ, 'ਜਦੋਂ ਕੋਈ ਵੱਛਾ, ਭੇਡ ਜਾਂ ਬੱਕਰੀ ਪੈਦਾ ਹੁੰਦੀ ਹੈ, ਇਸਨੂੰ ਸੱਤ ਦਿਨਾਂ ਤੱਕ ਇਸਦੀ ਮਾਂ ਕੋਲ ਰਹਿਣਾ ਚਾਹੀਦਾ ਹੈ। ਫੇਰ ਅੱਠਵੇਂ ਦਿਨ ਜਾਂ ਉਸ ਤੋਂ ਮਗਰੋਂ , ਇਸਨੂੰ ਯਹੋਵਾਹ ਨੂੰ ਅੱਗ ਦੁਆਰਾ ਦਿੱਤੀ ਗਈ ਬਲੀ ਵਜੋਂ ਪ੍ਰਵਾਨ ਕੀਤਾ ਜਾ ਸਕਦਾ ਹੈ। ਪਰ ਤੁਹਾਨੂੰ ਉਸੇ ਦਿਨ ਉਸ ਜਾਨਵਰ ਨੂੰ ਅਤੇ ਉਸਦੀ ਮਾਂ ਨੂੰ ਨਹੀਂ ਮਾਰਨਾ ਚਾਹੀਦਾ। ਇਹ ਨੇਮ ਗਾਵਾਂ ਅਤੇ ਭੇਡਾਂ ਲਈ ਇੱਕੋ ਜਿਹਾ ਹੈ।

ਜੇ ਤੁਸੀਂ ਯਹੋਵਾਹ ਨੂੰ ਸ਼ੁਕਰਾਨੇ ਦੀ ਕੋਈ ਭੇਟ ਚੜ੍ਹਾਉਣੀ ਚਾਹੁੰਦੇ ਹੋ, ਤੁਹਾਨੂੰ ਇਸੇ ਨੂੰ ਉਸੇ ਦਿਨ ਹੀ ਖਾਣਾ ਚਾਹੀਦਾ ਹੈ। ਤੁਹਾਨੂੰ ਅਗਲੀ ਸਵੇਰ ਲਈ ਕੋਈ ਮਾਸ ਨਹੀਂ ਛੱਡਣਾ ਚਾਹੀਦਾ। ਮੈਂ ਯਹੋਵਾਹ ਹਾਂ।

ਮੇਰੇ ਹੁਕਮਾਂ ਨੂੰ ਚੇਤੇ ਰੱਖੋ। ਅਤੇ ਉਹਨਾਂ ਨੂੰ ਮੰਨੋ। ਮੈਂ ਯਹੋਵਾਹ ਹਾਂ। ਮੇਰੇ ਪਵਿੱਤਰ ਨਾਂ ਦਾ ਨਿਰਾਦਰ ਨਾ ਕਰੋ। ਇਸਰਾਈਲ ਦੇ ਲੋਕਾਂ ਦਰਮਿਆਨ, ਮੇਰੇ ਨਾਲ ਪਵਿੱਤਰਤਾ ਦਾ ਵਿਹਾਰ ਕੀਤਾ ਜਾਣਾ ਚਾਹੀਦਾ ਹੈ। ਮੈਂ,ਯਹੋਵਾਹ ਤੁਹਾਨੂੰ ਪਵਿੱਤਰ ਬਣਾਉਂਦਾ ਹਾਂ। ਮੈਂ ਤੁਹਾਡਾ ਪਰਮੇਸ਼ਰ ਬਣਨ ਲਈ ਤੁਹਾਨੂੰ ਮਿਸਰ ਤੋਂ ਬਾਹਰ ਲਿਆਂਦਾ। ਮੈਂ ਯਹੋਵਾਹ ਹਾਂ।"

ਖਾਸ ਛੁੱਟੀਆਂ :

ਯਹੋਵਾਹ ਨੇ ਮੂਸਾ ਨੂੰ ਆਖਿਆ, 'ਇਸਰਾਈਲ ਦੇ ਲੋਕਾਂ ਨੂ ਆਖ: ਤੁਸੀਂ ਯਹੋਵਾਹ ਦੇ ਚੁਣੇ ਹੋਏ ਤਿਉਹਾਰਾਂ ਦਾ ਪਵਿੱਤਰ ਸਭਾਵ ਵਜੋਂ ਐਲਾਨ ਕਰੋਂਗੇ। ਮੇਰੀਆਂ ਪਵਿੱਤਰ ਛੁੱਟੀਆਂ ਇਹ ਹਨ:

ਸਬਤ :

ਛੇ ਦਿਨ ਕੰਮ ਕਰੋ। ਪਰ ਸੱਤਵਾਂ ਦਿਨ, ਸਬਤ, ਅਰਾਮ ਦਾ ਖਾਸ ਦਿਨ ਪਵਿੱਤਰ ਸਭਾ ਦਾ ਹੋਵੇਗਾ। ਤੁਹਾਨੂੰ ਕੰਮ ਨਹੀਂ ਕਰਨਾ ਚਾਹੀਦਾ। ਇਹ ਤੁਹਾਡੇ ਸਾਰੇ ਘਰਾਂ ਵਿੱਚ ਯਹੋਵਾਹ ਲਈ ਸਬਤ ਹੈ।

ਪਸਾਹ :

ਇਹ ਯਹੋਵਾਹ ਦੀਆਂ ਚੁਣੀਆਂ ਹੋਈਆਂ ਛੁੱਟੀਆਂ ਹਨ। ਤੁਸੀਂ ਇਹਨਾਂ ਲਈ ਚੁਣੇ

Scanned with OKEN Scanner

Scanned with OKEN Scanner

ਸਮਿਆਂ ਵਾਸਤੇ ਪਵਿੱਤਰ ਸਭਾਵਾਂ ਦਾ ਐਲਾਨ ਕਰੋਗੇ। ਯਹੋਵਾਹ ਦਾ ਪਸਾਹ ਪਹਿਲੇ ਮਹੀਨੇ ਦੇ 14ਵੇਂ ਦਿਨ ਨੂੰ ਸ਼ਾਮ ਵੇਲੇ ਹੈ।

ਪਤੀਰੀ ਰੋਟੀ ਦਾ ਪਰਬ :

ਯਹੋਵਾਹ ਦਾ ਪਤੀਰੀ ਰੋਟੀ ਦਾ ਪਰਬ ਉਸ ਮਹੀਨੇ ਦੇ 15 ਵੇਂ ਦਿਨ ਤੇ ਹੈ। ਤੁਸੀਂ ਸੱਤਾਂ ਦਿਨਾਂ ਤੱਕ ਪਤੀਰੀ ਰੋਟੀ ਖਾਵੋਗੇ। ਇਸ ਛੁੱਟੀ ਦੇ ਪਹਿਲੇ ਦਿਨ, ਤੁਸੀਂ ਇੱਕ ਪਵਿੱਤਰ ਸਭਾ ਕਰੋਗੇ। ਇਸ ਦਿਨ ਤੁਹਾਨੂੰ ਕੋਈ ਵੀ ਕੰਮ ਨਹੀਂ ਕਰਨਾ ਚਾਹੀਦਾ। ਤੁਹਾਨੂੰ ਯਹੋਵਾਹ ਨੂੰ ਸੱਤਾਂ ਦਿਨਾਂ ਤੀਕ ਅੱਗ ਦੁਆਰਾ ਬਲੀਆਂ ਚੜ੍ਹਾਉਣੀਆਂ ਚਾਹੀਦੀਆਂ ਹਨ। ਫੇਰ ਸੱਤਵੇਂ ਦਿਨ ਉਥੇ ਇੱਕ ਹੋਰ ਪਵਿੱਤਰ ਸਭਾ ਹੋਵੇਗੀ। ਉਸ ਦਿਨ ਤੁਹਾਨੂੰ ਕੋਈ ਕੰਮ ਨਹੀਂ ਕਰਨਾ ਚਾਹੀਦਾ।

ਪਹਿਲੀਆਂ ਫਸਲਾਂ ਦਾ ਪਰਬ :

ਯਹੋਵਾਹ ਨੇ ਮੂਸਾ ਨੂੰ ਆਖਿਆ, 'ਇਸਰਾਈਲ ਦੇ ਲੋਕਾਂ ਨੂੰ ਆਖ: ਤੁਸੀਂ ਉਸ ਧਰਤੀ ਵਿੱਚ ਦਾਖਲ ਹੋਵੋਂਗੇ ਜਿਹੜੀ ਮੈਂ ਤੁਹਾਨੂੰ ਦੇਵਾਂਗਾ। ਤੁਸੀਂ ਇਸਦੀ ਫਸਲ ਵੱਢੋਗੇ। ਉਸ ਸਮੇਂ ਤੁਹਾਨੂੰ ਆਪਣੀ ਫਸਲ ਦੀ ਪਹਿਲੀ ਭਰੀ ਜਾਜਕ ਕੋਲ ਲੈ ਕੇ ਆਉਣੀ ਚਾਹੀਦੀ ਹੈ। ਉਹ ਭਰੀ ਨੂੰ ਤੁਹਾਡੇ ਲਈ ਯਹੋਵਾਹ ਅੱਗੇ ਹਿਲਾਵੇਗਾ। ਫੇਰ ਇਹ ਪ੍ਰਵਾਨ ਹੋ ਜਾਵੇਗੀ। ਉਹ ਭਰੀ ਨੂੰ ਸਬਤ ਤੋਂ ਅਗਲੇ ਦਿਨ ਨੂੰ ਹਿਲਾਏਗਾ।

ਉਸ ਦਿਨ, ਜਦੋਂ ਜਾਜਕ ਭਰੀ ਨੂੰ ਤੁਹਾਡੇ ਲਈ ਹਿਲਾਵੇ ਤੁਸੀਂ ਇੱਕ ਸਾਲ ਦਾ ਬੇਨੁਕਸ ਲੇਲਾ ਵੀ ਭੇਟ ਕਰੋਗੇ। ਲੇਲੇ ਨੂੰ ਯਹੋਵਾਹ ਅੱਗੇ ਹੋਮ ਦੀ ਭੇਟ ਵਜੋਂ ਕੀਤਾ ਜਾਵੇਗਾ। ਤੁਹਾਨੂੰ ਜੈਤੂਨ ਦੇ ਤੇਲ ਵਿੱਚ ਮਿਲੇ ਮੈਦੇ ਦੇ 16 ਕੱਪ ਅਨਾਜ਼ ਦੀ ਭੇਟ ਵਜੋਂ ਚੜ੍ਹਾਉਣੇ ਚਾਹੀਦੇ ਹਨ। ਇਸ ਦੀ ਸੁਗੰਧੀ ਯਹੋਵਾਹ ਨੂੰ ਪ੍ਰਸੰਨ ਕਰੇਗੀ। ਤੁਹਾਨੂੰ ਮੈਅ (ਸ਼ਰਾਬ) ਦਾ ਇੱਕ ਕੁਆਟਕ ਪੀਣ ਦੀ ਭੇਟ ਵਜੋਂ ਚੜ੍ਹਾਉਣਾ ਚਾਹੀਦਾ ਹੈ। ਜਿੰਨਾ ਚਿਰ ਤੁਸੀਂ ਇਹ ਸੌਗਾਤ ਯਹੋਵਾਹ ਲਈ ਨਹੀਂ ਲਿਆਉਂਦੇ , ਤੁਹਾਨੂੰ ਆਪਣੀ ਵਾਢੀ ਚੋਂ ਰੋਟੀ ਜਾਂ ਫਲ ਨਹੀਂ ਖਾਣਾ ਚਾਹੀਦਾ। ਇਹ ਨੇਮ ਜਿਥੇ ਵੀ ਤੁਸੀਂ ਰਹੋਂ ਤੁਹਾਡੀਆਂ ਸਾਰੀਆਂ ਪੀੜ੍ਹੀਆਂ ਤਾਈਂ ਜਾਰੀ ਰਹੇਗਾ।

ਪੰਤਕੁਸਤ ਦਾ ਪਰਬ :

ਸਬਤ ਤੋਂ ਅਗਲੇ ਦਿਨ ਜਿਸ ਦਿਨ ਤੁਸੀਂ ਭਰੀ ਨੂੰ ਹਿਲਾਉਣ ਦੀ ਭੇਟ ਵਜੋਂ ਲਿਆਉਂਦੇ ਹੋ, ਸੱਤ ਹਫਤੇ ਗਿਣ ਲਵੋ। ਸੱਤਵੇਂ ਹਫਤੇ ਦੇ ਪਿੱਛੋਂ ਆਉਣ ਵਾਲੇ ਦਿਨ ਤੁਸੀਂ ਯਹੋਵਾਹ ਲਈ ਇੱਕ ਨਵੀਂ ਅਨਾਜ ਦੀ ਭੇਟ ਵਜੋਂ ਲੈ ਕੇ ਆਵੋਗੇ। ਇਹਨਾਂ ਰੋਟੀਆਂ ਨੂੰ 16 ਕੱਪ ਮੈਦੇ ਵਿੱਚ ਖਮੀਰ ਪਾ ਕੇ ਬਣਾਉ। ਇਹ ਤੁਹਾਡੀ ਪਹਿਲੀ ਵਾਢੀ ਵਿੱਚੋਂ ਯਹੋਵਾਹ ਲਈ ਸੁਗਾਤ ਹੋਵੇਗੀ।

ਇੱਕ ਬਲਦ, ਦੋ ਭੇਡੂ, ਸੱਤ ਇੱਕ ਸਾਲ ਦੇ ਲੇਲੇ, ਲੋਕਾਂ ਵੱਲੋਂ ਅਨਾਜ਼ ਦੀ ਭੇਟ ਦੇ

Scanned with OKEN Scanner

ਨਾਲ ਭੇਟ ਕੀਤੇ ਜਾਣਗੇ। ਇਹ ਜਾਨਵਰ ਬੇਨੁਕਸ ਹੋਣੇ ਚਾਹੀਦੇ ਹਨ। ਇਹ ਉਹਨਾਂ ਦੀਆਂ ਅਨਾਜ ਅਤੇ ਪੀਣ ਦੀਆਂ ਭੇਟਾਂ ਸਮੇਤ ਹੋਮ ਦੀ ਭੇਟ ਹੋਵੇਗੀ। ਅਤੇ ਇਸਦੀ ਸੁਗੰਧ ਯਹੋਵਾਹ ਨੂੰ ਪ੍ਰਸੰਨ ਕਰੇਗੀ। ਤੁਹਾਨੂੰ ਪਾਪ ਦੀ ਇੱਕ ਭੇਟ ਵਜੋਂ ਇੱਕ ਬੱਕਰਾ ਅਤੇ ਸੁਖ ਸਾਂਦ ਦੀ ਭੇਟ ਵਜੋਂ ਦੋ ਇੱਕ ਸਾਲ ਦੇ ਲੇਲੇ ਵੀ ਭੇਟ ਕਰਨੇ ਚਾਹੀਦੇ ਹਨ। (ਤੁਸੀਂ ਸਮਝਦੇ ਹੋ ਕਿ ਇਹੋ ਜਿਹੇ ਪਰਮੇਸ਼ਵਰ ਦੇ ਬੰਦੇ ਬਾਕੀ ਦੁਨੀਆਂ ਨੂੰ ਕੀ ਸਮਝਣਗੇ ਅਤੇ ਕਿਵੇਂ ਦਾ ਵਿਹਾਰ ਕਰਨਗੇ ?)

ਜਾਜਕ ਇਹਨਾਂ ਨੂੰ ਯਹੋਵਾਹ ਦੇ ਸਾਹਮਣੇ ਦੋ ਲੇਲਿਆਂ ਅਤੇ ਪਹਿਲੀ ਫਸਲ ਦੀ ਰੋਟੀ ਨਾਲ ਹਿਲਾਉਣ ਦੀ ਭੇਟ ਵਜੋਂ ਲਹਿਰਾਏਗਾ। ਇਹ ਯਹੋਵਾਹ ਲਈ ਪਵਿੱਤਰ ਹਨ। ਇਹ ਜਾਜਕ ਦੇ ਹੋਣਗੇ। ਉਸ ਦਿਨ ਤੁਸੀਂ ਇਕ ਪਵਿੱਤਰ ਸਭਾ ਬੁਲਾਉਗੇ। ਤੁਹਾਨੂੰ ਕੋਈ ਕੰਮ ਨਹੀਂ ਕਰਨਾ ਚਾਹੀਦਾ। ਇਹ ਨੇਮ ਜਿੱਥੇ ਵੀ ਤੁਸੀਂ ਰਹੋ। ਤੁਹਾਡੀਆਂ ਸਾਰੀਆਂ ਪੀੜੀਆਂ ਤੱਕ ਹਮੇਸ਼ਾ ਲਈ ਜਾਰੀ ਰਹੇਗਾ।

ਇਸ ਤੋਂ ਇਲਾਵਾ, ਜਦੋਂ ਤੁਸੀਂ ਆਪਣੀ ਧਰਤੀ ਤੋਂ ਫਸਲਾਂ ਦੀ ਵਾਢੀ ਕਰੋ ਤਾਂ ਆਪਣੇ ਖੇਤ ਨੂੰ ਪੂਰੇ ਕਿਨਾਰਿਆਂ ਤੱਕ ਨਾ ਵੱਢੋ। ਜਿਹੜਾ ਅਨਾਜ ਧਰਤੀ ਉਤੇ ਡਿਗ ਪੈਂਦਾ ਹੈ, ਉਸਨੂੰ ਨਾ ਚੁਕੋ। ਇਹ ਚੀਜ਼ਾਂ ਗਰੀਬ ਲੋਕਾਂ ਅਤੇ ਤੁਹਾਡੇ ਦੇਸ਼ ਵਿੱਚੋਂ ਗੁਜ਼ਰਨ ਵਾਲੇ ਪਰਦੇਸੀਆਂ ਲਈ ਛੱਡ ਦਿਉ। ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ।'

ਤੂਰ੍ਹੀਆਂ ਦਾ ਪਰਬ :

ਇੱਕ ਵਾਰ ਫੇਰ ਯਹੋਵਾਹ ਨੇ ਮੂਸਾ ਨੂੰ ਆਖਿਆ, 'ਇਸਰਾਈਲ ਦੇ ਲੋਕਾਂ ਨੂੰ ਆਖ: ਸੱਤਵੇਂ ਮਹੀਨੇ ਦੇ ਪਹਿਲੇ ਦਿਨ ਤੁਹਾਨੂੰ ਛੁੱਟੀ ਦਾ ਖਾਸ ਦਿਨ ਮਿਲਿਆ ਹੈ। ਤੁਸੀਂ ਇੱਕ ਪਵਿੱਤਰ ਸਭਾ ਕਰੋਂਗੇ ਅਤੇ ਯਾਦਗਰੀ ਵਜੋਂ ਤੁਰੀ ਵਜਾਵੋਂਗੇ। ਤੁਹਾਨੂੰ ਕੋਈ ਕੰਮ ਨਹੀਂ ਕਰਨਾ ਚਾਹੀਦਾ। ਤੁਸੀਂ ਯਹੋਵਾਹ ਨੂੰ ਅੱਗ ਦੁਆਰਾ ਇੱਕ ਭੇਟ ਚੜ੍ਹਾਵੋਗੇ।'

ਪਰਾਸਚਿਤ ਦਾ ਦਿਨ :

ਯਹੋਵਾਹ ਨੇ ਮੂਸਾ ਨੂੰ ਆਖਿਆ, 'ਪਰਾਸਚਿਤ ਦਾ ਦਿਨ ਸੱਤਵੇਂ ਦਿਨ ਦੇ ਦਸਵੇਂ ਦਿਨ ਹੋਵੇਗਾ। ਇੱਥੇ ਇੱਕ ਪਵਿੱਤਰ ਸਭਾ ਹੋਵੇਗੀ। ਤੁਹਾਨੂੰ ਆਪਣੇ ਆਪ ਨੂੰ ਨਿਮਾਣਾ ਬਣਾ ਕੇ ਵਰਤ ਰੱਖਣਾ ਚਾਹੀਦਾ ਹੈ ਅਤੇ ਤੁਹਾਨੂੰ ਯਹੋਵਾਹ ਨੂੰ ਅੱਗ ਦੁਆਰਾ ਇੱਕ ਭੇਟ ਚੜ੍ਹਾਉਣੀ ਚਾਹੀਦੀ ਹੈ। ਤੁਹਾਨੂੰ ਇਸ ਦਿਨ ਕੋਈ ਕੰਮ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਪਰਾਸਚਿਤ ਦਾ ਦਿਨ ਤੁਹਾਡੇ ਲਈ ਯਹੋਵਾਹ ਤੁਹਾਡੇ ਪਰਮੇਸ਼ਰ ਦੇ ਸਾਹਮਣੇ ਪਾਰਸਚਿਤ ਕਰਨ ਲਈ ਹੋਵੇਗਾ।

ਇਸ ਦਿਨ ਨੂੰ ਅਰਾਮ ਦੇ ਖਾਸ ਦਿਨ ਵਜੋਂ ਮਹੀਨੇ ਦੇ ਨੌਵੇਂ ਦਿਨ ਦੀ ਸ਼ਾਮ ਨੂੰ ਸ਼ੁਰੂ ਕਰਕੇ ਇਹ ਆਰਾਮ ਦਾ ਖਾਸ ਦਿਨ ਉਸ ਸ਼ਾਮ ਤੋਂ ਲੈ ਕੇ ਅਗਲੀ ਸ਼ਾਮ ਤੱਕ ਜਾਰੀ ਰਹੇਗਾ।

ਡੇਰਿਆਂ ਦਾ ਪਰਬ :

Scanned with OKEN Scanner
Scanned with OKEN Scanner

ਯਹੋਵਾਹ ਨੇ ਮੂਸਾ ਨੂੰ ਆਖਿਆ, 'ਇਸਰਾਈਲ ਦੇ ਲੋਕਾਂ ਨੂੰ ਆਖ : ਸੱਤਵੇਂ ਮਹੀਨੇ ਦੇ 15ਵੇਂ ਦਿਨ ਡੇਰਿਆਂ ਦਾ ਪਰਬ ਹੈ। ਯਹੋਵਾਹ ਲਈ ਇਹ ਛੁੱਟੀ 7 ਦਿਨ ਰਹੇਗੀ। ਪਹਿਲੇ ਦਿਨ ਪਵਿੱਤਰ ਸਭਾ ਹੋਵੇਗੀ। ਤੁਹਾਨੂੰ ਕੋਈ ਕੰਮ ਨਹੀਂ ਕਰਨਾ ਚਾਹੀਦਾ। ਤੁਹਾਨੂੰ ਯਹੋਵਾਹ ਨੂੰ ਸੱਤਾਂ ਦਿਨਾਂ ਤੱਕ ਅੱਗ ਦੁਆਰਾ ਭੇਟ ਚੜ੍ਹਾਉਣੀ ਚਾਹੀਦੀ ਹੈ। ਅੱਠਵੇਂ ਦਿਨ ਤੁਸੀਂ ਇੱਕ ਪਵਿੱਤਰ ਸਭਾ ਕਰੋਗੇ ਅਤੇ ਯਹੋਵਾਹ ਨੂੰ ਅੱਗ ਦੁਆਰਾ ਭੇਟ ਚੜ੍ਹਾਉਗੇ। ਇਹ ਪਰਬ ਦਾ ਖਾਸ ਦਿਨ ਹੈ। ਇਸ ਦਿਨ ਤੁਹਾਨੂੰ ਕੋਈ ਵੀ ਕੰਮ ਨਹੀਂ ਕਰਨਾ ਚਾਹੀਦਾ।

ਇਹ ਯਹੋਵਾਹ ਦੀਆਂ ਖਾਸ ਛੁੱਟੀਆਂ ਹਨ। ਇਹਨਾਂ ਛੁੱਟੀਆਂ ਤੇ ਪਵਿੱਤਰ ਸਭਾਵਾਂ ਹੋਣਗੀਆਂ। ਤੁਸੀਂ ਯਹੋਵਾਹ ਲਈ ਸੋਗਾਤਾਂ ਲਿਆਉਗੇ। ਹੋਮ ਦੀਆਂ ਭੇਟਾਂ, ਅਨਾਜ਼ ਦੀਆਂ ਭੇਟਾਂ, ਬਲੀਆਂ ਅਤੇ ਪੀਣ ਦੀਆਂ ਭੇਟਾਂ। ਤੁਹਾਨੂੰ ਇਹ ਸੁਗਾਤਾਂ ਸਹੀ ਦਿਨਾਂ ਤੇ ਲਿਆਉਣੀਆਂ ਚਾਹੀਦੀਆਂ ਹਨ। ਤੁਸੀਂ ਇਹਨਾਂ ਛੁੱਟੀਆਂ ਨੂੰ ਯਹੋਵਾਹ ਦੇ ਸਬੂਤਾਂ ਤੋਂ ਇਲਾਵਾ ਮਨਾਉਗੇ। ਤੁਸੀਂ ਇਹਨਾਂ ਸੁਗਾਤਾਂ ਨੂੰ ਯਹੋਵਾਹ ਨੂੰ ਆਪਣੀਆਂ ਹੋਰਨਾਂ ਭੇਟਾਂ, ਅਤੇ ਤੁਹਾਡੀਆਂ ਮਨ ਮਰਜ਼ੀ ਦੀਆਂ ਭੇਟਾਂ ਤੋਂ ਇਲਾਵਾ ਚੜ੍ਹਾਵੋਗੇ।

ਸੱਤਵੇਂ ਮਹੀਨੇ ਦੇ 15ਵੇਂ ਦਿਨ ਜਦੋਂ ਤੁਸੀਂ ਧਰਤੀ ਦੀਆਂ ਫਸਲਾਂ ਸਾਂਭ ਹਟੋਗੇ, ਤੁਸੀਂ ਸੱਤਾਂ ਦਿਨਾਂ ਤਕ ਯਹੋਵਾਹ ਦਾ ਤਿਉਹਾਰ ਮਨਾਉਗੇ। ਪਹਿਲਾ ਦਿਨ ਅਤੇ ਅੱਠਵਾਂ ਦਿਨ ਖਾਸ ਦਿਨ ਹੋਣਗੇ। ਪਹਿਲੇ ਦਿਨ ਤੁਸੀਂ ਫਲਦਾਰ ਰੁੱਖਾਂ ਤੋਂ ਚੰਗੇ ਫਲ ਅਤੇ ਨਦੀ ਦੇ ਕੰਢੇ ਉਗੇ ਖਜ਼ੂਰ ਦੇ ਰੁੱਖਾਂ, ਪੋਪਲਰ ਦੇ ਰੁੱਖਾਂ ਅਤੇ ਵਿਲੋ ਦੇ ਰੁੱਖਾਂ ਦੀਆਂ ਟਾਹਣੀਆਂ ਲਵੋਗੇ। ਤੁਸੀਂ ਸੱਤਾਂ ਦਿਨਾਂ ਤੱਕ ਯਹੋਵਾਹ ਆਪਣੇ ਪਰਮੇਸ਼ਰ ਦੇ ਸਾਹਮਣੇ ਜਸ਼ਨ ਮਨਾਉਗੇ। ਤੁਸੀਂ ਹਰ ਸਾਲ ਇਹ ਛੁੱਟੀ ਯਹੋਵਾਹ ਲਈ ਮਨਾਉਗੇ। ਇਹ ਨੇਮ ਹਮੇਸਾਂ ਰਹੇਗਾ। ਤੁਸੀਂ ਇਹ ਛੁੱਟੀ ਸੱਤਵੇਂ ਮਹੀਨੇ ਵਿੱਚ ਮਨਾਉਗੇ।

ਤੁਸੀਂ ਸੱਤਾਂ ਦਿਨਾਂ ਤੱਕ ਆਰਜ਼ੀ ਸਥਾਨਾਂ ਵਿੱਚ ਰਹੋਗੇ। ਇਸਰਾਈਲ ਦਾ ਹਰ ਨਾਗਰਿਕ ਇਹਨਾਂ ਸ਼ਰਣ ਸਥਾਨਾਂ ਵਿੱਚ ਰਹੇਗਾ। ਫੇਰ ਤੁਹਾਡੇ ਸਾਰੇ ਉੱਤਰਾਧਿਕਾਰੀ ਜਾਣ ਲੈਣਗੇ ਕਿ ਮੈਂ ਇਸਰਾਈਲ ਦੇ ਲੋਕਾਂ ਨੂੰ ਉਸ ਸਮੇਂ ਦੌਰਾਨ ਆਰਜ਼ੀ ਸ਼ਰਣ ਸਥਾਨਾਂ ਵਿੱਚ ਰਹਿਣ ਦਿੱਤਾ ਜਦੋਂ ਮੈਂ ਉਹਨਾਂ ਨੂੰ ਮਿਸਰ ਤੋਂ ਲੈ ਕੇ ਆਇਆ ਸਾਂ।ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ।"

ਇਸ ਤਰ੍ਹਾਂ ਮੂਸਾ ਨੇ ਇਸਰਾਈਲ ਦੇ ਲੋਕਾਂ ਨੂੰ ਯਹੋਵਾਹ ਦੀਆਂ ਸਾਰੀਆਂ ਛੁੱਟੀਆਂ ਬਾਰੇ ਦੱਸਿਆ।

(ਆਪੇ ਅੰਦਾਜ਼ਾ ਲਗਾਓ ਜਦੋਂ ਬੰਦੇ ਛੁੱਟੀਆਂ ਦੀਆਂ ਖੁਸ਼ੀਆਂ ਦਾ ਅਨੰਦ ਮਾਣ ਰਹੇ ਹੋਣ ਤਾਂ ਵਿਚਾਰੇ ਲੇਲਿਆਂ, ਭੇਡੂਆਂ, ਬਲਦਾਂ ..... ਦਾ ਕੀ ਹਸ਼ਰ ਹੁੰਦਾ ਹੈ .....)।

Scanned with OKEN Scanner

ਸ਼ਮ੍ਹਾਦਾਨ ਅਤੇ ਪਵਿੱਤਰ ਰੋਟੀ :

ਯਹੋਵਾਹ ਨੇ ਮੂਸਾ ਨੂੰ ਆਖਿਆ, 'ਇਸਰਾਈਲ ਦੇ ਲੋਕਾਂ ਨੂੰ ਹੁਕਮ ਦੇ ਕਿ ਉਹ ਜੈਤੂਨ ਵਿੱਚੋਂ ਪੀੜਿਆ ਹੋਇਆ ਸ਼ੁਧ ਤੇਲ ਲੈ ਕੇ ਆਉਣ। ਇਹ ਤੇਲ ਦੀਵਿਆਂ ਲਈ ਹੈ। ਇਹ ਦੀਵੇ ਬਿਨਾਂ ਬੁਝੇ ਬਲਣੇ ਚਾਹੀਦੇ ਹਨ। ਹਾਰੂਨ ਮੰਡਲੀ ਵਾਲੇ ਤੰਬੂ ਵਿੱਚ ਯਹੋਵਾਹ ਦੇ ਸਾਹਮਣੇ ਸ਼ਾਮ ਤੋਂ ਸਵੇਰ ਤੱਕ ਰੋਸ਼ਨੀ ਜਗਦੀ ਰੱਖੇਗਾ। ਇਹ ਰੋਸ਼ਨੀ ਉਸਦੇ ਪਰਦੇ ਦੇ ਬਾਹਰ ਹੋਵੇਗੀ। ਜਿਹੜਾ ਇਕਰਾਰਨਾਮੇ ਦੇ ਸੰਦੂਕ ਦੇ ਸਾਹਮਣੇ ਟੰਗਿਆ ਹੋਇਆ ਹੈ। ਇਹ ਨੇਮ ਹਮੇਸਾਂ ਜਾਰੀ ਰਹੇਗਾ। ਹਾਰੂਨ ਨੂੰ ਦੀਵਿਆਂ ਨੂੰ ਹਮੇਸ਼ਾ ਯਹੋਵਾਹ ਦੇ ਅੱਗੇ ਬਲਦੇ ਰਹਿਣ ਲਈ ਸ਼ੁਧ ਸੋਨੇ ਦੇ ਲੈਂਪ ਸਟੈਂਡ ਉਤੇ ਰੱਖਣਾ ਚਾਹੀਦਾ ਹੈ।

ਜਿਸ ਬੰਦੇ ਨੇ ਪਰਮੇਸ਼ਰ ਨੂੰ ਸਰਾਪਿਆ :

ਕਿਸੇ ਇਸਰਾਈਲੀ ਮਾਤਾ ਅਤੇ ਮਿਸਰੀ ਪਿਤਾ ਦੇ ਇੱਕ ਪੁੱਤਰ ਨੇ ਇਸਰਾਈਲੀ ਲੋਕਾਂ ਦਰਮਿਆਨ ਤੁਰਿਆ ਜਾਦਿਆਂ ਡੇਰੇ ਅੰਦਰ ਇੱਕ ਇਸਰਾਈਲੀ ਆਦਮੀ ਨਾਲ ਲੜਨਾ ਸ਼ੁਰੂ ਕਰ ਦਿੱਤਾ। ਇਸਰਾਈਲੀ ਔਰਤ ਦੇ ਪੁੱਤਰ ਨੇ ਗਾਲ਼ਾਂ ਕੱਢੀਆਂ ਅਤੇ ਯਹੋਵਾਹ ਦੇ ਨਾਮ ਨੂੰ ਕਲੰਕਤ ਕਰ ਦਿੱਤਾ, ਇਸ ਲਈ ਲੋਕ ਇਸ ਆਦਮੀ ਨੂੰ ਮੂਸਾ ਕੋਲ ਲੈ ਗਏ। (ਉਸ ਦੀ ਮਾਂ ਦਾ ਨਾਮ ਸ਼ਲੀਮੀਥ ਸੀ ਜਿਹੜੀ ਦਾਨ ਪਰਿਵਾਰ ਸਮੂਹ ਵਿੱਚੋਂ ਦਿਬਰੀ ਦੀ ਧੀ ਸੀ) ਲੋਕਾਂ ਨੇ ਉਸ ਆਦਮੀ ਨੂੰ ਕੈਦੀ ਬਣਾ ਲਿਆ। ਅਤੇ ਯਹੋਵਾਹ ਦੇ ਹੁਕਮ ਨੂੰ ਉਨ੍ਹਾਂ ਸਾਹਮਣੇ ਸਾਫ ਹੋ ਜਾਣ ਦਾ ਇੰਤਜ਼ਾਰ ਕਰਨ ਲੱਗੇ।

ਤਾਂ ਯਹੋਵਾਹ ਨੇ ਮੂਸਾ ਨੂੰ ਆਖਿਆ, 'ਉਸ ਆਦਮੀ ਨੂੰ ਜਿਸਨੇ ਸਰਾਪਿਆ ਸੀ, ਡੇਰੇ ਤੋਂ ਬਾਹਰ ਲੈ ਜਾਉ। ਫੇਰ ਉਹਨਾਂ ਸਾਰਿਆ ਲੋਕਾਂ ਨੂੰ ਇਕੱਤ੍ਰ ਕਰੋ ਜਿਨ੍ਹਾਂ ਨੇ ਉਸਨੂੰ ਗਾਲਾਂ ਕੱਢਦਿਆਂ ਸੁਣਿਆ ਸੀ। ਉਹਨਾਂ ਨੂੰ ਆਪਣੇ ਹੱਥ ਉਸਦੇ ਸਿਰ ਤੇ ਰੱਖਣੇ ਚਾਹੀਦੇ ਹਨ। ਅਤੇ ਫੇਰ ਸਾਰੇ ਲੋਕਾਂ ਨੂੰ ਉਸ ਉਤੇ ਪੱਥਰ ਸੁਟ ਕੇ ਉਸਨੂੰ ਮਾਰ ਦੇਣਾ ਚਾਹੀਦਾ ਹੈ। ਤੈਨੂੰ ਇਸਰਾਈਲ ਦੇ ਲੋਕਾਂ ਨੂੰ ਦੱਸ ਦੇਣਾ ਚਾਹੀਦਾ ਹੈ, ਜੇ ਕੋਈ ਬੰਦਾ ਆਪਣੇ ਪਰਮੇਸ਼ਰ ਨੂੰ ਗਾਲ੍ਹਾਂ ਕੱਢਦਾ ਹੈ ਤਾਂ ਉਸਨੂੰ ਸਜਾ ਮਿਲਣੀ ਚਾਹੀਦੀ ਹੈ।

ਕੋਈ ਵੀ ਬੰਦਾ ਜਿਹੜਾ ਯਹੋਵਾਹ ਦੇ ਨਾਮ ਦੇ ਵਿਰੁਧ ਬੋਲਦਾ ਹੈ, ਮਾਰ ਮੁਕਾਇਆ ਜਾਣਾ ਚਾਹੀਦਾ ਹੈ।ਸਾਰੇ ਲੋਕਾਂ ਨੂੰ ਉਸਨੂੰ ਪੱਥਰ ਮਾਰਨੇ ਚਾਹੀਦੇ ਹਨ। ਪਰਦੇਸੀਆਂ ਨੂੰ ਵੀ ਉਸੇ ਤਰ੍ਹਾਂ ਦੀ ਸਜ਼ਾ ਦੇਣੀ ਚਾਹੀਦੀ ਹੈ ਜਿਹੋ ਜਿਹੀ ਇਸਰਾਈਲ ਵਿੱਚ ਜੰਮੇ ਬੰਦੇ ਨੂੰ ਦਿੱਤੀ ਗਈ ਹੈ। ਜੇ ਕੋਈ ਬੰਦਾ ਯਹੋਵਾਹ ਦੇ ਨਾਮ ਨੂੰ ਸਰਾਪਦਾ ਹੈ ਉਸਨੂੰ ਮਾਰ ਸੁਟਣਾ ਚਾਹੀਦਾ ਹੈ।'

'ਅਤੇ ਜੇ ਕੋਈ ਬੰਦਾ ਕਿਸੇ ਹੋਰ ਬੰਦੇ ਨੂੰ ਮਾਰ ਦਿੰਦਾ ਹੈ ਤਾਂ ਉਸਨੂੰ ਮਾਰ ਦੇਣਾ ਚਾਹੀਦਾ ਹੈ। ਜਿਹੜਾ ਬੰਦਾ ਕਿਸੇ ਜਾਨਵਰ ਨੂੰ ਮਾਰ ਦਿੰਦਾ ਹੈ ਜਿਹੜਾ ਕਿਸੇ ਹੋਰ ਬੰਦੇ ਦਾ ਹੈ।' ਤਾਂ ਉਸਨੂੰ ਉਸਦੀ ਥਾਵੇਂ ਕੋਈ ਹੋਰ ਜਾਨਵਰ ਦੇਣਾ ਚਾਹੀਦਾ ਹੈ ਅਤੇ ਜੇ ਕੋਈ ਬੰਦਾ

Scanned with OKEN Scanner

ਆਪਣੇ ਗੁਆਂਢੀ ਨੂੰ ਜਖਮ ਦਿੰਦਾ ਹੈ ਤਾਂ ਉਸੇ ਤਰ੍ਹਾਂ ਦਾ ਜਖਮ ਉਸ ਬੰਦੇ ਨੂੰ ਦੇਣਾ ਚਾਹੀਦਾ ਹੈ। ਟੁੱਟੀ ਹੱਡੀ ਬਦਲੇ ਟੁੱਟੀ ਹੱਡੀ, ਅੱਖ ਬਦਲੇ ਅੱਖ, ਦੰਦ ਬਦਲੇ ਦੰਦ। ਜਿਸ ਕਿਸਮ ਦਾ ਜਖਮ ਕੋਈ ਬੰਦਾ ਕਿਸੇ ਦੂਸਰੇ ਨੂੰ ਦਿੰਦਾ ਹੈ ਉਸ ਬੰਦੇ ਨੂੰ ਵੀ ਉਸੇ ਤਰ੍ਹਾਂ ਦਾ ਜਖਮ ਦੇਣਾ ਚਾਹੀਦਾ ਹੈ। ਇਸ ਲਈ ਜੇ ਕੋਈ ਬੰਦਾ ਕਿਸੇ ਜਾਨਵਰ ਨੂੰ ਮਾਰ ਦਿੰਦਾ ਹੈ ਤਾਂ ਉਸ ਬੰਦੇ ਨੂੰ ਜਾਨਵਰ ਦੀ ਕੀਮਤ ਦੇਣੀ ਪੈਂਦੀ ਹੈ। ਪਰ ਜੇ ਕੋਈ ਬੰਦਾ ਕਿਸੇ ਦੂਸਰੇ ਬੰਦੇ ਨੂੰ ਮਾਰ ਦਿੰਦਾ ਹੈ ਤਾਂ ਉਸਨੂੰ ਮਾਰ ਦੇਣਾ ਚਾਹੀਦਾ ਹੈ।'

ਇਹ ਕਨੂਨ ਬੇਲਾਗ ਹੋਵੇਗਾ। ਇਹ ਪਰਦੇਸੀਆਂ ਲਈ ਵੀ ਤੁਹਾਡੇ ਆਪਣੇ ਦੇਸ਼ ਦੇ ਲੋਕਾਂ ਲਈ ਵੀ। ਕਿਉਂਕਿ ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ"

ਫੇਰ ਮੂਸਾ ਨੇ ਇਸਰਾਈਲ ਦੇ ਲੋਕਾਂ ਨਾਲ ਗੱਲ ਕੀਤੀ ਅਤੇ ਉਹਨਾਂ ਨੇ ਉਸ ਬੰਦੇ ਨੂੰ, ਡੇਰੇ ਤੋਂ ਬਾਹਰ ਲਿਆਂਦਾ, ਜਿਸਨੇ ਸਰਾਪਿਆ ਸੀ। ਫੇਰ ਉਨ੍ਹਾਂ ਨੇ ਉਸਨੂੰ ਪੱਥਰਾਂ ਨਾਲ ਮਾਰ ਦਿੱਤਾ। ਇਸ ਤਰ੍ਹਾਂ ਇਸਰਾਈਲ ਦੇ ਲੋਕਾਂ ਨੇ ਬਿਲਕੁਲ ਉਵੇਂ ਹੀ ਕੀਤਾ। ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ।

ਧਰਤੀ ਲਈ ਅਰਾਮ ਦਾ ਸਮਾਂ :

ਯਹੋਵਾਹ ਨੇ ਮੂਸਾ ਨਾਲ ਸੀਨਾ (ਸਿਨਾਈ) ਪਰਬਤ ਉਤੇ ਗੱਲ ਕੀਤੀ। ਯਹੋਵਾਹ ਨੇ ਆਖਿਆ, 'ਇਸਰਾਈਲ ਦੇ ਲੋਕਾਂ ਨੂੰ ਆਖ, ਜਦੋਂ ਤੁਸੀਂ ਉਸ ਧਰਤੀ ਵਿੱਚ ਦਾਖਲ ਹੋਵੋਂ ਜਿਹੜੀ ਮੈਂ ਤੁਹਾਨੂੰ ਦੇ ਰਿਹਾ ਹਾਂ, ਤੁਹਾਨੂੰ ਯਹੋਵਾਹ ਲਈ ਧਰਤੀ ਨੂੰ ਅਰਾਮ ਦਾ ਖਾਸ ਸਮਾਂ ਦੇਣਾ ਚਾਹੀਦਾ ਹੈ। ਤੁਸੀਂ ਆਪਣੇ ਖੇਤ ਵਿੱਚ ਛੇ ਸਾਲ ਬੀਜ ਬੀਜੋਗੇ। ਤੁਸੀਂ ਛੇ ਸਾਲ ਆਪਣੇ ਅੰਗੂਰ ਦੇ ਬਾਗਾਂ ਵਿੱਚ ਪੌਦਿਆਂ ਨੂੰ ਛਾਗੋਂਗੇ ਅਤੇ ਇਹਨਾਂ ਦਾ ਫ਼ਲ ਘਰੀਂ ਲਿਆਉਗੇ। ਪਰ ਸੱਤਵੇਂ ਵਰ੍ਹੇ ਦੌਰਾਨ ਤੁਸੀਂ ਧਰਤੀ ਨੂੰ ਆਰਾਮ ਕਰਨ ਦਿਉਗੇ। ਇਹ ਯਹੋਵਾਹ ਦੇ ਆਦਰ ਵਿੱਚ ਅਰਾਮ ਦਾ ਖਾਸ ਸਮਾਂ ਹੋਵੇਗਾ। ਤੁਹਾਨੂੰ ਆਪਣੇ ਖੇਤ ਵਿੱਚ ਕੋਈ ਬੀਜ਼ ਨਹੀਂ ਬੀਜਣਾ ਚਾਹੀਦਾ। ਜਾਂ ਅੰਗੂਰ ਦੇ ਬਾਗਾਂ ਵਿੱਚ ਪੌਦਿਆਂ ਨੂੰ ਨਹੀਂ ਛਾਂਗਣਾ ਚਾਹੀਦਾ।

ਤੁਹਾਨੂੰ ਉਹ ਫਸਲਾਂ ਨਹੀਂ ਵੱਢਣੀਆਂ ਚਾਹੀਦੀਆਂ, ਜਿਹੜੀਆਂ ਤੁਹਾਡੀ ਵਾਢੀ ਤੋਂ ਮਗਰੋਂ ਆਪਣੇ ਆਪ ਉੱਗ ਪੈਂਦੀਆਂ ਹਨ। ਅਤੇ ਤੁਹਾਨੂੰ ਉਹਨਾਂ ਵੇਲਾਂ ਤੋਂ ਅੰਗੂਰ ਨਹੀਂ ਤੋੜਨੇ ਚਾਹੀਦੇ ਜਿਹੜੀਆਂ ਛਾਂਗੀਆਂ ਨਹੀਂ ਗਈਆਂ। ਧਰਤੀ ਲਈ ਇਹ ਅਰਾਮ ਦਾ ਸਮਾਂ ਹੈ।

ਉਸ ਸਾਲ ਧਰਤੀ ਜੋ ਕੁਝ ਵੀ ਆਪਣੇ ਆਪ ਪੈਦਾ ਕਰੇ ਤੁਸੀਂ ਅਤੇ ਤੁਹਾਡੇ ਦਾਸ ਅਤੇ ਦਾਸੀਆਂ ਤੁਹਾਡੇ ਭਾੜੇ ਦੇ ਕਾਮੇ ਅਤੇ ਤੁਹਾਡੇ ਦਰਮਿਆਨ ਰਹਿੰਦੇ ਵਿਦੇਸ਼ੀ ਖਾ ਸਕੋਗੇ ਅਤੇ ਤੁਹਾਡੀਆਂ ਗਾਵਾਂ ਅਤੇ ਹੋਰ ਜਾਨਵਰਾਂ ਲਈ ਖਾਣ ਲਈ ਕਾਫੀ ਭੋਜਨ ਹੋਵੇਗਾ।

ਮੁਕਤੀ ਦਾ ਵਰ੍ਹਾ - ਜੁਬਲੀ :

ਤੁਸੀਂ ਸੱਤਾਂ ਵਰ੍ਹਿਆਂ ਦੇ ਸੱਤਾਂ ਸਮੂਹਾਂ ਨੂੰ ਵੀ ਗਿਣੋਗੇ। ਇਹ 49 ਸਾਲ ਹੋਣਗੇ। ਪਰਾਸਚਿਤ ਦੇ ਦਿਨ ਤੁਹਾਨੂੰ ਭੇਡੂ ਦਾ ਸਿੰਘ ਵਜਾਉਣਾ ਚਾਹੀਦਾ ਹੈ। ਇਹ ਸੱਤਵੇਂ ਮਹੀਨੇ ਦੇ

Scanned with OKEN Scanner

ਦਸਵੇਂ ਦਿਨ ਹੋਵੇਗਾ। ਤੁਹਾਨੂੰ ਸਾਰੇ ਦੇਸ਼ ਅੰਦਰ ਭੇਡੂ ਦਾ ਸਿੰਗ ਵਜਾਉਣਾ ਚਾਹੀਦਾ ਹੈ। ਤੁਸੀਂ ਪੰਜਾਹਵੇਂ ਵਰ੍ਹੇ ਨੂੰ ਇੱਕ ਖਾਸ ਵਰ੍ਹਾ ਬਣਾਉਗੇ। ਤੁਸੀਂ ਆਪਣੇ ਦੇਸ਼ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਲਈ ਅਜ਼ਾਦੀ ਦਾ ਐਲਾਨ ਕਰੋਗੇ। ਇਹ ਸਮਾਂ ਜੁਬਲੀ ਅਖਵਾਏਗਾ। ਤੁਹਾਡੇ ਵਿੱਚੋਂ ਹਰ ਕੋਈ ਜ਼ਾਇਦਾਦ ਅਤੇ ਪਰਿਵਾਰ ਕੋਲ ਵਾਪਸ ਜਾਵੇਗਾ। ਪੰਜਾਹਵਾਂ ਵਰ੍ਹਾ ਤੁਹਾਡੇ ਲਈ ਜੁਬਲੀ ਹੋਵੇਗਾ। ਕੋਈ ਬੀਜ ਨਹੀਂ ਬੀਜਣੇ। ਆਪਣੇ ਆਪ ਉੱਗੀਆਂ ਫਸਲਾਂ ਦੀ ਵਾਢੀ ਨਹੀਂ ਕਰਨੀ। ਅਣਛਾਂਗੀਆਂ ਵੇਲਾਂ ਦੇ ਅੰਗੂਰ ਨਹੀਂ ਤੋੜਨੇ। ਜੁਬਲੀ ਦਾ ਵਰ੍ਹਾ ਤੁਹਾਡੇ ਲਈ ਪਵਿੱਤਰ ਹੋਵੇਗਾ। ਇਸ ਲਈ ਇਸ ਸਾਲ ਤੁਸੀਂ ਸਿੱਧੀਆਂ ਖੇਤਾਂ ਵਿੱਚ ਉੱਗੀਆਂ ਫਸਲਾਂ ਹੀ ਖਾਵੋਗੇ। ਜੁਬਲੀ ਵਰ੍ਹੇ ਵਿੱਚ ਹਰ ਬੰਦਾ ਆਪਣੀ ਜਾਇਦਾਦ ਉਤੇ ਵਾਪਸ ਜਾਵੇਗਾ।

ਖੇਤਾਂ ਜਾਂ ਅੰਗੂਰਾਂ ਦੇ ਬਾਗ ਦੇ ਮਾਲਕ ਨੂੰ ਆਪਣੀਆਂ ਫਸਲਾਂ ਵੱਢਣ ਦੀ ਆਗਿਆ ਨਹੀਂ ਜਿਵੇਂ ਉਹ ਹਮੇਸ਼ਾਂ ਕਰਦਾ ਹੈ। ਪਰ ਇਸਨੂੰ ਸਾਰਿਆਂ ਦੇ ਖਾਣ ਲਈ ਛੱਡ ਦੇਣਾ ਚਾਹੀਦਾ ਹੈ। ਉਹ ਭੋਜਨ ਇਕੱਠਾ ਕਰਨ ਲਈ ਹੋਰਨਾਂ ਨਾਲ ਮਿਲ ਸਕਦਾ।, ਪਰ ਸਿਰਫ ਇੱਕ ਇਸਰਾਈਲੀ ਸਖਸ਼ੀਅਤ ਵਾਂਗ ਮਾਲਕ ਦੀ ਹੈਸੀਅਤ ਨਾਲ ਨਹੀਂ।

ਪਰ ਸ਼ਾਇਦ ਤੁਸੀਂ ਆਖੋ, ਜੇ ਅਸੀਂ ਬੀਜ ਨਹੀਂ ਬੀਜਾਂਗੇ ਜਾਂ ਫਸਲਾਂ ਇਕੱਠੀਆਂ ਨਹੀਂ ਕਰਾਂਗੇ ਤਾਂ ਸੱਤਵੇਂ ਸਾਲ ਦੌਰਾਨ ਅਸੀਂ ਕੀ ਖਾਵਾਂਗੇ। ਫਿਕਰ ਨਾ ਕਰੋ। ਮੈਂ ਛੇਵੇਂ ਵਰ੍ਹੇ ਵਿੱਚ ਤੁਹਾਡੇ ਲਈ ਆਪਣੀਆਂ ਅਸੀਸਾਂ ਭੇਜਾਂਗਾ। ਉਸ ਵਰ੍ਹੇ ਧਰਤੀ ਇੰਨੀ ਫਸਲ ਉਗਾਵੇਗੀ ਜੋ ਕਿ ਤਿੰਨਾਂ ਸਾਲਾਂ ਲਈ ਕਾਫੀ ਹੋਵੇਗੀ। ਜਦੋਂ ਤੁਸੀਂ ਅੱਠਵੇਂ ਵਰ੍ਹੇ ਬੀਜ ਬੀਜੋਗੇ, ਤੁਸੀਂ ਹਾਲੇ ਵੀ ਪਿਛਲੀ ਫਸਲ ਦੀਆਂ ਚੀਜ਼ਾਂ ਖਾ ਰਹੇ ਹੋਵੋਗੇ। ਤੁਸੀਂ ਪੁਰਾਣੀ ਫਸਲ ਨੌਵੇਂ ਸਾਲ ਤੱਕ ਖਾਂਦੇ ਰਹੋਗੇ।ਜਦੋਂ ਕਿ ਤੁਸੀਂ ਅੱਠਵੇਂ ਸਾਲ ਵਿੱਚ ਬੀਜੀ ਫਸਲ ਦੀ ਵਾਢੀ ਕਰੋਂਗੇ।

ਜਾਇਦਾਦ ਦੀਆਂ ਵਿਧੀਆਂ :

ਜ਼ਮੀਨ ਅਸਲ ਵਿੱਚ ਮੇਰੀ ਹੈ। ਤੁਈਂ ਮੇਰੀ ਜ਼ਮੀਨ ਉਤੇ ਮੇਰੇ ਨਾਲ ਰਹਿਣ ਵਾਲੇ ਪਰਦੇਸੀ ਮੁਸਾਫਿਰ ਹੋ।

ਜੇਕਰ ਕੋਈ ਬੰਦਾ ਕੰਧਾਂ ਨਾਲ ਘਿਰੇ ਸ਼ਹਿਰੀ ਇਲਾਕੇ ਵਿੱਚ ਮਕਾਨ ਵੇਚਦਾ ਹੈ ਉਸ ਨੂੰ ਇੱਕ ਸਾਲ ਤਾਈਂ ਜਦੋਂ ਤੋਂ ਉਸਨੇ ਘਰ ਵੇਚਿਆ ਸੀ, ਘਰ ਖਰੀਦਣ ਦਾ ਹੱਕ ਹੈ। ਪਰ ਜੇਕਰ ਉਹ ਪੂਰਾ ਸਾਲ ਬੀਤਣ ਤੋਂ ਪਹਿਲਾਂ ਮਕਾਨ ਨੂੰ ਵਾਪਸ ਨਹੀਂ ਖਰੀਦਦਾ ਤਾਂ ਕੰਧਾਂ ਨਾਲ ਘਿਰੇ ਸ਼ਹਿਰੀ ਇਲਾਕੇ ਵਿਚਲਾ ਇਹ ਮਕਾਨ ਹਮੇਸ਼ਾ ਲਈ ਉਸਦਾ ਅਤੇ ਉਸਦੇ ਅਧਿਕਾਰੀਆਂ ਦਾ ਹੋ ਜਾਵੇਗਾ ਜਿਸਨੇ ਇਸਨੂੰ ਖਰੀਦਿਆ ਸੀ। ਚਾਰਦੀਵਾਰੀ ਤੋਂ ਬਿਨਾਂ ਨਗਰਾਂ ਨੂੰ ਖੁੱਲ੍ਹੇ ਖੇਤ ਮੰਨਿਆ ਜਾਂਦਾ ਹੈ। ਇਸ ਲਈ ਇਹਨਾਂ ਛੋਟਿਆਂ ਨਗਰਾਂ ਵਿੱਚ ਵੇਚੇ ਗਏ ਕਿਸੇ ਵੀ ਵਕਤ ਖਰੀਦੇ ਜਾ ਸਕਣਗੇ ਅਤੇ ਜੁਬਲੀ ਵਰ੍ਹੇ ਦੇ ਸਮੇਂ ਆਪਣੇ ਪਹਿਲੇ ਮਾਲਕਾਂ ਕੋਲ ਵਾਪਸ ਚਲੇ ਜਾਣਗੇ।

ਲੇਵੀਆਂ ਦੇ ਸ਼ਹਿਰਾਂ ਬਾਰੇ:

Scanned with OKEN Scanner

ਲੇਵੀ ਆਪਣੇ ਘਰਾਂ ਨੂੰ ਉਹਨਾਂ ਦੇ ਆਪਣੇ ਸ਼ਹਿਰਾਂ ਵਿਚਲੇ ਮਕਾਨਾਂ ਨੂੰ ਕਿਸੇ ਵੇਲੇ ਵੀ ਵਾਪਸ ਖਰੀਦ ਸਕਦੇ ਹਨ। ਜੇ ਕੋਈ ਬੰਦਾ ਕਿਸੇ ਲੇਵੀ ਤੋਂ ਮਕਾਨ ਖਰੀਦਦਾ ਹੈ, ਲੇਵੀਆਂ ਦੇ ਸ਼ਹਿਰ ਵਿਚਲਾ ਉਹ ਮਕਾਨ ਜੁਬਲੀ ਦੇ ਮੌਕੇ ਤੇ ਇੱਕ ਵਾਰ ਫੇਰ ਲੇਵੀਆਂ ਕੋਲ ਚਲਾ ਜਾਵੇਗਾ (ਕਾਰਲ ਮਾਰਕਸ ਲੇਵੀ ਦੇ ਖਾਨਦਾਨ ਦੇ ਕੋਲ), ਕਿਉਂਕਿ ਇਸਰਾਈਲ ਵਿੱਚ ਲੇਵੀਆਂ ਦੇ ਸ਼ਹਿਰਾਂ ਵਿਚਲੇ ਮਕਾਨ ਸਥਾਈ ਤੌਰ ਤੇ ਲੇਵੀਆਂ ਦੇ ਹੀ ਹਨ। ਲੇਵੀਆਂ ਦੇ ਸ਼ਹਿਰਾਂ ਦੇ ਦੁਆਲੇ ਖੇਤਾਂ ਨੂੰ ਵੇਚਿਆ ਨਹੀਂ ਜਾ ਸਕਦਾ। ਇਹ ਖੇਤ ਹਮੇਸ਼ਾ ਵਾਸਤੇ ਲੇਵੀਆਂ ਦੇ ਹਨ।

ਗੁਲਾਮਾਂ ਦੇ ਮਾਲਕਾਂ ਲਈ ਬਿਧੀਆਂ :

ਹੋ ਸਕਦਾ ਹੈ ਤੁਹਾਡੇ ਆਪਣੇ ਦੇਸ਼ ਦਾ ਕੋਈ ਬੰਦਾ ਇੰਨਾ ਗਰੀਬ ਜੋ ਜਾਵੇ ਕਿ ਉਹ ਤੁਹਾਨੂੰ ਆਪਣੇ ਆਪ ਨੂੰ ਗੁਲਾਮ ਦੇ ਤੌਰ ਤੇ ਵੇਚੇ। ਤੁਹਾਨੂੰ ਉਸ ਕੋਲੋਂ ਗੁਲਾਮ ਵਰਗਾ ਕੰਮ ਨਹੀਂ ਲੈਣਾ ਚਾਹੀਦਾ। ਉਹ ਤੁਹਾਡੇ ਨਾਲ ਰਹਿੰਦੇ ਇੱਕ ਭਾੜੇ ਦੇ ਕਾਮੇ ਜਾਂ ਵਿਦੇਸ਼ੀ ਵਾਂਗ ਹੋਵੇਗਾ। ਉਹ ਜੁਬਲੀ ਵਰ੍ਹੇ ਤੀਕ ਤੁਹਾਡੀ ਸੇਵਾ ਕਰੇਗਾ। ਫੇਰ ਉਹ ਤੁਹਾਡੇ ਕੋਲੋਂ ਜਾ ਸਕਦਾ ਹੈ। ਉਹ ਆਪਣੇ ਬੱਚਿਆਂ ਨੂੰ ਲੈ ਕੇ ਆਪਣੇ ਪਰਿਵਾਰ ਕੋਲ ਵਾਪਸ ਜਾ ਸਕਦਾ ਹੈ। ਉਹ ਆਪਣੇ ਪੁਰਖਿਆਂ ਦੀ ਜ਼ਮੀਨ ਉਤੇ ਵਾਪਸ ਜਾ ਸਕਦਾ ਹੈ। ਕਿਉਂ? ਕਿਉਂਕਿ ਉਹ ਮੇਰੇ ਸੇਵਕ ਹਨ। ਮੈਂ ਉਹਨਾਂ ਨੂੰ ਮਿਸਰ ਵਿਚਲੀ ਗੁਲਾਮੀ ਤੋਂ ਬਾਹਰ ਲਿਆਂਦਾ। ਉਹਨਾਂ ਨੂੰ ਫੇਰ ਤੋਂ ਗੁਲਾਮ ਨਹੀਂ ਬਣਨਾ ਚਾਹੀਦਾ। ਤੁਹਾਨੂ ਉਸ ਤੇ ਕਠੋਰ ਢੰਗ ਨਾਲ ਸ਼ਾਸਨ ਨਹੀਂ ਕਰਨਾ ਚਾਹੀਦਾ। ਤੁਹਾਨੂੰ ਆਪਣੇ ਪਰਮੇਸ਼ਰ ਤੋਂ ਡਰਨਾ ਚਾਹੀਦਾ ਹੈ।

ਤੁਹਾਡੇ ਦਾਸ ਅਤੇ ਦਾਸੀਆਂ ਬਾਰੇ: ਤੁਸੀਂ ਆਪਣੇ ਆਲੇ ਦੁਆਲੇ ਦੀਆਂ ਕੌਮਾਂ ਤੋਂ ਆਦਮੀਆਂ ਅਤੇ ਔਰਤਾਂ ਨੂੰ ਤੁਹਾਡੇ ਗੁਲਾਮ ਹੋਣ ਲਈ ਖਰੀਦ ਸਕਦੇ ਹੋ। ਇਸ ਤੋਂ ਇਲਾਵਾ ਤੁਸੀਂ ਤੁਹਾਡੇ ਦਰਮਿਆਨ ਰਹਿੰਦੇ ਵਿਦੇਸ਼ੀਆਂ ਅਤੇ ਤੁਹਾਡੇ ਦਰਮਿਅਨ ਰਹਿੰਦੇ ਉਹਨਾਂ ਦੇ ਪਰਿਵਾਰਾਂ ਤੋਂ ਜਾਂ ਉਨ੍ਹਾਂ ਦੇ ਪਰਿਵਾਰਾਂ ਤੋਂ ਗੁਲਾਮ ਖਰੀਦ ਸਕਦੇ ਹੋ ਜੋ ਤੁਹਾਡੀ ਧਰਤੀ ਵਿੱਚ ਜਨਮੇ ਸਨ। ਉਹ ਗੁਲਾਮ ਤੁਹਾਡੀ ਜਾਇਦਾਦ ਬਣ ਜਾਣਗੇ। ਤੁਸੀਂ ਇਹਨਾਂ ਪਰਦੇਸੀ ਗੁਲਾਮਾਂ ਨੂੰ ਆਪਣੇ ਬੱਚਿਆਂ ਨੂੰ ਵੀ ਦੇ ਸਕਦੇ ਹੋ ਜੋ ਤੁਹਾਡੇ ਮਰਨ ਤੋਂ ਬਾਅਦ ਤੁਹਾਡੇ ਬੱਚਿਆਂ ਦੇ ਹੋ ਜਾਣਗੇ। ਉਹ ਹਮੇਸ਼ਾ ਵਾਸਤੇ ਤੁਹਾਡੇ ਗੁਲਾਮ ਰਹਿਣਗੇ। ਤੁਸੀਂ ਇਹਨਾਂ ਪਰਦੇਸੀਆਂ ਨੂੰ ਗੁਲਾਮ ਬਣਾ ਸਕਦੇ ਹੋ। ਪਰ ਤੁਹਾਨੂੰ ਆਪਣੇ ਭਰਾਵਾਂ, ਇਸਰਾਈਲ ਦੇ ਲੋਕਾਂ ਲਈ ਜ਼ਾਲਮ ਸੁਆਮੀ ਨਹੀਂ ਬਨਣਾ ਚਾਹੀਦਾ।

(ਠੀਕ ਹੈ ! ਬਦੇਸ਼ੀਆਂ ਲਈ ਜ਼ਾਲਮ ਮਾਲਕ ਬਣੋ, ਪਰ ਸੁਦੇਸ਼ੀਆਂ ਲਈ ਨਹੀਂ, ਵਾਹਵਾ !!)

ਹੋ ਸਕਦਾ ਹੈ ਕੋਈ ਵਿਦੇਸ਼ੀ ਜੋ ਤੁਹਾਡੇ ਦਰਮਿਆਨ ਰਹਿੰਦਾ ਹੈ। ਅਮੀਰ ਬਣ ਸਕਦਾ ਹੈ ਅਤੇ ਤੁਹਾਡੇ ਦੇਸ਼ ਦਾ ਕੋਈ ਬੰਦਾ ਇੰਨਾ ਗਰੀਬ ਬਣ ਸਕਦਾ ਹੈ ਕਿ ਉਹ ਆਪਣ

Scanned with OKEN Scanner
Scanned with OKEN Scanner

ਆਪ ਨੂੰ ਤੁਹਾਡੇ ਦਰਮਿਆਨ ਰਹਿੰਦੇ ਵਿਦੇਸ਼ੀ ਜਾਂ ਉਸ ਦੇ ਪਰਿਵਾਰ ਦੇ ਕਿਸੇ ਸਦੱਸ ਨੂੰ ਗੁਲਾਮ ਵਜੋਂ ਵੇਚ ਦੇਵੇ।

ਉਸ ਬੰਦੇ ਨੂੰ ਇਹ ਅਧਿਕਾਰ ਹੋਵੇਗਾ ਕਿ ਉਸਨੂੰ ਵਾਪਸ ਖਰੀਦੇ ਜਾਣ ਅਜ਼ਾਦ ਹੋਣ ਦਾ ਅਧਿਕਾਰ ਹੋਵੇਗਾ। ਉਸਦਾ ਕੋਈ ਭਰਾ ਉਸਨੂੰ ਵਾਪਸ ਖਰੀਦ ਸਕਦਾ ਹੈ। ਜਾਂ ਉਸਦਾ ਚਾਚਾ ਜਾਂ ਉਸਦਾ ਚਚੇਰਾ ਭਰਾ ਉਸਨੂੰ ਵਾਪਸ ਖਰੀਦ ਸਕਦਾ ਹੈ। ਉਸਦੇ ਪਰਿਵਾਰ ਦਾ ਕੋਈ ਨਜ਼ਦੀਕੀ ਰਿਸ਼ਤੇਦਾਰ ਉਸਨੂੰ ਵਾਪਸ ਖਰੀਦ ਸਕਦਾ ਹੈ। ਜਾਂ ਜੇ ਉਹ ਬੰਦਾ ਲੋੜੀਂਦਾ ਪੈਸਾ ਜਮ੍ਹਾਂ ਕਰ ਸਕਦਾ ਹੈ ਤਾਂ ਆਪਣੇ ਆਪ ਲਈ ਪੈਸਾ ਤਾਰ ਸਕਦਾ ਹੈ ਅਤੇ ਮੁੜਕੇ ਅਜ਼ਾਦ ਹੋ ਸਕਦਾ ਹੈ।

ਪਰਮੇਸ਼ਰ ਦਾ ਹੁਕਮ ਮੰਨਣ ਦੇ ਇਨਾਮ :

ਆਪਣੇ ਲਈ ਬੁੱਤ ਨਾ ਬਣਾਓ। ਆਪਣੀ ਧਰਤੀ ਉਤੇ ਬੁੱਤਾਂ, ਧਾਰਮਿਕ ਥੰਮਾਂ, ਜਾਂ ਤਰਾਸੇ ਹੋਏ ਪੱਤਰਾਂ ਨੂੰ ਨਾ ਉਸਾਰੋ ਕਿਉਂਕਿ ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ।

ਮੇਰੀ ਛੁੱਟੀ ਦੇ ਖਾਸ ਦਿਨਾਂ ਨੂੰ ਚੇਤੇ ਰੱਖੋ। ਅਤੇ ਮੇਰੇ ਪਵਿੱਤਰ ਸਥਾਨ ਦਾ ਆਦਰ ਕਰੋ। ਮੈਂ ਯਹੋਵਾਹ ਹਾਂ।

ਜੇ ਤੁਸੀਂ ਮੇਰੇ ਕਾਨੂੰਨਾਂ ਨੂੰ ਚੇਤੇ ਕਰਕੇ ਅਤੇ ਉਹਨਾਂ ਦੀ ਪਾਲਣਾ ਕਰਕੇ, ਮੇਰੀਆਂ ਹਿਦਾਇਤਾਂ ਅਨੁਸਾਰ ਰਹੋਗ, ਮੈਂ ਤੁਹਾਨੂੰ ਉਸ ਵੇਲੇ ਮੀਂਹ ਦਿਆਂਗਾ ਜਦੋਂ ਇਸਦੀ ਜਰੂਰਤ ਹੋਵੇਗੀ। ਧਰਤੀ ਫਸਲ ਉਗਾਵੇਗੀ ਅਤੇ ਖੇਤਾਂ ਦੇ ਰੁੱਖ ਆਪਣੇ ਫਲ ਉਗਣਗੇ। ਤੁਹਾਡੀ ਗਹਾਈ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਅੰਗੂਰ ਸਾਂਭਣ ਦਾ ਸਮਾਂ ਨਹੀਂ ਆ ਜਾਂਦਾ ਅਤੇ ਤੁਹਾਡਾ ਅੰਗੂਰ ਸਾਂਭਣਾ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਕਿ ਬੀਜਣ ਦਾ ਸਮਾਂ ਨਹੀਂ ਹੋ ਜਾਂਦਾ। ਫੇਰ ਤੁਹਾਡੇ ਕੋਲ ਖਾਣ ਲਈ ਕਾਫੀ ਹੋਵੇਗਾ। ਅਤੇ ਤੁਸੀਂ ਆਪਣੀ ਧਰਤੀ ਉਤੇ ਸੁਰੱਖਿਅਤ ਰਹੋਗੇ। ਮੈਂ ਤੁਹਾਡੇ ਦੇਸ਼ ਨੂੰ ਅਮਨ ਦਿਆਂਗਾ। ਤੁਸੀਂ ਅਮਨ ਚੈਨ ਨਾਲ ਲੇਟੋਗੇ। ਕੋਈ ਵੀ ਬੰਦਾ ਤੁਹਾਨੂ ਡਰਾਉਣ ਲਈ ਨਹੀਂ ਆਵੇਗਾ। ਮੈਂ ਖਤਰਨਾਕ ਜਾਨਵਰਾਂ ਨੂੰ ਤੁਹਾਡੇ ਦੇਸ਼ ਤੋਂ ਬਾਹਰ ਰੱਖਾਂਗਾ ਅਤੇ ਫੌਜਾਂ ਤੁਹਾਡੇ ਦੇਸ਼ ਵਿੱਚੋਂ ਨਹੀਂ ਗੁਜ਼ਰਨਗੀਆਂ।

ਤੁਸੀਂ ਆਪਣੇ ਦੁਸ਼ਮਣਾਂ ਨੂੰ ਭਜਾਉਗੇ ਅਤੇ ਉਹਨਾਂ ਨੂੰ ਹਰਾ ਦਿਉਗੇ। ਤੁਸੀਂ ਉਹਨਾਂ ਨੂੰ ਆਪਣੀ ਤਲਵਾਰ ਨਾਲ ਕਤਲ ਕਰ ਦਿਉਗੇ। ਤੁਹਾਡੇ ਪੰਜ ਆਦਮੀ ਸੋ ਆਦਮੀਆਂ ਨੂੰ ਭਜਾ ਦੇਣਗੇ। ਤੁਸੀਂ ਆਪਣੇ ਦੁਸ਼ਮਣਾਂ ਨੂੰ ਹਰਾ ਦਿਉਗੇ ਅਤੇ ਤਲਵਾਰ ਨਾਲ ਉਹਨਾਂ ਨੂੰ ਮਾਰ ਦਿਉਗੇ।

ਫੇਰ ਮੈਂ ਤੁਹਾਡੇ ਵੱਲ ਮੁੜਾਗਾਂ। ਮੈਂ ਤੁਹਾਨੂੰ ਬਹੁਤ ਸਾਰੀ ਔਲਾਦ ਦਿਆਂਗਾ। ਮੈਂ ਤੁਹਾਡੇ ਨਾਲ ਆਪਣਾ 'ਇਕਰਾਰਨਾਮਾ' ਨਿਭਾਵਾਂਗਾ। ਤੁਹਾਡੇ ਕੋਲ ਸਾਲ ਤੋਂ ਵੱਧ ਸਮੇਂ ਲਈ ਕਾਫੀ ਫਸਲਾਂ ਹੋਣਗੀਆਂ। ਤੁਸੀਂ ਨਵੀਆਂ ਫਸਲਾਂ ਵੱਢੋਗੇ। ਪਰ ਫੇਰ ਤੁਹਾਨੂੰ ਆਪਣੀਆਂ ਨਵੀਆਂ ਫਸਲਾਂ ਲਈ ਥਾਂ ਬਨਾਉਣ ਵਾਸਤੇ ਪੁਰਾਣੀਆਂ ਫਸਲਾਂ ਬਾਹਰ ਸੁੱਟਣੀਆ

Scanned with OKEN Scanner

ਪੈਣਗੀਆਂ। ਇਸ ਤੋਂ ਇਲਾਵਾ ਮੈਂ ਆਪਣਾ ਪਵਿੱਤਰ ਤੰਬੂ ਤੁਹਾਡੇ ਦਰਮਿਆਨ ਸਥਾਪਿਤ ਕਰਾਂਗਾ। ਮੈਂ ਤੁਹਾਡੇ ਕੋਲੋਂ ਮੂੰਹ ਨਹੀਂ ਮੋੜਾਂਗਾ। ਮੈ ਤੁਹਾਡੇ ਨਾਲ ਤੁਰਾਂਗਾ ਅਤੇ ਤੁਹਾਡਾ ਪਰਮੇਸ਼ਰ ਹੋਵਾਂਗਾ। ਅਤੇ ਤੁਸੀਂ ਮੇਰੇ ਬੰਦੇ ਹੋਵੋਗੇ। ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ।

ਤੁਸੀਂ ਮਿਸਰ ਵਿੱਚ ਗੁਲਾਮ ਸੀ। ਪਰ ਮੈਂ ਤੁਹਾਨੂੰ ਮਿਸਰ ਵਿੱਚੋਂ ਬਾਹਰ ਲਿਆਂਦਾ। ਤੁਸੀਂ ਉਸ ਭਾਰੀ ਬੋਝ ਨਾਲ ਦੱਬੇ ਹੋਏ ਸੀ ਜਿਹੜਾ ਤੁਸੀਂ ਗੁਲਾਮਾਂ ਤੇ ਤੌਰ ਤੇ ਚੁਕਿਆ ਹੋਇਆ ਸੀ। ਪਰ ਮੈਂ ਉਹ ਬੱਲੀਆਂ ਤੋੜ ਦਿੱਤੀਆਂ ਜਿਹੜੀਆਂ ਤੁਹਾਡੇ ਮੋਢਿਆਂ ਉਤੇ ਰੱਖੀਆਂ ਹੋਈਆਂ ਹਨ। ਮੈਂ ਤੁਹਾਨੂੰ ਫੇਰ ਇੱਕ ਵਾਰੀ ਸਿਰ ਉੱਚਾ ਚੁੱਕ ਕੇ ਤੁਰਨ ਦਿੱਤਾ।

ਪਰਮੇਸ਼ਰ ਦੀ ਪਾਲਣਾ ਨਾ ਕਰਨ ਦੀ ਸਜ਼ਾ :

ਜੇ ਤੁਸੀਂ ਮੇਰੀ ਤੇ ਮੇਰੇ ਸਾਰੇ ਹੁਕਮਾਂ ਦੀ ਪਾਲਣਾ ਨਹੀਂ ਕਰੋਗੇ, ਜੇ ਤੁਸੀਂ ਮੇਰੀਆਂ ਬਿਧੀਆਂ ਨੂੰ ਨਾ ਮੰਜੂਰ ਕਰੋਗੇ ਅਤੇ ਮੇਰੇ ਆਦੇਸ਼ਾਂ ਤੋਂ ਉਲਟ ਜਾਵੋਗੇ ਅਤੇ ਉਹਨਾਂ ਦਾ ਅਨੁਸਰਨ ਨਹੀਂ ਕਰੋਗੇ, ਤੁਸੀਂ ਮੇਰਾ ਇਕਰਾਰਨਾਮਾ ਤੋੜ ਦਿਤਾ ਹੈ ਤਾਂ ਇਹੀ ਹੈ ਜੋ ਮੈਂ ਤੁਹਾਡੇ ਨਾਲ ਕਰਾਂਗਾ। ਮੈਂ ਤੁਹਾਨੂੰ ਬਿਮਾਰੀ ਤੇ ਬੁਖਾਰ ਦਿਆਂਗਾ ਜੋ ਤੁਹਾਡੀਆਂ ਅੱਖਾਂ ਨਸ਼ਟ ਕਰ ਦੇਣਗੇ ਅਤੇ ਤੁਹਾਡੀ ਜਾਨ ਕੱਢ ਦੇਣਗੇ। ਜਦੋਂ ਵੀ ਤੁਸੀਂ ਬੀਜ ਬੀਜੋਗੇ, ਤੁਹਾਨੂੰ ਸਫਲਤਾ ਨਹੀਂ ਮਿਲੇਗੀ ਅਤੇ ਤੁਹਾਡੇ ਦੁਸ਼ਮਣ ਤੁਹਾਡੀਆਂ ਫਸਲਾਂ ਖਾ ਜਾਣਗੇ। ਮੈਂ ਤੁਹਾਡੇ ਵਿਰੁਧ ਹੋਵਾਂਗਾ। ਇਸ ਲਈ ਤੁਹਾਡੇ ਦੁਸ਼ਮਣ ਤੁਹਾਨੂੰ ਹਰਾ ਦੇਣਗੇ। ਉਹ ਦੁਸ਼ਮਣ ਤੁਹਾਨੂੰ ਨਫਰਤ ਕਰਦੇ ਹਨ ਅਤੇ ਉਹ ਤੁਹਾਡੇ ਉਤੇ ਰਾਜ ਕਰਨਗੇ। ਤੁਸੀਂ ਭੱਜ ਜਾਵੋਗੇ ਜਦ ਕਿ ਕੋਈ ਵੀ ਤੁਹਾਡਾ ਪਿੱਛਾ ਨਹੀਂ ਕਰ ਰਿਹਾ ਹੋਵੇਗਾ।

ਇਹਨਾਂ ਗੱਲਾਂ ਤੋਂ ਬਾਅਦ ਵੀ ਜੇ ਤੁਸੀਂ ਮੇਰੀ ਪਾਲਣਾ ਨਾ ਕੀਤੀ। ਮੈਂ ਤੁਹਾਨੂੰ ਤੁਹਾਡੇ ਪਾਪਾਂ ਦੀ ਸੱਤ ਗੁਣਾ ਵਧੇਰੇ ਸਜ਼ਾ ਦੇਵਾਂਗਾ। ਮੈਂ ਉਹਨਾਂ ਮਹਾਨ ਸ਼ਹਿਰਾਂ ਨੂੰ ਵੀ ਤਬਾਹ ਕਰ ਦਿਆਂਗਾ ਜਿਹੜੇ ਤੁਹਾਨੂੰ ਗਮਾਨੀ ਬਣਾਉਂਦੇ ਹਨ। ਅਕਾਸ਼ ਮੀਂਹ ਨਹੀਂ ਵਰ੍ਹਾਉਣਗੇ ਅਤੇ ਧਰਤੀ ਫਸਲਾਂ ਨਹੀਂ ਉਗਾਏਗੀ। ਤੁਸੀਂ ਸਖਤ ਮਿਹਨਤ ਕਰੋਗੇ ਪਰ ਇਸਦਾ ਕੋਈ ਫਾਇਦਾ ਨਹੀਂ ਹੋਵੇਗਾ। ਤੁਹਾਡੀ ਜ਼ਮੀਨ ਕੋਈ ਫਸਲ ਨਹੀਂ ਦੇਵੇਗੀ। ਤੁਹਾਡੇ ਰੁੱਖ ਆਪਣੇ ਫਲ ਨਹੀਂ ਉਗਾਓਣਗੇ।

ਫੇਰ ਵੀ ਤੁਸੀਂ ਮੇਰੇ ਖਿਲਾਫ ਹੋਵੋਂਗੇ ਅਤੇ ਮੈਨੂੰ ਮੰਨਣ ਤੋਂ ਇਨਕਾਰ ਕਰੋਂਗੇ। ਮੈਂ ਤੁਹਾਨੂੰ ਤੁਹਾਡੇ ਪਾਪਾਂ ਲਈ ਸੱਤ ਗੁਣਾ ਜਿਆਦਾ ਸਜ਼ਾ ਦੇਵਾਂਗਾ। ਮੈਂ ਤੁਹਾਡੇ ਖਿਲਾਫ ਜੰਗਲੀ ਜਾਨਵਰ ਘੱਲਾਂਗਾ। ਉਹ ਤੁਹਾਡੇ ਕੋਲ ਤੁਹਾਡੇ ਬੱਚਿਆਂ ਨੂੰ ਚੁੱਕ ਲਿਜਾਣਗੇ ਅਤੇ ਤੁਹਾਡੇ ਜਾਨਵਰਾਂ ਨੂੰ ਨਸ਼ਟ ਕਰ ਦੇਣਗੇ। ਉਹ ਤੁਹਾਡੇ ਬਹੁਤ ਸਾਰੇ ਲੋਕਾਂ ਨੂੰ ਮਾਰ ਦੇਣਗੇ। ਤੁਹਾਡੀਆਂ ਸੜਕਾਂ ਖਾਲੀ ਹੋ ਜਾਣਗੀਆਂ।

ਜੇ ਇਹਨਾਂ ਸਾਰੀਆਂ ਗੱਲਾਂ ਤੋਂ ਬਾਅਦ ਵੀ ਤੁਸੀਂ ਸਬਕ ਨਾ ਸਿੱਖਿਆ ਅਤੇ ਜੇ ਤੁਸੀਂ ਫਿਰ ਵੀ ਮੇਰੇ ਵਿਰੁੱਧ ਹੋਵੋਗੇ ਤਾਂ ਮੈਂ ਵੀ ਤੁਹਾਡੇ ਵਿਰੁੱਧ ਹੋ ਜਾਵਾਂਗਾ। ਮੈਂ ਯਹੋਵਾਹ

Scanned with OKEN Scanner

ਹਾਂ। ਤੁਹਾਨੂੰ ਤੁਹਾਡੇ ਪਾਪਾਂ ਲਈ ਸੱਤ ਵਾਰੀ ਸਜ਼ਾ ਦਿਆਂਗਾ। ਤੁਸੀਂ ਮੇਰਾ ਇਕਰਾਰਨਾਮਾ ਤੋੜਿਆ ਹੋਵੇਗਾ। ਇਸ ਲਈ ਮੈਂ ਤੁਹਾਨੂੰ ਸਜ਼ਾ ਦਿਆਂਗਾ। ਮੈਂ ਤੁਹਾਡੇ ਖਿਲਾਫ ਫੌਜਾਂ ਲਿਆਵਾਂਗਾ। ਤੁਸੀਂ ਸੁਰਖਿਆ ਲਈ ਆਪਣੇ ਸ਼ਹਿਰ ਅੰਦਰ ਵੜ ਜਾਵੋਗੇ। ਪਰ ਮੈਂ ਤੁਹਾਡੇ ਅੰਦਰ ਬਿਮਾਰੀਆਂ ਫੈਲਾਵਾਂਗਾ ਅਤੇ ਤੁਹਾਡੇ ਦੁਸ਼ਮਣ ਤੁਹਾਨੂੰ ਹਰਾ ਦੇਣਗੇ। ਜਦੋਂ ਮੈਂ ਤੁਹਾਡੀ ਭੋਜਨ ਪੂਰਤੀ ਬੰਦ ਕਰ ਦਿਆਂਗਾ। ਦਸ ਔਰਤਾਂ ਇੱਕ ਤੰਦੂਰ ਉਤੇ ਆਪਣੀ ਰੋਟੀ ਪਕਾ ਸਕਣਗੀਆਂ। ਉਹ ਹਰ ਰੋਟੀ ਨੂੰ ਧਿਆਨ ਨਾਲ ਨਾਪਣਗੀਆਂ। ਤੁਸੀਂ ਖਾਵੋਗੇ ਪਰ ਫੇਰ ਵੀ ਭੁੱਖੇ ਰਹੋਗੇ।

ਜੇ ਤੁਸੀਂ ਫਿਰ ਵੀ ਮੇਰੀ ਗੱਲ ਵੱਲ ਧਿਅਨ ਨਹੀਂ ਦਿਉਗੇ ਅਤੇ ਜੇ ਤੁਸੀਂ ਮੇਰੇ ਖਿਲਾਫ ਹੋ ਜਾਵੋਗੇ ਤਾਂ ਮੈਂ ਸਚਮੁਚ ਆਪਣਾ ਕਰੋਧ ਦਰਸਾਵਾਂਗਾ। ਮੈਂ ਯਹੋਵਾਹ ਹਾਂ। ਤੁਹਾਨੂੰ ਤੁਹਾਡੇ ਪਾਪਾਂ ਲਈ ਸੱਤ ਗੁਣਾ ਸਜ਼ਾ ਦਿਆਂਗਾ। ਤੁਸੀਂ ਇੰਨੇ ਭੁੱਖੇ ਹੋ ਜਾਉਗੇ ਕਿ ਤੁਸੀਂ ਆਪਣੇ ਪੁੱਤਰਾਂ ਧੀਆਂ ਦੇ ਸ਼ਰੀਰਾਂ ਨੂੰ ਖਾ ਜਾਉਗੇ। ਮੈਂ ਤੁਹਾਡੀਆਂ ਉੱਚੀਆਂ ਥਾਵਾਂ ਨਸ਼ਟ ਕਰ ਦਿਆਂਗਾ ਅਤੇ ਤੁਹਾਡੀਆ ਧੂਪ ਦੀਆਂ ਜਗਵੇਦੀਆਂ ਚੀਰ ਸੁੱਟਾਂਗਾ। ਮੈਂ ਤੁਹਾਡੀਆਂ ਲਾਸ਼ਾ ਨੂੰ ਤੁਹਾਡੇ ਬੁੱਤਾਂ ਦੀਆਂ ਲਾਸ਼ਾ ਉਤੇ ਸੁੱਟ ਦਿਆਂਗਾ। ਤੁਸੀਂ ਮੇਰੇ ਲਈ ਬਹੁਤ ਘਿਰਣਾਯੋਗ ਹੋਵੋਗੇ। ਮੈਂ ਤੁਹਾਡੇ ਸ਼ਰੀਰ ਤਬਾਹ ਕਰ ਦਿਆਂਗਾ। ਮੈਂ ਤੁਹਾਡੇ ਪਵਿੱਤਰ ਸਥਾਨਾਂ ਨੂੰ ਸੱਖਣੇ ਕਰ ਦਿਆਂਗਾ। ਮੈਂ ਤੁਹਾਡੀ ਭੇਟ ਦੀ ਸੁਗੰਧੀ ਲੈਣਾ ਬੰਦ ਕਰ ਦਿਆਂਗਾ ਅਤੇ ਤੁਹਾਡੇ ਦੁਸ਼ਮਣ ਉਥੇ ਆ ਕੇ ਰਹਿਣਗੇ। ਉਹ ਹੈਰਾਨ ਹੋ ਜਾਣਗੇ। ਮੈਂ ਤੁਹਾਨੂੰ ਕੋਮਾਂ ਦਰਮਿਆਨ ਖਿੰਡਾ ਦਿਆਂਗਾ। ਮੈਂ ਆਪਣੀ ਤਲਵਾਰ ਨੂੰ ਮਿਆਨੋ ਖਿੱਚਾਂਗਾ ਅਤੇ ਤੁਹਾਨੂੰ ਨਸ਼ਟ ਕਰ ਦਿਆਂਗਾ। ਤੁਹਾਡੀ ਧਰਤੀ ਖਾਲੀ ਹੋ ਜਾਵੇਗੀ। ਅਤੇ ਤੁਹਾਡੇ ਸ਼ਹਿਰ ਬਰਬਾਦ ਹੋ ਜਾਣਗੇ।

ਤੁਹਾਨੂੰ ਤੁਹਾਡੇ ਦੁਸ਼ਮਣ ਦੇ ਦੇਸ਼ ਲਿਜਾਇਆ ਜਾਵੇਗਾ। ਤੁਹਾਡਾ ਦੇਸ਼ ਸੱਖਣਾ ਹੋ ਜਾਵੇਗਾ। ਇਸ ਤਰ੍ਹਾਂ ਤੁਹਾਡੀ ਧਰਤੀ ਆਖਰਕਾਰ ਆਰਾਮ ਹਾਂਸਲ ਕਰੇਗੀ। ਧਰਤੀ ਆਪਣੇ ਅਰਾਮ ਦੇ ਸਮੇਂ ਨੂੰ ਮਾਣੇਗੀ। ਉਸ ਸਮੇਂ ਦੋਰਾਨ ਜਦੋਂ ਧਰਤੀ ਖਾਲੀ ਹੋਵੇਗੀ। ਇਸਨੂੰ ਆਪਣੇ ਅਰਾਮ ਦਾ ਸਮਾਂ ਮਿਲੇਗਾ ਜਿਹੜਾ ਤੁਸੀਂ ਉਥੇ ਰਹਿੰਦਿਆਂ ਹੋਇਆਂ ਇਸਨੂੰ ਨਹੀਂ ਦਿੱਤਾ ਸੀ। ਬਚੇ ਹੋਏ ਲੋਕ ਦੁਸ਼ਮਣਾਂ ਦੀ ਧਰਤੀ ਤੇ ਆਪਣਾ ਆਤਮਵਿਸ਼ਵਾਸ ਹਾਰ ਜਾਣਗੇ ਅਤੇ ਉਹ ਹਰ ਚੀਜ਼ ਤੋਂ ਡਰਨਗੇ। ਹਵਾ ਦੁਆਰਾ ਉਡਾਏ ਹੋਏ ਪੱਤੇ ਦੀ ਅਵਾਜ਼ ਵੀ ਉਹਨਾਂ ਨੂੰ ਡਰਾ ਦੇਵੇਗੀ। ਉਹ ਭੱਜਣਗੇ ਅਤੇ ਡਿਗ ਪੈਣਗੇ ਜਿਵੇਂ ਕੋਈ ਤਲਵਾਰ ਲੈ ਕੇ ਉਹਨਾਂ ਦ ਿਪਿੱਛੇ ਪਿਆ ਹੋਵੇ। ਭਾਵੇਂ ਕੋਈ ਵੀ ਉਹਨਾਂ ਨੂੰ ਨਹੀਂ ਭਜਾ ਰਿਹਾ ਹੋਵੇਗਾ। ਉਹ ਇੱਕ ਦੂਜੇ ਉਤੇ ਡਿਗਣਗੇ ਜਿਵੇਂ ਕਿ ਤਲਵਾਰ ਤੋਂ ਬਚ ਰਹੇ ਹੋਣ।

ਭਾਵੇਂ ਕੋਈ ਵੀ ਉਹਨਾਂ ਨੂੰ ਨਹੀਂ ਭਜਾ ਰਿਹਾ ਹੋਵੇਗਾ। ਤੁਸੀਂ ਦੁਸ਼ਮਣਾਂ ਦੇ ਵਿਰੁਧ ਖਲੋ ਸਕਣ ਜਿੰਨੇ ਵੀ ਤਾਕਤਵਾਰ ਨਹੀਂ ਹੋਵੋਗੇ। ਤੁਸੀਂ ਦੂਸਰੀਆਂ ਕੋਮਾਂ ਵਿੱਚ ਗੁਆਚ ਜਾਵੋਗੇ। ਤੁਸੀਂ ਆਪਣੇ ਦੁਸ਼ਮਣਾਂ ਦੀ ਧਰਤੀ ਅੰਦਰ ਗਾਇਬ ਹੋ ਜਾਵੋਗੇ। ਬਚੇ ਹੋਏ ਲੋਕ

Scanned with OKEN Scanner

ਆਪਣੇ ਦੁਸ਼ਮਣਾਂ ਦੇ ਦੇਸਾਂ ਅੰਦਰ ਆਪਣੇ ਪਾਪਾਂ ਕਾਰਣ ਸੜ ਜਾਣਗੇ। ਉਹ ਆਪਣੇ ਪੁਰਖਿਆਂ ਦੇ ਪਾਪਾਂ ਕਾਰਣ ਸੜ ਜਾਣਗੇ।

ਉਮੀਦ ਹਮੇਸ਼ਾਂ ਰਹਿੰਦੀ ਹੈ :

ਪਰ ਹੋ ਸਕਦਾ ਹੈ ਲੋਕ ਆਪਣੇ ਪਾਪਾਂ ਦਾ ਇਕਬਾਲ ਕਰ ਲੈਣ ਅਤੇ ਹੋ ਸਕਦਾ ਹੈ ਕਿ ਉਹ ਆਪਣੇ ਪੁਰਖਿਆਂ ਦੇ ਪਾਪਾਂ ਨੂੰ ਵੀ ਕਬੂਲ ਲੈਣ ਕਿ ਉਹ ਮੇਰੇ ਖਿਲਾਫ ਸਨ। ਹੋ ਸਕਦਾ ਹੈ ਕਿ ਉਹ ਮੰਨ ਲੈਣ ਕਿ ਉਹ ਮੇਰੇ ਖਿਲਾਫ ਸਨ। ਹੋ ਸਕਦਾ ਹੈ ਉਹ ਮੰਨ ਲੈਣ ਕਿ ਮੈਂ ਉਹਨਾਂ ਦੇ ਵਿਰੁਧ ਹੋ ਗਿਆ ਸਾਂ ਅਤੇ ਉਹਨਾਂ ਨੂੰ ਉਹਨਾਂ ਦੇ ਦੁਸ਼ਮਣਾਂ ਦੀ ਧਰਤੀ ਅੰਦਰ ਲੈ ਆਇਆ ਸਾਂ। ਪਰ ਹੋ ਸਕਦਾ ਹੈ ਕਿ ਉਹ ਨਿਮਾਣੇ ਬਣ ਜਾਣ ਅਤੇ ਆਪਣੇ ਪਾਪਾਂ ਦੀ ਸਜ਼ਾ ਨੂੰ ਪ੍ਰਵਾਨ ਕਰ ਲੈਣ। ਜੇ ਉਹ ਅਜਿਹਾ ਕਰਨਗੇ ਤਾਂ ਮੈਂ ਯਾਕੂਬ ਨਾਲ ਕੀਤੇ ਆਪਣੇ ਇਕਰਾਰਨਾਮੇ ਨੂੰ ਇਸਹਾਕ ਨਾਲ ਕੀਤੇ ਆਪਣੇ ਇਕਰਾਰਨਾਮੇ ਨੂੰ ਅਤੇ ਅਬਰਾਹਮ ਨਾਲ ਕੀਤੇ ਆਪਣੇ ਇਕਰਾਰਨਾਮੇ ਨੂੰ ਚੇਤੇ ਕਰਾਂਗਾ। ਅਤੇ ਮੈਂ ਧਰਤੀ ਨੂੰ ਚੇਤੇ ਕਰਾਂਗਾ।

ਧਰਤੀ ਉਹਨਾਂ ਤੋਂ ਖਾਲੀ ਹੋਵੇਗੀ ਅਤੇ ਧਰਤੀ ਆਪਣੇ ਅਰਾਮ ਦੇ ਸਮੇਂ ਨੂੰ ਮਾਣੇਗੀ। ਫੇਰ ਬਚੇ ਹੋਏ ਲੋਕ ਆਪਣੇ ਪਾਪਾਂ ਦੀ ਸਜ਼ਾ ਪ੍ਰਵਾਨ ਕਰ ਲੈਣਗੇ। ਉਹਨਾਂ ਨੂੰ ਪਤਾ ਲੱਗ ਜਾਵੇਗਾ ਕਿ ਉਹਨਾਂ ਨੂੰ ਇਸ ਲਈ ਸਜ਼ਾ ਮਿਲੀ ਸੀ ਕਿਉਂਕਿ ਉਹਨਾਂ ਨੇ ਮੇਰੇ ਕਾਨੂੰਨਾਂ ਨੂੰ ਨਫਰਤ ਕੀਤੀ ਅਤੇ ਮੇਰੀਆਂ ਬਿਧੀਆਂ ਨੂੰ ਮੰਨਣ ਤੋਂ ਇਨਕਾਰ ਕੀਤਾ। ਪਰ ਉਹਨਾਂ ਦੇ ਇਹ ਸਭ ਕਰਨ ਤੋਂ ਬਾਅਦ ਵੀ ਜਦੋਂ ਉਹ ਆਪਣੇ ਦੁਸ਼ਮਣ ਦੀ ਧਰਤੀ ਵਿੱਚ ਹੋਣਗੇ ਮੈਂ ਉਹਨਾਂ ਨੂੰ ਨਾ ਮੰਜ਼ੂਰ ਕਰਾਂਗਾ। ਮੈਂ ਉਹਨਾਂ ਨੂੰ ਨਫਰਤ ਨਹੀਂ ਕਰਾਂਗਾ ਅਤੇ ਉਹਨਾਂ ਨੂੰ ਪੂਰੀ ਤਰ੍ਹਾਂ ਨਸ਼ਟ ਨਹੀਂ ਕਰਾਂਗਾ। ਮੈਂ ਉਹਨਾਂ ਨਾਲ ਆਪਣਾ ਇਕਰਾਰਨਾਮਾ ਨਹੀਂ ਤੋੜਾਂਗਾਂ ਕਿਉਂਕਿ ਮੈਂ ਯਹੋਵਾਹ ਉਹਨਾਂ ਦਾ ਪਰਮੇਸ਼ਰ ਹਾਂ। ਉਹਨਾਂ ਲਈ ਮੈਂ ਉਹਨਾਂ ਦੇ ਪੁਰਖਿਆ ਨਾਲ ਕੀਤਾ ਇਕਰਾਰਨਾਮਾ ਚੇਤੇ ਕਰਾਂਗਾ।

ਮੈਂ ਉਹਨਾਂ ਦੇ ਪੁਰਖਿਆਂ ਨੂੰ ਮਿਸਰ ਤੋਂ ਬਾਹਰ ਲੈ ਕੇ ਆਇਆ ਤਾਂ ਜੋ ਉਹਨਾਂ ਦਾ ਪਰਮੇਸ਼ਰ ਬਣ ਸਕਾਂ। ਹੋਰਨਾਂ ਕੌਮਾਂ ਨੇ ਇਹ ਚੀਜ਼ਾਂ ਦੇਖੀਆਂ। ਮੈਂ ਯਹੋਵਾਹ ਹਾਂ।

ਇਹ ਉਹ ਬਿਧੀਆਂ, ਨਿਆਵਾਂ, ਅਤੇ ਬਿਵਸਥਾਵਾਂ ਹਨ, ਜਿਹੜੀਆਂ ਯਹੋਵਾਹ ਨੇ ਆਪਣੇ ਅਤੇ ਇਸਰਾਈਲ ਦੇ ਲੋਕਾਂ ਦਰਮਿਆਨ ਸਥਾਪਿਤ ਕੀਤੀਆਂ। ਯਹੋਵਾਹ ਨੇ ਇਹ ਬਿਧੀਆ ਮੂਸਾ ਨੂੰ ਸੀਨਈ ਪਰਬਤ ਉਤੇ ਦਿੱਤੀਆਂ ਅਤੇ ਮੂਸਾ ਨੇ ਇਹਨਾਂ ਨੂੰ ਲੋਕਾਂ ਨੂੰ ਦੇ ਦਿੱਤੀਆਂ।

ਇਕਰਾਰ ਜਰੂਰੀ ਹਨ :

ਯਹੋਵਾਹ ਨੇ ਮੂਸਾ ਨੂੰ ਆਖਿਆ, 'ਇਸਰਾਈਲ ਦੇ ਲੋਕਾ ਨੂੰ ਆਖ: ਜੇਕਰ ਕੋਈ ਵਿਅਕਤੀ ਅਰਪਨ ਕਰਨ ਦੀ ਖਾਸ ਸੌਂਹ ਖਾਂਦਾ ਹੈ ਤਾਂ ਜਾਜਕ ਨੂੰ ਉਸ ਵਿਅਕਤੀ ਦੀ ਕੀਮਤ ਨਿਰਧਾਰਿਤ ਕਰਨੀ ਚਾਹੀਦੀ ਹੈ। ਵੀਹ ਸਾਲ ਤੋਂ ਸੱਠ ਸਾਲ ਦੀ ਉਮਰ ਦੇ ਆਦਮੀ ਦੀ

Scanned with OKEN Scanner
Scanned with OKEN Scanner

ਕੀਮਤ ਚਾਂਦੀ ਦੇ 50 ਸ਼ੈਕਲ ਹਨ। (ਤੁਹਾਨੂੰ ਚਾਂਦੀ ਲਈ ਸਰਕਾਰੀ ਮਾਪ ਦੀ ਵਰਤੋਂ ਕਰਨੀ ਚਾਹੀਦੀ ਹੈ) ਔਰਤ ਦੀ ਕੀਮਤ 30 ਸ਼ੈਕਲ ਹੈ। ਪੰਜ ਤੋਂ 30 ਸਾਲ ਦੀ ਉਮਰ ਦੇ ਆਦਮੀ ਦੀ ਕੀਮਤ 10 ਸ਼ੈਕਲ ਹੈ। ਇੱਕ ਮਹੀਨੇ ਤੋਂ ਲੈ ਕੇ 5 ਸਾਲ ਦੇ ਮੁੰਡੇ ਦੀ ਕੀਮਤ 5 ਸ਼ੈਕਲ ਹੈ। ਇੱਕ ਮਹੀਨੇ ਤੋਂ ਲੈ ਕੇ 5 ਸਾਲਾਂ ਦੀ ਕੁੜੀ ਦੀ ਕੀਮਤ 3ਸ਼ੈਕਲ ਹੈ। ਉਸ ਆਦਮੀ ਦੀ ਕੀਮਤ ਜਿਹੜਾ 60 ਸਾਲ ਜਾਂ ਇਸ ਤੋਂ ਵਡੇਰੀ ਉਮਰ ਦਾ ਹੈ, 15 ਸ਼ੈਕਲ ਹੈ। ਔਰਤ ਦੀ ਕੀਮਤ 10 ਸ਼ੈਕਲ ਹੈ। ਜੇ ਕੋਈ ਬੰਦਾ ਗਰੀਬੀ ਕਾਰਣ ਨਹੀਂ ਦੇ ਸਕਦਾ, ਉਹ (ਜਿਸ ਵਿਅਕਤੀ ਨੇ ਇਕਰਾਰ ਕੀਤਾ ਸੀ) ਉਸ ਵਿਅਕਤੀ ਨੂੰ ਜਾਜਕ ਕੋਲ ਲੈ ਕੇ ਆਵੇ ਜਿਸਨੂੰ ਉਸਨੇ ਯਹੋਵਾਹ ਲਈ ਸਮਰਪਿਤ ਕੀਤਾ ਸੀ। ਜਾਜਕ ਨਿਰਣਾ ਕਰੇਗਾ ਕਿ ਉਹ ਬੰਦੇ ਨੂੰ ਕਿੰਨੇ ਪੈਸੇ ਦੇਣੇ ਚਾਹੀਦੇ ਹਨ।

ਯਹੋਵਾਹ ਲਈ ਸੋਗਾਤਾਂ :

ਜੇ ਕੋਈ ਵਿਅਕਤੀ ਇੱਕ ਜਾਨਵਰ ਨੂੰ ਯਹੋਵਾਹ ਨੂੰ ਦੇਣ ਦਾ ਇਕਰਾਰ ਕਰਦਾ ਹੈ, ਕੋਈ ਵੀ ਜਾਨਵਰ ਜੋ ਉਹ ਵਿਅਕਤੀ ਦੇਵੇਗਾ ਪਵਿੱਤਰ ਹੋ ਜਾਵੇਗਾ। ਉਸਨੂੰ ਕੋਈ ਹੋਰ ਜਾਨਵਰ ਚੜ੍ਹਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਉਸ ਨੂੰ ਕਿਸੇ ਬੁਰੇ ਜਾਨਵਰ ਨੂੰ ਚੰਗੇ ਜਾਨਵਰ ਨਾਲ ਬਦਲਣ ਦੀ ਕੋਸ਼ਿਸ਼ ਨਹੀ ਕਰਨੀ ਚਾਹੀਦੀ।ਜੇ ਉਹ ਜਾਨਵਰਾਂ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਦੋਵੇਂ ਜਾਨਵਰ ਅਪਵਿੱਤਰ ਹੋ ਜਾਣਗੇ।

ਕੁਝ ਜਾਨਵਰਾਂ ਨੂੰ ਯਹੋਵਾਹ ਨੂੰ ਬਲੀ ਵਜੋਂ ਨਹੀਂ ਚੜ੍ਹਾਇਆ ਜਾ ਸਕਦਾ। ਜੇ ਕੋਈ ਬੰਦਾ ਅਜਿਹੇ ਪਲੀਤ ਜਾਨਵਰ ਨੂੰ ਯਹੋਵਾਹ ਨੂੰ ਦਿੰਦਾ ਹੈ ਤਾਂ ਉਸ ਜਾਨਵਰ ਨੂੰ ਯਹੋਵਾਹ ਕੋਲ ਲਿਆਂਦਾ ਜਾਣਾ ਚਾਹੀਦਾ ਹੈ।ਜਾਜਕ ਉਸ ਜਾਨਵਰ ਦੀ ਕੀਮਤ ਨਿਰਧਾਰਿਤ ਕਰ ਦੇਵੇ,ਇਹ ਉਸ ਜਾਨਵਰ ਦੀ ਕੀਮਤ ਹੋਵੇਗੀ।ਜੇ ਉਹ ਬੰਦਾ ਜਾਨਵਰ ਨੂੰ ਵਾਪਸ ਖਰੀਦਣਾ ਚਾਹੁੰਦਾ ਹੈ ਤਾਂ ਕੀਮਤ ਦਾ ਪੰਜਵਾਂ ਹਿੱਸਾ ਹੋਰ ਜੋੜਨਾ ਚਾਹੀਦਾ ਹੈ। (ਸ਼ਾਇਦ ਏਥੋਂ ਸਾਦਾ ਸੂਦ ਅਤੇ ਮਿਸ਼ਰਤ ਸੂਦ ਦੀ ਪਿਰਤ ਚੱਲੀ ਹੋਵੇਗੀ ....।)

ਮਕਾਨ ਦੀ ਕੀਮਤ :

ਹੁਣ ਜੇ ਕੋਈ ਬੰਦਾ ਆਪਣੇ ਮਕਾਨ ਨੂੰ ਪਵਿੱਤਰ ਜਾਣ ਕੇ ਯਹੋਵਾਹ ਲਈ ਸਮਰਪਿਤ ਕਰਦਾ ਹੈ ਜਾਜਕ ਨੂੰ ਇਸ ਕੀਮਤ ਨਿਰਧਾਰਿਤ ਕਰਨੀ ਚਾਹੀਦੀ ਹੈ।

ਜੈਦਾਦ ਦੀ ਕੀਮਤ :

ਜੇ ਕੋਈ ਬੰਦਾ ਆਪਣੇ ਖੇਤਾਂ ਦਾ ਹਿੱਸਾ ਪਵਿੱਤਰ ਜਾਣ ਤੇ ਯਹੋਵਾਹ ਨੂੰ ਸਮਰਪਿਤ ਕਰਦਾ ਹੈ, ਇਸ ਦੀ ਕੀਮਤ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਇਸਨੂੰ ਬੀਜਣ ਲਈ ਕਿੰਨਾ ਬੀਜ ਲੋੜੀਂਦਾ ਹੈ।

ਜੇ ਕੋਈ ਬੰਦਾ ਯਹੋਵਾਹ ਨੂੰ ਕੋਈ ਅਜਿਹਾ ਖੇਤ ਸਮਰਪਿਤ ਕਰਦਾ ਹੈ ਜਿਹੜਾ ਉਸਨੇ ਖਰੀਦਿਆ ਸੀ, ਅਤੇ ਇਹ ਉਸਦੀ ਪਰਿਵਾਰਿਕ ਜਾਇਦਾਦ ਦਾ ਹਿੱਸਾ ਨਹੀਂ ਸੀ, ਤਾਂ

Scanned with OKEN Scanner

Scanned with OKEN Scanner

ਜਾਜਕ ਨੂੰ ਜੁਬਲੀ ਵਰ੍ਹੇ ਤੱਕ ਦੇ ਸਾਲ ਗਿਣਨੇ ਚਾਹੀਦੇ ਹਨ ਅਤੇ ਜ਼ਮੀਨ ਦੀ ਕੀਮਤ ਨਿਰਧਾਰਿਤ ਕਰਨੀ ਚਾਹੀਦੀ ਹੈ। ਫਿਰ ਉਸ ਵਿਅਕਤੀ ਨੂੰ ਪੈਸਿਆਂ ਦੀ ਉਹ ਰਕਮ ਉਸ ਦਿਨ ਦੇਣੀ ਚਾਹੀਦੀ ਹੈ। ਉਹ ਪੈਸੇ ਯਹੋਵਾਹ ਲਈ ਪਵਿੱਤਰ ਹੋਣੇ ਚਾਹੀਦੇ ਹਨ। ਜੁਬਲੀ ਵਰ੍ਹੇ ਉਤੇ ਜ਼ਮੀਨ ਮੁੱਢਲੇ ਮਾਲਕ ਦੇ ਕੋਲ ਚਲੀ ਜਾਵੇਗੀ ਜਿਹੜਾ ਜ਼ਮੀਨ ਦਾ ਮਾਲਕ ਹੈ।

ਜਾਨਵਰਾਂ ਦੀ ਕੀਮਤ :

ਲੋਕ ਗਾਵਾਂ ਅਤੇ ਭੇਡਾਂ ਨੂੰ ਖਾਸ ਸੋਗਾਤ ਵਜੋਂ ਯਹੋਵਾਹ ਨੂੰ ਦੇ ਸਕਦੇ ਹਨ। ਪਰ ਜੇ ਜਾਨਵਰ ਪਲੇਠਾ ਹੈ ਤਾਂ ਜਾਨਵਰ ਪਹਿਲਾਂਹੀ ਯਹੋਵਾਹ ਦਾ ਹੈ। ਇਸ ਲਈ ਲੋਕ ਇਹਨਾਂ ਜਾਨਵਰਾਂ ਨੂੰ ਖਾਸ ਸੁਗਾਤ ਦੇ ਤੌਰ ਤੇ ਨਹੀਂ ਦੇ ਸਕਦੇ। ਲੋਕ ਪਲੀਤ ਜਾਨਵਰਾਂ ਦੇ ਪਲੇਠਿਆਂ ਨੂੰ ਯਹੋਵਾਹ ਨੂੰ ਭੇਟ ਕਰਨ। ਜੇ ਉਹ ਉਸ ਜਾਨਵਰ ਨੂੰ ਵਾਪਸ ਖਰੀਦਣਾ ਚਾਹੁੰਦਾ ਹੈ, ਉਸ ਨੂੰ ਕੀਮਤ ਅਦਾ ਕਰਨੀ ਚਾਹੀਦੀ ਹੈ ਅਤੇ ਇਸ ਵਿੱਚ ਪੰਜਵਾਂ ਹਿੱਸਾ ਹੋਰ ਜੋੜਨਾ ਚਾਹੀਦਾ ਹੈ। ਜੇ ਉਸ ਜਾਨਵਰ ਨੂੰ ਵਾਪਸ ਨਹੀਂ ਖਰੀਦਣਾ, ਜਾਜਕ ਉਸ ਜਾਨਵਰ ਨੂੰ ਉਸ ਦੀ ਨਿਰਧਾਰਿਤ ਕੀਮਤ ਤੇ ਵੇਚ ਸਕੇਗਾ।

ਖਾਸ ਸੋਗਾਤਾਂ :

ਇੱਕ ਖਾਸ ਕਿਸਮ ਦੀ ਸੁਗਾਤ ਹੈ ਜਿਹੜੀ ਲੋਕ ਪੂਰੀ ਤਰ੍ਹਾਂ ਯਹੋਵਾਹ ਨੂੰ ਦਿੰਦੇ ਹਨ। ਇਸ ਸੋਗਾਤ ਨੂੰ ਵਾਪਸ ਖਰੀਦਿਆ ਜਾਂ ਵੇਚਿਆ ਨਹੀਂ ਜਾ ਸਕਦਾ ਹੈ। ਇਸ ਤਰ੍ਹਾਂ ਦੀ ਸੋਗਾਤ ਯਹੋਵਾਹ ਦੀ ਹੈ। ਇਹ ਅੱਤ ਪਵਿੱਤਰ ਹੈ। ਇਸ ਤਰ੍ਹਾਂ ਦੀ ਸੋਗਾਤ ਵਿੱਚ ਲੋਕ, ਜਾਨਵਰ ਅਤੇ ਪਰਿਵਾਰਕ ਜੈਦਾਦ ਦੇ ਖੇਤ ਸ਼ਾਮਿਲ ਹਨ।

ਜੇ ਯਹੋਵਾਹ ਲਈ ਉਸ ਖਾਸ ਕਿਸਮ ਦੀ ਸੁਗਾਤ ਕੋਈ ਬੰਦਾ ਹੈ ਤਾਂ ਉਸ ਬੰਦੇ ਨੂੰ ਵਾਪਸ ਖਰੀਦਿਆ ਨਹੀਂ ਜਾ ਸਕਦਾ ਹੈ। ਉਸ ਬੰਦੇ ਨੂੰ ਮਾਰ ਦਿੱਤਾ ਜਾਣਾ ਚਾਹੀਦਾ ਹੈ। (ਯਾਨਿ ਲੋਕਾਂ ਤੇ ਬੰਦਿਆਂ ਦੀ ਬਲੀ ਖਾਸ ਸੌਗਾਤ ਹੈ .....)

ਇਹ ਉਹ ਹੁਕਮ ਹਨ ਜਿਹੜੇ ਯਹੋਵਾਹ ਨੇ ਮੂਸਾ ਨੂੰ ਸੀਨਾ (ਸੀਉਨ, ਜੀਉਂ, Zion) ਪਰਬਤ ਉੱਤੇ ਇਸਰਾਈਲ ਦੇ ਲੋਕਾਂ ਲਈ ਦਿੱਤੇ।

ਨੋਟ :

-- ਇਸ ਪਹਿਰੇ ਨੂੰ ਲਿਖਣ ਖਾਤਰ ਹੀ 'ਲੇਵੀਆਂ ਦੀ ਪੋਥੀ' ਦਾ ਸੰਖੇਪ ਸਾਰ ਛਾਪਿਆ ਗਿਆ ਹੈ।

-- ਸਾਫ ਜ਼ਾਹਿਰ ਹੈ ਕਿ ਉਨ੍ਹਾਂ ਦੇ ਪ੍ਰਮੇਸ਼ਵਰ ਯੋਹੋਵਾ ਲਈ 'ਬੰਦੇ ਦੀ ਕੁਰਬਾਨੀ' ਸਭ ਨਾਲੋਂ ਉਤਮ ਖਾਸ ਸੌਗਾਤ ਹੈ। ਉਂਜ ਸਾਰੀ ਪੋਥੀ ਕੁਬਾਨੀਆਂ ਦੀਆਂ ਬਿਧੀਆਂ ਨਾਲ ਭਰਪੂਰ ਹੈ।

-- ਇਸ ਨੂੰ ਗੌਰ ਨਾਲ ਪੜ੍ਹਿਆਂ ਇਉਂ ਵੀ ਅਨੁਭਵ ਹੋ ਸਕਦਾ ਹੈ ਕਿ ਢਾਈ ਹਜ਼ਾਰ ਸਾਲ

Scanned with OKEN Scanner

ਪਹਿਲਾਂ ਯਹੂਦੀਆਂ ਕੋਲੋ ਖੁੱਸੇ ਇਜ਼ਰਾਈਲ ਦੇਸ਼ ਦੀ ਮੁੜ ਪ੍ਰਾਪਤੀ ਲਈ ਵਿਸ਼ਵ ਯੁੱਧ ਲਗਾਏ ਗਏ ਹੋਣ। ਪਹਿਲਾ ਵਿਸ਼ਵ ਯੁੱਧ ਹੋਇਆ, ਸਿੱਟੇ ਵਜੋਂ ਅਥਾਹ ਲਹੂ ਡੁਲ੍ਹਿਆ ਤਾਂ ਯਹੂਦੀਆਂ (ਜ਼ਾਇਅਨਵਾਦੀਆਂ) ਨੂੰ ਸਿੱਟੇ ਵਜੋਂ 'ਵੈਲਫਰ ਸਮਝੋਤਾ' ਮਿਲ ਗਿਆ। ਦੂਜਾ ਵਿਸ਼ਵ ਯੁੱਧ ਹੋਇਆ, ਅਥਾਹ ਲਹੂ ਬਲੀ ਵਜੋਂ ਕੁਰਬਾਨ ਹੋਇਆ। ਇਸਰਾਈਲ ਦੀ ਮੁੜ ਪ੍ਰਾਪਤੀ ਹੋ ਗਈ। ਤੀਸਰਾ ਯੁੱਧ ਲੱਗੇਗਾ, ਅਥਾਹ ਲਹੂ ਬਲੀ ਵਜੋ ਡੁਲ੍ਹੇਗਾ, ਉਨ੍ਹਾਂ ਨੂੰ ਇਕ ਵਿਸ਼ਵੀ ਸਰਕਾਰ ਮਿਲ ਜਾਏਗੀ। ਚੌਥੇ ਵਿਸ਼ਵ ਯੁੱਧ ਵਿੱਚੋਂ ਸਾਰੇ ਵਿਸ਼ਵ ਦਾ ਧਨ ਅਤੇ ਰਾਜ ਪ੍ਰਾਪਤ ਹੋ ਜਾਵੇਗਾ। ......

-- ਯਾਦ ਰੱਖਣਾ ਬਣਦਾ ਹੈ ਕਿ ਇਹ ਪੋਥੀ ਕਾਰਲ ਮਾਰਕਸ ਲੇਵੀ ਦੇ ਕੁਨਬੇ ਦੀ ਪੋਥੀ ਹੈ। ਮਾਰਕਸ ਲੇਵੀ ਦਾ ਵਰਗ ਸੰਘਰਸ਼ ਏਸੇ ਦਿਸ਼ਾ ਵੱਲ ਲੈ ਜਾਵੇਗਾ। (ਤੁਹਾਡੇ ਵੱਲੋਂ ਹੋਰ ਖੋਜ ਦੀ ਆਸ ਹੈ ......)

Scanned with OKEN Scanner

Scanned with OKEN Scanner

ਇਕ ਦੂਰ ਪ੍ਰਭਾਵੀ ਘਟਨਾ

ਜੂਨ 1995 ਵਿਚ ਮੈਂ ਪਹਿਲੀ ਵਾਰ ਐਟਲਾਂਟਿਕ ਸਿਟੀ (ਨਿਊ ਜਰਸੀ, ਅਮਰੀਕਾ) ਗਿਆ ਸਾਂ। ਉਥੇ ਮੇਰਾ ਵੱਡਾ ਲੜਕਾ ਗੋਰਕੀ ਕਲੋਟੀ ਆਪਣੀ ਪਤਨੀ ਅਤੇ ਬੱਚੇ ਸਮੇਤ ਰਹਿੰਦਾ ਸੀ।

ਪੁੱਜਦਿਆ ਸਾਰ ਮੇਰੇ ਪਰਮ ਮਿੱਤਰ ਪ੍ਰੋ: ਜਸਜੀਤ ਮਿਲੂ ਨੇ ਖੁਸ਼ਖਬਰੀ ਸਾਂਝੀ ਕੀਤੀ-ਗੋਰਕੀ ਬਹੁਤ ਮਿਹਨਤੀ ਯੁਵਕ ਹੈ। ਆਪਣੀ ਮਿਹਨਤ ਦੇ ਬਲਬੂਤੇ ਨਾਲ ਇਹਨੇ ਤਿੰਨਾਂ ਸਾਲਾਂ ਵਿਚ ਦੋ ਰੈਂਕ ਤਰੱਕੀ ਕਰ ਲਈ ਹੈ। ਹੁਣ ਇਹ ਮੇਰਾ ਵੀ ਬਾਸ ਹੈ। ਹਾਲਾਂਕਿ ਮੈਂ ਹੀ ਇਸ ਨੂੰ ਤਿੰਨ ਸਾਲ ਪਹਿਲਾ ਇਸ ਇੰਡਸਟਰੀ ਵਿਚ ਸ਼ਾਮਲ ਕਰਵਾਇਆ ਸੀ। ਮੈਨੂੰ ਦਸ ਸਾਲ ਹੋ ਗਏ ਜਾਬ ਕਰਦਿਆ, ਮੈਂ ਅਜੇ ਪਹਿਲੇ ਰੈਂਕ ਤੇ ਹੀ ਹਾਂ। ਅਫਸਰ ਇਹਦੇ ਤੇ ਬੜੇ ਮਿਹਰਬਾਨ ਹਨ---। ਮੈਨੂੰ ਬਹੁਤ ਖੁਸ਼ੀ ਹੋਈ।

ਅੱਗਲੇ ਤਿੰਨ ਚਾਰ ਦਿਨਾਂ ਵਿਚ ਜੋ ਕੁਝ ਗੋਰਕੀ ਨੇ ਦੱਸਿਆ, ਦਾ ਖੁਲਾਸਾ ਇਹ ਸੀ। ਐਟਲਾਂਟਿਕ ਸਿਟੀ ਆਪਣੇ 'ਵੁਡ ਵਾਕ' ਲਈ ਅਤੇ ਕੈਸੀਨੋ ਅਰਥਾਤ ਜੂਆ (Speclation) ਉਦਯੋਗ ਲਈ ਸਾਰੇ ਅਮਰੀਕਾ ਲਈ ਪਹਿਲੇ ਸਥਾਨ ਤੇ ਸੀ। ਦੂਰ ਦੂਰ ਤੋਂ ਲੋਕ ਜੂਆਂ ਖੇਲਣ ਲਈ ਅਤੇ ਸੈਰ ਕਰਨ ਲਈ ਏਥੇ ਆਉਂਦੇ ਸਨ।

ਗੋਰਕੀ ਦੀ ਦੋ ਰੈਂਕ ਤ੍ਰੱਕੀ ਕਰਨ ਦਾ ਰਾਜ਼ ਮਿਹਨਤ ਤਾਂ ਸੀ ਹੀ, ਨਾਲ ਨਾਲ ਉਸ ਦੀ ਸੁਪਰਵਾਈਜ਼ਰ ਅਰਥਾਤ 'ਉਸਤਾਦ' ਦੀ ਸੁਚੱਜੀ ਪੱਥ ਪ੍ਰਦਰਸ਼ਨਾਂ ਵੀ ਸੀ। ਉਸ ਨੇ ਆਪਣੀ ਜਾਬ ਵਿਚ ਸ਼ਾਮਲ ਹੋਣ ਤੋਂ ਕੁਝ ਦਿਨਾਂ ਦੇ ਅੰਦਰ ਅੰਦਰ ਹੀ ਉਸ ਤੇ ਚੰਗਾ ਪ੍ਰਭਾਵ ਪਾਉਣ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ ਸੀ।

ਇੱਕ ਦਿਨ ਜਦੋਂ ਉਸ ਦੀ ਮਿਹਨਤ ਅਤੇ ਸਮਝ ਦੀ ਤਾਰੀਫ ਕਰ ਰਹੀ ਸੀ ਤਾਂ ਗੋਰਕੀ ਨੇ ਉਸਨੂੰ ਉਸਤਾਦ ਧਾਰ ਲੈਣ ਦੀ ਆਪਣੀ ਡੂੰਘੀ ਮਨਸ਼ਾ ਕਹਿ ਸੁਣਾਈ। ਉਸਦਾ ਨਾਮ ਸ਼੍ਰੀਮਤੀ ਰੋਜ਼ ਮੈਰੀ ਸੀ। ਰੋਜ਼ ਮੈਰੀ ਨੇ ਕੈਸੀਨੋ ਉਦਯੋਗ ਦੇ ਬਹੁਤ ਸਾਰੇ 'ਗੁਰ' ਉਸਨੂੰ ਕੁਝ ਦਿਨਾਂ ਵਿੱਚ ਹੀ ਸਮਝਾ ਦਿੱਤੇ। ਉਸਨੂੰ ਇੱਕ ਤੋਂ ਵੱਧ ਸੀਟਾਂ ਦਾ ਕੰਮ ਸੌਂਪਿਆ, ਕਈ ਵਾਰੀ 'ਰਸ਼' ਵੇਲੇ ਜਾਂ ਸੰਕਟ ਸਮੇਂ ਉਹ ਤਿੰਨ-ਤਿੰਨ ਚਾਰ-ਚਾਰ ਸੀਟਾਂ ਦਾ ਕੰਮ ਸਾਂਭ ਲੈਂਦਾ। ਮਿਹਨਤ, ਲਗਨ ਅਤੇ ਗਲਤੀ ਰਹਿਤ ਕੰਮ ਕਰਕੇ ਉਸ ਦੀਆਂ ਦੋ ਰੈਕ ਤਰੱਕੀਆਂ ਹੋ ਗਈਆਂ। ਹੁਣ ਗੋਰਕੀ ਵੀ ਸੁਪਰਵਾਈਜ਼ਰ ਸੀ ਤੇ ਸਹਾਇਕ ਮੈਨੇਜਰੀ ਦੀ ਆਸ ਰੱਖਣ ਲੱਗ ਪਿਆ ਸੀ।

ਰੋਜ਼ ਮੈਰੀ ਦੀ ਉਮਰ ਲਗਭਗ 55-56 ਸਾਲ ਦੀ ਸੀ। ਬਹੁਤ ਮਿਹਨਤੀ ਤੇ ਮਿਠਬੋਲੜੀ ਸੀ। ਸਾਲ, ਡੇਢ ਸਾਲ ਪਹਿਲਾਂ ਉਸਨੇ ਦੂਜਾ ਵਿਆਹ ਕਰਵਾਇਆ ਸੀ। ਪਹਿਲੇ ਪਤੀ ਤੋਂ ਉਸਦੇ ਪੁੱਤਰ ਧੀਆਂ ਅਤੇ ਅੱਗੋਂ ਹੋਰ ਬੱਚੇ ਹਨ। ਰੋਜ਼ ਮੈਰੀ ਦਾ ਆਪਣੇ

Scanned with OKEN Scanner

ਬੱਚਿਆਂ ਨਾਲ ਪ੍ਰੇਮ ਪਿਆਰ ਹੈ। ਇੱਕ ਦੂਜੇ ਦੇ ਘਰ ਆਉਂਦੇ ਜਾਂਦੇ ਰਹਿੰਦੇ ਹਨ। ਰੋਜ਼ ਮੈਰੀ ਈਸਾਈ ਹੈ।

ਉਸਦੇ ਦੂਜੇ ਪਤੀ ਦਾ ਨਾਂ ਮਿਸਟਰ ਬਰਕੀ ਹੈ। ਰੋਜ਼ ਮੈਰੀ ਤੋਂ ਦੋ ਤਿੰਨ ਸਾਲ ਵੱਡਾ ਹੈ। ਉਸਦਾ ਵੀ ਦੂਜਾ ਵਿਆਹ ਹੈ। ਉਸਦੇ ਵੀ ਚੋਦਾਂ ਪੰਦਰਾਂ ਧੀਆਂ ਪੁੱਤਰ ਤੇ ਅੱਗੋਂ ਬਾਲ ਬੱਚੇ ਹਨ। ਉਹ ਵੀ ਆਪਸ ਵਿੱਚ ਮਿਲਦੇ ਜੁਲਦੇ ਰਹਿੰਦੇ ਹਨ। ਮਿਸਟਰ ਬਰਕੀ ਯਹੂਦੀ ਹੈ। ਪੜ੍ਹਿਆ ਲਿਖਿਆ ਤੇ ਤਜਰਬੇਕਾਰ ਹੈ। ਬੜਾ ਖੜੂਸ ਕਿਸਮ ਦਾ ਬੰਦਾ ਹੈ। ਕਿਤਾਬਾਂ ਪੜ੍ਹਦਾ ਰਹਿੰਦਾ ਤੇ ਬਹਿਸਾਂ ਵਿੱਚ ਹਿੱਸਾ ਲੈਂਦਾ ਰਹਿੰਦਾ ਹੈ। ਸਾਡਾ ਦੋਹਾਂ ਪਰਿਵਾਰਾਂ ਦਾ ਆਪਸ ਵਿੱਚ ਵਾਹਵਾ ਮੇਲਜੋਲ ਹੈ ਤੇ ਇੱਕ ਦੂਜੇ ਨੂੰ ਦਾਅਵਤਾਂ ਦਿੰਦੇ ਰਹਿੰਦੇ ਹਾਂ।

ਮੇਰੇ ਪੁੱਜਣ ਦੇ ਚੋਥੇ ਪੰਜਵੇਂ ਦਿਨ ਰੋਜ਼ ਮੈਰੀ ਤੇ ਬਰਕੀ ਵੱਲੋਂ ਸਾਨੂੰ ਰਾਤ ਦੇ ਭੋਜਨ ਤੇ ਸੱਦਿਆ ਗਿਆ।

ਦਿੱਤੇ ਸਮੇਂ ਅਨੁਸਾਰ ਅਸੀਂ ਉਹਨਾਂ ਦੇ ਘਰ ਪੁੱਜਦੇ ਹਾਂ ਤੇ ਸਿੱਧੇ ਖਾਣੇ ਦੀ ਮੇਜ਼ ਤੇ ਜਾ ਬੈਠਦੇ ਹਾਂ।

ਸ਼੍ਰੀਮਤੀ ਰੋਜ਼ ਮੈਰੀ ਆਖਦੀ ਹੈ, 'ਇਹ ਹਨ ਮੇਰੇ ਪਤੀ ਮਿਸਟਰ ਬਰਕੀ। ਵਿਹਲਾ ਸਮਾਂ ਲਾਇਬਰੇਰੀ ਚਲੇ ਜਾਂਦੇ ਹਨ ...।'

ਗੋਰਕੀ ਦੱਸਦਾ ਹੈ, 'ਇਹ ਹਨ ਮੇਰੇ ਡੈਡੀ। ਇਹ ਆਪਣੀ ਮਾਤ ਭਾਸ਼ਾ ਦੇ ਲੇਖਕ ਹਨ। (ਅਸੀਂ ਤਪਾਕ ਨਾਲ ਦੂਜੀ ਵਾਰੀ ਹੱਥ ਮਿਲਾਉਂਦੇ ਹਾਂ।) ਅੱਜ ਕੱਲ੍ਹ ਮੇਰੇ ਡੈਡੀ ਆਪਣਾ ਦੂਜਾ ਨਾਵਲ ਲਿਖ ਰਹੇ ਹਨ, ਜੋ ਤਿਲੰਗਾਨਾ ਦੇ ਲੋਕਾਂ ਦੇ ਭੂਮੀ ਵਾਸਤੇ ਹਥਿਆਰਬੰਦ ਘੋਲ ਤੇ ਅਧਾਰਤ ਹੈ। (The Telegana Peoples Armed Struggle for Land) ਏਧਰ ਆਉਣ ਤੋਂ ਪਹਿਲਾਂ ਮੈਂ ਤੇ ਡੈਡੀ ਤਿਲੰਗਾਨਾ ਗਏ ਸਾਂ—।"

ਦੋਵੇਂ ਖੁਸ਼ ਹੁੰਦੇ ਹਨ। ਬਰਕੀ ਪੁੱਛਦਾ ਹੈ, "And his first novel?' (ਇਸਦਾ ਪਹਿਲਾ ਨਾਵਲ?)

ਗੋਰਕੀ ਦੱਸਦਾ ਹੈ- ਇਹਨਾਂ ਦਾ ਪਹਿਲਾ ਨਾਵਲ ਹੈ ਜੋ ਭਾਰਤ ਦੀ ਅਜ਼ਾਦੀ ਤੇ ਵੰਡ ਤੇ ਅਧਾਰਤ ਹੈ (Freedom and Partition of India ....)

ਗੋਰਕੀ ਆਪਣੇ ਬੈਗ ਵਿੱਚੋਂ ਮੇਰਾ ਨਾਵਲ ਕੱਢ ਕੇ ਮੈਨੂੰ ਫੜਾਉਂਦਾ ਹੈ। ਮੈਂ ਝੱਟ ਹੀ ਉਸਦੇ ਪਹਿਲੇ ਸਫੇ ਤੇ ਪਿਆਰ ਭੇਟ ਲਿਖ ਕੇ ਮਿਸਟਰ ਬਰਕੀ ਵੱਲ ਵਧਾਉਂਦਾ ਹਾਂ, ਉਹ ਦੋਵਾਂ ਹੱਥਾਂ ਨਾਲ ਫੜਦਾ ਹੈ, ਛਾਤੀ ਨਾਲ ਲਾਉਂਦਾ ਹੈ ਅਤੇ ਫੇਰ ਚੁੰਮਦਾ ਹੈ---

ਮੇਰੀ ਨੂੰਹ 'ਲਵਲੀ' ਅਤੇ ਸ਼੍ਰੀਮਤੀ ਰੋਜ਼ ਮੈਰੀ ਚਾਹ ਅਤੇ ਸਨੈਕਸ ਵੱਲ ਰੁਝ ਜਾਂਦੀਆਂ ਹਨ। ਮਿਸਟਰ ਬਰਕੀ ਪੁੱਛਦਾ ਹੈ, 'ਹਾਂ, ਤੇ ਇਹ ਤੁਹਾਡੇ ਦੇਸ਼ ਦੀ ਆਜ਼ਾਦੀ ਅਤੇ ਵੰਡ ਵਾਰੇ ਹੈ। ਸਾਡੇ ਇਸਰਾਈਲ ਨਾਲ ਵੀ ਬੜਾ ਕੁਝ ਵਾਪਰਦਾ ਰਿਹਾ ......। ਕੁਝ

Scanned with OKEN Scanner

ਚਾਨਣਾ ਪਾਉ ...।' ਉਧਰ ਚਾਹ ਦਾ ਸਮਾਨ ਸੱਜ ਰਿਹਾ ਹੈ ਤੇ ਮੈਂ ਆਖਦਾ ਹਾਂ, "ਪਹਿਲੀ ਗੱਲ ਕਿ ਉਦੋਂ ਮੈਂ 7-8 ਸਾਲ ਦੀ ਉਮਰ ਦਾ ਸਾਂ। ਸਾਡਾ ਪਿੰਡ ਮੁਸਲਮਾਨਾਂ ਤੇ ਗੈਰਮੁਸਲਮਾਨਾਂ ਦਾ ਅੱਧੋ ਸੁੱਧ ਸੀ। ਇਰਦ ਗਿਰਦ ਨਿਰੋਲ ਮੁਸਲਮਾਨਾਂ ਦੇ ਪਿੰਡ ਵੀ ਸਨ। ਆਪਣੇ ਪਿੰਡ ਅਤੇ ਆਲੇ ਦੁਆਲੇ ਦੇ ਪਿੰਡਾਂ ਦੀ ਕਤਲੋਗਾਰਤ ਮੈਂ ਬਾਲ ਉਮਰ ਵਿੱਚ ਅੱਖੀਂ ਦੇਖੀ। ਦੂਸਰੇ ਮੇਰੇ ਕੁਝ ਤਾਏ ਚਾਚੇ ਜ਼ਮੀਨਾਂ ਖਰੀਦ ਕੇ ਲਾਇਲਪੁਰ, ਸਿਆਲਕੋਟ ਰਹਿਣ ਚਲੇ ਗਏ। ਜਦੋਂ ਉਹ ਆਪਣੇ ਟੱਬਰਾਂ ਸਮੇਤ ਵਾਪਸ ਪਿੰਡ ਆਏ ਉਹਨਾਂ ਦੀ ਜ਼ੁਬਾਨੀ ਉੱਧਰ ਵਾਪਰੀਆਂ ਵਾਰਦਾਤਾਂ ਵਾਰੇ ਸੁਣਿਆ। ਤੀਸਰੇ, ਮੈਂ ਨਾਵਲ ਲਿਖਣ ਤੋਂ ਪਹਿਲਾਂ ਉਪਲਬਧ ਕਾਫੀ ਸਾਰੀਆਂ ਕਿਤਾਬਾਂ ਪੜ੍ਹੀਆਂ ...।'

ਬਰਕੀ ਪੁੱਛਦਾ ਹੈ, 'For example?" (ਉਦਾਹਰਣ ਦੇ ਤੋਰ ਤੇ ਕਿਹੜੀਆਂ ਕਿਹੜੀਆਂ ਕਿਤਾਬਾਂ?)

ਮੈਂ ਦੱਸਦਾ ਹਾਂ, 'ਅੱਵਲ ਕਲਾਮ ਅਜ਼ਾਦ ਦੀ ਲਿਖੀ ਪੁਸਤਕ India Wins Freedom (ਭਾਰਤ ਅਜ਼ਾਦੀ ਜਿੱਤਦਾ ਹੈ) ਇਸ ਤੋਂ ਮੈਨੂੰ ਬੰਗਾਲ ਵਿਖੇ ਵਾਪਰੀਆਂ ਘਟਨਾਵਾਂ ਵਾਰੇ ਅਦਭੁੱਤ ਦੁਖਦਾਈ ਚਾਨਣਾ ਹੋਇਆ। ਵਲੀ ਖਾਨ (ਗੱਫਾਰ ਖਾਨ ਦਾ ਪੁੱਤਰ) ਦੀ ਲਿਖੀ ਪੁਸਤਕ Partition, An Untold Story (ਵੰਡ, ਅਣਕਹੀ ਕਥਾ)। ਇਸ ਪੁਸਤਕ ਤੋਂ ਮੈਨੂੰ ਵਾਈਸ ਰਾਏ ਅਤੇ ਬਰਤਾਨੀਆਂ ਸਰਕਾਰ ਵਿਚਲੇ ਗੁਪਤ ਪੱਤਰ ਵਿਵਹਾਰ ਦਾ ਪਤਾ ਲੱਗਾ। ਵੱਡੀ ਗੱਲ ਕਿ ਡੋਮੀਨੀਕ ਲੇਪੀਰੀ ਅਤੇ ਲੈਰੀ ਕੋਲਨਜ਼ ਦੀ ਲਿਖੀ (Above all the book written by Dominique Lapiere and Larry Collins--)

ਬਰਕੀ ਮੇਰੇ ਵਾਰਤਾਲਾਪ ਨੂੰ ਕੱਟਦਾ ਹੈ, 'You mean Freedom at Midnight ---?' ਮੈਂ ਹੈਰਾਨੀ ਅਤੇ ਖੁਸ਼ੀ ਨਾਲ 'ਹਾਂ' ਵਿੱਚ ਸਿਰ ਹਿਲਾਉਂਦਾ ਹਾਂ। ਪੁਸਤਕ ਦਾ ਨਾਮ ਉਸਦੇ ਮੂੰਹੋਂ ਸੁਣ ਕੇ ਸ਼ਲਾਘਾ ਭਰੇ ਹੁਲਾਸ ਨਾਲ ਆਪਣਾ ਹੱਥ ਵਧਾਉਂਦਾ ਹਾਂ। ਉਸ ਨਾਲ ਅੱਖਾਂ ਮਿਲਾਉਂਦਾ ਹਾਂ। ਪਰ ਉਹ ਖਚਰੀ ਜਿਹੀ ਹਾਸੀ ਹੱਸ ਰਿਹਾ ਹੈ। (ਉੱਧਰ ਰੋਜ਼ ਮੈਰੀ ਤੇ ਗੋਰਕੀ ਆਪਸ ਵਿੱਚ ਭੇਦਭਰੀ ਕੋਈ ਗੱਲ ਕਰਦੇ ਹਨ।)

ਉਹ ਆਖਦਾ ਹੈ, 'That is Raped History, you have based your novel on the study of Raped History. They tilt history and hypnotise the people and writers like that. More so, infact, you don't have any History. A thousand year slaves don't have any History .... Masters do have....

(ਉਹ ਬਲਾਤਕਾਰਿਕ ਇਤਿਹਾਸ ਹੈ। ਤੁਸੀਂ ਆਪਣਾ ਨਾਵਲ ਬਲਾਤਕਾਰਿਕ ਇਤਿਹਾਸ ਤੇ ਅਧਾਰਿਤ ਕੀਤਾ ਹੈ। ਉਹ ਇਤਿਹਾਸ ਨੂੰ ਉਲਾਰ ਕਰ ਦਿੰਦੇ ਹਨ। ਆਮ ਲੋਕਾਂ ਤੇ ਲੇਖਕਾਂ ਨੂੰ ਇਉਂ ਹੀ ਸੰਮੋਹਿਤ ਕਰ ਲੈਂਦੇ ਹਨ ...। ਵੱਡੀ ਗੱਲ ਤੇ ਅਸਲ ਇਹ ਕਿ

Scanned with OKEN Scanner

ਤੁਹਾਡਾ ਆਪਣਾ ਕੋਈ ਇਤਿਹਾਸ ਹੈ ਹੀ ਨਹੀਂ। ਹਜ਼ਾਰ-ਸਾਲਾ ਗੁਲਾਮਾਂ ਦਾ ਆਪਣਾ ਕੋਈ ਇਤਿਹਾਸ ਨਹੀਂ ਹੁੰਦਾ। ਮਾਲਕਾਂ ਦਾ ਹੁੰਦਾ ਹੈ।)

ਮੇਰੇ ਤੇਵਰ ਚੜ੍ਹ ਜਾਂਦੇ ਹਨ।

ਗੋਰਕੀ ਤੇ ਰੋਜ਼ ਮੈਰੀ ਇੱਕੋ ਵਾਰ ਬੋਲ ਪੈਂਦੇ ਹਨ, 'ਚਲੋ, ਬਈ ਚਲੋ, ਚਾਹ ਪੀਉ, ਸਨੈਕਸ ਛਕੋ।'

ਚਾਹ ਪੀਤੀ ਜਾਣੀ ਸ਼ੁਰੂ ਹੁੰਦੀ ਹੈ। ਏਧਰ ਉੱਧਰ ਦੀਆਂ ਗੱਲਾਂ ਸ਼ੁਰੂ ਹੋ ਜਾਂਦੀਆਂ ਹਨ। ਮੈਂ ਵੀ ਚਾਹ ਪੀਣੀ ਸ਼ੁਰੂ ਕਰ ਦਿੰਦਾ ਹਾਂ। ਪਰ 'ਬਲਾਤਕਾਰਿਕ ਇਤਿਹਾਸ', 'ਉਲਾਰ ਇਤਿਹਾਸ', 'ਗੁਲਾਮ', 'ਮਾਲਿਕ' ਆਦਿ ਸ਼ਬਦਾਂ ਦਾ ਮਨ ਤੇ ਗਿਲੇ ਵਰਗਾ ਅਸਰ ਹੁੰਦਾ ਹੈ।

ਮਾਹੌਲ ਨੂੰ ਜ਼ਰਾ ਸੁਖਾਵਾਂ ਬਣਾਉਣ ਲਈ ਗੋਰਕੀ ਆਖਦਾ ਹੈ, 'ਡੈਡੀ, ਔਹ ਤਸਵੀਰ ਸ਼੍ਰੀਮਤੀ ਰੋਜ਼ ਮੈਰੀ, ਉਸ ਦੇ ਪਹਿਲੇ ਪਤੀ ਅਤੇ ਇਨ੍ਹਾਂ ਦੇ ਪਰਿਵਾਰ ਦੇ 12-13 ਜੀਆਂ ਦੀ ਹੈ।'

ਮੈਂ ਸ਼ੈਲਫ ਵੱਲ ਵੇਖਦਾ ਹਾਂ। ਰੋਜ਼ ਮੈਰੀ ਤੇ ਉਸਦਾ ਪਤੀ ਬੈਠੇ ਹਨ। ਇਰਦ ਗਿਰਦ ਉਨ੍ਹਾਂ ਦੇ ਪੁੱਤਰ, ਧੀਆਂ, ਪੋਤਰੇ, ਪੋਤਰੀਆਂ ਖੜ੍ਹੇ ਹਨ।

ਗੋਰਕੀ ਹੋਰ ਜੋੜਦਾ ਹੈ, 'ਔਹ ਉਪਰਲੀ ਤਸਵੀਰ ਮਿਸਟਰ ਬਰਕੀ ਤੇ ਉਸਦੀ ਪਹਿਲੀ ਪਤਨੀ ਦੀ ਹੈ। ਨਾਲ ਖੜ੍ਹੇ ਹਨ ਪੁੱਤ ਪੋਤਰੇ ਬਗੈਰਾ—। ਦੋਵੇਂ ਪਰਿਵਾਰ ਇਹਨਾਂ ਨੂੰ ਮਿਲਣ ਆਉਂਦੇ ਰਹਿੰਦੇ ਹਨ। ਇਹ ਵੀ ਮਿਲਣ ਚਲੇ ਜਾਂਦੇ ਹਨ।'

ਰੋਜ਼ ਮੈਰੀ ਆਪਣੇ ਤੇ ਬਰਕੀ ਦੇ ਇਸ਼ਕ ਦਾ ਕਿੱਸਾ ਸ਼ੁਰੂ ਕਰਦੀ ਹੈ। 'ਮੈਂ ਕਈਆਂ ਦਿਨਾਂ ਤੋਂ ਨੋਟ ਕਰਦੀ ਰਹੀ ਕਿ ਮੈਂ ਜਿਸ ਵੀ ਸੀਟ ਤੇ ਡਿਊਟੀ ਕਰ ਰਹੀ ਹੋਵਾਂ, ਇੱਕ ਜੁਆਰੀਆ ਮੇਰੇ ਨਾਲ ਨੇੜਲੀ ਮਸ਼ੀਨ ਤੇ ਬੈਠਾ ਰਹਿੰਦਾ। ਉਹ ਜੂਆ ਘਟ ਖੇਲਦਾ, ਐਵੇਂ ਮਸ਼ੀਨ ਨੂੰ ਪਲੋਸੀ ਰੱਖਦਾ ਤੇ ਮੇਰੇ ਵੱਲ ਵਧੇਰੇ ਦੇਖਦਾ ਰਹਿੰਦਾ। ਇੱਕ ਦਿਨ ਮੇਰੇ ਨੇੜੇ ਆ ਕੇ ਕਹਿੰਦਾ, 'ਜੇਕਰ ਤੂੰ ਕੱਲ੍ਹ ਨੂੰ ਸ਼ਾਮੀਂ ਪੰਜ ਵਜੇ 'ਵੁਡ ਵਾਕ' ਤੇ ਮਿਲਣ ਦਾ ਜਰੂਰੀ ਵਾਅਦਾ ਕਰੇਂ ਤਾਂ ਮੈਂ ਆਪਣੀ ਇੱਕ ਬਹੁਤ ਵੱਡੀ 'ਅਸਾਈਨਮੈਂਟ ਪੋਸਟਪੋਨ' ਕਰ ਸਕਦਾ ਹਾਂ। ਮੇਰੇ ਕੋਲੋਂ 'ਹਾਂ' ਕਰਵਾ ਲਈ। ਬਾਅਦ ਵਿੱਚ ਪਤਾ ਲੱਗਾ ਕਿ ਵੱਡੀ ਜਰੂਰੀ 'ਅਸਾਈਨਮੈਂਟ' ਸੀ 'ਜੂਆ ਖੇਡਣ ਦੀ ਤਾਸ਼ ਦੀ ਬਾਜ਼ੀ ਲਾਉਣੀ'। ਵੱਡੀ ਅਸਾਈਨਮੈਂਟ---'

ਖੂਬ ਹਾਸਾ ਮਚਦਾ ਹੈ। ਪਰ ਮੈਂ ਮਨੋ ਨਹੀਂ ਹਸਦਾ ਹਾਂ। ਨਾਲੋ ਨਾਲ ਆਪੋ ਆਪਣੀ ਮਨ ਪਸੰਦ ਵਿਸਕੀ, ਬੀਅਰ ਵਾਈਨ ਦੀ ਹਲਕੀ ਹਲਕੀ ਡੋਜ਼ ਵੀ ਲਈ ਜਾਂਦੀ ਹੈ।

ਖਾਣਾ ਲੱਗਦਾ ਹੈ, ਹਾਸੇ ਠੱਠੇ ਵਿੱਚ ਖਾਧਾ ਜਾਂਦਾ ਹੈ।

ਵਿਦਾਇਗੀ ਤੋਂ ਪਹਿਲਾਂ ਮੇਰੇ ਕੋਲੋਂ ਪੁੱਛਣੋਂ ਨਹੀਂ ਰਹਿ ਹੁੰਦਾ ਹੈ, 'ਆਖਰ ਕੋਈ ਤਾਂ ਕਾਰਨ ਹੋਏਗਾ ਕਿ ਜਰਮਨ ਦੇ ਹਿਟਲਰ ਨੇ ਏਡੇ ਵੱਡੇ ਪਰਿਮਾਪ ਦਾ ਹੋਲੋਕਾਸਟ (ਯਹੂਦੀ

Scanned with OKEN Scanner

ਕਤਲੇਆਮ) ਮਚਾਇਆ---।'

ਰੋਜ਼ਮੈਰੀ ਗੱਲ ਟੁੱਕ ਲੈਂਦੀ ਹੈ, ਜਿਵੇਂ ਉਸਨੂੰ ਆਸ ਹੋਵੇ ਕਿ ਮੈਂ ਇਹੋ ਜਿਹਾ ਸੁਆਲ ਪੁੱਛਣਾ ਹੀ ਸੀ, 'ਉਹ ਆਖਦੀ ਹੈ, 'ਮਿਸਟਰ ਕਲੋਟੀ ਤੁਸੀਂ Gone With the Winds (ਪੌਣਾਂ ਲਏ ਉਡਾਏ) ਨਾਵਲ ਪੜ੍ਹਿਆ ਹੋਵੇਗਾ। ਮਰਦਾਂ ਨੂੰ ਲੜਾਈ ਦਾ ਕੋਈ ਨਾ ਕੋਈ ਬਹਾਨਾ ਚਾਹੀਦਾ ---।' ਉਸ ਨੇ ਮਸਲੇ ਦੀ ਗੰਭੀਰਤਾ ਨੂੰ ਹਾਸੇ ਠੱਠੇ ਵਿੱਚ ਉਡਾਉਣਾ ਚਾਹਿਆ। ਪਰ ਮੇਰੇ ਜ਼ਖਮੀ ਦਿਲ ਨੂੰ ਧਰਵਾਸ ਨਹੀਂ ਮਿਲਦੀ ਹੈ—।

ਮਿਸਟਰ ਬਰਕੀ ਆਪਣੀਆਂ ਅੱਖਾਂ ਮੇਰੀਆਂ ਅੱਖਾਂ ਵਿੱਚ ਗੱਡ ਦਿੰਦਾ ਹੈ। ਆਖਦਾ ਹੈ, 'Mr Kaloti here again you are hypnotized. There was no Holocaust as such. We hyppnotise the world. (ਮਿਸਟਰ ਕਲੋਟੀ ਤੁਸੀਂ ਫੇਰ ਸੰਮੋਹਨ ਦਾ ਸ਼ਿਕਾਰ ਹੋ। ਏਡੇ ਪਰਿਮਾਣ ਵਾਲਾ 'ਹੋਲੋਕਾਸਟ' ਹੋਇਆ ਹੀ ਨਹੀਂ। ਅਸੀਂ ਦੁਨੀਆਂ ਨੂੰ ਸੰਮੋਹਿਤ ਕੀਤਾ ਹੋਇਆ---।)

ਹਾਲਾਤ ਦੀ ਨਾਜ਼ਕਮਤਾ ਨੂੰ ਸਮਝਦਿਆਂ ਗੋਰਕੀ 'ਚਲੋ-ਚਲੀ' ਦਾ ਆਗ੍ਰਹ ਕਰਦਾ ਹੈ ਸਾਰੇ ਖੜੇ ਹੋ ਜਾਂਦੇ ਹਨ। ਮੈਂ ਅਖੀਰ ਤੇ ਖੜੋਂਦਾ ਹਾਂ।

ਇਸ ਘਟਨਾ ਤੋਂ ਮਗਰੋਂ ਮੈਂ ਜਦੋਂ ਵੀ ਅਮਰੀਕਾ ਜਾਂਦਾ ਹਾਂ ਤਾਂ ਮਿਸਟਰ ਬਰਕੀ ਨੂੰ ਮਿਲਦਾ ਹਾਂ ਪਰ ਸਰਸਰੀ ਜਿਹਾ ਅਤੇ ਰਸਮੀ ਜਿਹਾ। ਅਸੀਂ ਜਾਣ ਬੁੱਝ ਕੇ ਕੋਈ ਗੰਭੀਰ ਮਸਲਾ ਨਹੀਂ ਛੇੜਦੇ ਹਾਂ ਤਾਂ ਕਿ ਕੋਈ ਬੇਸੁਆਦੀ ਨਾ ਹੋ ਜਾਏ। ਅਸੀਂ ਆਖਰੀ ਵਾਰੀ 2001 ਵਿੱਚ ਮਿਲਦੇ ਹਾਂ। ਉਦੋਂ ਮੇਰੀ ਅੰਮਾਂ ਦੇ ਅਕਾਲ ਚਲਾਣੇ ਮਗਰੋਂ ਇੱਕ ਸੀਮੇਟਰੀ (ਉਹ ਥਾਂ ਜਿੱਥੇ ਲਾਸ਼ ਨੂੰ ਆਖਰੀ ਰਸਮਾਂ ਤੱਕ ਬੜੇ ਆਦਰ ਸਤਿਕਾਰ ਨਾਲ ਰੱਖਿਆ ਜਾਂਦਾ ਹੈ।) ਵਿਖੇ ਮਿਲਦੇ ਹਾਂ, ਜਿੱਥੇ ਮੇਰੀ ਅੰਮਾਂ ਦੀ ਲਾਸ਼ ਨੂੰ ਸੰਸਕਾਰ ਦੀਆਂ ਆਖਰੀ ਰਸਮਾਂ ਤੱਕ ਰੱਖਿਆ ਗਿਆ ਸੀ।

ਬਰਕੀ ਮੇਰੇ ਮੋਢੇ ਤੇ ਮੱਥਾ ਰਖ ਕੇ ਜ਼ਾਰ ਜ਼ਾਰ ਰੋਂਦਾ ਹੈ। ਬਾਅਦ ਵਿੱਚ ਸੰਖੇਪ ਜਿਹਾ ਭਾਸ਼ਣ ਵੀ ਕਰਦਾ ਹੈ।

ਇਸ ਦੌਰਾਨ ਮੈਨੂੰ ਸ਼੍ਰੀਮਤੀ ਗੈਬਰੀਆਲਾ ਦੀ ਯਾਦ ਆਉਂਦੀ ਹੈ। ਮੈਂ ਅਮਰੀਕਾ, ਇੰਗਲੈਂਡ, ਕੇਨੈਡਾ, ਆਸਟਰੇਲੀਆ ਦੇ ਚੱਕਰਾਂ ਦੌਰਾਨ 'ਬੁਕਸ਼ਾਪਸ' ਤੋਂ ਹੈਨਰੀ ਫੋਰਡ ਦੀ ਲਿਖੀ ਪੁਸਤਕ 'ਇੰਟਰਨੇਸ਼ਨਲ ਜੀਊ' ਦੀ ਭਾਲ ਕਰਦਾ ਰਹਿੰਦਾ ਹਾਂ। ਪਰ ਕਿਤਾਬ ਨਹੀਂ ਮਿਲਦੀ। ਏਨੀ ਕੁ ਸੂਚਨਾ ਮਿਲਦੀ ਹੈ ਕਿ 'ਫੋਰਡ ਫਾਉਂਡੇਸ਼ਨ' ਵੱਲੋਂ ਕਿਤਾਬ ਛਾਪੀ ਤਾਂ ਜਾਂਦੀ ਹੈ ਪਰ ਬੁੱਕ ਸੈਲਫਾਂ ਤੋਂ ਗਾਇਬ ਹੋ ਜਾਂਦੀ ਹੈ। ਇਹ ਵੀ ਪਤਾ ਲੱਗਦਾ ਹੈ ਕਿ ਕਿਤਾਬ ਵੱਡ ਆਕਾਰੀ ਹੋਣ ਕਰਕੇ ਉਸਨੂੰ 6-7 ਭਾਗਾਂ ਵਿੱਚ ਵੰਡ ਦਿੱਤਾ ਗਿਆ ਹੈ।

ਬਰਕੀ ਨਾਲ ਸੰਬੰਧਿਤ ਉਕਤ ਘਟਨਾ ਤੋਂ ਇੱਕ ਤੱਥ ਸਾਫ ਹੋ ਜਾਂਦਾ ਹੈ ਕਿ ਕੋਈ ਐਸੀ ਸ਼ਕਤੀ ਹੈ। ਕੋਈ ਐਸਾ ਸੰਘਟਨ ਹੈ ਜੋ ਦੁਨੀਆਂ ਨੂੰ ਸੰਮੋਹਿਤ ਕਰੀ ਰਖਦਾ ਹੈ ਅਤੇ ਜੋ

Scanned with OKEN Scanner

...... ਜੋ ਪਰਦਿਆਂ ਪਿੱਛੇ ਰਹਿ ਕੇ ਗੁਪਤ ਢੰਗ ਨਾਲ ਇਸ ਦੁਨੀਆਂ ਨੂੰ ਚਲਾ ਰਿਹਾ ਹੈ।

ਪਰਦਿਆਂ ਪਿੱਛੇ ਰਹਿ ਕੇ ਕੰਮ ਕਰਨ ਵਾਲੀਆ ਸ਼ਕਤੀਆਂ ਦਾ ਅਰਥ ਉਦੋਂ ਮੈਂ 'ਸੂਹੀਆ ਏਜੰਸੀਆਂ' (Intelligent Agencies) ਕੱਢਦਾ ਹਾਂ ਜੋ ਲਗ ਭਗ ਹਰ ਇੱਕ ਮੁਲਕ ਦੀਆਂ ਆਪਣੀਆਂ ਹਨ, ਜੋ ਆਪਣੇ ਦੇਸ਼ ਦੀ ਸੂਹ ਵੀ ਰੱਖਦੀਆਂ ਹਨ ਤੇ ਵਿਦੇਸ਼ਾਂ ਵਿੱਚ ਘੁਸਪੈਠ ਵੀ ਕਰਦੀਆਂ ਹਨ। ਮੈਂ ਇਹਨਾਂ ਦੇ ਸੰਬੰਧਾ ਵਿੱਚ ਇੱਕ ਨਾਵਲ ਲਿਖਣ ਦਾ ਪ੍ਰਜੈਕਟ ਵੀ ਬਣਾਇਆ ਹੋਇਆ ਹੁੰਦਾ ਹੈ।

1963 ਵਿੱਚ ਪੜ੍ਹਿਆ ਸੀ ਕਿ ਕਿ ਅਮਰੀਕੀ ਪਰਧਾਨ ਜਾਨ ਕਨੈਡੀ ਦਾ ਕਤਲ ਉੱਥੋਂ ਦੀ ਸੂਹੀਆ ਏਜੰਸੀ ਸੀ. ਆਈ.ਏ. ਦੀ ਕਰਾਮਾਤ ਸੀ। ਮੈਂ ਇਸ ਵਿਸ਼ੇ ਨਾਲ ਸਬੰਧਿਤ ਦੋ ਦਰਜਨ ਕਿਤਾਬਾਂ ਖਰੀਦ ਲੈਂਦਾ ਹਾਂ।

1997 ਦੇ ਅਗਸਤ ਮਹੀਨੇ ਵਾਪਸ ਇੰਡੀਆ ਆਉਣ ਤੋਂ ਪਹਿਲਾਂ ਐਂਟਲਾਂਟਿਕ ਸਿਟੀ ਦੀ ਸਭ ਤੋਂ ਵੱਡੀ ਬੁੱਕ ਸ਼ਾਪ ਤੇ ਜਾਂਦਾ ਹਾਂ ਜਿੱਥੋਂ ਦੀ ਇੰਚਾਰਜ ਲਾਂਇਬਰੇਰੀਅਨ 'ਲੇਡੀ' ਨਾਲ ਮੈਂ ਕੁਝ ਜਾਣ-ਪਛਾਣ ਬਣਾ ਲਈ ਹੁੰਦੀ ਹੈ।

ਮੈਨੂੰ ਦੇਖਦਿਆਂ ਆਖਦੀ ਹੈ - 'ਮਿਸਟਰ ਕਲੇਟੀ ਤੁਹਾਡੇ ਮਨ ਪਸੰਦ ਵਿਸ਼ੇ ਸੀ.ਆਈ.ਏ. ਤੇ ਇੱਕ ਕਿਤਾਬ ਅਜੇ ਕੱਲ ਹੀ ਆਈ ਹੈ। ਪਰ ਅਸੀਂ ਤੁਹਾਨੂੰ ਅਜੇ ਵੇਚ ਨਹੀਂ ਸਕਦੇ। ਉਹ ਅਜੇ ਸਤੰਬਰ ਵਿੱਚ ਰਿਲੀਜ਼ ਹੋਣੀ ਹੈ। ਕੀ ਪਤਾ ਹੋਵੇ ਵੀ ਜਾਂ ਨਾ ਜਾਂ ਬੈਨ ਹੋ ਜਾਏ। ਏਦਾਂ ਹੁੰਦਾ ਹੈ।" ਮੈਂ ਦੱਸਦਾ ਹਾਂ ਕਿ ਮੈਂ ਕੱਲ੍ਹ ਇੰਡੀਆਂ ਵਾਪਸ ਜਾ ਰਿਹਾ ਹਾਂ .....

ਉਹ ਆਪ ਹੀ ਤਰੀਕਾ ਸੁਝਾ ਦਿੰਦੀ ਹੈ, 'ਇੱਕ ਤਰੀਕਾ ਹੈ। ਤੁਸੀਂ ਇੱਕ ਇਕਰਰਨਾਮੇ ਦੇ ਫਾਰਮ ਤੇ ਦਸਤਖਤ ਕਰੋਗੇ ਕਿ ਜੇ ਲੋੜ ਪਵੇ ਤਾਂ ਪੁਸਤਕ ਵਾਪਸ ਕਰ ਦਿਉਗੇ।' ਮੈਂ ਹਾਮੀ ਭਰ ਦਿੰਦਾ ਹਾਂ। ਕਿਤਾਬ ਖਰੀਦ ਲੈਂਦਾ ਹਾਂ। ਕਿਤਾਬ ਦਾ ਨਾਮ ਹੈ "The Psychic Warrior" (ਪ੍ਰਾ-ਸਰੀਰਕ ਯੋਧਾ) ਜੋ ਕਿ ਡੇਵਿਡ ਮੋਰ ਹਾਊਸ ਦੀ ਲਿਖੀ ਹੋਈ ਹੈ। (David More House)

ਨੀਊ ਯਾਰਕ ਤੋਂ ਲੰਡਨ ਦਿਲੀ ਅਤੇ ਆਪਣੇ ਘਰ ਪੁੱਜਣ ਤੱਕ ਮੈਂ ਪੁਸਤਕ ਸਮਾਪਤ ਕਰ ਲੈਂਦਾ ਹਾਂ।

ਕਿਤਾਬ ਲੇਖਕ ਦੀ ਆਤਮ ਕਥਾ ਹੈ ਜੋ ਕਿ ਇਸ ਸੱਚ ਤੇ ਅਧਾਰਿਤ ਹੈ ਕਿ ਕਿਵੇਂ ਦੁਨੀਆਂ ਦੀਆਂ ਵੱਡੀਆਂ ਇਟੈਲੀਜੈਂਸ ਏਜੰਸੀਆਂ ਜਿਵੇਂ ਕਿ ਸੀ.ਆਈ.ਏ., ਕੇ.ਜੀ.ਬੀ., ਐਮ.ਆਈ. 6, ਮੋਸਾਦ ਆਦਿ ਸੰਮੋਹਨ ਸ਼ਕਤੀ ਦੀ ਵਰਤੋਂ ਦੁਆਰਾ ਮਨੁੱਖੀ ਦਿਮਾਗ ਨੂੰ ਪ੍ਰਾ-ਸਰੀਰਕ ਯੰਤਰ ਯਾਨੀ ਪੁਤਲੀ ਬਣਾ ਕੇ ਉਸ ਤੋਂ ਜਾਸੂਸੀ ਕਰਵਾਉਂਦੀਆਂ ਹਨ। ਪੁਸਤਕ ਤੋਂ ਮੈਂ ਇੰਨਾ ਪ੍ਰਭਾਵਿਤ ਹੁੰਦਾ ਹਾਂ ਕਿ ਪਹਿਲਾਂ ਨਿਰਧਾਰਿਤ ਕੀਤੇ 'ਸਿੱਖ ਮਿਲੀਟੈਂਸੀ' ਤੇ ਅਧਾਰਿਤ ਨਾਵਲ ਨੂੰ ਅਜੇ ਪਿੱਛੇ ਪਾ ਦਿੰਦਾ ਹਾਂ ਤੇ ਉਕਤ ਵਿਸ਼ੇ ਤੇ ਅਧਾਰਤ ਤੀਸਰਾ ਨਾਵਲ 'ਘਾਟੀ ਪੁਤਲੀਗਰਾਂ ਦੀ' ਸ਼ੁਰੂ ਕਰ ਦਿੰਦਾ ਹਾਂ। ਦੂਸਰਾ ਨਾਵਲ ਜੋ ਪੂਰਾ ਤਾਂ 1996

Scanned with OKEN Scanner

ਵਿੱਚ ਕਰ ਲਿਆ ਸੀ ਪਰ ਛਪਦਾ 1998 ਵਿਚ ਹੈ ਦੀ ਸਮਰਪਣਾ ਡੇਵਿਡ ਮੋਰ ਹਾਊਸ ਦੇ ਨਾਮ ਕਰਦਾ ਹਾਂ।

ਘਾਟੀ ਪੁਤਲੀਗਰਾਂ ਦੀ ਲਿਖਦਿਆਂ ਲਿਖਦਿਆਂ ਇਹ ਚਾਨਣ ਹੋਇਆ ਹੁੰਦਾ ਹੈ ਕਿ ਕਾਰਲ ਮਾਰਕਸ ਦੀ 'ਮੈਟਰ ਬਨਾਮ ਖਿਆਲ' ਦੀ ਥੀਊਰੀ ਦਲੀਲ ਦੇ ਸੱਚ ਦੀ ਕਸਵੱਟੀ ਤੇ ਪੂਰੀ ਨਹੀਂ ਉਤਰਦੀ ਹੈ। ਪਰ ਬੇਹੱਦ ਪ੍ਰਚਾਰ ਨੇ ਦੁਨੀਆਂ ਨੂੰ ਏਨਾ ਸਮੋਹਿਤ ਕਰ ਲਿਆ ਹੈ- ਕਿ ਵਿਗਿਆਨ ਨੂੰ ਵੀ ਕਠਪੁਤਲੀ ਬਣਾ ਲਿਆ ਹੋਇਆ ਹੈ—।

ਕੁਝ ਵੀ ਹੋਵੇ ਉਸਦੀ 'ਮੁਕਤੀ ਬ੍ਰਬਾਹੀ ਭਾਈਚਾਰਾ' ਦੀ ਵਿਗਿਆਨਿਕ ਸਾਰਣੀ (ਵਿਆਖਿਆ) ਬਾ-ਕਮਾਲ ਹੈ ਜੋ ਲੋਕਾਂ ਨੂੰ ਸਮੇਤ ਬੁਧੀ ਜੀਵੀਆਂ ਦੇ ਵੀ ਸੰਮੋਹਤ ਕਰ ਲੈਂਦੀ ਹੈ।

ਹੋਲੀ ਹੋਲੀ ਸੱਚ ਨਿਤਰਦਾ ਹੈ ਕਿ ਦੁਨੀਆਂ ਭਰ ਦੀਆਂ ਸੂਹੀਆਂ ਏਜੰਸੀਆਂ ਸਰਕਾਰਾਂ ਨੂੰ ਚਲਾਉਂਦੀਆਂ ਹਨ ਪਰ ਸਰਕਾਰਾਂ ਨੂੰ ਚਲਾਉਣ ਵਾਲੀ ਵੀ ਇੱਕ ਹੋਰ ਸੁਪਰ ਸਰਕਾਰ ਹੈ। ਉਸ ਸੁਪਰ ਸਰਕਾਰ ਨੇ ਹੌਲੀ ਹੌਲੀ 'ਸੁਪਰ ਸੁਮੋਹਨ ਸ਼ਕਤੀ' ਤੇ ਵੀ ਏਕਾ-ਧਿਕਾਰ ਪ੍ਰਾਪਤ ਕਰ ਲਿਆ ਹੋਇਆ ਹੈ। ਇਹ ਸ਼ਕਤੀ ਹੈ ਧਨ-ਦੋਲਤ-ਸਰਮਾਏ ਅਰਥਾਤ ਮੁਦਰਾ ਦੀ ਸ਼ਕਤੀ ਜੋ ਬੈਕਾਂ ਰਾਹੀਂ ਉਪਜਾਈ ਜਾਂਦੀ ਹੈ। ਬੈਂਕ ਵਿੰਗੇ ਅਤੇ ਸਿੱਧੇ ਅਤੇ ਜਟਿਲ ਢੰਗਾਂ ਨਾਲ ਉਸੇ ਦੀ ਨਿਜੀ ਮਲਕੀਅਤ ਹਨ ਅਤੇ ਨਿਜੀ ਮਲਕੀਅਤ ਨੂੰ ਸਰਵ ਸਾਂਝੀ ਬਣਾਉਣਾ ਬੜਾ ਹੀ ਕਠਿਨ ਤੇ ਜਟਿਲ ਮੁਹਾਜ਼ ਹੈ।

ਭਾਰਤ ਨੂੰ ਵੀ ਯੂਰਪੀਨ ਮੁਲਕਾਂ, ਅਮਰੀਕਾ, ਰੂਸ, ਚੀਨ ਆਦਿ ਵਾਂਗ ਉਹਨਾਂ ਨੇ ਆਪਣੀ ਸਮੋਹਨ ਸ਼ਕਤੀ ਦੀ ਵਲਗਣ ਵਿੱਚ ਵਲ਼ ਲਿਆ ਹੋਇਆ ਹੈ। ਅਜ਼ਾਦੀਆਂ, ਡੈਮੋਕ੍ਰੇਸੀਆ (ਲੋਕਰਾਜ) ਮਨੁੱਖੀ ਅਧਿਕਾਰ, ਯੂ.ਐਨ.ਓ. ਸਭ ਛਲਾਵਾ ਹਨ।

ਮਿਸਟਰ ਬਰਕੀ ਅਤੇ ਮਿਸਿਜ਼ ਗੈਬਰੀਆਲਾ ਦੇ ਕਥਨ ਠੀਕ ਸਨ ਕਿ ਦੁਨੀਆਂ ਦੇ ਸਾਰੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਬਲਾਤਕਾਰਤ ਇਤਿਹਾਸ ਪੜ੍ਹਿਆ ਅਤੇ ਪੜ੍ਹਾਇਆ ਜਾਂਦਾ ਹੈ। ਏਸ ਘੁੰਡੀ ਦਾ ਸੱਚ ਡਾਕਟਰ ਦਲਜੀਤ ਸਿੰਘ (ਅੰਮ੍ਰਿਤਸਰ) ਦੀ ਪੁਸਤਕ 'ਸੱਚ ਦੀ ਭਾਲ ਵਿੱਚ' ਪੜ੍ਹ ਕੇ ਸਮਝ ਆ ਸਕਿਆ ਹੈ। ਇਤਿਹਾਸ ਨੂੰ ਮੁੜ ਮੁੱਢੋਂ ਪੜ੍ਹਨਾ ਸ਼ੁਰੂ ਕੀਤਾ ਹੋਇਆ ਹੈ ਅਤੇ ਸੱਚ ਦਾ ਪ੍ਰਕਾਸ਼ ਹੋਈ ਜਾ ਰਿਹਾ ਹੈ। ਇਹ ਵੀ ਸੱਚ ਹੈ ਕਿ ਗੁਲਾਮਾਂ ਦਾ ਆਪਣਾ ਕੋਈ ਇਤਿਹਾਸ ਨਹੀਂ ਹੁੰਦਾ। ਮਾਲਕਾਂ ਦਾ ਇਤਿਹਾਸ ਹੁੰਦਾ ਹੈ। ਭਾਰਤ ਨੇ ਲਗਭਗ ਇੱਕ ਹਜ਼ਾਰ ਸਾਲ ਸਿਧੀ ਗੁਲਾਮੀ ਭੋਗੀ ਹੈ। 1947 ਤੋਂ ਬਾਅਦ ਵੀ ਹੋਰ ਵੱਡੇ ਤੇ ਸ਼ਕਤੀਸ਼ਾਲੀ ਮੁਲਕਾਂ ਵਾਂਗ ਜ਼ਾਇਅਨਵਾਦ ਦੀ ਸੂਖਮ ਗੁਲਾਮੀ ਭੋਗ ਰਿਹਾ ਹੈ। ਜ਼ਰਾ ਪੜਤਾਲ ਕਰ ਲਈਏ।

Scanned with OKEN Scanner
Scanned with OKEN Scanner

ਇੰਡੀਅਨ ਚੈਪਟਰ

ਮਨੁੱਖ - ਆਦਿ ਤੇ ਵਿਕਾਸ (ਸੰਖੇਪ)

ਮਨੁੱਖ ਜਾਤੀ ਦੇ ਆਦਿ ਵਿਕਾਸ ਦਾ ਇਹ ਨਕਸ਼ਾ ਖੋਜੀ ਲੇਖਕ ਜੇਅਰਡ ਡਾਇਮੰਡ (Jared Diamond) ਦੀ ਪੁਸਤਕ Guns, Germs, And Steel. The Fates of Human Societies (ਹਥਿਆਰ, ਕੀਟਾਣੂ, ਅਤੇ ਸਟੀਲ, ਮਨੁੱਖੀ ਸਮਾਜ ਦੀਆਂ ਹੋਣੀਆਂ) 1997 ਵਿੱਚੋਂ ਲਿਆ ਗਿਆ ਹੈ।

ਪੁਸਤਕ ਦਾ ਟਾਈਟਲ

ਇਸ ਅਨੁਸਾਰ ਮਨੁੱਖ ਜਾਤੀ ਦਾ ਆਦਿ ਲਗਪਗ ਸੱਤਰ ਲੱਖ ਸਾਲ ਪਹਿਲਾਂ ਵਰਤਮਾਨ ਮਧ ਪੂਰਬੀ ਅਫਰੀਕਾ ਵਿਖੇ ਹੋਇਆ। ਤਿੰਨ ਰੰਗ ਭੇਦ Negroids, Caucasoids, Mangloids ਅਰਥਾਤ ਦ੍ਰਾਵਿੜ , ਕੋਲ, ਮੰਗੋਲ, ਅਰਥਾਤ ਕਾਲੇ , ਚਿੱਟੇ ਅਤੇ ਭੂਰੇ, ਉੱਭਰੇ ਜਿਹਨਾਂ ਨੂੰ ਵਿਕਾਸ ਦੇ ਵੱਖ ਵੱਖ ਪੜਾਵਾਂ ਜਿਵੇਂ ਕਿ Homo Neandrathaals, Homo Erectus, Homo Hablis, Australopitheus, Homo Australlopitilus ਵਿੱਚੋਂ ਲੰਘ ਕੇ ਦੁਨੀਆਂ ਵਿੱਚ ਫੈਲਣਾ ਪਿਆ।

Figure 1.1 The spread of humans around the world.
ਮਨੁੱਖ ਜਾਤੀ ਦੁਨੀਆ ਵਿੱਚ ਫੈਲਦੀ ਹੈ

ਨਾਲੋ ਨਾਲ ਹਵਾ ਪਾਣੀ ਜ਼ਮੀਨ ਅਤੇ ਮਾਨਵ ਜਾਤੀਆਂ ਦੇ ਆਪਸੀ ਤਾਲਮੇਲ ਅਤੇ ਵਿਰੋਧ ਨੇ ਵੀ ਵਿਕਾਸ ਤੇ ਪ੍ਰਭਾਵ ਪਾਇਆ।


ਵਿਕਾਸ ਦੇ ਪੜਾਅ

ਭਾਰਤ

ਮਾਰਕ ਟਵੇਨ (Mark Twain) ਦੀ ਇਸ ਟੂਕ ਤੋਂ ਆਰੰਭ ਕਰਦੇ ਹਾਂ -

India is a craddle of human race, birth place of human speech, the mother of History, grand mother of legend, great grand mother of tradition. Our most valuable and most instructive materials in the history of man are treasured in India.

Scanned with OKEN Scanner

(ਭਾਰਤ ਮਾਨਵ ਜਾਤੀ ਦਾ ਪੰਘੂੜਾ ਹੈ। ਮਾਨਵ ਭਾਸ਼ਾਂ ਦੀ ਜੰਮਣ ਭੋਂ ਹੈ। ਇਤਿਹਾਸ ਦੀ ਅੰਮਾਂ ਹੈ। ਪੁਰਾਣਕ ਕਥਾ ਦੀ ਦਾਦੀ ਹੈ, ਪਰੰਪਰਾ ਦੀ ਪੜਦਾਦੀ ਹੈ। ਮਨੁੱਖੀ ਇਤਿਹਾਸ ਦੇ ਸਭ ਤੋਂ ਵੱਧ ਦੁਰਲੱਭ ਅਤੇ ਦਿਸ਼ਾ-ਨਿਰਦੇਸ਼ਕ (ਸਿੱਖਿਆਦਾਇਕ) ਵਿਸ਼ੇ ਏਥੇ ਹੀ ਭੰਡਾਰਤ ਹਨ।)

ਜਦੋਂ ਮਾਨਵ ਜ਼ਰਖੇਜ ਭੂ ਟੁਕੜੇ ਤੋਂ ਕਾਫਲਿਆਂ ਦੇ ਰੂਪ ਵਿੱਚ ਚੱਲ ਕੇ ਧਰਤੀ ਰਸਤੇ ਉਸ ਭੂ-ਟੁਕੜੇ ਵਿੱਚ ਪੁਜਿਆ ਜਿਸ ਨੂੰ ਸਿੰਧੂ ਘਾਟੀ (ਭਾਰਤ ਵਰਸ਼) ਕਿਹਾ ਜਾਂਦਾ ਹੈ, ਇਹ ਉਸ ਦੇ ਵਿਕਾਸ ਦੀ Homo Sapien ਅਵਸਥਾ ਸੀ ਤੇ ਯੁਗ ਪੱਥਰ ਯੁੱਗ ਸੀ।

ਇਹਨਾਂ ਨੂੰ ਦ੍ਰਾਵਿੜ ਜਾਤੀ ਦੇ ਲੋਕ ਮਾਨਵ ਵੀ ਆਖਿਆ ਜਾ ਸਕਦਾ ਹੈ।

ਪੱਥਰ ਯੁਗ ਦਾ ਸਮਾਂ ਪੰਜ ਲੱਖ ਸਾਲ ਤੋਂ ਦੋ ਲੱਖ ਸਾਲ ਪਹਿਲਾਂ ਦਾ ਸਮਾਂ ਸਵੀਕਾਰਿਆ ਗਿਆ ਹੈ। ਜ਼ਰਖੇਜ ਭੂ-ਟੁਕੜਾਂ ਹੌਲੀ ਹੌਲੀ ਮਾਰੂਥਲ ਵਿੱਚ ਬਦਲ ਰਿਹਾ ਸੀ।

ਭੁੱਖਾਂ ਪਿਆਸਾਂ ਦੇ ਮਾਰੇ ਅਤੇ ਹਨੇਰੀਆਂ ਝੱਖੜਾਂ ਦੇ ਦੁੱਖ ਸਹਿੰਦੇ ਲੋਕ ਸਿ਼ੰਧ ਘਾਟੀ ਵਿੱਚ ਪੁੱਜਦੇ ਹਨ ਤਾਂ ਜ਼ਰਖੇਜ ਜ਼ਮੀਨ, ਫੁਲਾਂ ਫਲਾਂ ਨਾਲ ਲੈਂਦੇ ਜੰਗਲ ਅਤੇ ਸੁੰਦਰ ਆਬਸ਼ਰਾਂ ਅਤੇ ਦਰਿਆਵਾਂ ਦਾ ਬੇਅੰਤ ਵਹਿੰਦਾ ਪਾਣੀ ਸਵਾਗਤ ਕਰਦਾ ਹੈ ਤਾਂ ਮਾਨਵ ਸਮਝਦਾ ਹੈ ਕਿ ਉਹ ਕਲਪਨਾਂ ਵਿੱਚ ਰਚੇ ਸਵਰਗ ਦੀ ਸੁੰਦਰ ਧਰਤੀ ਤੇ ਪੁੱਜ ਗਿਆ ਹੈ।

ਹੋਰ ਸੁੰਦਰ ਸਵਰਗ ਰੂਪੀ ਧਰਤੀ ਦੀ ਖੋਜ ਵਿੱਚ ਇਹ ਕਈ ਦਰਿਆਵਾਂ, ਪਠਾਰਾਂ ਨੂੰ ਪਾਰ ਕਰਦੇ ਕਰਦੇ ਦੱਖਣ ਦੇ ਸਮੁੰਦਰੀ ਸਿਰਿਆਂ ਤੱਕ ਵੀ ਪੁੱਜ ਜਾਂਦੇ ਹਨ। ਕੌਡੀਆਂ, ਘੋਗੇ, ਸਿੱਪੀਆਂ, ਸੁੰਦਰ-ਪੱਥਰ, ਗੀਟੇ, ਪੱਥਰ ਦੇ ਹਥਿਆਰ ਇਹਨਾਂ ਦੀ ਦੌਲਤ ਹਨ। ਜੰਗਲੀ ਫਲ, ਫੁਲ, ਫਲ, ਜੜ੍ਹਾਂ ਛਿੱਲਾਂ, ਸ਼ਹਿਦ, ਧਰਤੀ ਤੇ ਉਪਰਲੇ ਅਤੇ ਪਾਣੀ ਵਿਚਲੇ ਜੀਵ ਇਨ੍ਹਾਂ ਦਾ ਅਧਾਰ ਹਨ। ਪਹਾੜਾਂ ਦੀਆਂ ਗੁਫਾਵਾਂ, ਪਠਾਰਾਂ ਦੀਆਂ ਕੁੰਦਰਾਂ ਤੇ ਬਿਰਖਾਂ ਦੀ ਕੱਟ ਵੱਢ ਨਾਲ ਬਣਾਏ ਝੌਂਪੜੇ ਇਹਨਾਂ ਦੇ ਬਸੇਰੇ ਹਨ।



ਹਜ਼ਾਰਾਂ ਲੱਖਾਂ ਸਾਲ ਦੁੱਖ ਸੁੱਖ ਝਲਦਿਆ ਬੀਤ ਜਾਂਦੇ ਹਨ ਪੱਥਰ ਦੇ ਸੰਦਾਂ ਨਾਲ ਕਾਸ਼ਤ ਕਰਨੀ ਵੀ ਸਿੱਖ ਜਾਂਦੇ ਹਨ। ਫੇਰ ਇਹ ਕੁੰਦਰਾਂ, ਗੁਫਾਵਾਂ ਵਿੱਚੋਂ ਨਿਕਲ ਕੇ ਪਹਿਲਾਂ ਛੋਟੀਆਂ ਛੋਟੀਆਂ, ਫੇਰ ਵੱਡੀਆਂ ਵੱਡੀਆਂ ਬਸਤੀਆਂ ਵਸਾਉਂਦੇ ਹਨ। ਅੱਗ ਇਹਨਾਂ ਦੀ ਮੁੱਢਲੀ ਸਾਥਣ ਸੀ। ਅੱਗ ਨੂੰ ਵੱਸ ਵਿੱਚ ਕਰਨਾ ਵੀ ਸਿੱਖ ਜਾਂਦੇ ਹਨ।

ਕਈ ਵਾਰ ਅੱਗ ਦੀ ਸੁਆਹ ਚੋਂ ਐਸੇ ਟੁਕੜੇ ਵੀ ਮਿਲਦੇ ਹਨ ਜੋ ਢਲ ਤਾਂ ਜਾਂਦੇ ਹਨ ਪਰ ਉੱਕਾ ਹੀ ਸੜ ਕੇ ਸੁਆਹ ਨਹੀਂ ਹੁੰਦੇ। ਇਹ ਮੁੱਢਲੇ ਤੌਰ ਤੇ ਧਾਤ ਦੀ ਲੱਭਤ ਸੀ।

Scanned with OKEN Scanner
Scanned with OKEN Scanner

ਕਈਆਂ ਥਾਵਾਂ ਦੀ ਮਿੱਟੀ ਵਿੱਚ ਐਸੀ ਸਿਫਤ ਹੈ ਕਿ ਅੱਗ ਵਿੱਚ ਸੜ੍ਹਿਆਂ ਵਧੇਰੇ ਮਾਤਰਾ ਵਿੱਚ ਧਾਤ ਦੇ ਟੁਕੜੇ ਮਿਲਦੇ ਹਨ। ਇਹ ਧਾਤ ਕੌਡੀਆਂ, ਘੋਗੇ, ਸਿੱਪੀਆਂ ਆਦਿ ਦੀ ਥਾਂ ਦੌਲਤ ਦੇ ਰੂਪ ਬਣ ਜਾਂਦੇ ਹਨ, ਜਿਨਾਂ ਰਾਹੀਂ ਜ਼ਿੰਦਗੀ ਜਿਊਣ ਦੇ ਹੋਰ ਸਾਧਨਾਂ ਦਾ ਸੌਖਾ ਵਟਾਂਦਰਾ ਹੋ ਸਕਦਾ ਹੈ।

ਇਨਸਾਨ ਏਸ ਧਰਤੀ ਦੀਆਂ ਦਾਤਾਂ ਦੇ ਭੰਡਾਰ ਤੋਂ ਚਕਿਰਤ ਰਹਿ ਜਾਂਦਾ ਹੈ।

ਐਸਾ ਸਮਾਂ ਵੀ ਆਉਂਦਾ ਹੈ ਕਿ ਅਹਾਰ ਦੀਆਂ ਖੁਦ ਰੌ ਫਸਲਾਂ ਨੂੰ ਸੰਦਾਂ ਹਥਿਆਰਾਂ ਦੀ ਸਹਾਇਤਾ ਨਾਲ ਆਪ ਉਗਾਉਂਣੀਆਂ, ਸਿੰਜਣੀਆਂ, ਪਕਾਉਂਣੀਆਂ, ਵੱਢਣੀਆਂ ਤੇ ਸੁਰੱਖਿਅਤ ਭੰਡਾਰਨ ਕਰਨੀਆਂ ਵੀ ਸਿਖ ਜਾਂਦਾ ਹੈ। ਏਸ ਕਾਰਜ ਲਈ ਉਹ ਆਪ ਤਾਂ ਸੰਘਰਸ਼ ਕਰਦਾ ਹੀ ਹੈ ਮਥੈਸ਼ੀਆਂ ਤੋਂ ਵੀ ਕੰਮ ਲੈਂਦਾ ਹੈ।

ਇਉਂ ਪ੍ਰੀਵਾਰ, ਕਬੀਲੇ, ਜਨਪਦਾਂ, ਕਸਬਿਆਂ, ਛੋਟੇ ਸ਼ਹਿਰਾਂ, ਵੱਡੇ ਸ਼ਹਿਰਾਂ, ਵੱਡੇ ਰਾਜਾਂ, ਵੱਲ ਵਿਕਾਸ ਹੁੰਦਾ ਹੈ। ਮਗਰੋਂ ਇਹਨਾਂ ਨੂੰ ਦ੍ਰਾਵਿੜ ਲੋਕ ਆਖਿਆ ਜਾਣ ਲੱਗਦਾ ਹੈ।

ਹਜ਼ਾਰਾਂ ਸਾਲਾਂ ਦੇ ਸੰਘਰਸ਼ ਦੇ ਨਤੀਜੇ ਵਜੋਂ ਇੱਕ ਅਜ਼ਬ ਗਜ਼ਬ ਸੱਭਿਅਤਾ ਉਪਜਦੀ ਹੈ ਜਿਸ ਨੂੰ ਬਾਅਦ ਵਿੱਚ ਸਿੰਧੂ ਘਾਟੀ ਦੀ ਸੱਭਿਅਤਾ ਆਖਿਆ ਜਾਣ ਲੱਗਦਾ ਹੈ।

ਇਸ ਸੱਭਿਅਤਾ ਦੇ ਮਿਲੇ ਖੰਡਰਾਂ ਤੋਂ ਸਾਫ ਪਤਾ ਲੱਗਦਾ ਹੈ ਕਿ ਇਸਦੇ ਵੀ ਆਪਣੇ ਦੇਵੀਆਂ, ਦੇਵਤੇ, ਪੂਜਾ-ਸਥਾਨ, ਮੂਰਤੀਆਂ ਆਦਿ ਸਨ। 'ਸ਼ਿਵ' ਉਹਨਾਂ ਦਾ ਹੀ ਪਹਿਲਾ ਮਹਾਨ ਦੇਵਤਾ ਸੀ ਜੋ ਕਿ ਬਾਅਦ ਵਿੱਚ ਉਹਨਾਂ ਕੋਲੋਂ ਖੋਹ ਲਿਆ ਗਿਆ। ਉਹਨਾਂ ਦਾ ਆਪਣਾ ਸੱਭਿਆਚਾਰ, ਬੋਲੀ ਅਤੇ ਕਲਾ ਵੀ ਸੀ। ਹਾਂ, ਕੇਂਦਰੀ ਲਿੱਪੀ ਦੀ ਘਾਟ ਸੀ।

ਮਹਿੰਜੋਦੜੋ, ਹੜੱਪਾ,ਲੋਦਲ ਦੀ ਮੁੜ ਖੁਦਾਈ ਤੋਂ ਉਕਤ ਤੱਥ ਸਾਫ ਜ਼ਾਹਰ ਹਨ। ਕੁਦਰਤ ਦਾ ਸਮਤੋਲ (Eco Balance) ਵੀ ਅਜੀਬ ਹੈ।

ਉੱਧਰ ਜ਼ਰਖੇਜ ਭੂ-ਟੁਕੜਾ (Fertile Crescent) ਅਰਬ ਦੇ ਮਾਰੂਥਲ ਵਿੱਚ ਵਟ ਤੇ ਬਲ ਰਿਹਾ ਸੀ। ਉੱਥੋਂ ਲੋਕ ਉੱਜੜ ਰਹੇ ਸਨ ਤੇ ਦੁਨੀਆਂ ਦੇ ਹੋਰ ਭਾਗ ਵੱਸ ਰਹੇ ਹਨ।

ਬਚਦੇ ਦ੍ਰਵਿੜ ਜਾਤੀ ਦੇ ਲੋਕ ਨੇੜਲੀ ਧਰਤੀ ਅਫਰੀਕਾ ਵੱਲ ਕੂਚ ਕਰ ਗਏ। ਕੋਲ (Caucasoids) ਯੂਰੇਸ਼ੀਆ ਦੇ ਸਮੁੰਦਰੀ ਰਸਤਿਉਂ ਐਸੀ ਧਰਤੀ ਵੱਲ ਕੂਚ ਕਰ ਗਏ ਜਿਸ ਨੂੰ ਅੱਜ ਯੂਰਪ ਕਿਹਾ ਜਾਂਦਾ ਹੈ। ਮੰਗੋਲ ਏਸ਼ੀਆ ਮਹਾਂਦੀਪ ਵਿੱਚ ਫੈਲਣੇ ਸ਼ੁਰੂ ਹੋ ਗਏ। ਇਹ ਸਿਲਸਿਲਾ ਲੱਖਾਂ ਸਾਲ ਪਹਿਲਾਂ ਆਰੰਭ ਹੋਇਆ ਸੀ ਜੋ ਅੱਜ ਤੱਕ ਕਿਸੇ ਨਾ ਕਿਸੇ ਰੂਪ ਵਿੱਚ ਚੱਲੀ ਜਾ ਰਿਹਾ ਹੈ।

ਸੰਖੇਪ ਵਿੱਚ ਪੰਜ ਮਹਾਂਦੀਪਾਂ ਵਿੱਚੋਂ ਵਧੇਰੇ ਕਰਕੇ ਤਿੰਨਾਂ ਵਿੱਚ ਕਰਮਵਾਰ ਅਫਰੀਕਾ ਵਿੱਚ ਨੀਗਰੋ (Negroides), ਯੂਰਪ ਵਿੱਚ ਕੋਲ (caucasoids) ਅਤੇ

Scanned with OKEN Scanner
Scanned with OKEN Scanner

ਏਸ਼ੀਆ ਵਿੱਚ ਮੰਗੋਲ (Mongloids) ਜਾ ਵਸੇ।

ਕੁਝ ਆਪਸ ਵਿੱਚ ਤਾਲਮੇਲ, ਰਲਾ ਤੇ ਵਿਰੋਧ ਵੀ ਚੱਲਦਾ ਰਿਹਾ। ਕੁਝ ਉਪਜਾਤੀਆਂ ਜਿਵੇਂ ਅਬ- ਓਰੀਜਨਲ ਜੋ ਲਗਪਗ ਚਾਲੀ ਕੁ ਹਜ਼ਾਰ ਸਾਲ ਪਹਿਲਾਂ ਆਸਟਰੇਲੀਆ ਮਹਾਂਦੀਪ ਵਿਖੇ ਪੁੱਜ ਗਏ। ਮੌਰੀ ਜਾਤੀ ਨਿਊਜ਼ੀਲੈਂਡ ਵਿਖੇ ਅਤੇ ਰੈਡ ਇੰਡੀਅਨਜ਼ ਕੁਲ ਦਸ ਗਿਆਰਾਂ ਹਜ਼ਾਰ ਸਾਲ ਪਹਿਲਾਂ ਅਮਰੀਕਾ ਵਿਖੇ ਪੁੱਜ ਗਏ। ਭਾਰਤ ਵਿਚ ਵੀ ਸਭ ਤੋਂ ਪਹਿਲਾਂ ਦ੍ਰਾਵਿੜ ਜਾਤੀ ਪ੍ਰਵੇਸ਼ ਕਰਦੀ ਹੈ। ਹੌਲੀ ਹੌਲੀ ਕੋਈ ਦੀਪ ਮਹਾਂਦੀਪ ਨਾ ਬਚਿਆ ਜੋ ਮਨੁੱਖ ਦੀ ਪੁੱਜਤ ਤੋਂ ਬਾਹਰ ਰਿਹਾ ਹੋਵੇ।

ਪਰਵਾਸ ਦੀ ਇਸ ਬੇਰੋਕ ਲਹਿਰ ਦੇ ਸਮੇਂ ਮੈਸੋਪੋਟਾਮੀਆਂ, ਮਿਸਰ, ਤੇ ਇਸਰਾਈਲ ਦੇ ਖਿੱਤੇ ਵਿੱਚ ਇੱਕ ਨਿਵੇਕਲਾ ਧਰਮ ਉਪਜਦਾ ਹੈ ਜਿਸਦਾ ਪਹਿਲਾ ਪੈਗੰਬਰ ਅਬਰਾਹਮ, ਜਿਸ ਦੀ ਤੀਹਵੀਂ ਪੀੜੀ ਵਿੱਚ ਮੂਸਾ ਜਨਮਦਾ ਹੈ ਜੋ ਆਪਣੇ ਅਨੁਯਾਈਆਂ ਨੂੰ ਇਸਰਾਈਲ ਦੇ ਖੇਤਰ ਵੱਲ ਲੈ ਆਉਂਦਾ ਹੈ ਜਿਨਾਂ ਨੂੰ 'ਜੀਊ' ਆਖਿਆ ਜਾਣ ਲੱਗਦਾ ਹੈ। ਇਹਨਾਂ ਦੇ ਪਰਮੇਸ਼ਰ ਦਾ ਨਾਮ ਹੈ ਯਹੋਵਾਹ।

ਵਿਚਾਰ ਕਰੀਏ ਭਾਰਤੀ ਉਪ ਮਹਾਂਦੀਪ ਦੀ ...... ਮੰਗੋਲਾਂ ਦੀ ਇੱਕ ਉਪਜਾਤੀ ਹੈ ਆਰੀਆ। ਆਰੀਆ ਦਾ ਇੱਕ ਹਿੱਸਾ ਕਾਕੇਸ਼ੀਅਨ ਦੇ ਨਾਲ ਯੂਰਪ ਵਿੱਚ ਚਲਿਆ ਜਾਂਦਾ ਹੈ ਜੋ ਜਰਮਨੀ ਦੇ ਆਸ ਪਾਸ ਦੇ ਖੇਤਰਾਂ ਵਿੱਚ ਜਾ ਵਸਦੇ ਹਨ। ਦੂਜਾ ਹਿੱਸਾ ਮਾਰੋ ਮਾਰ ਕਰਦਾ ਭਾਰਤੀ ਉਪਮਹਾਂਦੀਪ ਵੱਲ ਧਾਵਾ ਬੋਲ ਦਿੰਦਾ ਹੈ।

ਦ੍ਰਾਵਿੜਾਂ ਵਾਂਗ ਆਰੀਆ ਵੀ ਸਿੰਧੂ ਘਾਟੀ ਦੇ ਖੇਤਰ ਤੋਂ ਚਕਿਰਤ ਰਹਿ ਜਾਂਦੇ ਹਨ। ਇੱਕ ਉੱਨਤ ਬੋਲੀ ਆਪਣੇ ਨਾਲ ਲਿਆਏ ਹਨ।

ਪਾਣੀ, ਹਵਾ, ਅਤੇ ਧਰਤੀ ਦੀ ਕੁਦਰਤੀ ਸਥਿਤੀ ਦੇ ਸੁਮੇਲ ਨੇ ਅਤਿ ਦੀ ਸੁੰਦਰਤਾ ਏਸ ਖੇਤਰ ਨੂੰ ਬਖਸ਼ੀ ਹੋਈ ਹੈ। ਏਸ ਅਤਿ ਦੇ ਸੁੰਦਰ ਵਾਤਾਵਰਨ ਦੇ ਦਰਮਿਆਨ ਬੁੱਧੀਜੀਵੀ ਵਰਗ ਹੋਰ ਉੱਨਤ ਬੋਲੀ, ਕਲਾ ਅਤੇ ਸਾਹਿਤ ਅਤੇ ਨਤੀਜਾਜਨ ਸੰਸਕ੍ਰਿਤੀ ਦੀ ਰਚਨਾ ਕਰਦੇ ਹਨ। ਵਾਤਾਵਰਨ ਸੁੰਦਰ ਹੈ। ਧਰਤੀ ਦੀ ਉਪਜਾਊ ਸ਼ਕਤੀ ਬੇਅੰਤ ਹੈ। ਭਟਕਦਿਆਂ ਨੂੰ ਸਥਿਰਤਾ ਮਿਲੀ ਹੈ। ਅਨੰਦ ਦੀ ਅਵਸਥਾ ਵਿੱਚ ਗੀਤ,-ਸੰਗੀਤ ਦੀਆਂ ਲੈਆਂ ਉਪਜਦੀਆਂ ਹਨ। ਬੌਧ ਵਰਗ ਨੂੰ ਇਕਾਗਰਤਾ ਮਿਲਦੀ ਹੈ।

ਕਦੇ ਕਦੇ ਸਥਾਨਕ ਦ੍ਰਾਵਿੜਾਂ ਵਲੋਂ ਬਗਾਵਤਾਂ ਹੁੰਦੀਆਂ ਹਨ। ਆਰੀਆ ਬੁੱਧੀਜੀਵੀਆਂ ਦੀ ਇਕਾਗਰਤਾ, ਅਮਨ, ਸ਼ਾਂਤੀ, ਆਨੰਦ ਭੰਗ ਹੁੰਦੇ ਹਨ।

ਲੋਕਾਂ ਦੀਆਂ ਮਾਨਸਿਕ ਅਤੇ ਸਰੀਰਕ ਸ਼ਕਤੀਆਂ ਨੂੰ ਆਹਰੇ ਲਾ ਕੇ ਸੂਤਰਬੱਧ ਕਰਨਾ ਬਹੁਤ ਬਹੁਤ ਜਰੂਰੀ ਹੈ।

ਉਹ ਸਮਾਜ ਨੂੰ ਚਾਰ ਜਾਤਾਂ ਵਿੱਚ ਵੰਡ ਦਿੰਦੇ ਹਨ। ਬੌਧ ਵਰਗ ਖੁਦ ਬ੍ਰਾਹਮਣ (ਬ੍ਰਹਮ-ਗਿਆਨੀ) ਬਣ ਬੈਠਦਾ ਹੈ ਜਿਸ ਨੇ ਬਾਕੀ ਸਮਾਜ ਲਈ ਗਿਆਨ ਦੀ ਉੱਤਪੱਤੀ ਤੇ

Scanned with OKEN Scanner

Scanned with OKEN Scanner

ਪਸਾਰ ਕਰਨਾ ਹੈ। ਦੂਸਰਾ ਰੱਖਿਅਕ ਵਰਗ ਨਿਯਤ ਕੀਤਾ ਜਾਂਦਾ ਹੈ ਜਿਸਨੇ ਆਮ ਕਰਕੇ ਸਾਰੇ ਸਮਾਜ ਦੀ ਪਰ ਖਾਸ ਕਰਕੇ ਬੋਧ ਵਰਗ ਦੀ ਸਥਾਨਕ ਅਤੇ ਬਾਹਰਲੇ ਹਮਲਾਵਰਾਂ ਅਤੇ ਬਾਗੀਆਂ ਲੁਟੇਰਿਆਂ ਤੋਂ ਰੱਖਿਆ ਕਰਨੀ ਹੈ। ਇਸ ਵਰਗ ਨੂੰ ਕਸ਼ੱਤਰੀ ਆਖਿਆ ਜਾਣ ਲੱਗਦਾ ਹੈ। ਧਰਤੀ ਅਤੇ ਪਾਣੀ ਦੇ ਸੁਮੇਲ ਤੋਂ ਅਤੇ ਸੰਦ-ਸਦੇੜਿਆਂ ਦੇ ਪ੍ਰਯੋਗ ਤੋਂ ਹੁੰਦੇ ਉਤਪਾਦਨ ਦੇ ਉਤਪਾਦਕਾਂ ਨੂੰ ਵੈਸ਼ ਆਖਿਆ ਜਾਣ ਲੱਗਦਾ ਹੈ। ਇਹ ਲਗਪਗ ਸਾਰੇ ਦੇ ਸਾਰੇ ਆਰੀਆ ਕੌਮ ਨਾਲ ਸੰਬੰਧਤ ਹਨ। ਭਾਵ ਇਹ ਕਿ ਮਾਨਸਿਕ ਉਤਪਾਦਨ ਅਰਥਾਤ ਬੌਧਿਕਤਾ ਤੇ ਕਬਜ਼ਾ ਹੋ ਜਾਂਦਾ ਹੈ। ਧਰਤੀ ਅਤੇ ਪਾਣੀ ਦੇ ਉਤਪਾਦਨ ਤੇ ਕਬਜ਼ਾ ਹੋ ਜਾਂਦਾ ਹੈ। ਅਰਥਾਤ ਸਰੀਰਕ ਉਤਪਾਦਨ ਤੇ ਕਬਜ਼ਾ ਹੋ ਜਾਂਦਾ ਹੈ। ਦੋਵਾਂ ਦੀ ਸੁਰੱਖਿਆ ਦੀ ਗਰੰਟੀ (ਕਸ਼ੱਤਰੀ) ਤੇ ਵੀ ਕਬਜ਼ਾ ਹੋ ਜਾਂਦਾ ਹੈ। ਨਜਿੱਠਣਾ ਬਾਕੀ ਰਹਿ ਜਾਂਦਾ ਹੈ ਬਾਗੀਆਂ, ਆਕੀਆਂ ਦ੍ਰਵਿੜਾਂ ਨਾਲ। ਇੱਕ ਭ੍ਰਾਂਤੀ ਉਪਜਾਈ ਜਾਂਦੀ ਹੈ ਕਿ 'ਸੇਵਾ' ਸਭ ਤੋਂ ਉੱਚਾ ਸੁੱਚਾ ਕਰਮ ਹੈ। ਸੇਵਕ ਬ੍ਰਾਹਮਣਾਂ ਤੇ ਹੋਰ ਸਾਰੇ ਦੇਵਤਿਆਂ ਦੇ ਸਭ ਤੋਂ ਵੱਧ ਨੇੜੇ ਹਨ। ਸੇਵਾ ਮਨੁੱਖਾ ਜਨਮ ਸਫਲ ਕਰਨ ਦਾ ਇੱਕੋ ਇੱਕ ਕਾਰਗਰ ਸਾਧਨ ਹੈ। ਦ੍ਰਾਵਿੜਾਂ ਨੂੰ ਸੇਵਾ, ਸਭ ਦੀ ਸੇਵਾ, ਦਾ ਸਭ ਤੋਂ ਉੱਚਾ ਕਰਮ ਸੌਂਪਿਆ ਜਾਂਦਾ ਹੈ। ਉਹਨਾਂ ਨੇ ਸਭ ਤੋਂ ਪਹਿਲਾਂ ਇਸ ਧਰਤੀ ਤੇ ਪੈਰ ਰੱਖੇ ਹਨ। ਉਹ 'ਸ਼ੁੱਧ' ਵਿਅਕਤੀ ਹਨ। 'ਸ਼ੁੱਧ' ਤੋਂ ਹੀ ਹੌਲੀ ਹੌਲੀ ਸ਼ੂਦਰ ਬਣ ਜਾਂਦਾ ਹੈ। ਪਹਿਲਾਂ ਪਹਿਲ ਇਹ ਕਿੱਤਾ ਅਧਾਰਤ ਸਨ।ਜੋ ਬਦਲੇ ਵੀ ਜਾ ਸਕਦੇ ਹਨ। ਤੀਰ ਠੀਕ ਨਿਸ਼ਾਨੇ ਤੇ ਲੱਗ ਜਾਂਦਾ ਹੈ। ਸਮਾਜ ਵਿੱਚ ਸਥਿਰਤਾ, ਸੁਰੱਖਿਆ ਆ ਜਾਂਦੀ ਹੈ। ਬੜੀ ਦਨਾਈ ਅਤੇ ਹੁਸ਼ਿਆਰੀ ਨਾਲ ਕਿੱਤਾਮੁਖੀ ਨੂੰ ਪਿਤਾ ਪੁਰਖੀ ਪਰੰਪਰਾ ਵਿੱਚ ਬਦਲ ਲਿਆ ਜਾਂਦਾ ਹੈ ਤੇ ਕਿਤਿਆ ਨੂੰ 'ਜਾਤਾਂ' ਵਿੱਚ ਵੰਡ ਦਿੱਤਾ ਜਾਂਦਾ ਹੈ, ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ। ਦੁਨੀਆਂ ਵਿੱਚ ਕਿਧਰੇ ਵੀ ਇਹੋ ਜਿਹੀ ਪੀਡੀ ਜਾਤੀ ਵੰਡੀ ਨਹੀਂ ਦੇਖੀ ਜਾਂਦੀ ਹੈ।



ਬ੍ਰਾਹਮਣ, ਵੈਸ਼, ਕਸ਼ੱਤਰੀ, ਸ਼ੂਦਰ

ਸੇਵਕਾਂ ਤੋਂ ਸਾਰੇ ਮਨੁੱਖੀ ਅਧਿਕਾਰ ਖੋਹ ਲਏ ਜਾਂਦੇ ਹਨ। ਉਹਨਾਂ ਦੀ ਕੋਈ ਨਿੱਜੀ ਜ਼ਮੀਨ-ਜਾਇਦਾਦ ਨਹੀਂ ਹੈ। ਏਥੋਂ ਤੱਕ ਕਿ ਕੋਈ ਧਰਮ ਵੀ ਨਹੀਂ ਹੈ। ਕੋਈ ਦੇਵਤਾ ਕੋਈ ਰੱਬ ਵੀ ਨਹੀਂ ਹੈ। ਤਪੱਸਿਆ ਦਾ ਅਧਿਕਾਰ ਨਹੀਂ ਹੈ। ਮੁਕਤੀ ਦਾ ਅਧਿਕਾਰ ਨਹੀਂ ਹੈ। ਆਵਾਗਮਨ ਚੋਂ ਮੁਕਤੀ ਲਈ ਅਰਾਧਨਾ-ਅਰਚਨ ਦਾ ਅਧਿਕਾਰ ਨਹੀਂ ਹੈ। ਇਹ ਵੀ ਮੁਕਤੀ ਪਾ ਗਏ ਤਾਂ ਸਵਰਨ ਜਾਤੀਆਂ ਦੀ ਸੇਵਾ ਕੌਣ ਕਰੂ? ਸੇਵਕਾਂ (ਸ਼ੂਦਰਾਂ) ਨੂੰ ਸ਼ੂਦਰ ਬਣਾਈ ਰੱਖਣ ਲਈ ਮਰਿਆਦਾ ਪ੍ਰਸ਼ੋਤਮ ਨੂੰ ਮਰਿਆਦਾ ਪ੍ਰਸ਼ੋਤਮ ਬਣੇ ਰਹਿਣ ਲਈ ਤਪੱਸਿਆ ਕਰਦੇ ਇੱਕ ਸ਼ੂਦਰ ਦਾ ਆਪਣੇ ਪਵਿੱਤਰ ਤੀਰ ਨਾਲ ਵੱਧ ਕਰਨਾ ਪੈਂਦਾ ਹੈ ਤਾਂ ਕਿ ਉਹ ਤਪੱਸਿਆ ਪੂਰੀ ਕਰਕੇ ਅਵਾਵਾਗਮਨ ਦੇ ਚੱਕਰਾਂ ਚੋਂ ਛੁਟਕਾਰਾ ਨਾ ਪਾ ਜਾਏ।

Scanned with OKEN Scanner

ਸਿਆਣਿਆਂ ਦਾ ਨਿਰਨਾ ਹੈ (ਮੇਰਾ ਵੀ) ਕਿ ਜੋ ਲਗਾਤਾਰ ਬਦੇਸ਼ੀ ਹਮਲੇ ਹੋਏ, ਕਹਿਰਾਂ ਦੀ ਲੁੱਟ-ਖਸੁੱਟ ਹੋਈ, ਕਤਲੋਗਾਰਤ ਹੋਈ, ਇਜ਼ਤਾਂ-ਅਣਖਾਂ ਤਾਰ ਤਾਰ ਹੋਈਆਂ, ਸੋਨੇ ਨਾਲ ਭਰੇ ਮੰਦਰ ਨੇਸਤੋ ਨਾਬੂਦ ਹੋਏ, ਦੇ ਹੋਰ ਕਾਰਨਾਂ ਵਿੱਚੋਂ ਇੱਕ ਵੱਡਾ ਕਾਰਨ ਇਹ ਜਾਤੀ ਪ੍ਰਥਾ ਵੀ ਹੈ। ਸ਼ੂਦਰਾਂ ਨੂੰ ਬਦੇਸ਼ੀ ਲੁਟੇਰਿਆਂ ਵਿਰੁਧ ਲੜ ਕੇ ਵਿਰੋਧ ਕਰਨ ਦਾ ਅਧਿਕਾਰ ਨਹੀਂ ਸੀ।

ਜਿਉਂ-ਜਿਉਂ ਜਾਤੀ ਪ੍ਰਥਾ ਹੋਰ ਪੀਡੀ ਤੇ ਪਰਪੱਕ ਹੁੰਦੀ ਗਈ ਹੈ ਬਦੇਸ਼ੀ ਲੁਟੇਰਿਆਂ ਦੀ ਲੁੱਟ ਹੋਰ ਵੱਧਦੀ ਗਈ ਹੈ, ਕਿਉਂਕਿ ਸੇਵਕਾਂ ਦੀ ਨਿਸ਼ਕਾਮ ਸੇਵਾ ਨੇ ਗੁਲਾਮਾਂ ਵਾਂਗ ਹਰ ਖੇਤਰ ਦਾ ਉਤਪਾਦਨ ਵਧਾਇਆ ਹੈ ਅਤੇ ਸਵਰਨ ਜਾਤੀ ਦੇ ਲੋਕ ਆਰਾਮ ਪ੍ਰਸ਼ਤ, ਐਸ਼-ਪ੍ਰਸਤ ਹੋ ਗਏ ਹਨ।

ਮੇਰਾ ਇੱਕ ਬੁਧੀਜੀਵੀ ਲੇਖਕ ਮਿੱਤਰ ਇਸ ਪ੍ਰਥਾ ਕਾਰਨ ਬਹੁਤ ਪ੍ਰੇਸ਼ਾਨ ਹੈ। ਉਸਦਾ ਮਤ ਹੈ ਕਿ 15 ਅਗਸਤ 1947 ਦਾ ਦਿਵਸ ਬੜਾ ਹੀ ਮਨਹੂਸ ਦਿਵਸ ਹੈ ਕਿਉਂਕਿ ਅੰਗਰੇਜ਼ਾਂ ਨੇ ਹੀ ਬਕਾਇਦਾ ਕਾਨੂੰਨ ਪਾਸ ਕਰਕੇ ਦਲਿਤਾਂ (ਸ਼ੂਦਰਾਂ) ਨੂੰ ਕੁਝ ਨਾ ਕੁਝ ਰਾਹਤ ਦਿਵਾਈ ਹੁੰਦੀ ਹੈ, ਸਿਆਸਤ ਵਿੱਚ ਪ੍ਰਵੇਸ਼ ਕਰਨ ਲਈ ਕੁਝ ਨਾ ਕੁਝ ਕਾਨੂੰਨ ਬਣਾਏ ਹਨ। ਉਸਦਾ ਮਤ ਹੈ ਕਿ ਦਲਿਤਾਂ ਸ਼ੂਦਰਾਂ ਦੀ ਸਹਾਇਤਾ ਨਾਲ ਇੱਕ ਵਾਰੀ ਫੇਰ ਬਦੇਸ਼ੀਆਂ ਦਾ ਰਾਜ ਹੋਏਗਾ ਤਾਂ ਜਾ ਕੇ ਜਾਤੀ ਪ੍ਰਥਾ ਨੂੰ ਢਾਹ ਲੱਗੇਗੀ। ਮੈਂ ਯਾਦ ਕਰਵਾਉਂਦਾ ਹਾਂ ਕਿ ਬਾਬਾ ਸਾਹਿਬ ਅੰਬੇਦਕਰ ਦਾ ਮਤ ਹੈ- I was born a Hindu, as that was not in my control. But I will not die a Hindu."

(ਮੈਂ ਜਨਮ ਤੋਂ ਹਿੰਦੂ ਹਾਂ ਜੋ ਮੇਰੇ ਵੱਸ ਵਿੱਚ ਨਹੀਂ ਸੀ। ਪਰ ਮੈਂ ਹਿੰਦੂ ਮਰਾਂਗਾ ਨਹੀਂ) ਇਸ ਮਤਲਬ ਤਾਂ ਇਹ ਨਿਕਲਦਾ ਹੈ ਕਿ ਮੁਹਾਰ (ਚਮਾਰ) ਹਿੰਦੂ ਹਨ ਤੇ ਬੋਧੀ ਹਿੰਦੂ ਨਹੀਂ ਹਨ।

ਏਦਾਂ ਦੇ ਵਿਸ਼ਲੇਸ਼ਣ ਚੱਲਦੇ ਰਹਿੰਦੇ ਹਨ ਜੋ ਸੱਚ ਤੱਕ ਪੁਜਣ ਲਈ ਚਲਣੇ ਚਾਹੀਦੇ ਹਨ। ਹਾਂ, ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਮੈਕਸ ਮੂਲਰ ਆਦਿ ਇਤਿਹਾਸਕਾਰਾਂ ਨੇ ਵੀ ਰੇਪ ਦੀ ਹੱਦ ਤੱਕ ਇਤਿਹਾਸ ਦਾ ਵਿਗਾੜ ਕੀਤਾ ਹੈ। ਜ਼ਾਇਨਵਾਦੀਏ ਬੜੇ ਹੁਸ਼ਿਆਰ ਹਨ। ਦੁਨੀਆਂ ਦੇ ਬਹੁਤੇ ਸਰਮਾਏ ਤੇ ਨਿਜੀ ਕਬਜ਼ਾ ਹੋਰ ਵਧਾਉਣ ਲਈ ਉਹ ਖੁਦ ਨੂੰ ਸੂਤ ਆਉਣ ਵਾਲੇ ਇਤਿਹਾਸ ਲਿਖਵਾ ਲੈਣ ਦੀ ਸ਼ਕਤੀ ਰੱਖਦੇ ਹਨ।
ਮਸਲੇ ਨੂੰ ਸੰਖੇਪ ਕਰ ਲੈਂਦੇ ਹਾਂ।

ਆਮ ਪੜ੍ਹੀ ਤੇ ਪੜ੍ਹਾਈ ਧਾਰਨਾ ਅਨੁਸਾਰ (ਉਂਜ ਇਸ ਵਿੱਚ ਵੀ ਮੈਕਸ ਮੂਲਰ ਆਦਿ ਇਤਿਹਾਸਕਾਰਾਂ ਨੇ ਬੜਾ ਰਲਾ ਗੋਦਲਾ ਕੀਤਾ ਹੈ) ਮਨੁੱਖ, ਹੋਮੋ ਸੇਪੀਅਨਜ ਅਵਸਥਾ ਵਿੱਚ ਉਪਜਾਊ-ਭੂ ਖਿੱਤੇ ਤੋਂ (fertile crcsrent) ਅਨੇਕਾਂ ਦੁਖੜੇ ਝਾਗ ਕੇ ਭਾਰਤ ਵਿੱਚ ਪੁੱਜਦਾ ਹੈ। ਇਹ ਪੜਾਅ ਅਜੇ ਪੱਥਰ ਯੁਗ ਦਾ ਹੈ। ਲਗਪਗ ਪੰਜ ਲੱਖ ਸਾਲਾਂ ਤੋਂ ਇੱਕ ਲੱਖ

Scanned with OKEN Scanner

ਸਾਲ ਪਹਿਲਾਂ ਦੇ ਸਮੇਂ ਤੱਕ ਉਹ ਪੱਥਰ ਦੇ ਹਥਿਆਰਾਂ ਦੀ ਵਰਤੋਂ ਕਰਕੇ ਜੰਗਲੀ ਆਹਾਰ ਤੇ ਜੀਵਨ ਬਸਰ ਕਰਦੇ ਹਨ। ਕੌਡੀਆਂ, ਘੋਗੇ, ਸਿਪੀਆਂ, ਪੱਥਰ ਦੇ ਹਥਿਆਰ ਉਹਨਾਂ ਦੀ ਦੌਲਤ ਦੇ ਰੂਪ ਹਨ। ਇਹ ਮੁੱਢਲੇ ਲੋਕਾਂ ਨੂੰ ਦ੍ਰਾਵਿੜ ਜਾਤੀ ਨਾਲ ਸੰਬੰਧਿਤ ਮੰਨਿਆ ਜਾਂਦਾ ਹੈ। ਇਹਨਾਂ ਨੂੰ ਹੀ ਮੂਲ ਨਿਵਾਸੀ ਵੀ ਮੰਨਿਆ ਜਾਂਦਾ ਹੈ। ਨਾਲੋ ਨਾਲ ਹੂਨ ਅਤੇ ਮੰਗੋਲ ਜਾਤੀਆਂ ਵੀ ਪ੍ਰਵੇਸ਼ ਕਰਦੀਆਂ ਹਨ। ਇਹਨਾਂ ਦੀ ਆਪਣੀ ਭਾਸ਼ਾ ਤੇ ਚਿੱਤਰ ਲਿੱਪੀ ਵੀ ਹੈ।

ਮਿਸਰ ਵਿਚ ਮੈਸੋਪੋਟਾਮੀਆ ਸੱਭਿਅਤਾ ਤੇ ਸਿੰਧੂ ਘਾਟੀ ਵਿੱਚ ਦ੍ਰਾਵੜੀ ਸੱਭਿਅਤਾ ਨਾਲੋ ਨਾਲ ਵਿਕਾਸ ਕਰਦੀਆਂ ਹਨ।

ਹਜ਼ਾਰਾਂ ਸਾਲ ਲਗਪਗ ਸੁਖ-ਸਾਂਦ ਨਾਲ ਬੀਤ ਜਾਂਦੇ ਹਨ।

ਲਗਪਗ ਤਿੰਨ ਹਜ਼ਾਰ ਸਾਲ ਈਸਵੀ ਤੋਂ ਪਹਿਲਾਂ ਇੱਕ ਜਨ ਜਾਤੀ ਉਸੇ ਖਿਤੇ ਅਰਥਾਤ ਉਤਰ ਪੱਛਮ ਵੱਲੋਂ ਮਾਰੂਥਲ ਤੇ ਪਹਾੜ ਤੇ ਪਠਾਰਾਂ ਉਲੰਘਦੀ ਹੋਈ ਸਿੰਧੂ ਘਾਟੀ ਵਲੋਂ ਹੀ ਭਾਰਤੀ ਉਪਮਹਾਂਦੀਪ ਵਿੱਚ ਪ੍ਰਵੇਸ਼ ਕਰਦੀ ਹੈ। ਇਸਦਾ ਨਾਮ ਹੈ ਆਰੀਆ ਕੌਮ, ਆਰੀਆ ਸੱਭਿਅਤਾ। ਇਹ ਜਾਤੀ ਵੀ ਆਪਣੇ ਨਾਲ ਆਪਣੀ ਬੋਲੀ, ਸੱਭਿਅਤਾ, ਸੱਭਿਆਚਾਰ ਤੇ ਲਿਪੀ (ਸੰਸਕ੍ਰਿਤ) ਲਿਆਉਂਦੀ ਹੈ।

ਮਾਰੂਥਲਾਂ ਤੇ ਪਰਬਤਾਂ ਦੀਆਂ ਕਠਿਨਾਈਆਂ ਚੋਂ ਲੰਘਦੀ ਹੋਈ ਇਹ ਜਾਤੀ ਏਥੇ ਪੁੱਜਦੀ ਹੈ ਤਾਂ ਪਹਿਲਾਂ ਆਈਆਂ ਜਾਤੀਆਂ ਵਾਂਗ ਇਹ ਵੀ ਚਕਿਰਤ ਰਹਿ ਜਾਂਦੀ ਹੈ।

ਦ੍ਰਾਵਿੜ, ਹੂਨ ਤੇ ਬਚੇ-ਖੁਚੇ ਮੰਗੋਲਾਂ ਨੂੰ ਇਹ ਆਪਣੇ ਵਿਕਾਸ ਦੇ ਰਾਹ ਦਾ ਰੋੜਾ ਮੰਨਦੀ ਹੈ।

ਦ੍ਰਾਵਿੜਾਂ ਨੇ ਆਪਣੇ ਵਿਕਾਸ ਲਈ ਪਹਿਲਾਂ ਹੀ ਦੱਖਣ ਵੱਲ ਕੂਚ ਕਰ ਦਿੱਤਾ ਹੁੰਦਾ ਹੈ।ਪਰ ਇਹਨਾਂ ਨੇ ਇਸ ਕੂਚ ਨੂੰ ਹੋਰ ਤੇਜ਼ ਕਰਨ ਲਈ ਅਤੇ ਨਿਰੋਲ ਆਪਣੇ ਵਿਕਾਸ ਲਈ ਇੱਕ ਮੂਲੋਂ ਨਵੀਂ ਪ੍ਰਥਾ ਚਲਾਈ ਹੈ। ਪ੍ਰਥਾ ਹੈ ਜਾਤਪਾਤ ਦੀ ਪ੍ਰਥਾ। ਇਹ ਪ੍ਰਥਾ ਪਹਿਲਾਂ ਪਹਿਲਾਂ ਕਿੱਤਾ-ਮੁਖੀ ਹੈ। ਪਰ ਹੋਲੀ ਹੋਲੀ ਇਹ ਪਿਤਾ-ਪੁਰਖੀ ਰੂਪ ਧਾਰ ਲੈਂਦੀ ਹੈ। ਚਾਨਕੀਆ ਨੇ ਆਪਣੇ ਗ੍ਰੰਥਾਂ ਵਿੱਚ ਇਸਨੂੰ ਹੋਰ ਵੀ ਪੱਕੇ ਪੈਰੀਂ ਕਰ ਦਿੱਤਾ ਹੈ।

ਸਮਾਜ ਨੂੰ ਚਾਰ ਜਾਤਾਂ ਜਿਵੇਂ ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ ਵਿੱਚ ਵੰਡ ਕੇ ਉਹ ਅੰਦਰੂਨੀ ਬਗਾਵਤਾਂ ਤੇ ਵਿਰੋਧਾਂ ਵਲੋਂ ਨਿਸ਼ਚਿਤ ਹੋ ਜਾਂਦੇ ਹਨ।

ਆਰੀਆ ਚਾਰ ਵੇਦਾਂ ਦੀ ਰਚਨਾ ਕਰਦੇ ਹਨ। ਵੇਦਾਂ ਦੀ ਰਚਨਾ 1500 ਵਰ੍ਹੇ ਈਸਵੀ ਤੋਂ ਪਹਿਲਾਂ ਤੋਂ ਲੈ ਕੇ 500 ਵਰ੍ਹੇ ਈਸਵੀ ਪਹਿਲਾਂ ਤੱਕ ਹੁੰਦੀ ਹੈ। ਚਾਰ ਵੇਦ ਹਨ- ਰਿਗ ਵੇਦ, ਸਾਮ ਵੇਦ, ਯਜੁਰ ਵੇਦ, ਅਰਥਵਣ ਵੇਦ। ਹੋਰ ਅਨੇਕਾਂ ਉਪਨਿਸ਼ਦ, ਸੂਤਰ, ਸਮਿਤੀਆਂ ਵੀ ਰਚੇ ਜਾਂਦੇ ਹਨ।



Scanned with OKEN Scanner
Scanned with OKEN Scanner

ਅਜਬ ਮਸਲਾ ਇਹ ਹੈ ਕਿ ਦ੍ਰਾਵਿੜ ਕਲਾ, ਸਾਹਿਤ, ਮੂਰਤੀਆਂ, ਬੁਤਾਂ, ਜਾਂ ਪ੍ਰਚਲਤ ਧਰਮਾਂ ਦਾ ਮੁਢੋਂ ਸੁਢੋਂ ਨਾਸ਼ ਕਰ ਦਿੱਤਾ ਜਾਂਦਾ ਹੈ।

ਲਗਪਗ ਏਸੇ ਸਮੇਂ ਮਿਸਰ ਤੇ ਇਸਰਾਈਲ ਦੇ ਖਿੱਤੇ ਵਿੱਚ ਪਹਿਲਾ ਪੈਗੰਬਰੀ ਮੱਤ ਉਪਜਦਾ ਹੈ। ਅਬਰਾਹਮ ਪਹਿਲਾ ਪੈਗੰਬਰ ਹੈ। ਉਸਦੇ ਪਰਮੇਸ਼ਰ ਦਾ ਨਾਮ ਯੇਹੋਵਾਹ ਹੈ। ਏਸ ਨੂੰ ਪਹਿਲਾਂ ਸਾਮੀ ਮੱਤ ਮੰਨਿਆ ਜਾਂਦਾ ਹੈ। ਪਵਿੱਤਰ ਬਾਈਬਲ (ਪੁਰਾਣੀ) ਇਹਨਾਂ ਦਾ ਪਹਿਲਾ ਧਾਰਮਿਕ ਗ੍ਰੰਥ ਹੈ। ਇਸਦੇ ਮੰਨਣ ਵਾਲਿਆ ਨੂੰ ਯਹੂਦੀ ਕਿਹਾ ਜਾਣ ਲੱਗਾ। ਹੀਬਰੂ ਉਹਨਾਂ ਦੀ ਆਪਣੀ ਭਾਸ਼ਾ ਹੈ। ਪੁਰਾਣੀ ਬਾਈਬਲ ਵੀ ਇਸੇ ਭਾਸ਼ਾ ਵਿੱਚ ਲਿਖੀ ਗਈ ਹੈ।

ਹਿੰਦੂਆਂ ਅਤੇ ਯਹੂਦੀਆਂ ਦਾ ਵਿਰਸਾ ਸਾਂਝਾਂ ਲੱਗਦਾ ਹੈ। ਉਹ ਆਪਣੇ ਆਪ ਨੂੰ ਯੇਹੋਵਾਹ ਦੇ ਉੱਤਮ ਵਿਅਕਤੀ (choicest people) ਅਖਵਾਉਂਦੇ ਹਨ। ਏਧਰ ਹਿੰਦੂਆਂ ਵਿੱਚ ਬ੍ਰਾਹਮਣਾਂ ਅਤੇ ਕਸ਼ੱਤਰੀਆਂ ਵਿੱਚ ਉਹੋ ਅਖੌਤੀ ਉੱਤਮ ਦਰਜਾ ਪ੍ਰਾਪਤ ਹੈ।

ਅਬਰਾਹਮ

ਸਿਕੰਦਰ

ਚੰਦਰ ਗੁਪਤ ਮੋਰੀਆ

- ਏਧਰ ਭਾਰਤ ਵਿੱਚ ਨਵ-ਸੱਭਿਅਤਾ ਦਾ ਮੁੜ ਸ਼ਹਿਰੀਕਰਨ ਹੁੰਦਾ ਹੈ

ਸਿਆਸੀ ਤੌਰ ਤੇ ਪਰਿਵਾਰਾਂ ਅਤੇ ਕਬੀਲਿਆਂ ਤੋਂ ਇਹ ਅਗਲਾ ਪੜਾਅ ਹੈ। ਇਹ ਜਨਪਦਾਂ ਅਤੇ ਮਹਾਂਜਨਪਦਾਂ ਦਾ ਸਮਾਂ ਹੈ। ਇਸ ਵਿੱਚ ਰਾਜੇ ਮਹਾਰਾਜੇ ਲੋਕਮੱਤ ਨਾਲ ਚੁਣੇ ਜਾਂ ਨਾਮਜ਼ਦ ਕੀਤੇ ਜਾਂਦੇ ਹਨ। ਸ਼ਕਤੀਸ਼ਾਲੀ ਰਾਜੇ ਪਿਤਾ ਪੁਰਖੀ ਰੀਤ ਵੀ ਚਲਾ ਲੈਂਦੇ ਹਨ। ਉਦੋਂ ਜਨਪਦਾਂ ਅਤੇ ਮਹਾਂਜਨਪਦਾਂ ਗਿਣਤੀ ਵਿੱਚ ਲਗਪਗ ਸੋਲਾਂ ਹਨ। ਜਿਵੇਂਕਿ ਕਾਸੀ, ਕੋਸਲ, ਆਂਗ, ਮਗਧ, ਮਤਸੀ, ਸੁਰਾਸੇਨ, ਅਵਾਂਤੀ, ਗੰਧਾਰ ਕੰਬੋਜ ਆਦਿ। ਏਸ ਨੂੰ ਹਿੰਦੂ ਰਾਜ ਦਾ ਸਮਾਂ ਵੀ ਕਿਹਾ ਜਾਂਦਾ ਹੈ।


ਅਜੰਤਾ


ਐਲੋਰਾ

ਇਹਨਾਂ ਜਨਪਦਾਂ ਨੇ ਹੀ ਦੁਨੀਆਂ ਜਿੱਤਣ ਦਾ ਸੁਪਨਾ ਲੈ ਕੇ ਮਕਦੂਨੀਆਂ ਤੋਂ ਚੱਲੇ

Scanned with OKEN Scanner

ਸਿੰਕਦਰ ਦਾ ਮੂੰਹ ਮੋੜਿਆ ਹੈ। ਸਮਾਂ ਕੱਟੜਵਾਦੀ ਜਾਤੀਵਾਦ ਦੇ ਸੰਘਰਸ਼ ਵਿੱਚੋਂ ਵੀ ਲੰਘ ਰਿਹਾ ਹੈ ਅਤੇ ਇਸ ਦੇ ਕੱਟੜ ਵਿਰੋਧ ਵਿੱਚ ਮਹਾਂਵੀਰ ਜੈਨ ਅਤੇ ਸਿਧਾਰਥ ਬੁੱਧ ਹਸਤੀਆਂ ਅਤੇ ਉਹਨਾਂ ਦੀਆਂ ਵਿਚਾਰਧਾਰਾਵਾਂ ਵੀ ਉਪਜਦੀਆਂ ਹਨ।

ਮਗਧ ਜਨਪਦ ਦੇ ਬਿੰਬੀਸਾਰ, ਅਜਾਤ ਸ਼ਤਰੂ, ਸ਼ਿਸ਼ੂਨੰਦ ਅਤੇ ਨੰਦ ਖਾਨਦਾਨ ਨੇ ਲਗਪਗ ਢਾਈ ਸੋ ਸਾਲ ਰਾਜ ਕੀਤਾ।

ਮੋਰੀਆ ਦਾ ਸਮਾਂ 322 ਬੀ.ਸੀ. ਤੋਂ 185 ਬੀ.ਸੀ. ਤੱਕ ਦਾ ਸਮਾਂ ਹੈ। ਚੰਦਰਗੁਪਤ ਮੋਰੀਆ ਬਿੰਦੂਸਾਰ ਤੇ ਉਸਦੇ ਪੁੱਤਰ ਅਸ਼ੋਕ (ਜੋ ਕਲਿੰਗਾ ਦੀ ਲੜਾਈ ਮਗਰੋਂ ਬੁਧ ਮਤ ਅਪਣਾ ਲੈਂਦਾ ਹੈ) ਦਾ ਰਾਜ ਲਗਪਗ ਸਾਰੇ ਭਾਰਤ ਵਿੱਚ ਫੈਲ ਜਾਂਦਾ ਹੈ।

ਛੇਤੀ ਮਗਰੋਂ ਉਤਰ ਵੱਲ ਬੁਖਾਰੀ, ਪਠਾਨ, ਸ਼ੱਕ ਅਤੇ ਕੁਸ਼ਾਂ ਦੇ ਨਾਲ ਹਮਲੇ ਹੁੰਦੇ ਰਹਿੰਦੇ ਹਨ। ਜਿਨ੍ਹਾਂ ਵਿੱਚ ਖੂਬ ਲੁਟ ਖੋਹ ਅਤੇ ਅਸਮਤਾਂ ਦੀ ਵੇਚ ਖਰੀਦ ਹੁੰਦੀ ਰਹਿੰਦੀ ਹੈ। ਪਰ ਸ਼ੂਦਰਾਂ ਨੂੰ ਤਾਂ ਵੀ ਇਸ ਸੰਘਰਸ਼ ਦਾ ਹਿੱਸਾ ਨਹੀਂ ਬਣਾਇਆ ਜਾਂਦਾ ਹੈ।

ਹਾਂ. ਜਿਹੜੀਆਂ ਜਾਤੀਆਂ ਉਪ-ਜਾਤੀਆਂ ਦੱਖਣ ਵੱਲ ਵਾਸ ਕਰ ਗਈਆਂ ਹਨ। ਉਹ ਉੱਧਰ ਵਿਸ਼ਾਲ ਰਾਜ ਸਥਾਪਿਤ ਕਰ ਲੈਂਦੀਆਂ ਹਨ। ਚੋਲ, ਚੇਰਾ, ਪਾਂਡੇ ਲਗ ਪਗ ਤਿੰਨ ਸੋ ਸਾਲ (65 B.C.to 250 A.D) ਰਾਜ ਕਰਦੀਆਂ ਹਨ।

ਉੱਤਰ ਵਿੱਚ ਸੰਸਕ੍ਰਿਤ ਅਤੇ ਦੱਖਣ ਵਿੱਚ ਤੇਲਗੂ ਸਾਹਿਤ ਅਤੇ ਕਲਾ ਸਿਖਰਾਂ ਛੋਂਹਦੇ ਹਨ। ਏਸੇ ਸਮੇਂ ਅਜੰਤਾ-ਐਲੋਰਾ ਦੀ ਮਹਾਨ ਬੁਤ ਕਲਾ ਦਾ ਉਦੇ ਹੁੰਦਾ ਹੈ।

ਉਧਰ ਯਹੂਦੀ ਮੱਤ ਵਿੱਚੋਂ ਇਸਦੇ ਵਿਰੋਧ ਵਿੱਚ ਈਸਾਈ ਮਤ ਜਨਮ ਲੈਂਦਾ ਹੈ। ਈਸਾ ਮਸੀਹ ਯਹੂਦੀ ਸੀ ਪਰ ਯਹੂਦੀਆਂ ਹੱਥੋਂ ਕਰੂਸੀਫਾਈ ਹੁੰਦਾ ਹੈ। ਈਸਾ ਤੋਂ ਈਸਵੀ ਕੈਲੰਡਰ ਉਪਜਦਾ ਹੈ।

ਅਰਬੀ ਹਮਲਾਵਰਾਂ ਦੇ ਰਸਤਿਉਂ ਈਸਾਈ ਮਤ ਭਾਰਤ ਵਿੱਚ ਪ੍ਰਵੇਸ਼ ਕਰਦਾ ਹੈ।

300 ਤੋਂ 500 ਈਸਵੀ ਦਾ ਸਮਾਂ ਗੁਪਤ ਕਾਲ ਦਾ ਸਮਾਂ ਹੈ। ਜੋ ਹਿੰਦੂ ਰਾਜ ਵਿੱਚ ਸੁਨਹਿਰਾ ਸਮਾਂ ਮੰਨਿਆ ਜਾਂਦਾ ਹੈ। ਇਸ ਸਮੇਂ ਵਿਚ ਚੰਦਰ ਗੁਪਰ ਪਹਿਲਾ, ਸਮੁਦਰ ਗੁਪਤ, ਚੰਦਰ ਗੁਪਤ ਦੂਜਾ ਰਾਜ ਕਰਦੇ ਹਨ।

ਸ਼ਕੁੰਤਲਾ ਕਾਮਸੂਤਰ ਅਤੇ ਆਰੀਆ ਭੱਟ ਦਾ ਜਿਊਤਿਸ ਸੂਤਰ ਇਸ ਸਮੇਂ ਦੇ ਮਹਾਨ ਸਾਹਕਾਰ ਹਨ।

Scanned with OKEN Scanner

Scanned with OKEN Scanner

ਪ੍ਰੇਮਾ ਭਗਤੀ ਦਾ ਦੌਰ ਆਰੰਭ ਹੁੰਦਾ ਹੈ। ਜਿਸਦਾ ਲਾਭ ਉਠਾ ਕੇ ਈਰਾਨ ਵੱਲੋਂ ਆਏ ਹੂਨ ਹਿੰਦੂ ਰਾਜ ਇੱਕ ਵਾਰ ਖਿੰਡਾ ਦਿੰਦੇ ਹਨ।

ਹਰਸ਼ਵਰਧਨ ਫੇਰ ਉੱਤਰੀ ਭਾਰਤ ਨੂੰ ਇੱਕ ਸਲਤਨਤ ਵਿੱਚ ਜੋੜ ਲੈਂਦਾ ਹੈ ਭਾਵੇ ਕਿ ਉਸ ਮਗਰੋਂ ਹੂਨ ਫੇਰ ਤੋੜ ਦਿੰਦੇ ਹਨ।



ਹਰਸ਼ਵਰਧਨ

ਉਧਰ 500-750 ਈਸਵੀ ਦੇ ਸਮੇਂ ਵਿੱਚ ਦੱਖਣੀ ਭਾਰਤ ਵਿੱਚ ਚਲੂਕੀ, ਪਲਵਸ ਤੇ ਪਾਂਡੀਆ ਘਰਾਣੇ ਮਜ਼ਬੂਤ ਹੁੰਦੇ ਹਨ। ਪਾਰਸੀ (Zoroastrians) ਜੋ ਯਹੂਦੀਆਂ ਦੀ ਇੱਕ ਉਪਜਾਤੀ ਹੈ ਵੀ ਪ੍ਰਵੇਸ਼ ਕਰਦੇ ਹਨ ਤੇ ਹੋਲੀ ਹੋਲੀ ਭਾਰਤ ਦੇ ਧਨਾਢ ਬਣ ਜਾਂਦੇ ਹਨ।

ਉਧਰ ਅਰਬ ਦੇ ਸਾਮ ਮੁਲਕਾਂ ਵਿਚ ਸੱਤਵੀਂ ਸਦੀ ਵਿੱਵ ਹਜ਼ਰਤ-ਮੁਹੰਮਦ ਸਾਹਿਬ ਦੀ ਪੈਗੰਬਰੀ ਅਧੀਨ ਤੀਸਰਾ ਸਾਮੀ ਮਤ ਇਸਲਾਮ ਮੱਤ ਪੈਦਾ ਹੁੰਦਾ ਹੈ ਜੋ ਝੱਖੜ ਵਾਂਗ ਅਰਬ ਵਲੋਂ ਭਾਰਤ ਵੱਲ ਵੀ ਪ੍ਰਵੇਸ਼ ਕਰਨ ਲਈ ਅਹੁਲਦਾ ਹੈ।

ਏਧਰ ਉੱਤਰੀ ਭਾਰਤ ਵਿੱਚ ਰਾਸ਼ਟਰਕੂਟ ਅਤੇ ਪ੍ਰਤੀਹਾਰਸ ਕਰਮਵਾਰ ਅਵਾਂਤੀ ਤੇ ਬੰਗਾਲ ਖੇਤਰਾਂ ਵਿੱਚ ਰਾਜ ਕਰਦੇ ਹਨ। ਰਾਜਪੂਤ ਯੋਧੇ ਵੀ ਆਪਣੀ ਹੋਂਦ ਜਿਤਲਾਉਂਦੇ ਹਨ।

ਏਸ ਸਮੇਂ ਖਾਜੁਰਾਹੋ, ਕਾਂਸੀਪੁਰ ਅਤੇ ਪੁਰੀ ਦੇ ਵੱਖਰੀ ਸ਼ੈਲੀ ਦੇ ਮੰਦਿਰ ਹੋਂਦ ਵਿੱਚ ਆਉਂਦੇ ਹਨ।



ਖਾਜੁਰਾਹੋ, ਕਾਂਸੀਪੁਰ, ਪੁਰੀ

ਇਸਲਾਮ ਮੱਤ ਹਜ਼ਰਤ ਮੁਹੰਮਦ ਦੇ ਜੀਊਂਦੇ ਜੀ ਅਤੇ ਮੌਤ ਹੋਣ ਦੇ ਝੱਟ ਮਗਰੋ ਰੂਮ, ਸਾਮ, ਤਾਸਕੰਦ ਸਮਰਕੰਦ ਖੇਤਰਾਂ ਵਿੱਚ ਫੈਲ ਜਾਂਦਾ ਹੈ। ਤੇਰਵੀਂ ਸਦੀ (1206)ਦੇ ਸ਼ੁਰੂ ਵਿੱਚ ਭਾਰਤ ਵਿੱਚ ਵੀ ਪ੍ਰਵੇਸ਼ ਕਰਦਾ ਹੈ। ਤੇ ਲਗਪਗ ਸਵਾ ਤਿੰਨ ਸੋ (1526) ਸਾਲ ਦਿਲੀ ਤੇ ਸੁਲਤਾਨਾਂ ਦੇ ਨਾਮ ਹੇਠ ਰਾਜ ਕਰਦਾ ਹੈ। ਪੰਜ ਘਰਾਣੇ ਜਿਵੇਂ ਕਿ ਮਮਲੁਕ, ਖਿਲਜੀ (ਗੁਲਾਮ ਖਾਨਦਾਨ) ਤੁਗਲਕ, ਸਈਅਦ ਅਤੇ ਲੋਦੀ ਖੂਬ ਰਾਜ ਕਰਦੇ ਹਨ। ਅਫਗਾਨਿਸਤਾਨ ਵੱਲੋਂ ਮੁਹੰਮਦ ਗੋਰੀ ਅਤੇ ਮਹਿਮੂਦ ਗਜ਼ਨਵੀ ਦੇ ਹਮਲੇ ਖੂਬ ਲੁੱਟ ਤੇ ਕਤਲੋਗਾਰਤ ਮਚਾਉਂਦੇ ਹਨ।

ਭਲਾ ਈਸਾਈ ਹਮਲਾਵਰ ਪਿਛੇ ਕਿਉਂ ਰਹਿੰਦੇ। ਧੁਰ ਉੱਤਰ ਵੱਲੋਂ ਮੁਸਲਮਾਨਾਂ ਅਤੇ ਧੁਰ ਦੱਖਣ ਵੱਲੋਂ ਸਮੁੰਦਰੀ ਰਸਤੇ ਈਸਾਈ ਧਾੜਵੀ ਵੀ ਪੁੱਜ ਜਾਂਦੇ ਹਨ।

ਵਾਸਕੋ ਡੀ-ਗਾਮਾ

1498 ਵਿੱਚ ਵਾਸਕੋ ਡੀ ਗਾਮਾ ਸਮੁੰਦਰੀ ਬੇੜੇ ਰਾਹੀਂ ਯੂਰਪ ਦੇ ਪੁਰਤਗਾਲ ਦੇਸ਼ ਤੋਂ ਸਫਰ ਕਰਦਾ ਭਾਰਤ ਦੇ ਕੇਰਲ ਪ੍ਰਦੇਸ਼ ਦੀ ਬੰਦਰਗਾਹ ਕਾਲੀਕਟ ਵਿਖੇ ਪੁੱਜ ਕੇ ਯੂਰਪੀ ਵਪਾਰੀਆਂ ਅਰਥਾਤ

Scanned with OKEN Scanner

ਯੂਰਪੀ ਲੁਟੇਰਿਆਂ ਦੇ ਆਗਮਨ ਦੀ ਸ਼ੁਰੂਆਤ ਕਰਦਾ ਹੈ।

1526 ਵਿੱਚ ਅਮੀਰ ਤੈਮੂਰ ਦਾ ਪੁੱਤਰ ਬਾਬਰ ਖੈਬਰ ਦੇ ਰਸਤੇ ਭਾਰਤ ਵਿੱਚ ਪ੍ਰਵੇਸ਼ ਕਰਦਾ ਹੈ। ਅਤੇ ਮੁਗਲ ਸਲਤਨਤ ਦੀ ਨੀਂਹ ਰੱਖਦਾ ਹੈ। ਉਸ ਦੇ ਉੱਤਰਾਧਿਕਾਰੀ ਹਨ ਹੁੰਮਾਯੂ, ਅਕਬਰ, ਜਹਾਂਗੀਰ, ਸ਼ਾਹਜਹਾਨ, ਔਰੰਗਜ਼ੇਬ, ਤੇ ਉਸਦੇ ਉਤਰਾਧਿਕਾਰੀ ਰਾਜ ਕਰਦੇ ਹਨ।

ਉਧਰ ਵਾਸਕੋ ਡੀ ਗਾਮਾ ਦੀ ਪਾਈ ਪਿਰਤ ਨੂੰ ਅੱਗੇ ਤੋਰਿਆ ਜਾਂਦਾ ਹੈ। ਮੁਗਲ ਰਾਜ ਦੇ ਸੁਨਹਿਰੇ ਕਾਲ ਸਮੇਂ ਯੂਰਪ ਦੇ ਹੋਰ ਸਮੁੰਦਰੀ ਮਲਾਹ ਭਾਰਤ ਤੱਕ ਸਮੁੰਦਰੀ ਰਸਤੇ ਲੱਭ ਲੈਂਦੇ ਹਨ। ਯੂਰਪੀ ਵਪਾਰਕ ਕੰਪਨੀਆਂ ਦਾ ਆਗਮਨ ਹੁੰਦਾ ਹੈ। ਪੁਰਤਗਾਲ, ਨੀਦਰਲੈਂਡ, ਫਰਾਂਸ ਅਤੇ ਬਰਤਾਨੀਆਂ ਦੀਆਂ ਵਪਾਰਕ ਕੰਪਨਿਆਂ ਵਪਾਰ ਦੇ ਬਹਾਨੇ ਪਹਿਲਾਂ ਕਿਲ੍ਹੇ ਤੇ ਫੇਰ ਰਾਜ-ਗੱਦੀਆਂ ਕਾਇਮ ਕਰ ਲੈਂਦੀਆਂ ਹਨ।

ਬਰਤਾਨੀਆ ਦੀ ਈਸਟ ਇੰਡੀਆ ਕੰਪਨੀ ਦੇਸ਼ੀਆਂ ਬਦੇਸ਼ੀਆਂ ਸਾਰਿਆਂ ਨੂੰ ਮਾਤ ਦੇ ਦਿੰਦੀ ਹੈ। ਕੰਪਨੀਆਂ ਦੀਆਂ ਆਪਸ ਵਿੱਚ ਵੀ ਅਤੇ ਮੁਗਲਾਂ ਤੇ ਹੋਰ ਦੇਸੀ ਰਾਜਿਆਂ ਨਾਲ ਝੜਪਾਂ ਹੁੰਦੀਆਂ ਹਨ। ਈਸਟ ਇੰਡੀਆ ਕੰਪਨੀ ਸਾਰਿਆ ਨੂੰ ਮਾਤ ਪਾ ਦਿੰਦੀ ਹੈ।

1757 ਦੀ ਪਲਾਸੀ ਦੀ ਲੜਾਈ ਫੈਸਲਾਕੁੰਨ ਸਾਬਤ ਹੁੰਦੀ ਹੈ ਤੇ ਬਕਾਇਦਾ ਕੰਪਨੀ ਰਾਜ ਆਰੰਭ ਹੁੰਦਾ ਹੈ। ਜੋ 1857 ਤੱਕ ਕਾਇਮ ਰਹਿੰਦਾ ਹੈ।

ਸਾਰੀਆਂ ਜਾਤਾਂ ਦੇ ਲੋਕ, ਛੋਟੇ ਮੋਟੇ ਰਾਜੇ ਅਤੇ ਮੁਖੀਏ ਠੱਗੇ ਗਏ ਮਹਿਸੂਸ ਕਰਦੇ ਹਨ।

ਮੰਗਲ ਪਾਂਡੇ ਨਾਮ ਦੇ ਇੱਕ ਕੰਪਨੀ ਸਿਪਾਹੀ ਤੋਂ ਬਗਾਵਤ ਸ਼ੁਰੂ ਹੁੰਦੀ ਹੈ। ਜੋ ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜਫਰ ਦੀ ਰਹਿਨੁਮਾਈ ਵਿੱਚ ਅਤੇ ਨਾਨਾ ਸਾਹਿਬ, ਰਾਣੀ ਝਾਂਸੀ, ਤਾਂਤੀਆ ਟੋਪੇ, ਵੀਰ ਕੰਵਰ ਸਿੰਘ, ਆਦਿ ਦੀ ਸ਼ਮੂਲੀਅਤ ਨਾਲ ਗਦਰ ਮਚਦਾ ਹੈ। ਗਦਰੀਆਂ ਵਲੋਂ ਤਾਂ ਭਾਰਤੀ ਫੋਜਾਂ ਲੜਦੀਆਂ ਹੀ ਹਨ, ਕੰਪਨੀ ਵਲੋਂ ਵੀ ਲੱਖਾਂ ਦੀ ਤਾਦਾਦ ਵਿੱਚ ਭਰਤੀ ਕੀਤੇ ਭਾਰਤੀਆਂ ਨੂੰ ਹੀ ਅੰਗ੍ਰੇਜ਼ੀ ਅਫਸਰਾਂ ਦੀ ਅਗਵਾਈ ਅਧੀਨ ਲੜਾਇਆ ਜਾਂਦਾ ਹੈ। ਦੋਵਾਂ ਪਾਸਿਉਂ ਭਾਰਤੀਆਂ ਦਾ ਹੀ ਲਹੂ ਡੁੱਲ੍ਹਦਾ ਹੈ।

ਰਾਜੇ ਮਹਾਰਾਜੇ ਮਾਰੇ ਜਾਂਦੇ ਹਨ ਜਾਂ ਭੱਜ ਜਾਂਦੇ ਹਨ ਜਾਂ ਭੇਸ ਵਟਾ ਕੇ ਸਾਧ-ਸੰਤ ਬਣ ਕੇ ਰੁਪੋਸ਼ ਹੋ ਕੇ ਮਜ਼ੇ ਦੀ ਜ਼ਿੰਦਗੀ ਬਿਤਾਉਂਦੇ ਹਨ।

ਲਗ ਪਗ ਸਾਰਾ ਭਾਰਤ ਇੱਕ ਝੰਡੇ ਥੱਲੇ ਆ ਜਾਂਦਾ ਹੈ। ਕੰਪਨੀ ਦਾ ਰਾਜ ਖਤਮ ਹੁੰਦਾ ਹੈ ਤੇ ਬਰਤਾਨੀਆਂ ਦੇ ਤਾਜ ਦਾ ਰਾਜ ਅਰੰਭ ਹੁੰਦਾ ਹੈ।

ਭਾਰਤੀ ਆਜ਼ਾਦੀ ਦੀ ਖਾਤਿਰ 1885 ਵਿੱਚ ਅੰਗਰੇਜ਼ਾਂ ਦੀ ਅਗਵਾਈ ਵਿੱਚ ਭਾਰਤ-ਰਾਸ਼ਟਰੀ ਕਾਂਗਰਸ ਪਾਰਟੀ ਦੀ ਸਥਾਪਨਾ ਹੁੰਦੀ ਹੈ। ਕਈ ਸਾਲ ਲਗਦੇ ਹਨ ਕਿ

Scanned with OKEN Scanner

ਕਾਂਗਰਸ ਪਾਰਟੀ ਦੀ ਅਗਵਾਈ ਅਖੌਤੀ ਭਾਰਤੀ ਨੇਤਾਵਾਂ ਹੱਥ ਲੱਗਦੀ ਹੈ। ਆਜ਼ਾਦੀ ਘੋਲ ਕਈ ਪੜਾਵਾਂ ਵਿੱਚੋਂ ਲੰਘਦਾ ਹੈ ਜਿਸ ਦੌਰਾਨ ਮੁਸਲਿਮ ਤੇ ਗੈਰ ਮੁਸਲਿਮਾਂ ਵਿਚਕਾਰ ਵੈਰ ਵਿਰੋਧ ਚਰਮ ਸੀਮਾ ਤੱਕ ਪੁੱਜਦਾ ਹੈ। ਸ਼ੂਦਰਾਂ ਨੂੰ ਬਾਬਾ ਸਾਹਿਬ ਅੰਬੇਦਕਰ ਆਪਣਾ ਵੱਖਰਾ ਰਹਿਨੁਮਾ ਮਿਲ ਜਾਂਦਾ ਹੈ।

15 ਅਗਸਤ 1947 ਨੂੰ ਭਾਰਤ ਆਜ਼ਾਦ ਹੁੰਦਾ ਹੈ ਪਰ ਇਸਦੇ ਤਿੰਨ ਟੁਕੜੇ ਹੁੰਦੇ ਹਨ।-ਪੱਛਮੀ ਪਾਕਿਸਤਾਨ, ਪੂਰਬੀ ਪਾਕਿਸਤਾਨ ਅਤੇ ਭਾਰਤ। ਅਜ਼ਾਦੀ ਅਤੇ ਵੰਡ ਦੀ ਪ੍ਰਕਿਰਿਆ ਵਿੱਚ ਅਨੰਤ ਤਬਾਹੀ ਮਚਦੀ ਹੈ ਤੇ ਲਹੂ ਵਹਿੰਦਾ ਹੈ। ਅਖੌਤੀ ਅਜ਼ਾਦੀ ਸੰਘਰਸ਼ ਵਿੱਚ ਮਹਾਤਮਾ ਗਾਂਧੀ, ਨਹਿਰੂ, ਪਟੇਲ, ਸੁਭਾਸ਼ ਚੰਦਰ ਬੋਸ, ਭਗਤ ਸਿੰਘ, ਮੁਹੰਮਦ ਅਲੀ ਜਿਨਾਹ ਅਤੇ ਬਾਬਾ ਸਾਹਿਬ ਅੰਬੇਦਕਰ ਆਦਿ ਸਖ਼ਸ਼ੀਅਤਾਂ ਆਪੋ ਆਪਣੇ ਢੰਗ ਨਾਲ ਹਿੱਸਾ ਪਾਉਂਦੀਆਂ ਹਨ।

ਅੱਜ ਭਾਰਤ ਏਸ਼ੀਆ ਦਾ ਦੂਜਾ ਵੱਡਾ ਦੇਸ਼ ਹੈ ਤੇ ਦੁਨੀਆ ਦਾ ਵੀ ਦੂਜਾ ਵੱਡਾ ਜਨ-ਸੰਖਿਅਕ ਦੇਸ਼ ਹੈ।

Scanned with OKEN Scanner

ਅਸੀਂ ਪਿਛਲੇ ਸਾਰੇ ਚੈਪਟਰਾਂ ਕਾਂਡਾ ਨੂੰ ਪੜ੍ਹਿਆ ਅਤੇ ਸਮਝਿਆ ਹੈ।

ਸਿੱਟਾ ਨਿਕਲਿਆ ਹੈ ਕਿ ਅਠਾਰਵੀਂ ਸਦੀ ਦੇ ਅੱਧ ਤੱਕ ਵਿਸ਼ਵ ਧਨਾਢਾਂ ਅਰਥਾਤ ਬੈਕਰਾਂ ਨੇ ਜਿਨ੍ਹਾਂ ਦੀ ਅਗਵਾਈ ਰ੍ਰੋਥਸਚਾਈਲਡ ਕਰ ਰਿਹਾ ਸੀ, ਸਾਰੇ ਦੇ ਸਾਰੇ ਯੂਰਪੀ, ਦੇਸ਼ਾਂ ਦੇ ਸਮੁੱਚੇ ਵਿੱਤ ਨੂੰ ਬੜੀ ਹੁਸ਼ਿਆਰੀ ਨਾਲ ਆਪਣੀ ਨਿੱਜੀ ਪਕੜ ਵਿੱਚ ਲੈ ਲਿਆ ਸੀ। ਅਮਰੀਕਾ ਦੀ ਅਜ਼ਾਦੀ ਦੀ ਲੜਾਈ ਉਹਨਾਂ ਦੇ ਵਿੱਤ ਨਾਲ ਹੀ ਜਿੱਤੀ ਗਈ। ਅਮਰੀਕਾ ਵੀ ਉਹਨਾਂ ਦੇ ਪੰਜੇ ਵਿੱਚ ਜਕੜਿਆ ਗਿਆ ਭਾਵੇਂ ਕਿ 1913 ਤੱਕ ਕਈ ਪੜਾ ਆਏ ਤੇ ਗਏ ਅਤੇ ਇਸੇ ਦੋਰਾਨ ਇਸੇ ਖਾਤਰ ਤਿੰਨ ਪ੍ਰਧਾਨਾਂ ਜਿਵੇਂ ਕਿ ਅਬਰਾਹਮ ਲਿੰਕਨ, ਮੈਕਨਲੀ ਅਤੇ ਗੈਰੀਬਾਲਡੀ ਦਾ ਕਤਲ ਵੀ ਹੋਇਆ। 1913 ਦੇ ਫੈਡਰਲ ਰੀਜ਼ਰਵ ਤੋਂ ਬਾਅਦ ਤਾਂ ਵਿਸ਼ਵ ਪੱਧਰ ਦਾ ਸਾਰਾ ਵਿੱਤੀ ਮੈਦਾਨ ਉਹਨਾਂ ਦੇ ਕਬਜ਼ੇ ਵਿੱਚ ਸੀ। ਫੇਰ ਚਿਰ ਪਹਿਲਾਂ ਇੰਗਲੈਂਡ ਬਾਰੇ ਨਾਥਨ ਰੋਥਸਚਾਈਲਡ ਦੇ ਇਸ ਕਥਨ ਨੇ ਸਾਰੇ ਭੁਲੇਖੇ ਦੂਰ ਕਰ ਦਿੱਤੇ ਸਨ। ਕਥਨ ਇਸ ਪ੍ਰਕਾਰ ਹੈ ਜੋ ਤੁਸੀਂ ਕਈ ਵਾਰ ਪੜ੍ਹ ਚੁੱਕੇ ਹੋ। I care not what puppet sits on the throne of England ....

ਸਾਫ ਜ਼ਾਹਰ ਹੈ ਕਿ ਯੂਰਪ ਅਤੇ ਅਮਰੀਕਾ ਦੇ ਸਾਰੇ ਵਪਾਰਕ ਅਦਾਰਿਆਂ ਤੇ ਇੱਕ ਮਾਤਰ ਇਨ੍ਹਾਂ ਬੈਂਕਰ ਧਨਾਢਾਂ. ਦਾ ਰੋਥਸਚਾਈਲਡ ਦੀ ਅਗਵਾਈ ਵਿੱਚ ਨਿੱਜੀ ਕਬਜ਼ਾ ਸੀ।

ਪੱਕੀ ਗੱਲ ਹੈ ਕਿ ਜਦੋਂ ਸਾਰੇ ਬਾਦਸ਼ਾਹਾਂ ਸਿਆਸੀ ਪ੍ਰਭੂਆਂ ਦਾ ਵਿੱਤ ਜਿਸ ਹੱਥ ਹੋਏਗਾ, ਉਹੀ ਪਰਦੇ ਪਿਛਲਾ ਸਿਆਸੀ ਪ੍ਰਭੂ ਵੀ ਹੋਵੇਗਾ। ਸਿਆਸੀ ਪ੍ਰਭੂ ਵੱਡੀਆਂ ਵੱਡੀਆਂ ਸ਼ਾਨੋਂ ਸ਼ੌਕਤਾਂ ਸਮੇਤ ਐਵੇਂ ਕਠਪੁਤਲੀਆਂ ਹੀ ਹੋਣਗੀਆਂ। ਨਾਥਨ ਰੋਥਸਚਾਈਲਡ ਦੇ ਸੰਸਾਰ ਦੇ ਪ੍ਰਸਿੱਧ ਕਥਨ ਨੇ ਸਾਰੇ ਭੁਲੇਖੇ ਦੂਰ ਕਰ ਦਿੱਤੇ ਹੋਏ ਹਨ।

ਫੇਰ ਡਿਜ਼ਰੇਲੀ ਵਰਗਾ ਬੁਧੀਜੀਵੀ ਪ੍ਰਧਾਨ ਮੰਤਰੀ ਉਸਦੀ ਤਾਰੀਫ ਦੇ ਫੁੱਲ ਬੰਨਦਾ ਹੈ।

ਵਿਤ ਦੇ ਮਾਲਕ, ਵਿੱਤ ਦੀ ਮਾਲਕੀ ਬਣਾਈ ਰੱਖਣ ਲਈ ਅਤੇ ਅੱਗੋਂ ਆਪਣੇ ਜਾਲ ਦੀਆਂ ਕੜੀਆਂ ਹੋਰ ਮਜ਼ਬੂਤ ਕਰਨ ਲਈ, ਬਿਨ ਉਮੀਦੋਂ ਬਿਨ ਕਾਰਨੋਂ ਪਰ ਯੋਜਨਾ ਬੱਧ ਢੰਗ ਨਾਲ 5-7-10 ਸਾਲਾਂ ਬਾਅਦ ਡੂੰਘਾ ਵਿਤੀ ਸੰਕਟ ਲਿਆਉਂਦੇ ਰਹਿੰਦੇ ਹਨ। ਹਰ ਵਿੱਤੀ ਸੰਕਟ ਬਾਅਦ ਉਹਨਾਂ ਦੀ ਜਕੜ ਹੋਰ ਮਜ਼ਬੂਤ ਹੁੰਦੀ ਹੈ। ਬਰਤਾਨੀਆਂ ਦੇ ਪ੍ਰਧਾਨ ਮੰਤਰੀ Harold Mac Millan ਨੇ ਹੋਰ ਸਾਫ ਕਰ ਦਿੱਤਾ ਹੈ ਜਦੋਂ ਉਸ ਆਖਿਆ-

We must surrender some part of our soverneity to some unknown International cabal. (ਸਾਡੀ ਪ੍ਰਭੂਸੱਤਾ ਦਾ ਕੁਝ ਭਾਗ ਇੱਕ ਗੁਪਤ,

Scanned with OKEN Scanner

ਵਿਸ਼ਵੀ ਚਕ੍ਰਵਿਊਲ ਕੋਲ ਗਿਰਵੀ ਹੋਣਾ ਸਾਡੀ ਮਜ਼ਬੂਰੀ ਹੈ---

ਸਾਰੀ ਦੁਨੀਆਂ ਦੇ ਵਿੱਤ ਤੇ ਅਤੇ ਵਿੱਤ ਰਾਹੀਂ ਸਿਆਸਤ ਤੇ ਕਬਜ਼ੇ ਲਈ ਦੇਸ਼ਾਂ ਤੋਂ ਉਪਰ ਉੱਠ ਕੇ ਪ੍ਰਾ-ਦੇਸ਼ਕ ਵਪਾਰਕ ਕੰਪਨੀਆਂ ਉਸਾਰਨੀਆਂ ਸ਼ੁਰੂ ਕਰ ਦਿੱਤੀਆਂ। ਇਹਨਾਂ ਵਪਾਰਕ ਕੰਪਨੀਆਂ ਵਿੱਚ ਵੀ ਚਿਹਰੇ ਮੂਹਰੇ, ਅਮੀਰ ਤੇ ਰਾਜ ਭਾਗ ਵਿੱਚ ਅਸਰਦਾਰ ਕੁਲੀਨ ਤੰਤਰੀ, ਅਮੀਰ ਦਰਬਾਰੀ, ਬਾਦਸ਼ਾਹਾਂ ਦੇ ਨੇੜਲੇ ਰਿਸ਼ਤੇਦਾਰ ਹੀ ਰੱਖੇ। ਨਾਮ ਕੁਲੀਨ ਤੰਤਰੀਆਂ ਦਾ ਪਰ ਮਗਰਲਾ ਵਿੱਤ ਸਾਰੇ ਦਾ ਸਾਰਾ ਵਿੱਤੀ ਸ਼ਾਹੂਕਾਰਾਂ ਅਤੇ ਬੈਂਕਰਾਂ ਦਾ।

ਦੁਨੀਆਂ ਭਰ ਚੋਂ ਵਪਾਰ ਦੇ ਨਜ਼ਰੀਏ ਤੋਂ ਸਭ ਨਾਲੋਂ ਜ਼ਰਖੇਜ ਖੇਤਰ ਸੀ ਭਾਰਤ ਉਪਮਹਾਂਦੀਪ। ਉੱਥੇ ਹਰ ਇੱਕ ਪ੍ਰਕਾਰ ਦਾ ਪਾਧ ਪਦਾਰਥ, ਕੱਚਾ ਮਾਲ, ਮਸਾਲੇ, ਰਸ, ਛਿੱਲਾਂ, ਰੇਸ਼ਮ, ਸੂਤ ਬੇਅੰਤ ਮਾਤਰਾ ਵਿੱਚ ਸੀ। ਉਥੇ ਖੁਸ਼ਕੀ ਦੇ ਰਸਤੇ ਕੇਵਲ ਤੇ ਕੇਵਲ ਅਰਬ ਦੇਸ਼ਾਂ ਦੁਆਰਾ ਹੀ ਪੁਜਿਆ ਜਾ ਸਕਦਾ ਸੀ। ਪਹਿਲਾਂ ਪਹਿਲ ਈਸਾਈ ਮਿਸ਼ਨਰੀਆਂ ਦੇ ਬਹਾਨੇ ਅਤੇ ਈਸਾਈ ਧਰਮ ਫੈਲਾਉਣ ਦੇ ਬਹਾਨੇ ਯੂਰਪੀਆਂ ਦਾ ਏਥੇ ਆਉਣਾ ਤੇ ਵਪਾਰ ਕਰਨਾ ਸੌਖਾ ਚੱਲਦਾ ਰਿਹਾ। ਪਰ ਇਸਲਾਮ ਦੇ ਉਦੇ ਹੋਣ ਨਾਲ ਅਤੇ ਧਾਰਮਕ ਵਿਰੋਧ ਦੇ ਬਹਾਨੇ ਵਪਾਰਕ ਵਿਰੋਧ ਉਪਜ ਪਿਆ।

ਅਰਬ ਦੇ ਇਸਲਾਮੀ ਵਪਾਰੀਆਂ ਹਮਲਾਵਰਾਂ ਨੇ ਯੂਰਪ ਦੇ ਈਸਾਈ ਵਪਾਰੀਆਂ ਦੀ ਏਸ ਰਸਤੇ ਭਾਰਤ ਤੱਕ ਰਸਾਈ ਕਰਨੀ ਮੁਸ਼ਕਿਲ ਕਰ ਦਿੱਤੀ। ਹੌਲੀ ਹੌਲੀ ਇਹ ਰੂਟ ਉਹਨਾਂ ਲਈ ਬੰਦ ਕਰ ਦਿੱਤਾ।

ਇਉਂ ਹੋਣ ਨਾਲ ਅਰਬ ਵਪਾਰੀਆਂ ਤੇ ਹਮਲਾਵਰਾਂ ਵੱਲੋਂ ਨਾਲੋ ਨਾਲ ਭਾਰਤ ਦੀ ਧਰਤੀ ਦੇ ਰਾਜ ਭਾਗ ਨੂੰ ਮੂੰਹ ਮਾਰਨਾ ਅਰਬਾਂ ਲਈ ਹੋਰ ਸੌਖਾ ਹੋ ਗਿਆ। ਵਪਾਰੀ ਮਾਲ ਵਾਹਕ ਕੁਲੀਆਂ ਦੇ ਨਾਲ ਨਾਲ ਫੌਜੀ ਟੁਕੜੀਆਂ ਵੀ ਰੱਖਣ ਲੱਗ ਪਏ। ਵਪਾਰੀ ਛੋਟੇ ਛੋਟੇ ਰਾਜੇ ਮਹਾਰਾਜੇ ਬਣਨ ਲਗ ਪਏ।

ਭਾਰਤ ਦੀ ਜ਼ਰਖੇਜ ਧਰਤੀ ਤੇ ਹਰ ਪਰਕਾਰ ਦੀ ਬੇਅੰਤ ਪੈਦਾਇਸ਼ ਨੇ ਵਪਾਰੀਆਂ ਅਤੇ ਹਮਲਾਵਰਾਂ ਨੂੰ ਐਸਾ ਮੋਹਣਾ ਸ਼ੁਰੂ ਕੀਤਾ ਕਿ ਉਹ ਸੜਦੇ ਰੇਤੀਲੇ ਅਰਬੀ ਖੇਤਰਾਂ ਵੱਲ ਵਾਪਸ ਜਾਣ ਦੀ ਥਾਂ ਭਾਰਤ ਦੇ ਹੀ ਪੱਕੇ ਬਸ਼ਿੰਦੇ ਬਣਦੇ ਗਏ ਤੇ ਛੋਟੇ ਵੱਡੇ ਟੁਕੜੇ ਟੁਕੜੀਆਂ ਤੇ ਰਾਜ ਕਰਨ ਲੱਗ ਪਏ।

ਸਬੁਗਤਗੀਨ ਤੋਂ ਸ਼ੁਰੂ ਹੋ ਕੇ ਇੱਕ ਖਾਨਦਾਨ ਤੋਂ ਮਗਰੋਂ ਦੂਜਾ ਖਾਨਦਾਨ ਉਹ ਦਿੱਲੀ ਦੇ ਸੁਲਤਾਨ ਬਣ ਬੈਠੇ। ਗੁਲਾਮ, ਖਿਲਜੀ, ਤੁਗਲਕ, ਲੋਧੀ ਆਦਿ ਸੁਲਤਾਨਾਂ ਨੇ ਦਿੱਲੀ ਯਾਨੀ ਉੱਤਰ ਭਾਰਤ ਤੇ ਅੱਠਵੀਂ ਸਦੀ ਤੋਂ 1520 ਈ: ਤੱਕ ਖੂਬ ਐਸ਼ੋ ਇਸ਼ਰਤ ਵਾਲਾ ਰਾਜ ਕੀਤਾ, ਬਸ਼ਿੰਦਿਆਂ ਨੂੰ ਨੀਵੇਂ ਗੁਲਾਮ ਬਣਾਇਆ, ਪ੍ਰਚੱਲਤ ਮੱਤਾਂ ਨੂੰ ਇਸਲਾਮ ਮੱਤ ਵਿੱਚ ਬਦਲਿਆ, ਮੰਦਰਾਂ ਨੂੰ ਆਪਣੀਆਂ ਮਸਜ਼ਿਦਾਂ ਦਾ ਰੂਪ ਦਿੱਤਾ। ਮੰਦਰ ਜੋ ਉਦੋਂ ਆਮ ਲੋਕਾਂ ਦੇ ਸਾਰੀ ਦੀ ਕਮਾਈ ਦੇ ਧਨ ਜਾਂ ਜਿਸ ਰੂਪ ਵਿੱਚ ਕੇਂਦਰ ਹੁੰਦੇ ਸਨ ਮੁਸਲਮਾਨਾਂ ਨੇ ਹਥਿਆ

Scanned with OKEN Scanner

ਲਏ। ਕੋਈ ਦੇਸੀ ਵਪਾਰੀ ਬਣਿਆ ਵੀ ਤਾਂ ਉਹਨਾਂ ਦਾ ਚਾਕਰ ਬਣਿਆ।

ਮੁਸਲਿਮ ਵਪਾਰੀ ਉੱਤਰੀ ਭਾਰਤ ਵਲੋਂ ਹੋਲੀ ਹੋਲੀ ਪੱਛਮ, ਪੂਰਬ, ਅਤੇ ਦੱਖਣ ਤੱਕ ਵੀ ਪੁੱਜ ਗਏ।

ਮੁਸਲਮਾਨਾਂ ਦਾ ਹੀ ਇੱਕ ਕੁਨਬਾ ਮੁਗਲ ਪਿਛਲੇ ਮਿਆਰ ਮਾਤ ਪਾ ਗਿਆ। ਅਮੀਰ ਤੈਮੂਰ ਦਾ ਪੁੱਤਰ ਬਾਬਰ ਮਾਰੋਂ ਮਾਰ ਕਰਦਾ ਦਿੱਲੀ ਪੁੱਜ ਗਿਆ। ਲੋਦੀ ਖਾਨੇ ਦਾ ਰਾਜ ਖਤਮ ਕਰ ਕੇ ਮੁਗਲ ਰਾਜ ਸਥਾਪਤ ਕਰ ਲਿਆ। ਉਸਦੇ ਪੁੱਤਰਾਂ ਹੁੰਮਾਯੂ, ਅਕਬਰ, ਸ਼ਾਹ-ਜਹਾਂ, ਔਰੰਗਜ਼ੇਬ ਆਦਿ ਨੇ ਭਾਰਤ ਦਾ ਮੁੜ ਸ਼ਹਿਰੀਕਰਨ ਕੀਤਾ, ਪੂਰੀ ਐਸ਼ੋ-ਇਸ਼ਰਤ ਨਾਲ ਰਾਜ ਕੀਤਾ।

ਮੁਗਲ ਰਾਜ ਦੇ ਸ਼ਾਨਾ ਮੱਤੇ ਦਰਬਾਰ ਦੀਆਂ ਸ਼ਾਹੀ ਕਨਸੋਆਂ ਯੂਰਪ ਤੱਕ ਪੁੱਜ ਗਈਆਂ।

ਏਨਾ ਚਿਰ ਯੂਰਪ ਦੇ ਵਿੱਤੀ ਧਨਾਢ ਅਤੇ ਉਹਨਾਂ ਦੇ ਸਿਆਸੀ ਮੋਹਰੇ ਚੁੱਪ ਕਰਕੇ ਨਹੀਂ ਬੈਠੇ ਰਹੇ। ਖੁਸ਼ਕੀ ਰਸਤਾ ਅਰਥਾਤ ਅਰਬੀ ਮੁਹਾਣ ਖਤਮ ਹੋਣ ਮਗਰੋਂ ਉਹ ਸਮੁੰਦਰੀ ਰਸਤੇ ਹੱਥ ਅਜ਼ਮਾਈ ਕਰਨ ਲੱਗੇ। ਕਈ ਛੋਟੇ ਛੋਟੇ ਯਤਨ ਹੋਏ ਪਰ ਅਸਫਲ।

ਵਿੱਤ ਦੇ ਧਨਾਢਾਂ ਨੇ ਹਾਲੇ ਪੁਰਤਗਾਲ ਨੂੰ ਆਪਣਾ ਕੇਂਦਰ ਬਣਾਇਆ।

1497 ਵਿੱਚ ਪੁਰਤਗਾਲ ਤੋਂ ਇੱਕ ਸਮੁੰਦਰੀ ਬੇੜਾ ਵਾਸਕੋ-ਡੀ-ਗਾਮਾ ਦੀ ਅਗਵਾਈ ਵਿੱਚ ਐਂਟਲਾਟਿਕ ਸਾਗਰ ਤੋਂ ਹਿੰਦ ਮਹਾਂਸਾਗਰ ਵੱਲ ਭੇਜਿਆ ਗਿਆ। ਜੋ 1498 ਵਿੱਚ ਕੇਰਲ ਦੀ ਬੰਦਰਗਾਹ ਕਾਲੀਕਟ ਵਿਖੇ ਪੁੱਜਿਆ। ਉਥੋਂ ਦੇ ਮਹਾਰਾਜੇ ਜ਼ੁਮਾਰਿਨ ਨੇ ਨਿੱਘਾ ਸੁਆਗਤ ਕੀਤਾ। ਮਹਾਰਾਜੇ ਨੇ ਉਸਨੂੰ ਮਸਾਲੇ, ਸੋਨਾ, ਹੀਰੇ, ਮੋਤੀ, ਆਦਿ ਤੋਹਫ਼ਿਆਂ ਨਾਲ ਜਹਾਜ਼ ਭਰ ਕੇ ਤੋਰਿਆ। ਵਾਪਸ ਜਾ ਕੇ ਉਸਨੂੰ ਇਸ ਇੱਕੋ ਫੇਰੇ ਚੋਂ ਕੀਤੇ ਖਰਚਾਂ ਚੋਂ 60 ਗੁਣਾ ਵੱਧ ਲਾਭ ਹੋਇਆ।

1501 ਵਿੱਚ ਉਹ ਫਿਰ ਆਇਆ ਤੇ ਆਂਡਿਆਂ ਦੀ ਥਾਂ ਕੁਕੜੀ ਹੀ ਖਾ ਲਈ। ਜ਼ੁਮਾਰਿਨ ਨਾਲ ਲੜਾਈ ਕੀਤੀ ਜਿਸ ਵਿੱਚ ਜ਼ੁਮਾਰਿਨ ਹਾਰ ਗਿਆ ਤੇ ਵਾਸਕੋ-ਡੀ-ਗਾਮਾ ਵਾਇਸ ਰਾਏ ਬਣ ਗਿਆ।

ਬਸ ਫਿਰ ਕੀ ਸੀ। ਵਪਾਰਕ ਕੰਪਨੀਆਂ ਦਾ ਹੜ੍ਹ ਆ ਗਿਆ। ਹਾਲੈਂਡ, ਬਰਤਾਨੀਆਂ, ਡੈਨਮਾਰਕ, ਫਰਾਂਸ,ਸਪੇਨ, ਜਰਮਨੀ, ਇਟਲੀ ਕੋਈ ਵੀ ਮੁਲਕ ਪਿੱਛੇ ਨਾ ਰਿਹਾ। ਉੱਥੋਂ ਦੇ ਕੁਲੀਨਾਂ, ਰਜਵਾੜਿਆਂ , ਦਰਬਾਰੀਆਂ, ਅਮੀਰਾਂ ਵਜ਼ੀਰਾਂ ਨੇ ਭਾਰਤ ਦਾ ਹਰ ਇੱਕ ਪ੍ਰਕਾਰ ਦਾ ਧਨ ਲੁੱਟਣ ਲਈ ਵਪਾਰਕ ਕੰਪਨੀਆਂ ਬਣਾਈਆਂ।

ਵਧੀਆ ਤੋਂ ਵਧੀਆ ਸ਼ਰਾਬ, ਅਤੇ ਆਲੂਆਂ ਦੇ ਬਦਲੇ ਇੱਥੋਂ ਦਾ ਸਭੋ ਕੁਝ ਲੁੱਟ ਖੜਦੀਆਂ।

Scanned with OKEN Scanner

Scanned with OKEN Scanner

ਮੁਗਲ ਜਹਾਂਗੀਰ ਦੇ ਰਾਜ ਤੱਕ ਇਨ੍ਹਾਂ ਨੂੰ ਕੇਵਲ ਵਪਾਰ ਕਰਨ ਦੀ ਹੀ ਆਗਿਆ ਸੀ ਪਰ ਔਰੰਗਜ਼ੇਬ ਵਲੋਂ ਆਪਣੀ ਇੱਕ ਪਤਨੀ ਦੇ ਇਲਾਜ ਦੇ ਅਹਿਸਾਨ ਵਜੋਂ ਵਪਾਰਕ ਕੋਠੀ ਅਰਥਾਤ ਜ਼ਮੀਨ ਖਰੀਦਣ ਦੀ ਆਗਿਆ ਮਿਲ ਜਾਂਦੀ।

ਮੁਗਲ ਰਾਜ ਦੇ ਪਤਨ ਮਗਰੋਂ ਵਪਾਰਕ ਕੋਠੀਆਂ ਦਾ ਹੜ੍ਹ ਆ ਜਾਂਦਾ ਹੈ। ਕਾਲੀਕਟ, ਕੋਚੀਨ, ਗੋਆ, ਬੰਬੇ, ਮਦਰਾਸ, ਸੂਰਤ, ਵਿਸ਼ਾਖਾਪਟਨਮ, ਕਲਕੱਤਾ ਆਦਿ ਸਾਰੇ ਮਹੱਤਵਪੂਰਨ ਸ਼ਹਿਰਾਂ ਵਿੱਚ ਵਪਾਰਕ ਕੋਠੀਆਂ ਉਸਰ ਜਾਂਦੀਆਂ ਹਨ। ਕੋਠੀਆਂ ਦੀ ਇਫ਼ਾਜ਼ਤ ਲਈ ਪਹਿਰੇਦਾਰਾਂ ਦੀ ਲੋੜ ਪੈਂਦੀ ਹੈ। ਹੌਲੀ ਹੌਲੀ ਕੋਠੀਆਂ ਕਿਲ੍ਹਿਆਂ ਵਿੱਚ ਤੇ ਪਹਿਰੇਦਾਰ ਹਥਿਆਰਬੰਦ ਫੌਜੀ ਪਲਟਣਾਂ ਵਿੱਚ ਬਦਲ ਜਾਂਦੇ ਹਨ।

ਉਧਰ ਯੂਰਪ ਅਤੇ ਏਧਰ ਭਾਰਤ ਵਿੱਚ ਅਜੀਬ ਗਦਰ ਜਿਹੇ ਦੇ ਹਾਲਾਤ ਬਣ ਜਾਂਦੇ ਹਨ। ਯੂਰਪ ਦੇ ਦੇਸ਼ਾਂ ਨੂੰ ਯੂਰਪੀ ਧਨਾਢ ਆਪਣੇ ਹਿੱਤ ਲਈ ਆਪਸ ਵਿੱਚ ਲੜਾਉਂਦੇ ਹਨ। ਉਹੀ ਲੜਾਈ ਏਧਰ ਭਾਰਤ ਵਿੱਚ ਵੀ ਲੜਾਕੂ ਦੇਸ਼ਾਂ ਦੀਆਂ ਵਪਾਰਕ ਕੰਪਨੀਆਂ ਵਿੱਚ ਲੜ ਹੁੰਦੀ ਹੈ। ਭਾਰਤੀ ਵਪਾਰਕ ਕੰਪਨੀਆਂ ਦੀ ਲੜਾਈ ਹੋਰ ਵੀ ਪੇਚੀਦਾ ਹੈ। ਉਹਨਾਂ ਨੂੰ ਆਪਸ ਵਿੱਚ ਵੀ ਅਤੇ ਦੇਸੀ ਰਾਜਿਆਂ, ਮਹਾਰਾਜਿਆਂ ਵਿਰੁੱਧ ਵੀ ਲੜਨਾ ਪੈਂਦਾ ਹੈ। ਭਾਰਤ ਦੀਆਂ ਇਹਨਾਂ ਲੜਾਈਆਂ ਦਾ ਇੱਕ ਪੱਖ ਵਿਕੋਲਿਤਰਾ ਹੈ। ਇਹ ਕਿ ਦੇਸੀ ਰਾਜਿਆਂ, ਮਹਾਰਾਜਿਆਂ ਦੀਆਂ ਫੌਜਾਂ ਦੇ ਲੜਾਕਿਆਂ ਨੇ ਤਾਂ ਭਾਰਤੀ ਹੋਣਾ ਹੀ ਹੋਣਾ ਹੈ। ਵਪਾਰਕ ਕੰਪਨੀਆਂ ਦੇ ਸਾਰੇ ਫੌਜੀ ਵੀ ਭਾਰਤੀ ਹੀ ਹਨ। ਸਿਰਫ ਅਫ਼ਸਰ ਹੀ ਬਦੇਸ਼ੀ ਹਨ। ਏਥੋਂ ਤੱਕ ਕਿ ਕੰਪਨੀਆਂ ਭਾਰਤੀ ਯੁਵਕਾਂ ਨੂੰ ਭਰਤੀ ਕਰਕੇ ਆਪਣੇ ਦੇਸ਼ ਵਿੱਚ ਲੈ ਜਾ ਰਹੀਆਂ ਹਨ। ਦੁਸ਼ਮਣ ਯੂਰਪੀ ਦੇਸ਼ਾਂ ਵਿਰੁੱਧ ਵੀ ਲੜਾਉਂਦੇ ਰਹੇ ਹਨ। ਮਤਲਬ ਸਾਫ ਹੈ ਕਿ ਲੜਾਈਆਂ ਭਾਵੇਂ ਭਾਰਤ ਵਿੱਚ ਹੀ ਹੋਣ ਤੇ ਭਾਵੇਂ ਯੂਰਪ ਵਿੱਚ ਮੋਹਰਲੀਆਂ ਸਫਾਂ ਵਿੱਚ ਲੜਨ ਤੇ ਮਰਨ ਵਾਲੇ ਨਿਰੋਲ ਕੇਵਲ ਭਾਰਤੀ ਹੀ ਹੁੰਦੇ ਹਨ।

ਇੱਕ ਪਹਿਲੂ ਹੋਰ ਵੀ ਬੜਾ ਵਿਕਲੋਤਿਰਾ ਸੀ! ਉਹ ਸੀ ਭਾਰਤੀ ਜਾਤ ਪ੍ਰਥਾ।

ਖੂਨਖਾਰ ਲੜਾਈਆਂ, ਯੁਧਾਂ ਦੇ ਦੌਰਾਨ ਵੀ ਜਾਤ ਪ੍ਰਥਾ ਪੂਰੇ ਜੋਰਾਂ ਸ਼ੋਰਾਂ ਨਾਲ ਕਾਇਮ ਰਹਿੰਦੀ ਸੀ।

ਲੰਗਰ, ਖਾਧ-ਪਦਾਰਥਾਂ, ਪੀਣ ਵਾਲਾ ਪਾਣੀ, ਤੇ ਲਾਂਗਰੀ ਜਾਤ ਪ੍ਰਥਾ ਦੇ ਐਨੇ ਅਨੁਕੂਲ ਹੁੰਦੇ ਹਨ ਕਿ ਮਜਾਲ ਕਿ ਖਾਧ ਪਦਾਰਥ ਜਾਂ ਲਾਂਗਰੀ, ਵਰਤਾਵੇ ਜਾਂ ਖਾਣ ਵਾਲੇ ਆਪਸ ਵਿੱਚ ਛੂਹ ਵੀ ਜਾਣ।

· ਲੜਾਈ ਦੀਆਂ ਸਫਾ ਵਿੱਚ ਵੀ ਜਾਤੀ ਪ੍ਰਥਾ ਕਾਇਮ ਰਹਿੰਦੀ ਸੀ। ਸਵਰਨ ਜਾਤੀ ਦਾ ਕੋਈ ਸਿਪਾਹੀ ਮਰਨਾ ਕਬੂਲ ਕਰੇਗਾ। ਪਰ ਕਿਸੇ ਨੀਵੀਂ ਜਾਤੀ ਵਾਲੇ ਕੋਲੋਂ ਕੋਈ ਸਹਾਇਤਾ ਪ੍ਰਾਪਤ ਨਹੀਂ ਕਰੇਗਾ। ਪਾਣੀ ਕਬੂਲ ਨਹੀਂ ਕਰੇਗਾ।, ਛੂਅ ਨਹੀਂ ਹੋਏਗਾ ਤਾਂ ਕਿ ਮਰਨ ਤੋਂ ਪਹਿਲਾਂ ਭਿਟਿਆ ਨਾਂ ਜਾ ਸਕੇ ਤੇ ਨਰਕਾਂ ਦਾ ਭਾਗੀ ਨਾ ਹੋਵੇ।

Scanned with OKEN Scanner

Scanned with OKEN Scanner

ਇਸ ਭੈੜ ਦਾ ਫਾਇਦਾ ਪਹਿਲਾਂ ਮੁਸਲਮਾਨਾਂ, ਮੁਗਲਾਂ, ਨੇ ਵੀ ਖੂਬ ਉਡਾਇਆ ਸੀ ਤੇ ਹੁਣ ਯੂਰਪੀ ਧਾੜਵੀ ਉਡਾ ਰਹੇ ਸਨ। ਅਕਬਰ ਨੇ ਆਪਣੇ ਵਾਰਸਾਂ ਨੂੰ ਸਲਾਹ ਦਿੱਤੀ ਸੀ ਕਿ ਜੇਕਰ ਮੁਗਲਾਂ ਨੇ ਲੰਬਾਂ ਸਮਾਂ ਹਿੰਦੁਸਤਾਨ ਤੇ ਰਾਜ ਕਰਨਾ ਹੈ ਤਾਂ ਉਹ ਪ੍ਰਚਲਿਤ ਜਾਤੀ ਪ੍ਰਥਾ ਵਿੱਚ ਦਖਲ ਨਾ ਦੇਣ।

ਜੋ ਜੋ ਹਸ਼ਰ ਯੂਰਪ ਦੀਆਂ ਆਪਣੀਆ ਲੜਾਈਆਂ ਦਾ ਹੁੰਦਾ ਲਗਭਗ ਉਹੀ ਏਧਰ ਭਾਰਤ ਵਿਚਲੀਆਂ ਲੜਾਈਆਂ ਦਾ ਵੀ ਹੁੰਦਾ।

ਸਰਾਜੁ ਉਦ ਦੌਲਾ ਵਿਰੁਧ ਪਲਾਸੀ ਦੀ ਲੜਾਈ ਜਿੱਤਣ ਮਗਰੋਂ ਅੰਗਰੇਜ਼ਾਂ ਦਾ ਪਾਸਾ ਸਿੱਧਾ ਹੀ ਪੈਣ ਲੱਗ ਪਿਆ।

ਪਲਾਸੀ ਦੀ ਲੜਾਈ ਤੱਕ ਕੇਵਲ ਦੋ ਯੂਰਪੀ ਕੰਪਨੀਆਂ, ਬਰਤਾਨੀਆਂ ਅਤੇ ਫਰਾਂਸ-ਤੋੜ ਨਿਭਦੀਆਂ ਹਨ। ਬਾਕੀ ਜਾਂ ਵਾਪਸ ਆਪਣੇ ਦੇਸ਼ਾਂ ਨੂੰ ਚਲੀਆਂ ਜਾਂਦੀਆਂ ਹਨ ਜਾਂ ਨਿੱਕੇ ਨਿੱਕੇ ਖੇਤਰਾਂ ਤੱਕ ਸੀਮਿਤ ਰਹਿੰਦੀਆਂ ਹਨ। ਫ੍ਰਾਂਸ ਤੇ ਬਰਤਾਨਵੀ ਕੰਪਨੀਆਂ ਦੀ ਆਪਸੀ ਗਹਿ ਗੱਚ ਲੜਾਈ ਹੁੰਦੀ ਹੈ ਜਿਸ ਵਿੱਚੋਂ ਬਰਤਾਨੀਆਂ (ਕਲਾਈਵ ਦੀ ਕਮਾਨ ਰਹਿਤ) ਜਿੱਤ ਜਾਂਦਾ ਹੈ ਤੇ ਫ੍ਰਾਂਸ (ਡੂਪਲੈਕਸ) ਹਾਰ ਜਾਂਦਾ ਹੈ।

ਬਰਤਾਨੀਆਂ ਦੀ ਇੱਕ ਮਾਤਰ ਵਪਾਰਕ ਕੰਪਨੀ ਸਰਵ-ਸ਼ਕਤੀਮਾਨ ਬਣ ਜਾਂਦੀ ਹੈ

ਇੱਕ ਲੁਕਵਾਂ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਇਹ ਲੜਾਈਆਂ, ਝਗੜੇ, ਜਿੱਤਾਂ-ਹਾਰਾਂ, ਕਤਲੋਗਾਰਤ ਵਿੱਚੋਂ ਇੱਕ ਧਨਾਢ ਖਾਨਦਾਨ ਜਿਸਦਾ ਨਾਮ ਹੈ ਰੋਥਸਚਾਈਲਡ ਖਾਨਦਾਨ ਆਰਥਕ ਅਤੇ ਸਿਆਸੀ ਖੇਤਰਾਂ ਵਿੱਚ ਅੰਦਰੋਂ ਅੰਦਰੀ ਸਰਵ-ਸ਼ਕਤੀਮਾਨ ਹੋ ਜਾਂਦਾ ਹੈ।

ਇਗਨੇਟੀਅਸ ਬਾਲਾ (Ignatius Balla) ਦੀ ਪੁਸਤਕ Romance of the Rothchild ਦੇ ਸਫਾ 79 ਦੀ ਇਹ ਟੂਕ ਬੜੀ ਮਜ਼ੇਦਾਰ ਹੈ:- "When I settled in London" Nation Rothchild continued, The East India Company had eight hundred thousand pounds worth of Gold to sell. I went to the sale and bought it all. I Knew the Duke of wellingtion must have it. I had bougtht a great many of his bills at a discount. The Govt sent for me and said that they must have it. When they had got it, they did not Know how to get it to Portugal. I undertook all that and sent it through France. It was the best business that I have ever done."

ਨਾਥਨ ਰੋਥਸਸਾਈਲਡ ਕਹਿੰਦਾ ਹੈ ਕਿ, "ਜਦੋਂ ਮੈਂ ਲੰਡਨ ਵਿਖੇ ਡੇਰੇ ਲਾਏ ਤਾਂ ਈਸਟ ਇੰਡੀਆ ਕੰਪਨੀ ਕੋਲ ਕੇਵਲ ਅੱਠ ਸੋ ਹਜ਼ਾਰ (800,0000 ਅਰਥਾਤ ਅੱਸੀ ਲੱਖ)

Scanned with OKEN Scanner

ਪਾਉਂਡ ਦੀ ਕੀਮਤ ਦਾ ਸੋਨਾ ਸੀ। ਜੋ ਵਿਕਰੀ ਲੱਗਾ ਹੋਇਆ ਸੀ। ਮੈਂ ਮੰਡੀ ਵਿੱਚ ਗਿਆ ਅਤੇ ਸਾਰੇ ਦਾ ਸਾਰਾ ਖਰੀਦ ਲਿਆ। ਮੈਨੂੰ ਪਤਾ ਸੀ ਕਿ ਵੈਲਿੰਗਟਨ ਡੀਊਕ ਨੂੰ ਇਸਦੀ ਸਖ਼ਤ ਲੋੜ ਸੀ। ਮੈਂ ਉਸਦੀਆਂ ਦੇਣਦਾਰੀਆਂ ਵੀ ਬਹੁਤ ਸਸਤੀਆਂ ਖਰੀਦ ਲਈਆਂ। ਸਰਕਾਰ ਨੇ ਮੈਨੂੰ ਬੁਲਾਇਆ ਤੇ ਕਿਹਾ ਇਹ ਸਭ ਕੁਝ ਉਹਨਾਂ ਨੂੰ ਵਾਪਸ ਚਾਹੀਦਾ ਹੈ। ਮੈਂ ਮਹਿੰਗੇ ਭਾਅ ਸਭ ਕੁਝ ਦੇ ਦਿੱਤਾ। ਉਹਨਾਂ ਵਾਪਸ ਲੈ ਤਾਂ ਲਿਆ ਪਰ ਇਹ ਨਾ ਪਤਾ ਲੱਗੇ ਇਹ ਸਭ ਕੁਝ ਪੁਰਤਗਾਲ ਕਿਵੇਂ ਭੇਜਣਾ ਹੈ। ਮੈਂ ਇਸਦੀ ਜਿਮੇਦਾਰੀ ਲੈ ਲਈ। ਅਤੇ (ਆਪਣੇ ਭਾਈਵਾਲਾਂ) ਫ੍ਰਾਂਸ ਰਾਹੀਂ ਭੇਜ ਦਿੱਤੇ। ਇਹ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਧ ਵਧੀਆ ਵਪਾਰਕ ਸੌਦਾ ਸੀ।"

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਰੋਥਸਚਾਈਲਡ ਪਰਿਵਾਰ ਨੇ ਐਡਮ ਵਿਸ਼ੁਪਤ ਰਾਹੀਂ ਇੱਕ ਅੰਤਰਰਸ਼ਟਰੀ ਪੱਧਰ ਦੀ ਲੁਕਵੀਂ ਸੰਪਰਦਾਅ ਦੀਆਂ ਹਰ ਦੇਸ਼ ਮੁਲਕ ਵਿੱਚ ਬ੍ਰਾਚਾਂ ਉਪਜਾ ਲਈਆਂ ਸਨ। ਇਹਨਾਂ ਰਾਹੀਂ ਬਾਦਸ਼ਾਹਾਂ ਦਾ ਧਨ ਇੱਕ ਮੁਲਕ ਤੋਂ ਦੂਜੇ ਮੁਲਕ ਨੂੰ ਜਾਂਦਾ ਹੁੰਦਾ ਸੀ। ਇਉਂ ਬਾਦਸ਼ਾਹ ਵਿੱਤੀ ਤੌਰ ਤੇ ਉਸ ਖਾਨਦਾਨ ਦੇ ਅਹਿਸਾਨਮੰਦ ਰਹਿੰਦੇ ਸਨ ਤੇ ਇਉਂ ਧਨਾਢ ਪ੍ਰੀਵਾਰ ਰੋਥਸਚਾਈਲਡ ਲਈ ਸ਼ਾਹੀ ਖਾਨਦਾਨ ਅਤੇ 'ਰਾਜ' ਵਿੱਚ ਘੁਸਪੈਠ ਕਰਨਾ ਬੜਾ ਆਸਾਨ ਹੁੰਦਾ। (ਇਹ ਪ੍ਰਥਾ ਅੱਜ ਤੱਕ ਸਮੇਂ ਦੇ ਅਨੁਕੂਲ ਰੂਪ ਵਿੱਚ ਦੁਨੀਆਂ ਵਿੱਚ ਚਲੀ ਜਾ ਰਹੀ ਹੈ।


ਸੱਯਦ ਮਜ਼ਾਹਿਦ ਕਾਮਰਾਨ

ਰੋਥਸਚਾਈਲਡ ਇੰਡੀਆ ਵਿੱਚ ਕਿਵੇਂ ਘੁਸਪੈਠ ਕਰਦਾ ਹੈ, Syed Mujahid Kamran ਦੀ ਪੁਸਤਕ, WW-I, WW-II Land Beyond ਦੀ ਇਹ ਟੂਕ ਬੜੀ ਢੁਕਵੀਂ ਹੈ।

It is no coincidence that British Imperialism begins only after the Illuminate Jewish Bankers, the Rothschilds become eatablished in Britain and realize that they can not exploit the rest of the world ina similar fashion, since the usual tactic of infiltration into corridors of power world not work in foreign lands. They, therefore simply appropriated the British Flag as theirs and used the British as their extensions in Non Western Lands. The British were dosed with pride in "Empires Race" 'Charistanty' and "Queen" whereas it was really Rothschilds Empire they were making.

ਪੰਜਾਬੀ ਰੂਪ

ਇਹ ਇੱਕ ਮੋਕਾ ਮੇਲ ਨਹੀਂ (ਸਗੋਂ ਸੱਚੋ ਸੱਚ ਹੈ) ਕਿ ਬਰਤਾਨਵੀਂ ਸਾਮਰਾਜ ਦੀ ਸ਼ੁਰੂਆਤ ਉਦੋਂ ਹੁੰਦੀ ਹੈ ਜਦੋਂ ਇਲੂਮੀਨਿਟੀ ਯਹੂਦੀ ਬੈਂਕਰ ਜਿਨ੍ਹਾਂ ਦੀ ਅਗਵਾਈ

Scanned with OKEN Scanner
Scanned with OKEN Scanner

ਰੋਥਸਚਾਈਲਡ ਟੱਬਰ ਕਰ ਰਿਹਾ ਸੀ, ਬਰਤਾਨੀਆਂ ਵਿੱਚ ਪੱਕੇ ਪੈਰੀਂ ਸਥਾਪਤ ਹੋ ਗਏ ਸਨ ਅਤੇ ਉਹਨਾਂ ਨੇ ਚੰਗੀ ਤਰਾਂ ਸਮਝ ਲਿਆ ਸੀ ਕਿ ਉਹ ਬਾਕੀ ਦੁਨੀਆਂ ਦਾ ਸ਼ੋਸ਼ਣ ਦਾ ਇਨ ਬਿਨ ਉਵੇਂ ਨਹੀਂ ਕਰ ਸਕਦੇ ਕਿਉਂਕਿ ਹੋਰ ਦੇਸ਼ਾਂ ਧਰਤੀਆਂ ਦੀ ਸੱਤਾ ਤੇ ਉਵੇਂ ਦੇ ਉਵੇਂ ਹਾਵੀ ਨਹੀਂ ਹੋ ਸਕਦੇ ਜਿਵੇਂ ਬਰਤਾਨੀਆਂ ਤੇ ਹੋਏ ਸਨ। ਉਨ੍ਹਾਂ ਨੇ (ਬੈਂਕਰਾਂ, ਰੋਥਸਚਾਈਲਡ) ਨੇ ਬਰਤਾਨੀਆਂ ਦੇ ਝੰਡੇ ਨੂੰ ਹੀ ਆਪਣਾ ਝੰਡਾ ਬਣਾ ਲਿਆ। (ਬਰਤਾਨੀਆਂ ਨੂੰ ਗੁਪਤ ਢੰਗ ਨਾਲ ਆਪਣੀ ਰਾਜਧਾਨੀ ਬਣਾ ਲਿਆ) ਅਤੇ ਬਰਤਾਨੀਆਂ ਰਾਹੀਂ ਗੈਰ ਪੱਛਮੀ ਦੇਸ਼ਾਂ ਵਿੱਚ ਵਿਸਤਾਰ ਦੀ ਨੀਤੀ ਅਪਣਾਈ। ਬਰਤਾਨੀਆਂ ਨੂੰ ਆਪਣਾ ਸਾਮਰਾਜ, ਆਪਣੀ ਕੌਮ, ਆਪਣੀ ਈਸਾਈਅਤ ਅਤੇ ਆਪਣੀ ਰਾਣੀ ਦੇ ਵਡਿੱਤਣ ਦੇ ਵਹਿਮ ਵਿੱਚ ਫੁਲਾ ਕੇ ਕੁਪਾ ਬਣਾ ਦਿੱਤਾ ਜਦੋਂ ਕਿ ਸੱਚ ਇਹ ਸੀ ਕਿ ਬਰਤਾਨੀਆਂ ਰੋਥਸਚਾਈਲਡ ਦੇ ਸਾਮਰਾਜ ਨੂੰ ਵਿਸਤਾਰ ਦੇ ਰਿਹਾ ਸੀ। (ਇੱਕ ਟੂਕ ਨੂੰ ਵਾਰ ਵਾਰ ਪੜ੍ਹਨ-ਸਮਝਣ ਦੀ ਲੋੜ ਹੈ)

ਇੱਥੇ ਇਹ ਸੁਆਲ ਪੈਦਾ ਹੋਣਾ ਕੁਦਰਤੀ ਹੈ ਕਿ ਆਖਰ ਉਹ ਕੀ ਕਾਰਨ ਸੀ ਕਿ ਰੋਥਸਚਾਈਲਡ ਬ੍ਰਿਟੇਨ ਰਾਹੀਂ ਭਾਰਤ ਤੇ ਰਾਜ ਕਰਨ ਨੂੰ ਸਭ ਤੋਂ ਵੱਧ ਤਰਜੀਹ ਦਿੰਦੇ ਸਨ। ਹੋਰ ਵੀ ਦੁਨੀਆਂ ਭਰੀ ਪਈ ਸੀ ਪਰ ਅਮਰੀਕਾ ਨਾਲੋਂ ਵੀ ਭਾਰਤ ਨੂੰ ਅੰਗ੍ਰੇਜ਼ਾਂ ਰਾਹੀਂ ਆਪਣੀ ਬਸਤੀ ਬਣਾਉਂਣਾ ਉਹਨਾਂ ਦੀ ਪਹਿਲੀ ਤਰਜੀਹ ਸੀ। ਉਤਰ ਇਸ ਪ੍ਰਕਾਰ ਹੈ :-

What exactly was the lure of India which set Columbus sailing? The answer is that the Muslim Mugal Rulers had achieved a sophisticated urban society with the degree of opulence in gold and spices never before seen in history. It was lure of gold which attracted the illuminati i.e. Rothschild family.

ਪੰਜਾਬੀ ਰੂਪ

ਆਖਰ ਉਹ ਕਿਹੜਾ ਆਕਰਸ਼ਨ ਸੀ ਜਿਸ ਨੇ ਕੋਲੰਬਸ ਨੂੰ ਸਮੁੰਦਰੀ ਯਾਤਰਾ ਤੇ ਤੋਰਿਆ? ਉਹ ਇਹ ਹੈ ਕਿ ਮੁਗਲ ਸ਼ਾਸਕਾਂ ਨੇ ਭਾਰਤੀ ਸਮਾਜ ਨੂੰ ਅਮੀਰ ਸ਼ਹਿਰੀਕਰਨ ਦਾ ਸਤਰ ਦਿੱਤਾ ਜਿਸ ਕੋਲ ਏਨਾ ਸੋਨਾ ਅਤੇ ਮਸਾਲੇ ਸਨ ਜਿਨੇ ਪਹਿਲਾਂ ਇਤਿਹਾਸ ਵਿੱਚ ਕਦੇ ਕਿਸੇ ਕੋਲ ਨਾ ਹੋਏ ਹੋਣ। ਅਥਾਹ ਸੋਨੇ ਦੀ ਆਕਰਸ਼ਨ ਨੇ ਇਲੂਮੀਨਿਟੀ ਰੋਥਸਚਾਈਲਡ ਪ੍ਰੀਵਾਰ ਨੂੰ ਆਪਣੇ ਵੱਲ ਖਿੱਚਿਆ।

ਇੱਕ ਹੋਰ ਦੁਖਦਾਈ ਪੱਖ ਵਿਚਾਰ ਵਟਾਂਦਰੇ ਚੋਂ ਵੱਖ ਨਹੀਂ ਕੀਤਾ ਜਾ ਸਕਦਾ ਕਿ ਭਾਰਤ ਦੇ ਲੋਕਾਂ ਵੱਲੋਂ ਸ਼ੁਰੂ ਸ਼ੁਰੂ ਵਿੱਚ ਬਦੇਸੀ ਬਰਤਾਨਵੀ ਹਾਕਮਾਂ ਦੇ ਭਾਰਤ ਵਿੱਚ ਆਉਣ ਦਾ ਉਤਨਾ ਵਿਰੋਧ ਨਹੀਂ ਹੋਇਆ ਜਿਤਨਾ ਹੋਣਾ ਜਾਇਜ਼ ਲੱਗਦਾ ਸੀ।

ਸਪੱਸ਼ਟ ਹੈ ਉਤਰ ਹੈ ਕਿ ਆਮ ਲੋਕਾਂ ਵੱਲੋਂ ਲੰਬੇ ਸਮੇਂ ਤੋਂ ਹੰਢਾਈ ਜਾ ਰਹੀ ਗੁਲਾਮੀ, ਵੱਸੋਂ ਦੇ ਵਡੇਰੇ ਭਾਗ ਵੱਲੋਂ ਹੰਢਾਇਆ ਜਾ ਰਿਹਾ ਸ਼ੂਦਰ ਹੋਣ ਦਾ ਅਹਿਸਾਸ,

Scanned with OKEN Scanner

ਰਾਸ਼ਟਰੀ ਭਾਵਨਾ, ਦੇਸ਼ ਭਗਤੀ ਦੀ ਅਣਹੋਂਦ ਅਤੇ ਹਾਕਮਾਂ ਵੱਲੋਂ ਅਤਿ ਦਰਜੇ ਦੀ ਐਸ਼ ਪ੍ਰਸਤੀ ਅਤੇ ਇਕ-ਦੂਜੇ ਪ੍ਰਤੀ ਬੇਵਫਾਈ ਅਤੇ ਧ੍ਰੋਹ।

A letter from Knight to Henry Makow ਵਿੱਚੋਂ ਲਈ ਗਈ ਇਹ ਟੂਕ ਮਜ਼ੇਦਾਰ ਵਰਣਨ ਹੈ :-

As Indian Hindus still did't have much of a concept of idealism or nationhood and masses generally and Low castes particularly, this writer considered the new rules not mush different from the different powers they were serving for the last 1000 years, the British recognized their greatest enemy as Muslim rulers. The Mughals still existed but their power had waned to within Delhi. However a new threat arose in the South where a pious Muslim ruler, Tipu Sultan, bearing the ancestary of the Prophet decided to unite all local powers against the British. He fought bravely but due to the Treashery of the Muslim Nizam of Hyderabad, had to sign a humiliating treaty under which the Illuminati took his children as a security deposits! Lord Cornwalis (Illumonate) was involved in signing of the treaty. However Tipu fought back and died with a sword in his hand surrounded by the bodies of dozens of Englishmen he had managed ti kill.

ਪੰਜਾਬੀ ਰੂਪ

